ਜੇ ਸਰਕਾਰ ਵਧਾਉਣ ਲਈ ਰਾਜ਼ੀ ਨਹੀਂ ਖਾਣਾਂ ਦੇ ਮਾਲਕ ਹੋਰ ਪੰਜ ਕੋਪਕਾਂ ਦੀ ਮੰਗ ਕਰ ਰਹੇ ਸਨ। ਦੂਜੇ ਪਾਸੇ ਇਨਕਲਾਬੀ ਆਰਜ਼ੀ ਸਰਕਾਰ ਵਲੋਂ, ਉਹ ਇਨਕਲਾਬ ਦੇ ਐਨ ਪਹਿਲੇ ਦਿਨਾਂ ਵਿਚ ਅੱਠ ਕੋਪਕਾਂ ਦਾ ਵਾਧਾ ਪਰਾਪਤ ਕਰਨ ਵਿਚ ਸਫਲ ਹੋ ਗਏ। ਇਹ ਨਵੀਂ ਕੀਮਤ ਰੇਲਵੇ ਨੂੰ ਪੁਰਾਣੇ ਭੁਗਤਾਨਾਂ ਤੇ ਅਤੇ ਪਿੱਛੇ ਜਨਵਰੀ ਤਕ ਦੀਆਂ ਮੰਗਾਂ ਤਕ ਵਧਾ ਦਿਤੀ ਗਈ। ਇਸ ਦੇ ਮਗਰੋਂ ਉਹ ਤਿੰਨ ਕੋਪਕ ਹੋਰ ਪਰਾਪਤ ਕਰਨ ਵਿਚ ਸਫਲ ਹੋ ਗਏ, ਤੇ ਕੁਲ ਮਿਲਾ ਕੇ 11 ਕੋਪਕ ਵਧਾ ਲਏ।

"ਇਨਕਲਾਬ ਤੋਂ ਪਹਿਲਾਂ ਭੁਗਤਾਣ ਕਰਨ ਦੀ ਕੀਮਤ 18 ਕੋਪਕ ਸੀ ਤੇ ਹੁਣ ਇਹ 29 ਕੋਪਕ ਹੈ। ਉਸ ਸਮੇਂ ਸਰਕਾਰੀ ਸੌਦੇ 22 ਕੋਪਕ ਪ੍ਰਤੀ ਪੂਦ ਸਨ, ਜਦ ਕਿ ਹੁਣ ਕੀਮਤਾਂ 33 ਤੇ 34 ਤੇ ਇਸ ਤੋਂ ਵਧ ਕੋਪਿਕ ਹਨ।"

ਜੇ ਸਰਮਾਏਦਾਰਾਂ ਵਲੋਂ ਲੋਕਾਂ ਨਾਲ ਇਹ ਅਤਿ ਅਪਮਾਨ-ਜਨਕ ਮਜ਼ਾਕ ਨਹੀਂ ਤਾਂ ਹੋਰ ਕੀ ਹੈ?

ਇਨਕਲਾਬ ਦਾ ਲਾਭ ਉਠਾਉਂਦਿਆ, ਇਹ ਸਰਮਾਏਦਾਰ ਸਰਕਾਰ ਆਪਣੇ ਆਪ ਨੂੰ ਇਨਕਲਾਬੀ ਸਰਕਾਰ ਵਜੋਂ ਪੇਸ਼ ਕਰਨ ਵਾਲੀ ਅਤੇ ਇਸ "ਸਾਊ" ਨਾਮ ਨੂੰ ਲੋਕਾ ਨੂੰ ਧੋਖਾ ਦੇਣ ਲਈ ਵਰਤਦਿਆਂ ਸਰਮਾਏਦਾਰਾਂ ਦੀਆ ਜੇਬਾਂ ਵਿਚ ਵਧੇਰੇ ਤੋਂ ਵਧੇਰੇ ਦੋਲਤ ਪਾ ਰਹੀ ਹੈ ਅਤੇ ਵਧ ਤੋਂ ਵਧ ਕਰੋੜਾ ਰੂਬਲ ਹੂੰਝਣ ਵਿਚ ਮੱਦਦ ਕਰ ਰਹੀ ਹੈ।

ਦੇਸ਼ ਤਬਾਹੀ ਦੀ ਚੰਦੀ ਉਤੇ ਖਲੋਤਾ ਹੈ ਅਤੇ ਆਰਜ਼ੀ ਸਰਕਾਰ ਦੇ ਦਸ ਮੈਂਬਰ ਮਾਲਕਾਂ ਨੂੰ ਲਾਭ ਪਹੁੰਚਾ ਰਹੇ ਹਨ ਜੋ ਧਰਤੀ ਨੂੰ ਲੁੱਟ ਰਹੇ ਹਨ, ਲੋਕਾਂ ਨੂੰ ਕੰਗਾਲ ਬਣਾ ਰਹੇ ਹਨ ਅਤੇ ਸਰਮਾਏ ਦੇ ਅਥਾਹ ਭਾਰੀ ਮੁਨਾਫਿਆਂ ਨੂੰ ਵਧਾ ਰਹੇ ਹਨ।

"ਵਪਾਰ ਤੇ ਸੱਨਅਤ ਦੀ ਵਜਾਰਤ ਦੱਖਣ ਰੂਸੀ ਖਾਣ ਮਾਲਕਾਂ ਦੀ ਕਾਂਗਰਸ ਦੇ ਸੰਕੇਤਾਂ ਤੇ ਸੱਦੇ ਦੇ ਅਧੀਨ ਹੈ। ਤਬਾਹੀ ਦੇ ਸਨਮੁਖ, ਜਿਸ ਵਲ ਦੱਖਣ ਵਿਚਲੀ ਸਨਅਤ ਵਧ ਰਹੀ ਹੈ, ਇਸ ਨੇ ਉਸ ਨੂੰ ਟਾਲਣ ਲਈ ਕੁਝ ਵੀ ਨਹੀਂ ਕੀਤਾ ਹੈ ਤੇ ਇਸ ਦੇ ਉਲਟ ਇਸ ਨੇ ਦੱਖਣੀ ਸੱਨਅਤਕਾਰਾਂ ਦੇ ਦਬਾਅ ਦੇ ਅੱਗੇ ਹਮਦਰਦੀ ਨਾਲ ਹਥਿਆਰ ਸੁਟ ਦਿਤੇ ਹਨ।"

ਸੋ, ਉਸੇ ਵਜ਼ਾਰਤੀ ਅਖਬਾਰ, ਮੈਨਸ਼ਵਿਕਾਂ ਦੇ ਅਖਬਾਰ **ਰਾਬੋਚਾਇਆ ਗਾਜ਼ੇਤਾ** ਨੇ 14 ਮਈ 1917 ਨੂੰ ਕੁਲੀਸ਼ਨ ਕੇਬਨਿਟ ਸਥਾਪਤ ਹੋਣ ਤੋਂ ਇਕ ਹਫਤਾ ਮਗਰੋਂ ਲਿਖਿਆ:

ਉਦੋਂ ਤੋਂ ਲੈ ਕੇ ਹੁਣ ਤਕ ਕੁਝ ਵੀ ਤਬਦੀਲ ਨਹੀਂ ਹੋਇਆ।

ਪਰ ਵਜ਼ਾਰਤੀ ਅਖਬਾਰ ਹੋਰ ਵੀ ਹਾਨੀਕਾਰਕ ਤੱਥ ਪਰਵਾਨ ਕਰਨ ਲਈ ਮਜਬੂਰ ਹੋਇਆ ਹੈ। ਰਤਾ ਸੁਣੋ:

"ਮਾਲਕ ਭੰਨ ਤੋੜ ਕਰ ਰਹੇ ਹਨ। ਉਹ ਜਾਣ ਬੁਝ ਕੇ ਚੀਜ਼ਾਂ ਨੂੰ ਵਿਗਾੜ ਰਹੇ ਹਨ। ਜੇ ਇਕ ਪੰਪ ਦੀ ਜ਼ਰੂਰਤ ਹੈ, ਕੋਈ ਵੀ ਇਸ ਵੱਲ ਧਿਆਨ ਨਹੀਂ ਦੇਂਦਾ। ਜੇ ਖਾਣ-ਪੁਟਾਂ ਦੀਆਂ ਹਿਫਾਜ਼ਤੀ ਲੈਂਪਾਂ ਲਈ ਤਾਰਾਂ ਦੀ ਜਾਲੀ ਦੀ ਜ਼ਰੂਰਤ ਹੈ ਉਹ ਸਪਲਾਈ ਨਹੀਂ ਕੀਤੀ ਜਾਂਦੀ। ਮਾਲਕ ਪੈਦਾਵਾਰ ਵਧਾਉਣਾ ਨਹੀਂ ਚਾਹੁੰਦੇ। ਨਾ ਹੀ ਉਹ ਜ਼ਰੂਰੀ ਮੁਰੰਮਤ ਉਤੇ ਪੈਸਾ ਖਰਚ ਕਰਨਾ ਚਾਹੁੰਦੇ ਹਨ, ਜਾਂ ਹੰਢ ਚੁਕੀਆਂ ਵਸਤਾਂ ਦੀ ਥਾਂ ਨਵੀਆਂ ਬਦਲਣਾ ਚਾਹੁੰਦੇ ਹਨ। ਮਸ਼ੀਨਾਂ ਪੁਰਾਣੀਆਂ ਹੋ ਰਹੀਆਂ ਹਨ ਤੇ ਛੇਤੀ ਹੀ ਕੰਮ ਕਰਨਾ ਬੰਦ ਕਰ ਦੇਣਗੀਆਂ। ਅਕਸਰ ਮਜ਼ਦੂਰ ਆਪ ਜ਼ਰੂਰੀ ਔਜ਼ਾਰ ਖਰੀਦਦੇ ਹਨ ਜਦੋਂ ਇਹ ਆਖਿਆ

ਜਾਂਦਾ ਹੈ ਕਿ ਇਹ ਪਰਾਪਤ ਨਹੀਂ ਹੋ ਸਕਦੀ, ਤੇ ਉਹ ਆਪ ਹੀ ਲਭਦੇ ਹੋਨ ਜਿਸ ਦੀ ਉਹਨਾਂ ਨੂੰ ਜ਼ਰੂਰਤ ਹੁੰਦੀ ਹੈ। ਮਾਲਕ ਆਪਣੀਆਂ ਉਪਜਾਂ ਬਾਹਰ ਭੇਜਣ ਲਈ ਕੁਝ ਵੀ ਨਹੀਂ ਕਰਦੇ। ਲੱਖਾਂ ਰੂਬਲਾਂ ਦੀਆਂ ਉਪਜਾਂ ਉਥੇ ਹੀ ਪਈਆਂ ਹਨ ਜਦਕਿ ਦੇਸ਼ ਨੂੰ ਇਹਨਾਂ ਦੀ ਬਹੁਤ ਸਖਤ ਜ਼ਰੂਰਤ ਹੈ।"

ਸੋ ਇਸ ਤਰ੍ਹਾਂ ਲਿਖਦਾ ਹੈ ਵਜ਼ਾਰਤੀ ਅਖ਼ਬਾਰ, ਉਸੇ ਮੈਨਸ਼ਵਿਕ ਪਾਰਟੀ ਦਾ ਬੁਲਾਰਾ ਜਿਸ ਦੇ ਤਸੇਰੇਤੇਲੀ ਤੇ ਸਕੋਬੇਲੇਵ ਮੈਂਬਰ ਹਨ।

ਸਰਮਾਏਦਾਰਾਂ ਵਲੋਂ ਲੋਕਾਂ ਨਾਲ ਇਹ ਨਿਪਟ ਹੀ ਮਜ਼ਾਕ ਹੈ। ਇਹ ਇਕ ਪਾਗ਼ਲਖਾਨੇ ਵਰਗੀ ਹੈ, ਜਿਸ ਵਿਚ ਸਰਮਾਏਦਾਰ ਆਰਜ਼ੀ ਸਰਕਾਰ ਦੇ ਬੁਰਜੂਆ ਭਾਗ ਨਾਲ ਮਿਲ ਕੇ ਕੰਮ ਕਰ ਰਹੇ ਹਨ (ਜਿਸ ਦੇ ਮੈਂਬਰਾ ਵਿਚ ਮੈਨਸ਼ਵਿਕ ਤੇ ਸੋਸ਼ਲਿਸਟ-ਇਨਕਲਾਬੀ ਵੀ ਹਨ) ਜਿਥੇ ਸਰਮਾਏਦਾਰ **ਭੰਨ ਤੋੜ ਤੇ ਰੋਕਾਂ ਖੜੀਆਂ ਕਰਨ** ਦੇ ਦਾਅ-ਪੇਚ ਵਰਤ ਰਹੇ ਹਨ, ਅਤੇ ਆਪਣੀਆਂ ਉਪਜਾ ਬਾਹਰ ਭੇਜਣ ਲਈ **ਕੁਝ ਵੀ ਨਹੀਂ ਕਰ ਰਹੇ ਹਨ** ਜਿਹਨਾਂ ਤੋਂ ਬਿਨਾ ਦੇਸ਼ ਤਬਾਹੀ ਦਾ ਸਾਹਮਣਾ ਕਰ ਰਿਹਾ ਹੈ।

ਕੋਲੇ ਤੋਂ ਬਿਨਾਂ ਰੇਲਾਂ ਤੇ ਫੈਕਟਰੀਆ ਖੜੀਆ ਹੋ ਰਹੀਆਂ ਹਨ। ਬੇਰੁਜ਼ਗਾਰੀ ਫੈਲ ਰਹੀ ਹੈ। ਵਸਤਾਂ ਦੀ ਥੁੜ ਹੈ। ਕਿਸਾਨ ਉਤਨਾ ਚਿਰ ਆਪਣਾ ਅਨਾਜ ਨਹੀਂ ਦੇ ਸਕਦੇ ਜਿੰਨਾ ਚਿਰ ਵਟਾਂਦਰੇ ਵਿਚ ਉਹਨਾ ਨੂੰ ਕੁਝ ਨਹੀਂ ਮਿਲਦਾ। ਕਾਲ ਸਿਰ ਤੇ ਖਲੋਤਾ ਹੈ।

ਅਤੇ ਇਹ ਸਭ ਕੁਝ ਸਰਮਾਏਦਾਰਾ ਦੇ ਕਾਰਨ ਹੈ ਜੋ ਸਰਕਾਰ ਨਾਲ ਰਲੇ ਹੋਏ ਹਨ!

ਅਤੇ ਇਹ ਸਭ ਕੁਝ ਨਰੋਦਨਿਕਾ ਤੇ ਸੋਸ਼ਲਿਸਟ-ਇਨਕਲਾਬੀਆ ਅਤੇ ਮੈਨਸ਼ਵਿਕਾਂ ਵਲੋਂ ਬਰਦਾਸ਼ਤ ਕੀਤਾ ਜਾ ਰਿਹਾ ਹੈ! ਉਹ ਮਾਮਲੇ ਨੂੰ ਲੱਫਾਜ਼ੀ ਨਾਲ ਹੀ ਸਮਾਪਤ ਕਰ ਦੇਂਦੇ ਹਨ। ਉਹਨਾਂ ਨੇ ਸਰਮਾਏਦਾਰਾ ਦੇ ਜੁਰਮਾ ਬਾਰੇ 14 ਮਈ ਨੂੰ ਲਿਖਿਆ ਸੀ। ਅਤੇ ਹੁਣ 31 ਮਈ ਨੂੰ ਲਿਖਿਆ ਹੈ, 15 ਦਿਨ ਬੀਤ ਗਏ ਹਨ। ਪਰ ਕੁਝ ਵੀ ਤਬਾਹ ਨਹੀਂ ਹੋਇਆ। ਕਾਲ ਸਹਿਜੇ-ਸਹਿਜੇ ਨੇੜੇ ਨੇੜੇ ਪੁਜ ਰਿਹਾ ਹੈ।

ਸਰਮਾਏਦਾਰਾ ਦੇ ਜੁਰਮਾਂ ਉਤੇ ਪਰਦਾ ਪਾਉਣ ਲਈ ਅਤੇ ਲੋਕਾ ਦਾ ਧਿਆਨ ਲਾਂਭੇ ਲਿਜਾਣ ਲਈ ਸਾਰੇ ਦੇ ਸਾਰੇ ਸਰਮਾਏਦਾਰ ਅਖਬਾਰ—**ਰੀਸ਼, ਦੀਏਨ, ਨੋਵੋਈ ਉਰੇਮਾਇਆ ਰੂਸਕੀਆ ਵੋਲੀਆ, ਬਿਰਜ਼ੀਵੀ ਵੇਦੋਮੋਸਤੀ** ਅਤੇ **ਯੇਦੀਨਸਤਵੋ**—ਹਰ ਰੋਜ ਬਾਲਸ਼ਵਿਕਾਂ ਬਾਰੇ ਝੂਠਾ ਅਤੇ ਤੁਹਮਤਾ ਦੀਆ ਪੰਡਾਂ ਖਾਲੀ ਕਰਨ ਵਿਚ ਇਕ ਦੂਜੇ ਤੋਂ ਅਗਾਹ ਲੰਘਣ ਦਾ ਯਤਨ ਕਰਦੇ ਹਨ। ਬਾਲਸ਼ਵਿਕਾਂ ਉਤੇ ਇਲਜ਼ਾਮ ਲਗਣਾ ਚਾਹੀਦਾ ਹੈ ਕਿ ਕੋਲਾ ਖਾਣਾਂ ਦੇ ਮਾਲਕ ਸਰਕਾਰ ਨਾਲ ਮਿਲ ਕੇ ਕੰਮ ਕਰ ਰਹੇ ਹਨ, ਕਿ ਮਾਲਕ ਪੈਦਾਵਾਰ ਨੂੰ ਰੋਕ ਰਹੇ ਹਨ ਤੇ ਤਬਾਹ ਕਰ ਰਹੇ ਹਨ!

ਨਿਰਸੰਦੇਹ, ਇਹ ਪਾਗਲਖਾਨੇ ਨਾਲ ਮਿਲਦੀ-ਜੁਲਦੀ ਹਾਲਤ ਹੈ ਜਿਥੇ ਜਮਾਤੀ ਜਦੋਜਹਿਦ ਦੇ ਸਿਧਾਤ ਤੇ ਵਿਸ਼ਵ-ਵਿਆਪੀ ਤਜਰਬੇ ਨੂੰ ਕੋਈ ਨਹੀਂ ਜਾਣਦਾ ਜਿਸ ਨੇ ਸਾਨੂੰ ਇਹ ਦਰਸਾਇਆ ਹੈ ਕਿ ਸਰਮਾਏਦਾਰ ਤੇ ਉਹਨਾਂ ਦੀ ਸਰਕਾਰ (ਜਿਸ ਨੂੰ ਮੈਨਸ਼ਵਿਕਾਂ ਦੀ ਹਮਾਇਤ ਪਰਾਪਤ ਹੈ) ਕਿਸੇ ਥਾਂ ਤੇ ਨਹੀਂ ਰੁਕੇਗੀ ਜਦੋਂ ਉਹ ਆਪਣੇ ਮੁਨਾਫਿਆਂ ਦੀ ਹਿਫਾਜ਼ਤ ਕਰਨ ਲਗਦੀ ਹੈ।

ਇਹ ਸਭ ਕੁਝ ਕਦੋਂ ਬੰਦ ਹੋਵੇਗਾ? ਕੀ ਸਾਨੂੰ ਉਦੋਂ ਤਕ ਉਡੀਕ ਕਰਨੀ ਚਾਹੀਦੀ ਹੈ

ਜਦੋਂ ਤਕ ਤਬਾਹੀ ਸਾਰੀ ਬਸਤੀ ਉਤੇ ਫੈਲ ਨਹੀਂ ਜਾਂਦੀ ਤੇ ਲੋਕ ਸੈਆਂ ਹਜ਼ਾਰਾ ਦੀ ਗਿਣਤੀ ਵਿਚ ਭੁਖ-ਮਰੀ ਨਾਲ ਮਰਨਾ ਨਹੀਂ ਸ਼ੁਰੂ ਕਰ ਦੇਂਦੇ ?

ਪਰਾਵਦਾ ਨੰਬਰ 69
13 ਜੂਨ (31 ਮਈ), 1917.

ਬਦਨਾਮੀ ਹੱਕੀ ਠਹਿਰਾਈ ਗਈ

ਪੀਤਰੋਗਰਾਦ ਸੋਵੀਅਤ ਦੀ ਕਾਰਜ ਕਰਨੀ ਕਮੇਟੀ ਦੇ ਕੌਮਾਂਤਰੀ ਸਬੰਧਾਂ ਬਾਰੇ ਵਿਭਾਗ ਨੇ ਦਿਵਾਲੀਆ ਦੂਜੀ ਇੰਟਰਨੈਸ਼ਨਲ ਦੇ, ਜਿਸ ਦੇ ਮੈਂਬਰ "ਆਪਣੀਆਂ" ਕੌਮੀ ਸਰਕਾਰਾਂ ਵੱਲ ਚਲੇ ਗਏ ਸਨ, ਸਕੱਤਰ ਵਲੋਂ ਖੰਗੀ ਤਰ੍ਹਾਂ ਜਾਣੇ ਜਾਂਦੇ ਹੂਈਸਮਾਨਜ਼ ਨੂੰ ਇਕ ਚਿੱਠੀ ਭੇਜੀ ਹੈ।

ਇਹ ਚਿੱਠੀ, ਜੋ **ਇਜ਼ਵੇਸਤੀਆ** ਦੇ ਨੰਬਰ 78 ਵਿਚ ਪਰਕਾਸ਼ਤ ਹੋਈ, ਇਹ ਸਿੱਧ ਕਰਨ ਦਾ ਯਤਨ ਕਰਦੀ ਹੈ ਕਿ ਰੂਸੀ ਨਰੋਦਨਿਕਾਂ ਤੇ ਮੈਨਸ਼ਵਿਕਾਂ ਦਾ ਜੋ, ਬੁਰਜੂਆ ਤੇ ਸਾਮਰਾਜੀ ਸਰਕਾਰ ਵਿਚ ਸ਼ਾਮਲ ਹੋਏ ਹਨ, ਸੋਸਲਿਜਮ ਦੇ ਪੱਛਮ-ਯੂਰਪੀ ਗ਼ੱਦਾਰਾਂ ਨਾਲ, ਜਿਹੜੇ "ਆਪਣੀਆਂ" ਸਰਕਾਰਾਂ ਵਿਚ ਸਾਮਲ ਹੋਏ, ਟਾਕਰਾ ਨਹੀਂ ਕੀਤਾ ਜਾ ਸਕਦਾ। "ਵਿਭਾਗ" ਦਾ ਕੇਸ ਇਤਨਾ ਕਮਜ਼ੋਰ ਤੇ ਤਰਸਯੋਗ ਹੈ, ਇਤਨਾ ਹਾਸੋਹੀਣਾ ਤੇ ਨਿਪੁੰਸਕ ਹੈ ਕਿ ਇਸ ਨੂੰ ਇਸ ਦੀ ਸਾਰੀ ਕਰੂਪ ਨਿਰਾਰਥਕਤਾ ਵਿਚ ਵਾਰ ਵਾਰ ਵਿਖਾਉਣ ਦੀ ਜ਼ਰੂਰਤ ਹੈ।

ਦਲੀਲ (1)। ਦੂਜੇ ਦੇਸਾਂ ਵਿਚ ਇਹ ਲੋਕ ਸਰਕਾਰਾਂ ਵਿਚ "ਬਿਲਕੁਲ ਵੱਖਰੀਆਂ ਹਾਲਤਾਂ ਅਧੀਨ" ਸ਼ਾਮਲ ਹੋਏ। ਇਹ ਸੱਚ ਨਹੀਂ ਹੈ। ਇਕ ਪਾਸੇ ਬਰਤਾਨੀਆ, ਫ਼ਰਾਂਸ, ਡੈਨਮਾਰਕ, ਬੈਲਜੀਅਮ, ਇਟਲੀ ਆਦਿ ਅਤੇ ਦੂਜੇ ਪਾਸੇ ਵਰਤਮਾਨ ਰੂਸ ਵਿਚਾਲੇ ਫ਼ਰਕ ਬਿਲਕੁਲ ਹੀ **ਨਿਗੂਣਾ** ਹੈ। ਹਰ ਕੋਈ, ਜਿਸ ਨੇ ਸੋਸਲਿਜ਼ਮ ਨਾਲ ਗ਼ੱਦਾਰੀ **ਨਹੀਂ** ਕੀਤੀ, ਜਾਣਦਾ ਹੈ ਕਿ ਅਸਲ ਸੁਆਲ ਬੁਰਜੁਆਜ਼ੀ ਦੇ ਜਮਾਤੀ **ਰਾਜ** ਦਾ ਹੈ। **ਇਸ** ਪੱਖੋਂ ਉੱਪਰ ਵਰਣਤ ਸਾਰੇ ਦੇਸ਼ਾਂ ਵਿਚ ਹਾਲਤਾਂ ਇਕੋ ਜਿਹੀਆਂ ਹਨ ਅਤੇ "ਵੱਖਰੀਆਂ" ਨਹੀਂ ਹਨ। ਕੌਮੀ ਵਿਸ਼ੇਸ਼ਤਾਈਆਂ ਬੁਰਜੂਆ ਜਮਾਤੀ ਰਾਜ ਦੇ ਬੁਨਿਆਦੀ ਮਸਲੇ ਉਤੇ ਉੱਕਾ ਅਸਰ ਨਹੀਂ ਪਾਉਂਦੀਆਂ।

ਦਲੀਲ (2)। "ਸਾਡੇ" ਵਜ਼ੀਰ ਇਕ "ਇਨਕਲਾਬੀ" ਸਰਕਾਰ ਵਿਚ ਸ਼ਾਮਲ ਹੋਏ ਹਨ। ਇਹ ਲੋਕਾਂ ਨੂੰ ਮਹਾਨ ਸ਼ਬਦ "ਇਨਕਲਾਬ" ਦੇ, ਜਿਸ ਨੂੰ ਮੈਨਸ਼ਵਿਕ ਤੇ ਨਰੋਦਨਿਕ ਇਸ ਨਾਲ ਗ਼ੱਦਾਰੀ ਨੂੰ ਕੱਜਣ ਲਈ ਵਰਤਦੇ ਹਨ, ਸਾਧਨਾਂ ਰਾਹੀਂ ਧੋਖਾ ਦੇਣ ਦਾ ਬਦਨਾਮ ਤਰੀਕਾ ਹੈ। ਹਰ ਕੋਈ ਜਾਣਦਾ ਹੈ ਕਿ ਅੱਜ ਦੀ "ਇਨਕਲਾਬੀ" ਸਰਕਾਰ ਵਿਚ ਸੋਲਾਂ ਵਿਚੋਂ ਦਸ ਵਜ਼ੀਰ ਜਗੀਰਦਾਰਾਂ ਤੇ ਸਰਮਾਏਦਾਰ ਦੀਆਂ ਪਾਰਟੀਆਂ ਦੇ ਬੰਦੇ ਹਨ, ਜਿਹੜੀਆਂ ਪਾਰਟੀਆਂ ਸਾਮਰਾਜੀ ਜੰਗ ਤੇ ਗੁਪਤ ਸੰਧੀਆਂ ਨੂੰ ਪਰਕਾਸ਼ਤ ਨਾ ਕਰਨ ਦੇ ਹੱਕ ਵਿਚ ਹਨ ਅਤੇ ਇਹ ਪਾਰਟੀਆਂ ਇਕ **ਉਲਟ-ਇਨਕਲਾਬੀ-ਨੀਤੀ** ਉਤੇ ਤੁਰ ਰਹੀਆਂ ਹਨ। ਇਹ ਗੱਲ 27-29 ਮਈ ਨੂੰ

ਪੀਤਰੋਗਰਾਦ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਰਾਹੀਂ ਸਪੱਸ਼ਟ ਤੌਰ ਤੇ ਪਰਗਟ ਹੋ ਗਈ ਸੀ ਜਦੋਂ ਸਾਰੇ ਕਾਲਾ-ਸੈਂਕੜਾ ਅੰਸ਼ ਸਾਡੀ "ਇਨਕਲਾਬੀ" ਸਰਕਾਰ ਵਿਚ ਬਹੁ-ਗਿਣਤੀ ਦੀ **ਹਮਾਇਤ** ਕਰਨ ਲਈ ਇਕੱਠੇ ਹੋ ਗਏ ਸਨ।

ਦਲੀਲ (3)। "ਸਾਡੇ" ਵਜ਼ੀਰ ਕੌਮਾਂ ਵਿਚਾਲੇ ਸਮਝੌਤੇ ਰਾਹੀਂ ਸੰਸਾਰ ਅਮਨ ਪਰਾਪਤ ਕਰਨ ਦੇ ਅਤੇ ਕੌਮਾਂ ਨੂੰ ਹਥਿਆਰਾਂ ਦੀ ਤਾਕਤ ਨਾਲ ਮੁਕਤ ਕਰਾਉਣ ਦੀ ਖ਼ਾਤਰ ਸਾਮਰਾਜੀ ਜੰਗ ਨੂੰ ਲਮਕਾਉਣ ਦੇ ਨਿਸਚਿਤ ਆਦੇਸ਼ ਨਾਲ ਸ਼ਾਮਲ ਹੋਏ। ਇਕ ਗੱਲੋਂ ਇਹ ਆਦੇਸ਼ ਉੱਕਾ ਹੀ "ਨਿਸਚਿਤ" ਨਹੀਂ ਹੈ ਕਿਉਂ ਜੋ ਇਸ ਦਾ ਸਬੰਧ ਨਾ ਕਿਸੇ ਨਿਸਚਿਤ **ਪਰੋਗਰਾਮ** ਤੇ ਨਾ ਹੀ ਕਿਸੇ ਨਿਸਚਿਤ **ਕਾਰਵਾਈ** ਨਾਲ ਹੈ। ਇਹ ਕੇਵਲ ਸ਼ਬਦ ਹਨ। ਇਹ ਇਕ ਮਜ਼ਦੂਰ ਯੂਨੀਅਨ ਦੇ ਸਕੱਤਰ ਵਾਂਗ ਹੈ ਜੋ 10,000 ਰੂਬਲ ਦੀ ਤਨਖਾਹ ਉੱਤੇ ਇਕ ਸਰਮਾਏਦਾਰ ਐਸੋਸੀਏਸ਼ਨ ਦਾ "ਇਸ ਨਿਸਚਿਤ ਆਦੇਸ਼ ਨਾਲ" ਕਾਰਜ ਕਰਨੀ ਮੈਂਬਰ ਬਣ ਜਾਂਦਾ ਹੈ ਕਿ ਕਿਰਤ ਦੀ ਭਲਾਈ ਲਈ ਅਤੇ ਸਰਮਾਏਦਾਰੀ ਰਾਜ ਨੂੰ ਨਾ ਲਮਕਾਉਣ ਲਈ ਕੰਮ ਕਰੇ। ਦੂਜਾ, **ਸਾਰੇ** ਸਾਮਰਾਜੀ, ਵਿਲਹੇਲਮ ਤੇ ਪੌਇਨਕਾਰੇ ਸਮੇਤ, "ਕੌਮਾਂ ਵਿਚਾਲੇ ਇਕ ਸਮਝੌਤੇ" ਦੇ ਹੱਕ ਵਿਚ ਹਨ। ਇਹ ਵੀ ਇਕ ਖੋਖਲਾ ਵਾਕ ਹੈ। ਤੀਜਾ, ਰੂਸ ਵਲੋਂ ਜੰਗ 6 ਮਈ 1917 ਤੋਂ ਪਰਤੱਖ ਤੌਰ ਤੇ "ਲਮਕਾਈ" ਜਾ ਰਹੀ ਹੈ। ਇਸ ਦੇ ਕਾਰਨਾਂ ਤੋਂ ਉਪਰੰਤ ਇਸ ਲਈ ਕਿਉਂ ਜੋ ਸਾਡੀ ਸਾਮਰਾਜੀ ਸਰਕਾਰ ਹੁਣ ਤੱਕ ਅਮਨ ਦੀਆਂ ਸਪੱਸ਼ਟ ਤੇ ਸੰਖੇਪ ਸ਼ਰਤਾਂ ਦੀ, ਇਕ ਸਮਝੌਤੇ ਦੀਆਂ ਸ਼ਰਤਾਂ ਦਾ ਐਲਾਨ ਕਰਨ, ਜਾਂ ਉਹਨਾਂ ਦਾ ਸੁਝਾਅ ਦੇਣੋਂ ਅਸਫਲ ਰਹੀ ਹੈ।

ਦਲੀਲ (4)। "ਸਾਡੇ" ਵਜ਼ੀਰਾਂ ਦਾ ਉਦੇਸ਼ "ਜਮਾਤੀ ਜਦੋਜਹਿਦ ਨੂੰ ਬੰਦ ਕਰਨਾ ਨਹੀਂ ਸਗੋਂ ਇਸ ਨੂੰ ਰਾਜਨੀਤਕ ਸੱਤਾ ਦੇ ਵਸੀਲਿਆਂ ਦੇ ਸਾਧਨਾਂ ਰਾਹੀਂ ਇਸ ਨੂੰ ਜਾਰੀ ਰੱਖਣਾ ਹੈ।" ਕਿਤਨੀ ਸ਼ਾਨਦਾਰ ਦਲੀਲ ਹੈ! ਤੁਹਾਨੂੰ ਕੇਵਲ ਬੁਰਾਈ ਨੂੰ ਇਕ ਚੰਗੇ ਉਦੇਸ਼ ਨਾਲ ਜਾਂ ਬੁਰਾਈ ਵਿਚ ਸ਼ਾਮਲ ਹੋਣ ਦੇ ਇਕ ਚੰਗੇ ਬਹਾਨੇ ਨਾਲ ਕੱਜਣ ਦੀ ਜ਼ਰੂਰਤ ਹੈ—ਅਤੇ ਇਹ ਚਲਾਕੀ ਕੀਤੀ ਗਈ ਹੈ। ਬੁਰਜੂਆ ਸਾਮਰਾਜੀ ਸਰਕਾਰ ਵਿਚ, ਜੋ ਅਸਲ ਵਿਚ ਇਕ ਸਾਮਰਾਜੀ ਜੰਗ ਲੜ ਰਹੀ ਹੈ ਸ਼ਮੂਲੀਅਤ, ਹੋ ਸਕਦੀ ਹੈ। ਇੰਜ ਵਿਖਾਈ ਦੇਂਦਾ ਹੈ, ਜਿਸ ਨੂੰ "ਰਾਜਨੀਤਕ ਸੱਤਾ ਦੇ ਵਸੀਲਿਆਂ ਦੇ ਸਾਧਨਾਂ ਰਾਹੀਂ ਜਮਾਤੀ ਜਦੋਜਹਿਦ ਨੂੰ ਜਾਰੀ ਰੱਖਣਾ" ਆਖਿਆ ਜਾਵੇ। ਇਹ ਇਕ ਪਰੀਪੂਰਨ ਸ਼ਾਨਦਾਰ ਵਿਚਾਰ ਹੈ। ਅਸੀਂ ਸੁਝਾਅ ਦੇਂਦੇ ਹਾਂ ਕਿ ਹਰ ਮਜ਼ਦੂਰਾਂ ਦੇ ਤੇ ਜਨਤਕ ਜਲਸੇ ਵਿਚ ਚੇਰਨੋਵ, ਤਸੇਰੇਤੇਲੀ, ਪੇਲੈਖਾਨੋਵ ਅਤੇ ਸਕੋਬੇਲੇਵ ਲਈ ਜੋ ਤੇਰੇਸ਼ਚੇਨਕੋ, ਲਵੋਵ ਤੇ ਕੰਪਨੀ ਦੇ ਵਿਰੁੱਧ '**ਇਕ ਜਮਾਤੀ ਜਦੋਜਹਿਦ**" ਲੜ ਰਹੇ ਹਨ, ਤਾੜੀਆਂ ਵਜਾ ਕੇ ਸੁਆਗਤ ਕੀਤਾ ਜਾਵੇ।

"ਵਿਭਾਗ" ਦੇ ਭੱਦਰ, ਪੁਰਸ਼ੋ, ਅਜਿਹੀਆਂ ਦਲੀਲਾਂ ਨਾਲ ਵਜ਼ਾਰਤਵਾਦ ਦੀ ਹਮਾਇਤ ਕਰਨ ਲਈ ਤੁਹਾਡੇ ਉੱਤੇ ਤਿਰਸਕਾਰ ਨਾਲ ਹੱਸਿਆ ਜਾਵੇਗਾ। ਪਰ ਤੁਸੀਂ ਮੂਲਕ ਨਹੀਂ ਹੋ। ਪਲੈਖ਼ਾਨੋਵ ਦੇ ਦੋਸਤ ਪ੍ਰਸਿੱਧ ਵਾਂਦੇਰਵੇਲ ਦੇ (ਜਿਸ ਦਾ ਤੁਸਾਂ ਤਿਰਸਕਾਰ ਕੀਤਾ, ਭਾਵੇਂ ਜਦੋਂ ਤੋਂ ਤੁਸੀਂ ਕੇਬਨਿਟ ਵਿਚ ਸ਼ਾਮਲ ਹੋਏ ਹੋ, ਤੁਹਾਨੂੰ ਇੰਜ ਕਰਨ ਦਾ ਕੋਈ ਸਦਾਚਾਰਕ ਅਧਿਕਾਰ ਨਹੀਂ ਹੈ), ਨੇ ਬਹੁਤ ਸਮਾਂ ਪਹਿਲਾਂ ਆਖਿਆ ਸੀ ਕਿ ਉਹ ਵੀ ਵਜ਼ਾਰਤ ਵਿਚ "ਜਮਾਤੀ ਜਦੋ-ਜਹਿਦ ਨੂੰ ਜਾਰੀ ਰੱਖਣ ਲਈ" ਸ਼ਾਮਿਲ ਹੋਇਆ ਸੀ।

ਦਲੀਲ (5)। "ਸਾਡੇ" ਵਜ਼ੀਰ 20-21 ਅਪਰੈਲ ਨੂੰ ਇਨਕਲਾਬੀ ਸਮੂਹ ਦੀ ਲਹਿਰ ਰਾਹੀਂ ਜ਼ਾਰਸ਼ਾਹੀ ਨੂੰ ਉਲਟਾਉਣ ਅਤੇ "ਰੂਸੀ ਪਰੋਲਤਾਰੀਆਂ ਦੇ ਦੁਸ਼ਮਣਾਂ" (ਭਾਵ)

ਮਿਲਿਯੂਕੋਵ ਤੇ ਗੂਚਕੋਵ" ਨੂੰ ਬਾਹਰ ਕੱਢਣ ਮਗਰੋਂ ਕੈਬਨਿਟ ਵਿਚ ਸ਼ਾਮਲ ਹੋਏ ।

ਤੁਸੀਂ ਫਰਾਂਸੀਸੀ ਲੋਕਾਂ ਉਤੇ, 100 ਦਿਨਾਂ ਪਹਿਲਾਂ ਦੀ ਬਜਾਏ 122 ਸਾਲ ਪਹਿਲਾਂ ਇਕ-ਪੁਰਖੀ ਰਾਜ ਉਲਟਾਉਣ ਦਾ ਇਲਜਾਮ ਨਹੀਂ ਲਾ ਸਕਦੇ, ਜਾਂ ਅੰਗਰੇਜ਼ਾਂ ਉਤੇ 260 ਸਾਲ ਪਹਿਲਾਂ ਇੰਜ ਕਰਨ ਦਾ' ਜਾਂ ਇਟਲੀ ਦੇ ਲੋਕਾਂ ਉਤੇ ਦਹਾਕੇ ਪਹਿਲਾਂ ਇੰਜ ਕਰਨ ਦਾ ਇਲਜ਼ਾਮ ਨਹੀਂ ਲਾ ਸਕਦੇ । 20 ਅਪਰੈਲ ਨੂੰ ਮਿਲਿਯੂਕੋਵ ਨੂੰ ਹਟਾ ਕੇ ਤੇਰੇਸ਼ਚੈਨਕੋ ਨੂੰ ਸਥਾਪਤ ਕਰ ਦਿਤਾ ਗਿਆ, ਭਾਵ ਜਿਥੋਂ ਤਕ ਜਮਾਤੀ ਜਾਂ ਪਾਰਟੀ ਸਬੰਧਾਂ ਦੀ ਮਾਨਤਾ ਹੈ ਕੁਝ ਵੀ ਨਹੀਂ ਬਦਲਿਆ ਗਿਆ । ਨਵੇਂ ਇਕਰਾਰਾਂ ਦਾ ਅਰਥ ਇਕ ਨਵੀਂ ਨੀਤੀ ਨਹੀਂ ਹੁੰਦੀ ।

ਤੁਸੀਂ ਮੈਟਰੋਪੋਲੀਟਨ ਨੂੰ ਹਟਾ ਕੇ ਪੋਪ ਨੂੰ ਉਸ ਦੀ ਥਾਂ ਤੇ ਨਿਯੁਕਤ ਕਰ ਸਕਦੇ ਹੋ, ਪਰ ਇਸ ਦਾ ਅਰਥ ਇਹ ਨਹੀਂ ਹੋਵੇਗਾ ਕਿ ਤੁਹਾਡਾ ਪਾਦਰੀਪੁਣਾ ਬੰਦ ਹੋ ਜਾਵੇਗਾ ।

ਦਲੀਲ (6) । ਰੂਸ ਵਿਚ, "ਪਰੋਲੇਤਾਰੀਆ ਤੇ ਫੌਜ ਲਈ ਪੂਰਨ ਆਜ਼ਾਦੀ ਹੈ" । ਇਹ ਗਲਤ ਹੈ—ਇਹ ਪੂਰਨ **ਨਹੀਂ** ਹੈ । ਇਹ ਦੂਜੇ ਦੇਸ਼ਾਂ ਨਾਲੋਂ ਪੂਰਨ ਹੈ ਅਤੇ ਇਸ ਦੇ ਨਾਲ ਹੀ ਸ਼ਰਮਨਾਕ ਹੈ ਕਿਉਂ ਜੋ ਇਸ ਨਵਜਨਮੀ ਬੇਦਾਗ ਆਜ਼ਾਦੀ ਨੂੰ ਬੁਰਜੂਆ ਸਾਮਰਾਜੀ ਸਰਕਾਰ ਵਿਚ ਸ਼ਮੂਲੀਅਤ ਦੇ ਘੱਟੇ ਨਾਲ **ਗੰਦਾ** ਕੀਤਾ ਗਿਆ ਹੈ ।

ਸੋਸ਼ਲਿਜ਼ਮ ਦੇ ਰੂਸੀ ਗ਼ੱਦਾਰ ਆਪਣੇ ਯੂਰਪੀ ਸਿਰਨਾਵਿਆਂ ਨਾਲ ਇਸ ਤਰਾਂ ਵਖਰੇ ਹਨ ਜਿਸ ਤਰਾਂ ਇਕ ਜ਼ਨਾਹੀ ਕਿਸੇ ਅੌਰਤ ਨੂੰ ਕੱਢ ਕੇ ਲੈ ਜਾਣ ਨਾਲੋਂ ਵਖਰਾ ਹੁੰਦਾ ਹੈ ।

ਦਲੀਲ (7) । "ਇਸ ਤੋਂ ਉਪਰੰਤ ਰੂਸੀ ਪਰੋਲੇਤਾਰੀ ਨੂੰ ਉਹਨਾਂ ਉਤੇ ਜਿਨ੍ਹਾਂ ਨੂੰ ਇਹ ਇਹ ਚੁਣਦਾ ਹੈ ਪੂਰਨ ਕੰਟਰੋਲ ਪਰਾਪਤ ਹੈ ।"

ਇਹ ਸੱਚ ਨਹੀਂ ਹੈ । ਰੂਸ ਵਿਚ ਪਾਰਟੀਵਾਦ ਇਤਨੀ ਛੋਟੀ ਉਮਰ ਦਾ ਹੈ ਅਤੇ ਮੈਨਸਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਵਿਚਾਲੇ ਵਿਗਠਨ ਇਤਨਾ ਪਰਤੱਖ ਹੈ ਕਿ ਪਰੋਲੇਤਾਰੀਆਂ ਵਲੋਂ ਵਜ਼ੀਰਾਂ ਉਤੇ ਕਿੰਨੇ ਗੰਭੀਰ, ਪੂਰਨ ਕਿਤੇ ਰਿਹਾ, ਕੰਟਰੋਲ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ।

ਇਸ ਦੇ ਉਪਰੰਤ, ਪਰੋਲੇਤਾਰੀਆ ਇਕ **ਜਮਾਤੀ ਸੰਕਲਪ** ਹੈ, ਜਿਸ ਨੂੰ ਵਰਤਣ ਦਾ ਮੈਨਸ਼ਵਿਕਾਂ ਤੇ ਨਰੋਦਨਿਕਾਂ ਨੂੰ ਕੋਈ ਅਧਿਕਾਰ ਨਹੀਂ ਹੈ, ਕਿਉਂ ਜੋ ਉਹ ਬਹੁਤੀ ਟੇਕ **ਨਿਕ-ਬੁਰਜਆਜ਼ੀ** ਉਤੇ ਰਖਦੇ ਹਨ । ਇਕ ਵਾਰ ਜਦੋਂ **ਤੁਸੀਂ** ਜਮਾਤਾਂ ਦੀ ਗੱਲ ਕਰਦੇ ਹੋ, ਸਹੀ ਹੋਵੋ ।

ਦਲੀਲ (8) "ਇਹ ਤਥ ਕਿ ਰੂਸੀ ਸੋਸ਼ਲਿਸਟਾਂ (?) ਪਰੋਲੇਤਾਰੀਆਂ (?) ਦੇ ਪ੍ਰਤੀਨਿਧ ਸਰਕਾਰ ਵਿਚ ਸ਼ਾਮਲ ਹੁੰਦੇ ਹਨ ਉਹਨਾਂ ਸਾਰੇ ਦੇਸ਼ਾਂ ਦੇ ਸੋਸ਼ਲਿਸਟਾਂ ਨਾਲ ਜੋ ਸਾਮਰਾਜਵਾਦ ਦੇ ਵਿਰੁਧ ਲੜ ਰਹੇ ਹਨ ਇਸ ਦੇ ਸੰਬੰਧਾਂ ਨੂੰ ਕਮਜ਼ੋਰ ਨਹੀਂ ਕਰਦਾ । ਇਸ ਦੇ ਉਲਟ, ਇਹ ਉਹਨਾਂ ਸੰਬਧਾਂ ਨੂੰ ਸੰਸਾਰ ਅਮਨ ਦੀ ਸਾਝੀ ਜਦੋਜਹਿਦ ਵਿਚ ਮਜ਼ਬੂਤ ਬਨਾਉਣ ਦੀ ਪਰਤੀਕ ਹੈ ।

ਇਹ ਗ਼ਲਤ ਹੈ । ਮਹਿਜ਼ ਲੱਫਾਜ਼ੀ ਹੈ ।

ਹਰ ਕੋਈ ਜਾਣਦਾ ਹੈ ਕਿ ਰੂਸ ਵਿਚ ਸਰਕਾਰ ਵਿਚ ਉਹਨਾਂ ਦੀ ਸ਼ਮੂਲੀਅਤ ਨੇ ਉਹਨਾਂ **ਬਧਨਾਂ** ਨੂੰ ਮਜ਼ਬੂਤ ਕੀਤਾ ਹੈ ਜੋ ਸਾਮਰਾਜਵਾਦ ਦੇ **ਸਮਰਥਕਾਂ** ਨੂੰ, ਸਮਾਜਕ-ਅੰਧਰਾਸ਼ਟਰ-ਵਾਦੀਆਂ, ਸਾਰੇ ਦੇਸ਼ਾਂ ਦੇ ਸਮਾਜਕ-ਸਾਮਰਾਜਵਾਦੀਆਂ—ਹੈਂਡਰਸਨ ਅਤੇ ਕੰਪਨੀ, ਥਾਮਸ ਅਤੇ ਕੰਪਨੀ, **ਸ਼ਿਦੇਮਾਨ** ਅਤੇ ਕੰਪਨੀ ਨੂੰ ਸੰਗਠਤ ਕਰਦੇ ਹਨ ।

ਹਾਂ, **ਸ਼ਿਦੇਮਾਨ** ਵੀ ! ਕਿਉਂ ਜੋ ਉਹ **ਸਮਝਦਾ** ਹੈ ਕਿ ਜਰਮਨ ਸਮਾਜਕ-ਸਾਮਰਾਜਵਾਦ

ਸੰਸਾਰ ਕਿਰਤ ਲਹਿਰ ਉੱਤੇ ਆਪਣਾ ਵਿਹੁਲਾ ਪ੍ਰਭਾਵ ਪਾਉਣਾ ਜਾਰੀ ਰਖਣ ਲਈ ਸੁਰੱਖਿਅਤ ਹੋਵੇਗਾ, ਕਿਉਂ ਜੋ, ਰੂਸੀ **ਵੀ** ਉਹਨਾਂ ਦੇ ਆਜ਼ਾਦੀ ਦੇ ਮਹਾਨ ਕਦਮ ਅਤੇ ਉਹਨਾਂ ਦੇ ਇਨਕਲਾਬ ਦੇ ਹੁੰਦਿਆਂ ਵੀ **ਆਪਣੀ** ਸਾਮਰਾਜੀ ਬੁਰਜੂਆਜ਼ੀ ਨਾਲ ਇਕ ਸ਼ਰਮਨਾਕ ਗੱਠਜੋੜ ਵਿਚ ਸ਼ਾਮਲ ਹੋ ਗਏ ਹਨ।

ਪਰਾਵਦਾ ਨੰਬਰ 70
14 (1) ਜੂਨ, 1917

ਆਰਥਕ ਗੜਬੜੀ ਦੇ ਸੁਆਲ ਬਾਰੇ ਨਿਕ-ਬੁਰਜੂਆ ਨੀਤੀ

ਨੋਵਾਇਆ ਜ਼ੀਜ਼ਨ ਨੇ ਇਕ ਮਤਾ ਪ੍ਰਕਾਸਤ ਕੀਤਾ ਹੈ ਜੋ ਕਾਮਰੇਡ ਐਂਵੀਲੋਵ ਨੇ ਸਾਪ ਕਮੇਟੀਆ ਦੀ ਮੀਟਿੰਗ ਵਿਚ ਪੇਸ ਕੀਤਾ। ਮੰਦੇ ਭਾਗਾ ਨੂੰ, ਇਸ ਮਤੇ ਨੂੰ ਇਕ ਨਿਕ-ਬੁਰਜੂਆ ਵਤੀਰੇ ਦੀ ਉਦਾਹਰਣ ਵਜੋਂ ਸਮਝਣਾ ਚਾਹੀਦਾ ਹੈ ਜੋ ਨਾ ਮਾਰਕਸੀ ਹੈ ਤੇ ਨਾ ਹੀ ਸੋਸਲਿਸਟ। ਕਿਉਂ ਜੋ ਇਹ ਮਤਾ ਮੈਨਸਵਿਕ ਅਤੇ ਨਰੋਦਨਿਕ ਸੋਵੀਅਤ ਮਤਿਆ ਦੀਆ ਸਾਰੀਆ ਵਿਸੇਸ ਕਮਜੋਰੀਆ ਨੂੰ ਤਿੱਖੇ ਰੂਪ ਵਿਚ ਉਜਾਗਰ ਕਰਦਾ ਹੈ, ਇਸ ਲਈ ਇਹ ਮਿਸਾਲੀ ਹੈ ਅਤੇ ਧਿਆਨ ਦੇਣ ਦੇ ਯੋਗ ਹੈ।

ਮਤਾ ਇਕ ਸਾਨਦਾਰ ਆਮ ਬਿਆਨ ਨਾਲ, ਸਟਮਾਏਦਾਰਾ ਦੇ ਪ੍ਰਭਾਵਸਾਲੀ ਦੋਸ-ਆਰੋਪਣ ਨਾਲ ਅਰੰਭ ਹੁੰਦਾ ਹੈ: ''ਵਰਤਮਾਨ ਆਰਥਕ ਅਧੋਗਤੀ...ਜੰਗ ਅਤੇ **ਸਰਮਾਏਦਾਰਾਂ ਤੇ ਸਰਕਾਰ ਦੇ ਲੋਟੂ ਤੇ ਅਰਾਜਕਤਾਵਾਦੀ ਰਾਜ ਦਾ ਸਿੱਟਾ ਹੈ।**'' ਸਹੀ! ਕਿ ਸਰਮਾਇਆ ਜਾਬਰ ਹੈ, ਕਿ ਇਹ ਲੋਟੂ ਹੈ, ਕਿ ਇਹ ਅਰਾਜਕਤਾ ਦਾ ਅਮਲੀ ਸੋਮਾ ਹੈ—ਇਸ ਗੱਲ ਵਿਚ ਨਿਕ-ਬੁਰਜੂਆਜੀ ਪਰੋਲੇਤਾਰੀਏ ਨਾਲ ਸਹਿਮਤ ਹੋਣ ਨੂੰ ਤਿਆਰ ਹੈ। ਪਰ ਇਥੇ ਆ ਕੇ ਇਕ-ਰੂਪਤਾ ਖਤਮ ਹੋ ਜਾਦੀ ਹੈ। ਪਰੋਲੇਤਾਰੀਆ ਸਰਮਾਏਦਾਰ ਆਰਥਕਤਾ ਨੂੰ ਇਕ ਲੋਟੂ ਆਰਥਕਤਾ ਸਮਝਦਾ ਹੈ ਅਤੇ ਇਸ ਲਈ ਇਸ ਦੇ ਵਿਰੁਧ ਜਮਾਤੀ ਜਦੋਜਹਿਦ ਛੇੜਦਾ ਹੈ। ਆਪਣੀ ਸਮੁੱਚੀ ਨੀਤੀ ਨੂੰ ਸਰਮਾਏਦਾਰ ਜਮਾਤ ਦੀ ਬਿਨਾ ਸਰਤ ਬੇਵਿਸਵਾਸੀ ਉਤੇ ਢੋਲਦਾ ਹੈ, ਅਤੇ ਰਾਜ ਦੇ ਸੁਆਲ ਨਾਲ ਨਿਪਟਦਿਆ ਇਸ ਦੀ ਪਹਿਲੀ ਚਿੰਤਾ ਇਹ ਵਖਰਿਆਉਣਾ ਹੈ ਕਿ ਰਾਜ ਕਿਹੜੀ ''ਜਾਮਾਤ'' ਦਾ ਸੇਵੀ ਹੈ, ਕਿਸ ਦੇ ਜਮਾਤੀ ਹਿੱਤਾ ਦੀ ਇਹ ਹਮਾਇਤ ਕਰਦਾ ਹੈ। ਕਈ ਵਾਰ ਨਿਕ-ਬੁਰਜੂਆਜੀ ਸਰਮਾਏ ਨਾਲ ''ਨਰਾਜ' ਹੋ ਜਾਦੀ ਹੈ। ਪਰ ਜਿਵੇਂ ਹੀ ਗੁੱਸੇ ਦਾ ਦੋਰਾ ਖਤਮ ਹੋ ਜਾਦਾ ਹੈ ਉਹ ਸਰਮਾਏਦਾਰਾ ਵਿਚ ਆਪਣੇ ਪੁਰਾਣੇ ਵਿਸਵਾਸ ਵਲ, ਸਰਮਾਏਦਾਰਾ ਦੇ...... ''ਰਾਜ'' ਵਿਚ ਲਾਈਆ ਆਪਣੀਆ ਆਸਾ ਵਲ ਵਾਪਸ ਪਰਤ ਜਾਦੀ ਹੈ......!

ਇਹੋ ਗੱਲ ਕਾਮਰੇਡ ਐਵੀਲੋਵ ਨਾਲ ਵਾਪਰੀ ਹੈ। ਸਰਮਾਏਦਾਰਾ ਨੇ ਇਥੋਂ ਤਕ ਸਰਮਾਏਦਾਰਾ ਦੀ ਸਰਕਾਰ ਨੂੰ ਇਕ ''ਲੋਟੂ'' ਆਰਥਕਤਾ ਚਲਾਉਣ ਦਾ ਦੋਸੀ ਠਹਿਰਾਉਣ ਵਾਲੀ ਇਕ ਪ੍ਰਭਾਵਸਾਲੀ, ਸਖਤ ਸਬਦਾ ਵਾਲੀ ਜੋਰਦਾਰ ਭੂਮਿਕਾ ਦੇ ਮਗਰੋਂ ਕਾਮਰੇਡ ਐਵੀਲੋਵ ਆਪਣੇ

ਸਾਰੇ ਮਤੇ ਵਿਚ, ਇਸ ਦੇ ਸਾਰੇ ਠੋਸ ਮਜ਼ਮੂਨ ਅਤੇ ਇਸ ਦੇ ਸਾਰੇ ਨੁਕਸਾਨਾਂ ਵਿਚ **ਜਮਾਤੀ ਦ੍ਰਿਸ਼ਟੀਕੋਣ ਨੂੰ ਭੁਲ ਜਾਂਦਾ ਹੈ**, ਅਤੇ ਮੈਨਸ਼ਵਿਕਾਂ ਤੇ ਨਰੋਦਨਿਕਾਂ ਵਾਂਗ ਆਮ ਤੌਰ ਤੇ "ਰਾਜ" ਬਾਰੇ ਅਸਪਸ਼ਟ "ਇਨਕਲਾਬੀ ਜਮਹੂਰੀਅਤ" ਬਾਰੇ ਬੇਅਰਥ ਲੱਫਾਜ਼ੀ ਵਿਚ ਡਿਗ ਪੈਂਦਾ ਹੈ।

ਮਜ਼ਦੂਰੋ ! ਲੋਟੂ ਸਰਮਾਇਆ ਆਰਾਜਕਤਾ ਤੇ ਆਰਥਕ ਗੜਬੜ ਪੈਦਾ ਕਰ ਰਿਹਾ ਹੈ ਅਤੇ ਸਰਮਾਏਦਾਰਾਂ ਦੀ ਸਰਕਾਰ ਅਰਾਜਕਤਾ ਰਾਹੀਂ ਰਾਜ ਕਰ ਰਹੀ ਹੈ। ਇਸ ਦਾ ਹੱਲ "ਇਨਕਲਾਬੀ ਜਮਹੂਰੀਅਤ ਦੀ ਮਿਲਵਰਤਣ ਨਾਲ ਰਾਜ" ਵਲੋਂ ਕੰਟਰੋਲ ਵਿਚ ਸਥਿਤ ਹੈ।

ਐਵੀਲੋਵ ਦੇ ਮਤੇ ਦਾ ਇਹੋ ਤੱਤ ਹੈ।

ਕਾਮਰੇਡ ਐਵੀਲੋਵ, ਤੂੰ ਕਿਹੋ ਜਿਹੀਆਂ ਗੱਲਾਂ ਕਰ ਰਿਹਾ ਏਂ ! ਇਕ ਮਾਰਕਸਵਾਦੀ ਕਿਵੇਂ ਭੁਲ ਸਕਦਾ ਹੈ ਕਿ ਰਿਆਸਤ ਜਮਾਤੀ ਰਾਜ ਦਾ ਇਕ ਅਦਾਰਾ ਹੈ ? ਕੀ ਇਕ **ਸਰਮਾਏਦਾਰ ਰਾਜ** ਨੂੰ "ਲੋਟੂ ਸਰਮਾਏਦਾਰਾਂ" ਦੇ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕਰਨਾ ਬੇਹੂਦਗੀ ਨਹੀਂ ਹੈ ?

ਭਲਾ ਇਕ ਮਾਰਕਸਵਾਦੀ ਕਿਵੇਂ ਭੁਲ ਸਕਦਾ ਹੈ ਕਿ ਸਾਰੇ ਦੇਸ਼ਾਂ ਦੇ ਇਤਿਹਾਸ ਵਿਚ, ਸਰਮਾਏਦਾਰ ਵੱਲ ਅਕਸਰ "ਇਨਕਲਾਬੀ ਡੈਮੋਕਰੈਟਸ" ਹੁੰਦੇ ਰਹੇ ਹਨ, ਜਿਵੇਂ 1649 ਵਿਚ ਇੰਗਲੈਂਡ ਵਿਚ, 1789 ਵਿਚ, 1830, 1848 ਅਤੇ 1870 ਵਿਚ ਫ਼ਰਾਂਸ ਵਿਚ ਅਤੇ ਫਰਵਰੀ 1917 ਵਿਚ ਰੂਸ ਵਿਚ ?

ਕੀ ਤੂੰ ਇਹ ਭੁਲ ਸਕਦਾ ਹੈਂ ਕਿ ਸਰਮਾਏਦਾਰਾਂ ਦੀ ਇਨਕਲਾਬੀ ਜਮਹੂਰੀਅਤ, ਨਿੱਕ-ਬੁਰਜੁਆਜ਼ੀ ਤੇ ਪਰੋਲੇਤਾਰੀਆ ਦੀ ਜਮਹੂਰੀਅਤ ਨੂੰ ਇਕ ਦੂਜੇ ਤੋਂ ਵੱਖਰਿਆਉਣਾ ਚਾਹੀਦਾ ਹੈ ? ਕੀ **ਸਾਰੇ** ਇਨਕਲਾਬਾਂ ਦਾ **ਸਮੁੱਚਾ** ਇਤਿਹਾਸ, ਜਿਸ ਦਾ ਮੈਂ ਹੁਣ ਜ਼ਿਕਰ ਕੀਤਾ ਹੈ, "ਇਨਕਲਾਬੀ ਜਮਹੂਰੀਅਤ" ਦੇ **ਅੰਦਰ** ਜਮਾਤਾਂ ਦਾ ਇਕ ਫ਼ਰਕ ਨਹੀਂ ਦਰਸਾਉਂਦਾ ?

ਰੂਸ ਵਿਚ, ਫਰਵਰੀ, ਮਾਰਚ, ਅਪਰੈਲ ਤੇ ਮਈ 1917 ਦੇ ਤਜਰਬੇ ਦੇ ਮਗਰੋਂ "ਇਨਕਲਾਬੀ ਜਮਹੂਰੀਅਤ" ਬਾਰੇ ਗੱਲ ਕਰਨੀ ਜਾਰੀ ਰੱਖਣਾ, ਜਾਣਿਆਂ ਜਾਂ ਅਣਜਾਣਿਆ, ਸੁਚੇਤ ਤੌਰ ਤੇ ਜਾਂ ਅਚੇਤ ਤੌਰ ਤੇ ਲੋਕਾਂ ਨੂੰ ਧੋਖਾ ਦੇਣਾ ਹੈ। ਜ਼ਾਰਸ਼ਾਹੀ ਦੇ ਵਿਰੁੱਧ ਜਮਾਤਾਂ ਦੇ ਆਮ ਸੰਜੋਗ ਦੀ 'ਘੜੀ" ਆਈ ਤੇ ਚਲੀ ਗਈ ਹੈ। ਡੂਮਾ ਦੀ ਪਹਿਲੀ ਆਰਜ਼ੀ ਕਮੇਟੀ ਤੇ ਸੋਵੀਅਤ ਵਿਚਾਲੇ ਪਹਿਲੇ ਸਮਝੌਤੇ ਨੇ ਜਮਾਤੀ ਸੰਜੋਗ ਦਾ ਅੰਤ ਅਤੇ ਜਮਾਤੀ ਜਦੋਜਹਿਦ ਦਾ ਆਰੰਭ ਕਰ ਦਿੱਤਾ ਹੈ।

ਅਪਰੈਲ ਸੰਕਟ (20 ਅਪਰੈਲ) ਜਿਸ ਦੇ ਮਗਰੋਂ 6 ਮਈ ਦੇ ਤੇ ਫਿਰ 27-29 ਮਈ (ਚੋਣਾਂ) ਦੇ ਸੰਕਟ ਨੇ ਰੂਸੀ "ਇਨਕਲਾਬੀ ਜਮਹੂਰੀਅਤ" ਦੇ ਅੰਦਰ ਰੂਸੀ ਇਨਕਲਾਬ ਵਿਚ **ਜਮਾਤਾਂ** ਦਾ ਇਕ ਨਿਸ਼ਚਿਤ ਤਰੇੜ ਲੈ ਆਂਦੀ ਹੈ। ਇਸ ਨੂੰ ਅਖੋਂ ਓਹਲੇ ਕਰਨਾ ਵਿਚਾਰੀ ਨਿਕ-ਬੁਰਜੁਆਜ਼ੀ ਦੀ ਪੱਧਰ ਤਕ ਨੀਵੇਂ ਚਲੇ ਜਾਣ ਦੇ ਤੁਲ ਹੈ।

ਲੋਟੂ ਸਰਮਾਏਦਾਰੀ ਦੇ ਸਾਰੇ ਸੁਆਲਾਂ ਦੇ ਮਾਮਲੇ ਬਾਰੇ ਹੁਣ "ਰਾਜ" ਨੂੰ ਅਤੇ "ਇਨਕਲਾਬੀ ਜਮਹੂਰੀਅਤ" ਨੂੰ ਅਪੀਲ ਕਰਨ ਦਾ ਭਾਵ ਮਜ਼ਦੂਰ ਜਮਾਤ ਨੂੰ ਪਿਛਾਂਹ ਵੱਲ ਖਿੱਚਣਾ ਹੈ। ਅਸਲ ਵਿਚ ਇਸ ਦਾ ਅਰਥ ਇਨਕਲਾਬ ਨੂੰ ਪੂਰਨ ਰੂਪ ਵਿਚ ਰੋਕਣ ਦਾ ਪਰਚਾਰ ਕਰਨਾ ਹੈ। ਸਾਡਾ ਅਜ ਦਾ "ਰਾਜ", ਅਪਰੈਲ ਦੇ ਮਗਰੋਂ, ਮਈ ਦੇ ਮਗਰੋਂ "ਲੋਟੂ" ਸਰਮਾਏਦਾਰਾਂ ਦਾ ਰਾਜ ਹੈ ਜਿਸ ਨੇ ਚੇਰਨੋਵ, ਤਸੇਰੇਤੇਲੀ ਤੇ ਕੰਪਨੀ ਦੇ ਰੂਪ ਵਿਚ "ਇਨਕਲਾਬੀ (ਨਿਕ-ਬੁਰਜੁਆਜ਼ੀ) ਜਮਹੂਰੀਅਤ" ਦੇ ਇਕ ਚੰਗੇ ਚੋਖੇ ਭਾਗ ਨੂੰ **ਪਾਲਤੂ** ਬਣਾ ਲਿਆ ਹੈ।

ਇਹ ਰਾਜ ਇਨਕਲਾਬ ਨੂੰ ਹਰ ਥਾਂ ਤੇ, ਘਰੇਲੂ ਤੇ ਬਦੇਸ਼ ਨੀਤੀ ਦੇ ਸਾਰੇ ਖੇਤਰਾਂ ਵਿਚ ਰੋਕ ਰਿਹਾ ਹੈ।

ਇਸ ਰਾਜ ਦੇ ਹੱਥ ਵਿਚ ਸਰਮਾਏਦਾਰ ਲੋਟੂਆਂ ਨਾਲ ਲੜਨ ਦਾ ਕੰਮ ਸੌਂਪਣਾ **ਦਰਿਆ ਵਿਚ ਇਕ ਕਿੱਲ ਸੁਟਣ ਦੇ ਵਾਂਗ ਹੈ।**

31 ਮਈ (13 ਜੂਨ), 1917 ਨੂੰ ਲਿਖਿਆ
14 (1) ਜੂਨ 1917 ਨੂੰ **ਪਰਾਵਦਾ** ਨੰਬਰ 70
ਵਿਚ ਪਰਕਾਸ਼ਤ ਹੋਇਆ।

ਅੱਖ ਦਾ ਕਣ

ਅਲਜੇਰੀਆ ਨੇ ਉਹਨਾਂ ਨੂੰ ਧੋਖਾ ਦਿਤਾ ਹੈ...। ਸਾਡੇ ਵਜ਼ੀਰੀ ਯੋਗ "ਸੋਸ਼ਲਿਸਟ ਇਨਕ-ਲਾਬੀ" ਲੋਕਾਂ ਨੂੰ ਤੇ ਆਪਣੇ ਆਪ ਨੂੰ "ਬਦੇਸ਼ੀ ਇਲਾਕੇ ਹਥਿਆਏ ਬਿਨਾਂ ਅਮਨ" ਬਾਰੇ ਆਪਣੀਆਂ ਸਾਰੀਆਂ ਗੱਲਾਂਬਾਤਾਂ ਦਾ ਵਿਸ਼ਵਾਸ ਦਿਵਾ ਕੇ ਸੁੰਨ ਕਰਨ ਵਿਚ ਲਗਪਗ ਸਫਲ ਹੋ ਗਏ ਸਨ ਪਰ...ਅਲਜੇਰੀਆ ਨੇ ਉਹਨਾਂ ਨੂੰ ਧੋਖਾ ਦੇ ਦਿਤਾ ਹੈ। **ਦਾਈਲੋ ਨਾਰੋਦਾ**, ਜਿਸ ਅਖਬਾਰ ਵਿਚ ਦੋ ਸੋਸ਼ਲਿਸਟ ਵਜ਼ੀਰ ਕਰੇਨਸਕੀ ਤੇ ਚੇਰਨੋਵ ਲਿਖਦੇ ਹਨ, ਤਿੰਨ ਇਤਿਹਾਦੀ ਕੈਬਨਿਟ ਵਜ਼ੀਰਾਂ (ਜੋ ਉਸੇ ਲਗਪਗ ਸੋਸ਼ਲਿਸਟ ਕੈਂਪ ਵਿਚ ਹਨ) ਦੇ ਅਲਜੇਰੀਆ ਬਾਰੇ ਵਿਚਾਰ ਮੇਟਣ ਵਿਚ ਕਾਫੀ ਬੇਪਰਵਾਹ ਸੀ। ਕੇਰੇਨਸਕੀਆਂ ਤੇ ਚੇਰਨੋਵਾਂ ਦੀ ਅਖਬਾਰ ਵਲੋਂ ਇਹ ਕਿਤਨੇ ਭਿਆਨਕ ਰੂਪ ਵਿਚ ਲਾਪਰਵਾਹ ਸੀ ਇਹ ਹੇਠਲੀ ਲਿਖਤ ਤੋਂ ਵੇਖਿਆ ਜਾਵੇਗਾ।

ਤਿੰਨ ਇਤਿਹਾਦੀ ਵਜ਼ੀਰਾਂ—ਬਰਤਾਨੀਆਂ, ਫ਼ਰਾਂਸ ਤੇ ਬੈਲਜੀਅਮ ਦੇ ਵਾਂਦੇਰਵੇਲਦੇ, ਹੈਂਡਰਸਨ ਤੇ ਥਾਮਸ ਨੇ ਇਹ ਬਿਆਨ ਕੀਤਾ ਕਿ ਉਹ "ਬਦੇਸ਼ੀ ਇਲਾਕੇ ਹਥਿਆਉਣਾ ਨਹੀਂ ਚਾਹੁੰਦੇ, ਪਰ ਕੇਵਲ "ਇਲਾਕਿਆਂ ਦੀ ਮੁਕਤੀ" ਚਾਹੁੰਦੇ ਹਨ। ਕੇਰੇਨਸਕੀਆਂ ਤੇ ਚੇਰਨੋਵਾਂ ਦੇ ਅਖਬਾਰ ਨੇ ਬਿਲਕੁਲ ਸਹੀ ਤੌਰ ਤੇ ਇਸ ਨੂੰ "ਪਾਲਤੂ ਸੋਸ਼ਲਿਸਟਾਂ" ਵਲੋਂ "ਹੱਥ ਚਲਾਕੀ" ਵਜੋਂ ਬਿਆਨ ਕੀਤਾ ਹੈ ਅਤੇ ਉਹਨਾਂ ਬਾਰੇ ਰੋਹ ਪੂਰਨ ਤੇ ਵਿਅੰਗਮਈ ਭਾਸ਼ਨ ਝਾੜਿਆ ਹੈ:

> "ਸੱਚ ਹੈ, ਉਹ (ਤਿੰਨ ਵਜ਼ੀਰ) ਕੇਵਲ ਵਸੋਂ ਦੀ ਮਰਜ਼ੀ ਨਾਲ ਇਕਸੁਰਤਾ ਵਿਚ ਇਲਾਕਿਆਂ ਦੀ ਮੁਕਤੀ ਦੀ ਮੰਗ ਕਰਦੇ ਹਨ। ਬੜੀ ਚੰਗੀ ਗੱਲ ਹੈ! ਪਰ ਉਸ ਹਾਲਤ ਵਿਚ ਸਾਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਉਹਨਾਂ ਨੂੰ ਤੇ ਸਾਨੂੰ ਇਕਬਾਰ ਹੋਣਾ ਚਾਹੀਦਾ ਹੈ ਅਤੇ ਇਕ ਪਾਸੇ ਆਇਰਲੈਂਡ ਤੇ ਫਿਨਲੈਂਡ ਦੀ 'ਮੁਕਤੀ' ਨੂੰ ਪਰਨਾਮ ਕਰਨਾ ਚਾਹੀਦਾ ਹੈ, ਅਤੇ ਦੂਜੇ ਪਾਸੇ ਅਲਜੇਰੀਆ ਜਾਂ ਸਿਆਮ ਦੀ ਮੁਕਤੀ ਨੂੰ। ਸੋਸ਼ਲਿਸਟ ਅਲਬਰਟ ਥਾਮਸ ਦੀ ਅਲਜੇਰੀਆ ਲਈ ਸਵੈ-ਨਿਰਣੇ ਬਾਰੇ ਰਾਏ ਨੂੰ ਸੁਣਨਾ ਬਹੁਤ ਹੀ ਦਿਲਚਸਪ ਗੱਲ ਹੋਵੇਗੀ।"

ਨਿਰਸੰਦੇਹ, ਆਰਮੀਨੀਆ, ਗਾਲੀਸ਼ੀਆ, ਯੂਕਰੇਨ ਤੇ ਤੁਰਕਸਤਾਨ ਲਈ "ਸਵੈ ਨਿਰਣੇ" ਬਾਰੇ ਕੇਰੇਨਸਕੀ, ਤਸੇਰੇਤੇਲੀ, ਚੇਰਨੋਵ ਤੇ ਸਕੋਬੇਲੇਵ ਦੀ ਵੀ ਰਾਏ ਸੁਣਨਾ ਬੜੀ ਦਿਲਚਸਪੀ ਵਾਲੀ ਗੱਲ ਹੋਵੇਗੀ।

ਰੂਸੀ ਸਰਕਾਰ ਦੇ ਤੁਮੀਂ ਨਰੋਦਨਿਕ ਤੇ ਮੈਨਸ਼ਵਿਕ ਮੈਂਬਰੋ, ਕੀ ਤੁਸੀਂ ਇਹ ਨਹੀਂ ਵੇਖਦੇ ਕਿ ਆਇਰਲੈਂਡ ਤੇ ਅਲਜੇਰੀਆ ਦੀ ਉਦਾਹਰਣ ਦੇ ਕੇ ਤੁਸਾ ਆਪਣੀ ਹੀ ਰਾਏ ਤੇ ਵਤੀਰੇ ਦੇ ਸਮੁੱਚੇ ਝੂਠ ਤੇ ਕੁਸੱਤ ਨੂੰ ਨੰਗਾ ਕਰ ਦਿਤਾ ਹੈ। ਤੁਸਾਂ ਇਹ ਦਰਸਾ ਦਿਤਾ ਹੈ ਕਿ "ਬਦੇਸੀ ਇਲਾਕੇ ਹਥਿਆਉਣ" ਦੀ **ਇਸ ਜੰਗ ਵਿਚ** ਮਹਿਜ਼ ਇਲਾਕੇ ਉਤੇ ਕਬਜ਼ਾ ਕਰਨ ਵਜੋਂ ਵਿਆਖਿਆ **ਨਹੀਂ ਕੀਤੀ** ਜਾ ਸਕਦੀ ਹੈ। ਦੂਜੇ ਸ਼ਬਦਾਂ ਵਿਚ ਤੁਸਾਂ ਆਪਣੇ ਆਪ ਨੂੰ ਅਤੇ ਪੀਤਰੋਗਰਾਦ ਸੋਵੀਅਤ ਦੀ **ਇਜ਼ਵੇਸਤੀਆ** ਨੂੰ ਰੱਦ ਕਰ ਦਿੱਤਾ ਹੈ ਜਿਸ ਨੇ ਕੇਵਲ ਪਿਛਲੇ ਇਕ ਘੁਮੰਡੀ ਅਨਜਾਣਤਾ ਨਾਲ ਐਲਾਨ ਕੀਤਾ ਸੀ ਕਿ ਬਦੇਸੀ ਇਲਾਕੇ ਹਥਿਆਉਣ ਦਾ ਬੋਲਾ ਕੇਵਲ ਵਰਤਮਾਨ ਜੰਗ ਵਿਚ ਕਬਜੇ ਵਿਚ ਲਏ ਇਲਾਕਿਆਂ ਉਤੇ ਲਾਗੂ ਹੋ ਸਕਦਾ ਹੈ। ਪਰ ਕਿਹੜਾ ਹੈ ਜਿਹੜਾ ਇਹ ਨਹੀਂ ਜਾਣਦਾ ਕਿ ਆਇਰਲੈਂਡ ਨੂੰ ਅਲਜੇਰੀਆ ਨੂੰ ਇਹ ਜੰਗ ਦੇ ਸ਼ੁਰੂ ਹੋਣ ਤੋਂ ਦਹਾਕੇ ਤੇ ਸਦੀਆਂ ਪਹਿਲਾਂ ਹਥਿਆਇਆ ਗਿਆ ਸੀ ?

ਦਾਈਲੋ ਨਾਰੋਦਾ ਨੇ ਬੜੀ ਬੇਪਰਵਾਹੀ ਵਿਖਾਈ ਹੈ ! ਇਸ ਨੇ ਵਿਚਾਰਾ ਦੇ ਆਪਣੇ ਨਿਪਟ ਦੇ ਘਚੋਲੇ ਨੂੰ ਨੰਗਾ ਕਰ ਦਿਤਾ ਹੈ ਅਤੇ ਹਥਿਆਏ ਬਦੇਸ਼ੀ ਇਲਾਕਿਆਂ ਵਰਗੇ ਮੁਖ ਮਸਲਿਆਂ ਬਾਰੇ ਮੈਨਸ਼ਵਿਕਾ ਤੇ **ਇਜ਼ਵੇਸਤੀਆ** ਦੇ ਵਿਚਾਰਾਂ ਨੂੰ ਨੰਗਾ ਕਰ ਦਿਤਾ ਹੈ।

ਗੱਲ ਇਥੇ ਹੀ ਖਤਮ ਨਹੀਂ ਹੋ ਜਾਂਦੀ ! ਤੁਸੀਂ ਆਇਰਲੈਂਡ ਬਾਰੇ ਹੈਂਡਰਸਨ ਦੇ ਮਤੇ ਅਲਜਰੀਆ ਬਾਰੇ ਐਲਬਰਟ ਥਾਮਸ ਤੇ ਕਿੰਤੂ ਕਰਦੇ ਹੋ। "ਇਸ ਸਮੇਂ ਸੱਤਾ ਤੇ ਬਿਰਾਜਮਾਨ ਫਰਾਂਸੀਸੀ ਬੁਰਜੁਆਜੀ" ਦੇ ਬਦੇਸੀ ਇਲਾਕੇ ਹਥਿਆਉਣ ਬਾਰੇ ਵਿਚਾਰਾਂ ਦਾ ਫਰਾਂਸੀਸੀ **ਲੋਕਾਂ** ਦੇ ਵਿਚਾਰਾਂ ਨਾਲ ਮੁਕਾਬਲਾ ਕਰਦੇ ਹੋ; ਤੁਸੀਂ ਹੈਂਡਰਸਨ ਤੇ ਐਲਬਰਟ ਥਾਮਸ ਨੂੰ "ਪਾਲਤੂ ਸੋਸਲਿਸਟ" ਆਖਦੇ ਹੋ—ਪਰ ਤੁਹਾਡੇ ਆਪਣੇ ਬਾਰੇ ਕੀ ਗੱਲ ਹੈ ?

ਤੁਸੀਂ ਕੇਰੇਨਸਕੀ, ਤਸੇਰੇਤੇਲੀ, ਚੇਰਨੋਵ, ਸਕੋਬੇਲੇਵ ਜੇ "ਪਾਲਤੂ ਸੋਸ਼ਲਿਸਟ" ਨਹੀਂ ਹੋ ਤਾਂ ਹੋਰ ਕੀ ਹੋ ? ਕੀ ਤੁਸਾਂ **ਰੂਸੀ** ਆਇਰਲੈਂਡ ਤੇ **ਰੂਸੀ** ਅਲਜੇਰੀਆ ਦਾ ਭਾਵ, ਤੁਰਕਸਤਾਨ, ਆਰਮੇਨੀਆ, ਯੂਕਰੇਨ, ਫਿਨਲੈਂਡ ਆਦਿ ਦਾ ਸੁਆਲ "ਇਸ ਸਮੇਂ ਸੱਤਾ ਤੇ ਬਿਰਾਜਮਾਨ ਰੂਸੀ ਬੁਰਜੁਆਜੀ" ਦੇ ਸਰਕਾਰ ਦੇ ਸਾਹਮਣੇ ਉਠਾਇਆ ਸੀ ? ਰੂਸੀ "ਲੋਕਾ" ਨੂੰ ਤੁਸੀਂ ਇਹ ਕਿਉਂ ਨਹੀਂ ਦਸਦੇ, ਤੁਸੀਂ ਰੂਸੀ ਨਰੋਦਨਿਕਾਂ ਤੇ ਮੈਨਸ਼ਵਿਕਾਂ ਦੀ "ਬਦੇਸੀ ਇਲਾਕੇ ਹਥਿਆਏ ਬਿਨਾ ਅਮਨ" ਬਾਰੇ ਬੇਹੂਦਾ ਗੱਲਾਂ ਦੀ ਇਕ "ਹੱਥ ਫੇਰੀ" ਵਜੋਂ ਸੋਵੀਅਤ ਵਿਚ, ਸਰਕਾਰ ਵਿਚ ਤੇ ਲੋਕਾ ਦੇ ਸਾਹਮਣੇ ਪੁਸ਼ਟੀ ਕਿਉਂ ਨਹੀਂ ਕਰਦੇ ?

ਰੂਸੀ ਵਜ਼ਾਰਤ ਯੋਗ ਨਰੋਦਨਿਕ ਤੇ ਮੈਨਸ਼ਵਿਕ ਬਹੁਤ ਹੀ ਨਿਰਾਸ਼ਾਜਨਕ ਉਲਝਣ ਵਿਚ ਹਨ ਤੇ ਹਰ ਬੀਤਦਾ ਦਿਨ ਉਹਨਾ ਨੂੰ ਨੰਗਾ ਕਰਦਾ ਹੈ।

ਉਹਨਾ ਦੀ ਅੰਤਮ ਦਲੀਲ ਇਹ ਹੈ ਕਿ ਅਸਾਂ ਇਨਕਲਾਬ ਕੀਤਾ ਹੈ। ਪਰ ਇਹ ਦਲੀਲ ਸ਼ੁਰੂ ਤੋਂ ਲੈ ਕੇ ਅਖੀਰ ਤਕ ਝੂਠੀ ਹੈ ਕਿਉਂ ਜੋ ਸਾਡੇ ਇਨਕਲਾਬ ਨੇ **ਹੁਣ ਤਕ** ਕੇਵਲ **ਬੁਰਜੁਆਜ਼ੀ** ਨੂੰ ਜਿਵੇਂ ਫ਼ਰਾਂਸ ਤੇ ਬਰਤਾਨੀਆ ਵਿਚ, "ਪਾਲਤੂ ਸੋਸਲਿਸਟਾਂ" ਦੀ "ਹਾਨੀ-ਰਹਿਤ ਘਟ-ਗਿਣਤੀ ਨਾਲ ਸੱਤਾ ਉਤੇ ਬਿਰਾਜਮਾਨ ਕੀਤਾ ਹੈ। ਸਾਡਾ ਇਨਕਲਾਬ ਕਲ੍ਹ ਕੀ ਉਪਜਾਏਗਾ—ਕੀ ਪਾਤਸ਼ਾਹ ਵਲ ਵਾਪਸੀ, ਬੁਰਜੁਆਜੀ ਦੀ ਹੋਰ ਮਜ਼ਬੂਤੀ ਜਾਂ ਵਧੇਰੇ ਅਗਾਹ-ਵਧੂ ਜਮਾਤਾਂ ਨੂੰ ਸੱਤਾ ਦੀ ਸੌਂਪਣੀ—ਨਾ ਅਸੀਂ ਤੇ ਨਾ ਹੀ ਕੋਈ ਹੋਰ ਇਸ ਬਾਰੇ ਕੁਝ ਜਾਣਦਾ ਹੈ। ਸੋ, ਆਮ ਤੌਰ ਤੇ "ਇਨਕਲਾਬ" ਦੀ ਦਲੀਲ ਲੋਕਾਂ ਨਾਲ ਤੇ ਹਰ ਕਿਸੇ ਨਾਲ ਇਕ ਨਿਰੋਲ ਧੋਖਾ ਤੇ ਛਲ ਹੈ।

ਬਦੇਸ਼ੀ ਇਲਾਕੇ ਹਥਿਆਉਣ ਦਾ ਸੁਆਲ ਨਰੋਦਨਿਕਾਂ ਤੇ ਮੈਨਸ਼ਵਿਕਾਂ ਲਈ ਇਕ ਵੱਡੀ ਕਸਵੱਟੀ ਹੈ, ਜਿਹੜੇ ਝੂਠਾਂ ਦੇ ਜਾਲ ਵਿਚ ਫਸ ਗਏ ਹਨ। ਉਹ ਐਨ **ਉਸ ਤਰ੍ਹਾਂ** ਫਸ ਗਏ ਹਨ ਜਿਵੇਂ ਪਲੈਖਾਨੋਵ, ਹੈਂਡਰਸਨ, ਸ਼ਿਦੇਮਾਨ ਤੇ ਕੰਪਨੀ ਫਸੀ ਹੈ; ਉਹ **ਕੇਵਲ ਕਥਨੀ ਵਿਚ** ਇਕ ਦੂਜੇ ਤੋਂ ਵਖਰੇ ਹੋਣ ਯੋਗ ਹਨ, ਪਰ ਜਿਥੋਂ ਤਕ ਕਰਨੀ ਦਾ ਸੁਆਲ ਹੈ ਉਹ ਸਾਰੇ ਇਕੋ ਜਿਹੇ ਹਨ—ਸੋਸ਼ਲਿਜ਼ਮ ਲਈ ਮੁਰਦਾ।

ਪਰਾਵਦਾ ਨੰਬਰ 70
14 (1) ਜੂਨ, 1917

ਮਜ਼ਦੂਰਾਂ ਅਤੇ ਸਿਪਾਹੀਆਂ ਦੀਆਂ ਸੋਵੀਅਤਾਂ ਦੀ ਪਹਿਲੀ ਕੁਲ-ਰੂਸ ਕਾਂਗਰਸ 3—24 ਜੂਨ (16 ਜੂਨ—7 ਜੁਲਾਈ), 1917

ਆਰਜ਼ੀ ਹਕੂਮਤ ਵਲ ਵਤੀਰੇ ਬਾਰੇ ਤਕਰੀਰ 4 (17) ਜੂਨ

ਸਾਥੀਓ, ਮੇਰੇ ਕੋਲ ਜੋ ਥੋੜ੍ਹਾ ਜਿਹਾ ਸਮਾਂ ਹੈ ਉਹ ਮੈਂ ਕਾਰਜਸਾਧਕ ਕਮੇਟੀ ਦੀ ਰਿਪੋਰਟ ਵਲੋਂ ਅਤੇ ਉਸ ਮਗਰੋਂ ਬੋਲਣ ਵਾਲਿਆ ਵਲੋਂ ਉਠਾਏ ਗਏ ਅਸੂਲ ਦੇ ਮੁੱਖ ਸਵਾਲਾਂ ਦੇ ਹੀ ਲੇਖੇ ਲਾ ਸਕਦਾ ਹਾਂ—ਤੇ ਮੈ ਸਮਝਦਾ ਹਾਂ ਇਹ ਸਭ ਤੋਂ ਚੰਗਾ ਹੈ।

ਸਾਡੇ ਸਾਹਮਣੇ ਪਹਿਲਾ ਅਤੇ ਬੁਨਿਆਦੀ ਸਵਾਲ ਇਹ ਸੀ : **ਇਹ ਇਕਤਰਤਾ ਕਿਹੜੀ ਹੈ** ਜਿਸ ਵਿੱਚ ਅਸੀਂ ਸ਼ਾਮਲ ਹੋ ਰਹੇ ਹਾਂ, ਹੁਣ ਕੁਲ-ਰੂਸ ਕਾਂਗਰਸ ਵਿੱਚ ਆਣ ਜੁੜੀਆਂ ਇਹ ਸੋਵੀਅਤਾਂ ਕਿਹੜੀਆਂ ਹਨ, ਅਤੇ ਇਹ ਇਨਕਲਾਬੀ ਜਮਹੂਰੀਅਤ ਕੀ ਹੈ ਜਿਸ ਦੀਆਂ ਇਥੇ ਲੋਕ ਇਸ ਬਾਰੇ ਆਪਣੀ ਪੂਰਨ ਬੇ-ਸਮਝੀ ਨੂੰ ਅਤੇ ਪੂਰਨ ਤਿਆਗ ਨੂੰ ਲੁਕਾਉਣ ਲਈ ਏਨੀਆਂ ਗੱਲਾਂ ਕਰਦੇ ਹਨ ? ਸੋਵੀਅਤਾਂ ਦੀ ਕੁਲ-ਰੂਸ ਕਾਂਗਰਸ ਵਿੱਚ ਇਨਕਲਾਬੀ ਜਮਹੂਰੀਅਤ ਦੀਆਂ ਗੱਲਾਂ ਕਰਨਾ ਅਤੇ ਇਹ ਸੰਸਥਾ ਦੇ ਖ਼ਾਸੇ ਨੂੰ, ਇਹਦੀ ਜਮਾਤੀ ਰਚਨਾ ਨੂੰ ਅਤੇ ਇਨਕਲਾਬ ਵਿਚ ਇਹਦੇ ਰੋਲ ਨੂੰ ਧੁੰਦਲਾਉਣਾ—ਇਸ ਬਾਰੇ ਸ਼ਬਦ ਵੀ ਨਾ ਆਖਣਾ ਅਤੇ ਫਿਰ ਵੀ ਜਮਹੂਰੀਅਤ-ਪਸੰਦ ਅਖਵਾਣ ਦਾ ਦਾਹਵਾ ਕਰਨਾ ਅਸਲੋਂ ਹੀ ਅਜੀਬ ਗੱਲ ਹੈ। ਉਹ ਵਾਸਤੇ ਬੁਰਜੂਆ ਪਾਰਲੀਮੈਂਟਰੀ ਗਣਰਾਜ ਲਈ ਪਰੋਗਰਾਮ ਉਲੀਕਦੇ ਹਨ ਜੋ ਪੂਰੇ ਪੱਛਮੀ ਯੂਰਪ ਵਿਚ ਮੌਜੂਦ ਰਿਹਾ ਹੈ, ਉਹ ਸਾਡੇ ਲਈ ਸੁਧਾਰਾਂ ਲਈ ਪਰੋਗਰਾਮ ਉਲੀਕਦੇ ਹਨ ਜਿਨ੍ਹਾਂ ਨੂੰ ਸਭ ਬੁਰਜੂਆ ਹਕੂਮਤਾਂ ਮੰਨਦੀਆਂ, ਹਨ, ਜਿਹਨਾਂ ਵਿਚ ਸਾਡੀ ਹਕੂਮਤ ਵੀ ਸ਼ਾਮਲ ਹੈ ਅਤੇ ਫਿਰ ਵੀ ਉਹ ਸਾਡੇ ਨਾਲ ਇਨਕਲਾਬੀ ਜਮਹੂਰੀਅਤ ਦੀਆ ਗੱਲਾਂ ਕਰਦੇ ਹਨ। ਉਹ ਕਿਹਨਾਂ ਨਾਲ ਗੱਲਾਂ ਕਰ ਰਹੇ ਹਨ ? ਸੋਵੀਅਤਾਂ ਨਾਲ। ਪਰ ਮੈਂ ਤੁਹਾਨੂੰ ਪੁੱਛਦਾ ਹਾਂ ਕਿ ਕੀ ਯੂਰਪ ਵਿਚ ਕੋਈ ਅਜਿਹਾ ਦੇਸ਼ ਹੈ, ਬੁਰਜੂਆ, ਜਮਹੂਰੀ, ਗਣਰਾਜੀ ਦੇਸ਼, ਜਿਥੇ ਇਹਨਾਂ ਸੋਵੀਅਤਾਂ ਵਰਗੀ ਕੋਈ ਚੀਜ਼ ਮੌਜੂਦ ਹੈ ? ਤੁਹਾਨੂੰ ਮੰਨਣਾ ਪਵੇਗਾ

ਕਿ ਅਜਿਹਾ ਕੋਈ ਦੇਸ਼ ਨਹੀਂ ਹੈ। ਅਜਿਹੀ ਸੰਸਥਾ ਕਿਤੇ ਵੀ ਨਹੀਂ ਹੈ, ਨਾ ਹੀ ਕਿਤੇ ਹੋ ਸਕਦੀ ਹੈ ਕਿਉਂ ਜੋ ਇਹਨਾ ਦੋਹਾਂ ਵਿਚੋਂ ਬਸ ਇਕ ਹੀ ਹੋ ਸਕਦੀ ਹੈ ਜਾਂ ਤਾਂ ਉਹਨਾਂ ਸੁਧਾਰਾ ਲਈ "ਯੋਜਨਾਵਾਂ" ਵਾਲੀ ਬੁਰਜੂਆ ਹਕੂਮਤ ਜਿਹੜੇ ਸਾਡੇ ਲਈ ਉਲੀਕੇ ਗਏ ਹਨ ਅਤੇ ਹਰ ਦੇਸ਼ ਵਿਚ ਦਰਜਨਾਂ ਵਾਰ ਤਜਵੀਜ਼ ਕੀਤੇ ਗਏ ਹਨ, ਪਰ ਜਿਹੜੇ ਬਸ ਕਾਗਜ਼ ਉਪਰ ਹੀ ਰਹੇ ਹਨ, ਜਾਂ ਉਹ ਸੰਸਥਾ ਜਿਸ ਦਾ ਹਵਾਲਾ ਉਹ ਹੁਣ ਦੇ ਰਹੇ ਹਨ, ਇਨਕਲਾਬ ਵਲੋਂ ਸਿਰਜੀ ਗਈ ਨਵੀਂ ਕਿਸਮ ਦੀ "ਹਕੂਮਤ" ਜਿਸ ਦੀਆਂ ਮਿਸਾਲਾਂ ਸਿਰਫ ਸੱਭ ਤੋਂ ਵੱਡੇ ਇਨਕਲਾਬੀ ਉਭਾਰ ਦੇ ਸਮੇਂ ਵੇਖੀਆਂ ਜਾ ਸਕਦੀਆ ਹਨ, ਜਿਵੇਂ ਕਿ 1792 ਤੇ 1871 ਵਿਚ ਫਰਾਸ ਵਿਖੇ ਜਾਂ 1905 ਵਿਚ ਰੂਸ ਵਿਖੇ। ਸੋਵੀਅਤਾਂ ਇਕ ਅਜਿਹੀ ਸੰਸਥਾ ਹਨ ਜੋ ਕਿਸੇ ਸਧਾਰਨ ਬੁਰਜੂਆ ਪਾਰਲੀਮੈਂਟਰੀ ਰਾਜ ਵਿਚ ਮੌਜੂਦ ਨਹੀਂ ਅਤੇ ਜੋ ਬੁਰਜੂਆ ਹਕੂਮਤ ਦੇ ਨਾਲ ਨਾਲ ਕਾਇਮ ਨਹੀਂ ਹੋ ਸਕਦੀ। ਇਹ ਨਵੇਂ ਵਧੇਰੇ ਜਮਹੂਰੀ ਕਿਸਮ ਦਾ ਰਾਜ ਹਨ ਜਿਸ ਨੂੰ ਅਸੀਂ ਆਪਣੇ ਪਾਰਟੀ ਮਤਿਆ ਵਿਚ ਕਿਸਾਨ-ਪਰੋਲਤਾਰੀ ਜਮਹੂਰੀ ਗਣਰਾਜ ਆਖਦੇ ਹਾ, ਅਤੇ ਸੱਤਾ ਸਿਰਫ ਮਜ਼ਦੂਰਾਂ ਤੇ ਸਿਪਾਹੀਆ ਦੇ ਡਿਪਟੀਆਂ ਦੀਆਂ ਸੋਵੀਅਤਾ ਦੇ ਹੱਥ ਹੈ। ਲੋਕ ਇਹ ਗਲਤ ਸੋਚਦੇ ਹਨ ਕਿ ਇਹ ਇਕ ਸਿਧਾਤਕ ਸਵਾਲ ਹੈ। ਇਹ ਦਿਖਲਾਵਾ ਕਰਨ ਵਿਚ ਕਿ ਇਸ ਨੂੰ ਟਾਲਿਆ ਜਾ ਸਕਦਾ ਹੈ ਅਤੇ ਇਹ ਰੋਸ ਪ੍ਰਗਟਾਉਣ ਵਿਚ ਉਹ ਹਾਲਤ ਹਨ ਕਿ ਇਸ ਵੇਲੇ ਕੁਝ ਸੰਸਥਾਵਾਂ ਮਜ਼ਦੂਰਾਂ ਤੇ ਸਿਪਾਹੀਆ ਸੋਵੀਅਤਾਂ ਦੇ ਨਾਲ ਨਾਲ ਮੌਜੂਦ ਹਨ। ਹਾਂ, ਇਹ ਨਾਲ ਨਾਲ ਜ਼ਰੂਰ ਮੌਜੂਦ ਹਨ। ਪਰ ਇਹ ਗੱਲ ਬੇਅੰਤ ਗਲਤ-ਫਹਿਮੀਆਂ, ਝਗੜਿਆਂ ਅਤੇ ਰਗੜਿਆਂ ਨੂੰ ਜਨਮ ਦੇਂਦੀ ਹੈ। ਅਤੇ ਇਹੋ ਕਾਰਨ ਹੈ ਕਿ ਰੂਸੀ ਇਨਕਲਾਬ ਦਾ ਮੌਲਿਕ ਉਭਾਰ, ਇਸ ਦੀ ਮੌਲਿਕ ਚੜ੍ਹਤ ਖੜੋਤ ਲਈ ਅਤੇ ਪਿਛਾਂਹ ਵੱਲ ਉਹਨਾ ਕਦਮਾਂ ਲਈ ਥਾ ਖਾਲੀ ਕਰ ਰਹੀ ਹੈ ਜਿਹਨਾਂ ਨੂੰ ਅਸੀਂ ਹੁਣ ਆਪਣੀ ਕੁਲੀਸਨ ਸਰਕਾਰ ਵਿਚ, ਇਹਦੀ ਸਮੁੱਚੀ ਘਰੋਗੀ ਤੇ ਵਿਦੇਸ਼ ਨੀਤੀ ਵਿਚ, ਸਾਮਰਾਜੀ ਹਮਲੇ ਲਈ ਤਿਆਰੀਆ ਦੇ ਸਬੰਧ ਵਿਚ ਵੇਖ ਸਕਦੇ ਹਾ।

'ਇਕ ਜਾ ਦੂਜੀ : ਜਾਂ ਤਾਂ ਸਧਾਰਨ ਬੁਰਜੂਆ ਹਕੂਮਤ, ਜਿਸ ਸੂਰਤ ਵਿਚ ਕਿਸਾਨਾਂ ਦੀਆ ਮਜ਼ਦੂਰਾਂ ਦੀਆ, ਸਿਪਾਹੀਆਂ ਅਤੇ ਦੂਜੀਆਂ ਸੋਵੀਅਤਾ ਬੇਅਰਥ ਹਨ ਅਤੇ ਇਹਨਾ ਨੂੰ ਜਾ ਤਾਂ ਜਰਨੈਲ, ਉਲਟ-ਇਨਕਲਾਬੀ ਜਰਨੈਲ ਤੋੜ ਭੰਨ ਦੇਣਗੇ। ਜਿਹਨਾਂ ਨੂੰ ਹਥਿਆਰਬੰਦ ਫੌਜਾਂ ਉਤੇ ਕੰਟਰੋਲ ਹਾਸਲ ਹੈ ਅਤੇ ਜਿਹੜੇ ਮੰਤਰੀ ਕੇਰੇਨਸਕੀ ਦੀਆਂ ਸੋਹਣੀਆ ਤਕਰੀਰਾਂ ਉਤੇ ਕੰਨ ਨਹੀਂ ਧਰਦੇ ਜਾਂ ਇਹ ਅਪਜੱਸਵੀ ਮੌਤ ਮਰ ਜਾਣਗੀਆਂ। ਉਹਨਾਂ ਸਾਹਮਣੇ ਹੋਰ ਕੋਈ ਚੋਣ ਨਹੀਂ। ਉਹ ਨਾ ਤਾਂ ਪਿੱਛੇ ਹੱਟ ਸਕਦੀਆਂ ਹਨ ਨਾ ਅਡੋਲ ਖੜੀਆਂ ਰਹਿ ਸਕਦੀਆਂ ਹਨ। ਉਹ ਤਾਂ ਸਿਰਫ ਅੱਗੇ ਵਧਦਿਆਂ ਹੋਇਆਂ ਹੀ ਮੌਜੂਦ ਰਹਿ ਸਕਦੀਆਂ ਹਨ; ਇਹ ਇਸ ਕਿਸਮ ਦਾ ਰਾਜ ਹੈ ਜਿਹੜਾ ਰੂਸੀਆਂ ਦੀ ਕਾਢ ਨਹੀਂ ਸਗੋਂ ਜਿਸ ਨੂੰ ਇਨਕਲਾਬ ਨੇ ਅੱਗੇ ਲਿਆ ਰਖਿਆ ਹੈ ਕਿਉਂ ਜੋ ਇਨਕਲਾਬ ਹੋਰ ਕਿਸੇ ਤਰ੍ਹਾਂ ਵੀ ਜਿੱਤ ਨਹੀਂ ਸਕਦਾ। ਕੁਲ ਰੂਸ ਕਾਗਰਸ ਦੇ ਅੰਦਰ ਸੱਤਾ ਲਈ ਪਾਰਟੀਆਂ ਦੇ ਰਗੜੇ ਅਤੇ ਘੋਲ ਅਟੱਲ ਹਨ। ਪਰ ਇਹ ਖੁਦ ਆਮ ਲੋਕਾਂ ਦੇ ਰਾਜਸੀ ਤਜਰਬੇ ਰਾਹੀਂ ਸੰਭਵ ਗਲਤੀਆਂ ਅਤੇ ਭੁਲਾਂਦਰਿਆਂ ਦਾ ਖਾਤਮਾ ਹੋਵੇਗਾ (ਹਲਚਲ) ਅਤੇ ਮੰਤਰੀਆ ਦੀਆਂ ਰਿਪੋਰਟਾਂ ਰਾਹੀਂ ਨਹੀਂ ਜਿਹੜੇ ਉਸ ਦਾ ਹਵਾਲਾ ਦੇਂਦੇ ਹਨ, ਜੋ ਉਹਨਾ ਨੇ ਕਲ੍ਹ ਆਖਿਆ ਸੀ, ਜੋ ਉਹ ਭਲਕੇ ਲਿਖਣਗੇ ਅਤੇ ਜਿਸ ਦਾ ਵਾਅਦਾ ਉਹ ਪਰਸੋਂ ਕਰਨਗੇ; ਇਹ ਸਾਥੀਓ, ਰੂਸੀ ਇਨਕਲਾਬ ਦੁਆਰਾ ਸਿਰਜੀ ਗਈ ਸੰਸਥਾ ਦੇ ਦ੍ਰਿਸ਼ਟੀਕੋਣ ਤੋਂ ਬੇਥਵ੍ਹਾ ਹੈ

ਅਤੇ ਹੁਣ ਇਸ ਸਵਾਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਹੋਵੇ ਜਾਂ ਨਾ ਹੋਵੇ ? ਸੋਵੀਅਤਾਂ ਉਸ ਤਰ੍ਹਾਂ ਮੌਜੂਦ ਨਹੀਂ ਰਹਿ ਸਕਦੀਆਂ ਜਿਵੇਂ ਉਹ ਹੁਣ ਹਨ । ਉੱਨਤ ਲੋਕ, ਮਜ਼ਦੂਰ ਤੇ ਕਿਸਾਨ, ਇਕੱਠੇ ਹੁੰਦੇ ਹਨ ਅਤੇ ਪਰਵਾਨ ਕਰਦੇ ਹਨ ਅਤੇ ਰਿਪੋਰਟਾਂ ਸੁਣਦੇ ਹਨ ਜਿਹਨਾਂ ਦੀ ਕੋਈ ਦਸਤਾਵੇਜ਼ੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ । ਇਸ ਕਿਸਮ ਦੀ ਸੰਸਥਾ ਗਣਰਾਜ ਵੱਲ ਇਕ ਅਵਸਥਾ ਪਰਿਵਰਤਨ ਹੈ, ਗਣਰਾਜ ਜੋ ਪੁਲਿਸ ਅਤੇ ਸਥਾਈ ਫੌਜ ਤੋਂ ਬਿਨਾਂ ਸਥਿਰ ਸੱਤਾ ਕਾਇਮ ਕਰੇਗਾ, ਸ਼ਬਦ ਵਿਚ ਹੀ ਨਹੀਂ ਸਗੋਂ ਅਮਲ ਵਿਚ ਸੱਤਾ ਜੋ ਅਜੇ ਪੱਛਮੀ ਯੂਰਪ ਵਿੱਚ ਨਹੀਂ ਹੋ ਸਕਦੀ ਅਤੇ ਜਿਸ ਤੋਂ ਬਿਨਾਂ ਰੂਸੀ ਇਨਕਲਾਬ ਭੋਂ-ਪਤੀਆਂ ਉਤੇ ਅਤੇ ਸਾਮਰਾਜ ਉਤੇ ਫਤਹਿ ਦੇ ਅਰਥਾਂ ਵਿਚ ਜਿੱਤ ਪ੍ਰਾਪਤ ਨਹੀਂ ਕਰ ਸਕਦਾ ।

ਇਸ ਸੱਤਾ ਤੋਂ ਬਿਨਾਂ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਅਸੀਂ ਆਪਣੇ ਆਪ ਅਜਿਹੀ ਫਤਹਿ ਹਾਸਲ ਕਰ ਸਕਾਂਗੇ । ਅਤੇ ਇਥੇ ਜੋ ਪਰੋਗਰਾਮ ਸਾਡੇ ਸਾਹਮਣੇ ਰਖਿਆ ਗਿਆ ਹੈ, ਅਸੀਂ ਉਸ ਵਿੱਚ ਜਿੰਨਾ ਵਧੇਰੇ ਡੂੰਘਾ ਜਾਵਾਂਗੇ, ਅਤੇ ਉਹਨਾਂ ਤੱਥਾਂ ਵਿੱਚ ਜਿਹਨਾਂ ਦਾ ਸਾਹਮਣਾ ਸਾਨੂੰ ਕਰਨਾ ਪੈ ਰਿਹਾ ਹੈ ਉਤਨਾ ਵਧੇਰੇ ਪਰਤਖ ਤਰ੍ਹਾਂ ਬੁਨਿਆਦੀ ਵਿਰੋਧਤਾਈ ਪ੍ਰਗਟ ਹੋਵੇਗੀ । ਰਿਪੋਰਟ ਨੇ ਅਤੇ ਹੋਰਨਾਂ ਬੁਲਾਰਿਆ ਨੇ ਸਾਨੂੰ ਦਸਿਆ ਹੈ ਕਿ ਪਹਿਲੀ ਆਰਜ਼ੀ ਹਕੂ-ਮਤ ਮਾੜੀ ਹਕੂਮਤ ਸੀ । ਪਰ ਜਦੋਂ ਬਾਲਸ਼ਵਿਕਾਂ ਨੇ, ਉਹਨਾਂ ਕਰਮਾਂ-ਮਾਰੇ ਬਾਲਸ਼ਵਿਕਾਂ ਨੇ, ਕਿਹਾ, "ਇਸ ਹਕੂਮਤ ਦੀ ਕੋਈ ਹਮਾਇਤ ਨਹੀਂ, ਇਸ ਵਿਚ ਕੋਈ ਵਿਸ਼ਵਾਸ ਨਹੀਂ" ਤਾਂ ਸਾਡੇ ਉਪਰ ਕਿੰਨੀ ਬਹੁਤੀ ਵਾਰ "ਅਰਾਜਕਤਾ" ਦਾ ਦੋਸ਼ ਥੱਪਿਆ ਗਿਆ । ਹੁਣ ਹਰ ਕੋਈ ਆਖਦਾ ਹੈ ਕਿ ਪਹਿਲਾ ਵਾਲੀ ਸਰਕਾਰ ਮਾੜੀ ਸੀ । ਪਰ ਲਗਪਗ ਸੋਸ਼ਲਿਸਟ ਵਜ਼ੀਰਾਂ ਵਾਲੀ ਕੁਲੀਸ਼ਨ ਸਰਕਾਰ ਪਹਿਲਾਂ ਵਾਲੀ ਨਾਲੋਂ ਕਿਵੇਂ ਵੱਖਰੀ ਹੈ ? ਕੀ ਅਸਾਂ ਪਰੋਗਰਾਮ ਅਤੇ ਖਰੜਿਆ ਬਾਰੇ ਕਾਫੀ ਗੱਲਾਂ ਨਹੀਂ ਕੀਤੀਆ ? ਕੀ ਸਾਡੇ ਕੋਲ ਇਹ ਕਾਫੀ ਨਹੀਂ ਸਨ ? ਕੀ ਹੁਣ ਕਾਰੋਬਾਰੀ ਢੰਗ ਨਾਲ ਕੰਮ ਕਰਨ ਦਾ ਸਮਾਂ ਨਹੀਂ ਆਇਆ ? 6 ਮਈ ਪਿਛੋਂ ਮਹੀਨਾ ਬੀਤ ਗਿਆ ਹੈ, ਜਦੋਂ ਕੁਲੀਸ਼ਨ ਹਕੂਮਤ ਕਾਇਮ ਹੋਈ ਸੀ । ਤੱਥਾ ਨੂੰ ਵੇਖੋ । ਰੂਸ ਵਿਚ ਤੇ ਦੂਜੇ ਦੇਸ਼ਾਂ ਵਿੱਚ, ਜੋ ਸਾਮਰਾਜੀ ਜੰਗ ਵਿੱਚ ਸ਼ਾਮਲ ਹਨ, ਆਮ ਤਬਾਹੀ ਵੱਲ ਵੇਖੋ । ਇਸ ਤਬਾਹੀ ਦਾ ਕਾਰਨ ਕੀ ਹੈ ? ਪੂੰਜੀਪਤੀਆ ਦਾ ਧਾੜਵੀ ਖਾਸਾ । ਇਹ ਤੁਹਾਡੀ ਅਸਲੀ ਅਰਾਜਕਤਾ ਹੈ । ਅਤੇ ਇਹ ਗੱਲ ਸਾਡੇ ਅਖਬਾਰਾ ਵਿੱਚ ਨਹੀਂ, ਕਿਸੇ ਬਾਲਸ਼ਵਿਕ ਅਖ਼ਬਾਰ ਵਿੱਚ ਨਹੀਂ—ਰੱਬ ਖੈਰ ਕਰੇ—ਪਰ ਵਜ਼ਾਰਤੀ **ਰਾਬੋਚਾਇਆ ਗਾਜ਼ੇਤਾ** ਵਿੱਚ ਛਪੀ ਹੈ ਜਿਸ ਨੇ ਰਿਪੋਰਟ ਕੀਤਾ ਹੈ ਕਿ ਸਨਅਤੀ ਕੋਲੇ ਦੀਆਂ ਕੀਮਤਾਂ "ਇਨਕਲਾਬੀ" ਹਕੂਮਤ ਨੇ ਵਧਾਈਆਂ ਹਨ । ਕੁਲੀਸ਼ਨ ਹਕੂਮਤ ਨੇ ਇਸ ਸਬੰਧ ਵਿੱਚ ਕੁਝ ਵੀ ਤਬਦੀਲ ਨਹੀਂ ਕੀਤਾ । ਸਾਨੂੰ ਪੁਛਿਆ ਜਾਂਦਾ ਹੈ ਕਿ ਕੀ ਰੂਸ ਵਿੱਚ ਸੋਸ਼ਲਿਜ਼ਮ ਲਾਗੂ ਕੀਤਾ ਜਾ ਸਕਦਾ ਹੈ, ਅਤੇ ਭੀ ਆਮ ਰੂਪ ਵਿੱਚ ਗੱਲ ਕਰ-ਦਿਆਂ ਬੁਨਿਆਦੀ ਤਬਦੀਲੀਆ ਤੁਰੰਤ ਹੀ ਕੀਤੀਆਂ ਜਾ ਸਕਦੀਆਂ ਹਨ ? ਇਹ ਸੱਭ ਖਾਲੀ ਗੱਲਾ ਹਨ ਸਾਥੀਓ ! ਮਾਰਕਸ ਤੇ ਏਂਗਲਜ਼ ਦਾ ਸਿਧਾਂਤ ਜਿਵੇਂ ਕਿ ਉਹਨਾਂ ਨੇ ਸਦਾ ਸਪਸ਼ਟ ਕਰ ਕੇ ਦਸਿਆ ਹੈ ਕਿ ਕਹਿੰਦਾ ਹੈ , "ਸਾਡਾ ਸਿਧਾਂਤ ਕੋਈ ਕਟੱੜ ਮਤ ਨਹੀਂ, ਸਗੋਂ ਅਮਲ ਦਾ ਰਾਹਨੁਮਾ ਹੈ । ਦੁਨੀਆਂ ਭਰ ਵਿੱਚ ਕਿਤੇ ਵੀ ਖਾਲਸ ਪੂੰਜੀਵਾਦ ਖਾਲਸ ਸੋਸ਼ਲਿਜ਼ਮ ਵਿੱਚ ਵਿਕਸਤ ਨਹੀਂ ਹੋ ਰਿਹਾ, ਨਾ ਹੀ ਜੰਗ ਸਮੇਂ ਹੋ ਸਕਦਾ ਹੈ । ਪਰ ਵਿਚਾਲੇ ਕਰਕੇ ਕੁਝ ਹੈ, ਕੁਝ ਨਵਾਂ ਅਤੇ ਬੇਮਿਸਾਲ, ਕਿਉਂ ਕਿ ਕਰੋੜਾਂ ਲੋਕ ਹਨ ਜੋ ਪੂੰਜੀਪਤੀਆਂ ਵਿਚਕਾਰ ਜ਼ੁਲਮੀ ਜੰਗ ਵਿੱਚ ਸ਼ਾਮਲ ਰਹੇ ਹਨ, ਆਪਣੇ ਜੀਵਨ ਗੁਆ ਰਹੇ ਹਨ । ਇਹ ਕਲਿਆਣਕਾਰੀ ਸੁਧਾਰਾਂ ਦਾ

ਸਵਾਲ ਨਹੀਂ—ਇਹ ਤਾਂ ਬੱਸ ਗੱਲਾਂ ਹੀ ਹਨ। ਇਹ ਤਾਂ ਬਸ ਕਦਮ ਪੁੱਟਣ ਦਾ ਹੀ ਸਵਾਲ ਹੈ, ਕਦਮ ਜੋ ਅਸੀਂ ਪੁੱਟ ਰਹੇ ਹਾਂ।

ਜੇ ਤੁਸੀਂ "ਇਨਕਲਾਬੀ" ਜਮਹੂਰੀਅਤ ਦੀ ਗੱਲ ਕਰਨ ਦੇ ਚਾਹਵਾਨ ਹੋ ਤਾਂ ਤੁਹਾਨੂੰ ਇਸ ਸੰਕਲਪ ਨੂੰ ਪੂੰਜੀਵਾਦੀ ਵਜ਼ਾਰਤ ਦੇ ਅਧੀਨ ਸੁਧਾਰਵਾਦੀ ਜਮਹੂਰੀਅਤ ਨਾਲੋਂ ਵਖਰਾਉਣਾ ਚਾਹੀਦਾ ਹੈ, ਕਿਉਂਕਿ ਹੁਣ "ਇਨਕਲਾਬੀ ਜਮਹੂਰੀਅਤ" ਦੀਆ ਗੱਲਾਂ ਬੰਦ ਕਰਨ ਦਾ, "ਇਨਕਲਾਬੀ ਜਮਹੂਰੀਅਤ" ਬਾਰੇ ਪਰਸਪਰ ਵਧਾਈਆਂ ਦੇਣ ਦਾ, ਜਮਾਤੀ ਪਰਿਭਾਸ਼ਾ ਨੂੰ ਜਿਵੇਂ ਕਿ ਸਾਨੂੰ ਮਾਰਕਸਵਾਦ ਨੇ ਸਿਖਾਇਆ ਹੈ, ਅਤੇ ਆਮ ਰੂਪ ਵਿਚ ਵਿਗਿਆਨਕ ਸੋਸ਼ਲਿਜ਼ਮ ਨੂੰ ਸਮਝਣ ਦਾ ਸਮਾਂ ਆ ਗਿਆ ਹੈ। ਇਹ ਤਜਵੀਜ਼ ਕੀਤਾ ਜਾ ਰਿਹਾ ਹੈ ਕਿ ਸਾਨੂੰ ਪੂੰਜੀਵਾਦੀ ਮੰਤਰਾਲੇ ਦੇ ਅਧੀਨ ਸੁਧਾਰਵਾਦੀ ਜਮਹੂਰੀਅਤ ਨੂੰ ਅਖਤਿਆਰ ਕਰਨਾ ਚਾਹੀਦਾ ਹੈ। ਇਹ ਸਧਾਰਣ ਪੱਛਮ-ਯੂਰਪੀ ਮਾਡਲਾਂ ਦੇ ਦ੍ਰਿਸ਼ਟੀਕੋਣ ਤੋਂ ਸਭ ਠੀਕ ਹੋ ਸਕਦਾ। ਪਰ ਬਹੁਤ ਸਾਰੇ ਦੇਸ ਅੱਜ ਤਬਾਹੀ ਦੇ ਕੰਢੇ ਪੁਜੇ ਹੋਏ ਹਨ ਅਤੇ ਅਸੀਂ ਉਹਨਾ ਅਮਲੀ ਕਦਮਾਂ ਨੂੰ ਸਪੱਸ਼ਟ ਤਰ੍ਹਾਂ ਵੇਖ ਸਕਦੇ ਹਾਂ, ਜਿਹਨਾਂ ਬਾਰੇ ਕਿਹਾ ਜਾਂਦਾ ਹੈ, ਇਹ ਇੰਨੇ ਪੇਚੀਦਾ ਹਨ ਕਿ ਇਹ ਸੌਖਿਆਂ ਨਹੀਂ ਪੁੱਟੇ ਜਾ ਸਕਦੇ, ਅਤੇ ਜਿਹਨਾ ਲਈ ਪਹਿਲਾ ਬੁਲਾਰੇ, ਡਾਕ ਤੇ ਤਾਰ ਦੇ ਮੰਤਰੀ, ਅਨੁਸਾਰ ਵਿਸੇਸ ਵਿਸਥਾਰ ਦੀ ਲੋੜ ਹੈ। ਉਹਨੇ ਆਖਿਆ ਹੈ ਕਿ ਰੂਸ ਵਿੱਚ ਅਜਿਹੀ ਕੋਈ ਰਾਜਸੀ ਪਾਰਟੀ ਨਹੀਂ ਹੈ, ਜੋ ਪੂਰੀ ਸੱਤਾ ਸੰਭਾਲਣ ਲਈ ਤਿਆਰ ਹੋਵੇ। ਮੇਰਾ ਉੱਤਰ ਹੈ : "ਹਾਂ, ਅਜਿਹੀ ਪਾਰਟੀ ਹੈ। ਕੋਈ ਪਾਰਟੀ ਇਸ ਤੋਂ ਇਨਕਾਰ ਨਹੀਂ ਕਰ ਸਕਦੀ ਅਤੇ ਸਾਡੀ ਪਾਰਟੀ ਤਾਂ ਨਿਸਚਿਤ ਤੌਰ ਤੇ ਇਨਕਾਰ ਨਹੀਂ ਕਰ ਸਕਦੀ। ਇਹ ਕਿਸੇ ਪਲ ਪੂਰਨ ਸੱਤਾ ਸੰਭਾਲਣ ਨੂੰ ਤਿਆਰ ਹੈ" (ਤਾੜੀਆਂ ਤੇ ਹਾਸਾ) ਤੁਸੀਂ ਜਿੰਨਾ ਚਾਹੋ, ਹੱਸ ਸਕਦੇ ਹੋ ਪਰ ਜੇ ਮੰਤਰੀ ਸੱਜੇ ਦੀ ਪਾਰਟੀ ਦੇ ਨਾਲ ਨਾਲ ਇਹ ਸੁਆਲ ਸਾਡੇ ਸਾਹਮਣੇ ਰਖਦਾ ਹੈ, ਤਾਂ ਉਹਨੂੰ ਢੁਕਵਾਂ ਉੱਤਰ ਮਿਲੇਗਾ, ਕੋਈ ਪਾਰਟੀ ਇਸ ਤੋਂ ਇਨਕਾਰੀ ਨਹੀਂ ਹੋ ਸਕਦੀ। ਅਤੇ ਉਸ ਸਮੇਂ ਜਦੋਂ ਆਜ਼ਾਦੀ ਅਜੇ ਕਾਇਮ ਹੈ, ਜਦੋਂ ਗਿਰਫਤਾਰੀ ਅਤੇ ਸਾਇਬੇਰੀਆ ਵਿਚ ਜਲਾਵਤਨੀ ਦੀਆਂ ਧਮਕੀਆਂ—ਉਲਟ-ਇਨਕਲਾਬੀਆਂ ਦੀਆਂ ਧਮਕੀਆਂ ਜਿਹਨਾ ਨਾਲ ਲਗਪਗ ਸਾਡੇ ਸੋਸ਼ਲਿਸਟ ਮੰਤਰੀ ਹਕੂਮਤ ਵਿੱਚ ਭਿਆਲ ਹਨ—ਅਜੇ ਧਮਕੀਆਂ ਤੋਂ ਵਧੇਰੇ ਕੁਝ ਨਹੀਂ। ਹਰ ਪਾਰਟੀ ਆਖਦੀ ਹੈ; ਸਾਨੂੰ ਆਪਣਾ ਵਿਸਵਾਸ ਦੇ ਦੇਵੋ ਅਤੇ ਅਸੀਂ ਤੁਹਾਨੂੰ ਆਪਣਾ ਪਰੋਗਰਮ ਦੇਵਾਂਗੇ।

ਇਹ ਪ੍ਰੋਗਰਾਮ ਸਾਨੂੰ ਸਾਡੀ 29 ਅਪਰੈਲ ਵਾਲੀ ਕਾਨਫਰੰਸ ਨੇ ਦਿੱਤਾ ਸੀ। ਮੰਦੇ ਭਾਗਾਂ ਨੂੰ, ਇਸ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਰਾਹਨੁਮਾ ਵਜੋਂ ਨਹੀਂ ਲਿਆ ਜਾ ਰਿਹਾ। ਜਾਪਦਾ ਹੈ ਇਹਨੂੰ ਲੋਕ-ਪ੍ਰਿਅ ਵਿਆਖਿਆ ਦੀ ਲੋੜ ਹੈ। ਮੈਂ ਡਾਕ ਤੇ ਤਾਰ ਦੇ ਮੰਤਰੀ ਨੂੰ ਸਾਡੇ ਮਤੇ ਅਤੇ ਸਾਡੇ ਪ੍ਰੋਗਰਾਮ ਦੀ ਲੋਕ-ਪ੍ਰਿਅ ਵਿਆਖਿਆ ਦੇਣ ਦਾ ਯਤਨ ਕਰਾਂਗਾ। ਆਰਥਕ ਸੰਕਟ ਦੇ ਸਬੰਧ ਵਿਚ ਸਾਡਾ ਪ੍ਰੋਗਰਾਮ ਤਤਕਾਲੀ ਤੌਰ ਉਤੇ—ਇਹਨੂੰ ਅਗੇ ਪਾਉਣ ਦੀ ਲੋੜ ਨਹੀਂ—ਸਭਨਾ ਓੜਕਾਂ ਦੇ ਮੁਨਾਫਿਆਂ ਦੇ—ਜਿਹੜੇ 500 ਤੇ 800 ਫੀ ਸਦੀ ਤਕ ਪੁਜਦੇ ਹਨ—ਪ੍ਰਕਾਸ਼ਨ ਦੀ ਮੰਗ ਕਰਨਾ ਹੈ, ਜੋ ਪੂੰਜੀਪਤੀ ਜੰਗੀ ਮਾਲ ਦੀ ਸਪਲਾਈ ਤੋਂ ਕਮਾ ਰਹੇ ਹਨ, ਅਤੇ "ਖਾਲਸ" ਪੂੰਜੀਵਾਦ ਹੇਠ ਖੁਲ੍ਹੀ ਮੰਡੀ ਵਿਚ ਪੂੰਜੀਪਤੀਆਂ ਵਜੋਂ ਨਹੀਂ। ਇਹੋ ਹੈ ਜਿਥੇ ਮਜ਼ਦੂਰਾਂ ਦਾ ਕੰਟਰੋਲ ਅਸਲੋਂ ਹੀ ਜ਼ਰੂਰੀ ਤੇ ਸੰਭਵ ਹੈ। ਇਹ ਉਹ ਕਦਮ ਹੈ ਜੋ, ਜੇ ਤੁਸੀਂ ਆਪਣੇ ਆਪ ਨੂੰ "ਇਨਕਲਾਬੀ" ਜਮਹੂਰੀਅਤ-ਪਸੰਦ ਸੱਦਦੇ ਹੋ, ਤੁਹਾਨੂੰ ਕਾਂਗਰਸ ਦੇ ਨਾਂ ਉਤੇ ਸਿਰੇ ਚਾੜ੍ਹਨਾ ਚਾਹੀਦਾ ਹੈ, ਕਦਮ ਜਿਹੜਾ ਰਾਤੋ-ਰਾਤ ਪੁੱਟਿਆ ਜਾ ਸਕਦਾ ਹੈ।

ਇਹ ਸੋਸ਼ਲਿਜ਼ਮ ਨਹੀਂ। ਇਹ ਅਸਲੀ ਅਰਾਜਕਤਾ ਸਾਮਰਾਜ ਨਾਲ, ਲੋਕਾਂ ਦੀ ਸੰਪਤੀ ਨਾਲ ਲਖੂ-ਖਾ ਜਿੰਦਾਂ ਨਾਲ ਖੇਡਣ ਜਿਹੜੀਆਂ ਭਲਕੇ ਮੁਕ ਜਾਣਗੀਆਂ ਕਿਉਂ ਜੋ ਅਸੀਂ ਯੂਨਾਨ ਦੀ ਸੰਘੀ ਨੱਪਣਾ ਜਾਰੀ ਰਖ ਰਹੇ ਹਾਂ, ਦੇ ਸੰਬਧ ਵਿਚ ਲੋਕਾਂ ਦੀਆਂ ਅੱਖਾਂ ਖੋਹਲ ਰਿਹਾ ਹੈ। ਪੂੰਜੀਪਤੀਆ ਦੇ ਮੁਨਾਫਿਆਂ ਬਾਰੇ ਆਮ ਲੋਕਾ ਨੂੰ ਦੱਸੋ, ਪੰਜਾਹ ਜਾਂ ਸੋ ਸੱਭ ਤੋਂ ਵੱਡੇ ਕਰੋੜਪਤੀਆਂ ਨੂੰ ਗ੍ਰਿਫਤਾਰ ਕਰ ਲਵੋ। ਉਹਨਾਂ ਨੂੰ ਬੱਸ ਕੁਝ ਹਫਤਿਆਂ ਲਈ ਹਿਰਾਸਤ ਵਿਚ ਰਖੋ, ਭਾਵੇਂ ਵਿਸ਼ੇਸ਼ ਅਧਿਕ੍ਰਿਤ ਹਾਲਤਾਂ ਵਿਚ ਹੀ ਜਿਹਨਾਂ ਵਿਚ ਨਿਕੋਲਸ ਰੋਮਾਨੋਵ ਨੂੰ ਰਖਿਆ ਜਾ ਰਿਹਾ ਹੈ। ਇਸੇ ਸਰਲ ਜਿਹੇ ਮੰਤਵ ਲਈ ਕਿ ਉਹ ਉਹਨਾਂ ਛੁਪੇ ਹੋਏ ਸਰੋਤਾਂ ਧੋਖੇ ਤੇ ਛਲ-ਕਪਟ ਭਰੇ ਢੰਗਾਂ, ਗੰਦ ਤੇ ਲਾਲਚ ਨੂੰ ਦਰਸਾਉਣ ਜੋ ਨਵੀਂ ਹਕੂਮਤ ਦੇ ਅਧੀਨ ਵੀ ਸਾਡੇ ਦੇਸ਼ ਨੂੰ ਹਰ ਰੋਜ਼ ਕਰੋੜਾਂ ਦੀ ਹਾਨੀ ਪੁਚਾ ਰਹੇ ਹਨ। ਇਹੋ ਅਰਾਜਕਤਾ ਤੇ ਤਬਾਹੀ ਦਾ ਮੁੱਖ ਕਾਰਨ ਹੈ। ਇਸੇ ਕਾਰਨ ਹੀ ਅਸੀਂ ਆਖਦੇ ਹਾਂ ਕਿ ਸੱਭ ਕੁਝ ਪਹਿਲਾ ਵਾਲਾ ਹੀ ਹੈ। ਕੀ ਕੁਲੀਸ਼ਨ ਸਰਕਾਰ ਨੇ ਕੁਝ ਵੀ ਤਬਦੀਲ ਨਹੀਂ ਕੀਤਾ ਅਤੇ ਸਿਰਫ ਐਲਾਨਾਂ ਦਾ ਲੱਛੇਦਾਰ ਬਿਆਨਾ ਦਾ ਢੇਰ ਜੋੜ ਦਿਤਾ ਹੈ। ਲੋਕ ਭਾਵੇਂ ਕਿਤੇ ਹੀ ਖਰੇ ਕਿਉਂ ਨਾ ਹੋਣ, ਹਾਲਤਾਂ ਨਹੀਂ ਬਦਲਦੀਆ,— **ਉਸੇ ਜਮਾਤ ਦੇ ਹੱਥ** ਸੱਤਾ ਹੈ। ਉਹ ਜੋ ਨੀਤੀ ਚਲਾ ਰਹੇ ਹਨ ਉਹ ਜਮਹੂਰੀ ਨੀਤੀ ਨਹੀਂ ਹੈ।

ਤੁਸੀਂ ਸਾਫ਼ ਨਾਲ "ਕੇਂਦਰੀ ਅਤੇ ਸਥਾਨਕ ਸੱਤਾ ਦੇ ਜਮਹੂਰੀਕਰਣ" ਦੀ ਗੱਲ ਕਰਦੇ ਹੋ। ਕੀ ਤੁਸੀਂ ਨਹੀਂ ਜਾਣਦੇ ਕਿ ਇਹ ਸ਼ਬਦ ਸਿਰਫ ਰੂਸ ਵਿਚ ਹੀ ਨਵੀਂ ਚੀਜ਼ ਹਨ, ਅਤੇ ਕਿ ਹੋਰਨੀ ਥਾਈਂ ਦਰਜਨਾ ਹੀ ਲਗਪਗ ਸੋਸਲਿਸਟ ਮੰਤਰੀਆ ਨੇ ਆਪਣੇ ਦੇਸ਼ਾ ਨਾਲ ਇਸੇ ਤਰ੍ਹਾ ਦੇ ਵਾਅਦੇ ਕੀਤੇ ਹਨ? ਇਹਨਾ ਦਾ ਮੁੱਲ ਹੀ ਕੀ ਹੈ ਜਦੋਂ ਸਾਨੂੰ ਇਸ ਅਸਲੀ, ਠੋਸ ਤੱਥ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਜਦੋਂ ਵਸੋਂ ਸਥਾਨਕ ਤੋਰ ਉਤੇ ਅਧਿਕਾਰੀਆ ਨੂੰ ਚੁਣਦੀ ਹੈ, ਕੇਂਦਰ ਵਲੋਂ ਜਿਹੜਾ ਇਹ ਦਾਅਵਾ ਕਰਦਾ ਹੈ ਕਿ ਉਸ ਨੂੰ ਸਥਾਨਕ ਅਧਿਕਾਰੀ ਨੀਯਤ ਕਰਨ ਦਾ ਤੇ ਉਹਨਾਂ ਦੀ ਪੁਸਟੀ ਕਰਨ ਦਾ ਹੱਕ ਹਾਸਲ ਹੈ, ਜਮਹੂਰੀਅਤ ਦੇ ਮੁੱਢਲੇ ਅਸੂਲਾਂ ਦੀ ਉਲੰਘਣਾ ਹੁੰਦੀ ਹੈ? ਪੂੰਜੀਪਤੀ ਲੋਕ-ਸੰਪਤੀ ਨੂੰ ਲੁੱਟਣਾ ਜਾਰੀ ਰਖ ਰਹੇ ਹਨ। ਸਾਮਰਾਜੀ ਜੰਗ ਜਾਰੀ ਹੈ। ਅਤੇ ਫਿਰ ਵੀ ਸਾਡੇ ਨਾਲ ਸੁਧਾਰਾਂ, ਸੁਧਾਰਾਂ ਅਤੇ ਹੋਰ ਸੁਧਾਰਾਂ ਦੇ ਵਾਅਦੇ ਕੀਤੇ ਜਾਂਦੇ ਹਨ, ਜੋ ਇਹਨਾਂ ਹਲਾਤਾਂ ਵਿਚ ਬਿਲਕੁਲ ਹੀ ਪੂਰੇ ਨਹੀਂ ਕੀਤੇ ਜਾ ਸਕਦੇ ਕਿਉਂ ਜੋ ਜੰਗ ਸਭ ਕਾਸੇ ਨੂੰ ਕੁਚਲਦੀ ਤੇ ਮਿਥਦੀ ਹੈ। ਤੁਸੀਂ ਭਲਾ ਉਹਨਾਂ ਨਾਲ ਅਸਹਿਮਤ ਕਿਉਂ ਹੋ ਜਿਹੜੇ ਆਖਦੇ ਹਨ ਕਿ ਜੰਗ ਪੂੰਜੀਵਾਦੀ ਮੁਨਾਫਿਆਂ ਲਈ ਨਹੀਂ ਲੜੀ ਜਾ ਰਹੀ? ਕਸੌਟੀ ਕੀ ਹੈ? ਇਹ ਸੱਭ ਤੋਂ ਪਹਿਲਾਂ ਇਹ ਹੈ ਕਿ ਸੱਤਾ ਕਿਹੜੀ ਜਮਾਤ ਦੇ ਹੱਥ ਹੈ, ਕਿਹੜੀ ਜਮਾਤ ਅਜੇ ਵੀ ਮਾਲਕ ਹੈ, ਕਿਹੜੀ ਜਮਾਤ ਬੈਂਕਿੰਗ ਅਤੇ ਵਿੱਤੀ ਕਾਰਜਾਂ ਤੋਂ ਕਰੋੜਾਂ ਕਮਾ ਰਹੀ ਹੈ? ਇਹੋ ਉਹ ਪੂੰਜੀਪਤੀ ਜਮਾਤ ਹੈ ਅਤੇ ਇਸੇ ਲਈ ਜੰਗ ਹੁਣ ਵੀ ਸਾਮਰਾਜੀ ਜੰਗ ਹੈ। ਨਾ ਹੀ ਪਹਿਲੀ ਆਰਜ਼ੀ ਹਕੂਮਤ ਨੇ ਨਾ ਹੀ ਲਗਪਗ ਸੋਸ਼ਲਿਸਟ ਮੰਤਰੀਆਂ ਵਾਲੀ ਹਕੂਮਤ ਨੇ ਕੁਝ ਤਬਦੀਲ ਕੀਤਾ ਹੈ। ਗੁਪਤ ਸੰਧੀਆਂ ਅਜੇ ਵੀ ਗੁਪਤ ਹਨ। ਰੂਸ ਖਾਕਨਾਏ ਲਈ ਲੜ ਰਿਹਾ ਹੈ, ਫਰਾਂਸ ਵਿੱਚ ਲਿਆਖੋਵ ਦੀ ਨੀਤੀ ਜਾਰੀ ਰਖੱਣ ਆਦਿ ਲਈ ਲੜ ਰਿਹਾ ਹੈ।

ਮੈਂ ਜਾਣਦਾ ਹਾਂ ਤੁਸੀਂ ਇਹ ਗੱਲ ਨਹੀਂ ਚਾਹੁੰਦੇ ਕਿ ਤੁਹਾਡੇ ਵਿਚੋਂ ਬਹੁਤੇ ਅਜਿਹਾ ਨਹੀਂ ਚਾਹੁੰਦੇ ਅਤੇ ਕਿ ਮੰਤਰੀ ਅਜਿਹਾ ਨਹੀਂ ਚਾਹੁੰਦੇ, ਕਿਉਂ ਜੋ ਕੋਈ ਵੀ ਇਹ ਨਹੀਂ ਚਾਹ ਸਕਦਾ, ਕਿਉਂ ਜੋ ਇਹਦੇ ਅਰਥ ਹਨ ਕਰੋੜਾਂ ਲੋਕਾਂ ਦਾ ਕਤਲੇ-ਆਮ। ਪਰ ਉਸ ਹਮਲੇ ਨੂੰ ਵੀ ਲਵੋ

ਜਿਸ ਬਾਰੇ ਹੁਣ ਮਿਲਿਯੂਕੋਵ ਤੇ ਮਾਕਲਾਕੋਵ ਏਨੀਆਂ ਗੱਲਾਂ ਕਰ ਰਹੇ ਹਨ। ਉਹ ਪੂਰੀ ਤਰ੍ਹਾਂ ਜਾਣਦੇ ਹਨ ਕਿ ਇਹਦੇ ਅਰਥ ਕੀ ਹਨ। ਉਹ ਜਾਣਦੇ ਹਨ ਕਿ ਇਹ ਸੱਤਾ ਦੇ ਸੁਆਲ ਨਾਲ, ਇਨਕਲਾਬ ਦੇ ਸਵਾਲ ਨਾਲ ਜੁੜਿਆ ਹੋਇਆ ਹੈ। ਸਾਨੂੰ ਦਸਿਆ ਜਾਂਦਾ ਹੈ ਕਿ ਸਾਨੂੰ ਰਾਜਸੀ ਤੇ ਸਟਰੈਟੇਜਿਕ ਸਵਾਲਾਂ ਵਿਚਕਾਰ ਫਰਕ ਕਰਨਾ ਚਾਹੀਦਾ ਹੈ। ਇਸ ਸਵਾਲ ਨੂੰ ਤਾਂ ਉਠਾਉਣਾ ਹੀ ਬੇਥਵ੍ਹੀ ਗੱਲ ਹੈ। ਕੇਡਿਟ ਪੂਰੀ ਤਰ੍ਹਾਂ ਸਮਝਦੇ ਹਨ ਕਿ ਵਾਦ-ਵਿਸ਼ਾ ਰਾਜਸੀ ਹੈ।

ਇਹ ਕਹਿਣਾ ਊਜ ਲਾਉਣਾ ਹੈ ਕਿ ਅਮਲ ਲਈ ਇਨਕਲਾਬੀ ਘੋਲ, ਜਿਹੜਾ ਹੇਠੋਂ ਸ਼ੁਰੂ ਹੋਇਆ ਹੈ, ਦਾ ਸਿੱਟਾ ਯੁੱਧਬੰਦੀ ਦੀ ਅਲਹਿਦਾ ਸੰਧੀ ਵਿਚ ਨਿਕਲ ਸਕਦਾ ਹੈ। ਜੇ ਸਾਡੇ ਹੱਥ ਸੱਤਾ ਆ ਗਈ ਤਾਂ ਸਾਡਾ ਸਭ ਤੋਂ ਪਹਿਲਾਂ ਕਦਮ ਸਭ ਤੋਂ ਵੱਡੇ ਪੂੰਜੀਪਤੀਆਂ ਨੂੰ ਗ੍ਰਿਫਤਾਰ ਕਰਨਾ ਅਤੇ ਉਹਨਾਂ ਦੀਆਂ ਸਾਜ਼ਸ਼ਾਂ ਦੇ ਸਭਨਾਂ ਧਾਗਿਆਂ ਨੂੰ ਕੱਟਣਾ ਹੋਵੇਗਾ। ਇਸ ਤੋਂ ਬਿਨਾਂ, ਇਲਹਾਕਾਂ ਅਤੇ ਤਾਵਾਨਾਂ ਤੋਂ ਰਹਿਤ ਯੁੱਧਬੰਦੀ ਦੀਆਂ ਸਭ ਗੱਲਾਂ ਪੂਰੀ ਤਰ੍ਹਾਂ ਬੇ-ਅਰਥ ਹਨ। ਸਾਡਾ ਦੂਜਾ ਕਦਮ ਸਭਨਾਂ ਲੋਕਾਂ ਸਾਹਮਣੇ, ਉਹਨਾਂ ਦੀਆਂ ਹਕੂਮਤਾਂ ਦੇ ਸਿਰ ਉਤੋਂ ਦੀ, ਇਹ ਐਲਾਨ ਕਰਨਾ ਹੋਵੇਗਾ ਕਿ ਅਸੀਂ ਪੂੰਜੀਪਤੀਆਂ ਨੂੰ ਡਾਕੂ ਸਮਝਦੇ ਹਾਂ—ਤੇਰੇਸ਼ਚੇਨਕੋ, ਜਿਹੜਾ ਮਿਲਿਯੂਕੋਵ ਨਾਲੋਂ ਰਤਾ ਜਿੰਨਾ ਵੀ ਚੰਗੇਰਾ ਨਹੀਂ, ਬੱਸ ਥੋੜ੍ਹਾ ਘੱਟ ਮੂੜ੍ਹ ਜ਼ਰੂਰ ਹੈ, ਫਰਾਂਸੀਸੀ ਪੂੰਜੀਪਤੀ, ਅੰਗਰੇਜ਼ ਪੂੰਜੀਪਤੀ ਆਦਿ।

ਤੁਹਾਡਾ ਆਪਣਾ **ਇਜ਼ਵੇਸਤੀਆ** ਮੁਸਕਲ ਵਿੱਚ ਫਸ ਗਿਆ ਹੈ ਅਤੇ ਇਲਹਾਕਾਂ ਅਤੇ ਤਾਵਾਨਾਂ ਤੋਂ ਬਿਨਾਂ ਯੁੱਧਬੰਦੀ ਦੀ ਥਾਂ ਜਿਉਂ ਦੀ ਤਿਉਂ ਹਾਲਤ ਨੂੰ ਕਾਇਮ ਰਖਣ ਦੀ ਤਜਵੀਜ਼ ਪੇਸ਼ ਕਰਦਾ ਹੈ। "ਇਲਹਾਕਾਂ" ਤੋਂ ਬਿਨਾ ਯੁੱਧਬੰਦੀ ਬਾਰੇ ਸਾਡੀ ਵਿਚਾਰ ਹੋਰ ਹੈ। ਇਥੋਂ ਤਕ ਕਿ ਕਿਸਾਨ ਕਾਂਗਰਸ ਵੀ ਸੱਚ ਦੇ ਵਧੇਰੇ ਨੇੜੇ ਆਉਂਦੀ ਹੈ ਜਦੋਂ ਉਹ "ਫੈਡਰਲ" ਗਣਰਾਜ ਦੀ ਗੱਲ ਕਰਦੀ ਹੈ। ਇਸ ਤਰ੍ਹਾਂ ਇਹ ਵਿਚਾਰ ਪ੍ਰਗਟਾਉਂਦੀ ਹੈ ਕਿ ਰੂਸੀ ਕਿਸੇ ਕੌਮ ਉਤੇ ਜ਼ੁਲਮ ਕਰਨਾ ਨਹੀਂ ਚਾਹੁੰਦਾ, ਨਾ ਹੀ ਨਵੀਂ ਤਰ੍ਹਾਂ ਤੇ ਨਾ ਹੀ ਪੁਰਾਣੀ ਤਰ੍ਹਾਂ; ਅਤੇ ਨਾ ਹੀ ਕਿਸੇ ਕੌਮ ਨੂੰ, ਫਿਨਲੈਂਡ ਜਾਂ ਯੂਕਰੇਨ ਨੂੰ ਮਜ਼ਬੂਰ ਕਰਨਾ ਚਾਹੁੰਦਾ ਹੈ। ਦੋਹਾਂ ਨੂੰ ਜਿਹਨਾਂ ਵਿਚ ਯੁੱਧ ਮੰਤਰੀ ਨੁਕਸ ਕੱਢਣ ਦਾ ਯਤਨ ਕਰ ਰਿਹਾ ਹੈ ਜਿਹਨਾਂ ਨਾਲ ਅਣਉਚਿਤ ਅਤੇ ਅਸਹਿ ਝਗੜੇ ਪੈਦਾ ਕੀਤੇ ਜਾ ਰਹੇ ਹਨ, ਅਸੀਂ ਮਜ਼ਬੂਤ ਹਕੂਮਤ ਵਾਲਾ ਰੂਸ ਦਾ ਇਕੋ-ਇਕ ਅਤੇ ਵੰਡਿਆ ਨਾ ਹੋਇਆ ਗਣਰਾਜ ਚਾਹੁੰਦੇ ਹਾਂ, ਪਰ ਮਜ਼ਬੂਤ ਹਕੂਮਤ ਦੀ ਪਰਾਪਤੀ ਸਭਨਾਂ ਸੰਬੰਧਤ ਲੋਕਾਂ ਦੀ ਸਵੈ-ਇੱਛਤ ਸਹਿਮਤੀ ਨਾਲ ਹੀ ਹੋ ਸਕਦੀ ਹੈ। "ਇਨਕਲਾਬੀ ਜਮਹੂਰੀਅਤ" ਵੱਡੇ ਸ਼ਬਦ ਹਨ ਪਰ ਇਹ ਉਸ ਹਕੂਮਤ ਉਪਰ ਲਾਗੂ ਕੀਤੇ ਜਾ ਰਹੇ ਹਨ ਜਿਹੜੀ ਆਪਣੀ ਤੁੱਛ ਨੁਕਸਬੀਨੀ ਨਾਲ ਯੂਕਰੇਨ ਅਤੇ ਫਿਨਲੈਂਡ ਦੇ ਮਸਲੇ ਨੂੰ ਉਲਝਾ ਰਹੀ ਹੈ, ਜਿਹੜੇ ਅਲਹਿਦਾ ਤੱਕ ਹੋਣਾ ਨਹੀਂ ਚਾਹੁੰਦੇ। "ਸੰਵਿਧਾਨ ਸਭਾ ਦੇ ਸਾਮਰਾਜ ਤੱਕ ਜਮਹੂਰੀਅਤ ਦੇ ਮੁੱਢਲੇ ਅਸੂਲਾਂ ਨੂੰ ਲਾਗੂ ਕਰਨਾ ਮੁਲਤਵੀ ਨਾ ਕਰੋ।"

ਇਲਹਾਕਾਂ ਅਤੇ ਤਾਵਾਨਾਂ ਤੋਂ ਪਹਿਲਾਂ ਯੁੱਧਬੰਦੀ ਦੀ ਸੰਧੀ ਨਹੀਂ ਕੀਤੀ ਜਾ ਸਕਦੀ ਜਦੋਂ ਤਕ ਕਿ ਰੂਸੀ ਖ਼ੁਦ ਆਪਣੇ ਇਲਹਾਕਾਂ ਨੂੰ ਨਹੀਂ ਤਿਆਗਦੇ। ਇਹ ਬੇਥਵ੍ਹੀ ਗੱਲ ਹੈ, ਕਾਮੇਡੀ ਹੈ, ਯੂਰਪ ਵਿੱਚ ਹਰ ਮਜ਼ਦੂਰ ਸਾਡੇ ਉਪਰ ਇਹ ਕਹਿੰਦਿਆਂ ਹਸ ਰਿਹਾ ਹੈ; "ਰੂਸੀ ਸੋਹਣੇ ਬੋਲ ਬੋਲ ਰਹੇ ਹੈ ਅਤੇ ਲੋਕਾਂ ਨੂੰ ਬੈਂਕਰਾਂ ਦਾ ਤਖਤਾ ਉਲਟਾਉਣ ਲਈ ਕਹਿ ਰਹੇ ਹੋ ਪਰ ਰੂਸੀ ਖ਼ੁਦ ਆਪਣੇ ਬੈਂਕਰਾਂ ਨੂੰ ਮੰਤਰਾਲੇ ਵਿੱਚ ਭੇਜਦੇ ਹੋ। ਉਹਨਾਂ ਨੂੰ ਗ੍ਰਿਫਤਾਰ ਕਰੋ ਉਹਨਾਂ ਦੀਆਂ ਚਲਾਕੀਆਂ ਦਾ ਪਾਜ ਉਘਾੜੋ, ਲੁਕੇ ਹੋਏ ਸਬੰਧਾਂ ਨੂੰ ਜਾਣੋ। ਪਰ ਰੂਸੀ ਇਹ ਨਹੀਂ ਕਰਦੇ, ਭਾਵੇਂ

ਤੁਹਾਡੇ ਕੋਲ ਸ਼ਕਤੀਸ਼ਾਲੀ ਜਥੇਬੰਦੀਆਂ ਹਨ ਜਿਹਨਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਤੁਸੀਂ 1905 ਅਤੇ 1917 ਥੀਂ ਲੰਘੇ ਹੋ। ਤੁਸੀਂ ਜਾਣਦੇ ਹੋ ਕਿ ਇਨਕਲਾਬ ਹੁਕਮ ਦੇ ਕੇ ਨਹੀਂ ਕਰਵਾਇਆ ਜਾ ਸਕਦਾ, ਕਿ ਦੂਜੇ ਦੇਸ਼ਾਂ ਵਿੱਚ ਇਨਕਲਾਬ ਬਗਾਵਤ ਦੇ ਸਖਤ ਤੇ ਖੂਨੀ ਢੰਗ ਨਾਲ ਕੀਤੇ ਗਏ ਸਨ, ਅਤੇ ਰੂਸ ਵਿੱਚ ਕੋਈ ਗਰੁੱਪ ਨਹੀਂ ਕੋਈ ਜਮਾਤ ਨਹੀਂ ਜੋ ਸੋਵੀਅਤਾਂ ਦੀ ਸੱਤਾ ਦਾ ਮੁਕਾਬਲਾ ਕਰੇ। ਰੂਸ ਵਿਚ ਇਹ ਇਨਕਲਾਬ, ਛੋਟ ਵਜੋਂ ਅਮਨ-ਪਸੰਦ ਹੋ ਸਕਦਾ ਹੈ। ਜੇ ਇਨਕਲਾਬ ਨੇ ਸਭਨਾਂ ਪੂੰਜੀਵਾਦੀ ਜਮਾਤਾਂ ਨਾਲੋਂ ਟੁੱਟ ਕੇ, ਅੱਜ ਜਾਂ ਭਲਕੇ; ਸਭਨਾਂ ਕੌਮਾਂ ਸਾਹਮਣੇ ਯੁੱਧਬੰਦੀ ਦੀ ਤਜਵੀਜ਼ ਰੱਖਣੀ ਹੈ ਤਾਂ ਫਰਾਂਸ ਤੇ ਜਰਮਨੀ, ਦੋਵੇਂ, ਉਹਨਾਂ ਦੇ ਲੋਕ ਬਹੁਤ ਛੇਤੀ ਪ੍ਰਵਾਨ ਕਰ ਲੈਣਗੇ ਕਿਉਂ ਜੋ ਜਰਮਨੀ ਦੀ ਹਾਲਤ ਨਿਰਾਸ਼ਾ-ਜਨਕ ਹੈ, ਕਿਉਂ ਜੋ ਉਹ ਆਪਣੇ ਆਪ ਨੂੰ ਬਚਾ ਨਹੀਂ ਸਕਦੀ ਅਤੇ ਕਿਉਂ ਜੋ ਫਰਾਂਸ— **(ਚੇਅਰਮੈਨ** : "ਤੁਹਾਡਾ ਸਮਾਂ ਪੂਰਾਂ ਹੋ ਗਿਆ ਹੈ")

ਮੈਂ ਅੱਧੇ ਮਿੰਟ ਵਿਚ ਮੁਕਾ ਦਿਆਂਗਾ (**ਹਲਚਲ, ਦਰਸ਼ਕਾਂ ਵਲੋਂ ਬੇਨਤੀਆਂ ਕਿ ਬੁਲਾਰਾ ਤਕਰੀਰ ਜਾਰੀ ਰਖੇ; ਪ੍ਰੋਟੈਸਟ ਤੇ ਤਾੜੀਆਂ**) (**ਚੇਅਰਮੈਨ** : "ਮੈਂ ਕਾਂਗਰਸ ਨੂੰ ਸੂਚਨਾ ਦਿੰਦਾ ਹਾਂ ਕਿ ਸਟੀਅਰਿੰਗ ਕਮੇਟੀ ਤਜਵੀਜ਼ ਕਰਦੀ ਹੈ ਕਿ ਬੁਲਾਰੇ ਨੂੰ ਹੋਰ ਵਕਤ ਦਿੱਤਾ ਜਾਵੇ। ਕੋਈ ਇਤਰਾਜ਼ ? ਬਹੁ-ਗਿਣਤੀ ਸਮਾਂ ਵਧਾਉਣ ਦੇ ਹੱਕ ਵਿੱਚ ਹੈ।")

ਮੈਂ ਇਸ ਨੁਕਤੇ ਉਤੇ ਰੁਕਿਆ ਸਾਂ ਕਿ ਜੇ ਰੂਸ ਵਿਚ ਇਨਕਲਾਬੀ ਜਮਹੂਰੀਅਤ-ਪਸੰਦ ਕਹਿਣੀ ਵਿਚ ਹੀ ਨਹੀਂ, ਤੱਥ ਰੂਪ ਵਿਚ ਜਮਹੂਰੀਅਤ-ਪਸੰਦ ਹੁੰਦੇ ਤਾਂ ਉਹ ਇਨਕਲਾਬ ਨੂੰ ਅੱਗੇ ਖੜਦੇ, ਅਤੇ ਪੂੰਜੀਪਤੀਆਂ ਨਾਲ ਸਮਝੌਤਾ ਨਾ ਕਰਦੇ, ਇਲਹਾਕਾਂ ਅਤੇ ਤਵਾਨਾਂ ਤੋਂ ਬਿਨਾਂ ਯੁੱਧਬੰਦੀ ਦੀਆਂ ਗੱਲਾਂ ਨਾ ਕਰਦੇ, ਸਗੋਂ ਰੂਸ ਵਲੋਂ ਇਲਹਾਕਾਂ ਨੂੰ ਖਤਮ ਕਰ ਦੇਂਦੇ, ਅਤੇ ਉਹ ਸਪਸ਼ਟ ਤਰ੍ਹਾਂ ਐਲਾਨ ਕਰਦੇ ਕਿ ਉਹ ਸਭ ਇਲਹਾਕਾਂ ਨੂੰ ਜ਼ੁਰਮੀ ਅਤੇ ਧਾੜਵੀ ਸਮਝਦੇ ਹਨ। ਉਦੋਂ ਸਾਮਰਾਜੀ ਹਮਲੇ ਨੂੰ ਟਾਲਣਾ ਸੰਭਵ ਹੋਣਾ ਸੀ ਜਿਹੜਾ ਫਰਾਂਸ ਅਤੇ ਬਲਕਾਨ ਦੀ ਵੰਡ ਦੇ ਸਵਾਲ ਉਤੇ ਲਖ-ਖਾ ਲੋਕਾਂ ਦੀ ਮੌਤ ਦਾ ਖਤਰਾ ਪੈਦਾ ਕਰ ਰਿਹਾ ਹੈ। ਉਦੋਂ ਯੁੱਧਬੰਦੀ ਦਾ ਰਾਹ ਖੁਲ੍ਹਾ ਹੋਣਾ ਸੀ, ਸੌਖਾ ਨਹੀਂ—ਅਸੀਂ ਨਹੀਂ ਆਖਦੇ ਇਹ ਸੌਖਾ ਹੈ—ਅਤੇ ਅਜਿਹਾ ਹੋਣਾ ਸੀ ਜਿਹੜਾ ਸੱਚਮੁੱਚ ਦੀ ਇਨਕਲਾਬੀ ਜੰਗ ਨੂੰ ਅਸੰਭਵ ਨਹੀਂ ਬਣਾਉਂਦਾ।

ਅਸੀਂ ਇਸ ਸਵਾਲ ਨੂੰ ਉਸ ਤਰ੍ਹਾਂ ਨਹੀਂ ਪੇਸ਼ ਕਰਦੇ ਜਿਵੇਂ ਬਾਜ਼ਾਰੋਵ ਅਜ ਦੇ ਨੋਵਾਇਆ ਜ਼ੀਜ਼ਨ ਵਿਚ ਕਰਦਾ ਹੈ। ਅਸੀਂ ਤਾਂ ਬੱਸ ਇਹ ਆਖਦੇ ਹਾਂ ਕਿ ਰੂਸ ਨੂੰ ਅਜਿਹੀ ਪੁਜ਼ੀਸ਼ਨ ਵਿਚ ਰੱਖਿਆ ਗਿਆ ਹੈ ਕਿ ਸਾਮਰਾਜੀ ਜੰਗ ਦੇ ਅੰਤ ਉਤੇ ਕਾਰਜ ਆਸੋਂ ਸੌਖੇਰੇ ਹਨ। ਅਤੇ ਉਹਦੀ ਭੂਗੋਲਕ ਸਥਿਤੀ ਅਜਿਹੀ ਹੈ ਕਿ ਹਰ ਉਸ ਤਾਕਤ ਦਾ ਕਰਨ-ਗੋਚਰਾ ਕੰਮ ਬਹੁਤ ਮੁਸ਼ਕਲ ਹੋਵੇਗਾ, ਜੋ ਇਹ ਪੂੰਜੀ ਦੀ ਤੇ ਇਹਦੇ ਧਾੜਵੀ ਹਿੱਤਾਂ ਦੀ ਵਰਤੋਂ ਦਾ ਖਤਰਾ ਸਹੇੜੇਗੀ ਅਤੇ ਰੂਸੀ ਮਜ਼ਦੂਰ ਜਮਾਤ ਵਿਰੁਧ ਅਤੇ ਇਹ ਦੇ ਨਾਲ ਜੁੜੇ ਹੋਏ ਅਧ-ਪਰੋਲੇਤਾਰੀਆਂ, ਅਰਥਾਤ ਗ਼ਰੀਬ ਕਿਸਾਨਾਂ ਵਿਰੁਧ ਉਠਣ ਦਾ ਖਤਰਾ ਸਹੇੜੇਗੀ। ਜਰਮਨੀ ਹਾਰ ਦੇ ਕੰਢੇ ਉਤੇ ਖੜਾ ਹੈ ਤੇ ਕਿਉਂ ਜੋ ਅਮਰੀਕਾ ਜੰਗ ਵਿਚ ਸ਼ਾਮਲ ਹੋ ਗਿਆ ਹੈ, ਜਿਹੜਾ ਮੈਕਸੀਕੋ ਨੂੰ ਨਿਗਲ ਜਾਣਾ ਚਾਹੁੰਦਾ ਹੈ ਅਤੇ ਜਿਹੜਾ ਭਲਕੇ ਜਾਂ ਪਰਸੋਂ ਜਾਪਾਨ ਵਿਰੁਧ ਲੜਾਈ ਸ਼ੁਰੂ ਕਰ ਦੇਵੇਗਾ, ਜਰਮਨੀ ਦੀ ਹਾਲਤ ਨਿਰਾਸ਼ਾਜਨਕ ਹੋ ਗਈ ਹੈ ਅਤੇ ਉਹ ਤਬਾਹ ਹੋ ਜਾਵੇਗਾ। ਫਰਾਂਸ ਜਿਹੜਾ ਆਪਣੀ ਭੂਗੋਲਕ ਸਥਿਤੀ ਕਰਕੇ ਹੋਰਨਾਂ ਨਾਲੋਂ ਵਧੇਰੇ ਕਸ਼ਟ ਭੋਗਦਾ ਹੈ ਅਤੇ ਜਿਸ ਦੀ ਖੀਣਤਾ ਦੀ ਹਾਲਤ ਸੀਮਾ ਛੂਹ ਰਹੀ ਹੈ। ਇਸ ਦੇਸ਼ ਨੇ, ਜਿਹੜਾ ਉਨਾ ਭੁੱਖਾ ਨਹੀਂ ਮਰ ਰਿਹਾ ਜਿੰਨਾ ਜਰਮਨੀ,

ਜਰਮਨ ਦੇ ਟਾਕਰੇ ਉਤੇ ਬੇ-ਹੱਦ ਬਹੁਤੇ ਲੋਕ ਮਰਵਾਏ ਹਨ। ਹੁਣ ਜੇ ਪਹਿਲੇ ਕਦਮ ਨੇ ਤੁਸੀਂ ਪੂੰਜੀਪਤੀਆਂ ਦੇ ਮੁਨਾਫਿਆਂ ਉਤੇ ਰੋਕ ਲਾਉਣੀ ਹੈ ਅਤੇ ਕਰੋੜਾਂ ਦੇ ਮੁਨਾਫੇ ਸਮੇਟਣ ਦੀ ਹਰ ਸੰਭਾਵਨਾ ਤੋਂ ਉਹਨਾਂ ਨੂੰ ਵਾਂਝਿਆਂ ਕਰਨਾ ਹੈ, ਜੇ ਤੁਸਾਂ ਸਭਨਾਂ ਕੌਮਾਂ ਸਾਹਮਣੇ ਯੁੱਧਬੰਦੀ ਦੀ ਸੰਧੀ ਤਜਵੀਜ਼ ਕਰਨੀ ਹੈ ਜਿਸ ਦਾ ਰੁਖ ਸਭਨਾਂ ਦੇਸ਼ਾਂ ਦੇ ਪੂੰਜੀਪਤੀਆਂ ਦੇ ਵਿਰੁਧ ਹੋਵੇ ਅਤੇ ਖੁਲ੍ਹਮ-ਖੁਲ੍ਹਾ ਐਲਾਨ ਕਰਨਾ ਹੈ ਕਿ ਤੁਸੀਂ ਜਰਮਨ ਪੂੰਜੀਪਤੀਆਂ ਨਾਲ ਅਤੇ ਉਹਨਾਂ ਨਾਲ ਜਿਹੜੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਉਹਨਾਂ ਨੂੰ ਸ਼ਹਿ ਦੇਂਦੇ ਹਨ, ਅਤੇ ਉਨ੍ਹਾਂ ਨਾਲ ਮਿਲੇ ਹੋਏ ਹਨ, ਕੋਈ ਗੱਲਾਂਬਾਤਾਂ ਸ਼ੁਰੂ ਨਹੀਂ ਕਰੋਗੇ ਅਤੇ ਉਨ੍ਹਾਂ ਨਾਲ ਕੋਈ ਸਬੰਧ ਕਾਇਮ ਨਹੀਂ ਕਰੋਗੇ ਅਤੇ ਕਿ ਤੁਸੀਂ ਫਰਾਂਸਸੀ ਤੇ ਅੰਗਰੇਜ਼ ਪੂੰਜੀਪਤੀਆਂ ਨਾਲ ਗੱਲਬਾਤ ਕਰਨੋਂ ਇਨਕਾਰ ਕਰੋਗੇ ਤਾਂ ਤੁਸੀਂ ਮਜ਼ਦੂਰਾਂ ਦੀਆਂ ਨਜ਼ਰਾਂ ਵਿਚ ਉਹਨਾਂ ਦੀ ਨਿਖੇਧੀ ਕਰਨ ਲਈ ਅਮਲ ਕਰ ਰਹੇ ਹੋਵੋਗੇ। ਤੁਸੀਂ ਇਸ ਨੂੰ ਜਿੱਤ ਨਹੀਂ ਸਮਝੋਗੇ। ਮੈਕਡਾਨਲਡ ਨੂੰ ਪਾਸਪੋਰਟ ਦੇ ਦਿੱਤਾ ਗਿਆ ਹੈ, ਉਸ ਆਦਮੀ ਨੂੰ ਜਿਸ ਪੂੰਜੀਪਤੀਆਂ ਵਿਰੁਧ ਕਦੀ ਇਨਕਲਾਬੀ ਘੋਲ ਨਹੀਂ ਲੜਿਆ ਅਤੇ ਜਿਸ ਨੂੰ ਆਉਣ ਦੀ ਆਗਿਆ ਦਿਤੀ ਜਾ ਰਹੀ ਹੈ, ਕਿਉਂ ਜੋ ਉਹਨੇ ਕਦੇ ਵੀ ਬਰਤਾਨਵੀ ਪੂੰਜੀਪਤੀਆਂ ਵਿਰੁਧ ਇਨਕਲਾਬੀ ਘੋਲ ਦੇ ਵਿਚਾਰ, ਅਸੂਲ, ਅਭਿਆਸ ਜਾਂ ਤਜਰਬੇ ਨੂੰ ਨਹੀਂ ਪ੍ਰਗਟਾਇਆ, ਘੋਲ ਜਿਸ ਲਈ ਸਾਡਾ ਕਾਮਰੇਡ ਮੈਕਲੀਨ ਅਤੇ ਸੈਂਕੜੇ ਹੀ ਹੋਰ ਅੰਗਰੇਜ ਸੋਸ਼ਲਿਸਟ ਕੈਦ ਖ਼ਾਨੇ ਅੰਦਰ ਡੱਕੇ ਹੋਏ ਹਨ। ਅਤੇ ਜਿਹਦੇ ਲਈ ਸਾਡੇ ਕਾਮਰੇਡ ਲਿਬਕਨੇਖਤ ਨੂੰ ਜੇਲ੍ਹ ਵਿਚ ਡਕਿਆ ਗਿਆ ਹੈ, ਕਿਉਂਕਿ ਉਹਨੇ ਕਿਹਾ ਸੀ—"ਜਰਮਨ ਸਿਪਾਹੀਓ ਆਪਣੇ ਕੈਸਰ ਉਤੇ ਗੋਲੀ ਚਲਾਓ।"

ਕੀ ਸਾਮਰਾਜੀ ਪੂੰਜੀਪਤੀਆ ਨੂੰ ਉਸ ਦੰਭੀ ਗੁਲਾਮੀ ਦੇ ਹਵਾਲੇ ਕਰਨਾ ਵਧੇਰੇ ਉਚਿਤ ਨਹੀਂ ਹੋਵੇਗਾ, ਜਿਸ ਨੂੰ ਪ੍ਰਗਟ ਤੌਰ ਉਤੇ ਮੁੜ-ਸਿਰਜੀ ਤੀਜੀ ਡੂਮਾ ਵਿਚ—ਮੈਨੂੰ ਇਤਫਾਕ ਨਾਲ ਨਹੀਂ ਪਤਾ ਇਹ ਤੀਜੀ ਡੂਮਾ ਹੈ ਜਾਂ ਚੌਥੀ—ਆਰਜ਼ੀ ਹਕੂਮਤ ਦੇ ਬਹੁਤੇ ਮੈਂਬਰ ਸਾਡੇ ਲਈ ਹਰ ਰੋਜ਼ ਤਿਆਰੀ ਕਰ ਰਹੇ ਹਨ ਅਤੇ ਸਾਡੇ ਲਈ ਇਕਰਾਰ ਕਰ ਰਹੇ ਹਨ ਅਤੇ ਜਿਸ ਬਾਰੇ ਨਿਆਂ ਦਾ ਮੰਤਰਾਲਾ ਪਹਿਲਾ ਹੀ ਨਵੇਂ ਬਿੱਲਾਂ ਦਾ ਖਰੜਾ ਤਿਆਰ ਕਰ ਰਿਹਾ ਹੈ? ਮੈਕਲੀਨ ਤੇ ਲਿਬਕਨੇਖਤ—ਇਹ ਉਹਨਾਂ ਸੋਸਲਿਸਟਾਂ ਦੇ ਨਾਂ ਹਨ ਜਿਹੜੇ ਸਾਮਰਾਜ ਵਿਰੁਧ ਇਨਕਲਾਬੀ ਘੋਲ ਦੇ ਵਿਚਾਰ ਨੂੰ ਅਸਲ ਰੂਪ ਦੇ ਰਹੇ ਹਨ। ਇਹ ਅਸੀਂ ਸਭਨਾ ਹਕੂਮਤਾਂ ਨੂੰ ਆਖਾਂਗੇ ਜੇ ਕਰ ਅਸੀਂ ਅਮਨ ਲਈ ਲੜਨਾ ਚਾਹੁੰਦੇ ਹਾਂ, ਸਾਨੂੰ ਉਨ੍ਹਾਂ ਦੇ ਲੋਕਾਂ ਸਾਹਮਣੇ ਉਨ੍ਹਾਂ ਦੀ ਨਿਖੇਧੀ ਕਰਨੀ ਚਾਹੀਦੀ ਹੈ। ਫੇਰ ਤੁਸੀਂ ਸਭਨਾਂ ਸਾਮਰਾਜੀ ਹਕੂਮਤਾ ਨੂੰ ਮੁਸ਼ਕਲ ਸਥਿਤੀ ਵਿਚ ਪਾ ਦਿਓਗੇ। ਪਰ ਹੁਣ ਤੁਸਾਂ ਆਪਣਾ 14 ਮਾਰਚ ਵਲ ਅਮਨ-ਮੈਨੀਫੈਸਟੋ ਲੋਕਾਂ ਨੂੰ ਸੰਬੋਧਨ ਕਰ ਕੇ ਅਤੇ ਇਹ ਕਹਿ ਕੇ "ਆਪਣੇ ਜ਼ਾਰਾਂ ਬਾਦਸ਼ਾਹਾਂ ਅਤੇ ਆਪਣੇ ਬੈਂਕਰਾਂ ਦਾ ਤਖਤਾ ਪਲਟਾ ਦਿਓ" ਖੁਦ ਆਪਣੀ ਪੁਜ਼ੀਸ਼ਨ ਉਲਝਾ ਰਹੀ ਹੈ, ਜਦ ਕਿ ਅਸੀਂ ਜਿਹੜੇ ਅਜਿਹੀ ਜਥੇਬੰਦੀ ਦੇ ਮਾਲਕਾਂ ਦਾ, ਜਿਹੜੀ ਗਿਣਤੀ ਤਜਰਬੇ ਅਤੇ ਪਦਾਰਥਕ ਬਲ ਦੇ ਪੱਖੋਂ ਬੇਮਿਸਾਲ ਤੌਰ ਉਤੇ ਅਮੀਰ ਹੈ, ਮਜ਼ਦੂਰਾਂ ਅਤੇ ਸਿਪਾਹੀਆਂ ਦੇ ਡਿਪਟੀਆ ਦੀ ਸੋਵੀਅਤ, ਆਪਣੇ ਬੈਂਕਰਾਂ ਨਾਲ ਬਲਾਕ ਵਿਚ ਸ਼ਾਮਲ ਹੁੰਦੇ ਹਾਂ, ਕੁਲੀਸ਼ਨ ਲਗਪਗ-ਸੋਸ਼ਲਿਸਟ ਹਕੂਮਤ ਬਣਾਉਂਦੇ ਹਾਂ ਅਤੇ ਉਸ ਕਿਸਮ ਦੇ ਸੁਧਾਰਾਂ ਦਾ ਖਰੜਾ ਤਿਆਰ ਕਰਦੇ ਹਾਂ ਜਿਹੜਾ ਯੂਰਪ ਵਿਚ ਦਹਾਕਿਆਂ ਤੋਂ ਤਿਆਰ ਕੀਤਾ ਜਾ ਰਿਹਾ ਹੈ। ਉਥੇ ਯੂਰਪ ਵਿਚ ਲੋਕ ਇਸ ਕਿਸਮ ਦੇ ਅਮਨ-ਸੰਗਰਾਮ ਉਪਰ ਹੱਸਦੇ ਹਨ। ਉਥੇ ਉਹ ਇਸ ਨੂੰ ਉਦੋਂ ਹੀ ਸਮਝ ਸਕਣਗੇ ਜਦੋਂ ਕਿ ਸੋਵੀਅਤਾਂ ਸੱਤਾ ਸੰਭਾਲ ਲੈਣਗੀਆਂ ਅਤੇ

ਇਨਕਲਾਬੀ-ਤਰ੍ਹਾਂ ਕੰਮ ਕਰਨਗੀਆਂ ।

ਇਸ ਵੇਲੇ ਦੁਨੀਆਂ ਵਿਚ ਇਕੋ ਹੀ ਦੇਸ ਪੂੰਜੀਪਤੀਆ ਦੇ ਸਾਹਮਣੇ ਅਤੇ ਖੂਨੀ ਇਨਕਲਾਬ ਤੋਂ ਬਿਨਾਂ ਜਮਾਤੀ ਪੈਮਾਨੇ ਉਤੇ ਸਾਮਰਾਜੀ ਜੰਗ ਨੂੰ ਬੰਦ ਕਰਨ ਲਈ ਕਦਮ ਪੁੱਟ ਸਕਦਾ ਹੈ । ਸਿਰਫ ਇਕੋ ਦੇਸ਼ ਅਜਿਹਾ ਕਰ ਸਕਦਾ ਹੈ ਅਤੇ ਉਹ ਦੇਸ ਹੈ ਰੂਸ, ਅਤੇ ਜਿੰਨਾ ਚਿਰ ਮਜਦੂਰਾਂ ਅਤੇ ਸਿਪਾਹੀਆਂ ਦੇ ਡਿਪਟੀਆਂ ਦੀ ਸੋਵੀਅਤ ਮੌਜੂਦ ਹੈ ਉਨਾ ਚਿਰ ਇਹ ਅਜਿਹਾ ਇਕੋ ਇਕ ਦੇਸ਼ ਰਹੇਗਾ । ਸੋਵੀਅਤ ਸਧਾਰਨ ਕਿਸਮ ਦੀ ਆਰਜੀ ਹਕੂਮਤ ਦੇ ਨਾਲ ਨਾਲ ਮੌਜੂਦ ਨਹੀਂ ਰਹਿ ਸਕਦੀ ਅਤੇ ਇਹ ਉਦੋਂ ਤੱਕ ਇਸੇ ਤਰ੍ਹਾਂ ਰਹੇਗੀ ਜਦੋਂ ਤੱਕ ਕਿ ਹਮਲਾ ਨਹੀਂ ਕੀਤਾ ਜਾਂਦਾ । ਹਮਲਾ ਤੁਸੀ ਇਨਕਲਾਬ ਦੀ ਸਮੁੱਚੀ ਨੀਤੀ ਵਿਚ ਇਕ ਮੋੜ ਹੋਵੇਗਾ, ਅਰਥਾਤ ਇਹ ਉਡੀਕਣ ਤੋਂ ਹੇਠੋਂ ਇਨਕਲਾਬੀ ਬਗਾਵਤ ਦੇ ਸਾਧਨ ਰਾਹੀਂ ਅਮਨ ਲਈ ਰਾਹ ਖੋਹਲਣ ਤੇ ਜੰਗ ਦੇ ਪੁਨਰ-ਅਰੰਭ ਤਕ ਅਵਸਥਾ-ਪਰਿਵਰਤਨ ਹੋਵੇਗਾ, ਰਾਹ ਜਿਹੜਾ ਖੋਹਲਿਆ ਗਿਆ ਉਹ ਇਕ ਮੋਰਚੇ ਉਤੇ ਭਾਈਚਾਰਾ ਪਾਉਣ ਤੇ ਹਰ ਮੋਰਚੇ ਉਤੇ ਭਾਈਚਾਰਾ ਪਾਉਣ ਤਕ ਖੁਦ-ਰੌ ਭਾਈਚਾਰਾ ਪੈਣ ਤੇ, ਜਿਵੇਂ ਕਿ ਭੁੱਖੇ ਜਰਮਨ ਮਜਦੂਰ ਨੂੰ ਚਾਕੂ ਦੇ ਬਦਲੇ ਰੋਟੀ ਦਾ ਟੁਕੜਾ ਦੇਣਾ—ਜਿਸ ਦੇ ਲਈ ਦੰਡੀ ਗੁਲਾਮੀ ਨਾਲ ਸਜਾ ਦਿੱਤੀ ਜਾ ਸਕਦੀ ਹੈ—ਚੇਤੰਨ ਭਾਈਚਾਰਾ ਪਾਉਣ ਤੱਕ ।

ਜਦੋਂ ਅਸੀ ਆਪਣੇ ਹੱਥਾ ਵਿਚ ਸੱਤਾ ਲਵਾਂਗੇ ਅਸੀ ਪੂੰਜੀਪਤੀਆ ਨੂੰ ਦਬਾਵਾਂਗੇ, ਅਤੇ ਫਿਰ ਜੰਗ ਉਸ ਕਿਸਮ ਦੀ ਜੰਗ ਨਹੀਂ ਹੋਵੇਗੀ ਜਿਸ ਤਰ੍ਹਾਂ ਦੀ ਹੁਣ ਲੜੀ ਜਾ ਰਹੀ ਹੈ ਕਿਉਂ ਜੋ ਹੁਣ ਜੰਗ ਦਾ ਖਾਸਾ ਇਸ ਰਾਹੀਂ ਮਿਥਿਆ ਜਾਂਦਾ ਹੈ ਕਿ ਕਿਹੜੀ ਜਮਾਤ ਜੰਗ ਲੜਦੀ ਹੈ, ਤੇ ਇਸ ਰਾਹੀਂ ਨਹੀਂ ਮਿਥਿਆ ਜਾਂਦਾ ਕਿ ਕਾਗਜ ਉਤੇ ਤੁਸੀਂ ਜੋ ਚਾਹੋ ਲਿਖ ਸਕਦੇ ਹੋ । ਪਰ ਜਿੰਨਾ ਚਿਰ ਹਕੂਮਤ ਵਿਚ ਪੂੰਜੀਪਤੀ ਜਮਾਤ ਦੀ ਬਹੁਗਿਣਤੀ ਹੈ, ਉਨਾ ਚਿਰ ਜੰਗ ਸਾਮਰਾਜੀ ਜੰਗ ਰਹੇਗੀ, ਲਿਖੋ ਭਾਵੇਂ ਤੁਸੀਂ ਕੁਝ ਵੀ ਤੁਸੀਂ ਭਾਵੇਂ ਕਿੰਨੇ ਹੀ ਸੁਭਾਸ਼ੀਏ ਕਿਉਂ ਨਾ ਹੋਵੋ, ਤੁਹਾਡੇ ਲਗਪਗ-ਸੋਸਲਿਸਟ ਮੰਤਰੀ ਭਾਵੇਂ ਕਿੰਨੇ ਹੀ ਕਿਉਂ ਨਾ ਹੋਣ, ਹਰ ਕੋਈ ਇਹ ਜਾਣਦਾ ਹੈ ਅਤੇ ਹਰ ਕੋਈ ਇਹ ਵੇਖ ਸਕਦਾ ਹੈ । ਅਤੇ ਅਲਬਾਨੀਆ, ਯੂਨਾਨ ਅਤੇ ਫਰਾਂਸ ਦੀਆ ਸੂਰਤਾ ਨੇ ਇਹ ਗੱਲ ਏਨੀ ਸਪੱਸਟ ਤੇ ਉਘਾੜ ਕੇ ਵਿਖਾਈ ਹੈ ਕਿ ਮੈਂ ਹੈਰਾਨ ਹਾਂ ਕਿ ਹਰ ਕੋਈ ਹਮਲੇ ਬਾਰੇ ਸਾਡੇ ਲਿਖਤੀ ਐਲਾਨ ਉਪਰ ਹਮਲਾ ਕਰ ਰਿਹਾ ਹੈ ਅਤੇ ਵਿਸੇਸ ਸੂਰਤਾ ਬਾਰੇ ਕੋਈ ਇਕ ਸ਼ਬਦ ਵੀ ਨਹੀਂ ਆਖਦਾ । ਬਿੱਲਾਂ ਦਾ ਇਕਰਾਰ ਕਰਨਾ ਸੌਖਾ ਹੈ ਪਰ ਵਿਸੇਸ ਕਦਮ ਮੁੜ ਮੁੜ ਪਿਛੇ ਪਾਏ ਜਾ ਰਹੇ ਹਨ । ਇਲਹਾਕਾ ਤੋਂ ਬਿਨਾ ਯੁੱਧਬੰਦੀ ਬਾਰੇ ਐਲਾਨ ਲਿਖਣਾ ਸੌਖਾ ਹੈ ਪਰ ਅਲਬਾਨੀਆਂ, ਯੂਨਾਨ ਤੇ ਫਰਾਂਸ ਦੀਆ ਘਟਨਾਵਾਂ ਕੁਲੀਸਨ ਵਜਾਰਤ ਦੀ ਸਥਾਪਤੀ ਤੋਂ ਪਿਛੋਂ ਹੋਈਆਂ । ਅੰਤ ਇਹ ਦਾਈਲੋ ਨਾਰੋਦਾ ਸੀ, ਸਾਡੀ ਪਾਰਟੀ ਦਾ ਅਖਬਾਰ ਨਹੀਂ, ਸਗੋਂ ਸਰਕਾਰ ਦਾ ਅਖਬਾਰ, ਮੰਤਰਾਲੇ ਦਾ ਅਖਬਾਰ ਸੀ, ਜਿਸ ਨੇ ਕਿਹਾ ਕਿ ਇਹ ਰੂਸੀ ਜਮਹੂਰੀਅਤ ਹੈ ਜਿਸ ਨੂੰ ਨਿਰਾਦਰੀ ਦਾ ਸਿਕਾਰ ਬਣਾਇਆ ਜਾ ਰਿਹਾ ਹੈ, ਅਤੇ ਕਿ ਯੂਨਾਨ ਦੀ ਸੰਘੀ ਘੁੱਟੀ ਜਾ ਰਹੀ ਹੈ । ਅਤੇ ਇਹੋ ਮਿਲਿਯੁਕੋਵ...ਜੀਹਨੇ, ਭਾਵੇਂ ਉਹ ਪਾਰਟੀ ਦਾ ਸਧਾਰਨ ਮੈਂਬਰ ਹੈ—ਤੇਰੇਸ਼-ਚੇਨਕੋ ਕਿਸੇ ਤਰ੍ਹਾਂ ਵੀ ਉਸ ਤੋਂ ਵੱਖਰਾ ਨਹੀਂ—ਲਿਖਿਆ ਕਿ ਯੂਨਾਨ ਉਤੇ ਪੈਣ ਵਾਲਾ ਦਬਾਉ ਇਤਿਹਾਦੀ ਡਿਪਲੋਮੈਟਾਂ ਵਲੋਂ ਪਿਆ ਸੀ । ਜੰਗ ਅਜੇ ਵੀ ਸਾਮਰਾਜੀ ਜੰਗ ਹੈ ਅਤੇ ਤੁਸੀਂ ਭਾਵੇਂ ਅਮਨ ਲਈ ਕੇਡੇ ਹੀ ਚਾਹਵਾਨ ਕਿਉਂ ਨਾ ਹੋਵੋ ਕਿਰਤੀ ਲੋਕਾਂ ਲਈ ਤੁਹਾਡੀ ਹਮਦਰਦੀ ਅਤੇ ਅਮਨ ਲਈ ਤੁਹਾਡੀ ਇੱਛਾ ਕਿਡੀ ਹੀ ਖਰੀ ਕਿਉਂ ਨਾ ਹੋਵੇ—ਮੈਨੂੰ ਪੂਰਾ ਯਕੀਨ ਹੈ ਕਿ ਆਮ

ਤੌਰ ਉਤੇ ਟਿਹ ਰਖੀ ਹੈ। ਤੁਸੀਂ ਬੇਵੱਸ ਹੋ ਕਿਉਂ ਜੋ ਜੰਗ ਦਾ ਖਾਤਮਾ ਇਨਕਲਾਬ ਨੂੰ ਹੋਰ ਅਗੇ ਲਿਜਾ ਕੇ ਹੀ ਕੀਤਾ ਜਾ ਸਕਦਾ ਹੈ। ਜਦੋਂ ਰੂਸ ਵਿਚ ਇਨਕਲਾਬ ਸ਼ੁਰੂ ਹੋਇਆ, ਹੇਠੋਂ ਅਮਨ ਲਈ ਇਨਕਲਾਬੀ ਘੋਲ ਵੀ ਸ਼ੁਰੂ ਹੋਇਆ। ਜੇ ਸੱਤਾ ਰੂਸੀ ਪੂੰਜੀਪਤੀਆਂ ਵਿਰੁਧ ਜੂਝਣ ਲਈ ਵਰਤੋਂ ਵਾਸਤੇ ਇਨਕਲਾਬੀ ਜਥੇਬੰਦੀਆਂ ਦੇ ਹੱਥ ਆਉਂਦੀ ਹੈ ਤਾਂ ਕੁਝ ਦੇਸ਼ਾਂ ਦੇ ਕਿਰਤੀ ਲੋਕ ਤੁਹਾਡੇ ਉਪਰ ਵਿਸ਼ਵਾਸ ਕਰਨਗੇ ਅਤੇ ਤੁਸੀਂ ਜੰਗਬੰਦੀ ਦੀ ਤਜਵੀਜ਼ ਪੇਸ਼ ਕਰ ਸਕਦੇ ਹੋ। ਤਾਂ ਸਾਡੀ ਜੰਗਬੰਦੀ ਘਟੋ ਘੱਟ ਦੋ ਧਿਰਾਂ ਵਲੋਂ ਦੋ ਕੌਮਾਂ ਵਲੋਂ, ਜਿਹਨਾਂ ਦਾ ਖੂਨ ਬੁਰੀ ਤਰ੍ਹਾਂ ਵਹਿ ਰਿਹਾ ਹੈ ਅਤੇ ਜਿਹਨਾਂ ਦਾ ਕਾਜ ਨਿਰਾਸ਼ਾਜਨਕ ਹੈ, ਜਰਮਨੀ ਅਤੇ ਫਰਾਂਸ ਵਲੋਂ ਯਕੀਨੀ ਬਣ ਜਾਵੇਗੀ। ਤੇ ਜੇ ਹਾਲਾਤ ਨੇ ਉਦੋਂ ਸਾਨੂੰ ਇਨਕਲਾਬੀ ਜੰਗ ਲੜਨ ਉਤੇ ਮਜ਼ਬੂਰ ਕੀਤਾ ਕੋਈ ਨਹੀਂ ਜਾਣਦਾ ਅਤੇ ਅਸੀਂ ਇਹਦੀ ਸੰਭਾਵਨਾ ਨੂੰ ਰੱਦ ਨਹੀਂ ਕਰਦੇ, ਅਸੀਂ ਆਖਾਂਗੇ "ਅਸੀਂ ਸ਼ਾਤੀਵਾਦੀ ਨਹੀਂ ਹਾਂ। ਅਸੀਂ ਜੰਗ ਨੂੰ ਨਹੀਂ ਤਿਆਗਦੇ ਜਦੋਂ ਇਨਕਲਾਬੀ ਜਮਾਤ ਦੇ ਹੱਥ ਸੱਤਾ ਹੁੰਦੀ ਹੈ ਅਤੇ ਜਿਹਨਾ ਨੇ ਅਸਲ ਵਿਚ ਮਾਮਲਿਆਂ ਤੇ ਅਸਰ ਪਾਉਣ ਆਰਥਕ ਉਖੇੜ ਨੂੰ ਵਧਾਉਣ ਸਬੰਧੀ ਹਰ ਸੰਭਾਵਨਾ ਤੋਂ ਪੂੰਜੀਪਤੀਆ ਨੂੰ ਮਹਿਰੂਮ ਕੀਤਾ ਹੈ, ਸੰਭਾਵਨਾ ਜੋ ਉਹਨਾਂ ਨੂੰ ਕਰੋੜਾਂ ਬਨਾਉਣ ਦੇ ਯੋਗ ਬਨਾਉਂਦੀ ਹੈ।" ਇਨਕਲਾਬੀ ਹਕੂਮਤ ਹਰ ਕੌਮ ਨੂੰ ਨਿਰਪੱਖ ਤੌਰ ਉਤੇ ਸਪੱਸ਼ਟ ਕਰੇਗੀ ਕਿ ਹਰ ਕੌਮ ਨੂੰ ਆਜਾਦ ਹੋਣਾ ਚਾਹੀਦਾ ਹੈ ਅਤੇ ਜਿਵੇਂ ਕਿ ਜਰਮਨ ਕੌਮ ਨੂੰ ਅਲਸਾਸੇ ਤੇ ਲੋਰੇਨ ਨੂੰ ਆਪਣੇ ਕੋਲ ਰੱਖਣ ਲਈ ਲੜਨਾ ਨਹੀਂ ਚਾਹੀਦਾ, ਉਵੇਂ ਹੀ ਫਰਾਂਸੀਸੀ ਕੌਮ ਨੂੰ ਆਪਣੀਆ ਬਸਤੀਆ ਲਈ ਨਹੀਂ ਲੜਨਾ ਚਾਹੀਦਾ। ਕਿਉਂ ਜੋ ਫਰਾਂਸ ਜਦਕਿ ਆਪਣੀਆ ਬਸਤੀਆ ਲਈ ਲੜ ਰਿਹਾ ਹੈ, ਰੂਸ ਨੇ ਖੀਵਾ ਤੇ ਬੁਖਾਰਾ ਹਥਿਆਏ ਹੋਏ ਹਨ, ਜਿਹੜੇ ਇਕ ਤਰ੍ਹਾਂ ਦੀਆ ਬਸਤੀਆ ਹੀ ਹਨ। ਫਿਰ ਬਸਤੀਆਂ ਦੀ ਵੰਡ ਸ਼ੁਰੂ ਹੋਵੇਗੀ। ਅਤੇ ਇਹਨਾ ਨੂੰ ਵੰਡਿਆ ਕਿਵੇਂ ਜਾਵੇ ? ਕਿਹੜੇ ਆਧਾਰ ਉਤੇ ? ਤਾਕਤ ਅਨੁਸਾਰ। ਪਰ ਤਾਕਤ ਬਦਲ ਗਈ ਹੈ। ਪੂੰਜੀਪਤੀ ਉਸ ਸਥਿਤੀ ਉਤੇ ਹਨ ਜਿਥੇ ਉਹਨਾਂ ਪਾਸ ਜੰਗ ਹੀ ਇਕ ਬਾਹਰ ਨਿਕਲਣ ਦਾ ਰਾਹ ਹੈ। ਜਦੋਂ ਤੁਸੀਂ ਇਨਕਲਾਬੀ ਸੱਤਾ ਸੰਭਾਲੋਗੇ ਜੰਗਬੰਦੀ ਹਾਸਲ ਕਰਨ ਲਈ ਤੁਹਾਡਾ ਢੰਗ ਇਨਕਲਾਬੀ ਹੋਵੇਗਾ। ਅਰਥਾਤ ਸਭਨਾ ਕੌਮਾ ਨੂੰ ਇਨਕਲਾਬੀ ਅਪੀਲ ਕਰਨ ਦਾ ਅਤੇ ਖੁਦ ਆਪਣੀ ਮਿਸਾਲ ਨਾਲ ਆਪਣੇ ਦਾਅ-ਪੇਚ ਸਪਸ਼ਟ ਕਰਨ ਦਾ ਢੰਗ। ਤਦ ਇਨਕਲਾਬੀ ਸਾਧਨਾਂ ਰਾਹੀਂ ਹਾਸਲ ਕੀਤੀ ਜੰਗਬੰਦੀ ਦਾ ਰਾਹ ਤੁਹਾਡੇ ਸਾਹਮਣੇ ਖੁਲ੍ਹਾ ਹੋਵੇਗਾ ਅਤੇ ਤੁਸੀਂ ਅਤਿ ਸੌ-ਵਿੱਸਵੇ ਲਖੂਖਾ ਲੋਕਾ ਦੀਆ ਮੌਤਾ ਨੂੰ ਟਾਲਣ ਦੇ ਯੋਗ ਹੋਵੋਗੇ। ਤਦ ਤੁਹਾਨੂੰ ਯਕੀਨ ਹੋਣਾ ਚਾਹੀਦਾ ਹੈ ਕਿ ਜਰਮਨ ਤੇ ਫਰਾਸੀਸੀ ਲੋਕ ਤੁਹਾਡੇ ਹਕ ਵਿੱਚ ਐਲਾਨ ਕਰਨਗੇ। ਜਿਥੋਂ ਤਕ ਕਿ ਬ੍ਰਿਟਿਸ, ਅਮਰੀਕਨ ਤੇ ਜਾਪਾਨੀ ਪੂੰਜੀਪਤੀਆ ਦਾ ਸਬੰਧ ਹੈ ਜੇ ਉਹ ਇਨਕਲਾਬੀ ਮਜਦੂਰ ਜਮਾਤ ਵਿਰੁੱਧ ਜੰਗ ਚਾਹੁੰਦੇ ਵੀ ਹਨ—ਜਮਾਤ ਜਿਸ ਦੀ ਤਾਕਤ ਪੂੰਜੀਪਤੀਆਂ ਨੂੰ ਦਬਾਉਂਦਿਆਂ ਅਤੇ ਕੰਟਰੋਲ ਮਜ਼ਦੂਰ ਜਮਾਤ ਦੇ ਹੱਥ ਜਾਦਿਆ ਹੀ ਦਸ ਗੁਣਾ ਹੋ ਜਾਵੇਗੀ —ਅਮਰੀਕਨ, ਬ੍ਰਿਟਿਸ਼ ਤੇ ਜਾਪਾਨੀ ਪੂੰਜੀਪਤੀ ਜੇ ਜੰਗ ਚਾਹੁੰਦੇ ਵੀ ਹੋਏ ਤਾਂ ਵੀ ਜੰਗ ਛੇੜਨ ਦੇ ਸਬੰਧ ਵਿੱਚ ਮੌਕਾ ਉਹਨਾ ਸੌ ਦੇ ਟਾਕਰੇ ਉਤੇ ਇਕ ਹੀ ਹੋਵੇਗਾ। ਜੰਗਬੰਦੀ ਯਕੀਨੀ ਬਣਾਉਣ ਲਈ ਤੁਹਾਨੂੰ ਐਲਾਨ ਕਰਨਾ ਪਵੇਗਾ ਕਿ ਤੁਸੀ ਸ਼ਾਂਤੀਵਾਦੀ ਨਹੀਂ ਹੋ ਕਿ ਤੁਸੀਂ ਜਰਮਨ, ਫਰਾਂਸੀਸੀ ਤੇ ਦੂਜੇ ਪੂੰਜੀਪਤੀਆਂ ਵਿਰੁੱਧ ਆਪਣੇ ਗਣਰਾਜ ਦੀ, ਆਪਣੀ ਮਜ਼ਦੂਰਾਂ ਦੀ ਪਰੋਲਤਾਰੀਅਨ ਜਮਹੂਰੀਅਤ ਦੀ ਰਖਿਆ ਕਰੋਗੇ।

ਇਸੇ ਲਈ ਹੀ ਅਸੀਂ ਹਮਲੇ ਬਾਰੇ ਆਪਣੇ ਐਲਾਨ ਨੂੰ ਇੰਨੀ ਅਹਿਮੀਅਤ ਦਿੱਤੀ।

ਰੂਸੀ ਇਨਕਲਾਬ ਦੇ ਪੂਰੇ ਇਤਿਹਾਸ ਵਿਚ ਬੁਨਿਆਦੀ ਮੋੜ ਲਈ ਸਮਾਂ ਆ ਗਿਆ ਹੈ। ਜਦੋਂ ਰੂਸੀ ਇਨਕਲਾਬ ਸ਼ੁਰੂ ਹੋ ਗਿਆ ਬਰਤਾਨੀਆਂ ਦੀ ਸਾਮਰਾਜੀ ਬੁਰਜੁਆਜ਼ੀ ਨੇ ਇਹਦੀ ਮੌਢਦ ਕੀਤੀ ਜਿਨ੍ਹਾਂ ਸੋਚਿਆ ਕਿ ਰੂਸ ਵੀ ਕੁਝ ਚੀਨ ਜਾਂ ਹਿੰਦੋਸਤਾਨ ਵਾਂਗ ਹੈ। ਪਰ ਉਸ ਹਕੂਮਤ ਦੇ ਨਾਲ ਨਾਲ, ਜਿਸ ਵਿਚ ਹੁਣ ਭੋਂ-ਪਤੀਆਂ ਅਤੇ ਪੂੰਜੀਪਤੀਆਂ ਦੀ ਬਹੁਗਿਣਤੀ ਹੈ, ਸੋਵੀਅਤਾਂ ਪਰਗਟ ਹੋ ਗਈਆਂ, ਜੋ ਅਜਿਹੀ ਪ੍ਰਤੀਨਿਧ ਸੰਸਥਾ ਹਨ ਜਿਸ ਦੀ ਮਿਸਾਲ ਤੇ ਨਜ਼ੀਰ ਤਾਕਤ ਦੇ ਲਿਹਾਜ਼ ਦੁਨੀਆਂ ਵਿਚ ਕਿਤੇ ਨਹੀਂ ਮਿਲਦੀ। ਇਕ ਅਜਿਹੀ ਸੰਸਥਾ ਜਿਸ ਨੂੰ ਰੂਸੀ ਬੁਰਜੁਆਜ਼ੀ ਦੀ ਕੁਲੀਸ਼ਨ ਹਕੂਮਤ ਵਿਚ ਸ਼ਾਮਲ ਹੋ ਕੇ ਮਾਰ ਰਹੇ ਹੋ। ਅਸਲ ਵਿਚ ਰੂਸੀ ਇਨਕਲਾਬ ਨੇ ਹਰ ਥਾਂ ਸਭਨਾਂ ਦੇਸ਼ਾਂ ਵਿਚ ਪੂੰਜੀਵਾਦੀ ਹਕੂਮਤਾਂ ਵਿਰੁਧ ਹੇਠੋਂ ਇਨਕਲਾਬੀ ਘੋਲ ਨੂੰ ਪਹਿਲਾਂ ਨਾਲੋਂ ਤਿੰਨ ਗੁਣਾਂ ਹਮਦਰਦੀ ਨਾਲ ਜੀ ਆਇਆਂ ਅਖਵਾਇਆ ਹੈ। ਸਵਾਲ ਅਗਾਂਹ ਵੱਧਣ ਦਾ ਜਾਂ ਪਿਛਾਂਹ ਹੱਟਣ ਦਾ ਹੈ। ਇਨਕਲਾਬ ਦੇ ਦੌਰਾਨ ਕੋਈ ਵੀ ਹੱਥ ਉਤੇ ਹੱਥ ਧਰ ਕੇ ਨਹੀਂ ਬਹਿ ਸਕਦਾ। ਇਸੇ ਲਈ ਹੀ ਹਮਲਾ ਰੂਸੀ ਇਨਕਲਾਬ, ਸਟਰੈਟੇਜਿਕ ਅਰਥ ਨਾਲੋਂ ਰਾਜਸੀ ਤੇ ਆਰਥਕ ਅਰਥ ਵਿਚ, ਇਕ ਮੋੜ ਹੈ। ਹੁਣ ਹਮਲੇ ਦੇ ਅਰਥ ਹਨ ਵਸਤੂਮੁਖੀ ਤੌਰ ਉਤੇ ਇਸ ਜਾਂ ਉਸ ਮੰਤਰੀ ਦੀ ਇੱਛਾ ਜਾਂ ਜਾਣਕਾਰੀ ਦੇ ਬਾਵਜੂਦ ਫਾਰਸ ਅਤੇ ਦੂਜੀਆਂ ਹੋਰ ਕੌਮਾਂ ਦੀ ਸੰਘੀ ਨੱਪਣ ਦੇ ਨਿਸ਼ਾਨੇ ਨਾਲ ਕੱਟ-ਵੱਢ ਨੂੰ ਜਾਰੀ ਰਖਣਾ ਅਤੇ ਹੋਰ ਲੱਖਾਂ ਲੋਕਾਂ ਦੀਆਂ ਮੌਤਾਂ ਸਾਮਰਾਜੀ—ਇਨਕਲਾਬੀ ਪਰੋਲਤਾਰੀਏ ਦੇ ਹੱਥ, ਪਰੋਲਤਾਰੀਆ ਜਿਸ ਨੂੰ ਗ਼ਰੀਬ ਕਿਸਾਨਾਂ ਦੀ ਹਮਾਇਤ ਹਾਸਲ ਹੈ, ਸੱਤਾ ਦੇ ਇੰਤਕਾਲ ਦੇ ਅਰਥ ਹਨ ਅਤਿ-ਯਕੀਨੀ ਅਤੇ ਅਤਿ ਪੀੜ-ਰਹਿਤ ਸ਼ਕਲਾਂ ਵਿਚ ਜਿਹਨਾਂ ਦਾ ਮਨੁੱਖ ਜਾਤੀ ਨੂੰ ਅਜੇ ਤੱਕ ਇਲਮ ਵੀ ਨਹੀਂ, ਜੰਗਬੰਦੀ ਲਈ ਇਨਕਲਾਬੀ ਘੋਲ ਵਿਚ ਅਵਸਥਾ ਪਰਿਵਰਤਨ, ਉਸ ਸੂਰਤੇ-ਹਾਲ ਵਿਚ ਪਰਿਵਰਤਨ ਜਿਹਨਾਂ ਦੇ ਅਧੀਨ ਇਨਕਲਾਬੀ ਮਜ਼ਦੂਰਾ ਦੀ ਸੱਤਾ ਤੇ ਜਿੱਤ ਰੂਸ ਵਿਚ ਤੇ ਦੁਨੀਆਂ ਭਰ ਵਿਚ ਯਕੀਨੀ ਬਣੇਗੀ। **(ਦਰਸ਼ਕਾਂ ਦੇ ਇਕ ਭਾਗ ਵਲੋਂ ਤਾੜੀਆਂ)**

ਪਰਾਵਦਾ ਨੰਬਰ 82 ਤੇ 83 ਵਿਚ 28 ਤੇ 29
(15 ਤੇ 16) ਜੂਨ 1917 ਨੂੰ ਪ੍ਰਕਾਸ਼ਤ।

ਸੰਗ੍ਰਹਿਤ ਕਿਰਤਾਂ,
ਜਿਲਦ 25

ਇਕ ਨਿਆਂਈਂ ਅਮਨ ਵਲ ਕੋਈ ਰਾਹ ਹੈ ?

ਹਥਿਆਏ ਬਦੇਸ਼ੀ ਇਲਾਕਿਆਂ ਦੇ ਇਕ ਵਟਾਂਦਰੇ ਤੋਂ ਬਿਨਾਂ ਸਰਮਾਏਦਾਰ ਲੁਟੇਰਿਆਂ ਵਿਚਾਲੇ ਦੇ ਮਾਲ ਦੀ ਵੰਡ ਤੋਂ ਬਿਨਾ ਅਮਨ ਵਲ ਜਾਂਦਾ ਕੋਈ ਰਾਹ ਹੈ ?

ਹਾਂ ਹੈ : ਸੰਸਾਰ ਦੇ ਸਰਮਾਏਦਾਰਾਂ ਦੇ ਵਿਰੁਧ ਮਜ਼ਦੂਰਾਂ ਦੇ ਇਨਕਲਾਬ ਰਾਹੀਂ ਜਾਂਦਾ ਰਾਹ ।

ਰੂਸ ਅੱਜ ਕਿਸੇ ਵੀ ਹੋਰ ਦੇਸ ਨਾਲੋਂ ਇਕ ਅਜਿਹਾ ਇਨਕਲਾਬ ਅਰੰਭ ਕਰਨ ਦੇ ਨੇੜੇ ਹੈ ।

ਕੇਵਲ ਰੂਸ ਵਿਚ ਸੱਤਾ ਮੌਜੂਦਾ ਸੰਸਥਾਵਾਂ ਨੂੰ, ਸੋਵੀਅਤਾ ਨੂੰ, ਤੁਰੰਤ ਸ਼ਾਂਤਮਈ ਢੰਗ ਨਾਲ ਬਿਨਾਂ ਬਗਾਵਤ ਦੇ ਸੋਂਪੀ ਜਾ ਸਕਦੀ ਹੈ ਕਿਉਂਕਿ ਸਰਮਾਏਦਾਰ ਮਜ਼ਦੂਰਾਂ, ਸਿਪਾਹੀਆਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦਾ ਟਾਕਰਾ ਨਹੀਂ ਕਰ ਸਕਦੇ ।

ਸੱਤਾ ਦੀ ਅਜਿਹੀ ਤਬਦੀਲੀ ਨਾਲ ਸਰਮਾਏਦਾਰਾਂ ਨੂੰ, ਜਿਹੜੇ ਸਰਮਾਏਦਾਰ ਇਸ ਸਮੇਂ ਧੋਖਿਆਂ ਰਾਹੀਂ ਅਰਬਾਂ ਰੂਬਲ ਮੁਨਾਫੇ ਕਮਾ ਰਹੇ ਹਨ, ਖੱਬੀ ਚਾੜ੍ਹਨਾ, ਉਹਨਾਂ ਦੀਆਂ ਸਾਰੀਆਂ ਚਲਾਕੀਆਂ ਨੂੰ ਨੰਗਾ ਕਰਨਾ, ਜਨਤਕ ਜਾਇਦਾਦ ਨੂੰ ਹੜੱਪਣ ਵਾਲੇ ਕਰੋੜਪਤੀਆਂ ਨੂੰ ਰੋਕਣਾ, ਉਹਨਾਂ ਦੀ ਅਸੀਮ ਸੱਤਾ ਨੂੰ ਤੋੜਨਾ ਸੰਭਵ ਹੋਵੇਗਾ । ਕੇਵਲ ਦਬੀਆਂ ਕੁਚਲੀਆਂ ਜਮਾਤਾਂ ਨੂੰ ਸੱਤਾ ਦੀ ਸੌਂਪਣ ਦੇ ਮਗਰੋਂ ਹੀ ਰੂਸ ਦੂਜੇ ਦੇਸਾਂ ਦੀਆਂ ਦਬੀਆਂ ਕੁਚਲੀਆਂ ਜਮਾਤਾਂ ਨੂੰ ਖੋਖਲੇ ਸ਼ਬਦਾਂ ਨਾਲ ਨਹੀਂ, ਮਹਿਜ਼ ਅਪੀਲਾਂ ਨਾਲ ਨਹੀਂ, ਸਗੋਂ ਆਪਣੀ ਉਦਾਹਰਣ ਨਾਲ ਉਹਨਾਂ ਦਾ ਧਿਆਨ ਖਿੱਚਣ ਨਾਲ ਅਤੇ **ਵਿਸ਼ਵ-ਵਿਆਪੀ ਅਮਨ** ਲਈ ਤੁਰੰਤ ਅਤੇ ਸਪਸ਼ਟ ਤੌਰ ਤੇ ਸ਼ਰਤਾਂ ਤਜਵੀਜ਼ ਪੇਸ਼ ਕਰਨ ਰਾਹੀਂ ਪਹੁੰਚ ਕਰ ਸਕਦਾ ਹੈ ।

"ਸਾਥੀ ਮਜ਼ਦੂਰੋ ਤੇ ਸੰਸਾਰ ਭਰ ਦੇ ਕਿਰਤੀਓ," ਇਕ ਤੁਰੰਤ ਅਮਨ ਲਈ ਸੁਝਾਅ ਵਿਚ ਰੂਸ ਆਖੇਗਾ, "ਕਾਫੀ ਲਹੂ ਡੁਲ੍ਹ ਚੁਕਿਆ ਹੈ । ਅਮਨ ਸੰਭਵ ਹੈ । ਇਕ ਨਿਆਂਈਂ ਅਮਨ ਦਾ ਭਾਵ ਹੈ ਬਦੇਸ਼ੀ ਇਲਾਕੇ ਹਥਿਆਉਣ ਤੋਂ ਬਿਨਾਂ ਅਮਨ, ਕਬਜ਼ਿਆਂ ਤੋਂ ਬਿਨਾਂ ਅਮਨ । ਜਰਮਨ ਸਰਮਾਏਦਾਰ ਲੋਟੂਆਂ ਅਤੇ ਉਨ੍ਹਾਂ ਦੇ ਤਾਜਦਾਰ ਲੁਟੇਰੇ ਵਿਲਹੇਲਮ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਤੁਹਾਡੇ ਨਾਲ ਸਮਝੌਤਾ ਨਹੀਂ ਕਰਾਂਗੇ ਕਿਉਂ ਜੋ ਅਸੀਂ ਉਨ੍ਹਾਂ ਵਲੋਂ ਨਾ ਕੇਵਲ ਉਸ ਨੂੰ ਡਕੈਤੀ ਸਮਝਦੇ ਹਾਂ, ਜੋ ਕੁਝ ਉਨ੍ਹਾਂ ਨੇ ਜੰਗ ਦੇ ਸਮੇਂ ਵਿਚ ਲੁਟਿਆ ਹੈ । ਸਗੋਂ ਅਲਸਾਸੇ ਰੇ

ਲੋਰੇਨ ਅਤੇ ਪਰਸ਼ੀਆ ਦੇ ਡੈਨਿਸ਼ ਤੇ ਪੋਲਿਸ਼ ਇਲਾਕਿਆਂ ਨੂੰ ਵੀ ਡਕੈਤੀ ਸਮਝਦੇ ਹਾਂ।

"ਅਸੀਂ ਇਹ ਵੀ ਸਮਝਦੇ ਹਾਂ ਕਿ ਪੋਲੈਂਡ, ਫਿਨਲੈਂਡ, ਯੂਕਰੇਨ, ਅਤੇ ਗੈਰ-ਮਹਾਨ ਰੂਸੀ ਧਰਤੀਆਂ ਰੂਸੀ ਜ਼ਾਰਾਂ ਤੇ ਸਰਮਾਏਦਾਰਾਂ ਨੇ ਕਬਜ਼ੇ ਵਿਚ ਲਈਆਂ ਸਨ।"

"ਅਸੀਂ ਸਮਝਦੇ ਹਾਂ ਕਿ **ਸਾਰੀਆਂ** ਬਸਤੀਆਂ, ਆਇਰਲੈਂਡ ਤੇ ਹੋਰ, ਅੰਗਰੇਜ਼, ਫਰਾਂਸੀਸੀ ਤੇ ਹੋਰ ਸਰਮਾਏਦਾਰਾਂ ਵਲੋਂ ਕਬਜ਼ੇ ਵਿਚ ਲਈਆਂ ਗਈਆਂ ਸਨ।

"ਅਸੀਂ ਰੂਸੀ ਮਜ਼ਦੂਰ ਤੇ ਕਿਸਾਨ ਕਦੀ ਵੀ ਗੈਰ-ਮਹਾਨ-ਰੂਸੀ ਧਰਤੀਆਂ ਜਾਂ ਬਸਤੀਆਂ (ਜਿਵੇਂ ਤੁਰਕਸਤਾਨ; ਮੰਗੋਲੀਆ ਜਾਂ ਪਰਸ਼ੀਆ) ਤਾਕਤ ਨਾਲ ਕਬਜ਼ੇ ਵਿਚ **ਨਹੀਂ** ਰਖਾਂਗੇ। **ਬਸਤੀਆਂ ਦੀ ਵੰਡ** ਲਈ, ਕਬਜ਼ੇ ਵਿਚ ਲਈਆਂ ਧਰਤੀਆਂ ਦੀ ਵੰਡ ਲਈ, ਸਰਮਾਏਦਾਰੀ ਲੁੱਟ ਦੇ ਮਾਲ ਦੀ ਵੰਡ ਲਈ ਜੰਗ ਮੁਰਦਾਬਾਦ!"

ਰੂਸੀ ਮਜ਼ਦੂਰਾਂ ਦੀ ਉਦਾਹਰਣ ਉਤੇ ਅਮਲ ਅਟੱਲ ਤੌਰ ਤੇ ਹੋਵੇਗਾ। ਸ਼ਾਇਦ ਕਲ੍ਹ ਨਹੀਂ (ਇਨਕਲਾਬ ਆਰਡਰ ਦੇ ਕੇ ਤਿਆਰ ਨਹੀਂ ਕੀਤੇ ਜਾਂਦੇ), ਪਰ **ਘੱਟੋ ਘੱਟ ਦੋ ਮਹਾਨ ਦੇਸ਼ਾਂ ਜਰਮਨੀ** ਅਤੇ ਫਰਾਂਸ ਦੇ ਮਜ਼ਦੂਰਾਂ ਅਤੇ ਸਾਰੇ ਕਿਰਤੀ ਲੋਕਾਂ ਵਲੋਂ ਅਟੱਲ ਤੌਰ ਤੇ ਇਸ ਉਤੇ ਅਮਲ ਹੋਵੇਗਾ।

ਕਿਉਂ ਜੋ **ਦੋਵੇਂ ਹੀ**, ਪਹਿਲਾਂ ਭੁੱਖ ਰਾਹੀਂ ਤੇ ਦੂਜਾ ਵਸੋਂ ਦੇ ਉਜਾੜੇ ਰਾਹੀਂ ਨਸ਼ਟ ਹੋ ਰਹੇ ਹਨ। ਦੋਵੇਂ ਹੀ ਸਾਡੀਆਂ ਧਰਤੀਆ ਉਤੇ ਅਮਨ ਬਾਰੇ ਫੈਸਲਾ ਕਰਨਗੇ, ਜੋ ਸਹੀ ਸ਼ਰਤਾਂ ਹਨ, **ਉਹਨਾਂ ਦੀਆਂ ਸਰਮਾਏਦਾਰ ਸਰਕਾਰਾਂ ਦੇ ਵਿਰੁਧ ਹਨ।**

ਅਮਨ ਵਲ ਜਾਂਦਾ ਰਾਹ ਸਾਡੇ ਸਾਹਮਣੇ ਹੈ।

ਇੰਗਲੈਂਡ, ਜਰਮਨ ਅਤੇ ਅਮਰੀਕਾ ਦੇ ਸਰਮਾਏਦਾਰ ਜੋ ਇਸ ਅਮਨ ਦੀ ਵਿਰੋਧਤਾ ਕਰਨਗੇ, ਰੂਸ ਤੇ ਦੂਜੇ ਦੇਸ਼ਾਂ ਦੀਆਂ ਦੱਬੀਆਂ ਕੁਚਲੀਆਂ ਜਮਾਤਾਂ **ਸਰਮਾਏਦਾਰਾਂ ਦੇ ਵਿਰੁਧ** ਇਨਕਲਾਬੀ ਜੰਗ ਕਰਨ ਤੋਂ ਨਹੀਂ ਝਿਜਕਣਗੇ। **ਇਸ** ਜੰਗ ਵਿਚ ਉਹ **ਸਾਰੇ ਸੰਸਾਰ ਦੇ** ਸਰਮਾਏਦਾਰਾਂ ਨੂੰ ਹਾਰ ਦੇਣਗੇ, ਨਾ ਕੇਵਲ ਰੂਸ ਤੋਂ ਬਹੁਤ ਦੂਰ ਸਥਿਤ ਉਹਨਾਂ ਤਿੰਨਾਂ ਦੇਸ਼ਾਂ ਨੂੰ ਜਿਹੜੇ ਆਪਣੀਆਂ ਸਰੀਕੇਬਾਜ਼ੀਆਂ 'ਵਿਚ ਉਲਝੇ ਹੋਏ ਹਨ।

ਨਿਆਈਂ ਅਮਨ ਵਲ ਜਾਂਦਾ ਰਾਹ ਸਾਡੇ ਸਾਹਮਣੇ ਹੈ। ਸਾਨੂੰ ਇਸ ਉਤੇ ਚਲਣ ਤੋਂ ਨਹੀਂ ਡਰਨਾ ਚਾਹੀਦਾ।

ਪ੍ਰਾਵਦਾ ਨੰ: 75,
20 (7) ਜੂਨ, 1917

"ਮਹਾਨ ਵਾਪਸੀ"

"ਬੁਰਜੁਆਜੀ ਦੀ ਸਰਕਾਰ ਤੋਂ ਮਹਾਨ ਵਾਪਸੀ।" ਇਹ ਗੱਲ ਹੈ ਜੋ ਕਾਰਜਕਾਰਨੀ ਕਮੇਟੀ ਦੇ ਮੁੱਖ ਬੁਲਾਰੇ ਨੇ ਪਿਛਲੇ ਐਤਵਾਰ ਨੂੰ ਉਸ ਵਲੋਂ ਪੇਸ਼ ਕੀਤੀ ਰੀਪੋਰਟ ਵਿਚ, ਕੁਲੀਸਨ ਸਰਕਾਰ ਦੀ ਬਣਤਰ ਅਤੇ ਵਜ਼ਾਰਤ ਵਿਚ ਸਾਬਕ ਸੋਸ਼ਲਿਸਟਾਂ ਦੇ ਪ੍ਰਵੇਸ਼ ਬਾਰੇ ਆਖੀ ਸੀ।

ਇਸ ਵਾਕ ਵਿਚ ਕੇਵਲ ਪਿਛਲੇ ਦੋ ਸ਼ਬਦ ਸਹੀ ਹਨ। "ਮਹਾਨ ਵਾਪਸੀ" ਨਿਰਸੰਦੇਹ, 6 ਮਈ (ਕੁਲੀਸਨ ਸਰਕਾਰ ਦੀ ਬਣਤਰ) ਨੂੰ ਲਛਣਾਉਂਦੀ ਹੈ ਅਤੇ ਉਸ ਦੀ ਵਿਆਖਿਆ ਕਰਦੀ ਹੈ। ਇਹ ਗੱਲ ਉਸ ਦਿਨ ਹੀ ਸੀ ਕਿ "ਮਹਾਨ ਵਾਪਸੀ" ਅਸਲ ਵਿਚ ਅਰੰਭ ਹੀ ਸੀ, ਜਾਂ ਵਧੇਰੇ ਸਹੀ, ਇਸ ਨੇ ਆਪਣੇ ਆਪ ਨੂੰ ਬਹੁਤ ਸਪਸ਼ਟਤਾ ਨਾਲ ਪ੍ਰਗਟਾਇਆ ਸੀ। ਇਹ ਕੇਵਲ ਬੁਰਜੁਆਜੀ ਦੀ ਸਰਕਾਰ ਤੋਂ ਇਕ ਮਹਾਨ ਵਾਪਸੀ ਹੀ ਨਹੀਂ ਸੀ, ਸਗੋਂ ਮੈਨਸ਼ਵਿਕ ਅਤੇ ਨਰੋਦਨਿਕ ਆਗੂਆਂ ਦੀ **ਇਨਕਲਾਬ** ਤੋਂ ਵੀ ਮਹਾਨ ਵਾਪਸੀ ਸੀ।

ਸਿਪਾਹੀਆਂ ਤੇ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਕਾਂਗਰਸ ਦੀ, ਜੋ ਇਸ ਸਮੇਂ ਅਰੰਭ ਹੈ, ਮਹੱਤਤਾ ਇਸ ਤੱਥ ਵਿਚ ਸਥਿਤ ਹੈ ਕਿ ਇਸ ਨੇ ਇਸ ਘਟਨਾ ਨੂੰ ਪਹਿਲਾਂ ਤੋਂ ਕਿਤੇ ਵਧੇਰੇ ਸਾਫ਼ ਕਰ ਦਿਤਾ ਹੈ।

6 ਮਈ ਬੁਰਜੁਆਜੀ ਦੀ ਜਿੱਤ ਦਾ ਦਿਨ ਸੀ। ਬੁਰਜੂਆ ਸਰਕਾਰ ਹਾਰ ਦੀ ਬੰਨੀ ਉਤੇ ਖਲੋਤੀ ਸੀ। ਜਨਸਮੂਹ ਇਸ ਦੇ ਨਿਸਚਿਤ ਤੇ ਕਤੱਈ ਰੂਪ ਵਿਚ ਤੀਬਰਤਾ ਨਾਲ ਇਸ ਦੇ ਵਿਰੁਧ ਸਨ। ਸੋਵੀਅਤ ਦੇ ਨਰੋਦਨਿਕ ਤੇ ਮੈਨਸ਼ਵਿਕ ਆਗੂਆਂ ਦਾ ਇਕ ਵੀ ਸ਼ਬਦ ਸਰਕਾਰ ਵਲੋਂ ਆਪਣੀ ਸੱਤਾ ਤਿਆਗਣ ਲਈ ਤਿਆਰ ਕਰਨ ਲਈ ਕਾਫ਼ੀ ਸੀ। ਲਵੋਵ ਨੂੰ ਇਹ ਗੱਲ ਖੁਲ੍ਹੇ ਤੌਰ ਤੇ ਮਾਰਿਨਸਕੀ ਮਹੱਲ ਵਿਚਲੀ ਬੈਠਕ ਵਿਚ ਮੰਨਣੀ ਪਈ।

ਬੁਰਜੁਆਜੀ ਨੇ ਇਕ ਹੁਸ਼ਿਆਰ ਚਾਲ ਉਤੇ ਅਮਲ ਕੀਤਾ ਜੋ ਰੂਸੀ ਨਿਕ-ਬੁਰਜੁਆਜ਼ੀ ਲਈ, ਅਤੇ ਆਮ ਤੌਰ ਤੇ ਰੂਸੀ ਜਨਸਮੂਹ ਲਈ, ਨਵੀਂ ਸੀ ਜਿਸ ਨੇ ਬੁਧੀਜੀਵੀ ਮੈਨਸ਼ਵਿਕ ਤੇ ਨਰੋਦਨਿਕ ਆਗੂਆਂ ਨੂੰ ਨਸ਼ਿਆ ਦਿਤਾ ਅਤੇ ਜਿਸ ਨੇ ਉਹਨਾਂ ਦੇ ਲੂਈਸ ਬਲਾਂਕ ਖਾਸੇ ਨੂੰ ਚੰਗੀ ਤਰ੍ਹਾਂ ਧਿਆਨ ਵਿਚ ਰਖਿਆ। ਪਾਠਕਾਂ ਨੂੰ ਚੇਤੇ ਕਰਨਾ ਚਾਹੀਦਾ ਹੈ ਕਿ ਲੂਈਸ ਬਲਾਂਕ ਇਕ ਉੱਘਾ ਨਿਕ-ਬੁਰਜੂਆ ਸੋਸ਼ਲਿਸਟ ਜੋ 1848 ਵਿਚ ਫਰਾਂਸੀਸੀ ਸਰਕਾਰ ਵਿਚ ਸ਼ਾਮਲ ਹੋਇਆ ਅਤੇ 1871 ਵਿਚ ਬਦਨਾਮ ਹੋ ਗਿਆ। ਲੂਈਸ ਬਲਾਂਕ, ਜੋ ਆਪਣੇ ਆਪ ਨੂੰ

"ਲੇਬਰ ਡੈਮੋਕਰੇਟਾਂ" ਦਾ ਜਾਂ "ਸੋਸ਼ਲਿਸਟ ਡੈਮੋਕਰੇਟਾਂ" ਦਾ ਲੀਡਰ ਖਿਆਲ ਕਰਦਾ ਸੀ (ਬੋਲਾ "ਜਮਹੂਰੀਅਤ" ਫਰਾਂਸ ਵਿਚ ਉਸੇ ਤਰ੍ਹਾਂ ਅਕਸਰ ਵਰਤਿਆ ਜਾਂਦਾ ਸੀ ਜਿਵੇਂ 1917 ਵਿਚ ਸੋਸ਼ਲਿਸਟ ਰੈਵੋਲਿਊਸ਼ਨਰੀ ਤੇ ਮੈਨਸ਼ਵਿਕ ਲਿਖਤਾਂ ਵਿਚ ਵਰਤਿਆ ਜਾਂਦਾ ਹੈ) ਪਰ ਹਕੀਕਤ ਵਿਚ ਉਹ ਬੁਰਜੂਆਜ਼ੀ ਦਾ ਪਿਛਲੱਗ ਸੀ ਤੇ ਉਹਨਾਂ ਦੇ ਹੱਥ ਵਿਚ ਖਿਡੌਣਾ ਸੀ।

ਲਗਪਗ 70 ਸਾਲਾਂ ਦੌਰਾਨ ਜੋ ਉਸ ਸਮੇਂ ਪਿਛੋਂ ਬੀਤ ਚੁਕੇ ਹਨ; ਉਹ ਚਾਲ, ਜੋ ਰੂਸ ਵਿਚ ਇਕ ਨਵੀਂ ਚੀਜ਼ ਹੈ, ਪੱਛਮ ਵਿਚ ਬੁਰਜੂਆਜ਼ੀ ਵਲੋਂ ਕਈ ਵਾਰ ਚਲੀ ਜਾ ਚੁਕੀ ਹੈ। ਇਸ ਚਾਲ ਦਾ ਉਦੇਸ਼ ਉਹਨਾਂ "ਸੋਸ਼ਲਿਸਟ ਡੈਮੋਕਰੇਟਿਕ" ਆਗੂਆਂ ਨੂੰ ਜਿਹੜੇ ਸੋਸ਼ਲਿਜ਼ਮ ਤੋਂ ਅਤੇ ਇਨਕਲਾਬ ਤੋਂ ਮੂੰਹ ਮੋੜ ਲੈਂਦੇ ਹਨ ਇਕ ਬੁਰਜੂਆ ਸਰਕਾਰ ਦੇ ਹਾਨੀ-ਰਹਿਤ ਲਗਭੁੱਗ ਬਨਾਉਣਾ, ਲਗਪਗ ਸੋਸ਼ਲਿਸਟ ਵਜ਼ੀਰਾਂ ਦੇ ਸਾਧਨ ਰਾਹੀਂ ਲੋਕਾਂ ਤੋਂ ਇਸ ਸਰਕਾਰ ਨੂੰ ਬਚਾਉਣਾ, "ਸੋਸ਼ਲਿਸਟ" ਵਜ਼ਾਰਤਵਾਦ ਦੇ ਚਮਕੀਲੇ ਦਰਸ਼ਨੀ ਮੁਖੌਟੇ ਰਾਹੀਂ ਬੁਰਜੂਆਜ਼ੀ ਦੇ ਉਲਟ-ਇਨਕਲਾਬੀ ਖਾਸੇ ਨੂੰ ਲੁਕਾਉਣਾ ਹੈ।

ਫਰਾਂਸ ਵਿਚ ਇਹ ਢੰਗ ਇਕ ਯਥਾਰਥਕ ਕਲਾ ਵਿਚ ਵਿਕਸਤ ਹੋ ਗਿਆ ਹੈ। ਇਸ ਨੂੰ ਐਂਗਲੋ-ਸੈਕਸਨ, ਸਕੈਂਡੇਨੇਵੀਅਨ ਤੇ ਕਈ ਲਾਤੀਨੀ ਦੇਸ਼ਾਂ ਵਿਚ ਕਈ ਵਾਰ ਅਜ਼ਮਾਇਆ ਜਾ ਚੁਕਿਆ ਹੈ। ਇਹੋ ਚਾਲ ਸੀ ਜੋ ਰੂਸ ਵਿਚ 6 ਮਈ 1917 ਵਿਚ ਅਮਲ ਵਿਚ ਲਿਆਂਦੀ ਗਈ।

"ਸਾਡੇ" ਲਗਪਗ-ਸੋਸ਼ਲਿਸਟ ਵਜ਼ੀਰਾਂ ਨੇ ਆਪਣੇ ਆਪ ਨੂੰ ਅਜਿਹੀ ਸਥਿਤੀ ਵਿਚ ਵੇਖਿਆ ਜਿਸ ਵਿਚ ਬੁਰਜੂਆਜ਼ੀ ਨੇ ਉਹਨਾਂ ਨੂੰ ਆਪਣੇ ਹੱਥਠੋਕਿਆਂ ਵਜੋਂ ਵਰਤਣਾ ਸ਼ੁਰੂ ਕਰ ਦਿਤਾ, ਤੇ ਉਹਨਾਂ ਰਾਹੀਂ ਉਹ ਕੁਝ ਕਰਨਾ ਸ਼ੁਰੂ ਕਰ ਦਿਤਾ ਜੋ ਬੁਰਜੂਆਜ਼ੀ ਉਹਨਾਂ ਤੋਂ ਖਿਨਾਂ ਕਦੇ ਨਾ ਕਰ ਸਕਦੀ।

ਗੂਚਕੋਵ ਰਾਹੀਂ ਇਕ ਸਾਮਰਾਜੀ ਲੋਟੂ ਜੰਗ ਨੂੰ ਆਮ ਤੌਰ ਤੇ ਬਸਤੀਆਂ ਤੇ ਕਬਜ਼ੇ ਵਿਚ ਵਿਚ ਲਏ ਇਲਾਕਿਆਂ ਦੀ ਮੁੜ ਵੰਡ ਲਈ ਜੰਗ ਨੂੰ ਜਾਰੀ ਰਖਣਾ ਲੋਕਾਂ ਨੂੰ ਪਰੇਰਨਾ ਅਸੰਭਵ ਹੋਣਾ ਸੀ। ਕੇਰੇਨਸਕੀ (ਅਤੇ ਤਸੇਰੇਤੇਲੀ, ਜੋ ਡਾਕ ਤੇ ਤਾਰ ਦੇ ਮਜ਼ਦੂਰਾਂ ਦੀ ਹਮਾਇਤ ਕਰਨ ਨਾਲੋਂ ਤੇਰੇਸ਼ਚੇਨਕੋ ਦੀ ਹਮਾਇਤ ਕਰਨ ਵਿਚ ਬਹੁਤ ਰੁਝਿਆ ਹੋਇਆ ਸੀ) ਰਾਹੀਂ ਬੁਰਜੂਆਜ਼ੀ, ਜਿਵੇਂ ਮਿਲਿਯੂਕੋਵ ਤੇ ਮਾਕਲਾਕੋਵ ਵਲੋਂ ਸਹੀ ਤੌਰ ਤੇ ਪਰਵਾਨ ਕੀਤਾ ਗਿਆ ਹੈ ਇਸ ਪਰਕਾਰ ਦੀ ਜੰਗ ਨੂੰ ਜਾਰੀ ਰਖਣਾ "ਜਥੇਬੰਦ" ਕਰਨ ਦੇ ਯੋਗ ਸੀ।

ਸ਼ਿੰਗਾਰੇਓਵ ਰਾਹੀਂ ਜਗੀਰਦਾਰ ਮਿਲਖਾਂ ਦੇ ਪਰਬੰਧ ਦੀ ਘਟੋ ਘਟ ਵਿਧਾਨਸਾਜ਼ ਅਸੰਬਲੀ ਬੁਲਾਉਣ ਤਕ ਬਹਾਲੀ ਨੂੰ ਯਕੀਨੀ ਬਨਾਉਣਾ ਅਸੰਭਵ ਹੁੰਦਾ (ਜੇ ਇਕ ਹਮਲਾ ਹੁੰਦਾ, ਇਸ ਨੇ "ਰੂਸ ਨੂੰ ਪੂਰੀ ਤਰ੍ਹਾਂ ਸੰਭਲਣ ਦੇ ਯੋਗ ਬਣਾ ਦੇਣਾ ਸੀ," ਮਾਕਲਾਕੋਵ ਨੇ ਆਖਿਆ। ਇਸ ਦਾ ਇਹ ਅਰਥ ਹੈ ਕਿ ਖੁਦ ਵਿਧਾਨਸਾਜ਼ ਅਸੰਬਲੀ "ਵਧੇਰੇ ਨਰੋਈ" ਹੋਣੀ ਸੀ)। ਚੇਰਨੋਵ ਰਾਹੀਂ ਇਹ ਕੁਝ ਕੀਤਾ ਜਾ ਸਕਦਾ ਹੈ। ਕਿਸਾਨਾਂ ਨੂੰ ਦਸਿਆ ਜਾਂਦਾ ਰਿਹਾ ਹੈ, ਭਾਵੇਂ ਉਹ ਇਹ ਕੁਝ ਸੁਣਨ ਲਈ ਬਹੁਤੇ ਖੁਸ਼ ਨਹੀਂ ਸਨ ਕਿ ਜਗੀਰਦਾਰਾਂ ਤੇ ਜ਼ਮੀਨ ਹਰ ਇਕ ਵਿਅਕਤੀਗਤ ਮਾਲਕ ਨਾਲ ਸਮਝੌਤੇ ਰਾਹੀਂ ਭਾੜੇ ਤੇ ਦੇਣੀ "ਸਹੀ" ਗੱਲ ਹੈ, ਜਦ ਕਿ ਇਕੋ ਝਟਕੇ ਨਾਲ ਜਗੀਰੂ ਮਿਲਖਾਂ ਰੱਦ ਕਰਨਾ ਤੇ ਵਿਧਾਨਸਾਜ਼ ਅਸੰਬਲੀ ਬੁਲਾਉਣ ਤਕ ਜਗੀਰਦਾਰਾਂ ਦੀਆਂ ਸਾਬਕ ਜ਼ਮੀਨਾਂ ਨੂੰ ਲੋਕਾਂ ਤੋਂ ਭਾੜੇ ਤੇ ਲੈਣਾ "ਅਰਾਜਕਤਾ" ਹੈ। ਜਗੀਰਦਾਰਾਂ ਦਾ ਇਹ ਉਲਟ-ਇਨਕਲਾਬੀ ਵਿਚਾਰ ਕੇਵਲ ਚੇਰਨੋਵ ਰਾਹੀਂ ਹੀ ਅਮਲ ਵਿਚ ਲਿਆਂਦਾ ਜਾ ਸਕਦਾ ਸੀ।

ਕ੍ਰੋਨੋਵਾਲੋਵ ਰਾਹੀਂ ਜੰਗੀ ਸੌਦਿਆਂ ਤੋਂ ਸਾਰਸ਼ੀ ਮੁਨਾਫਿਆਂ ਦੀ ਹਿਫ਼ਾਜ਼ਤ ਕਰਨਾ ਅਸੰਭਵ

ਹੋਣਾ ਸੀ । ਸਕੋਬੇਲੇਵ ਰਾਹੀਂ ਜਾਂ ਉਸ ਦੀ ਸ਼ਮੂਲੀਅਤ ਰਾਹੀਂ ਇਸ ਹਿਫਾਜ਼ਤ ਨੂੰ ਪੁਰਾਣੇ ਪ੍ਰਬੰਧ ਨੂੰ ਕਥਿਤ ਰੂਪ ਵਿਚ ਬਹਾਲ ਰਖਣ ਰਾਹੀਂ, ਸੋਸ਼ਲਿਜ਼ਮ ਨੂੰ "ਲਾਗੂ ਕਰਨ" ਦੀ ਸੰਭਾਵਨਾ ਦੀ [illegible] "ਮਾਰਕਸੀ" ਰੌਂਦਤਾ ਰਾਹੀਂ ਯਕੀਨੀ ਬਣਾਇਆ ਜਾ ਸਕਦਾ ਹੈ ।

ਕਿਉਂ ਜੋ ਸੋਸ਼ਲਿਜ਼ਮ ਸਰਮਾਏਦਾਰਾਂ ਦੇ ਨਿਰੋਲ ਸਰਮਾਏਦਾਰ ਵਪਾਰ ਰਾਹੀਂ ਨਹੀਂ ਸਗੋਂ ਹਥਿਆਰਬੰਦ ਫੌਜਾਂ ਨੂੰ, ਰਾਜ ਨੂੰ ਸਪਲਾਈਆਂ ਰਾਹੀਂ ਕਮਾਏ ਗਏ ਸਾਜ਼ਸ਼ੀ ਉਚੇ ਮੁਨਾਫਿਆਂ ਨੂੰ ਲਾਗੂ ਨਹੀਂ ਕਰ ਸਕਦਾ—ਇਹ ਮੁਨਾਫੇ ਲੋਕਾ ਤੋਂ ਲੁਕਾਏ ਜਾ ਸਕਦੇ ਹਨ ਤੇ ਬਹਾਲ ਰਖੇ ਜਾ ਸਕਦੇ ਹਨ । ਇਹ ਹੈ ਅਜੀਬ ਸਟਰੂਵੀਅਨ ਦਲੀਲ ਜਿਸ ਨੇ ਇਕ ਪਾਸੇ ਤੇਰੇਸਚੇਨਕੋ ਤੇ ਲਵੋਵ ਨੂੰ ਤੇ ਦੂਜੇ ਪਾਸੇ "ਮਾਰਕਸੀ" ਸਕੋਬੇਲੇਵ ਨੂੰ ਇਕਠਿਆਂ ਕਰ ਦਿਤਾ ਹੈ ।

ਜਨਤਕ ਮੀਟਿੰਗਾਂ ਤੇ ਸੋਵੀਅਤਾਂ ਨੂੰ ਲਵੋਵ, ਮਿਲਿਯੂਕੋਵ, ਤੇਰੇਸਚੇਨਕੋ, ਸ਼ਿੰਗਾਰੀਓਵ ਤੇ ਬਾਕੀਆ ਰਾਹੀਂ ਪ੍ਰਭਾਵਤ ਨਹੀਂ ਕੀਤਾ ਜਾ ਸਕਦਾ । ਪਰ ਇਹਨਾ ਨੂੰ ਤਸੇਰੇਤੇਲੀ, ਚੇਰਨੋਵ ਤੇ ਕੰਪਨੀ ਰਾਹੀਂ **ਉਸੇ** ਪੁਰਾਣੀ ਸੇਧ ਵਿਚ ਪ੍ਰਭਾਵਤ ਕੀਤਾ ਜਾ ਸਕਦਾ ਹੈ ਅਤੇ ਕੋਈ ਵੀ **ਉਸੇ** ਪੁਰਾਣੀ ਬੁਰਜੂਆ-ਸਾਮਰਾਜੀ ਨੀਤੀ ਉਤੇ ਵਿਸੇਸ ਤੌਰ ਤੇ ਪਰਭਾਵਸਾਲੀ, ਕਿਸੇ ਹੱਦ ਤਕ ਸ਼ਾਨਦਾਰ ਲੱਫਾਜ਼ੀ ਦੇ ਸਾਧਨਾ ਰਾਹੀਂ ਅਮਲ ਕਰ ਸਕਦਾ ਹੈ, ਜਿਸ ਅਨੁਸਾਰ ਉਹ ਲੋਕਾਂ ਦੇ ਸਥਾਨਕ ਅਧਿਕਾਰੀਆਂ ਨੂੰ ਚੁਣਨ ਅਤੇ ਉਪਰੋਂ ਉਹਨਾ ਦੀ ਨਿਯੁਕਤੀ ਤੇ ਪਰੋੜ੍ਹਤਾ ਨੂੰ ਰੋਕਣ ਦੇ ਬੁਨਿਆਦੀ ਅਧਿਕਾਰ ਤੋਂ ਇਨਕਾਰ ਕਰ ਸਕਦਾ ਹੈ ।

ਇਹ ਅਧਿਕਾਰ ਦੇਣ ਤੋਂ ਇਨਕਾਰ ਕਰਨ ਰਾਹੀਂ ਤਸੇਰੇਤੇਲੀ, ਚੇਰਨੋਵ ਤੇ ਕੰਪਨੀ ਸਾਬਕ ਸੋਸ਼ਲਿਸਟਾਂ ਤੋਂ ਸਾਬਕ ਡੈਮੋਕਰੇਟਾ ਵਿਚ ਅਣਭੋਲ ਹੀ ਬਦਲ ਗਏ ਹਨ ।

ਇਹ "ਮਹਾਨ ਵਾਪਸੀ", ਬਹੁਤ ਖੂਬ !

ਪਰਾਵਦਾ ਨੰਬਰ 76
21 (8) ਜੂਨ, 1917

ਮੁਜ਼ਾਹਰਾ ਰੱਦ ਕੀਤੇ ਜਾਣ ਬਾਰੇ ਤਕਰੀਰ, ਜੋ ਆਰ: ਐਸ: ਡੀ: ਐਲ: ਪੀ: (ਬੀ.) ਦੀ ਪੀਤਰੋਗਰਾਦ ਕਮੇਟੀ ਵਿਚ 11 (24) ਜੂਨ 1917 ਨੂੰ ਕੀਤੀ ਗਈ

ਮੁਜ਼ਾਹਰਾ ਰੱਦ ਕੀਤੇ ਜਾਣ ਉਤੇ ਸਾਥੀਆਂ ਵਲੋਂ ਪ੍ਰਗਟ ਕੀਤੀ ਗਈ ਅਸੰਤੁਸ਼ਟਤਾ ਬਿਲਕੁਲ ਕੁਦਰਤੀ ਹੈ, ਪਰ ਕੇਂਦਰੀ ਕਮੇਟੀ ਕੋਲ ਦੋ ਕਾਰਨਾਂ ਕਰ ਕੇ ਹਰ ਕੋਈ ਬਦਲ ਨਹੀਂ ਸੀ। ਪਹਿਲਾ, ਸੱਤਾ ਦੇ ਅਰਧ ਅਦਾਰੇ (ਸੋਵੀਅਤਾਂ ਦੀ ਪਹਿਲੀ ਕੁਲ-ਰੂਸ ਕਾਂਗਰਸ) ਵਲੋਂ ਸਾਡੇ ਉਤੇ ਮੁਜ਼ਾਹਰਾ ਕਰਨ ਉਤੇ ਪਾਬੰਦੀ ਲਾ ਦਿਤੀ ਗਈ ਸੀ; ਦੂਜਾ, ਪਾਬੰਦੀ ਲਾਉਣ ਦਾ ਮੰਤਵ ਇਸ ਤਰ੍ਹਾਂ ਬਿਆਨ ਕੀਤਾ ਗਿਆ ਸੀ: "ਅਸੀਂ ਜਾਣਦੇ ਹਾਂ ਕਿ ਉਲਟ-ਇਨਕਲਾਬ ਦੀਆਂ ਲੁਕਵੀਆਂ ਤਾਕਤਾਂ ਤੁਹਾਡੇ ਮੁਜ਼ਾਹਰੇ ਤੋਂ ਲਾਭ ਉਠਾਉਣਾ ਚਾਹੁੰਦੀਆਂ ਹਨ।" ਇਸ ਮੰਤਵ ਦੀ ਹਮਾਇਤ ਵਿਚ ਸਾਨੂੰ ਨਾਅ ਦਿਤੇ ਗਏ, ਜਿਵੇਂ ਇਕ ਜਰਨੈਲ ਦਾ ਜਿਸ ਨੂੰ ਤਿੰਨ ਦਿਨਾਂ ਵਿਚ ਗ੍ਰਿਫਤਾਰ ਕਰਨ ਬਾਰੇ ਉਹਨਾਂ ਨੇ ਵਚਨ ਦਿਤਾ ਸੀ, ਤੇ ਹੋਰਾਂ ਨੂੰ। ਅਤੇ ਉਹਨਾਂ ਐਲਾਨ ਕੀਤਾ ਕਿ **ਕਾਲੇ ਸੈਂਕੜਿਆਂ** ਦਾ ਇਕ ਮੁਜ਼ਾਹਰਾ ਇਸ ਇਰਾਦੇ ਨਾਲ 10 ਜੂਨ ਲਈ ਜਥੇਬੰਦ ਕੀਤਾ ਗਿਆ ਸੀ ਤਾਂ ਜੋ ਸਾਡੇ ਮੁਜ਼ਾਹਰੇ ਨੂੰ ਤੋੜਿਆ ਜਾਵੇ ਤੇ ਇਸ ਤਰ੍ਹਾਂ ਇਸ ਨੂੰ ਇਕ ਟੱਕਰ ਵਿਚ ਬਦਲ ਦਿਤਾ ਜਾਵੇ।

ਸਾਧਾਰਨ ਲੜਾਈ ਵਿਚ ਵੀ ਕਈ ਵਾਰ ਵਾਪਰਦਾ ਹੈ ਕਿ ਇਕ ਵਿਉਂਤਬੰਦ ਹਮਲਾ ਰਾਜਨੀਤਕ ਕਾਰਨਾਂ ਕਰ ਕੇ ਰੱਦ ਕਰਨਾ ਪੈ ਜਾਂਦਾ ਹੈ। ਇਸ ਤਰ੍ਹਾਂ ਦੀ ਗੱਲ ਜਮਾਤੀ ਲੜਾਈ ਵਿਚ ਵੀ ਵਾਪਰ ਸਕਦੀ ਹੈ। ਇਹ ਗੱਲ ਦਰਮਿਆਨੇ, ਨਿਕ-ਬੁਰਜੂਆ ਗਰੁੱਪਾਂ ਦੀ ਜਕੋ-ਤੱਕੀ ਉਤੇ ਨਿਰਭਰ ਕਰਦੀ ਹੈ। ਸਾਨੂੰ ਸਥਿਤੀ ਦਾ ਲੇਖਾ-ਜੋਖਾ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਫੈਸਲੇ ਲੈਣ ਵਿਚ ਦਲੇਰ ਹੋਣਾ ਚਾਹੀਦਾ ਹੈ।

ਮੁਜ਼ਾਹਰੇ ਨੂੰ ਰੱਦ ਕਰਨਾ ਬਿਲਕੁਲ ਜ਼ਰੂਰੀ ਸੀ, ਜਿਵੇਂ ਕਿ ਮਗਰਲੀਆਂ ਵਾਪਰਨਾਵਾਂ ਨੇ ਸਿੱਧ ਕਰ ਦਿਤਾ। ਅੱਜ ਤਸੇਰੇਤੇਲੀ ਨੇ ਆਪਣੀ ਇਤਿਹਾਸਕ ਤੇ ਬੇਲਗਾਮ ਭਾਵਕ ਤਕਰੀਰ ਕੀਤੀ ਹੈ। ਅੱਜ ਇਨਕਲਾਬ ਆਪਣੇ ਵਿਕਾਸ ਦੇ ਨਵੇਂ ਪੜਾਅ ਵਿਚ ਪ੍ਰਵੇਸ਼ ਕਰ ਰਿਹਾ ਹੈ। ਉਹਨਾਂ ਨੇ ਇਸ ਦਾ ਅਰੰਭ ਸਾਡੇ ਮੁਜ਼ਾਹਰੇ ਉਤੇ ਤਿੰਨ ਦਿਨਾਂ ਦੀ ਪਾਬੰਦੀ ਨਾਲ ਕੀਤਾ, ਅਤੇ ਹੁਣ

ਉਹ ਇਸ ਉਤੇ ਕਾਂਗਰਸ ਦੇ ਸਾਰੇ ਸਮੇਂ ਦੌਰਾਨ ਪਾਬੰਦੀ ਲਾਉਣਾ ਚਾਹੁੰਦੇ ਹਨ। ਉਹ ਮੰਗ ਕਰਦੇ ਹਨ ਕਿ ਅਸੀਂ ਕਾਂਗਰਸ ਦੇ ਫੈਸਲੇ ਨੂੰ ਕਾਂਗਰਸ ਵਿਚੋਂ ਕੱਢੇ ਜਾਣ ਦੀ ਧਮਕੀ ਅਧੀਨ ਪ੍ਰਵਾਨ ਕਰੀਏ। ਅਸਾਂ ਐਲਾਨ ਕੀਤਾ ਹੈ ਕਿ ਅਸੀਂ ਪ੍ਰਾਪੇਗੰਡੇ ਦੀ ਆਜ਼ਾਦੀ ਦਾ ਤਿਆਗ ਕਰਨ ਨਾਲੋਂ ਗਰਿਫਤਾਰ ਹੋਣ ਨੂੰ ਪਹਿਲ ਦੇਂਦੇ ਹਾਂ।

ਤਸੇਰੇਤੇਲੀ, ਜਿਸ ਦੀ ਤਕਰੀਰ ਨੇ ਉਸ ਨੂੰ ਇਕ ਕਟੱੜ ਉਲਟ-ਇਨਕਲਾਬੀ ਵਜੋਂ ਦਰਜਾ ਦਿਤਾ ਹੈ, ਨੇ ਐਲਾਨ ਕੀਤਾ ਕਿ ਬਾਲਸ਼ਵਿਕਾਂ ਦਾ ਵਿਰੋਧ ਸ਼ਬਦਾਂ ਤੇ ਮਤਿਆਂ ਰਾਹੀਂ ਨਹੀਂ ਕਰਨਾ ਚਾਹੀਦਾ ਸਗੋਂ ਉਹਨਾ ਨੂੰ ਉਹਨਾ ਸਾਰੇ ਤਕਨੀਕੀ ਸਾਧਨਾਂ ਤੋਂ ਵਾਂਝਿਆਂ ਕਰ ਦੇਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਵਸ ਵਿਚ ਹਨ। ਸਾਰੇ ਬੁਰਜੂਆ ਮਤਿਆਂ ਦਾ ਸਿੱਟਾ ਹੈ: ਪਹਿਲਾ ਪਰੋਲੇਤਾਰੀਆ ਨੂੰ ਹਥਿਆਰਬੰਦ ਕਰੋ, ਤੇ ਇਸ ਨੂੰ ਹੋਰ ਅਗਾਹ ਜਾਣ ਤੋਂ ਰੋਕਣ ਲਈ ਬੇ-ਹਥਿਆਰ ਕਰੋ। ਇਹ ਤੱਥ, ਕਿ ਇਕ ਸਾਂਤਮਈ ਮੁਜ਼ਾਹਰੇ ਤੇ ਪਾਬੰਦੀ ਲਾਉਣੀ ਪਈ, ਦਰਸਾਉਂਦਾ ਹੈ ਕਿ ਸਥਿਤੀ ਬਹੁਤ ਹੀ ਗੰਭੀਰ ਹੈ।

ਤਸੇਰੇਤੇਲੀ ਨੇ, ਜਿਹੜਾ ਆਰਜ਼ੀ ਸਰਕਾਰ ਦੀਆਂ ਡੂੰਘਾਈਆ ਵਿਚੋਂ ਕਾਂਗਰਸ ਵਿਚ ਭਾਗ ਲੈਣ ਲਈ ਉਭਰਿਆ, ਮਜ਼ਦੂਰਾ ਨੂੰ ਬੇ-ਹਥਿਆਰ ਕਰਨ ਦੀ ਸਪੱਸ਼ਟ ਇੱਛਾ ਪ੍ਰਗਟ ਕੀਤੀ। ਉਹ ਇਹ ਮੰਗ ਕਰਦਿਆ ਬਹੁਤ ਹੀ ਭਿਅੰਕਰ ਗੁੱਸੇ ਵਿਚ ਸੀ ਕਿ ਬਾਲਸਵਿਕ ਪਾਰਟੀ ਨੂੰ ਇਨ-ਕਲਾਬੀ ਡੈਮੋਕਰੇਟਾ ਦੀਆ ਸਫਾ ਵਿਚੋਂ ਕੱਢ ਦੇਣਾ ਚਾਹੀਦਾ ਹੈ। ਮਜ਼ਦੂਰਾ ਨੂੰ ਸਪਸ਼ਟ ਤੌਰ ਤੇ ਸਮਝਣਾ ਚਾਹੀਦਾ ਹੈ ਕਿ ਹੁਣ ਸਾਂਤਮਈ ਮੁਜ਼ਾਹਰੇ ਦਾ ਕੋਈ ਸੁਆਲ ਨਹੀਂ ਹੈ। ਸਥਿਤੀ ਉਸ ਨਾਲੋਂ ਕਿਤੇ ਗੰਭੀਰ ਹੈ ਜੋ ਅਸਾ ਸੋਚੀ ਸੀ। ਅਸਾਂ ਕਾਂਗਰਸ ਦੇ ਫੈਸਲਿਆ ਉਤੇ ਵਧ ਤੋਂ ਵਧ ਪ੍ਰਭਾਵ ਪਾਉਣ ਲਈ—ਜੋ ਸਾਡਾ ਅਧਿਕਾਰ ਹੈ—ਇਕ ਸਾਂਤਮਈ ਮੁਜ਼ਾਹਰਾ ਕਰਨ ਵਾਲ ਸਾਂ, ਪਰ ਸਾਡੇ ਉਤੇ ਸਰਕਾਰ ਨੂੰ ਗਰਿਫਤਾਰ ਕਰਨ ਦੀ ਸਾਜ਼ਸ ਘੜਨ ਦਾ ਇਲਜ਼ਾਮ ਲਾਇਆ ਗਿਆ।

ਤਸੇਰੇਤੇਲੀ ਕਹਿੰਦਾ ਹੈ ਕਿ ਬਾਲਸਵਿਕਾ ਤੋਂ ਬਿਨਾ ਇਥੇ ਕੋਈ ਹੋਰ ਉਲਟ-ਇਨਕਲਾਬੀ ਨਹੀਂ ਹੈ। ਜਿਸ ਮੀਟਿੰਗ ਨੇ ਸਾਡੇ ਬਾਰੇ ਫੈਸਲਾ ਪਾਸ ਕੀਤਾ ਹੈ ਉਸ ਨੂੰ ਵਿਸੇਸ਼ ਗੰਭੀਰਤਾ ਨਾਲ ਜਥੇਬੰਦ ਕੀਤਾ ਗਿਆ। ਇਸ ਵਿਚ ਕਾਂਗਰਸ ਸਟੀਅਰਿੰਗ ਕਮੇਟੀ, ਮਜ਼ਦੂਰਾ ਤੇ ਸਿਪਾਹੀਆ ਦੀ ਸੋਵੀਅਤ ਦੀ ਕਾਰਜ ਕਰਨੀ ਕਮੇਟੀ ਪੂਰੀ ਸ਼ਕਤੀ ਨਾਲ ਅਤੇ ਕਾਂਗਰਸ ਵਿਚ ਭਾਗ ਲੈ ਰਹੀਆ ਸਾਰੀਆ ਪਾਰਟੀਆ ਦੇ ਗਰੁੱਪਾ ਦੇ ਬਿਊਰੋ ਸਾਮਲ ਹਨ। ਉਥੇ ਉਹਨਾ ਨੇ ਸਾਰੀ ਸਚਾਈ ਉਗਲੱਛ ਦਿਤੀ। ਭਾਵ, ਉਹ ਸਾਡੇ ਵਿਰੁਧ ਇਕ ਹਮਲੇ ਦਾ ਸੱਦਾ ਦੇ ਰਹੇ ਹਨ।

ਪਰੋਲੇਤਾਰੀਆਂ ਨੂੰ ਇਸ ਦਾ ਜੁਆਬ ਵਧ ਤੋਂ ਵਧ ਧੀਰਜ, ਸਾਵਧਾਨੀ ਤੇ ਸੰਜਮ ਅਤੇ ਜਥੇਬੰਦੀ ਕਰਵਾਉਣ ਰਾਹੀਂ ਦੇਣਾ ਚਾਹੀਦਾ ਹੈ ਅਤੇ ਇਹ ਚੇਤੇ ਰਖਣਾ ਚਾਹੀਦਾ ਹੈ ਕਿ ਸ਼ਾਂਤਮਈ ਜਲੂਸ ਬੀਤੇ ਦੀ ਗੱਲ ਹਨ।

ਸਾਨੂੰ ਉਹਨਾਂ ਨੂੰ ਹਮਲਾ ਕਰਨ ਦਾ ਬਹਾਨਾ ਨਹੀਂ ਦੇਣਾ ਚਾਹੀਦਾ। ਉਹਨਾ ਨੂੰ ਹਮਲਾ ਕਰਨ ਦਿਓ ਤੇ ਮਜ਼ਦੂਰ ਇਹ ਸਮਝ ਜਾਣਗੇ ਕਿ ਇਹ ਪਰੋਲੇਤਾਰੀਆ ਦੀ ਹੋਂਦ ਉਤੇ ਹੀ ਹਮਲਾ ਹੈ। ਪਰ ਹਕੀਕਤ ਸਾਡੇ ਪੱਖ ਵਿਚ ਹੈ ਅਤੇ ਇਹ ਵਿਵਾਦ-ਪੂਰਣ ਨੁਕਤਾ ਹੈ ਕਿ ਉਹਨਾ ਦਾ ਹਮਲਾ ਸਫਲ ਹੋਵੇਗਾ ਜਾਂ ਨਹੀਂ—ਮੋਰਚੇ ਉਤੇ ਫੌਜਾ ਹਨ, ਉਹਨਾਂ ਵਿਚਾਲੇ ਬੇਚੈਨੀ ਬਹੁਤ ਜ਼ੋਰਾਂ ਤੇ ਹੈ, ਅਤੇ ਪਿਛਵਾੜੇ ਵਿਚ ਜੀਊਣਾ ਬਹੁਤ ਮਹਿੰਗਾ ਹੈ, ਆਰਥਕ ਗੜਬੜ ਅਤੇ ਹੋਰ ਕਿੰਨਾ ਕੁਝ ਹੈ।

ਕੇਂਦਰੀ ਕਮੇਟੀ ਤੁਹਾਡੇ ਫੈਸਲੇ ਉਤੇ ਅਮਲ ਨਹੀਂ ਕਰਨਾ ਚਾਹੁੰਦੀ। ਕੇਂਦਰੀ ਕਮੇਟੀ ਦੀਆਂ ਕਾਰਵਾਈਆਂ ਵਿਰੁਧ ਰੋਸ ਕਰਨ ਦਾ ਤੁਹਾਡਾ ਅਧਿਕਾਰ, ਇਕ ਹੱਕੀ ਅਧਿਕਾਰ ਹੈ, ਅਤੇ ਤੁਹਾਡਾ ਫੈਸਲਾ ਸੁਤੰਤਰ ਹੋਣਾ ਚਾਹੀਦਾ ਹੈ।

ਪਹਿਲਾਂ 1923 ਵਿਚ
ਕਰਾਸਨਾਇਆ ਲੇਤੋਪਿਸ ਨੰਬਰ 9
ਵਿਚ ਪ੍ਰਕਾਸ਼ਤ ਹੋਇਆ।

ਮੋੜਾ

ਆਪਣੇ ਵਿਕਾਸ ਦੇ ਪਹਿਲੇ ਪੜਾਅ ਤੇ ਰੂਸੀ ਇਨਕਲਾਬ ਨੇ ਸੱਤਾ ਸਾਮਰਾਜੀ ਬੁਰਜੂਆਜ਼ੀ ਨੂੰ ਸੌਂਪ ਦਿਤੀ ਅਤੇ ਉਸ ਸੱਤਾ ਦੇ ਨਾਲ ਨਾਲ ਡਿਪਟੀਆਂ ਦੀਆਂ ਸੋਵੀਅਤਾਂ ਸਥਾਪਤ ਕਰ ਦਿਤੀਆਂ ਜਿਹਨਾ ਵਿਚ ਨਿਕ-ਬੁਰਜੂਆ ਡੈਮੋਕਰੇਟਾਂ ਦੀ ਬਹੁਗਿਣਤੀ ਸੀ। ਇਨਕਲਾਬ (6 ਮਈ) ਦੇ ਦੂਜੇ ਪੜਾਅ ਨੇ ਸਾਮਰਾਜ ਦੇ ਸਨਕੀ ਤੌਰ ਤੇ ਖੁਲ੍ਹੇ ਬੁਲਾਰਿਆਂ ਮਿਲਿਯੂਕੋਵ ਤੇ ਗੁਚਕੋਵ ਨੂੰ ਆਰਜੀ ਤੌਰ ਤੇ ਸੱਤਾ ਤੋਂ ਹਟਾ ਦਿਤਾ ਅਤੇ ਸੋਵੀਅਤਾਂ ਵਿਚ ਬਹੁ-ਗਿਣਤੀ ਪਾਰਟੀਆ ਨੂੰ ਰਾਜ ਕਰਨ ਵਾਲੀਆ ਪਾਰਟੀਆ ਵਿਚ ਤਬਦੀਲ ਕਰ ਦਿਤਾ। ਸਾਡੀ ਪਾਰਟੀ 6 ਮਈ ਤੋਂ ਪਹਿਲਾ ਤੇ ਮਗਰੋਂ ਵੀ ਇਕ ਘੱਟ ਗਿਣਤੀ ਦੀ ਪਾਰਟੀ ਰਹੀ। ਇਹ ਗੱਲ ਅਟੱਲ ਸੀ ਕਿਉਂ ਜੋ ਅਸੀਂ ਸੋਸਲਿਸਟ ਪਰੋਲੇਤਾਰੀਆਂ ਦੀ ਪਾਰਟੀ ਹਾਂ, ਇਕ ਕੌਮਾਂਤਰੀ ਪੁਜ਼ੀਸ਼ਨ ਵਾਲੀ ਪਾਰਟੀ ਹਾ। ਇਕ ਸੋਸਲਿਸਟ ਪਰੋਲੇਤਾਰੀਆ, ਜਿਸ ਦਾ ਸਾਮਰਾਜੀ ਜੰਗ ਵਿਚ ਕੌਮਾਤਰੀਵਾਦੀ ਦ੍ਰਿਸ਼ਟੀਕੋਣ ਹੈ ਕਿਸੇ ਵੀ ਜੰਗ ਲੜ ਰਹੀ ਤਾਕਤ ਦੇ ਵਿਰੁਧ ਹੋਏ ਬਿਨਾਂ ਨਹੀਂ ਰਹਿ ਸਕਦਾ, ਚਾਹੇ ਉਹ ਸੱਤਾ ਇਕ ਪਾਤਸਾਹੀ ਜਾ ਰੀਪਬਲਿਕ ਹੈ, ਜਾਂ ਚਾਹੇ ਉਹ ਰੱਖਿਆਵਾਦੀ "ਸੋਸ਼ਲਿਸਟਾ" ਦੇ ਹੱਥਾ ਵਿਚ ਹੈ। ਅਤੇ ਸੋਸਲਿਸਟ ਪਰੋਲੇਤਾਰੀਆਂ ਦੀ ਪਾਰਟੀ ਹਰ ਹਾਲਤ ਵਿਚ ਲੋਕਾ ਦੇ ਨਿੱਤ ਵਧਦੇ ਵੱਡੇ ਸਮੂਹ ਨੂੰ ਆਪਣੇ ਵਲ ਖਿੱਚੇਗੀ ਜਿਹੜੇ ਲੋਕ ਲਮਕਦੀ ਜੰਗ ਰਾਹੀਂ ਤਬਾਹ ਹੁੰਦੇ ਜਾ ਰਹੇ ਹਨ ਅਤੇ ਸਾਮਰਾਜ ਦੇ ਪੱਕੇ ਸੇਵਕ "ਸੋਸ਼ਲਿਸਟਾਂ" ਪ੍ਰਤੀ ਉਹਨਾਂ ਦੀ ਬੇਵਿਸ਼ਵਾਸੀ ਉਸੇ ਤਰ੍ਹਾਂ ਵਧ ਰਹੀ ਹੈ ਜਿਵੇਂ ਉਹ ਪਹਿਲਾਂ ਸਾਮਰਾਜੀਆਂ ਤੋਂ ਬੇਵਿਸ਼ਵਾਸੀ ਹੋ ਗਏ ਸਨ। ਇਸ ਲਈ, ਸਾਡੀ ਪਾਰਟੀ ਵਿਰੁਧ ਜਦੋਜਹਿਦ ਇਨਕਲਾਬ ਦੇ ਪਹਿਲੇ ਦਿਨਾਂ ਵਿਚ ਹੀ ਅਰੰਭ ਹੋ ਗਈ ਸੀ। ਕੇਡਿਟਾਂ ਤੇ ਪਲੈਖਾਨੋਵ ਲੋਕਾਂ ਵਲੋਂ ਪਰੋਲੇਤਾਰੀਆਂ ਦੀ ਪਾਰਟੀ ਵਿਰੁਧ ਕੀਤੀ ਜਾ ਰਹੀ ਜਦੋਜਹਿਦ ਦੇ ਰੂਪ ਭਾਵੇਂ ਕਿੰਨੇ ਵੀ ਬਦਨਾਮ ਅਤੇ ਘ੍ਰਿਣਾਤਮਕ ਹੋਣ ਜਦੋਜਹਿਦ ਦੇ ਅਰਥ ਬਿਲਕੁਲ ਸਪਸ਼ਟ ਹਨ। ਇਹ ਉਹੀ ਜਦੋਜਹਿਦ ਹੈ ਜੋ ਸਾਮਰਾਜੀਆਂ ਤੇ ਸ਼ਿਦੇਮਾਨ ਲੋਕਾਂ ਨੇ ਲਿਬਕਨੇਖ਼ਤ ਤੇ ਐਡਲਰ ਦੇ ਵਿਰੁਧ ਛੇੜੀ ਸੀ (ਦੋਹਾਂ ਨੂੰ ਅਸਲ ਵਿਚ, ਜਰਮਨ "ਸੋਸ਼ਲਿਸਟਾਂ" ਦੀ ਕੇਂਦਰੀ ਪਾਰਟੀ ਵਲੋਂ "ਪਾਗਲ" ਐਲਾਨਿਆ ਗਿਆ ਸੀ, ਬੁਰਜੂਆ ਪ੍ਰੈਸ ਦੀ ਤਾਂ ਗੱਲ ਹੀ ਛੱਡੋ; ਜਿਸ ਨੇ ਇਹਨਾ ਕਾਮਰੇਡਾਂ ਨੂੰ ਬਰਤਾਨੀਆਂ ਲਈ ਕੰਮ ਕਰ ਰਹੇ ਕੇਵਲ "ਗੱਦਾਰ" ਹੀ ਬਿਆਨ ਕਿਹਾ ਸੀ) ਇਹ ਸਮੁੱਚੀ ਬੁਰਜੂਆ ਸਮਾਜ ਦੀ, ਜਿਸ ਵਿਚ ਨਿਕ-ਬੁਰਜੂਆ ਡੈਮੋਕਰੇਟ ਵੀ ਸ਼ਾਮਲ ਹਨ, ਭਾਵੇਂ ਉਹ ਕਿਤਨੇ ਹੀ

ਇਨਕਲਾਬੀ ਕਿਉਂ ਨਾ ਹੋਣ, ਜਦੋਜਹਿਦ ਸੋਸ਼ਲਿਸਟ ਕੌਮਾਂਤਰੀਵਾਦੀ ਪਰੋਲੇਤਾਰੀਏ ਦੇ ਵਿਰੁਧ ਹੈ।

ਰੂਸ ਵਿਚ ਇਹ ਜਦੋਜਹਿਦ ਅਜਿਹੇ ਪੜਾਅ ਤੇ ਪੁੱਜ ਗਈ ਹੈ ਜਿਥੇ ਸਾਮਰਾਜੀ, ਨਿਕ-ਬੁਰਜੂਆ ਜਮਹੂਰੀ ਆਗੂਆਂ ਤਸੇਰੇਤੇਲੀ, ਚੇਰਨੋਵਾਂ ਆਦਿ ਰਾਹੀਂ ਇਕ ਇਕਹਿਰੀ, ਸਖਤ ਤੇ ਨਿਰਣਾਇਕ ਸੱਟ ਨਾਲ ਮਜਦੂਰ ਪਾਰਟੀ ਦੀ ਵਧਦੀ ਤਾਕਤ ਨੂੰ ਨਸ਼ਟ ਕਰਨ ਦਾ ਯਤਨ ਕਰ ਰਹੇ ਹਨ। ਇਸ ਨਿਰਣਾਇਕ ਸੱਟ ਦੇ ਬਹਾਨੇ ਵਜੋਂ, ਵਜ਼ੀਰ ਤਸੇਰੇਤੇਲੀ ਨੇ ਉਲਟ-ਇਨਕਲਾਬੀਆਂ ਵਲੋਂ ਵਾਰ ਵਾਰ ਵਰਤਿਆ ਗਿਆ ਢੰਗ ਵਰਤੋਂ ਵਿਚ ਲਿਆਂਦਾ ਹੈ: **ਸਾਜ਼ਸ਼ ਦਾ ਇਲਜ਼ਾਮ।** ਇਹ ਇਲਜ਼ਾਮ ਮਹਿਜ਼ ਬਹਾਨਾ ਹੈ। ਗੱਲ ਇਹ ਹੈ ਕਿ ਨਿਕ-ਬੁਰਜੂਆ ਡੇਮੋਕਰੇਟਾਂ ਨੂੰ, ਜੋ ਰੂਸੀ ਤੇ ਇਤਿਹਾਦੀ ਸਾਮਰਾਜੀਆਂ ਤੋਂ ਇਸਾਰੇ ਪ੍ਰਾਪਤ ਕਰਦੇ ਹਨ, ਹਮੇਸ਼ਾ ਲਈ ਤੇ ਤੁਰੰਤ ਕੌਮਾਂਤਰੀ ਸੋਸ਼ਲਿਸਟਾਂ ਤੋਂ ਤੋੜ ਵਿਛੋੜਾ ਕਰ ਲੈਣਾ ਚਾਹੀਦਾ ਹੈ। ਉਹ ਸਮਝਦੇ ਹਨ ਕਿ ਵਧ ਸਾਹਸ ਦਾ ਸਮਾਂ ਐਨ ਢੁਕਵਾ ਹੈ। ਉਹ ਸਹਿਮੇ ਹੋਏ ਹਨ ਤੇ ਭੜਕੇ ਹੋਏ ਹਨ ਅਤੇ ਆਪਣੇ ਮਾਲਕਾਂ ਦੇ ਹੁਕਮ ਅਧੀਨ ਉਹਨਾ ਨੇ ਪੱਕਾ ਇਰਾਦਾ ਕਰ ਲਿਆ ਹੈ: ਹੁਣੇ ਜਾ ਕਦੇ ਵੀ ਨਹੀਂ।

ਸੋਸ਼ਲਿਸਟ ਪਰੋਲੇਤਾਰੀਆ ਤੇ ਸਾਡੀ ਪਾਰਟੀ ਨੂੰ ਜਿਥੋਂ ਤਕ ਸੰਭਵ ਹੋ ਸਕਦਾ ਹੈ ਠੰਢਾ ਤੇ ਸੰਜਮੀ ਰਹਿਣਾ ਚਾਹੀਦਾ ਹੈ, ਉਸ ਨੂੰ ਬਹੁਤ ਭਾਰੀ ਦ੍ਰਿੜ੍ਹਤਾ ਤੇ ਚੌਕਸੀ ਵਿਖਾਉਣੀ ਚਾਹੀਦੀ ਹੈ। ਭਵਿੱਖੀ ਕਾਵੇਜਨੇਕਾ ਨੂੰ ਪਹਿਲ ਕਰਨ ਦਿਓ। ਸਾਡੀ ਪਾਰਟੀ ਕਾਨਫਰੰਸ ਨੇ ਪਹਿਲਾਂ ਹੀ ਉਹਨਾ ਦੀ ਆਮਦ ਬਾਰੇ ਇਹ ਖਿਤਾਵਨੀ ਦੇ ਦਿਤੀ ਹੈ। ਪੀਤਰੋਗਰਾਦ ਦੇ ਮਜ਼ਦੂਰ ਉਹਨਾਂ ਨੂੰ ਜ਼ਿੰਮੇਵਾਰੀ ਤੋਂ ਇਨਕਾਰ ਕਰਨ ਦਾ ਕੋਈ ਮੌਕਾ ਨਹੀਂ ਦੇਣਗੇ। ਉਹ ਆਪਣੇ ਸਮੇਂ ਦੀ ਉਡੀਕ ਕਰਨਗੇ, ਆਪਣੀਆਂ ਸ਼ਕਤੀਆਂ ਇਕੱਤਰ ਕਰਨਗੇ ਤੇ ਮੁਜਾਹਮਤ ਲਈ ਤਿਆਰੀ ਕਰਨਗੇ ਜਦੋਂ ਉਹ ਭੱਦਰ-ਪੁਰਸ਼ ਕਹਿਣੀ ਨੂੰ ਕਰਨੀ ਵਿਚ ਬਦਲਣ ਦਾ ਫੈਸਲਾ ਕਰਨਗੇ।

ਪਰਾਵਦਾ ਨੰਬਰ 80
26 (13) ਜੂਨ, 1917

ਰੂਸੀ ਇਨਕਲਾਬ ਦੀ ਬਦੇਸ਼ ਨੀਤੀ

ਬਦੇਸ਼ ਨੀਤੀ ਨੂੰ ਘਰੇਲੂ ਨੀਤੀ ਤੋਂ ਵੱਖ ਕਰਨ ਦੇ ਵਿਚਾਰ ਨਾਲੋਂ ਕੋਈ ਵੀ ਹੋਰ ਵਿਚਾਰ ਵਧੇਰੇ ਗਲਤ ਜਾਂ ਹਾਨੀਕਾਰਨ ਨਹੀਂ ਹੈ। ਇਸ ਵਖਰੇਵੇਂ ਦੀ ਭਿਆਨਕ ਗਲਤੀ ਜੰਗ ਦੇ ਸਮੇਂ ਵਿਚ ਹੋਰ ਵੀ ਭਿਆਨਕ ਹੋ ਜਾਂਦੀ ਹੈ। ਫਿਰ ਵੀ ਬੁਰਜੂਆਜ਼ੀ ਇਸ ਵਿਚਾਰ ਨੂੰ ਸੁਝਾਉਣ ਤੇ ਵਧਾਉਣ ਲਈ ਹਰ ਸੰਭਵ ਤੇ ਅਸੰਭਵ ਗੱਲ ਕਰ ਰਹੀ ਹੈ। ਬਦੇਸ਼ ਨੀਤੀ ਦੀ ਜਨਤਕ ਅਣਜਾਣਤਾ ਘਰੇਲੂ ਨੀਤੀ ਦੇ ਟਾਕਰੇ ਵਿਚ ਕਿਤੇ ਵੱਡੀ ਹੈ। ਰਾਜਦੂਤਕ ਸਬੰਧਾਂ ਦੀ "ਰਾਜ਼ਦਾਰੀ" ਦੀ ਬਹੁਤ ਹੀ ਸੁਤੰਤਰ ਸਰਮਾਏਦਾਰ ਦੇਸ਼ਾਂ ਵਿਚ, ਬਹੁਤ ਹੀ ਜਨਵਾਦੀ ਰੀਪਬਲਿਕਾਂ ਵਿਚ ਪਵਿੱ-ਤਰਤਾ ਨਾਲ ਪਾਲਣਾ ਕੀਤੀ ਜਾਂਦੀ ਹੈ।

ਜਨਤਕ ਧੋਖਾ ਬਦੇਸ਼ੀ ਮਾਮਲਿਆਂ ਵਿਚ ਇਕ ਅਸਲੀ ਕਲਾ ਬਣ ਗਿਆ ਹੈ, ਅਤੇ ਸਾਡਾ ਇਨਕਲਾਬ ਇਸ ਧੋਖੇ ਦਾ ਬੁਰੀ ਤਰ੍ਹਾਂ ਸ਼ਿਕਾਰ ਹੈ। ਇਸ ਧੋਖੇ ਦਾ ਜ਼ਹਿਰ ਬੁਰਜੂਆ ਅਖਬਾਰਾਂ ਦੀਆਂ ਲਖੂਖਾ ਕਾਪੀਆਂ ਰਾਹੀਂ ਦੂਰ ਦੁਰੇਡ ਤਕ ਫੈਲਾਇਆ ਜਾਂਦਾ ਹੈ।

ਤੁਹਾਨੂੰ ਸਾਮਰਾਜੀ ਲੁਟੇਰਿਆਂ ਦੇ ਦੋ ਬਹੁਤ ਅਮੀਰ ਤੇ ਬਹੁਤ ਹੀ ਸ਼ਕਤੀਸ਼ਾਲੀ ਗਰੁੱਪਾਂ ਵਿਚੋਂ ਇਕ ਦਾ ਸਾਥ ਦੇਣਾ ਚਾਹੀਦਾ ਹੈ—ਇਸ ਤਰ੍ਹਾਂ ਸਰਮਾਏਦਾਰ ਹਕੀਕਤ ਵਰਤਮਾਨ ਬਦੇਸ਼ ਨੀਤੀ ਦੇ ਬੁਨਿਆਦੀ ਮਸਲਿਆਂ ਨੂੰ ਪੇਸ਼ ਕਰਦੀ ਹੈ। ਇਸ ਤਰ੍ਹਾਂ ਇਹ ਮਸਲਾ ਸਰਮਾਏਦਾਰ ਜਮਾਤ ਵਲੋਂ ਪੇਸ਼ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਕਹਿਣ ਦੀ ਲੋੜ ਨਹੀਂ ਹੈ ਕਿ ਇਹ ਬੁਰਜੂਆਜ਼ੀ ਦੇ ਵਿਸ਼ਾਲ ਜਨਸਮੂਹਾਂ ਵਲੋਂ, ਜਿਨ੍ਹਾਂ ਨੇ ਆਪਣੇ ਪੁਰਾਣੇ ਸਰਮਾਏਦਾਰ ਵਿਚਾਰ ਤੇ ਬਦ-ਗੁਮਾਨੀਆਂ ਸੰਭਾਲੀਆਂ ਹੋਈਆਂ ਹਨ, ਇਸ ਨੂੰ ਪੇਸ਼ ਕੀਤਾ ਜਾਂਦਾ ਹੈ।

ਉਹ, ਜਿਨ੍ਹਾਂ ਦੀ ਸੋਚਣੀ ਸਰਮਾਏਦਾਰ ਸਬੰਧਾਂ ਤੋਂ ਪਰ੍ਹਾਂ ਨਹੀਂ ਜਾਂਦੀ, ਇਹ ਗੱਲ ਨਹੀਂ ਸਮਝ ਸਕਦੇ ਕਿ ਕਿਉਂ ਮਜ਼ਦੂਰ, ਜੋ ਇਹ ਰਾਜਸੀ ਤੌਰ ਤੇ ਚੇਤੰਨ ਹਨ, ਸਾਮਰਾਜੀ ਲੁਟੇਰਿਆਂ ਦੇ ਕਿਸੇ ਵੀ ਗਰੁੱਪ ਦਾ ਸਾਥ ਨਹੀਂ ਦੇ ਸਕਦੇ। ਇਸ ਦੇ ਉਲਟ, ਮਜ਼ਦੂਰ ਇਹ ਨਹੀਂ ਸਮਝ ਸਕਦੇ ਕਿ ਕਿਉਂ ਸੋਸ਼ਲਿਸਟਾਂ ਉਤੇ, ਜਿਹੜੇ ਸੰਸਾਰ ਦੇ ਸਰਮਾਏਦਾਰਾਂ ਦੇ ਵਿਰੁਧ ਸੰਸਾਰ ਦੇ ਮਜ਼-ਦੂਰਾਂ ਦੇ ਭਰਾਤਰੀ ਗੱਠਜੋੜ ਪ੍ਰਤੀ ਵੱਡੇ ਰਹਿੰਦੇ ਹਨ, ਜਰਮਨਾਂ ਨਾਲ ਇਕ ਵੱਖਰੀ ਅਮਨ ਸੰਧੀ ਵਲ ਝੁਕਾਅ ਰਖਣ ਦਾ ਜਾਂ ਅਜਿਹੀ ਇਕ ਅਮਨ ਸੰਧੀ ਕਰਨ ਦਾ ਇਲਜ਼ਾਮ ਮੜ੍ਹਿਆ ਜਾਂਦਾ ਹੈ। ਕਿਸੇ ਵੀ ਹਾਲਤ ਵਿਚ ਇਹ ਸੋਸ਼ਲਿਸਟ (ਅਤੇ ਮੈਂ ਬਾਲਸ਼ਵਿਕ) ਸਰਮਾਏਦਾਰਾਂ ਵਿਚਾਲੇ ਇਕ ਵੱਖਰੀ

ਅਮਨ-ਸੰਧੀ ਨਾਲ ਸਹਿਮਤ ਹੋ ਸਕਦੇ ਹਨ। ਰਾਜਨੀਤਕ ਤੌਰ ਤੇ ਸੁਚੇਤ ਪਰੋਲੇਤਾਰੀਏ ਦੀ ਬਦੇਸ਼ ਨੀਤੀ ਲਈ ਜਰਮਨ ਸਰਮਾਏਦਾਰਾਂ ਨਾਲ ਕੋਈ ਵੱਖਰੀ ਅਮਨ-ਸੰਧੀ ਅਤੇ ਅੰਗ-ਫਰਾਂਸੀਸੀ ਸਰਮਾਏਦਾਰਾਂ ਨਾਲ ਗੱਠਜੋੜ ਕੋਈ ਅਧਾਰ ਨਹੀਂ ਹੋ ਸਕਦਾ।

ਉਸ ਪਰੋਗਰਾਮ ਦੇ ਵਿਰੁਧ ਹਥਿਆਰ ਲੈ ਕੇ ਉਠਣ ਰਾਹੀਂ, ਕਿਉਂ ਜੋ ਉਹ "ਬਰਤਾਨੀਆ" ਤੇ ਫਰਾਂਸ" ਨਾਲੋਂ ਤੋੜ ਵਿਛੋੜੇ ਤੋਂ ਡਰਦੇ ਹਨ, ਸਾਡੇ ਮੈਨਸ਼ਵਿਕ ਤੇ ਸੋਸ਼ਲਿਸਟ ਰੈਵੋਲਿਊਸ਼ਨਰੀ ਅਸਲ ਵਿਚ ਇਕ ਸਰਮਾਏਦਾਰ ਬਦੇਸ਼ ਨੀਤੀ ਦੇ ਪਰੋਗਰਾਮ ਨੂੰ ਨੇਪਰੇ ਚਾੜ੍ਹ ਰਹੇ ਹਨ, ਜਦ ਕਿ ਇਸ ਨੂੰ "ਸੰਧੀਆਂ ਦੀ ਮੁੜ ਸੁਧਾਈ," ਬਾਰੇ ਸਜਾਵਟੀ ਤੇ ਮਾਸੂਮ ਵਾਕੰਸ਼ਾਂ ਨਾਲ, "ਬਦੇਸ਼ੀ ਇਲਾਕੇ ਹਥਿਆਉਣ ਬਿਨਾਂ ਅਮਨ" ਆਦਿ ਜੀ ਹਮਾਇਤ ਵਾਲੇ ਐਲਾਨਾਂ ਨਾਲ ਸਜਾ ਕੇ ਪੇਸ਼ ਕਰਦੇ ਹਨ। ਇਹ ਸਾਰੀਆਂ ਪਵਿੱਤਰ ਆਸ਼ਾਵਾਂ ਖੋਖਲੀ ਲੱਫਾਜ਼ੀ ਹੋ ਕੇ ਰਹਿ ਜਾਣਗੀਆਂ ਕਿਉਂ ਜੋ **ਸਰਮਾਏਦਾਰ** ਹਕੀਕਤ ਮਸਲੇ ਨੂੰ ਸਪਸ਼ਟ ਰੂਪ ਵਿਚ ਪੇਸ਼ ਕਰਦੀ ਹੈ। ਜਾਂ ਤਾਂ ਸਾਮਰਾਜੀਆਂ ਦੇ ਦੋ ਗਰੁੱਪਾਂ ਵਿਚੋਂ ਕਿਸੇ ਅੱਗੇ ਹਥਿਆਰ ਸੁੱਟੋ, ਜਾਂ ਸਾਰੇ ਸਾਮਰਾਜੀਆਂ ਦੇ ਵਿਰੁਧ ਇਕ ਇਨਕਲਾਬੀ ਜਦੋਜਹਿਦ ਛੇੜੋ।

ਕੀ ਇਸ ਜਦੋਜਹਿਦ ਲਈ ਸਾਡੇ ਕੋਈ ਇਤਿਹਾਦੀ ਹਨ ? ਹਾਂ, ਹਨ। ਯੂਰਪ ਦੀਆਂ ਦਬੀਆਂ ਕੁਚਲੀਆਂ ਜਮਾਤਾਂ, ਮੁਖ ਤੌਰ ਤੇ ਪਰੋਲੇਤਾਰੀਆ, ਸਾਮਰਾਜਵਾਦ ਵਲੋਂ ਗੁਲਾਮ ਬਣਾਈਆਂ ਕੌਮਾਂ, ਮੁਖ ਤੌਰ ਤੇ ਏਸ਼ੀਆ ਵਿਚ ਸਾਡੇ ਗਵਾਂਢੀ।

ਮੈਨਸ਼ਵਿਕ ਤੇ ਸੋਸ਼ਲਿਸਟ-ਰੈਵੋਲਿਊਸ਼ਨਰੀ, ਜੋ ਆਪਣੇ ਆਪ ਨੂੰ "ਰੈਵੋਲਿਊਸ਼ਨਰੀ ਡੈਮੋਕਰੇਟ" ਆਖਦੇ ਹਨ, ਅਸਲ ਵਿਚ ਇਕ ਉਲਟ-ਇਨਕਲਾਬੀ ਤੇ ਜਮਹੂਰੀਅਤ-ਵਿਰੋਧੀ ਬਦੇਸ਼ ਨੀਤੀ ਉਤੇ ਅਮਲ ਕਰਦੇ ਹਨ। ਜੇ ਉਹ ਇਨਕਲਾਬੀ ਹੁੰਦੇ ਤਾਂ ਰੂਸ ਦੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਸਾਮਰਾਜਵਾਦ ਵਲੋਂ ਗੁਲਾਮ ਬਣਾਈਆਂ ਸਾਰੀਆ ਕੌਮਾ ਦੇ ਤੇ ਸਾਰੀਆਂ ਦਬੀਆਂ ਕੁਚਲੀਆਂ ਜਮਾਤਾਂ ਦੇ ਅੱਗੇ ਮਾਰਚ ਕਰਨ ਦੀ ਸਲਾਹ ਦੇਂਦੇ।

"ਪਰ ਅਜਿਹੀ ਹਾਲਤ ਵਿਚ ਸਾਰੇ ਦੂਜੇ ਦੇਸਾਂ ਦੇ ਸਰਮਾਏਦਾਰ ਰੂਸ ਦੇ ਵਿਰੁਧ ਇਕੱਤਰ ਹੋ ਜਾਣਗੇ," ਸਹਿਮੇ ਹੋਏ ਅਭਾਵਕ ਲੋਕ ਇਤਰਾਜ ਕਰਦੇ ਹਨ। ਇਹ ਅਸੰਭਵ ਨਹੀਂ ਹੈ। ਕਿਸੇ ਵੀ "**ਰੈਵੋਲਿਊਸ਼ਨਰੀ**" ਡੈਮੋਕਰੇਟ ਨੂੰ ਪਹਿਲਾਂ ਹੀ ਇਨਕਲਾਬੀ ਜੰਗ ਨੂੰ ਤਿਆਗਣ ਦਾ ਅਧਿਕਾਰ ਨਹੀਂ ਹੈ। ਪਰ ਅਜਿਹੀ ਜੰਗ ਦੀ ਅਮਲੀ ਸੰਭਾਵਨਾ ਬਹੁਤ ਵੱਡੀ ਨਹੀਂ ਹੈ। ਅੰਗਰੇਜ਼ ਤੇ ਜਰਮਨ ਸਾਮਰਾਜੀ ਤੇ ਇਨਕਲਾਬੀ ਰੂਸ ਦੇ ਵਿਰੁਧ ਆਪੋ ਵਿਚ ਸਹਿਮਤ ਹੋਣ ਦੇ ਯੋਗ ਨਹੀਂ ਹੋਣਗੇ।

ਰੂਸੀ ਇਨਕਲਾਬ ਨੇ ਜਿਸ ਨੇ 1905 ਵਿਚ ਤੁਰਕੀ, ਪਰਸ਼ੀਆ ਤੇ ਚੀਨ ਵਿਚ ਇਨਕਲਾਬ ਲਿਆਂਦੇ, ਜਰਮਨ ਤੇ ਅੰਗਰੇਜ਼ ਸਾਮਰਾਜੀਆਂ ਨੂੰ ਇਕ ਬਹੁਤ ਔਖੀ ਹਾਲਤ ਵਿਚ ਫਸਾ ਦਿਤਾ ਹੁੰਦਾ ਜੇ ਇਸ ਨੇ ਬਸਤੀਆ ਤੇ ਅਰਧ-ਬਸਤੀਆਂ ਦੇ ਮਜ਼ਦੂਰਾਂ ਤੇ ਕਿਸਾਨਾਂ ਦੀ ਇਕ ਅਸਲੀ ਗੱਠਜੋੜ, ਤੁਰਕੀ ਵਿਚੋਂ ਜਰਮਨਾਂ ਨੂੰ ਅੰਗਰੇਜ਼ਾਂ ਨੂੰ ਤਰਕੀ, ਪਰਸੀਆ, ਹਿੰਦੁਸਤਾਨ ਤੇ ਮਿਸਰ ਆਦਿ ਵਿਚੋਂ ਕਢਣ ਲਈ ਡੀਪੂਆਂ ਦੇ ਵਿਰੁਧ, ਖਾਨਾਂ ਦੇ ਵਿਰੁਧ ਸਥਾਪਤ ਕਰਨਾ ਸ਼ੁਰੂ ਕਰ ਦਿਤਾ ਹੁੰਦਾ।

ਫਰਾਂਸੀਸੀ ਤੇ ਰੂਸੀ ਸਮਾਜਕ-ਅੰਧਰਾਸ਼ਟਰਵਾਦੀ 1793 ਦਾ ਹਵਾਲਾ ਦੇਣਾ ਚਾਹੁੰਦੇ ਹਨ। ਇਸ ਵਿਖਾਵੇ ਵਾਲੇ ਹਵਾਲੇ ਰਾਹੀਂ ਉਹ ਇਨਕਲਾਬ ਨਾਲ ਆਪਣੀ ਗ਼ੱਦਾਰੀ ਨੂੰ ਕੱਜਣ ਦਾ ਯਤਨ ਕਰਦੇ ਹਨ। ਪਰ ਲੋਕ ਇਥੇ ਇਹ ਸੋਚਣ ਤੋਂ ਇਨਕਾਰੀ ਹਨ ਕਿ ਰੂਸ ਵਿਚ **ਅਸਲੀ** "ਇਨਕਲਾਬੀ" ਡੈਮੋਕਰੇਟ ਦੱਬੀਆਂ ਕੁਚਲੀਆਂ ਤੇ ਪਛੜੀਆਂ ਹੋਈਆਂ ਕੌਮਾਂ ਪ੍ਰਤੀ 1793 ਦੀ ਭਾਵਨਾਵਾਂ ਵਿਚ ਅਮਲ ਕਰ ਸਕਦੇ ਹਨ ਜਾਂ ਉਹਨਾਂ ਨੂੰ ਕਰਨਾ ਚਾਹੀਦਾ ਹੈ।

ਸਰਮਾਏਦਾਰਾਂ ਤੇ ਨਿਕ-ਬੁਰਜੁਆਜ਼ੀ ਦੀ ਬਦੇਸ਼ ਨੀਤੀ ਸਾਮਰਾਜੀਆਂ ਨਾਲ "ਗਠਜੋੜ" ਹੈ, ਭਾਵ, ਉਹਨਾਂ ਉਤੇ ਸ਼ਰਮਨਾਕ ਨਿਰਭਰਤਾ। ਪਰੋਲੇਤਾਰੀਏ ਦੀ ਬਦੇਸ਼ ਨੀਤੀ ਅਗਾਂਹ ਵਧੂ ਦੇਸ਼ਾਂ ਦੇ ਇਨਕਲਾਬੀਆਂ ਨਾਲ ਸਾਰੀਆਂ ਗੁਲਾਮ ਕੌਮਾਂ ਨਾਲ ਸਾਰੇ ਸਾਮਰਾਜੀਆਂ ਤੇ ਕਿਸੇ ਇਕ ਸਾਮਰਾਜੀ ਨਾਲ ਗੱਠਜੋੜ ਹੈ।

ਪਰਾਵਦਾ ਨੰ: 81
27 (14) ਜੂਨ, 1917.

ਵਰਤਮਾਨ ਤੇ "ਭਵਿੱਖੀ" ਕਾਵੇਜਨਾਕਾਂ ਦਾ ਜਮਾਤੀ ਮੂਲ

"ਜਦੋਂ ਇਕ ਅਸਲੀ ਕਾਵੇਂਜਨਾਕ ਆਉਂਦਾ ਹੈ, ਅਸੀਂ ਉਹਨਾਂ ਹੀ ਸਫਾਂ ਵਿਚ ਤੁਹਾਡੇ ਨਾਲ ਰਲ ਕੇ ਲੜਾਂਗੇ", ਸਾਨੂੰ ਇਹ ਗੱਲ ਉਸੇ ਮੈਨਸ਼ਵਿਕ ਪਾਰਟੀ ਦੇ ਅਖਬਾਰ **ਰਾਬੋਚਾਇਆ ਗਾਜ਼ੇਤਾ** ਦੇ ਨੰਬਰ 80 ਵਿਚ ਦਸੀ ਗਈ ਸੀ ਜਿਸ ਦਾ ਮੈਂਬਰ ਵਜੀਰ ਤਸੇਰੇਤੇਲੀ ਆਪਣੀ ਬਦਨਾਮ ਤਕਰੀਰ ਵਿਚ ਪੀਤਰੋਗਰਾਦ ਦੇ ਮਜਦੂਰਾਂ ਨੂੰ ਬੇ-ਹਥਿਆਰ ਕਰਨ ਦੀ ਧਮਕੀ ਦੇਣ ਦੀ ਦੂਰੀ ਤਕ ਚਲਿਆ ਗਿਆ ਸੀ।

ਉਪਰ-ਵਰਣਤ ਟੂਕ ਰੂਸ ਦੀਆਂ ਦੋ ਹਾਕਮ ਪਾਰਟੀਆਂ, ਮੈਨਸ਼ਵਿਕਾਂ ਤੇ ਸੋਸ਼ਲਿਸਟ-ਰੇਵੋਲਿਊਸ਼ਨਰੀਆਂ, ਦੀਆਂ ਬੁਨਿਆਦੀ ਗਲਤੀਆ ਨੂੰ ਸਪਸ਼ਟ ਰੂਪ ਵਿਚ ਸਾਹਮਣੇ ਲਿਆਉਂਦੀ ਹੈ, ਅਤੇ ਇਸ ਲਈ ਇਹ ਟੂਕ ਧਿਆਨ ਦੇਣ ਦੇ ਯੋਗ ਹੈ। ਵਜ਼ਾਰਤੀ ਅਖਬਾਰ ਦੀਆਂ ਦਲੀਲਾਂ ਦਾ ਭਾਵ ਹੈ ਕਿ ਤੁਸੀਂ ਗਲਤ ਸਮੇਂ ਤੇ ਗਲਤ ਥਾਂ ਤੇ ਕਾਵੇਂਜਨਾਕਾਂ ਦੀ ਭਾਲ ਕਰ ਰਹੇ ਹੋ।

ਕਾਵੇਜਨਾਕ ਵਲੋਂ ਅਦਾ ਕੀਤੇ ਗਏ ਜਮਾਤੀ ਰੋਲ ਨੂੰ ਚੇਤੇ ਕਰੋ। ਫਰਵਰੀ 1848 ਵਿਚ ਫਰਾਂਸੀਸੀ ਪਾਤਸ਼ਾਹੀ ਨੂੰ ਉਲਟਾ ਦਿਤਾ ਗਿਆ ਸੀ। ਬੁਰਜੂਆ ਰੀਪਬਲਿਕਾ ਸੱਤਾ ਵਿਚ ਆ ਗਈਆਂ ਸਨ। ਸਾਡੇ ਕੈਡਿਟਾਂ ਵਾਂਗ ਉਹ ਬੰਧੇਜ ਤੇ ਅਮਨ ਚੈਨ ਚਾਹੁੰਦੀਆਂ ਸਨ, ਜਿਸ ਤੋਂ ਉਹਨਾਂ ਦਾ ਭਾਵ ਜਨਸਮੂਹ ਨੂੰ ਦਬਾਉਣ ਲਈ ਪਾਤਸ਼ਾਹੀ ਸਾਧਨਾਂ ਨੂੰ ਬਹਾਲ ਤੇ ਮਜ਼ਬੂਤ ਕਰਨਾ ਸੀ। ਸਾਡੇ ਕੈਡਿਟਾਂ ਵਾਂਗ ਉਹ ਇਨਕਲਾਬ ਦਾ ਖਾਤਮਾ ਕਰਨਾ ਚਾਹੁੰਦੇ ਸਨ, ਕਿਉਂ ਜੋ ਉਹ ਸਮਾਜਕ (ਭਾਵ ਸੋਸਲਿਸਟ) ਸੰਧਰਾਂ, ਜੋ ਉਸ ਸਮੇਂ ਬਹੁਤ ਧੁੰਦਲੀਆਂ ਸਨ ਨਾਲੇ ਇਨਕਲਾਬੀ ਮਜ਼ਦੂਰਾਂ ਨੂੰ ਘਿਰਣਾ ਕਰਦੇ ਸਨ। ਸਾਡੇ ਕੈਡਿਟਾਂ ਵਾਂਗ ਉਹ ਫਰਾਂਸੀਸੀ ਇਨਕਲਾਬ ਨੂੰ ਬਾਕੀ ਦੇ ਯੂਰਪ ਤਕ ਵਧਾਉਣ ਦੀ ਨੀਤੀ ਦੇ, ਇਸ ਨੂੰ ਸੰਸਾਰ ਪਰੋਲੇਤਾਰੀ ਇਨਕਲਾਬ ਵਿਚ ਤਬਦੀਲ ਕਰਨ ਦੀ ਨੀਤੀ ਦੇ ਬਹੁਤ ਹੀ ਵਿਰੁਧ ਸਨ। ਸਾਡੇ ਕੈਡਿਟਾ ਵਾਂਗ, ਉਹਨਾਂ ਨੇ ਲੂਈਸ ਬਲਾਂਕ ਦੇ ਨਿਕ-ਬੁਰਜੂਆ "ਸੋਸ਼ਲਿਜ਼ਮ" ਨੂੰ, ਉਸ ਨੂੰ ਇਕ ਵਜ਼ੀਰ ਬਣਾ ਕੇ ਤੇ ਇਸ ਤਰ੍ਹਾਂ ਉਸ ਨੂੰ ਸੋਸ਼ਲਿਸਟ ਮਜ਼ਦੂਰਾਂ ਦੇ ਆਗੂ ਤੋਂ ਬੁਰਜੁਆਜ਼ੀ ਦੇ ਇਕ ਲੜਗੁੱਛ ਵਿਚ ਤਬਦੀਲ ਕਰ ਕੇ ਬੜੀ ਹੁਸ਼ਿਆਰੀ ਨਾਲ ਵਰਤਿਆ।

ਇਹ ਹਾਕਮ ਜਮਾਤ ਦੇ ਜਮਾਤੀ ਹਿੱਤ ਸਨ, ਪੁਜੀਸ਼ਨ ਤੇ ਨੀਤੀ ਸੀ।

ਨਿਕ-ਬੁਰਜੁਆਜ਼ੀ, ਡਾਵਾਂਡੋਲ, ਲਾਲ ਭੂਤ ਤੋਂ ਸਹਿਮੀ ਹੋਈ ਅਤੇ "ਅਰਾਜਕਤਾਵਾਦੀਆਂ"

ਦੇ ਵਿਰੁਧ ਢੀਠ ਵਿਹਾਰ਼ਾ ਪਾਉਣ ਦੀ ਕਮਜ਼ੋਰੀ ਵਾਲੀ ਇਕ ਹੋਰ ਬੁਨਿਆਦੀ ਸਮਾਜਕ ਸ਼ਕਤੀ ਸੀ। ਆਪਣੀਆਂ ਅਭਿਲਾਸ਼ਾਵਾਂ ਵਿਚ ਧੁੰਦਲਾ ਤੇ ਲਫਾਜ਼ੀ "ਸੋਸ਼ਲਿਸਟ", ਅਤੇ ਬੜੇ ਚਾਅ ਨਾਲ ਆਪਣੇ ਆਪ ਨੂੰ "ਸੋਸ਼ਲਿਸਟ ਡੈਮੋਕਰੈਟ" ਅਖਵਾਉਂਦਿਆਂ (ਇਥੋਂ ਤਕ ਕਿ ਹੁਣ ਇਹ ਢੰਗ ਸੋਸ਼ਲਿਸਟ-ਰੈਵੋਲਿਊਸ਼ਨਰੀਆਂ ਤੇ ਮੈਨਸ਼ਵਿਕਾਂ ਨੇ ਅਪਣਾ ਲਿਆ ਹੈ!) ਨਿਕ-ਬੁਰਜੁਆਜ਼ੀ ਇਨਕਲਾਬੀ ਪਰੋਲੇਤਾਰੀਏ ਦੀ ਲੀਡਰਸ਼ਿਪ ਉੱਤੇ ਇਤਬਾਰ ਕਰਨ ਤੋਂ ਡਰਦੀ ਸੀ, ਅਤੇ ਇਹ ਨਹੀਂ ਸੀ ਸਮਝਦੀ ਕਿ ਇਹ ਡਰ ਉਸ ਨੂੰ ਬੁਰਜੁਆਜ਼ੀ ਉੱਤੇ ਇਤਬਾਰ ਕਰਨ ਦਾ ਦੋਸ਼ੀ ਬਣਾ ਰਿਹਾ ਸੀ। ਬੁਰਜੁਆਜ਼ੀ ਤੇ ਪਰੋਲੇਤਾਰੀਏ ਵਿਚਾਲੇ ਸਖਤ ਜਮਾਤੀ ਜਦੋਜਹਿਦ ਨਾਲ, ਵਿਸ਼ੇਸ਼ ਤੌਰ ਤੇ ਜਦੋਂ ਇਹ ਜਦੋਜਹਿਦ ਅਟੱਲ ਤੌਰ ਤੇ ਇਕ ਇਨਕਲਾਬ ਰਾਹੀਂ ਬਹੁਤ ਹੀ ਵੱਧੀ ਹੋਈ ਹੋਵੇ, ਪਾਟੀ ਹੋਈ ਇਸ ਸਮਾਜ ਵਿਚ ਕੋਈ ਵੀ "ਵਿਚਲਾ" ਰਾਹ ਨਹੀਂ ਹੋ ਸਕਦਾ। ਅਤੇ ਨਿਕ-ਬੁਰਜੁਆਜ਼ੀ ਦੀ ਜਮਾਤੀ ਪੁਜ਼ੀਸ਼ਨ ਤੇ ਤਾਂਘਾਂ ਦਾ ਸਮੁੱਚਾ ਤੱਤ ਇਹ ਹੈ ਕਿ ਉਹ ਅਸੰਭਵ ਚਾਹੁੰਦੀ ਹੈ ਕਿ ਉਹ ਸੰਭਵ ਲਈ ਤਾਂਘਦੀ ਹੈ, ਭਾਵ ਇਕ "ਵਿਚਲੇ ਰਾਹ" ਨੂੰ।

ਤੀਜੀ ਨਿਰਣਾਇਕ ਜਮਾਤ ਪਰੋਲੇਤਾਰੀਆ ਸਨ, ਜੋ ਬੁਰਜੁਆਜ਼ੀ ਨਾਲ ਮਨਮਨੌਤ ਕਰਨ ਦੀ ਨਹੀਂ ਸਗੋਂ ਉਸ ਨੂੰ ਹਰਾਉਣ ਦੀ ਇੱਛਾ ਰਖਦੀ ਹੈ; ਨਿਡਰ ਹੋ ਕੇ ਇਨਕਲਾਬ ਨੂੰ ਵਧਾਉਣਾ ਚਾਹੁੰਦੀ ਹੈ; ਇੰਜ ਕਰਦਿਆਂ, ਇਸ ਤੋਂ ਉਪਰੰਤ ਇਨਕਲਾਬ ਨੂੰ ਇਕ ਕੌਮਾਂਤਰੀ ਪੈਮਾਨੇ ਤੇ ਵਧਾਉਣਾ ਚਾਹੁੰਦੀ ਹੈ।

ਇਹ ਸੀ ਬਾਹਰ-ਪੱਖੀ ਇਤਿਹਾਸਕ ਅਧਾਰ ਜਿਸ ਨੇ ਕਾਵੇਜਨਾਕ ਨੂੰ **ਸਾਹਮਣੇ ਲਿਆਂਦਾ** ਸੀ। ਨਿਕ-ਬੁਰਜੁਆਜ਼ੀ ਦੇ ਡਾਵਾਂਡੋਲਪਣ ਨੇ ਉਹਨਾ ਨੂੰ ਇਕ ਸਰਗਰਮ ਰੋਲ ਅਦਾ ਕਰਨ ਤੋਂ ਰੋਕਿਆ, ਅਤੇ ਫਰਾਂਸੀਸੀ ਕੈਡਿਟ, ਜਨਰਲ ਕਾਵੇਜਨਾਕ, ਨੇ ਪਰੋਲੇਤਾਰੀਏ ਉੱਤੇ ਬੁਰਜੁਆਜ਼ੀ ਵਲੋਂ ਇਤਬਾਰ ਕਰਨ ਦੇ ਡਰ ਤੋਂ ਲਾਭ ਉਠਾਉਂਦਿਆਂ ਪੈਰਿਸ ਦੇ ਮਜ਼ਦੂਰਾਂ ਨੂੰ **ਬੇਹਥਿਆਰ** ਕਰਨ ਦਾ ਤੇ ਉਹਨਾ **ਸਮੂਹਕ ਤੌਰ** ਤੇ ਗੋਲੀਆਂ ਨਾਲ ਉਡਾਉਣ ਦਾ ਫੈਸਲਾ ਕੀਤਾ।

ਇਨਕਲਾਬ ਉਸ ਇਤਿਹਾਸਕ ਸ਼ੂਟਿੰਗ ਵਿਚ ਸਮਾਪਤ ਹੋ ਗਿਆ। ਨਿਕ-ਬੁਰਜੁਆਜ਼ੀ, ਗਿਣਤੀ ਦੇ ਪਖੋਂ ਉਚਤਮ ਹੁੰਦਿਆਂ ਵੀ, ਬੁਰਜੁਆਜ਼ੀ ਦੀ ਰਾਜਨੀਤਕ ਤੌਰ ਤੇ ਨਿਪੁੰਸਕ ਪੂਛ ਬਣੀ ਹੋਈ ਸੀ ਤੇ ਪੂਛ ਹੀ ਰਹੀ, ਅਤੇ ਤਿੰਨ ਸਾਲ ਮਗਰੋਂ ਫਰਾਂਸ ਨੇ ਡਿਕਟੇਟਰ ਪਾਤਸ਼ਾਹੀ ਦੀ ਇਕ ਵਿਸ਼ੇਸ਼ ਤੌਰ ਤੇ ਲੁਕਵੇਂ ਰੂਪ ਦੀ ਬਹਾਲੀ ਵੇਖੀ।

ਤਸੇਰੇਤੇਲੀ ਦੀ 11 ਜੂਨ ਦੀ ਇਤਿਹਾਸਕ ਤਕਰੀਰ ਜੋ ਸਪਸ਼ਟ ਤੌਰ ਕੈਡਿਟ ਕਾਵੇਜੇਨਾਕਾਂ ਤੋਂ ਪਰੇਰਤ ਸੀ (ਸ਼ਾਇਦ ਸਿੱਧੇ ਤੌਰ ਤੇ ਬੁਰਜੂਆ ਵਜ਼ੀਰਾਂ ਤੋਂ, ਜਾਂ ਸ਼ਾਇਦ ਅਸਿੱਧੇ ਤੌਰ ਤੇ ਬੁਰਜੂਆ ਪ੍ਰੈਸ ਤੇ ਬੁਰਜੂਆ ਜਨਤਕ ਰਾਏ ਤੋਂ ਕੋਈ ਗੱਲ ਨਹੀਂ ਕਿਸੇ ਤੋਂ ਵੀ ਪਰੇਰਤ ਸੀ) ਤਸੇਰੇਤੇਲੀ ਵਲੋਂ ਮਨ ਦੀ ਗੱਲ ਬਾਹਰ ਕਢਣ ਸਮੁਚੀ ਨਿਕ-ਬੁਰਜੁਆਜ਼ੀ, ਸੋਸ਼ਲਿਸਟ ਰੈਵੋਲਿਊਸ਼ਨਰੀ ਤੇ ਮੈਨਸ਼ਵਿਕਾਂ ਦੋਹਾਂ ਦੇ ਅਦੁੱਤੀ ਭੋਲੇਪਣ ਤੇ "ਲੁਕਵੇਂ ਰੋਗ" ਦੇ ਪੱਖੋਂ ਸ਼ਾਨਦਾਰ ਤੇ ਇਤਿਹਾਸਕ ਸੀ। ਇਹ "ਲੁਕਵਾਂ ਰੋਗ", ਪਹਿਲਾਂ ਇਕ ਸੁਤੰਤਰ ਨੀਤੀ ਉਤੇ ਅਮਲ ਕਰਨ ਦੀ ਪੂਰਨ ਅਯੋਗਤਾ ਵਿਚ ਸਥਿਤ ਹੈ ਤੇ ਦੂਜਾ ਆਪਣੇ ਆਪ ਨੂੰ ਇਨਕਲਾਬੀ ਪਰੋਲੇਤਾਰੀਏ ਦੇ ਹਵਾਲੇ ਕਰਨ ਦੇ ਡਰ ਵਿਚ ਸਥਿਤ ਹੈ। ਤੇ ਤੀਜਾ, ਆਮ ਤੌਰ ਤੇ ਆਪਣੇ ਆਪ ਨੂੰ ਕੈਡਿਟਾਂ ਦੇ ਜਾਂ ਬੁਰਜੁਆਜ਼ੀ ਦੇ (ਭਾਵ ਕਾਵੇਜਨਾਕਾਂ ਨੂੰ) ਅਧੀਨ ਕਰਨ ਵਲ ਸਰਕਣ ਵਿਚ ਸਥਿਤ ਹੈ।

ਮਾਮਲੇ ਦਾ ਇਹੋ ਤੱਤ ਹੈ। ਤਸੇਰੇਤਲੀ, ਚੇਰਨੋਵ ਤੇ ਇਥੋਂ ਤਕ ਕਰੇਨਸਕੀ ਅਜਿਹੇ

ਵਿਅਕਤੀ ਨਹੀਂ ਜੋ ਕਾਵੇਜਨਾਕਾਂ ਦਾ ਰੋਲ ਅਦਾ ਕਰਨ । ਇਹ ਕੰਮ ਕਰਨ ਲਈ ਹੋਰ ਲੋਕ ਹੋਣਗੇ, ਅਜਿਹੇ ਲੋਕ ਜੋ ਤੁਸੀ ਲੁਈਸ ਬਲਾਂਕਾਂ ਨੂੰ ਸਹੀ ਘੜੀ ਕਹਿਣਗੇ, "ਲਾਂਭੇ ਹੋ ਜਾਓ।" ਪਰ ਤਸੇਰੇਤੇਲੀ ਤੇ ਚੇਰਨੋਵ ਅਜਿਹੇ ਆਗੂ ਹਨ ਜੋ ਨਿਕ-ਬੁਰਜੂਆ ਨੀਤੀ ਉਤੇ ਅਮਲ ਕਰ ਰਹੇ ਹਨ, ਇਹ ਗਲ ਕਾਵੇਜਨਾਕਾਂ ਦੇ ਆਗਮਨ ਨੂੰ ਸੰਭਵ ਤੇ ਜ਼ਰੂਰੀ ਬਣਾਉਂਦੀ ਹੈ।

"ਜਦੋਂ ਇਕ ਅਸਲੀ ਕਾਵੇਜਨਾਕ ਆਉਂਦਾ ਹੈ, ਅਸੀਂ ਤੁਹਾਡੇ ਨਾਲ ਹੋਵਾਂਗੇ" ਇਕ ਸ਼ਾਨਦਾਰ ਵਚਨ, ਇਕ ਅਦੁੱਤੀ ਇਰਾਦਾ। ਕੇਵਲ ਅਫਸੋਸ ਇਹ ਹੈ ਕਿ ਇਹ ਜਮਾਤੀ ਜਦੋਜਹਿਦ ਦੀ ਗਲਤ ਫ਼ਹਿਮੀ ਨੂੰ ਸਾਹਮਣੇ ਲਿਆਉਂਦਾ ਹੈ ਜੋ ਭਾਵਕ ਜਾਂ ਬੁਜ਼ਦਿਲ ਨਿਕ-ਬੁਰਜੁਆਜ਼ੀ ਦੀ ਮਿਸਾਲੀ ਗੱਲ ਹੈ। ਕਿਉਂ ਜੋ ਇਕ ਕਾਵੇਜਨਾਕ ਦਾ "ਆਗਮਨ" ਇਕ ਸਬੱਬੀ ਗੱਲ ਨਹੀਂ, ਇਕ ਨਿੱਖੜਵਾਂ ਵਿਕਾਸ ਨਹੀਂ ਹੈ। ਇਕ ਕਾਵੇਜਨਾਕ ਇਕ ਜਮਾਤ (ਉਲਟ-ਇਨਕਲਾਬੀ ਬੁਰਜੁਆਜ਼ੀ) ਦੀ ਪ੍ਰਤੀਨਿਧਤਾ ਕਰਦਾ ਹੈ—ਅਤੇ ਉਸ ਜਮਾਤ ਦੀਆਂ ਨੀਤੀਆਂ ਨੂੰ ਅਮਲ ਵਿਚ ਲਿਆਉਂਦਾ ਹੈ। ਅਤੇ ਇਹ ਉਹ ਜਮਾਤ ਹੈ ਤੇ ਉਹ ਨੀਤੀਆਂ ਹਨ ਜਿਨ੍ਹਾਂ ਦੀ ਤੁਸੀਂ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਭਦਰਪੁਰਸ਼ੋ, ਅਜ ਹਮਾਇਤ ਕਰਦੇ ਹੋ। ਇਹ ਹੈ ਉਹ ਜਮਾਤ ਤੇ ਇਸ ਦੀਆਂ ਨੀਤੀਆਂ ਜਿਨ੍ਹਾਂ ਨੂੰ ਤੁਸੀਂ ਜਿਨ੍ਹਾਂ ਨੂੰ ਇਸ ਸਮੇਂ ਦੇਸ਼ ਵਿਚ ਬਹੁਗਿਣਤੀ ਪਰਾਪਤ ਹੈ, ਸਰਕਾਰ ਵਿਚ ਮਹੱਤਤਾ ਪਰਗਟ ਕਰਦੇ ਹੋ, ਭਾਵ ਇਕ ਕੰਮ ਕਰਨ ਲਈ ਇਕ ਸ਼ਾਨਦਾਰ ਅਧਾਰ ਪਰਗਟ ਕਰਦੇ ਹੋ।

ਨਿਰਸੰਦੇਹ, ਲਗ ਪਗ ਸਾਰੀ ਦੀ ਸਾਰੀ ਕੁਲ-ਰੂਸ ਕਿਸਾਨ ਕਾਂਗਰਸ ਉਤੇ ਸੋਸ਼ਲਿਸਟ ਰੈਵੋਲਿਊਸ਼ਨਰੀ ਭਾਰੂ ਸਨ। ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਕੁਲ-ਰੂਸ ਕਾਂਗਰਸ ਵਿਚ ਸੋਸ਼ਲਿਸਟ-ਰੈਵੋਲਿਊਸ਼ਨਰੀਆਂ ਤੇ ਮੈਨਸ਼ਵਿਕਾਂ ਦੇ ਧੜੇ ਦੀ ਬਹੁਗਿਣਤੀ ਸੀ। ਇਹੋ ਗੱਲ ਪੀਤਰੋ-ਗਰਾਦ ਜਿਲ੍ਹਾ ਕੌਂਸਲਾਂ ਦੀ ਚੋਣ ਬਾਰੇ ਸੱਚੀ ਹੈ। ਤੱਥ ਇਹ ਹੈ: ਸੋਸ਼ਲਿਸਟ-ਰੈਵੋਲਿਊਸ਼ਨਰੀ ਤੇ ਮੈਨਸ਼ਵਿਕ ਹੁਣ ਹੁਕਮਰਾਨ ਪਾਰਟੀ ਹਨ। ਅਤੇ ਇਹ ਹਾਕਮ ਪਾਰਟੀ ਸਵੈ-ਇੱਛਾ ਨਾਲ ਸੱਤਾ (ਸਰਕਾਰ ਵਿਚ ਬਹੁ ਗਿਣਤੀ) ਕਾਵੇਜਨਾਕਾਂ ਦੀ ਪਾਰਟੀ ਨੂੰ ਸੌਂਪ ਰਹੀ ਹੈ!!

ਜਿਥੇ ਕਿਤੇ ਵੀ ਦਲ-ਦਲ ਹੈ ਯਕੀਨੀ ਤੌਰ ਤੇ ਉਥੇ ਸ਼ੈਤਾਨ ਹੋਵੇਗਾ। ਜਦੋਂ ਕਿਤੇ ਵੀ ਡਾਵਾਂਡੋਲ, ਥਿੜਕਵੀਂ ਨਿਕ-ਬੁਰਜੁਆਜ਼ੀ ਇਨਕਲਾਬ ਦੀ ਪ੍ਰਗਤੀ ਨੂੰ ਰੋਕਦੀ ਹੈ, ਯਕੀਨੀ ਤੌਰ ਤੇ ਉਥੇ ਕਾਵੇਜਨਾਕ ਜ਼ਰੂਰ ਆ ਪਰਗਟ ਹੁੰਦੇ ਹਨ।

ਰੂਸ ਵਿਚ ਹੁਣ ਕਈ ਅਜਿਹੀਆਂ ਚੀਜ਼ਾਂ ਹਨ ਜੋ ਸਾਡੇ ਇਨਕਲਾਬ ਨੂੰ 1848 ਦੇ ਫਰਾਂਸੀਸੀ ਇਨਕਲਾਬ ਨਾਲੋਂ ਵਖਰਾਉਂਦੀਆਂ ਹਨ: ਸਾਮਰਾਜੀ ਜੰਗ, ਵਧੇਰੇ ਵਿਕਸਤ ਦੇਸਾਂ ਦੀ ਨੇੜਤਾ (ਅਤੇ ਵਧੇਰੇ ਪੱਛੜੇ ਹੋਏ ਦੇਸਾਂ ਦੀ ਨਹੀਂ, ਜਿਸ ਤਰ੍ਹਾਂ ਉਸ ਸਮੇਂ ਫਰਾਂਸ ਦੇ ਮਾਮਲੇ ਵਿਚ ਸੀ), ਇਕ ਜ਼ਰਾਇਤੀ ਤੇ ਕੌਮੀ ਲਹਿਰ। ਪਰ ਇਹ ਸਭ ਕੁਝ ਕੇਵਲ ਰੂਪ ਨੂੰ, ਜਿਸ ਵਿਚ ਕਾਵੇਜਨਾਕ ਅਗਾਂਹ ਆਉਂਦੇ ਹਨ, ਇਸ, ਬਾਹਰਲੇ ਕਾਰਨ ਆਦਿ ਨੂੰ ਸੁਧਾਰ ਸਕਦਾ ਹੈ। ਇਹ ਮਾਮਲੇ ਦੇ ਤੱਤ ਨੂੰ ਨਹੀਂ ਬਦਲ ਸਕਦਾ, ਕਿਉਂ ਜੋ ਤੱਤ ਜਮਾਤੀ ਰਿਸ਼ਤਿਆਂ ਵਿਚ ਸਥਿਤ ਹੈ।

ਕਹਿਣੀ ਵਿਚ ਲੂਈਸ ਬਲਾਂਕ ਵੀ ਕਾਵੇਜਨਾਕ ਤੋਂ ਇਤਨਾ ਦੂਰ ਚਲਿਆ ਗਿਆ ਸੀ ਜਿਤਨਾ ਧਰਤੀ ਤੋਂ ਆਕਾਸ਼। ਲੂਈਸ ਬਲਾਂਕ ਨੇ ਵੀ "ਉਹਨਾਂ ਹੀ ਸਫਾਂ ਵਿਚ ਲੜਨ" ਦੇ ਅਣਗਿਣਤ ਇਕਰਾਰ ਕੀਤੇ ਸਨ ਜਿਵੇਂ ਇਨਕਲਾਬੀ ਮਜ਼ਦੂਰ ਬੁਰਜੂਆ ਉਲਟ-ਇਨਕਲਾਬੀਆਂ ਦੇ ਵਿਰੁਧ ਲੜਦੇ ਹਨ। ਫਿਰ ਵੀ, ਕੋਈ ਵੀ ਮਾਰਕਸੀ ਇਤਿਹਾਸਕਾਰ, ਕੋਈ ਵੀ ਸੋਸ਼ਲਿਸਟ ਇਹ ਸੰਦੇਹ ਕਰਨ ਦੀ ਜੁਰਅਤ ਨਹੀਂ ਕਰੇਗਾ ਕਿ ਲੂਈਸ ਬਲਾਂਕਾਂ ਦੀ ਉਸ ਬੁਰਜੁਆਜ਼ੀ ਪ੍ਰਤੀ ਕਮਜ਼ੋਰੀ,

ਅਸਥਿਰਤਾ, ਭੋਲਾਪਣ ਸੀ ਜਿਸ ਨੇ ਕਾਵੇਜਨਾਕ ਨੂੰ ਸਾਹਮਣੇ ਲਿਆਂਦਾ ਸੀ ਤੇ ਉਸ ਦੀ ਸਫਲਤਾ ਯਕੀਨੀ ਬਣਾਈ ਸੀ ।

ਰੂਸੀ ਕਾਵੇਜਨਾਕ ਰੂਸੀ ਬੁਰਜੂਆਜ਼ੀ ਦੇ, ਜਿਸ ਦੀ ਅਗਵਾਈ ਕੈਡਿਟਾਂ ਦੇ ਹੱਥ ਵਿਚ ਹੈ, ਦੇ ਉਲਟ-ਇਨਕਲਾਬੀ ਲੱਛਣ ਦੀਆਂ,ਅਤੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀਆਂ ਨਿਕ-ਬੁਰਜੂਆ ਪਾਰਟੀਆਂ ਦੀ ਅਸਥਿਰਤਾ, ਬੁਜ਼ਦਿਲੀ ਤੇ ਜਕੱਤੱਕੀ ਦੀਆਂ ਅਟੱਲ ਉਪਜਾਂ ਹਨ । ਕੀ ਰੂਸੀ ਕਾਵੇਜਨਾਕ ਲੜਾਈ ਜਿੱਤਣਗੇ ਜਾਂ ਹਾਰਨਗੇ ਕੇਵਲ ਰੂਸੀ ਇਨਕਲਾਬੀ ਮਜ਼ਦੂਰਾਂ ਦੀ ਦ੍ਰਿੜ੍ਹਤਾ, ਚੌਕਸੀ ਤੇ ਤਾਕਤ ਨਿਰਭਰ ਕਰਦਾ ਹੈ ।

ਪਰਾਵਦਾ ਨੰਬਰ 83
29'(16) ਜੂਨ, 1917

ਅਠਾਰਾਂ ਜੂਨ

ਇਕ ਜਾਂ ਦੂਜੇ ਢੰਗ ਨਾਲ 18 ਜੂਨ ਰੂਸੀ ਇਨਕਲਾਬ ਦੇ ਇਤਿਹਾਸ ਵਿਚ ਇਕ ਮੋੜ ਵਜੋਂ ਅੰਕਿਤ ਹੋਵੇਗਾ ।

ਜਮਾਤਾਂ ਦੀ ਪ੍ਰਸਪਰ ਪੁਜ਼ੀਸ਼ਨ, ਇਕ ਦੂਜੇ ਦੇ ਵਿਰੁਧ ਜਦੋ-ਜਹਿਦ ਵਿਚ ਉਹਨਾਂ ਦੇ ਸਹਿ-ਸਬੰਧ, ਉਹਨਾਂ ਦੀ ਤਾਕਤ, ਵਿਸ਼ੇਸ਼ ਤੌਰ ਤੇ ਪਾਰਟੀਆਂ ਦੀ ਤਾਕਤ ਦੇ ਟਾਕਰੇ ਵਿਚ ਉਹਨਾਂ ਦੀ ਤਾਕਤ ਪਿਛਲ ਐਤਵਾਰ ਦੇ ਮੁਜ਼ਾਹਰੇ ਰਾਹੀਂ ਇਤਨੀ ਵਲਿੱਖਣਤਾ, ਇਤਨੇ ਉਘੜਵੇਂ ਰੂਪ ਵਿਚ, ਇਤਨੇ ਪਰਭਾਵਸ਼ਾਲੀ ਢੰਗ ਨਾਲ ਸਾਹਮਣੇ ਆਈਆਂ ਸਨ ਕਿ ਅਗਲੇ ਵਿਕਾਸ ਦਾ ਭਾਵੇਂ ਕਿਹੜਾ ਅਮਲ ਹੋਵੇ ਤੇ ਰਫਤਾਰ ਹੋਵੇ ਰਾਜਸੀ ਜਾਗਰਤੀ ਤੇ ਸਪਸਟਤਾ ਵਿਚ ਅਥਾਹ ਭਾਰੀ ਪਰਾਪਤੀ ਹੋਈ ਹੈ ।

ਕੁਝ ਹੀ ਘੰਟਿਆਂ ਵਿਚ ਮੁਜ਼ਾਹਰੇ ਨੇ ਇਕ ਮੁੱਠੀ-ਭਰ ਧੂੜ ਵਾਂਗ ਬਾਲਸ਼ਵਿਕ "ਸਾਜ਼ਸ਼ੀਆਂ" ਬਾਰੇ ਖੋਖਲੀਆ ਗੱਲਾਂ ਨੂੰ ਖਿੰਡਾ ਪੁੰਡਾ ਦਿਤਾ ਤੇ ਵਧ ਤੋਂ ਵਧ ਸ਼ਪਸ਼ਟਤਾ ਨਾਲ ਦਰਸਾਇਆ ਕਿ ਰੂਸ ਦੇ ਕਿਰਤੀ ਲੋਕਾਂ ਦੀ ਹਰਾਵਲ ਦਸਤਾ ਰਾਜਧਾਨੀ ਦੀ ਸਨਅਤੀ ਪਰੋਲੇਤਾਰੀਆ ਅਤੇ ਫੌਜਾਂ ਦੀ ਬਹੁਤ ਭਾਰੀ ਬਹੁ-ਗਿਣਤੀ ਉਹਨਾਂ ਨਾਅਰਿਆਂ ਦੀ ਹਮਾਇਤ ਕਰਦੇ ਹਨ ,ਜਿਨ੍ਹਾਂ ਦਾ ਸਾਡੀ ਪਾਰਟੀ ਨੇ ਹਮੇਸ਼ਾ ਸਮਰਥਨ ਕੀਤਾ ਹੈ ।

ਮਜ਼ਦੂਰਾਂ ਤੇ ਸਿਪਾਹੀਆਂ ਦੇ ਦਸਤਿਆਂ ਦੇ ਤੁਲਵੇਂ ਕਦਮ । ਲਗਪਗ 5 ਲੱਖ ਮੁਜ਼ਾਹਰਾ-ਕਾਰੀ । ਇਕ ਸੰਗਠਤ ਹੱਲਾ । ਨਾਹਰਿਆਂ ਦੁਆਲੇ ਏਕਤਾ, ਜਿਨ੍ਹਾਂ ਵਿਚੋਂ ਇਹ ਪੂਰੀ ਤਰ੍ਹਾਂ ਭਾਰੂ ਸਨ : "ਸਾਰੀ ਸੱਤਾ ਸੋਵੀਅਤਾਂ ਨੂੰ ਦਿਓ," "ਦਸ ਸਰਮਾਏਦਾਰ ਵਜ਼ੀਰ ਮੁਰਦਾਬਾਦ," "ਨਾ ਤਾਂ ਜਰਮਨਾਂ ਨਾਲ ਵੱਖਰੀ ਅਮਨ ਸੰਧੀ, ਨਾ ਹੀ ਅੰਗ-ਫਰਾਂਸੀਸੀ ਸਰਮਾਏਦਾਰਾਂ ਨਾਲ ਕੋਈ ਲੁਕਵੀਂ ਸੰਧੀ," ਆਦਿ । ਜਿਸ ਕਿਸੇ ਨੇ ਵੀ ਇਹ ਮੁਜ਼ਾਹਰਾ ਵੇਖਿਆ ਉਸ ਦੇ ਮਨ ਵਿਚ ਰੂਸੀ ਮਜ਼ਦੂਰਾਂ ਤੇ ਸਿਪਾਹੀਆਂ ਦੇ ਜਥੇਬੰਦ ਹਰਾਵਲ ਵਿਚਾਲੇ ਇਹਨਾਂ ਨਾਅਰਿਆਂ ਦੀ ਸਫਲਤਾ ਬਾਰੇ ਕੋਈ ਸ਼ੱਕ ਨਹੀਂ ਰਿਹਾ ।

18 ਜੂਨ ਦਾ ਮੁਜ਼ਾਹਰਾ ਇਨਕਲਾਬੀ ਪਰੋਲੇਤਾਰੀਏ ਦੀ, ਜੋ ਇਨਕਲਾਬ ਲਈ ਸੇਧ ਵਿਖਾ ਰਿਹਾ ਹੈ ਤੇ ਇਸ ਦਲਦਲ ਵਿਚੋਂ ਨਿਕਲਣ ਦਾ ਰਾਹ ਸੁਝਾਅ ਰਿਹਾ ਹੈ, ਤਾਕਤ ਤੇ ਨੀਤੀ ਦਾ ਮੁਜ਼ਾਹਰਾ ਸੀ । ਇਹ ਪਿਛਲੇ ਐਤਵਾਰ ਦੇ ਮੁਜ਼ਾਹਰੇ ਦੀ ਅਤੇ ਇਸ ਦੇ ਇਨਕਲਾਬ ਦੇ ਇਤਿਹਾਸ

ਲੋਕਾਂ ਦੇ ਨਰੀਖਣ ਦੌਰਾਨ ਅਤੇ ਮਈ ਦਿਹਾੜੇ ਤੇ ਹੋਏ ਮੁਜ਼ਾਹਰਿਆਂ ਤੋਂ ਜ਼ਰੂਰੀ ਫਰਕ ਦੀ ਅਥਾਹ ਭਾਰੀ ਇਤਿਹਾਸਕ ਮਹੱਤਤਾ ਹੈ। ਫਿਰ ਇਹ ਇਨਕਲਾਬ ਦੀ ਪਹਿਲੀ ਫਤਹਿ ਨੂੰ ਤੇ ਇਸ ਦੇ ਹੀਰੋਆਂ ਨੂੰ ਇਕ ਵਿਆਪਕ ਸ਼ਰਧਾਂਜਲੀ ਸੀ। ਲੋਕਾਂ ਨੇ ਆਜ਼ਾਦੀ ਵਲ ਜਾਂਦੇ ਮਾਰਗ ਦੀ ਪਹਿਲੀ ਮੰਜ਼ਲ ਵਲ ਪਿਛਾਂਹ ਪਰਤ ਕੇ ਵੇਖਿਆ, ਜੋ ਉਹਨਾਂ ਨੇ ਬੜੀ ਤੇਜ਼ੀ ਨਾਲ ਤੇ ਸਫਲਤਾ ਨਾਲ ਤਹਿ ਕਰ ਲਈ ਸੀ। ਮਈ ਦਿਹਾੜਾ ਸੰਸਾਰ ਦੀ ਕਿਰਤੀ ਲਹਿਰ ਦੇ ਇਤਿਹਾਸ ਨਾਲ ਅਤੇ ਇਸ ਦੇ ਅਮਨ ਤੇ ਸੋਸ਼ਲਿਜ਼ਮ ਦੇ ਆਦਰਸ਼ਾਂ ਨਾਲ ਸਬੰਧਤ ਆਸਾਂ ਤੇ ਤਾਂਘਾਂ ਦਾ ਤਿਉਹਾਰ ਸੀ।

ਦੋਵਾਂ ਮੁਜ਼ਾਹਰਿਆਂ ਵਿਚੋਂ ਕੋਈ ਵੀ ਇਨਕਲਾਬ ਦੇ ਹੋਰ ਵਿਕਾਸ ਲਈ ਸੇਧ ਨਹੀਂ ਵਿਖਾਉਂਦਾ ਚਾਹੁੰਦਾ ਸੀ, ਨਾ ਹੀ ਕੋਈ ਇਹ ਕੁਝ ਕਰ ਸਕਦਾ ਸੀ। ਨਾ ਹੀ ਮੁਜ਼ਾਹਰੇ ਨੇ ਅਜਿਹੇ ਵਿਸ਼ੇਸ਼, ਨਿਸਚਿਤ ਤੇ ਜ਼ਰੂਰੀ ਸੁਆਲ, ਕਿ ਇਨਕਲਾਬ ਕਿਵੇਂ ਤੇ ਕਿਹੜੀ ਸੇਧ ਵਿਚ ਵਧੇਗਾ, ਲੋਕਾਂ ਸਾਹਮਣੇ ਪੇਸ਼ ਕੀਤੇ ਹਨ ਜਾਂ ਲੋਕਾਂ ਦੇ ਨਾਂਅ ਤੇ ਉਠਾਏ ਹਨ।

ਇਹਨਾਂ ਅਰਥਾਂ ਵਿਚ, 18 ਜੂਨ ਦਾ ਮੁਜ਼ਾਹਰਾ ਪਹਿਲੀ ਰਾਜਨੀਤਕ ਕਾਰਵਾਈ ਸੀ। ਇਸ ਗੱਲ ਦੀ ਵਿਆਖਿਆ ਸੀ ਕਿ ਕਿਵੇਂ ਵਖ ਵਖ ਜਮਾਤਾਂ ਅਮਲ ਕਰਦੀਆਂ ਹਨ। ਇਨਕਲਾਬ ਨੂੰ ਅਗਾਂਹ ਵਧਾਉਣ ਲਈ ਇਹ ਕਿਵੇਂ ਅਮਲ ਕਰਨਾ ਚਾਹੁੰਦੀਆਂ ਹਨ ਜਾਂ ਕਰਨਗੀਆਂ, ਇਸ ਵਿਆਖਿਆ, ਜੋ ਕਿਸੇ ਕਿਤਾਬ ਜਾਂ ਅਖਬਾਰ ਵਿਚ ਨਹੀਂ ਸਗੋਂ ਗਲੀਆਂ ਵਿਚ, ਆਗੂਆਂ ਰਾਹੀਂ ਨਹੀਂ ਸਗੋਂ ਲੋਕਾਂ ਰਾਹੀਂ ਦਿਤੀ ਗਈ ਹੈ।

ਬੁਰਜੁਆਜ਼ੀ ਇਸ ਤੋਂ ਲਾਂਭੇ ਰਹੀ। ਉਸ ਨੇ ਲੋਕਾਂ ਦੀ ਇਸ ਸਪਸ਼ਟ ਬਹੁ-ਗਿਣਤੀ ਦੇ ਸ਼ਾਂਤ-ਮਈ ਮੁਜ਼ਾਹਰੇ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿਤਾ, ਜਿਸ ਵਿਚ ਪਾਰਟੀ ਨਾਅਰਿਆਂ ਦੀ ਆਜ਼ਾਦੀ ਸੀ ਤੇ ਜਿਸ ਦਾ ਮੁੱਖ ਉਦੇਸ਼ ਉਲਟ-ਇਨਕਲਾਬ ਦੇ ਵਿਰੁਧ ਰੋਸ ਪਰਗਟ ਕਰਨਾ ਸੀ। ਇਹ ਕੁਦਰਤੀ ਹੀ ਹੈ। ਬੁਰਜੁਆਜ਼ੀ ਉਲਟ-ਇਨਕਲਾਬੀ ਹੈ। ਉਹ ਲੋਕਾਂ ਤੋਂ ਲੁਕਦੀ ਹੈ। ਉਹ ਲੋਕਾਂ ਦੇ ਵਿਰੁਧ ਅਸਲੀ ਉਲਟ-ਇਨਕਲਾਬੀ ਸਾਜ਼ਸ਼ਾਂ ਜਥੇਬੰਦ ਕਰਦੀ ਹੈ। ਰੂਸ ਉਤੇ ਹੁਣ ਰਾਜ ਕਰ ਰਹੀਆਂ ਪਾਰਟੀਆਂ, ਸੋਸ਼ਲਿਸਟ-ਰੇਵੋਲਿਊਸ਼ਨਰੀਆਂ ਤੇ ਮੈਨਸ਼ਵਿਕਾਂ, ਨੇ 18 ਜੂਨ ਦੇ ਇਤਿਹਾਸਕ ਦਿਨ ਤੇ ਆਪਣੇ ਆਪ ਨੂੰ ਡਾਵਾਂਡੋਲ ਵਿਖਾਇਆ ਉਹਨਾਂ ਦੇ ਨਾਅਰੇ ਡਾਵਾਂਡੋਲਪਣ ਦਰਸਾਉਂਦੇ ਹਨ, ਅਤੇ ਇਹ ਗੱਲ ਸਾਰਿਆਂ ਨੂੰ ਸਪਸ਼ਟ ਸੀ ਕਿ ਉਹਨਾਂ ਦੇ ਨਾਅਰਿਆਂ ਦੇ ਹਮਾਇਤੀ ਘਟ-ਗਿਣਤੀ ਵਿਚ ਸਨ। ਆਪਣੇ ਨਾਅਰਿਆਂ ਤੇ ਜਕੋਤੱਕੀ ਰਾਹੀਂ ਉਹਨਾਂ ਨੇ ਲੋਕਾਂ ਨੂੰ ਜਿਥੇ ਉਹ ਹਨ ਉਥੇ ਹੀ ਰਹਿਣ ਦੀ, ਕੁਝ ਸਮੇਂ ਲਈ ਹਰ ਚੀਜ਼ ਤਬਦੀਲੀ ਰਹਿਤ ਰਖਣ ਦੀ ਸਲਾਹ ਦਿਤੀ। ਅਤੇ ਲੋਕਾਂ ਨੇ ਮਹਿਸੂਸ ਕੀਤਾ, ਤੇ ਉਹਨਾਂ ਨੇ ਆਪ ਮਹਿਸੂਸ ਕੀਤਾ ਕਿ ਇਹ ਅਸੰਭਵ ਸੀ।

ਪਰੋਲੇਤਾਰੀਏ ਦੇ ਹਰਾਵਲ ਨੇ, ਰੂਸ ਦੇ ਮਜ਼ਦੂਰਾਂ ਤੇ ਸਿਪਾਹੀਆਂ ਦੇ ਹਰਾਵਲ ਨੇ, ਆਖਿਆ ਕਿ ਜੱਕੋ-ਤੱਕੀ ਕਾਫੀ ਹੋ ਚੁਕੀ ਹੈ। ਜੱਕੋ-ਤੱਕੀ ਕਾਫੀ ਹੋ ਚੁਕੀ ਹੈ। ਸਰਮਾਏਦਾਰਾਂ ਵਿਚ ਉਹਨਾਂ ਦੀ ਸਰਕਾਰ ਵਿਚ, ਸੁਧਾਰ ਲਈ ਉਹਨਾਂ ਦੇ ਅਸਫਲ ਯਤਨਾਂ ਵਿਚ, ਉਹਨਾਂ ਦੀ ਜੰਗ ਵਿਚ ਵਿਸ਼ਵਾਸ ਦੀ ਨੀਤੀ, ਇਕ ਹਮਲੇ ਦੀ ਉਹਨਾਂ ਦੀ ਨੀਤੀ, ਇਕ ਨਿਰਾਸ਼ਾ-ਜਨਕ ਨੀਤੀ ਹੈ। ਇਸ ਦਾ ਛੇਤੀ ਢਹਿ ਢੇਰੀ ਹੋਣਾ ਅਟੱਲ ਹੈ। ਅਤੇ ਉਹ ਗਿਰਾਵਟ ਹਾਕਮ ਪਾਰਟੀ ਦੀ, ਸੋਸ਼ਲਿਸਟ-ਰੇਵੋਲਿਊਸ਼ਨਰੀਆਂ ਤੇ ਮੈਨਸ਼ਵਿਕਾਂ ਦੀ ਵੀ ਗਿਰਾਵਟ ਹੋਵੇਗੀ। ਆਰਥਕ ਗੜਬੜੀ ਹੋਰ ਨੇੜੇ ਆ ਰਹੀ ਹੈ। ਇਸ ਤੋਂ ਬਚਣ ਦਾ ਇਨਕਲਾਬੀ-ਜਮਾਤ ਦੇ ਇਨਕਲਾਬੀ ਕਦਮਾਂ ਤੋਂ ਬਿਨਾਂ ਬਚਣ ਦਾ ਕੋਈ

ਰਾਹ ਨਹੀਂ ਹੈ, ਜਿਸ ਨੇ ਸੱਤਾ ਆਪਣੇ ਹੱਥਾਂ ਵਿਚ ਲੈ ਲਈ ਹੈ।

ਲੋਕਾਂ ਨੂੰ ਸਰਮਾਇਦਾਰਾਂ ਵਿਚ ਵਿਸ਼ਵਾਸ ਦੀ ਨੀਤੀ ਨਾਲੋਂ ਤੋੜ ਵਿਛੋੜਾ ਕਰਨ ਦਿਓ। ਉਹਨਾਂ ਨੂੰ ਇਨਕਲਾਬੀ ਜਮਾਤ-ਪਰੋਲੇਤਾਰੀਆਂ ਵਿਚ ਵਿਸ਼ਵਾਸ ਸਥਾਪਤ ਕਰ ਦਿਓ। ਸੱਤਾ ਦੇ ਵਸੀਲੇ ਇਸ ਵਿਚ ਸਥਿਤ ਹਨ ਤੇ ਕੇਵਲ ਇਸੇ ਵਿਚ ਸਥਿਤ ਹਨ। ਕੇਵਲ ਇਹੋ ਹੀ ਇਹ ਵਚਨ ਦੇਂਦੀ ਹੈ ਕਿ **ਬਹੁ-ਗਿਣਤੀ** ਦੇ ਹਿਤਾਂ ਦੀ ਪਾਲਣਾ ਹੋਵੇਗੀ। ਕਿਰਤੀ ਤੇ ਲੁਟੇ ਜਾਂਦੇ ਲੋਕਾਂ ਦੇ ਹਿਤਾਂ ਨੂੰ ਪੂਰਿਆ ਜਾਵੇਗਾ ਜਿਨ੍ਹਾਂ ਨੂੰ ਭਾਵੇਂ ਜੰਗ ਤੇ ਸਰਮਾਏ ਨੇ ਦਬਾ ਕੇ ਰਖਿਆ ਹੈ ਉਹ ਹੀ ਜੰਗ ਤੇ ਸਰਮਾਏ ਨੂੰ ਹਰਾਉਣ ਦੇ ਯੋਗ ਹਨ!

ਇਸ ਬੇ-ਮਿਸਾਲ ਪੈਮਾਨੇ ਦਾ ਸੰਕਟ ਰੂਸ ਉਤੇ ਅਤੇ ਸਮੁੱਚੀ ਮਨੁੱਖਤਾ ਉਤੇ ਆ ਪਿਆ ਹੈ। ਕੇਵਲ ਇਹੋ ਇਕੋ ਰਾਹ ਹੈ ਕਿ ਕਿਰਤੀ ਤੇ ਲੁੱਟੇ ਜਾਂਦੇ ਲੋਕਾਂ ਦੇ ਬਹੁਤ ਹੀ ਜਥੇਬੰਦ ਤੇ ਅਗਾਂਹ-ਵਧੂ ਦਸਤੇ ਉਤੇ ਵਿਸ਼ਵਾਸ ਕੀਤਾ ਜਾਵੇ, ਤੇ ਇਸ ਦੀ ਨੀਤੀ ਦੀ ਹਮਾਇਤ ਕੀਤੀ ਜਾਵੇ।

ਅਸੀਂ ਇਹ ਨਹੀਂ ਜਾਣਦੇ ਕਿ ਲੋਕ ਇਸ ਸਬਕ ਨੂੰ ਛੇਤੀ ਗ੍ਰਹਿਣ ਕਰ ਲੈਣਗੇ ਜਾਂ ਉਹ ਇਸ ਨੂੰ ਕਿਵੇਂ ਅਮਲ ਵਿਚ ਲਿਆਉਣਗੇ। ਪਰ ਅਸੀਂ ਯਕੀਨੀ ਤੌਰ ਤੇ ਜਾਣਦੇ ਹਾਂ ਕਿ ਇਸ ਸਬਕ ਤੋਂ ਬਿਨਾਂ ਇਸ ਦਲ-ਦਲ ਵਿਚੋਂ ਨਿਕਲਣ ਦਾ ਹੋਰ ਕੋਈ ਰਾਹ ਨਹੀਂ ਹੈ, ਕਿ ਸੰਭਵ ਜੱਕੋਤੱਕੀਆਂ ਜਾਂ ਉਲਟ-ਇਨਕਲਾਬੀਆਂ ਵਲੋਂ ਜ਼ੁਲਮ ਕਿਸੇ ਵੀ ਪਾਸੇ ਨਹੀਂ ਲਿਜਾਣਗੇ।

ਜਦੋਂ ਤਕ ਜਨਸਮੂਹ ਆਪਣੇ ਆਗੂ, ਪਰੋਲੇਤਾਰੀਏ ਵਿਚ ਪੂਰਾ ਵਿਸ਼ਵਾਸ ਨਹੀਂ ਕਰਦੇ, ਬਚਣ ਦਾ ਕੋਈ ਰਾਹ ਨਹੀਂ ਹੈ।

ਪਰਾਵਦਾ ਨੰਬਰ 86
3 ਜੁਲਾਈ (20 ਜੂਨ), 1917

ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਨੇ ਇਨਕਲਾਬ ਨੂੰ ਕਿਹੜੀ ਹਾਲਤ ਵਿਚ ਪਹੁੰਚਾ ਦਿਤਾ ਹੈ ?

ਉਹਨਾ ਨੇ ਇਸ ਨੂੰ ਸਾਮਰਾਜੀਆ ਦੀ ਅਧੀਨਗੀ ਦੀ ਹਾਲਤ ਵਿਚ ਪਹੁੰਚਾ ਦਿਤਾ ਹੈ।

ਹਮਲਾ ਸਾਮਰਾਜੀ ਜੰਗ ਦਾ ਪੁਨਰ-ਆਰੰਭ ਹੈ। ਇਕ ਦੂਜੇ ਦੇ ਵਿਰੁਧ ਲੜ ਰਹੇ ਦੋ ਅਥਾਹ ਵੱਡੇ ਸਰਮਾਏਦਾਰ ਧੜਿਆਂ ਵਿਚਲੇ ਸਬੰਧਾ ਵਿਚ ਕੋਈ ਜਰੂਰੀ ਤਬਦੀਲੀ ਨਹੀਂ ਆਈ। ਇਥੋਂ ਤਕ ਕਿ 27 ਫਰਵਰੀ ਦੇ ਇਨਕਲਾਬ ਦੇ ਮਗਰੋਂ ਰੂਸ ਪੂਰੀ ਤਰ੍ਹਾਂ ਸਰਮਾਏਦਾਰਾ ਦੇ ਪਰਭਾਵ ਅਧੀਨ ਹੀ ਰਿਹਾ ਹੈ, ਜਿਹੜੇ ਐਂਗ-ਫਰਾਸੀਸੀ ਸਾਮਰਾਜੀਆ ਨਾਲ ਗੱਠਜੋੜ ਰਾਹੀਂ ਅਤੇ ਪੁਰਾਣੀਆ ਜਾਰਸਾਹੀ ਲੁਕਵੀਆ ਸੰਧੀਆ ਰਾਹੀਂ ਬੱਝੇ ਹੋਏ ਹਨ। ਜੰਗ ਨੂੰ ਜਾਰੀ ਰਖਣ ਦੀ ਆਰਥਕਤਾ ਤੇ ਰਾਜਨੀਤੀ ਪਹਿਲਾ ਵਰਗੀਆ ਹਨ: ਉਹੋ ਪੁਰਾਣਾ ਸਾਮਰਾਜੀ ਬੈਂਕਿੰਗ ਸਰਮਾਇਆ ਆਰਥਕ ਜੀਵਨ ਉਤੇ ਭਾਰੂ ਹੈ, ਤੇ ਉਹੋ ਪੁਰਾਣੀਆ ਸੰਧੀਆ ਅਤੇ ਸਾਮਰਾਜੀਆਂ ਦੇ ਇਕ ਧੜੇ ਦੀ ਦੂਜੇ ਧੜੇ ਦੇ ਵਿਰੁਧ ਗਠਜੋੜਾ ਦੀ ਉਹੋ ਪੁਰਾਣੀ ਬਦੇਸ ਨੀਤੀ ਜਾਰੀ ਹੈ।

ਮੈਨਸਵਿਕਾ ਤੇ ਸੋਸਲਿਸਟ-ਇਨਕਲਾਬੀਆ ਦੇ ਖੋਖਲੇ ਵਾਕੰਸ ਅਜੇ ਵੀ ਖੋਖਲੇ ਹਨ। ਅਸਲ ਵਿਚ ਸਾਮਰਾਜੀ ਜੰਗ ਦੀ ਬਹਾਲੀ ਨੂੰ ਸਜਾਉਣ ਦਾ ਕੰਮ ਕਰ ਰਹੇ ਹਨ, ਜਿਸ ਦਾ ਸੁਆਗਤ ਕੁਦਰਤੀ ਤੌਰ ਤੇ ਸਾਰੇ ਉਲਟ-ਇਨਕਲਾਬੀਆ ਵਲੋਂ-ਸਮੁੱਚੀ ਬੁਰਜੁਆਜੀ ਵਲੋਂ ਅਤੇ ਪਲੇਖਾਨੋਵ ਵਲੋਂ, "ਜੋ ਬੁਰਜੂਆ ਪ੍ਰੈਸ ਦਾ ਪਿਛਲੱਗ ਹੈ" ਜਿਵੇਂ ਕਿ ਮੈਨਸਵਿਕ ਅਖ਼ਬਾਰ **ਰਾਬੋਚਾਇਆ ਗਾਜ਼ੇਤਾ** ਨੇ ਲਿਖਿਆ ਹੈ, ਜਿਹੜਾ ਅਖਬਾਰ ਆਪ ਸਮਾਜਕ-ਅੰਧਰਾਸਟਰਵਾਦੀਆ ਦੇ ਸਮੁੱਚੀ ਭੀੜ ਦਾ ਪਿਛਲੱਗ ਹੈ—ਪਰਵਾਨਗੀ ਦੀਆ ਉਤਸਾਹਜਨਕ ਆਵਾਜ਼ਾਂ ਨਾਲ ਕੀਤਾ ਜਾ ਰਿਹਾ ਹੈ।

ਪਰ ਸਾਨੂੰ ਸਾਮਰਾਜੀ ਜੰਗ ਦੀ ਇਸ ਵਿਸੇਸ ਬਹਾਲੀ ਦੇ ਵਲਿੱਖਣ ਲੱਛਣਾਂ ਨੂੰ ਅਖੋਂ ਓਹਲੇ ਨਹੀਂ ਕਰਨਾ ਚਾਹੀਦਾ। ਇਹ ਬਹਾਲੀ ਤਿੰਨ ਮਹੀਨਿਆ ਦੀ ਜਕੋ-ਤੱਕੀ ਦੇ ਮਗਰੋਂ ਹੋਈ ਹੈ, ਜਿਸ ਸਮੇਂ ਦੌਰਾਨ ਮਜਦੂਰਾਂ ਤੇ ਕਿਸਾਨਾਂ ਦੇ ਸਮੂਹਾਂ ਨੇ ਹਜ਼ਾਰਾਂ ਵਾਰ ਜਿੱਤਾਂ ਪਰਾਪਤ ਕਰਨ ਵਾਲੀ ਜੰਗ ਦੀ ਨਿਖੇਧੀ ਕੀਤੀ ਹੈ (ਜਦ ਕਿ ਅਸਲ ਵਿਚ ਉਹ ਲੋਟੂ ਰੂਸੀ ਬੁਰਜੁਆਜ਼ੀ ਦੀ ਸਰਕਾਰ ਦੀ ਜੋ ਬਦੇਸ਼ੀ ਇਲਾਕੇ ਜਿੱਤਣ ਤੇ ਤੁਲੀ ਹੋਈ ਹੈ ਹਮਾਇਤ ਜਾਰੀ ਰਖ ਰਹੇ ਹਨ)। ਜਨਸਮੂਹ ਨੇ ਜਕੋ-ਤੱਕੀ ਵਿਖਾਈ, ਜਿਵੇਂ ਉਹ ਘਰ ਵਿਚ ਉਸ ਸਲਾਹ ਉਤੇ ਅਮਲ ਕਰਨ ਵਾਲੇ

ਸਨ ਜੋ 14 ਮਾਰਚ ਦੀ ਅਪੀਲ ਨੇ ਸੰਸਾਰ ਦੇ ਦੂਜੇ ਲੋਕਾਂ ਨੂੰ ਦਿਤੀ ਸੀ, ਭਾਵ "ਬੈਂਕਰਾਂ ਦੇ ਹੱਥਾਂ ਵਿਚ ਫਤਹਿ ਤੇ ਹਿੰਸਾ ਦੇ ਸਾਧਨਾਂ ਵਜੋਂ ਕੰਮ ਕਰਨੋਂ ਇਨਕਾਰ ਕਰ ਦਿਓ।" ਪਰ ਇਥੇ ਘਰ ਵਿਚ, "ਇਨਕਲਾਬੀ-ਡੈਮੋਕਰੈਟਿਕ" ਰੂਪ ਵਿਚ, ਅਮਲ ਵਿਚ ਜਨਸਮੂਹ "ਬੈਂਕਰਾਂ ਦੇ ਹੱਥਾਂ" ਵਿਚ ਫਤਹਿ ਤੇ ਹਿੰਸਾ ਦਾ ਸਾਧਨ ਹੀ ਰਹੇ ਹਨ।

ਇਸ ਸਥਿਤੀ ਦਾ ਇਕ ਵਲਿੱਖਣ ਲੱਛਣ ਇਹ ਹੈ ਕਿ ਇਹ ਸੋਸਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਵਲੋਂ ਉਸ ਸਮੇਂ ਪੈਦਾ ਕੀਤੀ ਗਈ ਜਦੋਂ ਲੋਕਾਂ ਨੂੰ ਜਥੇਬੰਦੀ ਦੀ ਮੁਕਾਬਲਤਨ ਬਹੁਤੀ ਆਜਾਦੀ ਪਰਾਪਤ ਸੀ। ਇਹ ਪਾਰਟੀਆਂ ਹਨ ਜਿਨ੍ਹਾਂ ਨੇ ਇਸ ਸਮੇਂ ਬਹੁ-ਗਿਣਤੀ ਪਰਾਪਤ ਕਰ ਲਈ ਹੈ। ਸੋਵੀਅਤਾਂ ਦੀ ਕੁਲ-ਰੂਸ ਕਾਂਗਰਸ ਅਤੇ ਕਿਸਾਨਾਂ ਦੀ ਕੁਲ-ਰੂਸ ਕਾਂਗਰਸ ਨੇ ਬਿਨਾਂ ਸ਼ੱਕ ਦੇ ਇਹ ਸਿੱਧ ਕਰ ਦਿਤਾ ਹੈ।

ਇਹੋ ਪਾਰਟੀਆਂ ਹਨ ਜੋ ਰੂਸ ਦੀ ਨੀਤੀ ਲਈ ਜ਼ਿੰਮੇਵਾਰ ਹਨ।

ਇਹੋ ਪਾਰਟੀਆਂ ਹਨ ਜੋ ਸਾਮਰਾਜੀ ਜੰਗ ਦੇ ਪੁਨਰ-ਆਰੰਭ ਲਈ, ਕੁਝ ਸਰਮਾਏਦਾਰਾਂ ਨੂੰ ਦੂਜੇ ਸਰਮਾਏਦਾਰਾਂ ਉਤੇ ਕਾਬੂ ਪਾਉਣ ਦੇ ਯੋਗ ਬਨਾਉਣ ਦੇ ਉਦੇਸ਼ ਨਾਲ ਹੋਰ ਲੱਖਾਂ ਜਿੰਦਾਂ ਕੁਰਬਾਨ ਕਰਨ ਲਈ ਅਤੇ ਹਮਲੇ ਦੇ ਫਲਸਰੂਪ ਆਰਥਕ ਗੜਬੜ ਦੇ ਹੋਰ ਵਿਗਾੜ ਲਈ ਜ਼ਿੰਮੇਵਾਰ ਹਨ।

ਸਾਡੇ ਸਾਹਮਣੇ ਨਿਕ-ਬੁਰਜੂਆ ਜਨਸਮੂਹਾਂ ਦੇ ਸਵੈ-ਛਲ ਦੀ ਅਤੇ ਸੋਸਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀ ਮੱਦਦ ਨਾਲ ਬੁਰਜੂਆਜ਼ੀ ਵਲੋਂ ਉਹਨਾਂ ਨਾਲ ਛਲ ਦੀ, ਬਹੁਤ ਹੀ ਨਿਰਮਲ ਰੂਪ ਵਿਚ ਉਦਾਹਰਣ ਸੀ। ਇਹ ਦੋਵੇਂ ਪਾਰਟੀਆਂ "ਇਨਕਲਾਬੀ-ਜਨਵਾਦੀ" ਹੋਣ ਦਾ ਦਾਅਵਾ ਕਰਦੀਆਂ ਹਨ। ਪਰ ਅਸਲ ਵਿਚ ਇਹੋ ਹੀ ਸਨ ਜਿਨ੍ਹਾਂ ਨੇ ਲੋਕਾਂ ਦੀ ਹੋਣੀ ਉਲਟ-ਇਨਕਲਾਬੀ ਬੁਰਜੂਆ-ਕੇਡਿਟਾਂ ਦੇ ਹੱਥਾਂ ਵਿਚ ਸੌਂਪ ਦਿਤੀ, ਇਹੋ ਸਨ ਜਿਨ੍ਹਾਂ ਨੇ ਸਾਮਰਾਜੀ ਜੰਗ ਜਾਰੀ ਰਖਣ ਲਈ ਇਨਕਲਾਬ ਨੂੰ ਤਿਆਗ ਦਿਤਾ, ਜਿਨ੍ਹਾਂ ਨੇ ਸੱਤਾ ਦੇ ਮਸਲੇ ਉਤੇ (ਉਦਾਹਰਣ ਵਜੋਂ, ਸਥਾਨਕ ਵਸੋਂ ਵਲੋਂ ਚੁਣੇ ਗਏ ਅਧਿਕਾਰੀਆਂ ਦੀ ਉਪਰੋਂ "ਪੁਸ਼ਟੀ"), ਜ਼ਮੀਨ ਦੇ ਮਸਲੇ ਉਤੇ (ਮੈਨਸ਼ਵਿਕਾਂ ਤੇ ਸੋਸਲਿਸਟ-ਇਨਕਲਾਬੀਆਂ ਵਲੋਂ ਆਪਣੇ ਹੀ ਪਰੋਗਰਾਮ ਦਾ ਤਿਆਗ, ਜਿਵੇਂ ਕਿਸਾਨਾਂ ਦੀਆਂ ਇਨਕਲਾਬੀ ਕਾਰਵਾਈਆਂ ਦੀ ਹਮਾਇਤ (ਜਿਨ੍ਹਾਂ ਵਿਚ ਜਗੀਰੂ ਮਿਲਖਾਂ ਨੂੰ ਜਬਤ ਕਰਨਾ ਵੀ ਸ਼ਾਮਲ ਸੀ), ਅਤੇ ਕੌਮੀ ਮਸਲੇ ਉਤੇ (ਯੂਕਰੇਨ ਤੇ ਫਿਨਲੈਂਡ ਵਲ ਕੇਡਿਟਾਂ ਦੇ ਗੈਰ-ਜਮਹੂਰੀ ਵਤੀਰੇ ਦੀ ਰਾਖੀ) ਕੈਡਿਟਾਂ ਨੂੰ ਰਿਆਇਤਾਂ ਦੇਣ ਲਈ ਜਮਹੂਰੀਅਤ ਨੂੰ ਤੱਜ ਦਿਤਾ।

ਨਿਕ ਬੁਰਜੂਆ ਜਨਸਮੂਹ ਬੁਰਜੂਆਜ਼ੀ ਤੇ ਪਰੋਲੇਤਾਰੀਆ ਵਿਚਾਲੇ ਡਾਵਾਂਡੋਲ ਰਹਿਣੋਂ ਨਹੀਂ ਰਹਿ ਸਕਦੇ ਹਨ। ਇਹ ਹਾਲਤ ਸਾਰੇ ਦੇਸ਼ਾਂ ਵਿਚ, ਵਿਸ਼ੇਸ਼ ਤੌਰ ਤੇ 1789 ਤੇ 1871 ਦੇ ਵਿਚਾਲੇ ਰਹੀ ਹੈ। ਅਤੇ ਰੂਸ ਦਾ ਇਹੋ ਮਾਮਲਾ ਹੈ। ਮੈਨਸ਼ਵਿਕਾਂ ਤੇ ਸੋਸਲਿਸਟ-ਇਨ-ਕਲਾਬੀਆਂ ਨੇ ਜਨਸਮੂਹ ਨੂੰ ਉਲਟ-ਇਨਕਲਾਬੀ ਬੁਰਜੂਆਜ਼ੀ ਦੇ ਅੱਗੇ ਹਥਿਆਰ ਸੁਟਣ ਲਈ ਪਰੇਰਿਆ ਹੈ।

ਮਾਮਲੇ ਦੀ ਇਹੋ ਕੁੰਜੀ ਹੈ। ਹਮਲੇ ਦਾ ਇਹੋ ਅਰਥ ਹੈ। ਸਥਿਤੀ ਦੀ ਇਹੋ ਵਲਿੱਖਣਤਾ ਹੈ : ਇਹ ਹਿੰਸਾ ਨਹੀਂ ਸੀ, ਸਗੋਂ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਵਿਚ ਵਿਸ਼ਵਾਸ ਸੀ ਜੋ ਲੋਕਾਂ ਨੂੰ ਲਾਂਭੇ ਲੈ ਗਿਆ।

ਕੀ ਇਹ ਸਥਿਤੀ ਲੰਮਾ ਸਮਾਂ ਰਹੇਗੀ?

ਨਹੀਂ, ਲੰਮਾ ਸਮਾਂ ਨਹੀਂ। ਜਨਸਮੂਹ ਆਪਣੇ ਤਜਰਬੇ ਤੋਂ ਸਿੱਖਣਗੇ। ਜੰਗ ਦੇ ਨਵੇਂ ਪੜਾਅ ਦਾ (ਜਿਹੜਾ ਪੜਾਅ ਅਰੰਭ ਹੋ ਚੁਕਿਆ ਹੈ), ਹਮਲੇ ਰਾਹੀਂ ਤੇਜ਼ ਕੀਤੀ ਗਈ ਹੋਰ ਤਬਾਹੀ ਦਾ ਦੁਖਦਾਈ ਤਜਰਬਾ ਸੋਸਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ ਦੀ ਰਾਜਨੀਤਕ ਅਧੋਗਤੀ ਵਲ ਅਟੱਲ ਤੌਰ ਤੇ ਲੈ ਜਾਵੇਗਾ।

ਮਜ਼ਦੂਰਾਂ ਦੀ ਪਾਰਟੀ ਦਾ ਕਾਰਜ, ਸਭ ਤੋਂ ਪਹਿਲਾਂ, ਜਨਸਮੂਹ ਨੂੰ ਇਸ ਤਜਰਬੇ ਨੂੰ ਸਮਝਣ ਤੇ ਇਸ ਨੂੰ ਪੂਰੀ ਤਰਾਂ ਗ੍ਰਹਿਣ ਕਰਨ ਵਿਚ ਮਦਦ ਕਰਨਾ ਇਸ ਮਹਾਨ ਅਧੋਗਤੀ ਲਈ ਸਹੀ ਢੰਗ ਨਾਲ ਤਿਆਰ ਕਰਨਾ ਹੈ ਜੋ ਜਨਸਮੂਹ ਦਾ ਸੱਚਾ ਆਗੂ ਜਥੇਬੰਦ ਸ਼ਹਿਰੀ ਪਰੋਲੇਤਾਰੀਆ ਵਿਖਾਏਗਾ।

ਪਰਾਵਦਾ ਨੰਬਰ 88

5 ਜੁਲਾਈ (22 ਜੂਨ), 19·7

ਕੀ "ਜੈਕਬਿਨਵਾਦ" ਮਜ਼ਦੂਰ ਜਮਾਤ ਨੂੰ ਡਰਾ ਸਕਦਾ ਹੈ ?

ਬੁਰਜੂਆ ਤੇ ਅੰਧਰਾਸ਼ਟਰਵਾਦੀ **ਦਾਈਏਨ**, "ਸੋਸਲਿਸਟ ਚਿੰਤਨ" (ਹੱਸੋ ਨਾ !) ਦਾ ਅਖਬਾਰ ਤੇ ਆਪਣੇ ਨੰਬਰ 91 ਵਿਚ **ਰੀਸ਼** ਦੇ 18 ਜੂਨ ਦੇ ਸਚਮੁੱਚ ਦਿਲਚਸਪ ਸੰਪਾਦਕੀ ਦੇ ਜੁਆਬ ਵਿਚ ਸੰਪਾਦਕੀ ਲਿਖਿਆ ਹੈ। **ਦਾਈਏਨ** ਉਸ ਸੰਪਾਦਕੀ ਨੂੰ ਉੱਕਾ ਹੀ ਨਹੀਂ ਸਮਝ ਸਕਦਾ, ਜਿਸ ਵਿਚ **ਇਤਿਹਾਸਕਾਰ** ਇਕ ਵਿਹੁਲੀ ਉਲਟ-ਇਨਕਲਾਬੀ ਬੁਰਜੁਆਜੀ ਬਾਰੇ ਗੱਲ ਕਰਦਾ ਹੈ। **ਦਾਈਏਨ** ਇਸ ਸੰਪਾਦਕੀ ਵਿਚੋਂ "ਕੈਡਿਟਾਂ ਦਾ ਕੁਲੀਸਨ ਸਰਕਾਰ ਵਿਚੋਂ ਬਾਹਰ ਨਿਕਲਣ ਦਾ ਇਰਾਦਾ—ਜੋ ਇਕ ਪੱਕਾ ਫੈਸਲਾ ਬਣ ਗਿਆ ਹੈ—" ਪੜ੍ਹਦਾ ਹੈ।

ਇਹ ਬੇਹੂਦਗੀ ਹੈ। ਕੈਡਿਟ ਧਮਕੀ ਦੇਂਦੇ ਹਨ ਤਾਂ ਜੋ ਤਸੇਰੇਤੇਲੀਆਂ ਤੇ ਚੇਰਨੋਵਾਂ ਨੂੰ ਡਰਾਇਆ ਜਾਵੇ। ਇਹ ਕੋਈ ਗੰਭੀਰ ਗੱਲ ਨਹੀਂ ਹੈ।

ਜਿਹੜੀ ਗੱਲ ਗੰਭੀਰ ਤੇ ਦਿਲਚਸਪ ਹੈ, ਉਹ ਇਹ ਹੈ ਕਿ **ਰੀਸ਼** ਦੇ 18 ਜੂਨ ਦੇ ਸੰਪਾਦਕੀ ਨੇ ਸਤਾ ਦੇ ਸੁਆਲ ਨੂੰ ਇਕ ਇਤਿਹਾਸਕਾਰ ਦੀ ਦ੍ਰਿਸਟੀ ਤੋਂ ਕਿਵੇਂ ਪੇਸ ਕੀਤਾ।

> "ਜਦ ਕਿ," ਉਸ ਨੇ ਲਿਖਿਆ, "ਪਿਛਲੀ ਸਰਕਾਰ ਦੀ ਬਣਤਰ ਨਾਲ, ਘਟੋ-ਘੱਟ ਕੁਝ ਹੱਦ ਤਕ, ਰੂਸੀ ਇਨਕਲਾਬ ਦੇ ਅਮਲ ਨੂੰ ਸੇਧ ਦੇਣੀ ਸੰਭਵ ਸੀ, ਹੁਣ ਤੋਂ ਸਾਰੇ ਇਨਕਲਾਬਾਂ ਦੇ ਆਪ-ਮੁਹਾਰੇ ਕਾਨੂੰਨਾ ਅਨੁਸਾਰ ਇਸ ਦਾ ਵਿਕਾਸ ਪਰਤੱਖ ਰੂਪ ਵਿਚ ਨਿਸਚਿਤ ਹੋ ਗਿਆ ਹੈ। ਇਸ ਸਰਕਾਰ ਦੀ ਬਣਤਰ ਜਿਸ ਦੀ ਅਗਲੀ ਹੋਂਦ ਦੀ ਅਯੋਗਤਾ, ਜਿਸ ਨੇ ਆਪਣੇ ਆਪ ਨੂੰ ਹੱਕੀ ਸਿੱਧ ਨਹੀਂ ਕੀਤਾ, ਇਕ ਸੁਆਲ ਹੈ ਜੋ ਨਾ ਕੇਵਲ ਬਾਲਸਵਿਕਾਂ ਵਲੋਂ (**ਇਹ ਨੋਟ ਕਰੋ ! ਨਾ ਕੇਵਲ ਬਾਲਸ਼ਵਿਕਾਂ ਵਲੋਂ !**) ਅਤੇ ਨਾ ਕੇਵਲ ਸੋਵੀਅਤਾ ਦੀ ਬਹੁਗਿਣਤੀ ਵਲੋਂ, ਪਹਿਲਾ ਹੀ ਉਠਾਇਆ ਗਿਆ...। ਇਹ ਅਜਿਹਾ ਸੁਆਲ ਹੈ ਜਿਸ ਨੂੰ ਸਰਮਾਏਦਾਰ ਵਜੀਰਾ ਨੂੰ ਆਪ ਉਠਾਉਣਾ ਚਾਹੀਦਾ ਹੈ...।"

ਇਤਿਹਾਸਕਾਰ ਇਹ ਮੰਨਣ ਵਿਚ ਸਹੀ ਹੈ ਕਿ ਨਾ ਕੇਵਲ ਬਾਲਸ਼ਵਿਕਾਂ ਨੇ, ਸਗੋਂ ਜਮਾਤਾਂ ਦੇ ਸਮੁੱਚੇ ਅੰਤਰ-ਸਬੰਧ ਨੇ, ਸਮੁੱਚੇ ਤੌਰ ਤੇ ਸਮਾਜ ਦੇ ਜੀਵਨ ਨੇ, ਸਰਕਾਰ ਦੀ ਬਣਤਰ, ਜਿਸ ਨੇ ਆਪਣੇ ਆਪ ਨੂੰ ਹੱਕੀ ਸਿੱਧ ਨਹੀਂ ਕੀਤਾ ਹੈ. ਦੀ ਹੋਰ ਮੌਜੂਦਗੀ ਦੀ ਅਯੋਗਤਾ

ਦੇ ਸੁਆਲ ਨੂੰ ਸਾਹਮਣੇ ਲਿਆਂਦਾ ਹੈ। ਅਸਲ ਵਿਚ ਇਕ ਡਾਵਾਂਡੋਲਤਾ ਹੈ। ਹਮਲਾ, ਸਾਮਰਾਜੀ ਬੁਰਜੁਆਜ਼ੀ ਲਈ ਜਿੱਤ ਵਲ ਜਾਂਦਾ ਇਕ ਸੰਭਵ ਮਾਰਗ ਹੈ। ਕੀ ਕੋਈ ਹੋਰ ਸੰਭਵ ਰਾਹ ਹੈ?

ਰੀਚ ਦਾ ਇਤਿਹਾਸਕਾਰ ਇਸ ਸੁਆਲ ਦਾ ਜੁਆਬ ਇਸ ਤਰ੍ਹਾਂ ਦੇਂਦਾ ਹੈ:

> "ਇਕ ਵਾਰ ਉਹ "ਸਾਰੀ ਸੱਤਾ" ਪਰਾਪਤ ਕਰ ਲੈਂਦੀਆਂ ਹਨ। ਸੋਵੀਅਤਾਂ ਜ਼ਲਦੀ ਇਹ ਵੇਖਣਗੀਆਂ ਕਿ ਉਹਨਾਂ ਕੋਲ ਬਹੁਤ ਹੀ ਥੋੜੀ ਸੱਤਾ ਹੈ। ਅਤੇ ਉਹਨਾਂ ਨੂੰ ਸੱਤਾ ਦੀ ਥੁੜ ਪੂਰੀ ਕਰਨ ਲਈ ਯੰਗ ਟਰਕਾਂ ਜ਼ਾਂ ਜੇਕਬਿਨਾਂ ਦੇ ਇਤਿਹਾਸਕ ਤੌਰ ਅਜ਼ਮਾਏ ਹੋਏ ਢੰਗ ਤਰੀਕੇ ਸਮਝਣੇ ਪੈਣਗੇ... ਕੀ ਉਹ, ਇਕ ਵਾਰ ਜੇ ਸਾਰਾ ਮਸਲਾ ਮੁੜ ਕੇ ਉਠਾਇਆ ਜਾਂਦਾ ਹੈ, ਜੇਕਬਿਨਵਾਦ ਤੇ ਦਹਿਸ਼ਤ-ਪਸੰਦੀ ਨੂੰ ਅਪਨਾਉਣ ਲਈ ਰਾਜ਼ੀ ਹੋਣਗੀਆਂ, ਜਾਂ ਉਹ ਇਸ ਤੋਂ ਆਪਣੇ ਹੱਥ ਸਾਫ ਕਰਨ ਦਾ ਯਤਨ ਕਰਨਗੀਆਂ? ਇਹ ਇਕ ਭਖਦਾ ਸੁਆਲ ਹੈ ਜਿਸ ਦਾ ਜੁਆਬ ਕੁਝ ਦਿਨਾ ਵਿਚ ਦਿਤਾ ਜਾਵੇ ਗਾ।"

ਇਤਿਹਾਸਕਾਰ ਦਰੁਸਤ ਹੈ। ਕੁਝ ਦਿਨਾਂ ਵਿਚ ਜਾਂ ਕੁਝ ਦਿਨਾਂ ਵਿਚ ਨਹੀਂ, ਇਹ ਹੈ ਸੁਆਲ ਜਿਸ ਦਾ ਜੁਆਬ ਜਲਦੀ ਦਿਤਾ ਜਾਵੇਗਾ। ਜਾਂ ਤਾਂ ਹਮਲਾ, ਉਲਟ-ਇਨਕਲਾਬ ਵਲ ਮੋੜਾ, ਸਾਮਰਾਜੀ ਬੁਰਜੁਆਜ਼ੀ ਦੇ ਕਾਜ਼ ਲਈ ਜਿੱਤ (ਕਿਤਨੇ ਸਮੇਂ ਲਈ?), ਚੇਰਨੋਵਾਂ ਤੇ ਤਸੇਰੇਤੇਲੀ ਵਲੋਂ "ਹੱਥਾਂ ਦੀ ਧੁਲਾਈ", ਜਾ "ਜੇਕੋਬਿਨਵਾਦ"।

ਬੁਰਜੂਆ ਇਤਿਹਾਸਕਾਰ ਜੇਕਬਿਨਵਾਦ ਨੂੰ ਇਕ ਗਿਰਾਵਟ ("ਨੀਵਾਣ") ਵਜੋਂ ਵੇਖਦੇ ਹਨ। ਪਰੋਲੇਤਾਰੀ ਇਤਿਹਾਸਕਾਰ ਜੇਕੋਬਿਨਵਾਦ ਨੂੰ ਦੱਬੀ ਕੁਚਲੀ ਜਮਾਤ ਦੀ ਮੁਕਤੀ ਦੀ ਜਦੋ-ਜਹਿਦ ਵਿਚ ਇਸ ਸਭ ਤੋਂ ਉਚੀ **ਸਿਖਰ** ਸਮਝਦੇ ਹਨ। ਜੇਕਬਿਨਾਂ ਨੇ ਫਰਾਂਸ ਨੂੰ ਜਮਹੂਰੀ ਇਨਕਲਾਬ ਦੇ ਅਤੇ ਰੀਪਬਲਿਕ ਵਿਰੁਧ ਪਾਤਸਾਹਵਾਦੀਆ ਦੀ ਇਕ ਕੁਲੀਸ਼ਨ ਦੀ ਮੁਜ਼ਾਹਮਤ ਦੇ ਵਧੀਆ ਨਮੂਨੇ ਪਰਦਾਨ ਕੀਤੇ। ਜੇਕਬਿਨਾ ਦੀ ਹੋਣੀ ਵਿਚ ਪੂਰਨ ਫਤਿਹ ਪਰਾਪਤ ਕਰਨੀ ਸੀ, ਸਭ ਤੋਂ ਪਹਿਲਾਂ ਇਸ ਲਈ ਕਿਉਂ ਜੋ 18ਵੀਂ ਸਦੀ ਦਾ ਫਰਾਂਸ ਮਹਾਂਦੀਪ ਉਤੇ ਬਹੁਤ ਹੀ ਪੱਛੜੇ ਹੋਏ ਦੇਸਾ ਨਾਲ ਘਿਰਿਆ ਹੋਇਆ ਸੀ ਅਤੇ ਕਿਉਂ ਜੋ ਆਪ ਫਰਾਂਸ ਕੋਲ ਸੋਸ਼ਲਿਜ਼ਮ ਲਈ ਪਦਾਰਥਕ ਅਧਾਰ ਦੀ ਥੁੜ੍ਹ ਸੀ, ਉਥੇ ਕੋਈ ਬੈਂਕ ਨਹੀਂ ਸੀ, ਕੋਈ ਕੈਪੀਟਲ ਸਿੰਡੀਕੇਟ ਨਹੀਂ ਸੀ, ਕੋਈ ਮਸ਼ੀਨੀ ਸਨਅਤ ਨਹੀਂ ਸੀ, ਕੋਈ ਰੇਲਾਂ ਨਹੀਂ ਸਨ।

ਯੂਰਪ ਵਿਚ ਜਾਂ ਯੂਰਪ ਤੇ ਏਸ਼ੀਆ ਵਿਚਾਲੇ ਸਰਹੱਦੀ ਰੇਖਾ ਤੇ "ਜੇਕਬਿਨਵਾਦ" ਵੀਹਵੀਂ ਸੱਦੀ ਵਿਚ, ਇਨਕਲਾਬੀ ਜਮਾਤ ਦਾ, ਪਰੋਲੇਤਾਰੀਏ ਦਾ ਨਿਜ਼ਾਮ ਹੋਵੇਗਾ, ਜੋ ਕਿ ਗ਼ਰੀਬ ਕਿਸਾਨਾਂ ਦੀ ਹਮਾਇਤ ਨਾਲ ਅਤੇ ਸੋਸ਼ਲਿਜ਼ਮ ਵਲ ਵਧਣ ਲਈ ਮੌਜੂਦਾ ਆਰਥਕ ਆਧਾਰ ਤੋਂ ਲਾਭ ਉਠਾਉਂਦਿਆਂ ਅਠਾਰਵੀਂ ਸੱਦੀ ਦੇ ਜੇਕਬਿਨਾਂ ਦੀਆਂ ਮਹਾਨ, ਅਟੁੱਟ, ਅਭੁੱਲ ਪ੍ਰਾਪਤੀਆਂ ਨੂੰ ਨਾ ਕੇਵਲ ਪ੍ਰਵਾਨ ਕਰ ਸਕੇਗਾ ਸਗੋਂ ਕਿਰਤੀ ਲੋਕਾਂ ਲਈ ਯਕੀਨੀ ਸੰਸਾਰ-ਵਿਆਪੀ ਜਿੱਤ ਲਿਆਵੇਗਾ।

ਜੇਕਬਿਨਵਾਦ ਨਾਲ ਘਿਰਣਾ ਬੁਰਜੁਆਜ਼ੀ ਲਈ ਕੁਦਰਤੀ ਹੈ। ਨਿਕ-ਬੁਰਜੁਆਜ਼ੀ ਲਈ ਇਸ ਤੋਂ ਡਰਨਾ ਕੁਦਰਤੀ ਹੈ! ਜਮਾਤੀ ਤੌਰ ਤੇ ਸੁਚੇਤ ਮਜਦੂਰ ਤੇ ਕਿਰਤੀ ਲੋਕ ਆਮ ਤੌਰ ਤੇ ਸੱਤਾ ਇਨਕਲਾਬੀ, ਦਬੀ ਕੁਚਲੀ ਜਮਾਤ ਦੇ ਹਵਾਲੇ ਕਰਨ ਵਿਚ ਆਪਣਾ ਵਿਸ਼ਵਾਸ ਰਖਦੇ

ਹਨ, ਕਿਉਂ ਜੋ ਇਹ ਜੈਕਬਿਨਵਾਦ ਦਾ ਤੱਤ ਹੈ। ਵਰਤਮਾਨ ਸੰਕਟ ਵਿਚੋਂ ਨਿਕਲਣ ਦਾ ਇਕੋ ਇਕ ਰਾਹ ਹੈ ਅਤੇ ਆਰਥਕ ਗੜਬੜ ਤੇ ਜੰਗ ਲਈ ਇਹੋ ਇਕ ਇਲਾਜ ਹੈ।

ਪਰਾਵਦਾ ਨੰਬਰ 90
7 ਜੁਲਾਈ (24 ਜੂਨ), 1917

ਇਕ ਜਮਾਤੀ ਤਬਦੀਲੀ

ਹਰ ਇਨਕਲਾਬ ਵਿਚ, ਜੇ ਉਹ ਅਸਲੀ ਇਨਕਲਾਬ ਹੈ, ਇਕ ਜਮਾਤੀ ਤਬਦੀਲੀ ਆਉਂਦੀ ਹੈ। ਇਸ ਲਈ, ਲੋਕਾਂ ਨੂੰ ਜਾਣੂ ਕਰਵਾਉਣ ਦਾ ਅਤੇ ਉਹਨਾਂ ਨਾਲ, ਜੋ ਲੋਕਾਂ ਨੂੰ ਇਨਕਲਾਬ ਦਾ ਸੱਦਾ ਦੇਣ ਰਾਹੀਂ ਧੋਖਾ ਦੇਂਦੇ ਹਨ, ਲੜਨ ਦਾ ਸਭ ਤੋਂ ਵਧੀਆ ਤਰੀਕਾ ਉਸ ਜਮਾਤੀ ਤਬਦੀਲੀ ਦਾ ਨਿਰੀਖਣ ਕਰਨਾ ਹੈ ਜੋ ਹੁੰਦੀ ਹੈ ਜਾ ਵਰਤਮਾਨ ਇਨਕਲਾਬ ਵਿਚ ਆ ਰਹੀ ਹੈ।

1904 ਤੋਂ 1916 ਤਕ, ਜ਼ਾਰਸਾਹੀ ਦੇ ਆਖਰੀ ਸਾਲਾ ਵਿਚ, ਰੂਸ ਵਿਚ ਜਮਾਤਾਂ ਦੀਆਂ ਪਰਬੰਧਕ ਪੁਜ਼ੀਸ਼ਨਾਂ ਵਿਸ਼ੇਸ਼ ਤੌਰ ਤੇ ਸਪੱਸ਼ਟ ਹੋ ਰਹੀਆ ਸਨ। ਨਿਕੋਲਸ ਦੂਜੇ ਦੀ ਅਗਵਾਈ ਵਿਚ ਮੁੱਠੀ ਭਰ ਸਾਮੰਤਵਾਦੀ ਵਿਚਾਰਾਂ ਵਾਲੇ ਜਗੀਰਦਾਰ ਸੱਤਾ ਉਤੇ ਬਿਰਾਜਮਾਨ ਸਨ ਅਤੇ ਉਹਨਾ ਨੇ ਵਿੱਤੀ ਧਨਕੁਬੇਰਾਂ ਨਾਲ ਨੇੜਵਾਂ ਗੱਠਜੋੜ ਬਣਾਇਆ ਹੋਇਆ ਸੀ ਜਿਹੜੇ ਯੂਰਪ ਵਿਚ ਅਣ-ਸੁਣੇ ਮੁਨਾਫੇ ਬਟੋਰ ਰਹੇ ਸਨ ਅਤੇ ਜਿਹਨਾ ਦੇ ਲਾਭ ਲਈ ਬਾਹਰਲੇ ਦੇਸ਼ਾਂ ਨਾਲ ਲੋਟੂ ਸੰਧੀਆਂ ਕੀਤੀਆਂ ਗਈਆਂ ਸਨ।

ਕੇਡਿਟਾਂ ਦੀ ਅਗਵਾਈ ਵਿਚ ਉਦਾਰਵਾਦੀ ਬੁਰਜੁਆਜ਼ੀ ਆਪੋਜ਼ੀਸ਼ਨ ਵਿਚ ਸੀ। ਉਹ ਪਿਛਾਖੜ ਤੋਂ ਵਧ ਲੋਕਾਂ ਤੋਂ ਡਰਦੀ ਸੀ ਅਤੇ ਪਾਤਸ਼ਾਹੀ ਨਾਲ ਸਮਝੌਤੇ ਰਾਹੀਂ ਸੱਤਾ ਦੇ ਨੇੜੇ ਤੋਂ ਨੇੜੇ ਜਾ ਰਹੀ ਸੀ।

ਲੋਕ, ਭਾਵ ਮਜ਼ਦੂਰ ਤੇ ਕਿਸਾਨ, ਜਿਹਨਾਂ ਦੇ ਆਗੂ ਅਲੋਪ ਹੋ ਗਏ ਸਨ, ਇਨਕਲਾਬੀ ਸਨ। ਉਹ "ਇਨਕਲਾਬੀ ਡੇਮੋਕਰੇਟ"—ਪਰੋਲੇਤਾਰੀਏ ਤੇ ਨਿਕ-ਬੁਰਜੂਆ ਸਨ।

27 ਫਰਵਰੀ 1917 ਦੇ ਇਨਕਲਾਬ ਨੇ ਪਾਤਸ਼ਾਹੀ ਨੂੰ ਹੂੰਝਾ ਫੇਰ ਦਿਤਾ ਅਤੇ ਉਦਾਰਵਾਦੀ ਬੁਰਜੁਆਜ਼ੀ ਨੂੰ ਸੱਤਾ ਪ੍ਰਦਾਨ ਕਰ ਦਿਤੀ, ਜਿਸ ਨੇ ਅੰਗ-ਫਰਾਂਸੀਸੀ ਸਾਮਰਾਜੀਆਂ ਨਾਲ ਸਿੱਧੇ ਮੇਲ ਨਾਲ ਕੰਮ ਕਰਦੀ ਹੋਈ ਇਕ ਨਿਕਚੂ ਅਦਾਲਤੀ ਇਨਕਲਾਬ ਕਰਨਾ ਚਾਹਿਆ ਸੀ। ਕਿਸੇ ਵੀ ਹਾਲਤ ਵਿਚ ਉਹ ਵੱਖ ਵੱਖ ਸੀਮਾਵਾਂ ਨਾਲ ਸ਼ਰਤਬੱਧ ਚੋਣ ਪ੍ਰਬੰਧ ਵਾਲੀ ਸੰਵਿਧਾਨਕ ਪਾਤਸ਼ਾਹੀ ਤੋਂ ਪਰ੍ਹਾਂ ਨਹੀਂ ਸਨ ਜਾਣਾ ਚਾਹੁੰਦੇ। ਅਤੇ ਜਦੋਂ ਇਨਕਲਾਬ ਅਸਲ ਵਿਚ ਅਗਾਂਹ ਵਧਿਆ, ਪਾਤਸ਼ਾਹੀ ਦਾ ਪੂਰੀ ਤਰ੍ਹਾਂ ਖਾਤਮਾ ਹੋ ਗਿਆ ਅਤੇ ਸੋਵੀਅਤਾਂ (ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾ ਦੇ ਡਿਪਟੀਆਂ ਦੀਆ ਸੋਵੀਅਤਾਂ) ਸਥਾਪਤ ਹੋ ਗਈਆਂ ਤਾਂ ਸਮੁੱਚੀ

ਉਦਾਰਵਾਦੀ ਬੁਰਜੂਆਜ਼ੀ ਉਲਟ-ਇਨਕਲਾਬੀ ਹੋ ਗਈ।

ਹੁਣ, ਇਨਕਲਾਬ ਦੇ ਚਾਰ ਮਹੀਨੇ ਮਗਰੋਂ ਕੇਡਿਟਾਂ ਦਾ, ਉਦਾਰਵਾਦੀ ਬੁਰਜੂਆਜ਼ੀ ਦੀ ਮੁੱਖ ਪਾਰਟੀ ਦਾ, ਉਲਟ-ਇਨਕਲਾਬੀ ਖਾਸਾ ਦਿਨ ਵਾਂਗ ਸਪੱਸ਼ਟ ਹੈ। ਹਰ ਕੋਈ ਇਸ ਨੂੰ ਵੇਖ ਰਿਹਾ ਹੈ। ਅਤੇ ਹਰ ਕੋਈ ਇਸ ਨੂੰ ਮੰਨਣ ਲਈ ਮਜਬੂਰ ਹੈ। ਪਰ ਲਗਪਗ ਹਰ ਕੋਈ ਇਸ ਦਾ ਸਾਹਮਣਾ ਕਰਨ ਲਈ ਤੇ ਇਸ ਦੇ ਅਰਥਾਂ ਬਾਰੇ ਸੋਚਣ ਲਈ ਰਾਜ਼ੀ ਨਹੀਂ ਹੈ।

ਅੱਜ ਦਾ ਰੂਸ ਇਕ ਜਮਹੂਰੀ ਰੀਪਬਲਿਕ ਹੈ ਜੋ **ਰਾਜਨੀਤਕ ਪਾਰਟੀਆਂ** ਵਿਚਾਲੇ, ਜੋ ਸੁਤੰਤਰ ਤੌਰ ਤੇ ਆਪਣੇ ਵਿਚਾਰ ਲੋਕਾਂ ਵਿਚ ਪ੍ਰਚਾਰ ਰਹੀਆਂ ਹਨ, ਇਕ ਸੁਤੰਤਰ ਸਮਝੌਤੇ ਰਾਹੀਂ ਚਲਾਈ ਜਾ ਰਹੀ ਹੈ। 27 ਫਰਵਰੀ ਤੋਂ ਚਾਰ ਮਹੀਨਿਆਂ ਵਿਚ ਕਿਸੇ ਵੀ ਮਹੱਤਤਾ ਵਾਲੀਆਂ **ਸਾਰੀਆਂ** ਪਾਰਟੀਆਂ ਪੂਰੀ ਤਰ੍ਹਾਂ ਪੱਕੀਆਂ ਹੋ ਗਈਆਂ ਹਨ ਤੇ ਉਹਨਾਂ ਨੇ ਅੰਤਮ ਰੂਪ ਧਾਰ ਲਿਆ ਹੈ। ਚੋਣਾਂ ਦੇ ਦੌਰਾਨ (ਸੋਵੀਅਤਾਂ ਤੇ ਸਥਾਨਕ ਅਦਾਰਿਆਂ ਦੀਆਂ ਚੋਣਾਂ) ਉਹਨਾਂ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਦਰਸਾ ਦਿਤਾ ਹੈ ਅਤੇ ਵੱਖ ਵੱਖ ਜਮਾਤਾਂ ਨਾਲ ਆਪਣੇ ਸਬੰਧਾਂ ਨੂੰ ਪ੍ਰਗਟ ਕਰ ਦਿਤਾ ਹੈ।

ਰੂਸ ਵਿਚ, ਉਲਟ-ਇਨਕਲਾਬੀ ਬੁਰਜੂਆਜ਼ੀ ਅਜ ਸੱਤਾ ਵਿਚ ਹੈ ਜਦ ਕਿ ਨਿਕ-ਬੁਰਜੂਆ ਡੈਮੋਕਰੇਟ, ਭਾਵ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ "ਮਹਾਂ ਮਹਿਮ ਦੀ ਆਪੋਜ਼ੀਸਨ" ਬਣ ਗਈਆਂ ਹਨ। ਇਹਨਾਂ ਪਾਰਟੀਆਂ ਦੀ ਨੀਤੀ ਜ਼ਰੂਰੀ ਤੌਰ ਤੇ ਉਲਟ-ਇਨਕਲਾਬੀ ਬੁਰਜੂਆਜੀ ਨਾਲ ਸਮਝੌਤੇ ਦੀ ਨੀਤੀ ਹੈ। ਨਿਕ-ਬੁਰਜੂਆ ਡੈਮੋਕਰੇਟ ਆਰੰਭ ਵਜੋਂ ਸਥਾਨਕ ਅਦਾਰਿਆਂ ਨੂੰ ਭਰਨ ਰਾਹੀਂ ਜ਼ੋਰ ਪਕੜ ਰਹੇ ਹਨ (ਐਨ ਉਸੇ ਤਰ੍ਹਾਂ ਜਿਵੇਂ ਲਿਬਰਲਾਂ ਨੇ ਜ਼ਾਰਸ਼ਾਹੀ ਦੇ ਅਧੀਨ ਕੀਤਾ ਸੀ—ਪਹਿਲਾਂ ਜ਼ੇਮਸਤਵੋਆਂ ਵਿਚ ਥਾਵਾਂ ਪਰਾਪਤ ਕਰਨ ਰਾਹੀਂ)। ਇਹ ਨਿਕ-ਬੁਰਜੂਆ ਡੈਮੋਕਰੇਟ ਬੁਰਜੂਆਜ਼ੀ ਨਾਲ **ਸੱਤਾ ਵੰਡਾਉਣ** ਲਈ ਗਏ ਸਨ ਉਲਟਾਉਣ ਲਈ ਨਹੀਂ ਸਨ ਗਏ, ਐਨ ਉਸੇ ਤਰ੍ਹਾਂ ਜਿਵੇਂ ਕੇਡਿਟ ਪਾਤਸ਼ਾਹੀ ਨਾਲ ਸੱਤਾ ਵੰਡਾਉਣਾ ਚਾਹੁੰਦੇ। ਨਿਕ-ਬੁਰਜੂਆ ਡੈਮੋਕਰੇਟ (ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ) ਕੇਡਟਾਂ ਨਾਲ ਸਮਝੌਤਾ ਕਰਦੇ ਹਨ, ਕਿਉਂ ਜੋ ਨਿਕੀ ਤੇ ਵੱਡੀ ਬੁਰਜੂਆਜ਼ੀ ਵਿਚਾਲੇ ਨੇੜਵੀਂ ਜਮਾਤੀ ਸਾਂਝ ਹੈ, ਐਨ ਉਸੇ ਤਰ੍ਹਾਂ ਜਿਵੇਂ ਸਰਮਾਏਦਾਰਾਂ ਤੇ ਜਗੀਰਦਾਰਾ ਵਿਚਾਲੇ ਜਮਾਤੀ ਸਾਂਝ ਨੇ, 20ਵੀਂ ਸੱਦੀ ਵਿਚ ਰਹਿੰਦਿਆਂ ਉਹਨਾਂ ਨੂੰ ਉਹਨਾਂ ਦੇ "ਪੂਜਨੀਕ" ਪਾਤਸ਼ਾਹ ਦੇ ਪੈਰੇ ਵਿਚ ਇਕ ਦੂਜੇ ਨਾਲ ਗਲਵਕੜੀ ਪੁਆ ਦਿਤੀ।

ਸਮਝੌਤੇ ਦਾ ਇਹ **ਰੂਪ** ਹੀ ਹੈ ਜੋ ਤਬਦੀਲ ਹੋ ਗਿਆ ਹੈ। ਪਾਤਸ਼ਾਹੀ ਅਧੀਨ ਇਹ ਭੱਦਾ ਸੀ, ਅਤੇ ਜ਼ਾਰ ਨੇ ਇਕ ਕੇਡਿਟ ਨੂੰ ਡੂਮਾ ਦੇ ਪਿਛਵਾੜੇ ਤੋਂ ਪਰ੍ਹਾਂ ਜਾਣ ਦੀ ਆਗਿਆ ਨਾ ਦਿਤੀ। ਇਕ ਜਮਹੂਰੀ ਰੀਪਬਲਿਕ ਵਿਚ ਸਮਝੌਤਾ ਉਸੇ ਤਰ੍ਹਾਂ ਸੁੰਦਰ ਤੇ ਵਧੀਆ ਹੋ ਗਿਆ ਹੈ ਜਿਵੇਂ ਯੂਰਪ ਵਿਚ, ਨਿਕ-ਬੁਰਜੂਆਜ਼ੀ ਨੂੰ ਹਾਨੀ-ਰਹਿਤ ਘਟ ਗਿਣਤੀ ਵਿਚ ਹੈ, ਵਜ਼ਾਰਤ ਵਿਚ ਹਾਨੀ-ਰਹਿਤ (ਸਰਮਾਏ ਲਈ) ਅਹੁਦੇ ਪਰਾਪਤ ਕਰਨ ਦੀ ਆਗਿਆ ਦਿਤੀ ਜਾ ਰਹੀ ਹੈ।

ਕੇਡਿਟਾਂ ਨੇ ਪਾਤਸਾਹੀ ਦੀ ਥਾਂ ਲੈ ਲਈ ਹੈ। ਤਸੇਰੇਤੇਲੀਆਂ ਤੇ ਚੇਰਨੋਵਾਂ ਨੇ ਕੇਡਟਾਂ ਦੀ ਥਾਂ ਲੈ ਲਈ ਹੈ। ਪਰੋਲੇਤਾਰੀ ਜਮਹੂਰੀਅਤ ਨੇ ਇਕ **ਸੱਚੀ** ਇਨਕਲਾਬੀ ਜਮਹੂਰੀਅਤ ਦੀ ਥਾਂ ਲੈ ਲਈ ਹੈ।

ਸਾਮਰਾਜੀਆਂ ਨੇ ਅਦਭੁਤ ਤੌਰ ਤੇ ਵਾਪਰਨਾਵਾਂ ਨੂੰ ਤੇਜ਼ ਕਰ ਦਿਤਾ ਹੈ। ਜੇ ਇਹ ਜੰਗ ਨਾ ਹੋਈ ਹੁੰਦੀ ਤਾਂ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਨੂੰ ਦਹਾਕਿਆਂ ਤਕ ਇਹਨਾਂ

ਵਜ਼ੀਰੀਆਂ ਲਈ ਹੌਕੇ ਭਰਨੇ ਪੈਣੇ ਸਨ। ਪਰ ਇਹੋ ਜੰਗ ਹੋਰ ਵਾਪਰਨਾਵਾਂ ਨੂੰ ਤੇਜ਼ ਕਰ ਰਹੀ ਹੈ। ਕਿਉਂ ਜੋ ਇਹ ਸਮੱਸਿਆ ਨੂੰ ਇਕ ਸੁਧਾਰਵਾਦੀ ਢੰਗ ਨਾਲੋਂ ਇਕ ਇਨਕਲਾਬੀ ਢੰਗ ਵਿਚ ਪੇਸ਼ ਕਰਦੀ ਹੈ।

ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ ਬੁਰਜੁਆਜ਼ੀ ਨਾਲ ਸਮਝੌਤੇ ਰਾਹੀਂ ਕਈ ਸੁਧਾਰ ਕਰ ਸਕਦੀਆਂ ਸਨ। ਪਰ ਸੰਸਾਰ ਰਾਜਨੀਤੀ ਵਿਚ ਬਾਹਰਮੁਖੀ ਹਾਲਤ ਇਨਕਲਾਬੀ ਹੈ ਅਤੇ ਸੁਧਾਰ ਬਚਣ ਦਾ ਕੋਈ ਰਾਹ ਨਹੀਂ ਹੈ।

ਸਾਮਰਾਜੀ ਜੰਗ ਲੋਕਾਂ ਨੂੰ ਦਰੜ ਰਹੀ ਹੈ। ਅਤੇ ਉਹਨਾਂ ਨੂੰ ਪੂਰੀ ਦਰੜ ਕੇ ਰਖ ਦੇਣਾ ਚਾਹੁੰਦੀ ਹੈ। ਨਿਕ-ਬੁਰਜੂਆ ਡੈਮੋਕਰੇਟ ਸ਼ਾਇਦ ਕੁਝ ਸਮੇਂ ਲਈ ਤਬਾਹੀ ਨੂੰ ਟਾਲ ਸਕਦੇ ਹਨ। ਪਰ ਇਹ ਕੇਵਲ ਇਨਕਲਾਬੀ ਪਰੋਲੇਤਾਰੀਆ ਹੀ ਹੈ ਜੋ ਇਕ ਦੁਖਦਾਈ ਅੰਤ ਨੂੰ ਰੋਕ ਸਕਦਾ ਹੈ।

ਪਰਾਵਦਾ ਨੰਬਰ 92
10 ਜੁਲਾਈ (27 ਜੂਨ), 1917

ਸਾਡੀ ਸੱਤਾ ਸੋਵੀਅਤਾਂ ਨੂੰ !

"ਕੁਦਰਤ ਨੂੰ ਬੂਹੇ ਰਾਹੀਂ ਬਾਹਰ ਕੱਢੋ ਅਤੇ ਉਹ ਬਾਰੀ ਰਾਹੀਂ ਤੇਜ਼ੀ ਨਾਲ ਮੁੜ ਪਰਤ ਆਵੇਗੀ।" ਜਾਪਦਾ ਹੈ ਕਿ ਹਾਕਮ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆ ਨੂੰ ਇਹ ਸਧਾਰਨ ਸਚਾਈ ਆਪਣੇ ਤਜਰਬੇ ਤੋਂ ਵਾਰ ਵਾਰ "ਸਿੱਖਣੀ" ਪਵੇਗੀ। ਉਹਨਾ ਨੇ "ਇਨਕਲਾਬੀ ਡੈਮੋਕਰੇਟ" ਬਣਨ ਦਾ ਬੀੜਾ ਚੁਕਿਆ ਅਤੇ ਆਪਣੇ ਆਪ ਨੂੰ ਡੈਮੋਕਰੇਟਾ ਦੇ ਬੂਟਾਂ ਵਿਚ ਵੇਖਿਆ। ਹੁਣ ਉਹ ਇਹ ਸਿੱਟੇ ਕੱਢਣ ਉਤੇ ਮਜਬੂਰ ਹੋਏ ਹਨ ਜੋ ਹਰ ਇਨਕਲਾਬੀ ਡੈਮੋਕਰੇਟ ਨੂੰ ਕੱਢਣੇ ਚਾਹੀਦੇ ਹਨ।

ਜਮਹੂਰੀਅਤ ਬਹੁਗਿਣਤੀ ਦਾ ਰਾਜ ਹੈ। ਜਦੋਂ ਤਕ ਬਹੁਗਿਣਤੀ ਦੀ ਮਰਜ਼ੀ ਸਪਸ਼ਟ ਨਹੀਂ ਸੀ, ਜਦੋਂ ਤਕ ਇਸ ਨੂੰ ਅਸਪਸ਼ਟ ਬਣਾਉਣਾ ਸੰਭਵ ਸੀ, ਘੱਟੋ ਘੱਟ ਵਿਖਾਵੇ ਮਾਤਰ ਹੀ ਸਹੀ, ਲੋਕਾਂ ਨੂੰ "ਜਮਹੂਰੀ" ਵਜੋਂ ਲੁਕਵੀਂ ਇਕ ਉਲਟ-ਇਨਕਲਾਬੀ ਸਰਕਾਰ ਪੇਸ਼ ਕੀਤੀ ਗਈ ਸੀ। ਪਰ ਇਹ ਵਕਫ਼ਾ ਬਹੁਤ ਚਿਰ ਨਹੀਂ ਰਹਿ ਸਕਿਆ। ਕਈ ਮਹੀਨਿਆਂ ਦੇ ਦੌਰਾਨ, ਜੋ 27 ਫਰਵਰੀ ਤੋਂ ਬੀਤ ਚੁਕੇ ਸਨ, ਮਜ਼ਦੂਰਾ ਤੇ ਕਿਸਾਨਾਂ ਦੀ ਬਹੁਗਿਣਤੀ ਦੀ ਮਰਜ਼ੀ, ਦੇਸ਼ ਦੀ ਵਸੋਂ ਦੀ ਭਾਰੀ ਬਹੁਗਿਣਤੀ ਦੀ ਮਰਜ਼ੀ ਆਮ ਨਾਲੋਂ ਵਧੇਰੇ ਸਪੱਸ਼ਟ ਹੋ ਗਈ ਹੈ। ਉਹਨਾਂ ਦੀ ਮਰਜ਼ੀ ਸਮੂਹ ਜਥੇਬੰਦੀਆ—ਮਜ਼ਦੂਰਾਂ, ਸਿਪਾਹੀਆ ਅਤੇ ਕਿਸਾਨਾ ਦੇ ਡਿਪਟੀਆ ਦੀਆਂ ਸੋਵੀਅਤਾਂ—ਵਿਚ ਪ੍ਰਗਟ ਹੋਈ ਹੈ।

ਫਿਰ ਕਿਵੇਂ ਕੋਈ ਰਾਜ ਵਿਚ ਸਾਰੀ ਸੱਤਾ ਸੋਵੀਅਤਾ ਦੇ ਹਵਾਲੇ ਕਰਨ ਦੀ ਵਿਰੋਧਤਾ ਕਰ ਸਕਦਾ ਹੈ ? ਅਜਿਹੀ ਵਿਰੋਧਤਾ ਦਾ ਅਰਥ ਜਮਹੂਰੀਅਤ ਦੇ ਤਿਆਗ ਤੋਂ ਬਿਨਾਂ ਹੋਰ ਕੋਈ ਨਹੀਂ। ਇਸ ਦਾ ਅਰਥ ਲੋਕਾਂ ਉਤੇ ਇਕ ਅਜਿਹੀ ਸਰਕਾਰ ਨਾ ਘੱਟ ਨਾ ਵਧ ਮੜ੍ਹਨ ਤੋਂ ਬਿਨਾਂ ਹੋਰ ਕੋਈ ਨਹੀਂ ਜੋ ਨਾ ਤਾਂ ਮੰਨਣ ਯੋਗ ਹੱਦ ਤਕ ਨਾ ਹੋਂਦ ਵਿਚ ਆ ਸਕਦੀ ਹੈ ਨਾ ਹੀ ਜਮਹੂਰੀ ਤੌਰ ਤੇ ਆਪਣੀ ਜੜ੍ਹ ਪਕੜ ਸਕਦੀ ਹੈ, ਭਾਵ ਅਸਲੀ ਤੌਰ ਤੇ ਸੁਤੰਤਰ, ਅਸਲੀ ਤੌਰ ਜਨਤਕ ਚੋਣਾ ਦੇ ਸਿੱਟੇ ਵਜੋਂ।

ਇਹ ਇਕ ਹਕੀਕਤ ਹੈ, ਪਹਿਲੀ ਤੱਕਣੀ ਤੇ ਭਾਵੇਂ ਇਹ ਕਿਤਨਾ ਹੀ ਅਜੀਬ ਜਾਪੇ ਕਿ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਇਕ ਬਿਲਕੁਲ ਸਾਦੀ, ਬਿਲਕੁਲ ਸਪੱਸ਼ਟ ਅਤੇ ਪ੍ਰਤੱਖ ਸਚਾਈ ਨੂੰ ਭੁੱਲ ਗਏ ਹਨ। ਉਹਨਾਂ ਦੀ ਪੁਜ਼ੀਸ਼ਨ ਇਤਨੀ ਗ਼ਲਤ ਹੈ ਤੇ ਉਹ ਇਤਨੀ ਬੁਰੀ

ਤਰ੍ਹਾਂ ਉਲਝੇ ਹੋਏ ਹਨ ਕਿ ਉਹ ਇਸ ਸਚਾਈ ਨੂੰ, ਜੋ ਉਹ ਕਦਾ ਬੈਠੇ ਹਨ, ਲੱਭਣ ਦੇ ਅਯੋਗ ਹਨ। ਪੀਤਰੋਗਰਾਦ ਤੇ ਮਾਸਕੋ ਵਿਚ ਹੋਈਆਂ ਚੋਣਾਂ ਦੇ ਮਗਰੋਂ, ਕੁਲ-ਰੂਸ ਕਿਸਾਨ ਕਾਂਗਰਸ ਬੁਲਾਉਣ ਤੇ ਸੋਵੀਅਤਾਂ ਦੀ ਕਾਂਗਰਸ ਬੁਲਾਉਣ ਦੇ ਮਗਰੋਂ ਜਮਾਤਾਂ ਤੇ ਪਾਰਟੀਆਂ ਨੇ ਸਾਰੇ ਰੂਸ ਵਿਚ ਉਹਨਾਂ ਲੋਕਾਂ ਨੂੰ ਇਤਨੀ ਸਪੱਸ਼ਟਤਾ ਨਾਲ ਇਹ ਦਰਸਾ ਦਿਤਾ ਹੈ ਕਿ ਉਹਨਾਂ ਦੀ ਨੀਤੀ ਕੀ ਹੈ ਜਿਹੜੇ ਪਾਗਲ ਨਹੀਂ ਹੋ ਗਏ ਜਾਂ ਜਾਣ ਬੁਝ ਕੇ ਆਪਣੇ ਆਪ ਨੂੰ ਉਲਝਣ ਵਿਚ ਫਸਾ ਲਿਆ ਹੈ ਤੇ ਉਹਨਾਂ ਨੂੰ ਇਸ ਬਾਰੇ ਕੋਈ ਭੁਲੇਖਾ ਨਹੀਂ ਹੈ।

ਕੇਡਿਟ ਵਜ਼ੀਰਾਂ ਨੂੰ ਜਾਂ ਕੇਡਿਟ ਸਰਕਾਰ ਨੂੰ ਜਾਂ ਕੇਡਿਟ ਨੀਤੀਆਂ ਨੂੰ ਬਰਦਾਸ਼ਤ ਕਰਨ ਦਾ ਅਰਥ ਡੈਮੋਕਰੇਟਾਂ ਤੇ ਜਮਹੂਰੀਅਤ ਨੂੰ ਚੁਣੌਤੀ ਦੇਣਾ ਹੈ। 27 ਫਰਵਰੀ ਤੋਂ ਅਰੰਭ ਹੋਏ ਸੰਕਟ ਦਾ ਇਹੋ ਸੋਮਾ ਹੈ ਅਤੇ ਸਾਡੇ ਸਰਕਾਰੀ ਪ੍ਰਬੰਧ ਦੇ ਡਾਵਾਂਡੋਲਪਣ ਅਤੇ ਜੱਕੋ-ਤੱਕੀ ਦਾ ਵੀ ਇਹੋ ਸੋਮਾ ਹੈ। ਹਰ ਮੋੜ ਤੇ, ਲੋਕਾਂ ਦੀ ਇਨਕਲਾਬੀ ਭਾਵਨਾ ਨੂੰ ਤੇ ਉਹਨਾਂ ਦੀ ਜਮਹੂਰੀਅਤ ਨੂੰ ਬਹੁਤ ਹੀ ਅਧਿਕਾਰਤ ਸਰਕਾਰੀ ਸੰਸਥਾਵਾਂ ਤੇ ਕਾਂਗਰਸਾਂ ਵਲੋਂ, ਹਰ ਰੋਜ਼ ਤੇ ਹਰ ਘੜੀ ਅਪੀਲਾਂ ਕੀਤੀਆ ਜਾਂਦੀਆਂ ਹਨ। ਫਿਰ ਵੀ ਆਮ ਤੌਰ ਤੇ ਸਰਕਾਰਾਂ ਦੀਆਂ ਨੀਤੀਆਂ ਤੇ ਵਿਸ਼ੇਸ਼ ਤੌਰ ਤੇ ਇਸ ਦੀਆਂ ਬਦੇਸ਼ ਤੇ ਆਰਥਕ ਨੀਤੀਆਂ ਇਨਕਲਾਬੀ ਅਸੂਲਾਂ ਤੋਂ ਵੱਖਰੀਆਂ ਹਨ ਅਤੇ ਜਮਹੂਰੀਅਤ ਦੀਆਂ ਉਲੰਘਣਾਵਾਂ ਹਨ।

ਅਜਿਹੀਆਂ ਗੱਲਾਂ ਹੁਣ ਨਹੀਂ ਚਲਣਗੀਆਂ।

ਇਹ ਅਟੱਲ ਗੱਲ ਹੈ ਕਿ ਵਰਤਮਾਨ ਵਰਗੀ ਸਥਿਤੀ ਕਦੇ ਇਕ ਕਾਰਨ, ਕਦੇ ਦੂਜੇ ਕਾਰਨ ਅਸਥਿਰਤਾ ਦੇ ਅੰਸ਼ ਦਰਸਾਏਗੀ। ਅਤੇ ਇਹ ਐਨ ਇਕ ਹੁਸ਼ਿਆਰ ਨੀਤੀ ਨਹੀਂ ਜੋ ਅਗਾਂਹ ਨਹੀਂ ਵਧੇਗੀ। ਚੀਜ਼ਾਂ ਬੜੀ ਤੇਜ਼ੀ ਨਾਲ ਉਸ ਨੁਕਤੇ ਵਲ ਵਧ ਰਹੀਆਂ ਹਨ ਜਿਥੇ ਸੱਤਾ ਸੋਵੀਅਤਾਂ ਨੂੰ ਸੌਂਪ ਦਿਤੀ ਜਾਵੇਗੀ ਅਤੇ ਜਿਸ ਲਈ ਸਾਡੀ ਪਾਰਟੀ ਲੰਮੇ ਸਮੇਂ ਤੋਂ ਸੱਦਾ ਦੇ ਰਹੀ ਹੈ।

4 (17) ਜੁਲਾਈ, 1917
ਤੋਂ ਮਗਰੋਂ ਨਹੀਂ ਲਿਖਿਆ ਗਿਆ
ਪਰਾਵਦਾ ਦੇ ਨੰਬਰ 99 ਵਿਚ
18 (5) ਜੁਲਾਈ, 1917 ਨੂੰ ਛਪਿਆ।

ਤਿੰਨ ਸੰਕਟ

ਇਹਨੀਂ ਦਿਨੀਂ ਬਾਲਸ਼ਵਿਕਾਂ ਵਿਰੁਧ ਜਿੰਨੀਆਂ ਬਹੁਤੀਆਂ ਊਜਾਂ ਤੇ ਝੂਠਾਂ ਉਨੇ ਹੀ ਵਧੇਰੇ ਠਰ੍ਹਮੇਂ ਨਾਲ ਸਾਨੂੰ ਝੂਠਾਂ ਅਤੇ ਊਜਾਂ ਨੂੰ ਰੱਦ ਕਰਦਿਆਂ ਘਟਨਾਵਾਂ ਦੇ ਇਤਿਹਾਸਕ ਸਹਿ-ਸਬੰਧ ਬਾਰੇ ਅਤੇ ਇਨਕਲਾਬ ਦੇ ਵਰਤਮਾਨ ਰਾਹ ਦੀ ਰਾਜਸੀ, ਅਰਥਾਤ **ਜਮਾਤੀ, ਮਹੱਤਤਾ ਬਾਰੇ ਸੋਚਣਾ ਚਾਹੀਦਾ ਹੈ।**

ਝੂਠ ਅਤੇ ਊਜਾਂ ਨੂੰ ਰੱਦ ਕਰਨ ਲਈ, ਅਸੀਂ ਬੱਸ ਮੁੜ 6 ਜੁਲਾਈ ਦੇ **ਲਿਸਤੋਕ "ਪ੍ਰਾਵਦੀ"** ਦਾ ਹਵਾਲਾ ਹੀ ਦੇਵਾਂਗੇ, ਅਤੇ ਪਾਠਕਾ ਦਾ ਧਿਆਨ ਖਾਸ ਤੌਰ ਉਤੇ ਹੇਠਾਂ ਪ੍ਰਕਾਸ਼ਤ ਕੀਤੇ ਲੇਖ ਵੱਲ ਹੀ ਦਿਵਾਵਾਂਗੇ ਜਿਹੜਾ ਇਹਦਾ ਦਸਤਾਵੇਜ਼ੀ ਸਬੂਤ ਹੈ ਕਿ 2 ਜੁਲਾਈ ਨੂੰ ਬਾਲਸ਼ਵਿਕਾ ਨੇ ਮੁਜ਼ਾਹਰੇ **ਵਿਰੁਧ** ਅੰਦੋਲਨ ਚਲਾਇਆ (ਜਿਵੇਂ ਕਿ ਸੋਸ਼ਲਿਸਟ-ਇਨਕਲਾਬੀਆਂ ਦੇ ਅਖਬਾਰ ਨੇ ਮੰਨਿਆ ਹੈ)। ਇਹ ਲੇਖ ਸੁਝਾਉਂਦਾ ਹੈ ਕਿ 3 ਜੁਲਾਈ ਨੂੰ ਆਮ ਲੋਕਾਂ ਦਾ ਰੌਂ ਅਮਲ ਵਿਚ ਭੜਕਿਆ ਅਤੇ ਮੁਜ਼ਾਹਰਾ ਸਾਡੀ ਸਲਾਹ ਦੇ ਵਿਰੁਧ ਸ਼ੁਰੂ ਹੋਇਆ। ਇਹ ਵਿਖਾਉਂਦਾ ਹੈ ਕਿ 4 ਜੁਲਾਈ ਨੂੰ, ਇਕ ਦੁਵਰਕੇ ਵਿਚ (ਜੋ ਸੋਸ਼ਲਿਸਟ-ਇਨਕਲਾਬੀ ਅਖਬਾਰ **ਦਾਈਲੋ ਨਾਰੋਦਾ** ਨੇ ਮੁੜ ਛਾਪਿਆ) ਅਸਾਂ **ਅਮਨ-ਭਰੇ** ਅਤੇ **ਜਥੇਬੰਦ** ਮੁਜ਼ਾਹਰੇ ਦਾ ਸੱਦਾ ਦਿਤਾ, ਕਿ 4 ਜੁਲਾਈ ਰਾਤ ਨੂੰ ਅਸਾਂ ਮੁਜ਼ਾਹਰਾ ਵਾਪਸ ਲੈਣ ਦਾ ਫੈਸਲਾ ਕੀਤਾ। ਊਜਾਂ ਲਾਉਣ ਵਾਲਿਓ, ਤੁਸੀਂ ਊਜਾਂ ਲਾਉਂਦੇ ਰਹੋ। ਤੁਸੀਂ ਇਹਨਾ ਤੱਥਾਂ ਨੂੰ ਅਤੇ ਹਰ ਸਬੰਧ ਵਿਚ ਇਹਨਾਂ ਦੀ ਨਿਰਣੇਈ ਮਹੱਤਤਾ ਨੂੰ ਕਦੇ ਵੀ ਰੱਦ ਨਹੀਂ ਕਰ ਸਕਦੇ।

ਆਓ, ਘਟਨਾਵਾਂ ਦੇ ਇਤਿਹਾਸਕ ਸਹਿ-ਸਬੰਧ ਨੂੰ ਲਈਏ। ਜਦੋਂ ਅਪਰੈਲ ਚੜ੍ਹਦਿਆਂ ਹੀ ਅਸਾਂ ਆਰਜ਼ੀ ਹਕੂਮਤ ਦੀ ਹਮਾਇਤ ਦਾ ਵਿਰੋਧ ਕੀਤਾ ਸੀ ਤਾਂ ਸੋਸ਼ਲਿਸਟ ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦੋਹਾਂ ਨੇ ਸਾਡੇ ਉਪਰ ਹਮਲਾ ਕੀਤਾ ਸੀ। ਪਰ ਯਥਾਰਥ ਨੇ ਕੀ ਸਿੱਧ ਕੀਤਾ ?

ਤਿੰਨ ਰਾਜਸੀ ਸੰਕਟਾਂ ਨੇ ਕੀ ਸਿੱਧ ਕੀਤਾ ਹੈ—20 ਤੇ 21 ਅਪਰੈਲ, 10 ਤੇ 18 ਜੂਨ ਅਤੇ 3 ਤੇ 4 ਜੁਲਾਈ ਦੇ ਸੰਕਟਾਂ ਨੇ ?

ਇਹਨਾਂ ਨੇ ਸਭ ਤੋਂ ਪਹਿਲਾਂ ਇਹ ਸਿੱਧ ਕੀਤਾ ਹੈ ਕਿ ਆਮ ਲੋਕ ਆਰਜ਼ੀ ਹਕੂਮਤ ਦੀ ਬੁਰਜੂਆ ਬਹੁਗਿਣਤੀ ਬੁਰਜੂਆ ਨੀਤੀ ਦੇ ਸਬੰਧ ਵਿਚ ਵਧਦੇ ਹੋਏ ਰੂਪ ਵਿਚ ਅਸੰਤੁਸ਼ਟ ਹੋ ਰਹੇ ਹਨ।

ਇਹ ਵੇਖਣਾ ਦਰਅਸਲ ਦਿਲਚਸਪ ਹੈ ਕਿ ਹਾਕਮ ਸੋਸ਼ਲਿਸਟ ਇਨਕਲਾਬੀਆਂ ਦਾ ਅਖਬਾਰ ਦਾਈਲੋ ਨਾਰੋਦਾ, ਬਾਲਸ਼ਵਿਕਾਂ ਵਲ ਆਪਣੀ ਪ੍ਰਤੱਖ ਦੁਸ਼ਮਣੀ ਦੇ ਬਾਵਜੂਦ, ਆਪਣੇ 6 ਜੁਲਾਈ ਦੇ ਅੰਕ ਵਿਚ ਤੇ ਜਾਂ ਜੁਲਾਈ ਦੇ ਅਮਲ ਦੇ ਡੂੰਘੇ ਆਰਥਕ ਤੇ ਰਾਜਸੀ ਕਾਰਨਾਂ ਨੂੰ ਮੰਨਣ ਉਤੇ ਮਜਬੂਰ ਹੈ। ਇਹ ਬੇਥਵ੍ਹਾ ਭੱਦਾ ਬਦਨਾਮ ਝੂਠ ਕਿ ਇਹ ਅਮਲ ਬਨਾਉਟੀ ਤੌਰ ਉਤੇ ਪੈਦਾ ਕੀਤਾ ਗਿਆ ਸੀ, ਕਿ ਬਾਲਸ਼ਵਿਕਾਂ ਨੇ ਅਮਲ ਦੇ ਹੱਕ ਵਿਚ ਅੰਦੋਲਨ ਚਲਾਇਆ, ਹਰ ਰੋਜ਼ ਸਦਾ-ਵਧੇਰੇ ਨੰਗਾ ਹੁੰਦਾ ਜਾਵੇਗਾ।

ਉਪਰੋਕਤ ਤਿੰਨਾਂ ਰਾਜਸੀ ਸੰਕਟਾਂ ਦਾ ਸਾਂਝਾ ਕਾਰਨ, ਸਾਂਝਾ ਮੂਲ, ਡੂੰਘੀ ਸਾਂਝੀ ਜੜ੍ਹ ਸਪੱਸ਼ਟ ਹੈ। ਖਾਸ ਤੌਰ ਉਤੇ ਜੇ ਅਸੀਂ ਇਹਨਾਂ ਨੂੰ ਪਰਸਪਰ ਸਬੰਧ ਵਿਚ ਵੇਖੀਏ, ਜਿਵੇਂ ਕਿ ਵਿਗਿਆਨ ਰਾਜਨੀਤੀ ਨੂੰ ਵੇਖਣ ਦੀ ਮੰਗ ਕਰਦਾ ਹੈ, ਇਹ ਸੋਚਣਾ ਹੀ ਬੇ-ਥਵ੍ਹਾ ਹੈ ਕਿ ਅਜਿਹੇ ਤਿੰਨ ਸੰਕਟ ਬਨਾਉਟੀ ਤੌਰ ਉਤੇ ਉਪਜਾਏ ਜਾ ਸਕਦੇ ਹਨ।

ਦੂਜਾ, ਇਹ ਸਮਝ ਲੈਣਾ ਸਿਖਿਆਦਾਇਕ ਹੈ ਕਿ ਇਹਨਾਂ ਵਿਚੋਂ ਹਰ ਇਕ ਦੀ ਦੂਜਿਆਂ ਨਾਲ ਕਿਹੜੀ ਗੱਲ ਸਾਂਝੀ ਸੀ ਅਤੇ ਇਹਦਾ ਵਿਸ਼ੇਸ਼ ਲੱਛਣ ਕਿਹੜਾ ਸੀ।

ਜਨਤਾ ਦੀ ਅਥਾਹ ਅਸੰਤੁਸ਼ਟਤਾ, ਬੁਰਜੁਆਜ਼ੀ ਅਤੇ **ਉਹਦੀ** ਹਕੂਮਤ ਨਾਲ ਜਨਤਾ ਦੀ ਨਾਰਾਜ਼ਗੀ। ਜਿਹੜਾ ਵੀ **ਮਾਮਲੇ ਦੇ ਇਸ ਸਾਰ** ਨੂੰ ਭੁਲਦਾ ਹੈ ਜਾਂ ਅਖੋਂ ਓਹਲੇ ਕਰਦਾ ਹੈ ਜਾਂ ਇਹਦਾ ਘਟਾ ਕੇ ਅਨੁਮਾਨ ਲਾਉਂਦਾ ਹੈ, ਉਹ ਜਮਾਤੀ-ਘੋਲ ਦੇ ਸਬੰਧ ਵਿਚ ਸੋਸ਼ਲਿਜ਼ਮ ਦੇ ੳ. ਅ. ੲ. ਨੂੰ ਛਿੱਕੇ ਟੰਗਦਾ ਹੈ।

ਜਿਹੜੇ ਆਪਣੇ ਆਪ ਨੂੰ ਸੋਸ਼ਲਿਸਟ ਆਖਦੇ ਹਨ, ਜਿਹੜੇ ਯੂਰਪੀ ਇਨਕਲਾਬਾਂ ਵਿਚ ਜਮਾਤੀ ਘੋਲ ਦੇ ਖਾਸੇ ਬਾਰੇ ਕੁਝ ਜਾਣਦੇ ਹਨ ਉਹ ਰੂਸੀ ਇਨਕਲਾਬ ਵਿਚ ਜਮਾਤੀ ਘੋਲ ਬਾਰੇ ਸੋਚਣ।

ਇਹਨਾਂ ਸੰਕਟਾਂ ਨੇ ਜਿਹਨਾਂ ਢੰਗਾਂ ਨਾਲ ਆਪਣੇ ਆਪ ਨੂੰ ਪ੍ਰਗਟਾਇਆ, ਉਹਨਾਂ ਦੇ ਪਖੋਂ ਇਹ ਵਿਸ਼ੇਸ਼ ਹਨ। ਪਹਿਲਾਂ (20-21 ਅਪਰੈਲ) ਤੂਫਾਨੀ ਅਤੇ ਆਪਣੇ ਆਪ ਪੈਦਾ ਹੋਣ ਵਾਲਾ ਸੀ, ਅਤੇ ਪੂਰੀ ਤਰ੍ਹਾਂ ਗੈਰ-ਜਥੇਬੰਦ ਸੀ। ਇਹਦੇ ਨਤੀਜੇ ਦੇ ਤੌਰ ਉਤੇ ਕਾਲੇ ਸੈਂਕੜਿਆਂ ਨੇ ਮੁਜ਼ਾਹਰਾ ਕਰਨ ਵਾਲਿਆਂ ਉਤੇ ਗੋਲੀ ਚਲਾਈ ਅਤੇ ਬੇ-ਮਿਸਾਲ ਜ਼ੁਲਮ ਹੋਇਆ ਅਤੇ ਬਾਲਸ਼ਵਿਕਾਂ ਵਿਰੁਧ ਕੂੜ ਤੋਲਿਆ ਤੇ ਉਜਾਂ ਲਗੀਆਂ। ਇਸ ਤੂਫਾਨੀ ਅਮਲ ਪਿਛੋਂ ਰਾਜਸੀ ਸੰਕਟ ਪ੍ਰਗਟ ਹੋਇਆ।

ਦੂਜੀ ਸੂਰਤ ਵਿਚ ਮੁਜ਼ਾਹਰੇ ਦਾ ਸੱਦਾ ਬਾਲਸ਼ਵਿਕਾਂ ਨੇ ਦਿਤਾ, ਅਤੇ ਸੋਵੀਅਤਾਂ ਦੀ ਕਾਂਗਰਸ ਵਲੋਂ ਸਖਤ ਅਲਟੀਮੇਟਮ ਤੇ ਸਿੱਧੀ ਮਨਾਹੀਂ ਪਿਛੋਂ ਮਨਸੂਖ ਕੀਤਾ, ਫਿਰ 18 ਜੂਨ ਨੂੰ ਆਮ ਮੁਜ਼ਾਹਰਾ ਹੋਇਆ ਜਿਸ ਵਿਚ ਬਾਲਸ਼ਵਿਕ ਨਾਹਰਿਆਂ ਨੂੰ ਸਪੱਸ਼ਟ ਤੌਰ ਉਤੇ ਪ੍ਰਬਲਤਾ ਹਾਸਲ ਸੀ। ਜਿਵੇਂ ਕਿ 18 ਜੂਨ ਨੂੰ ਸ਼ਾਮੀਂ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੇ ਆਪ ਮੰਨਿਆ, ਜੇ ਮੋਰਚੇ ਉਤੇ ਹਮਲਾ ਨਾ ਕੀਤਾ ਗਿਆ ਹੁੰਦਾ ਤਾਂ ਰਾਜਸੀ ਸੰਕਟ ਜ਼ਰੂਰ ਪੈਦਾ ਹੋ ਜਾਣਾ ਸੀ।

ਤੀਜਾ ਸੰਕਟ, ਬਾਵਜੂਦ ਇਹਦੇ ਕਿ 2 ਜੁਲਾਈ ਨੂੰ ਬਾਲਸ਼ਵਿਕਾਂ ਨੇ ਇਸ ਨੂੰ ਰੋਕਣ ਦੇ ਯਤਨ ਕੀਤੇ, 3 ਜੁਲਾਈ ਨੂੰ ਆਪਣੇ ਆਪ ਪੈਦਾ ਹੋ ਗਿਆ। 4 ਜੁਲਾਈ ਨੂੰ ਆਪਣੀ ਸਿਖਰ ਛੂੰਹਦਿਆਂ, ਇਹਦਾ ਸਿੱਟਾ 5 ਅਤੇ 6 ਜੁਲਾਈ ਨੂੰ ਉਲਟ-ਇਨਕਲਾਬ ਦੇ ਅਤਿ ਸਖਤ ਉਭਾਰ ਵਿਚ ਨਿਕਲਿਆ। ਸੋਸ਼ਲਿਸਟ ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦੀ ਡਾਵਾਂਡੋਲਤਾ ਦਾ

ਪ੍ਰਗਟਾਅ ਸਪਿਰਦੀਨੋਵਾਂ ਅਤੇ ਦੂਜੇ ਕਈ ਸੋਸ਼ਲਿਸਟ ਇਨਕਲਾਬੀਆਂ ਦੇ ਰੂਪ ਵਿਚ ਹੋਇਆ, ਜਿਹਨਾਂ ਨੇ ਸੋਵੀਅਤਾਂ ਦੇ ਹੱਥ ਸੱਤਾ ਦੇਣ ਦਾ ਐਲਾਨ ਕੀਤਾ, ਇਹਦਾ ਪ੍ਰਗਟਾਅ ਮੈਨਸ਼ਵਿਕ ਕੌਮਾਂਤਰੀਵਾਦੀਆਂ ਦੇ ਰੂਪ ਵਿਚ ਹੋਇਆ, ਜਿਹੜੇ ਪਹਿਲਾਂ ਤਾਂ ਇਹਦੇ ਵਿਰੁਧ ਸਨ ਪਰ ਜਿਹਨਾਂ ਨੇ-ਹੁਣ ਇਸ ਵਿਚਾਰ ਦੀ ਹਮਾਇਤ ਕੀਤੀ ।

ਘਟਨਾਵਾਂ ਨੂੰ ਇਹਨਾਂ ਦੇ ਪ੍ਰਸਪਰ ਸਬੰਧ ਵਿਚ ਵੇਖਦਿਆਂ ਜਿਹੜਾ ਆਖਰੀ ਤੇ ਸ਼ਾਇਦ ਅਤਿ ਸਿੱਖਿਆਦਾਇਕ ਨਤੀਜਾ ਕੱਢਿਆ ਜਾ ਸਕਦਾ ਹੈ ਉਹ ਇਹ ਹੈ ਕਿ ਸਭਨਾਂ ਤਿੰਨਾਂ ਸੰਕਟਾਂ ਨੇ ਹੀ ਮੁਜ਼ਾਹਰੇ ਦੀ ਕੋਈ ਉਹ ਸ਼ਕਲ ਪ੍ਰਗਟਾਈ ਜੋ ਸਾਡੇ ਇਨਕਲਾਬ ਦੇ ਇਤਿਹਾਸ ਵਿਚ ਨਵੀਂ ਹੈ । ਮੁਜ਼ਾਹਰਾ ਵਧੇਰੇ ਗੁੰਝਲਦਾਰ ਕਿਸਮ ਦਾ ਸੀ ਜਿਸ ਵਿਚ ਗਤੀ ਲਹਿਰਾਂ ਵਿਚ ਚਲਦੀ ਹੈ; ਚਾਣਚਕ ਉਤਾਰ ਪਿਛੋਂ ਤੇਜ਼ ਉਭਾਰ, ਇਨਕਲਾਬ ਤੇ ਉਲਟ-ਇਨਕਲਾਬ ਵਧੇਰੇ ਤਿੱਖੇ ਬਣ ਰਹੇ, ਅਤੇ ਦਰਮਿਆਨੇ ਅਨਸਰ ਘੱਟ ਜਾਂ ਵੱਧ ਦੀਰਘ ਦੌਰ ਲਈ ਖਤਮ ਹੋ ਰਹੇ ।

ਤਿੰਨਾਂ ਹੀ ਸੰਕਟਾਂ ਵਿਚ ਲਹਿਰ ਨੇ **ਮੁਜ਼ਾਹਰੇ** ਦਾ ਰੂਪ ਧਾਰਨ ਕੀਤਾ । ਹਕੂਮਤ-ਵਿਰੋਧੀ ਮੁਜ਼ਾਹਰਾ—ਇਹ ਕਹਿਣਾ ਘਟਨਾਵਾਂ ਦਾ ਅਤਿ ਠੀਕ ਯੁਕਤੀ-ਸੰਗਤ ਵਰਨਣ ਹੋਵੇਗਾ । ਪਰ ਤੱਤ ਇਹ ਹੈ ਕਿ ਇਹ ਕੋਈ ਸਾਧਾਰਨ ਮੁਜ਼ਾਹਰਾ ਨਹੀਂ ਸੀ, ਇਹ ਮੁਜ਼ਾਹਰੇ ਨਾਲੋਂ ਕਾਫੀ ਹੱਦ ਤੱਕ ਵਧੇਰੇ ਕੋਈ ਚੀਜ਼ ਸੀ, ਪਰ ਇਨਕਲਾਬ ਨਾਲੋਂ ਘੱਟ । ਇਹ ਇਨਕਲਾਬ ਤੇ ਉਲਟ-ਇਨਕਲਾਬ ਦਾ **ਇਕੱਠਿਆਂ** ਤੂਫਾਨੀ ਰੂਪ ਵਿਚ ਉਭਰਨਾ ਸੀ । ਦਰਮਿਆਨੇ ਅਨਸਰਾਂ ਦਾ ਤਿੱਖੀ ਤਰ੍ਹਾਂ ਕਈ ਵਾਰ ਕਰੀਬ-ਕਰੀਬ ਅਚਾਨਕ ਖਤਮ ਹੋਣਾ ਸੀ ਜਦ ਕਿ ਪ੍ਰੋਲਤਾਰੀ ਤੇ ਬੁਰਜੁਆਜ਼ੀ ਅਨਸਰ ਤੂਫਾਨੀ-ਰੂਪ ਵਿਚ ਪ੍ਰਗਟ ਹੋਏ ।

ਇਸ ਪੱਖੋਂ ਇਹ ਬਹੁਤ ਹੀ ਵਿਸ਼ੇਸ਼ ਲੱਛਣ ਵਾਲੀ ਗੱਲ ਹੈ ਕਿ ਇਹਨਾਂ ਲਹਿਰਾਂ ਵਿਚੋਂ **ਹਰ ਇਕ** ਲਈ, ਦਰਮਿਆਨੇ ਅਨਸਰ ਵਿਸੇਸ ਜਮਾਤੀ ਤਾਕਤਾਂ—ਪ੍ਰੋਲਤਾਰੀਆ ਤੇ ਬੁਰਜੁਆਜ਼ੀ ਨੂੰ ਦੋਸ਼ੀ ਠਹਿਰਾਉਂਦੇ ਹਨ । ਸੋਸ਼ਲਿਸਟ ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੂੰ ਵੇਖੋ । ਉਹ ਭੱਲੀ ਤਰ੍ਹਾਂ ਕੂਕਣ ਲਈ ਧੌਣਾਂ ਪਿਛਾਂਹ ਵੱਲ ਕਰਦੇ ਹਨ ਕਿ ਬਾਲਸ਼ਵਿਕ ਆਪਣੀਆਂ ਨਾਲ ਅੱਖਾਂ ਨਾਲ ਉਲਟ-ਇਨਕਲਾਬ ਦੀ ਮੱਦਦ ਕਰ ਰਹੇ ਹਨ । ਪਰ ਇਹਦੇ ਨਾਲ, ਉਹ ਮੁੜ ਮੁੜ ਮੰਨਦੇ ਹਨ ਕਿ ਕੇਡਿਟ (ਜਿਹਨਾਂ ਨਾਲ ਮਿਲ ਕੇ ਉਹਨਾਂ ਨੇ ਹਕੂਮਤ ਵਿਚ ਬਲਾਕ ਬਣਾਇਆ ਹੋਇਆ ਹੈ) ਉਲਟ-ਇਨਕਲਾਬੀ ਹਨ । "ਸਾਡਾ ਫੌਰੀ ਕਾਰਜ ਲੋਕ ਵਾਹੁਣਾ ਹੈ" **ਦਾਈਲੋ ਨਾਰੋਦਾ** ਨੇ ਕਲ੍ਹ ਲਿਖਿਆ, "ਤਾਂ ਜੁ ਆਪਣੇ ਅਤੇ ਸਭਨਾਂ ਸੱਜ-ਪੱਖੀ ਅਨਸਰਾਂ ਵਿਚਕਾਰ, ਜਿਹਨਾਂ ਵਿਚ **ਯੇਦੀਨਸਤਵੋ** ਵੀ ਸ਼ਾਮਿਲ ਹੈ ਜਿਹੜਾ ਮੁਜਾਹਿਦ ਬਣ ਗਿਆ ਹੈ, ਇਕ ਡੂੰਘੀ ਖਾਈ ਪੁੱਟੀ ਜਾਵੇ" (ਜਿਹਨਾਂ ਨੂੰ ਇਹ ਵੀ ਦੱਸ ਦੇਈਏ, ਸੋਸ਼ਲਿਸਟ ਇਨਕਲਾਬੀਆਂ ਚੋਣਾਂ ਦੇ ਦੌਰਾਨ ਬਲਾਕ ਬਣਾਇਆ ਸੀ)

ਇਹਦਾ ਮੁਕਾਬਲਾ **ਯੇਦੀਨਸਤਵੋ** ਦੇ ਅੱਜ ਦੇ ਅੰਕ (7 ਜੁਲਾਈ) ਨਾਲ ਕਰੋ, ਜਿਸ ਵਿਚ ਪਲੈਖਾਨੋਵ ਦਾ ਲੇਖ ਇਸ ਨਿਰ-ਵਿਵਾਦ ਤੱਥ ਦਾ ਜ਼ਿਕਰ ਕਰਨ ਉਤੇ ਮਜਬੂਰ ਹੈ ਕਿ ਸੋਵੀਅਤਾਂ (ਅਰਥਾਤ, ਸੋਸ਼ਲਿਸਟ ਇਨਕਲਾਬੀ ਅਤੇ ਮੈਨਸ਼ਵਿਕ) "ਇਕ ਪੰਦਰਵਾੜਾ ਇਸ ਮਾਮਲੇ ਨੂੰ ਵਿਚਾਰਨਗੀਆਂ ।" ਅਤੇ ਜੇ ਸੱਤਾ ਸੋਵੀਅਤਾਂ ਦੇ ਹਵਾਲੇ ਹੋਈ ਤਾਂ, "ਇਹ ਗੱਲ ਲੈਨਿਨ ਦੇ ਹਮਾਇਤੀਆਂ ਦੀ ਜਿੱਤ ਦੇ ਬਰਾਬਰ ਹੋਵੇਗੀ ।" ਪਲੈਖਾਨੋਵ ਲਿਖਦਾ ਹੈ "ਜੇ ਕੈਡਿਟ ਨੇਮ ਉਤੇ ਕਾਇਮ ਨਹੀਂ ਰਹਿੰਦੇ—ਜਿੰਨਾ ਮਾੜਾ ਉਨਾ ਚੰਗਾ........, ਖੁਦ ਉਹਨਾਂ ਨੂੰ ਮੰਨਣਾ ਪਵੇਗਾ

ਕਿ (ਕੋਅਲਿਟ ਵਿਚੋਂ ਨਿਕਲ ਕੇ) ਉਹਨਾਂ ਨੇ ਵੱਡੀ ਗਲਤੀ ਕੀਤੀ ਹੈ। ਅਤੇ ਲੈਨਿਨ ਦੇ ਹਮਾ-ਇਤੀਆਂ ਦਾ ਕੰਮ ਸੌਖਾ ਬਣਾ ਦਿਤਾ ਹੈ।"

ਕੀ ਇਹ ਵਿਸ਼ੇਸ਼ ਲੱਛਣ ਵਾਲੀ ਗੱਲ ਨਹੀਂ ? ਦਰਮਿਆਨੇ ਅਨਸਰ ਕੇਡਿਟਾਂ ਉਤੇ ਬਾਲਸ਼-ਵਿਕਾਂ ਦੇ ਕੰਮ ਨੂੰ ਸੌਖਾ ਬਣਾਉਣ ਦਾ ਅਤੇ ਬਾਲਸ਼ਵਿਕਾਂ ਉਤੇ ਕੇਡਿਟਾਂ ਦੇ ਕੰਮ ਨੂੰ ਸੌਖਾ ਬਨਾਉਣ ਦੇ ਦੋਸ਼ ਲਾਉਂਦੇ ਹਨ। ਕੀ ਇਹ ਅਨੁਮਾਨਣਾ ਬਹੁਤ ਮੁਸ਼ਕਿਲ ਹੈ ਕਿ ਜੇ ਅਸੀਂ ਜਮਾਤੀ ਨਾਵਾਂ ਦੀ ਥਾਂ ਰਾਜਸੀ ਨਾਵਾਂ ਨੂੰ ਦੇ ਦੇਈਏ ਤਾਂ ਸਾਡੇ ਸਾਹਮਣੇ ਪ੍ਰੋਲਤਾਰੀਆ ਤੇ ਬੁਰਜੁਆਜ਼ੀ ਵਿਚਕਾਰ ਜਮਾਤੀ ਘੋਲ ਦੇ ਅਲੋਪ ਹੋ ਜਾਣ ਬਾਰੇ ਨਿਕ-ਬੁਰਜੁਆਜ਼ੀ ਦੇ ਸੁਪਨੇ ਪ੍ਰਗਟ ਹੋ ਜਾਣਗੇ ? ਕੀ ਇਹਦਾ ਅਨੁਮਾਨ ਲਾਉਣਾ ਬਹੁਤ ਮੁਸਕਿਲ ਹੈ ਕਿ ਦੁਨੀਆਂ ਵਿਚ ਕੋਈ ਵੀ ਬਾਲਸਵਿਕ ਤਿੰਨਾਂ ਲਹਿਰਾਂ ਦੀ ਤਾਂ ਗੱਲ ਕੀ ਕਰਨੀ ਹੈ, ਇਕ ਵੀ "ਲੋਕ-ਲਹਿਰ" ਪੈਦਾ ਨਹੀਂ ਸੀ ਕਰ ਸਕਦਾ, ਜੇ ਕਰ ਅਤਿ ਡੂੰਘੇ ਆਰਥਕ ਅਤੇ ਰਾਜਸੀ ਕਾਰਨਾਂ ਨੇ ਪ੍ਰੋਲਤਾਰੀਆਂ ਨੂੰ ਹਰਕਤ ਨਾ ਦਿਤੀ ਹੁੰਦੀ ? ਕੀ ਇਹ ਅਨੁਮਾਨਣਾ ਬਹੁਤ ਹੀ ਮੁਸ਼ਕਿਲ ਹੈ ਕਿ ਕੋਈ ਵੀ ਕੈਡਿਟ ਅਤੇ ਸ਼ਹਿਨਸ਼ਾਹ-ਪ੍ਰਸਤ ਮਿਲ ਕੇ "ਸੱਜੇ ਪਾਸਿਓਂ" ਕਿਸੇ ਲਹਿਰ ਨੂੰ ਪੈਦਾ ਨਹੀਂ ਸਨ ਕਰ ਸਕਦੇ, ਜੇਕਰ ਉਨੇ ਹੀ ਡੂੰਘੇ ਕਾਰਨ ਮੌਜੂਦ ਨਾ ਹੁੰਦੇ ਜਿਹੜੇ ਬੁਰਜੁਆਜ਼ੀ ਨੂੰ ਜਮਾਤੀ ਤੌਰ ਉਤੇ ਉਲਟ-ਇਨਕਲਾਬੀ ਬਣਾਉਂਦੇ ਹਨ ?

20-21 ਅਪਰੈਲ ਦੀ ਲਹਿਰ ਨੇ ਸਾਨੂੰ ਅਤੇ ਕੇਡਿਟਾ ਦੋਵਾਂ ਨੂੰ ਦੋਸ਼ੀ ਠਹਿਰਾਇਆ ਗਿਆ : ਹਠ ਲਈ, ਅੱਤਾਂ ਲਈ ਅਤੇ ਸਥਿਤੀ ਨੂੰ ਵਿਗਾੜਨ ਲਈ। ਬਾਲਸਵਿਕਾਂ ਨੂੰ ਤਾਂ ਨੇਵਸਕੀ ਉਤੇ ਗੋਲੀ ਚਲਣ ਲਈ ਵੀ ਦੋਸੀ ਠਹਿਰਾਇਆ ਗਿਆ (ਭਾਵੇਂ ਇਹ ਬੇਥਵ੍ਹੀ ਗੱਲ ਹੈ) ਪਰ ਲਹਿਰ ਦਾ ਭੋਗ ਪੈਣ ਉਤੇ, ਇਹਨਾਂ ਦੀ ਸੋਸਲਿਸਟ-ਇਨਕਲਾਬੀਆ ਅਤੇ ਮੈਨਸ਼ਵਿਕਾਂ ਨੇ ਆਪਣੇ ਸਾਂਝੇ ਸਰਕਾਰੀ ਅਖਬਾਰ, **ਇਜ਼ਵੇਸਤੀਆ**, ਵਿਚ ਲਿਖਿਆ ਕਿ "ਲੋਕ ਲਹਿਰ ਨੇ ਸਾਮਰਾਜੀਆਂ, ਮਿਲਿਯੂਕੋਵ ਆਦਿ ਨੂੰ ਹੂੰਝ ਸੁੱਟਿਆ ਹੈ।" ਅਰਥਾਤ ਉਹਨਾਂ ਨੇ ਲਹਿਰ ਨੂੰ ਸਲਾਹਿਆ ਹੈ। ਕੀ ਇਹ ਲਖਾਇਕ ਗੱਲ ਨਹੀਂ ? ਕੀ ਇਹ ਬੜੀ ਸਾਫ ਤਰ੍ਹਾਂ ਨਹੀਂ ਵਿਖਾਉਂਦੀ ਕਿ ਨਿਕ-ਬੁਰਜੁਆਜ਼ੀ ਪ੍ਰੋਲਤਾਰੀਏ ਅਤੇ ਬੁਰਜੁਆਜ਼ੀ ਵਿਚ ਜਮਾਤੀ ਘੋਲ ਦੇ ਯਤਨਾਂ, ਅਰਥਾਂ ਨੂੰ ਨਹੀਂ ਸਮਝਦੀ ?

ਵਸਤੂ-ਮੁਖੀ ਸਥਿਤੀ ਇਹ ਹੈ। ਦੇਸ਼ ਦੀ ਵਸੋਂ ਦੀ ਵਿਸਾਲ ਬਹੁਗਿਣਤੀ ਆਪਣੀਆਂ ਜੀਵਨ-ਹਾਲਤਾਂ ਦੇ ਪੱਖੋਂ ਅਤੇ ਬਹੁਤਾ ਆਪਣੇ ਵਿਚਾਰਾਂ ਤੋਂ ਨਿਕ-ਬੁਰਜੂਆ ਹੈ। ਪਰ ਦੇਸ ਉਤੇ ਵੱਡੀ ਪੂੰਜੀ, ਸਭ ਤੋਂ ਪਹਿਲਾਂ ਬੈਂਕਾ ਅਤੇ ਸਿੰਡੀਕੇਟਾਂ ਰਾਹੀਂ ਰਾਜ ਕਰਦੀ ਹੈ। ਇਸ ਦੇਸ਼ ਵਿਚ ਸ਼ਹਿਰੀ ਪ੍ਰੋਲਤਾਰੀਆ ਵੀ ਹੈ ਜਿਹੜਾ ਆਪਣਾ ਰਾਹ ਅਖਤਿਆਰ ਕਰਨ ਲਈ ਕਾਫੀ ਪ੍ਰੌਢ ਹੈ, ਪਰ ਜਿਹੜਾ ਅਜੇ ਅਧ-ਪ੍ਰੋਲਤਾਰੀਏ ਦੀ ਬਹੁ-ਗਿਣਤੀ ਨੂੰ ਤੁਰੰਤ ਆਪਣੇ ਪਾਸੇ ਖਿਚਣ ਦੇ ਯੋਗ ਨਹੀਂ। ਇਸ ਬੁਨਿਆਦੀ, ਜਮਾਤੀ ਤੱਥ ਤੋਂ ਅਜਿਹੇ ਸੰਕਟ, ਜਿਸ ਤਰ੍ਹਾਂ ਦੇ ਤਿੰਨਾਂ ਸੰਕਟਾ ਨੂੰ ਅਸੀਂ ਹੁਣ ਘੋਖ ਰਹੇ ਹਾਂ ਅਤੇ ਇਹਨਾਂ ਦੀਆਂ ਸ਼ਕਲਾਂ ਅੱਟਲ ਤੌਰ ਉਤੇ ਪੈਦਾ ਹੁੰਦੀਆਂ ਹਨ।

ਭਵਿੱਖ ਵਿਚ ਸੰਕਟਾਂ ਦੀਆਂ ਸ਼ਕਲਾਂ ਨਿਰਸੰਦੇਹ ਬਦਲ ਸਕਦੀਆਂ ਹਨ, ਪਰ ਸਵਾਲ ਦਾ ਤੱਤ ਉਹੋ ਰਹੇਗਾ। ਭਾਵੇਂ ਮਿਸਾਲ ਵਜੋਂ, ਅਕਤੂਬਰ ਵਿਚ ਸੋਸ਼ਲਿਸਟ ਇਨਕਲਾਬੀ ਸੰਵਿਧਾਨ ਸਭਾ ਦਾ ਸਮਾਗਮ ਹੀ ਕਿਉਂ ਨਾ ਹੋ ਜਾਵੇ। ਸੋਸ਼ਲਿਸਟ ਇਨਕਲਾਬੀਆਂ ਨੇ ਕਿਸਾਨਾਂ ਨੂੰ (1) ਨਿੱਜੀ ਭੋਂ-ਮਾਲਕੀ ਖਤਮ ਕਰਨ (2) ਜ਼ਮੀਨ ਕਿਰਤੀ ਲੋਕਾਂ ਨੂੰ ਮੁੰਤਕਿਲ ਕਰਨ (3) ਜ਼ਮੀਨੀ ਸੰਪਤੀ ਜ਼ਬਤ ਕਰਨ ਅਤੇ ਇਹ ਬਿਨਾਂ ਮੁਆਵਜ਼ਾ ਕਿਸਾਨਾਂ ਦੇ ਹਵਾਲੇ ਕਰਨ ਦਾ ਵਾਅਦਾ ਕੀਤਾ

ਹੈ। ਇਹ ਵੱਡੇ ਸੁਧਾਰ ਬੁਰਜੂਆਜ਼ੀ ਵਿਰੁਧ ਅਤਿ ਨਿਰਣੇਈ ਇਨਕਲਾਬੀ ਕਦਮਾਂ ਤੋਂ ਬਿਨਾਂ ਸਾਕਾਰੇ ਨਹੀਂ ਜਾ ਸਕਦੇ, ਕਦਮ ਜਿਹੜੇ ਸਿਰਫ਼ ਉਦੋਂ ਉਠਾਏ ਜਾ ਸਕਦੇ ਹਨ ਜਦੋਂ ਗਰੀਬ ਕਿਸਾਨ ਪ੍ਰੋਲਤਾਰੀਏ ਨਾਲ ਸ਼ਾਮਲ ਹੋ ਜਾਂਦੇ ਹਨ, ਸਿਰਫ਼ ਉਦੋਂ ਜਦੋਂ ਬੈਂਕਾਂ ਅਤੇ ਸਿੰਡੀਕੇਟਾਂ ਦਾ ਰਾਸ਼ਟਰੀਕਰਣ ਹੋ ਜਾਂਦਾ ਹੈ।

ਸਿੱਧੜ ਕਿਸਾਨ, ਕੁਝ ਸਮੇਂ ਲਈ ਇਹ ਯਕੀਨ ਕਰਦਿਆਂ ਕਿ ਬੁਰਜੂਆਜ਼ੀ ਨਾਲ ਸਮਝੌਤਾ ਕਰ ਕੇ ਇਹ ਸੁਹਣੀਆਂ ਚੀਜ਼ਾਂ ਹਾਸਲ ਹੋ ਸਕਦੀਆਂ ਹਨ, ਅੱਟਲ ਤੌਰ ਉਤੇ ਨਿਰਾਸ਼ ਅਤੇ "ਅਸੰਤੁਸ਼ਟ" (ਨਰਮ ਸ਼ਬਦ ਵਰਤਦਿਆਂ) ਹੋ ਜਾਣਗੇ ਜਦੋਂ ਸੋਸ਼ਲਿਸਟ ਇਨਕਲਾਬੀਆਂ ਦੇ ਵਾਅਦਿਆਂ ਦੀ ਪੂਰਤੀ ਲਈ ਬੁਰਜੂਆਜ਼ੀ ਵਿਰੁਧ ਪ੍ਰੋਲਤਾਰੀਏ ਦਾ ਜਮਾਤੀ ਘੋਲ ਤਿੱਖਾ ਹੋ ਜਾਵੇਗਾ। ਅਜਿਹਾ ਹੀ ਸੀ ਅਤੇ ਅਜਿਹਾ ਹੀ ਹੋਵੇਗਾ।

7 (20) ਜੁਲਾਈ, 1917 ਨੂੰ ਲਿਖਿਆ
ਰਸਾਲਾ ਰਾਬੋਤਨਿਤਸਾ ਵਿਚ ਨੰਬਰ 7
19 ਜੁਲਾਈ 1917 ਵਿੱਚ ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਰਚਨਾ
ਜਿਲਦ 25

ਰਾਜਸੀ ਸਥਿਤੀ

ਚਾਰ ਥੀਸਸ

1. ਉਲਟ-ਇਨਕਲਾਬ ਜਥੇਬੰਦ ਤੇ ਪੱਕਾ ਹੋ ਗਿਆ ਹੈ ਅਤੇ ਇਹਨੇ ਅਸਲ ਵਿਚ ਰਾਜ-ਸੱਤਾ ਆਪਣੇ ਹੱਥਾ ਵਿਚ ਲੈ ਲਈ ਹੈ।

ਉਲਟ-ਇਨਕਲਾਬ ਦੀ ਪੂਰਨ ਜਥੇਬੰਦੀ ਅਤੇ ਪਕੇਜ ਵਿਚ ਇਹਦੀਆ ਤਿੰਨ ਮੁੱਖ ਸਕਤੀਆ ਦਾ ਜੋੜ ਸਾਮਲ ਹੈ, ਜੋੜ ਜਿਸ ਨੂੰ ਸਾਨਦਾਰ ਤੌਰ ਉਤੇ ਸੋਚਿਆ ਗਿਆ ਅਤੇ ਅਮਲੀ ਰੂਪ ਦਿਤਾ ਗਿਆ ਹੈ : 1. ਸੰਵਿਧਾਨਕ— ਜਮਹੂਰੀ ਪਾਰਟੀ, ਅਰਥਾਤ ਜਥੇਬੰਦ ਬੁਰਜੁਆਜ਼ੀ ਦੇ ਅਸਲੀ ਆਗੂ ਨੇ ਕੈਬਨਿਟ ਵਿਚੋਂ ਬਾਹਰ ਨਿਕਲ ਕੇ ਇਹਨੂੰ ਅਮਲੀਮੇਟਮ ਦੇ ਦਿਤਾ ਹੈ। ਇਸ ਤਰ੍ਹਾਂ ਉਲਟ-ਇਨਕਲਾਬ ਵਲੋਂ ਕੈਬਨਿਟ ਦਾ ਤਖਤਾ ਉਲਟਾਉਣ ਲਈ ਰਾਹ ਸਾਫ ਹੋ ਗਿਆ ਹੈ। 2. ਜਨਰਲ ਸਟਾਫ ਅਤੇ ਫੌਜੀ ਆਗੂਆ ਨੇ ਕੇਰੇਨਸਕੀ, ਜੀਹਨੂੰ ਅਤਿ ਉਘੇ ਸੋਸ਼ਲਿਸਟ-ਇਨਕਲਾਬੀ ਵੀ ਕਾਵੇਂਜਨਾਕ ਸੱਦਦੇ ਹਨ, ਦੀ ਵਿਚਾਰ ਪੂਰਵਕ ਜਾ ਅੱਧ-ਵਿਚਾਰ ਪੂਰਵਕ ਸਹਾਇਤਾ ਨਾਲ ਅਸਲੀ ਰਾਜ ਸੱਤਾ ਹਥਿਆ ਲਈ ਹੈ ਅਤੇ ਬਿਨਾ ਮੁਕੱਦਮਾ ਚਲਾਏ ਨਹੀਂ ਸਗੋਂ ਸਰਕਾਰ ਦੇ ਹੁਕਮ ਤੋਂ ਬਿਨਾ ਵੀ ਮੋਰਚੇ ਉਤੇ ਇਨਕਲਾਬੀ ਦਸਤਿਆਂ ਨੂੰ ਗੋਲੀ ਦਾ ਨਿਸ਼ਾਨਾ ਬਨਾਉਣਾ, ਪੀਤਰੋਗਰਾਦ ਅਤੇ ਮਾਸਕੋ ਵਿਚ ਇਨਕਲਾਬੀ ਫੌਜ ਨੂੰ ਬੇ-ਹਥਿਆਰ ਕਰਨਾ, ਨਿਜ਼ਨੀ-ਨੋਵਗੋਰੋਦ ਵਿਚ ਬੇਚੈਨੀ ਨੂੰ ਦਬਾਉਣਾ, ਬਾਲਸਵਿਕਾ ਨੂੰ ਗਰਿਫਤਾਰ ਕਰਨਾ ਅਤੇ ਉਹਨਾ ਦੇ ਅਖਬਾਰਾ ਉਤੇ ਪਾਬੰਦੀ ਲਾਉਣਾ ਸੁਰੂ ਕਰ ਦਿਤਾ ਹੈ। ਇਸ ਵਲੋਂ ਰੂਸ ਵਿਚ ਬੁਨਿਆਦੀ ਰਾਜ-ਸੱਤਾ ਅਸਲ ਵਿਚ ਫੌਜੀ ਡਿਕਟੇਟਰਸਿਪ ਦੇ ਹੱਥਾ ਵਿਚ ਹੈ। ਉਹਨਾ ਅਨੇਕਾ ਸੰਸਥਾਵਾ ਨੇ, ਜੋ ਕਹਿਣੀ ਵਿਚ ਤਾ ਇਨਕਲਾਬੀ ਪਰ ਕਰਨੀ ਵਿਚ ਸ਼ਕਤੀਹੀਣ ਹਨ, ਇਸ ਤੱਥ ਨੂੰ ਧੁੰਦਲਾ ਬਣਾ ਛਡਿਆ ਹੈ। ਪਰ ਇਹ ਕਿੰਨਾ ਸਪੱਸਟ ਅਤੇ ਬੁਨਿਆਦੀ ਤਥ ਹੈ ਕਿ ਇਹਨੂੰ ਸਮਝੇ ਬਿਨਾ ਰਾਜਸੀ ਸਥਿਤੀ ਬਾਰੇ ਕਿਸੇ ਗੱਲ ਦੀ ਸਮਝ ਨਹੀਂ ਆ ਸਕਦੀ। 3. ਕਾਲੇ ਸੈਂਕੜਿਆ ਦੀ ਸਹਿਨਸਾਹ-ਪ੍ਰਸਤ ਤੇ ਬੁਰਜੂਆ ਪ੍ਰੈਸ, ਜੀਹਨੇ ਬਾਲਸਵਿਕਾਂ ਦਾ ਸ਼ਿਕਾਰ ਕਰਨਾ ਸੁਰੂ ਕਰ ਦਿਤਾ ਹੈ, "ਭੜਕਾਊ" ਚੇਰਨੋਵ, ਆਦਿ ਨੇ ਅਤਿ ਸਪੱਸ਼ਟਤਾ ਨਾਲ ਸੁਝਾਇਆ ਹੈ ਕਿ ਫੌਜੀ ਡਿਕਟੇਟਰਸ਼ਿਪ ਦੀ ਨੀਤੀ ਦੇ ਅਸਲੀ ਅਰਥ ਸੋਵੀਅਤਾ ਨੂੰ ਤੋੜਨ ਲਈ ਤਿਆਰੀਆ ਕਰਨ ਦੇ ਹਨ। ਡਿਕਟੇਟਰਸ਼ਿਪ ਜਿਸ ਦਾ ਹੁਣ ਬੋਲ ਬਾਲਾ ਹੈ ਅਤੇ ਜਿਸ ਨੂੰ ਕੈਡਿਟਾਂ

ਅਤੇ ਸ਼ਹਿਨਸ਼ਾਹ-ਪ੍ਰਸਤਾਂ ਦੀ ਹਮਾਇਤ ਹਾਸਲ ਹੈ। ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕਾਂ ਦੇ ਅਰਥਾਤ ਸੋਵੀਅਤਾਂ ਵਿਚ ਵਰਤਮਾਨ ਬਹੁ-ਗਿਣਤੀ ਦੇ ਕਈ ਆਗੂਆਂ ਨੇ ਬੀਤੇ ਕੁਝ ਦਿਨਾਂ ਇਹ ਮੰਨਿਆਂ ਅਤੇ ਦਰਸਾਇਆ ਹੈ ਪਰ ਆਪਣੇ ਨਿੱਕ-ਬੁਰਜੂਆ ਸੁਭਾ ਵੱਲ ਸੱਚੇ ਰਹਿੰਦਿਆਂ ਉਹਨਾਂ ਨੇ ਬੇ-ਅਰਥ ਧੜੱਲੇਦਾਰ ਸ਼ਬਦਾਂ ਨਾਲ ਇਸ ਬਹੁਤ ਵੱਡੇ ਯਥਾਰਥ ਨੂੰ ਛੰਡ ਸੁੱਟਿਆ ਹੈ।

2. ਸੋਵੀਅਤਾਂ ਦੇ ਅਤੇ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਪਾਰਟੀਆਂ ਦੇ ਆਗੂਆਂ ਨੇ ਤਸੇਰੇਤੇਲੀ ਅਤੇ ਚੇਰਨੋਵ ਦੀ ਪ੍ਰਮੁੱਖਤਾ ਵਿਚ ਇਨਕਲਾਬ ਦੇ ਕਾਜ ਨੂੰ ਉਲਟ-ਇਨਕਲਾਬੀਆਂ ਦੇ ਹੱਥਾਂ ਵਿਚ ਫੜਾ ਕੇ ਅਤੇ ਆਪਣੇ ਆਪ ਨੂੰ ਆਪਣੀਆਂ ਪਾਰਟੀਆਂ ਅਤੇ ਸੋਵੀਅਤਾਂ ਨੂੰ ਉਲਟ-ਇਨਕਲਾਬ ਦੇ ਪਰਦੇ ਵਿਚ ਬਦਲ ਕੇ ਇਸ ਕਾਜ ਨਾਲ ਪੂਰੀ ਤਰ੍ਹਾਂ ਗੱਦਾਰੀ ਕੀਤੀ ਹੈ।

ਇਹਦਾ ਸਬੂਤ ਇਹ ਹੈ ਕਿ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੇ ਬਾਲਸ਼ਵਿਕਾਂ ਨਾਲ ਧਰੋਹ ਕਮਾਇਆ ਹੈ ਅਤੇ ਲੋਕਾਂ ਨੂੰ ਸਾਫ ਸਾਫ ਅਤੇ ਖੁਲ੍ਹਮ-ਖੁਲ੍ਹਾ ਦੱਸਣ ਦਾ ਹੌਸਲਾ ਕੀਤੇ ਬਿਨਾਂ, ਕਿ ਉਹ ਅਜਿਹਾ ਕਰ ਰਹੇ ਤੇ ਕਿਉਂ ਕਰ ਰਹੇ ਹਨ, ਆਪਣਾ ਅਖਬਾਰ ਚੁੱਪ-ਚਾਪ ਬੰਦ ਕਰਨਾ ਮੰਨਿਆ, ਮਜ਼ਦੂਰਾਂ ਅਤੇ ਇਨਕਲਾਬੀ ਰੇਜਮੈਂਟਾਂ ਨੂੰ ਬੇ-ਹਥਿਆਰ ਕਰਨ ਦੀ ਮਨਜ਼ੂਰੀ ਦੇ ਕੇ ਉਹਨਾਂ ਨੇ ਆਪਣੇ ਆਪ ਨੂੰ ਸਾਰੀ ਅਸਲੀ ਸੱਤਾ ਤੋਂ ਵਾਂਝਿਆਂ ਕਰ ਦਿਤਾ ਹੈ। ਓਹ ਅਤਿ ਸੜਬੋਲੇ ਗਪੌੜ ਸੰਖ ਬਣ ਗਏ ਹਨ ਜਿਹੜੇ ਉਦੋਂ ਤਕ ਲੋਕਾਂ ਦਾ ਧਿਆਨ "ਮੋੜਨ" ਵਿਚ ਪਿਛਾਖੜ ਦੀ ਸਹਾਇਤਾ ਕਰਦੇ ਹਨ ਜਦੋਂ ਤੱਕ ਉਹ ਆਖਰਕਾਰ ਸੋਵੀਅਤਾਂ ਨੂੰ ਤੋੜਨ ਲਈ ਤਿਆਰ ਨਹੀਂ ਹੋ ਜਾਂਦਾ। ਸੋਸ਼ਲਿਸਟ-ਇਨਕਲਾਬੀਆਂ ਅਤੇ ਸੋਵੀਅਤਾਂ ਵਿਚ ਵਰਤਮਾਨ ਬਹੁ-ਗਿਣਤੀ ਦੇ ਪੂਰਨ ਅਤੇ ਅੰਤਮ ਦੀਵਾਲੀਏਪਣ ਨੂੰ ਸਮਝੇ ਬਿਨਾਂ ਅਤੇ ਇਹ ਸਮਝੇ ਬਿਨਾ ਕਿ ਉਹਨਾਂ ਦੀ "ਡਾਇਰੈਕਟਰੀ" ਅਤੇ ਦੂਜੇ ਝੂਠੇ ਦਿਖਾਵੇ ਨਿਰਾ ਛਲ ਹਨ, ਵਰਤਮਾਨ ਰਾਜਸੀ ਸਥਿਤੀ ਨੂੰ ਸਮਝਣਾ ਬਿਲਕੁਲ ਹੀ ਅਸੰਭਵ ਹੈ।

3. ਰੂਸੀ ਇਨਕਲਾਬ ਦੇ ਅਮਨ-ਭਰੇ ਵਿਕਾਸ ਬਾਰੇ ਸਭ ਆਸਾਂ ਸਦਾ ਸਦਾ ਲਈ ਉਡ-ਪੁਡ ਗਈਆਂ ਹਨ। ਇਹ ਵਸਤੂ-ਮੁੱਖੀ ਸਥਿਤੀ ਹੈ: ਜਾਂ ਤਾਂ ਫੌਜੀ ਡਿਕਟੇਟਰ-ਸਿਪ ਲਈ ਪੂਰਕ ਜਿੱਤ ਜਾਂ ਮਜ਼ਦੂਰਾਂ ਦੀ ਹਥਿਆਰਬੰਦ ਬਗਾਵਤ ਲਈ ਜਿੱਤ, ਮਜ਼ਦੂਰਾਂ ਦੀ ਹਥਿਆਰਬੰਦ ਬਗਾਵਤ ਦੀ ਜਿੱਤ ਉਦੋਂ ਹੀ ਸੰਭਵ ਹੋ ਸਕਦੀ ਹੈ ਜਦੋਂ ਬਗਾਵਤ ਦੇ ਨਾਲ ਹੀ ਆਰਥਕ ਵਿਨਾਸ਼ ਅਤੇ ਜੰਗ ਦੇ ਲੰਮੇ ਹੋ ਜਾਣ ਕਾਰਨ ਹਕੂਮਤ ਤੇ ਬੁਰਜੁਆਜ਼ੀ ਵਿਰੁਧ ਆਮ ਡੂੰਘੀ ਉੱਥਲ ਪੁੱਥਲ ਹੋਵੇ।

"ਸਾਰੀ ਸੱਤਾ ਸੋਵੀਅਤਾਂ ਦੇ ਹੱਥ" ਦਾ ਨਾਹਰਾ ਇਨਕਲਾਬ ਦੇ ਅਮਨ-ਭਰੇ ਵਿਕਾਸ ਦਾ ਨਾਹਰਾ ਸੀ ਜੋ ਅਪਰੈਲ- ਮਈ- ਜੂਨ ਤੇ 5-9 ਜੁਲਾਈ ਤਕ ਉਸ ਸਮੇਂ ਤੱਕ ਸੰਭਵ ਸੀ ਜਦੋਂ ਅਸਲੀ ਸੱਤਾ ਫੌਜੀ ਡਿਕਟੇਟਰਸ਼ਿਪ ਦੇ ਹੱਥਾਂ ਵਿਚ ਚਲੀ ਗਈ। ਇਹ ਨਾਹਰਾ ਹੁਣ ਬਿਲਕੁਲ ਸਹੀ ਨਹੀਂ, ਕਿਉਂਕਿ ਇਹ ਇਹਨੂੰ ਮੁੱਖ ਨਹੀਂ ਰੱਖਦਾ ਕਿ ਸੱਤਾ ਦੀ ਹੱਥ-ਬਦਲੀ ਹੋ ਗਈ ਹੈ ਅਤੇ ਸੋਸ਼ਲਿਸਟ ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੇ ਇਨਕਲਾਬ ਨਾਲ ਅਸਲ ਵਿਚ ਪੂਰੀ ਤਰ੍ਹਾਂ ਧਰੋਹ ਕੀਤਾ ਹੈ। ਪਿਛਾਖੜ ਦੇ ਅਮਲ ਲਈ ਅੰਨ੍ਹੇ-ਵਾਹ ਅਮਲ, ਬਗਾਵਤਾਂ ਅੰਸ਼ਕ ਮੁਕਾਬਲਾ ਜਾਂ ਮਾਰੋ ਤੇ ਦੌੜੋ ਦੇ ਨਿਰਾਸ਼ਾਜਨਕ ਯਤਨ ਸਹਾਈ ਨਹੀਂ ਹੋਣ ਲੱਗੇ। ਜੋ ਸਹਾਈ ਹੋਵੇਗਾ ਉਹ ਹੈ ਸਥਿਤੀ ਦੀ ਸਪੱਸ਼ਟ ਸਮਝ, ਮਜ਼ਦੂਰਾਂ ਦੇ ਹਰਾਵਲ ਦਸਤੇ ਦੀ ਸਹਿਣ-ਸ਼ਕਤੀ

ਅਤੇ ਦ੍ਰਿੜ੍ਹ ਇਰਾਦਾ, ਹਥਿਆਰਬੰਦ ਬਗਾਵਤ ਲਈ ਸ਼ਕਤੀਆਂ ਦੀ ਤਿਆਰੀ, ਜਿਸ ਦੀ ਸਿੱਧ ਲਈ ਇਸ ਵੇਲੇ ਹਾਲਤਾਂ ਅਤਿ ਮੁਸ਼ਕਲ ਹਨ, ਪਰ ਅਜੇ ਵੀ ਸੰਭਵ ਹੈ ਜੇ ਕਰ ਉਪਰੋਕਤ ਤੱਥ ਤੇ ਰੁਚੀਆ ਮੇਲ ਖਾ ਜਾਣ। ਸਾਨੂੰ ਕਿਸੇ ਕਿਸਮ ਦੇ ਸੰਵਿਧਾਨਕ ਜਾਂ ਗਣਤੰਤਰੀ ਭੁਲਾਂਦਰੇ ਨਹੀਂ ਹੋਣੇ ਚਾਹੀਦੇ, ਅਮਨ-ਭਰੇ ਰਾਹ ਬਾਰੇ ਹੋਰ ਕੋਈ ਭੁਲਾਵੇ ਨਹੀਂ ਹੋਣੇ ਚਾਹੀਦੇ, ਕੋਈ ਇਕਾ ਦੁੱਕਾ ਅਮਲ ਨਹੀਂ ਹੋਣੇ ਚਾਹੀਦੇ, ਹੁਣ ਕਾਲੇ ਸੈਂਕੜਿਆਂ ਤੇ ਕਜ਼ਾਕਾਂ ਵਲੋਂ ਭੜਕਾਹਟ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਆਓ, ਅਸੀਂ ਸ਼ਕਤੀਆਂ ਇਕੱਠੀਆਂ ਕਰੀਏ, ਇਹਨਾਂ ਦੀ ਮੁੜ-ਜਥੇਬੰਦੀ ਕਰੀਏ ਅਤੇ ਹਥਿਆਰਬੰਦ ਬਗਾਵਤ ਲਈ ਦ੍ਰਿੜ੍ਹ ਇਰਾਦੇ ਨਾਲ ਤਿਆਰੀ ਕਰੀਏ, ਜੇ ਕਰ ਸੰਕਟ ਦਾ ਵਹਿਣ ਅਸਲੋਂ ਹੀ ਸਮੂਹ, ਦੇਸ਼-ਵਿਆਪੀ ਪੈਮਾਨੇ ਉੱਤੇ ਇਹਦੀ ਆਗਿਆ ਦੇਂਦਾ ਹੈ। ਹਥਿਆਰਬੰਦ ਬਗਾਵਤ ਬਿਨਾਂ ਇਸ ਵੇਲੇ ਕਿਸਾਨਾਂ ਨੂੰ ਜ਼ਮੀਨ ਦਾ ਇੰਤਕਾਲ ਅਸੰਭਵ ਹੈ, ਕਿਉਂ ਜੋ ਉਲਟ-ਇਨਕਲਾਬੀਏ ਸੱਤਾ ਉਤੇ ਕਬਜ਼ਾ ਕਰ ਕੇ ਇਕ ਜਮਾਤ ਵਜੋਂ ਭੌਂ-ਮਾਲਕਾ ਨਾਲ ਪੂਰੀ ਤਰ੍ਹਾਂ ਮਿਲ ਚੁਕੇ ਹੋਏ ਹਨ।

ਬਗਾਵਤ ਦਾ ਮਨੋਰਥ ਸਾਡੇ ਪਾਰਟੀ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਸਿਰਫ ਸੱਤਾ ਪ੍ਰੋਲਤਾਰੀਏ ਨੂੰ ਮੁੰਤਕਿਲ ਕਰਨਾ ਹੀ ਹੋ ਸਕਦਾ ਹੈ, ਪ੍ਰੋਲਤਾਰੀਆ ਜਿਸ ਨੂੰ ਗਰੀਬ ਕਿਸਾਨਾਂ ਦੀ ਹਮਾਇਤ ਹਾਸਲ ਹੋਵੇ।

4. ਮਜ਼ਦੂਰ ਜਮਾਤ ਦੀ ਪਾਰਟੀ ਨੂੰ ਕਾਨੂੰਨੀ ਸਰਗਰਮੀ ਤਿਆਗੇ ਬਿਨਾਂ ਪਰ ਇਕ ਛਿਣ ਲਈ ਵੀ ਇਹਦਾ ਅਧਿਕ ਅਨੁਮਾਨ ਲਾਏ ਬਿਨਾਂ ਕਾਨੂੰਨੀ ਕੰਮ ਨੂੰ ਗੈਰ-ਕਾਨੂੰਨੀ ਕੰਮ ਨਾਲ ਜੋੜਨਾ ਚਾਹੀਦਾ ਹੈ ਜਿਵੇਂ ਇਹਨੇ 1912-14 ਵਿਚ ਕੀਤਾ ਸੀ।

ਕਾਨੂੰਨੀ ਕੰਮ ਦੀ ਇਕ ਘੜੀ ਵੀ ਹੱਥੋਂ ਨਾ ਖਿਸਕਣ ਦਿਓ। ਪਰ ਕੋਈ ਸੰਵਿਧਾਨਕ ਜਾਂ "ਅਮਨ-ਭਰੇ" ਭੁਲਾਂਦਰੇ ਨਾ ਰਖੋ। ਹਰ ਥਾਂ ਗੈਰ-ਕਾਨੂੰਨੀ ਜਥੇਬੰਦੀਆਂ ਜਾਂ ਸੈਲ ਕਾਇਮ ਕਰੋ ਅਤੇ ਤੁਰੰਤ ਹੀ ਦੁਵਰਕੇ ਆਦਿ ਪ੍ਰਕਾਸ਼ਤ ਕਰਨ ਲਗੋ। ਇਕਸਾਰ, ਦ੍ਰਿੜ੍ਹਤਾ ਨਾਲ ਪੂਰੇ ਰਾਹ ਉਤੇ ਤੁਰੰਤ ਹੀ ਮੁੜ-ਸੰਗਠਨ ਕਰੋ।

ਜਿਵੇਂ ਅਸਾ 1912-14 ਵਿਚ ਅਮਲ ਕੀਤਾ ਸੀ, ਜਦੋਂ ਡੂਮਾ ਵਿਚ ਇਨਸ਼ੋਰੈਂਸ ਸੁਸਾਇਟੀਆ, ਟਰੇਡ ਯੂਨੀਅਨਾਂ ਆਦਿ ਵਿਚ ਆਪਣਾ ਕਾਨੂੰਨੀ ਆਧਾਰ ਗੁਆਏ ਬਿਨਾਂ ਅਸੀਂ ਇਨਕਲਾਬ ਅਤੇ ਹਥਿਆਰਬੰਦ ਬਗਾਵਤ ਰਾਹੀਂ ਜ਼ਾਰਸ਼ਾਹੀ ਦਾ ਤਖਤਾ ਉਲਟਾਉਣ ਦੀ ਗੱਲ ਕਰ ਸਕਦੇ ਸਾ।

ਸੰਗ੍ਰਹਿਤ ਰਚਨਾ
ਜਿਲਦ 25

10 (23) ਜੁਲਾਈ, 1917 ਨੂੰ ਲਿਖਿਆ।
2 ਅਗਸਤ (20 ਜੁਲਾਈ) 1917 ਨੂੰ।
ਪਰੋਲੇਤਾਰਸਕੋਏ ਦਾਈਲੋ ਅੰਕ 6 ਵਿਚ ਛਪਿਆ।
ਸਹੀ : **ਡਬਲਿਊ**

ਨਾਹਰਿਆਂ ਬਾਰੇ

ਅਜਿਹਾ ਬੜੀ ਵਾਰ ਹੋਇਆ ਹੈ ਕਿ ਜਦੋਂ ਇਤਿਹਾਸ ਤਿੱਖਾ ਮੋੜ ਲੈਂਦਾ ਹੈ, ਅਗ੍ਰੇ-ਵਧੂ ਪਾਰਟੀਆਂ ਵੀ ਆਪਣੇ ਆਪ ਨੂੰ ਕੁਝ ਸਮੇਂ ਲਈ ਨਵੀਂ ਸਥਿਤੀ ਦੇ ਅਨੁਕੂਲ ਢਾਲ ਨਹੀਂ ਸਕਦੀਆਂ ਅਤੇ ਉਹ ਨਾਹਰੇ ਲਾਉਂਦੀਆਂ ਰਹੀਆਂ ਜਿਹੜੇ ਪਹਿਲਿਆ ਵਿਚ ਤਾਂ ਸਹੀ ਸਨ ਪਰ ਹੁਣ ਆਪਣੇ ਸਾਰੇ ਅਰਥ ਗੁਆ ਬੈਠੇ ਹਨ—ਉਵੇਂ ਹੀ "ਚਾਣਚਕ" ਗੁਆ ਬੈਠੇ ਜਿਵੇਂ ਇਤਿਹਾਸ ਵਿਚ ਮੋੜ 'ਚਾਣਚਕ'' ਸੀ।

ਸਾਰੀ ਰਾਜ-ਸੱਤਾ ਸੋਵੀਅਤਾਂ ਦੇ ਹੱਥ ਦਿਓ ਦੀ ਮੰਗ ਕਰਨ ਵਾਲੇ ਨਾਹਰੇ ਦੇ ਸਬੰਧ ਵਿਚ ਵੀ ਕੁਝ ਅਜਿਹਾ ਹੀ ਹੁੰਦਾ ਸੰਭਵ ਦਿੱਸਦਾ ਹੈ। ਇਹ ਨਾਹਰਾ ਸਾਡੇ ਇਨਕਲਾਬ ਦੇ, ਕਹਿ ਲਵੋ, 27 ਫਰਵਰੀ ਤੋਂ 4 ਜੁਲਾਈ ਤਕ ਦੌਰ ਵਿਚ ਸਹੀ ਸੀ ਜਿਹੜਾ ਹੁਣ ਅਟੱਲ ਤੌਰ ਉਤੇ ਬੀਤ ਚੁੱਕਾ ਹੈ। ਹਣ ਇਹ ਪ੍ਰਤੱਖ ਤੌਰ ਉਤੇ ਸਹੀ ਨਹੀਂ ਰਿਹਾ। ਜਿੰਨਾ ਚਿਰ ਇਹ ਨਹੀਂ ਸਮਝਿਆ ਜਾਂਦਾ ਉਨਾ ਚਿਰ ਅੱਜ ਦੇ ਜ਼ਰੂਰੀ ਸਵਾਲਾਂ ਨੂੰ ਸਮਝਣਾ ਅਸੰਭਵ ਹੈ। ਹਰ ਸੰਭਵ ਨਾਹਰਾ ਨਿਸ਼ਚਿਤ ਰਾਜਸੀ ਸਥਿਤੀ ਦੇ ਵਿਸ਼ੇਸ਼ ਲੱਛਣਾਂ ਦੀ ਸਮੁੱਚਤਾ 'ਚੋਂ ਕਢਿਆ ਜਾਣਾ ਚਾਹੀਦਾ ਹੈ। ਅਤੇ ਹੁਣ 4 ਜੁਲਾਈ ਪਿਛੋਂ ਰੂਸ ਵਿਚ ਰਾਜਸੀ ਸਥਿਤੀ 27 ਫਰਵਰੀ ਤੋਂ 4 ਜੁਲਾਈ ਵਿਚਲੀ ਸਥਿਤੀ ਨਾਲੋਂ ਬੁਨਿਆਦੀ ਤੌਰ ਉਤੇ ਵੱਖਰੀ ਹੈ।

ਹੁਣ ਇਨਕਲਾਬ ਦੇ ਬੀਤ ਚੁੱਕੇ ਉਸ ਦੌਰ ਵਿਚ, ਦੇਸ਼ ਵਿਚ ਅਖੌਤੀ "ਦੋ-ਅਮਲੀ" ਦੀ ਹੋਂਦ ਸੀ ਜੋ ਪਦਾਰਥਕ ਤੌਰ ਉਂਤੇ ਅਤੇ ਰਸਮੀ ਤੌਰ ਓਤੇ ਰਾਜ-ਸੱਤਾ ਦੀ ਅਨਿਸ਼ਚਿਤ ਤੇ ਆਰਜ਼ੀ ਹਾਲਤ ਨੂੰ ਪ੍ਰਗਟਾਉਂਦੀ ਸੀ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਸੱਤਾ ਦਾ ਸਵਾਲ ਹੀ ਹਰ ਇਨਕਲਾਬ ਦਾ ਬੁਨਿਆਦੀ ਸਵਾਲ ਹੁੰਦਾ ਹੈ।

ਉਸ ਸਮੇਂ ਰਾਜ-ਸੱਤਾ ਅਸਥਿਰਤਾ ਸੀ। ਇਸ ਵਿਚ, ਸਵੈ-ਇੱਛਤ ਸਹਿਮਤੀ ਨਾਲ ਆਰਜ਼ੀ ਹਕੂਮਤ ਅਤੇ ਸੋਵੀਅਤਾਂ ਭਿਆਲ ਹਨ। ਸੋਵੀਅਤਾ ਸੁਤੰਤਰ—ਅਰਥਾਤ ਬਾਹਰਲੇ ਦਬਾਉ ਅਧੀਨ ਨਹੀਂ—ਅਤੇ ਹਥਿਆਰਬੰਦ ਮਜ਼ਦੂਰਾਂ ਤੇ ਸਿਪਾਹੀਆਂ ਦੇ ਸਮੂਹ ਦੇ ਵਫਦ ਸਨ। **ਅਸਲ ਵਿਚ ਪਰਵਾਹ ਵਾਲੀ ਗੱਲ** ਤਾਂ ਇਹ ਸੀ ਕਿ ਹਥਿਆਰ ਲੋਕਾਂ ਦੇ ਹੱਥਾਂ ਵਿਚ ਸਨ ਅਤੇ ਬਾਹਰੋਂ ਲੋਕਾਂ ਉਤੇ ਕੋਈ ਦਾਬਾ ਨਹੀਂ ਸੀ। ਇਸੇ ਨੇ ਹੀ ਇਨਕਲਾਬ ਦੀ ਉਨਤੀ ਲਈ ਅਮਨ-ਭਰਿਆ ਰਾਹ ਖੋਲ੍ਹਿਆ ਅਤੇ ਇਹਨੂੰ ਯਕੀਨੀ ਬਣਾਇਆ। "ਸਾਰੀ ਸੱਤਾ ਸੋਵੀਅਤਾਂ

ਦੇ ਹੱਥ ਵਿਚ ਦਿੱਤੀ ਜਾਵੇ" ਵਿਕਾਸ ਦੇ ਉਸ ਅਮਨ-ਭਰੇ ਰਾਹ ਉੱਤੇ ਅਗਲੇ ਕਦਮ ਲਈ ਤੁਰਤ ਹੀ ਪੁਟੇ ਜਾ ਸਕਣ ਵਾਲੇ ਕਦਮ ਲਈ ਨਾਹਰਾ ਸੀ। ਇਹ ਇਨਕਲਾਬ ਦੇ ਅਮਨ-ਭਰੇ ਵਿਕਾਸ ਲਈ ਨਾਹਰਾ ਸੀ ਜਿਹੜਾ 27 ਫਰਵਰੀ ਤੋਂ 4 ਜੁਲਾਈ ਤੱਕ ਸੰਭਵ ਸੀ ਅਤੇ ਅਤਿ ਲੋੜੀਂਦਾ ਸੀ ਪਰ ਹੁਣ ਜਿਹੜਾ ਬਿਲਕੁਲ ਹੀ ਅਸੰਭਵ ਹੈ।

ਸਪੱਸ਼ਟ ਰੂਪ ਵਿਚ "ਸਾਰੀ ਸੱਤਾ ਸੋਵੀਅਤ ਦੇ ਹੱਥ ਦਿੱਤੀ ਜਾਵੇ" ਦੇ ਨਾਹਰੇ ਦੇ ਸਭਨਾਂ ਹਮਾਇਤੀਆਂ ਨੇ ਇਸ ਤੱਥ ਵੱਲ ਕਾਫੀ ਧਿਆਨ ਨਹੀਂ ਦਿੱਤਾ ਕਿ ਇਹ ਤਾਂ ਇਨਕਲਾਬ ਦੇ ਅਮਨ ਭਰੇ ਵਿਕਾਸ ਲਈ ਨਾਹਰਾ ਸੀ—ਜਿਸੇ ਭਾਵ ਤੋਂ ਹੀ ਅਮਨ-ਭਰਿਆ ਨਹੀਂ ਕਿ ਉਦੋਂ (27 ਫਰਵਰੀ ਤੋਂ 4 ਜੁਲਾਈ ਵਿਚਕਾਰ) ਕਿਸੇ ਵੀ ਮਹੱਤਤਾ ਵਾਲੇ ਕਿਸੇ ਵਿਅਕਤੀ, ਕਿਸੇ ਜਮਾਤ, ਕਿਸੇ ਸ਼ਕਤੀ ਤੋਂ ਸੋਵੀਅਤਾਂ ਦੇ ਹੱਥ ਸੱਤਾ ਦੇ ਇੰਤਕਾਲ ਦਾ ਮੁਕਾਬਲਾ ਨਹੀਂ ਸੀ ਹੋ ਸਕਦਾ ਅਤੇ ਇਹ ਇੰਤਕਾਲ ਰੋਕਿਆ ਨਹੀਂ ਸੀ ਜਾ ਸਕਦਾ। ਇਥੇ ਹੀ ਬੱਸ ਨਹੀਂ, ਉਦੋਂ ਅਮਨ-ਭਰਿਆ ਵਿਕਾਸ ਇਹਨਾਂ ਅਰਥਾਂ ਵਿਚ ਵੀ ਸੰਭਵ ਹੋਣਾ ਸੀ ਕਿ ਸੋਵੀਅਤਾਂ ਦੇ **ਅੰਦਰ-ਅੰਦਰ** ਜਮਾਤਾਂ ਤੇ ਪਾਰਟੀਆਂ ਦੇ ਘੋਲ ਨੇ ਬਸ਼ਰਤੇ ਕਿ ਸਾਰੀ ਰਾਜ-ਸੱਤਾ ਵੇਲੇ-ਸਿਰ ਸੋਵੀਅਤਾਂ ਦੇ ਹੱਥ ਚਲੀ ਜਾਂਦੀ, ਅਤਿ ਅਮਨ-ਭਰੀ ਤੇ ਪੀੜ-ਰਹਿਤ ਸ਼ਕਲ ਅਖਤਿਆਰ ਕਰ ਲੈਣੀ ਸੀ।

ਇਸ ਮਾਮਲੇ ਦੇ ਪਿਛਲੇਰੇ ਪੱਖ ਵੱਲ ਵੀ ਇਵੇਂ ਹੀ ਕਾਫੀ ਧਿਆਨ ਨਹੀਂ ਦਿੱਤਾ ਗਿਆ। ਆਪਣੀ ਜਮਾਤੀ ਰਚਨਾ ਦੇ ਲਿਹਾਜ ਸੋਵੀਅਤਾ ਮਜਦੂਰਾਂ ਤੇ ਕਿਸਾਨਾਂ ਦੀ ਲਹਿਰ ਦੀਆਂ ਸੰਸਥਾਵਾਂ ਸਨ। ਉਹਨਾਂ ਦੀ ਡਿਕਟੇਟਰਸਿਪ ਦੀ ਤਿਆਰ-ਬਰ-ਤਿਆਰ ਸ਼ਕਲ ਸਨ। ਜੇ ਪੂਰੀ ਸੱਤਾ ਇਹਨਾ ਦੇ ਹੱਥ ਹੁੰਦੀ ਤਾ ਨਿੱਕ-ਬੁਰਜੂਆ ਗਰੁੱਪਾ ਦੀ ਮੁੱਖ ਤਰੁੱਟੀ, ਉਹਨਾਂ ਦੇ ਮੁੱਖ ਪਾਪ ਅਰਥਾਤ ਪੂਜੀਪਤੀਆਂ ਉਤੇ ਭਰੋਸਾ ਕਰਨ ਦੇ ਪਾਪ, ਉਤੇ ਸੱਚ-ਮੁੱਚ ਹੀ ਕਾਬੂ ਪਾਇਆ ਜਾਣਾ ਸੀ। ਖੁਦ ਉਹਨਾਂ ਦੇ ਕਦਮਾ ਦੇ ਤਜਰਬੇ ਨੇ ਇਸ ਭਰੋਸੇ ਦੀ ਪੜਚੋਲ ਕਰਨੀ ਸੀ। ਸੱਤਾ ਵਿਚ ਜਮਾਤਾਂ ਤੇ ਪਾਰਟੀਆਂ ਦੀ ਤਬਦੀਲੀ ਸੋਵੀਅਤਾ ਦੇ ਅੰਦਰ ਅਮਨ-ਭਰੇ ਢੰਗ ਨਾਲ ਹੋਣੀ ਸੀ, ਬਸ਼ਰਤੇ ਕਿ ਸੋਵੀਅਤਾ ਵਿਸੇਸ਼ ਅਤੇ ਅ-ਵੰਡ ਸੱਤਾ ਦੀਆਂ ਮਾਲਕ ਹੁੰਦੀਆਂ। ਸਭਨਾ ਸੋਵੀਅਤ ਪਾਰਟੀਆਂ ਅਤੇ ਲੋਕਾਂ ਵਿਚਕਾਰ ਸਬੰਧ ਸਥਿਰ ਤੇ ਨਿਰ-ਹਾਨੀ ਰਹਿ ਸਕਦਾ ਸੀ। ਇਕ ਛਿਣ ਲਈ ਵੀ ਇਹ ਭੁੱਲਣਾ ਨਹੀਂ ਚਾਹੀਦਾ ਕਿ ਸੋਵੀਅਤ ਪਾਰਟੀਆਂ ਅਤੇ ਲੋਕਾਂ ਵਿਚਕਾਰ ਅਜਿਹਾ ਨੇੜਵਾਂ ਸਬੰਧ ਹੀ ਫੈਲਾਓ ਅਤੇ ਗਹਿਰਾਈ ਵਿਚ ਸੁਤੰਤਰ ਤੋਰ ਉਤੇ ਵਧਦਿਆਂ ਇਸ ਅਮਨ ਭਰੇ ਢੰਗ ਨਾਲ ਸਹਾਈ ਹੋਣਾ ਸੀ ਕਿ ਬੁਰਜੁਆਜ਼ੀ ਨਾਲ ਨਿੱਕ-ਬੁਰਜੂਆ ਸਮਝੌਤੇ ਦੇ ਭੁਲਾਂਦਰੇ ਤੋਂ ਛੁਟਕਾਰਾ ਹਾਸਲ ਕੀਤਾ ਜਾਂਦਾ। ਸੋਵੀਅਤਾਂ ਦੇ ਹੱਥ ਸੱਤਾ ਦੇ ਇੰਤਕਾਲ ਨੇ ਆਪਣੇ ਆਪ ਹੀ ਜਮਾਤਾਂ ਦੇ ਸਹਿ-ਸਬੰਧ ਨੂੰ ਤਬਦੀਲ ਨਹੀਂ ਸੀ ਕਰਨਾ ਅਤੇ ਨਾ ਹੀ ਇਹ ਅਜਿਹਾ ਕਰ ਸਕਦਾ ਸੀ, ਇਹਨੇ ਕਿਸਾਨਾਂ ਦੇ ਨਿੱਕ-ਬੁਰਜੂਆ ਖਾਸੇ ਨੂੰ ਕਿਸੇ ਤਰ੍ਹਾਂ ਵੀ ਤਬਦੀਲ ਨਹੀਂ ਸੀ ਕਰਨਾ। ਪਰ ਇਹਨੇ ਕਿਸਾਨਾਂ ਨੂੰ ਬੁਰਜੁਆਜ਼ੀ ਨਾਲੋਂ ਵੱਖ ਕਰਨ ਵੱਲ ਇਹਨਾ ਨੂੰ ਮਜ਼ਦੂਰਾਂ ਦੇ ਵਧੇਰੇ ਨੇੜੇ ਲਿਆਉਣ ਅਤੇ ਫਿਰ ਮਜ਼ਦੂਰਾਂ ਨਾਲ ਜੋੜਨ ਵੱਲ ਇਕ ਵੱਡਾ ਤੇ ਵੇਲੇ ਸਿਰ ਕਦਮ ਉਠਾਉਣਾ ਸੀ।

ਜੇ ਰਾਜ-ਸੱਤਾ ਠੀਕ ਸਮੇਂ ਸੋਵੀਅਤਾਂ ਦੇ ਹੱਥ ਚਲੀ ਜਾਂਦੀ ਤਾਂ ਅਜਿਹਾ ਹੋ ਸਕਦਾ ਸੀ। ਇਹ ਲੋਕਾਂ ਲਈ ਅਤਿ ਸੌਖਾ ਤੇ ਅਤਿ ਲਾਹੇਵੰਦਾ ਰਾਹ ਹੋਣਾ ਸੀ। ਇਹ ਰਾਹ ਘੱਟੋ-ਘੱਟ ਪੀੜ-ਭਰਿਆ ਹੋਣਾ ਸੀ ਅਤੇ ਇਸੇ ਲਈ ਇਹਦੇ ਲਈ ਅੰਤ ਤਕੜੀ ਤਰ੍ਹਾਂ ਜੂਝਣਾ ਜ਼ਰੂਰੀ ਸੀ। ਪਰ, ਹੁਣ ਇਹ ਘੋਲ ਸੋਵੀਅਤਾਂ ਦੇ ਹੱਥ ਵੇਲੇ-ਸਿਰ ਸੱਤਾ ਮੁੰਤਕਿਲ ਕਰਨ ਦਾ ਘੋਲ ਖ਼ਤਮ ਹੋ ਗਿਆ

ਹੈ। ਵਿਕਾਸ ਦਾ ਅਮਨ-ਭਰਿਆ ਰਾਹ ਅਸੰਭਵ ਹੋ ਗਿਆ ਹੈ। ਗੈਰ-ਅਮਨ-ਭਰਿਆ ਅਤੇ ਪੀੜ-ਭਰਿਆ ਰਾਹ ਸ਼ੁਰੂ ਹੋ ਗਿਆ ਹੈ।

4 ਜੁਲਾਈ ਵਾਲਾ ਮੋੜ ਵਸਤੂ-ਮੁੱਖੀ ਸਥਿਤੀ ਵਿਚ ਠੀਕ ਹੀ ਇਕ ਬੜੀ ਵੱਡੀ ਤਬਦੀਲੀ ਸੀ, ਰਾਜ-ਸੱਤਾ ਦੀ ਅਸਥਿਰ ਹਾਲਤ ਦਾ ਭੋਗ ਪੈ ਚੁੱਕਿਆ ਹੈ। ਨਿਰਣਈ ਨੁਕਤੇ ਉਤੇ, ਸੱਤਾ ਉਲਟ-ਇਨਕਲਾਬ ਦੇ ਹੱਥਾ ਵਿਚ ਚਲੀ ਗਈ ਹੈ। ਨਿੱਕ-ਬੁਰਜੂਆ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਪਾਰਟੀਆਂ ਅਤੇ ਉਲਟ-ਇਨਕਲਾਬੀ ਕੈਂਡਿਟਾ ਦੀ ਮਿਲਵਰਤੋਂ ਦੇ ਆਧਾਰ ਉਤੇ ਪਾਰਟੀਆ ਦੀ ਪਕਿਆਈ ਨੇ ਅਜਿਹੀ ਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਵਿਚ ਇਹ ਦੋਵੇਂ ਨਿੱਕ-ਬੁਰਜੂਆ ਪਾਰਟੀਆਂ ਅਸਲ ਵਿਚ ਉਲਟ-ਇਨਕਲਾਬੀ ਜ਼ਿਬਹਾਖ਼ਾਨੇ ਵਿਚ ਭਿਆਲ ਅਤੇ ਸਹਾਇਕ ਬਣ ਗਈਆਂ ਹਨ। ਜਿਵੇਂ ਜਿਵੇਂ ਪਾਰਟੀਆ ਵਿਚਲਾ ਘੋਲ ਤੇਜ਼ ਹੋਇਆ ਉਸ ਯੁਕਤੀ-ਹੀਣ ਭਰੋਸੇ ਦੇ ਸਿੱਟੇ ਵਜੋਂ ਜੋ ਨਿੱਕ-ਬੁਰਜੁਆਜ਼ੀ ਨੂੰ ਪੂੰਜੀਪਤੀਆ ਵਿਚ ਸੀ, ਉਹ ਉਲਟ-ਇਨਕਲਾਬੀਆ ਦੀ ਸੋਚੀ-ਸਮਝੀ ਹਮਾਇਤ ਤੱਕ ਪਹੁੰਚ ਗਏ। ਪਾਰਟੀ-ਸਬੰਧਾ ਦੇ ਵਿਕਾਸ ਨੇ ਆਪਣਾ ਗੇੜਾ ਪਾਰ ਕਰ ਲਿਆ ਹੈ। 27 ਫਰਵਰੀ ਨੂੰ ਸਭ ਜਮਾਤਾ ਨੇ ਆਪਣੇ ਆਪ ਨੂੰ ਬਾਦਸ਼ਾਹਤ ਵਿਰੁੱਧ ਜੁੜਿਆ ਵੇਖਿਆ। 4 ਜੁਲਾਈ ਪਿਛੋਂ ਉਲਟ-ਇਨਕਲਾਬੀ ਬੁਰਜੁਆਜ਼ੀ ਨੇ ਸ਼ਹਿਨਸ਼ਾਹ ਪ੍ਰਸਤਾ ਅਤੇ ਕਾਲੇ-ਸੈਂਕੜਿਆ ਨਾਲ ਘਿਓ-ਖਿਚੜੀ ਹੋ ਕੇ ਨਿੱਕ-ਬੁਰਜੂਆ ਸੋਸ਼ਲਿਸਟ-ਇਨਕਲਾਬੀਆ ਅਤੇ ਮੈਨਸ਼ਵਿਕਾ ਦੀ ਹਮਾਇਤ ਇਕ ਹੱਦ ਤਕ ਉਹਨਾ ਨੂੰ ਡਰਾ-ਧਮਕਾ ਕੇ ਹਾਸਲ ਕਰ ਲਈ, ਅਤੇ ਅਸਲੀ ਰਾਜ-ਸੱਤਾ ਫੌਜੀ ਟੋਲੇ ਕਾਵੇਂਜਨਾਕਾਂ ਦੇ ਹੱਥ ਦੇ ਦਿਤੀ, ਜਿਹੜੇ ਮੋਰਚੇ ਉਤੇ ਅਧੀਨਗੀ ਨਾ ਮੰਨਣ ਵਾਲੇ ਸਿਪਾਹੀਆ ਨੂੰ ਗੋਲੀ ਦਾ ਨਿਸ਼ਾਨਾ ਬਣਾ ਰਹੇ ਹਨ ਅਤੇ ਪੀਤਰੋਗਰਾਦ ਵਿੱਚ ਬਾਲਸ਼ਵਿਕਾ ਨੂੰ ਸਖਤ ਸੱਟਾ ਮਾਰ ਰਹੇ ਹਨ।

ਰਾਜ-ਸੱਤਾ ਸੋਵੀਅਤ ਦੇ ਹਵਾਲੇ ਕਰਨ ਦਾ ਨਾਹਰਾ ਹੁਣ ਕਲਪਨਾਮਈ ਜਾ ਹਾਸੋ-ਹੀਣਾ ਲਗੇਗਾ। ਵਸਤੂ-ਮੁਖੀ ਤੌਰ ਉਤੇ ਇਹ ਲੋਕਾ ਨਾਲ ਧੋਖਾ ਹੋਵੇਗਾ, ਉਹਨਾ ਵਿਚ ਇਹ ਭੁਲਾਵਾ ਭਰਨਾ ਹੋਵੇਗਾ ਕਿ **ਹੁਣ** ਵੀ ਸੋਵੀਅਤਾ ਲਈ ਸੱਤਾ ਪ੍ਰਾਪਤ ਕਰਨਾ ਚਾਹੁਣਾ, ਜਾਂ ਸੱਤਾ ਦੀਆ ਮਾਲਕ ਬਣਨ ਵਾਸਤ ਅਜਿਹਾ ਫੈਸਲਾ ਕਰਨਾ ਕਾਫੀ ਹੋਵੇਗਾ ਕਿ ਸੋਵੀਅਤਾ ਵਿਚ ਅਜੇ ਵੀ ਅਜਿਹੀਆਂ ਪਾਰਟੀਆ ਹਨ ਜਿਹਨਾ ਨੂੰ ਬੁੱਚੜਾ ਦੀ ਸਹਾਇਤਾ ਨੇ ਕਲੰਕਤ ਨਹੀਂ ਕੀਤਾ, ਕਿ ਜੋ ਕੁਝ ਕੀਤਾ ਜਾ ਚੁਕਾ ਹੈ ਉਹਨੂੰ ਅਣ-ਕੀਤਾ ਕਰਨਾ ਸੰਭਵ ਹੈ।

ਇਹ ਸੋਚਣਾ ਬੜੀ ਵੱਡੀ ਭੁੱਲ ਹੋਵੇਗੀ ਕਿ ਇਨਕਲਾਬੀ ਪ੍ਰੋਲਤਾਰੀਆ "ਬਦਲਾ" ਲੈਣ ਲਈ ਉਲਟ-ਇਨਕਲਾਬ ਵਿਰੁਧ ਸੋਸਲਿਸਟ-ਇਨਕਲਾਬੀਆ ਅਤੇ ਮੈਨਸਵਿਕਾ ਦੀ ਹਮਾਇਤ ਤੋਂ "ਇਨਕਾਰ" ਕਰ ਸਕਦਾ ਹੈ ਬਦਲਾ ਕਿਉਂ ਜੁ ਉਹਨਾਂ ਨੇ ਬਾਲਸ਼ਵਿਕਾਂ ਨੂੰ ਸਖਤ ਸੱਟਾ ਮਾਰਨ ਵਿਚ, ਮੋਰਚੇ ਉਤੇ ਸਿਪਾਹੀਆ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਅਤੇ ਮਜਦੂਰਾ ਨੂੰ ਬੇ-ਹਥਿਆਰ ਕਰਨ ਵਿਚ ਹੱਥ ਵਟਾਇਆ ਸੀ। ਪਹਿਲੀ ਗੱਲ ਤਾ ਇਹ ਹੈ ਕਿ ਅਜਿਹਾ ਕਰਨਾ ਪਰੋਲਤਾਰੀਏ ਉਤੇ ਇਖਲਾਕ ਦੇ ਫਲਸਤੀਨੀ ਸੰਕਲਪ ਨੂੰ ਲਾਗੂ ਕਰਨਾ ਹੋਵੇਗਾ (ਕਿਉਂ ਜੁ **ਕਾਜ਼ ਦੇ ਭਲੇ ਲਈ** ਪਰੋਲਤਾਰੀਆ ਸਿਰਫ ਡਾਵਾਂਡੋਲ ਨਿਕ-ਬੁਰਜੁਆਜ਼ੀ ਦੀ ਹੀ ਨਹੀਂ ਸਗੋਂ ਵੱਡੀ ਬੁਰਜੁਆਜ਼ੀ ਦੀ ਵੀ ਸਦਾ ਹਮਾਇਤ ਕਰੇਗਾ) ਦੂਜੇ—ਤੇ ਇਹ ਅਹਿਮ ਗੱਲ ਹੈ—ਇਹ "ਇਖਲਾਕੀ ਸਿੱਟਾ ਕਢਦਿਆਂ" ਸਥਿਤੀ ਦੇ ਰਾਜਸੀ ਤੱਤ ਨੂੰ ਧੁੰਦਲਾਉਣ ਦਾ ਫਲਸਤੀਨੀ ਜਤਨ ਹੋਵੇਗਾ।

ਅਤੇ ਰਾਜਸੀ ਤੱਤ ਇਹ ਹੈ ਕਿ ਸੱਤਾ ਉਤੇ ਹੁਣ ਅਮਨ-ਭਰੇ ਢੰਗ ਨਾਲ ਕਬਜ਼ਾ ਨਹੀਂ ਕੀਤਾ ਜਾ ਸਕਦਾ। ਇਹਦੀ ਪ੍ਰਾਪਤੀ ਤਾਂ ਉਹਨਾਂ ਵਿਰੁਧ ਜਿਹਨਾਂ ਦੇ ਹੱਥ ਇਸ ਵੇਲੇ ਸੱਤਾ ਹੈ,

ਅਰਥਾਤ ਫੌਜੀ ਟੋਲੇ ਕਾਵੇਜਨਾਕਾਂ ਵਿਰੁਧ, ਜਿਹਨਾਂ ਨੂੰ ਪੀਤਰੋਗਰਾਦ ਲਿਆਂਦੀ ਗਈ ਪਿਛੋ-ਖਿਚੂ ਫੌਜ ਉਤੇ ਅਤੇ ਕੇਡਿਟਾਂ ਤੇ ਸ਼ਹਿਨਸ਼ਾਹ-ਪ੍ਰਸਤਾਂ ਉਤੇ ਭਰੋਸਾ ਹੈ, ਫੈਸਲਾਕਰੂ ਘੋਲ ਵਿਚ ਜਿੱਤ ਹਾਸਲ ਕਰ ਕੇ ਹੀ ਕੀਤੀ ਜਾ ਸਕਦੀ ਹੈ।

ਸਥਿਤੀ ਦਾ ਸਾਰ ਇਹ ਹੈ ਕਿ ਰਾਜ-ਸੱਤਾ ਦੇ ਇਹਨਾਂ ਨਵੇਂ ਧਾਰਕਾਂ ਨੂੰ ਆਮ ਇਨਕਲਾਬੀ ਲੋਕ ਹੀ ਹਾਰ ਦੇ ਸਕਦੇ ਹਨ ਜਿਹਨਾਂ ਨੂੰ ਹਰਕਤ ਵਿਚ ਲਿਆਉਣ ਲਈ ਇਹੋ ਜ਼ਰੂਰੀ ਨਹੀਂ ਕਿ ਉਹਨਾਂ ਦੀ ਅਗਵਾਈ ਪਰੋਲਤਾਰੀਏ ਦੇ ਹੱਥ ਹੋਵੇ, ਸਗੋਂ ਇਹ ਵੀ ਕਿ ਉਹ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਪਾਰਟੀਆਂ ਵਲੋਂ ਮੂੰਹ ਮੋੜ ਲੈਣ ਜਿਹਨਾਂ ਨੇ ਇਨਕਲਾਬ ਦੇ ਕਾਜ਼ ਨਾਲ ਗ਼ੱਦਾਰੀ ਕੀਤੀ ਹੈ।

ਰਾਜਨੀਤੀ ਵਿਚ ਫਲਸਤੀਨੀ ਇਖ਼ਲਾਕ ਨੂੰ ਦਾਖਲ ਕਰਨ ਵਾਲੇ ਇਸ ਤਰ੍ਹਾਂ ਦਲੀਲ ਦੇਂਦੇ ਹਨ: ਆਓ, ਫਰਜ ਕਰੀਏ ਕਿ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੇ ਕਾਵੇਜਨਾਕਾ ਦੀ ਹਮਾਇਤ ਕਰ ਕੇ "ਭੁੱਲ" ਕੀਤੀ ਹੈ ਜਿਹੜੇ ਪਰੋਲਤਾਰੀਏ ਅਤੇ ਇਨਕਲਾਬੀ ਰਜਮੈਂਟਾ ਨੂੰ ਸਸਤਰਹੀਣ ਕਰ ਰਹੇ ਹਨ, ਫਿਰ ਵੀ ਉਹਨਾਂ ਨੂੰ ਆਪਣੀ ਭੁੱਲ ਦੀ ਸੋਧ ਨੂੰ ਮੁਸ਼ਕਲ ਨਹੀਂ ਬਨਾਉਣਾ ਚਾਹੀਦਾ, ਮਜ਼ਦੂਰਾਂ ਵਲ ਨਿਕ-ਬੁਰਜੁਆਜੀ ਦੇ ਝੁਲਾਰੇ ਵਿਚ ਸਹਾਈ ਹੋਣਾ ਚਾਹੀਦਾ ਹੈ। ਅਜਿਹੀ ਦਲੀਲਬਾਜ਼ੀ ਜੇ ਮਜਦੂਰਾ ਨਾਲ ਧੋਖਾ ਨਹੀਂ ਤਾਂ ਬਚਗਾਨਾ ਤੋਰ ਉਤੇ ਸਿੱਧੜ ਜਾ ਸਾਫ ਤੋਰ ਉਤੇ ਬੇਵਕੂਫੀ ਵਾਲੀ ਜ਼ਰੂਰ ਹੈ। ਕਿਉਂ ਕਿ ਮਜਦੂਰਾ ਵੱਲ ਨਿਕ-ਬੁਰਜੂਆ ਜਨਤਾ ਦੇ ਝੁਲਾਰੇ ਦੇ ਅਰਥ ਹੋਣਗੇ ਅਤੇ ਸਿਰਫ ਇਹੋ ਅਰਥ ਹੋ ਸਕਦੇ ਹਨ ਕਿ ਇਹਨਾਂ ਲੋਕਾਂ ਨੇ ਸੋਸਲਿਸਟ-ਇਨਕਲਾਬੀਆਂ ਅਤੇ ਮੈਨਸਵਿਕਾ ਵਲੋਂ ਮੂੰਹ ਮੋੜ ਲਿਆ ਹੈ। ਸੋਸਲਿਸਟ-ਇਨਕਲਾਬੀ ਅਤੇ ਮੈਨਸਵਿਕ ਪਾਰਟੀਆਂ ਹੁਣ ਤਸੇਰੇਤੇਲੀ, ਚੇਰਨੋਵ, ਦਾਨ ਤੇ ਰਾਕੀਤਨੀਕੋਵ ਨੂੰ ਬੂਰਜ਼ਾ ਦੇ ਸਹਾਇਕਾਂ ਵਜੋਂ ਭੰਡ ਕੇ ਹੀ ਆਪਣੀ "ਭੁੱਲ" ਦੀ ਸੋਧ ਕਰ ਸਕਦੀਆਂ ਹਨ। ਅਸੀਂ ਇਹ ਪੂਰੀ ਤਰ੍ਹਾਂ ਅਤੇ ਬਿਨਾ ਸ਼ਰਤ ਹੱਕ ਵਿਚ ਹਾ ਕਿ ਉਹ ਇਸ ਢੰਗ ਨਾਲ ਆਪਣੀ "ਭੁੱਲ ਸੋਧ ਲੈਣ"।

ਅਸਾਂ ਕਿਹਾ ਹੈ ਕਿ ਸੱਤਾ ਦਾ ਸਵਾਲ ਇਨਕਲਾਬ ਦਾ ਬੁਨਿਆਦੀ ਸਵਾਲ ਹੈ। ਅਸੀਂ ਇਹ ਵੀ ਆਖ ਦੇਈਏ ਕਿ ਇਨਕਲਾਬ ਹੀ ਹਨ ਜਿਹੜੇ ਕਦਮ-ਕਦਮ ਉਤੇ ਸਾਨੂੰ ਵਿਖਾਉਂਦੇ ਹਨ ਕਿ ਇਹ ਸਵਾਲ, ਕਿ ਅਸਲੀ ਸੱਤਾ **ਕਿਥੇ** ਹੈ, ਕਿਵੇਂ ਧੁੰਦਲਾਇਆ ਜਾਦਾ ਹੈ ਅਤੇ ਰਸਮੀ ਤੇ ਅਸਲੀ ਸੱਤਾ ਵਿਚਲੇ ਫਰਕ ਨੂੰ ਪ੍ਰਗਟਾਉਂਦੇ ਹਨ। ਇਹ ਹਰ ਇਨਕਲਾਬੀ ਦੌਰ ਦਾ ਇਕ ਮੁੱਖ ਖਾਸਾ ਹੁੰਦਾ ਹੈ। ਮਾਰਚ ਅਤੇ ਅਪਰੈਲ 1917 ਵਿਚ ਇਹ ਸਪੱਸਟ ਨਹੀਂ ਸੀ ਕਿ ਅਸਲ ਸੱਤਾ ਹਕੂਮਤ ਦੇ ਹੱਥਾਂ ਵਿਚ ਹੈ ਜਾਂ ਸੋਵੀਅਤ ਦੇ ਹੱਥ।

ਪਰ ਹੁਣ ਜਮਾਤੀ-ਚੇਤੰਨਤਾ ਵਾਲੇ ਮਜਦੂਰਾਂ ਲਈ ਖਾਸ ਤੌਰ ਉਤੇ ਮਹੱਤਵਪੂਰਨ ਹੈ ਕਿ ਉਹ ਇਨਕਲਾਬ ਦੇ ਬੁਨਿਆਦੀ ਸਵਾਲ ਦਾ ਠਰੰਮੇ ਨਾਲ ਸਾਹਮਣਾ ਕਰਨ, ਅਰਥਾਤ ਇਸ ਸਵਾਲ ਦਾ ਕਿ ਇਸ ਵੇਲੇ ਰਾਜ-ਸੱਤਾ ਕੀਹਦੇ ਹੱਥ ਹੈ। ਇਹਦੇ ਪਦਾਰਥਕ ਪ੍ਰਗਟਾਵਿਆਂ ਨੂੰ ਵਿਚਾਰ, ਕਹਿਣੀ ਨੂੰ ਕਰਨੀ ਸਮਝਣ ਦੀ ਭੁੱਲ ਨਾ ਕਰੋ ਅਤੇ ਤੁਹਾਨੂੰ ਉੱਤਰ ਲੱਭਣ ਵਿਚ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਲੱਗੀ।

ਫਰੈਂਡਰਿਕ ਏਂਗਲਜ਼ ਨੇ ਇਕ ਵਾਰ ਲਿਖਿਆ ਸੀ ਕਿ ਰਾਜ ਸਭ ਤੋਂ ਪਹਿਲਾਂ ਜੇਹਲ-ਖਾਨਿਆਂ ਵਰਗੇ ਮਾਦੀ ਸਹਾਇਕਾਂ ਦੇ ਨਾਲ ਹਥਿਆਰਬੰਦ ਲੋਕਾਂ ਦਾ ਦਸਤਾ ਹੁੰਦਾ ਹੈ। ਹੁਣ ਇਹ ਫੌਜੀ ਕੈਡਿਟ ਅਤੇ ਪਿੱਛੇ ਖਿਚੂ ਕਜ਼ਾਕ ਹਨ ਜਿਹਨਾਂ ਨੂੰ ਖਾਸ ਤੌਰ ਉਤੇ ਪੀਤਰੋਗਰਾਦ

ਲਿਆਂਦਾ ਗਿਆ ਹੈ, ਉਹ ਜਿਹਨਾਂ ਨੇ ਕਾਮੇਨੇਵ ਅਤੇ ਹੋਰਨਾਂ ਨੂੰ ਜੇਹਲ ਵਿਚ ਡਕਿਆ ਹੋਇਆ ਹੈ, ਜਿਹਨਾਂ ਪਰਾਵਦਾ ਬੰਦ ਕਰ ਦਿੱਤਾ ਹੈ, ਜਿਹਨਾਂ ਨੇ ਮਜ਼ਦੂਰਾਂ ਅਤੇ ਸਿਪਾਹੀਆਂ ਦੇ ਇਕ ਭਾਗ ਨੂੰ ਸ਼ਸਤਰਹੀਣ ਕੀਤਾ ਹੈ, ਜਿਹੜੇ ਸਿਪਾਹੀਆਂ ਦੇ ਉਨੇ ਹੀ ਨਿਸਚਿਤ ਭਾਗ ਨੂੰ ਗੋਲੀ ਦਾ ਨਿਸ਼ਾਨਾ ਬਣਾ ਰਹੇ ਹਨ। ਇਹ ਬੁੱਚੜ ਅਸਲੀ ਸੱਤਾ ਹਨ। ਤਸੇਰੇਤੇਲੀਆਂ ਤੇ ਚੇਰਨੋਵਾਂ ਬਿਨਾਂ ਸੱਤਾ ਦੇ ਮੰਤਰੀ ਹੱਥ-ਠੋਕੇ ਮੰਤਰੀ ਹਨ। ਨਿਹੱਕ ਖੂਨ ਦੀ ਹਮਾਇਤ ਕਰਨ ਵਾਲੀਆਂ ਪਾਰਟੀਆਂ ਦੇ ਆਗੂ ਹਨ। ਇਹ ਇਕ ਤੱਥ ਹੈ, ਅਤੇ ਇਸ ਕਰਕੇ ਕੋਈ ਫ਼ਰਕ ਨਹੀਂ ਪੈਂਦਾ ਕਿ ਤਸੇਰੇਤੇਲੀ ਤੇ ਚੇਰਨੋਵ ਇਸ ਨਿਹੱਕ ਖੂਨ ਨੂੰ ਸੌ-ਵਿਸਵੇ ਆਪ "ਪਰਵਾਨ ਨਹੀਂ ਕਰਦੇ" ਜਾਂ ਇਸ ਕਾਰਨ ਕਿ ਉਹਨਾਂ ਦੇ ਅਖਬਾਰ ਡਰੂ ਤੌਰ ਉਤੇ ਆਪਣੇ ਆਪ ਨੂੰ ਇਸ ਨਾਲੋਂ ਅੱਡ ਕਰਦੇ ਹਨ। ਰਾਜਸੀ ਵੇਸ ਵਾਲੀਆਂ ਅਜਿਹੀਆਂ ਤਬਦੀਲੀਆਂ ਸਾਰ ਰੂਪ ਵਿਚ ਕੁਝ ਵੀ ਤਬਦੀਲ ਨਹੀਂ ਕਰਦੀਆਂ।

ਪੀਤਰੋਗਰਾਦ ਦੇ 1,50,000 ਚੰਦਾਕਾਰਾਂ ਦਾ ਅਖਬਾਰ ਬੰਦ ਕਰ ਦਿੱਤਾ ਗਿਆ ਹੈ। 6 ਜੁਲਾਈ ਨੂੰ ਫੌਜੀ ਕੇਡਿਟਾਂ ਨੇ ਮਜ਼ਦੂਰ ਵੋਈਨੋਵ ਨੂੰ ਮਾਰ ਦਿੱਤਾ ਕਿਉਂ ਜੁ ਉਹਨੇ **ਲਿਸਤੋਕ "ਪ੍ਰਾਵਦੀ"** ਛਾਪੇਖਾਨੇ ਵਿਚੋਂ ਕਿਉਂ ਬਾਹਰ ਲਿਆਂਦਾ ਸੀ ? ਕੀ ਇਹ ਨਿਹੱਕ ਖ਼ੂਨ ਨਹੀਂ ? ਕੀ ਇਹ ਕਾਵੇਜਨਾਕਾਂ ਦਾ ਕਾਰਾ ਨਹੀਂ ? ਪਰ ਉਹ ਸਾਨੂੰ ਆਖਣਗੇ ਕਿ ਨਾ ਹੀ ਹਕੂਮਤ ਅਤੇ ਨਾ ਹੀ ਸੋਵੀਅਤਾਂ ਇਸ ਲਈ "ਦੋਸ਼ੀ" ਠਹਿਰਾਈਆਂ ਜਾ ਸਕਦੀਆਂ ਹਨ।

ਅਸੀਂ ਜਵਾਬ ਦੇਂਦੇ ਹਾਂ ਕਿ ਹਕੂਮਤ ਤੇ ਸੋਵੀਅਤਾਂ ਲਈ ਹੋਰ ਵੀ ਮਾੜਾ ਹੈ ਕਿਉਂਕਿ ਇਹਦੇ ਅਰਥ ਹਨ ਕਿ ਉਹ ਸਿਰਫ ਵਿਖਾਵੇ ਦੇ ਹੀ ਮੁਖੀ ਹਨ, ਕਠਪੁਤਲੀਆ ਹਨ ਅਤੇ ਅਸਲੀ ਸੱਤਾ ਉਹਨਾਂ ਦੇ ਹੱਥਾ ਵਿਚ ਨਹੀਂ ਹੈ।

ਮੂਲ ਰੂਪ ਵਿਚ ਅਤੇ ਸਭ ਤੋਂ ਪਹਿਲਾਂ ਲੋਕਾਂ ਨੂੰ **ਸੱਚ** ਦਾ ਪਤਾ ਹੋਣਾ ਚਾਹੀਦਾ ਹੈ— ਉਨ੍ਹਾਂ ਨੂੰ ਇਲਮ ਹੋਣਾ ਚਾਹੀਦਾ ਹੈ ਕਿ ਰਾਜ-ਸੱਤਾ ਅਸਲ 'ਚ ਕਿਹਦੇ ਹੱਥਾਂ 'ਚ ਹੈ। ਲੋਕਾਂ ਨੂੰ ਪੂਰਾ ਸੱਚ ਦਸਿਆ ਜਾਵੇ, ਭਾਵ ਇਹ ਕਿ ਸੱਚ ਕਾਵੇਜਨਾਕਾਂ ਦੀ ਫੌਜੀ ਜੁੰਡੀ (ਕੇਰੇਨਸਕੀ, ਕੁਝ ਜਰਨੈਲ ਅਫਸਰ ਆਦਿ) ਦੇ ਹੱਥਾਂ ਵਿਚ ਹੈ, ਜਿਹਨਾ ਨੂੰ ਕੇਡਿਟ ਪਾਰਟੀ ਦੀ ਪ੍ਰਮੁੱਖਤਾ ਵਿਚ ਬੁਰਜੂਆ ਜਮਾਤਾਂ ਦੀ, ਸਭਨਾਂ ਸ਼ਹਿਨਸ਼ਾਹ-ਪ੍ਰਸਤਾਂ ਦੀ ਹਮਾਇਤ ਹਾਸਲ ਹੈ, ਜਿਹੜੇ ਕਾਲੇ ਸੈਂਕੜਿਆਂ ਦੇ ਅਖਬਾਰਾਂ **ਨੋਵੋਏ ਵਰੇਮੀਆ, ਜ਼ਿਵੋਏ ਸਲੋਵੋ** ਆਦਿ ਰਾਹੀਂ ਕੰਮ ਕਰ ਰਹੇ ਹਨ।

ਇਸ ਸੱਤਾ ਦਾ ਤਖਤਾ ਉਲਟਾਇਆ ਜਾਣਾ ਜ਼ਰੂਰੀ ਹੈ। ਜਿੰਨਾ ਚਿਰ ਇਹ ਨਹੀਂ ਹੁੰਦਾ ਉਨਾ ਚਿਰ ਉਲਟ-ਇਨਕਲਾਬ ਵਿਰੁਧ ਲੜਨ ਦੀਆਂ ਸਭ ਗੱਲਾ ਫਿਕਰੇਬਾਜ਼ੀ, 'ਸਵੈ-ਧੋਖਾ ਅਤੇ ਲੋਕਾਂ ਨੂੰ ਧੋਖਾ ਦੇਣਾ" ਹੀ ਹਨ।

ਇਸ ਸੱਤਾ ਨੂੰ ਹੁਣ ਕੈਬਨਿਟ ਵਿਚ ਤਸੇਰੇਤੇਲੀਆਂ ਤੇ ਚੇਰਨੋਵਾ ਦੀ ਅਤੇ ਉਹਨਾਂ ਦੀਆਂ ਪਾਰਟੀਆਂ, ਦੋਹਾ, ਦੀ ਹਮਾਇਤ ਹਾਸਲ ਹੈ। ਸਾਨੂੰ ਚਾਹੀਦਾ ਹੈ ਕਿ ਲੋਕਾ ਨੂੰ ਬੁੱਚੜਾਂ ਵਲੋਂ ਅਦਾ ਕੀਤੇ ਜਾ ਰਹੇ ਰੋਲ ਬਾਰੇ ਅਤੇ ਇਹ ਤੱਥ ਸਪੱਸ਼ਟ ਕਰ ਕੇ ਸਮਝਾਈਏ ਕਿ ਇਹਨਾਂ ਪਾਰਟੀਆਂ ਦੀਆਂ 21 ਅਪਰੈਲ, 5 ਮਈ ਅਤੇ 9 ਜੂਨ ਤੇ 4 ਜੁਲਾਈ ਦੀਆ "ਭੁੱਲਾ" ਪਿੱਛੋਂ ਅਤੇ ਹਮਲੇ ਦੀ ਨੀਤੀ ਨੂੰ ਉਹਨਾ ਦੀ ਪਰਵਾਨਗੀ ਪਿਛੋਂ ਇਹਨਾ ਲਈ ਇਸ ਤਰ੍ਹਾਂ ਦੀ "ਅੰਤਮ ਝਾਕੀ" ਅਟੱਲ ਸੀ, ਨੀਤੀ ਜਿਸ ਨੇ ਜੁਲਾਈ ਵਿਚ ਕਾਵੇਜਨਾਕਾਂ ਦੀ ਜਿੱਤ ਨੂੰ ਅਗਾਊਂ ਮਿੱਥਣ ਲਈ 90 ਫੀ ਸਦੀ ਪੰਧ ਮਾਰਿਆ ਸੀ।

ਲੋਕਾਂ ਵਿਚ ਐਜੀਟੇਸ਼ਨ ਦਾ ਸਾਰਾ ਕੰਮ ਇਹ ਯਕੀਨੀ ਬਨਾਉਣ ਲਈ ਜਥੇਬੰਦ ਕੀਤਾ ਜਾਣਾ ਚਾਹੀਦਾ ਹੈ ਕਿ ਜਿੰਨਾ ਚਿਰ ਫੌਜੀ ਜੁੰਡੀ ਦੀ ਸੱਤਾ ਦਾ ਤਖਤਾ ਨਹੀਂ ਉਲਟਾਇਆ

ਜਾਂਦਾ ਅਤੇ ਜਿੰਨਾ ਚਿਰ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਪਾਰਟੀਆਂ ਦਾ ਪਾਜ ਨਹੀਂ ਉਘੇੜਿਆ ਜਾਂਦਾ ਅਤੇ ਇਹਨਾਂ ਨੂੰ ਲੋਕਾਂ ਦੇ ਵਿਸ਼ਵਾਸ਼ ਤੋਂ ਵਾਂਝਿਆਂ ਨਹੀਂ ਕੀਤਾ ਜਾਂਦਾ ਉਨਾ ਚਿਰ ਇਹ ਆਸ ਰੱਖਣ ਦੀ ਬਿਲਕੁਲ ਹੀ ਕੋਈ ਗੁੰਜਾਇਸ਼ ਨਹੀਂ ਕਿ ਕਿਸਾਨਾਂ ਨੂੰ ਜ਼ਮੀਨ ਮਿਲ ਸਕਦੀ ਹੈ। ਪੂੰਜੀਵਾਦੀ ਵਿਕਾਸ ਦੀਆਂ "ਸਧਾਰਣ" ਹਾਲਤਾਂ ਵਿਚ ਇਹ ਇਕ ਬਹੁਤ ਲੰਬਾ ਅਤੇ ਸਖਤ ਅਮਲ ਹੋਵੇਗਾ। ਪਰ ਜੰਗ ਅਤੇ ਆਰਥਕ ਵਿਕਾਸ ਦੋਵੇਂ ਇਸ ਨੂੰ ਬਹੁਤ ਤੇਜ਼ ਕਰ ਦੇਣਗੇ। ਇਹ ਉਹ "ਗਤੀ-ਵਰਧਕ" ਹਨ ਜਿਹੜੇ ਇਕ ਮਹੀਨੇ ਜਾਂ ਇਕ ਹਫਤੇ ਨੂੰ ਸਾਲ ਦੇ ਬਰਾਬਰ ਬਣਾ ਸਕਦੇ ਹਨ।

ਉਪਰ ਜੋ ਕੁਝ ਆਖਿਆ ਗਿਆ ਹੈ ਉਸ ਦੇ ਵਿਰੁਧ ਸ਼ਾਇਦ ਦੋ ਇਤਰਾਜ਼ ਪੇਸ਼ ਕੀਤੇ ਜਾ ਸਕਦੇ ਹਨ : ਪਹਿਲਾ ਇਹ ਕਿ ਹੁਣ ਫੈਸਲਾ-ਕਰੂ ਘੋਲ ਦੀ ਗੱਲ ਕਰਨਾ ਇੱਕਾ-ਦੁੱਕਾ ਅਮਲ ਨੂੰ ਸ਼ਹਿ ਦੇਣਾ ਹੈ ਜਿਸ ਦਾ ਲਾਭ ਕੇਵਲ ਉਲਟ-ਇਨਕਲਾਬ ਨੂੰ ਪੁਜੇਗਾ; ਦੂਜੇ ਇਹਨਾਂ ਦਾ ਤਖਤਾ ਉਲਟਾਉਣ ਦਾ ਅਰਥ ਅਜੇ ਵੀ ਇਹ ਹੋਵੇਗਾ ਕਿ ਸੱਤਾ ਸੋਵੀਅਤਾਂ ਦੇ ਹਵਾਲੇ ਕੀਤੀ ਜਾਵੇ।

ਪਹਿਲੇ ਇਤਰਾਜ਼ ਦੇ ਜਵਾਬ ਵਿਚ ਅਸੀਂ ਕਹਿੰਦੇ ਹਾਂ : ਕਿ ਰੂਸ ਦੇ ਮਜ਼ਦੂਰ ਪਹਿਲਾਂ ਹੀ ਕਾਫੀ ਚੇਤੰਨਤਾ ਵਾਲੇ ਹਨ ਅਤੇ ਉਸ ਘੜੀ, ਜੋ ਉਹਨਾਂ ਲਈ ਸਾਫ ਤੌਰ ਉਤੇ ਅਸੁਖਾਵੀਂ ਹੈ, ਭੜਕਾਹਟ ਦਾ ਸ਼ਿਕਾਰ ਨਹੀਂ ਹੋ ਸਕਦੇ। ਇਹ ਗੱਲ ਨਿਰ-ਵਿਵਾਦ ਹੈ ਕਿ ਉਹਨਾਂ ਲਈ ਇਸ ਘੜੀ ਅਮਲ ਕਰਨ ਅਤੇ ਮੁਕਾਬਲਾ ਕਰਨ ਦੇ ਅਰਥ ਉਲਟ-ਇਨਕਲਾਬੀਆਂ ਦੀ ਮੱਦਦ ਕਰਨ ਦੇ ਹੋਣਗੇ। ਇਹ ਵੀ ਨਿਰਵਿਵਾਦ ਹੈ ਕਿ ਫੈਸਲਾ-ਕਰੂ ਘੋਲ ਆਮ ਲੋਕਾਂ ਦੇ ਐਨ ਅੰਦਰ ਨਵੇਂ ਇਨਕਲਾਬੀ-ਉਭਾਰ ਦੀ ਸੂਰਤ ਵਿਚ ਹੀ ਸੰਭਵ ਹੋਵੇਗਾ। ਪਰ ਇਨਕਲਾਬੀ ਉਭਾਰ ਬਾਰੇ, ਇਨਕਲਾਬ ਦੇ ਚੜ੍ਹਦੇ ਹੋਏ ਜਵਾਰ ਭਾਟੇ ਬਾਰੇ, ਪੱਛਮ-ਯੂਰਪੀ ਮਜ਼ਦੂਰਾਂ ਦੀ ਮਦਦ ਆਦਿ ਬਾਰੇ ਆਮ ਰੂਪ ਵਿਚ ਗੱਲ ਕਰਨੀ ਕਾਫੀ ਨਹੀਂ, ਸਾਨੂੰ ਆਪਣੇ ਬੀਤੇ ਤੋਂ, ਜੋ ਸਬਕ ਸਾਨੂੰ ਦਿਤੇ ਗਏ ਹਨ ਉਹਨਾਂ ਤੋਂ ਨਿਸਚਿਤ ਨਤੀਜਾ ਕੱਢਣਾ ਚਾਹੀਦਾ ਹੈ। ਅਤੇ ਇਹਦੇ ਸਿੱਟੇ ਵਜੋਂ ਅਸੀਂ ਉਲਟ-ਇਨਕਲਾਬੀਆਂ ਵਿਰੁਧ, ਜਿਹਨਾਂ ਨੇ ਸੱਤਾ ਉਤੇ ਕਬਜ਼ਾ ਕਰ ਲਿਆ ਹੋਇਆ ਹੈ, ਫੈਸਲਾ-ਕਰੂ ਘੋਲ ਦੇ ਨਾਹਰੇ ਉਤੇ ਪੁਜਾਂਗੇ।

ਦੂਜਾ ਇਤਰਾਜ਼ ਵੀ ਠੋਸ ਯਥਾਰਥਾਂ ਲਈ ਬਹੁਤ ਆਮ ਜਿਹੇ ਲੱਛਣ ਵਾਲੀਆਂ ਦਲੀਲਾਂ ਦੇ ਬਦਲ ਦੇ ਬਰਾਬਰ ਹੈ। ਇਨਕਲਾਬੀ ਪ੍ਰੋਲਤਾਰੀਏ ਤੋਂ ਬਿਨਾਂ ਕੋਈ ਵੀ ਤਾਕਤ ਬੁਰਜੂਆ ਉਲਟ-ਇਨਕਲਾਬੀਆਂ ਦਾ ਤਖਤਾ ਉਲਟਾ ਨਹੀਂ ਸਕਦੀ। ਹੁਣ ਜੁਲਾਈ 1917 ਦੇ ਤਜਰਬੇ ਤੋਂ ਪਿਛੋਂ ਇਹ ਇਨਕਲਾਬੀ ਪ੍ਰੋਲਤਾਰੀਆ ਹੀ ਹੈ ਜਿਸ ਨੇ ਰਾਜ-ਸੱਤਾ ਉਤੇ ਅਜ਼ਾਦ ਤੌਰ ਉਤੇ ਕਬਜ਼ਾ ਕਰਨਾ ਹੈ। ਇਸ ਤੋਂ ਬਿਨਾਂ ਇਨਕਲਾਬ ਦੀ ਜਿੱਤ ਅਸੰਭਵ ਹੈ। ਇਕ ਹੱਲ ਇਹ ਹੈ ਕਿ ਸੱਤਾ ਪ੍ਰੋਲਤਾਰੀਏ ਦੇ ਹੱਥਾਂ ਵਿਚ ਹੋਵੇ, ਅਤੇ ਪ੍ਰੋਲਤਾਰੀਏ ਨੂੰ ਗਰੀਬ ਕਿਸਾਨਾਂ ਜਾਂ ਅੱਧ-ਪ੍ਰੋਲਤਾਰੀਏ ਦੀ ਹਮਾਇਤ ਹਾਸਲ ਹੋਵੇ, ਅਤੇ ਅਸਾਂ ਉਹਨਾ ਅਨਸਰਾਂ ਦਾ ਸੁਭਾਅ ਪਹਿਲਾਂ ਹੀ ਦਿਤਾ ਹੈ ਜਿਹੜੇ ਇਸ ਹੱਲ ਦੀ ਰਫਤਾਰ ਬਹੁਤ ਵਧਾ ਸਕਦੇ ਹਨ।

ਸੋਵੀਅਤਾਂ ਇਸ ਨਵੇਂ ਇਨਕਲਾਬ ਵਿਚ ਪ੍ਰਗਟ ਹੋ ਸਕਦੀਆਂ ਹਨ, ਅਤੇ ਸੱਚ-ਮੁੱਚ ਹੀ ਪ੍ਰਗਟ ਹੋਣਗੀਆਂ, ਪਰ ਵਰਤਮਾਨ ਸੋਵੀਅਤਾਂ **ਨਹੀਂ**, ਬੁਰਜੁਆਜ਼ੀ ਨਾਲ ਮਿਲਵਰਤੋਂ ਕਰਨ ਵਾਲੀਆਂ ਸੰਸਥਾਵਾਂ ਨਹੀਂ, ਸਗੋਂ ਬੁਰਜੁਆਜ਼ੀ ਵਿਰੁਧ ਇਨਕਲਾਬੀ ਘੋਲ ਦੀਆਂ ਸੰਸਥਾਵਾਂ। ਇਹ ਸੱਚ ਹੈ ਕਿ ਉਦੋਂ ਵੀ ਅਸੀਂ ਸੋਵੀਅਤਾਂ ਦੇ ਮਾਡਲ ਉਪਰ ਸਮੁੱਚੇ ਰਾਜ ਦੀ ਉਸਾਰੀ ਦੇ

ਹੱਥ ਵਿਚ ਹੋਵਾਂਗੇ। ਸਵਾਲ ਆਮ ਰੂਪ ਵਿਚ ਸੋਵੀਅਤਾਂ ਦਾ ਨਹੀਂ, ਸਗੋਂ ਵਰਤਮਾਨ ਉਲਟ-ਇਨਕਲਾਬ ਵਿਰੁਧ ਲੜਨ ਦਾ ਅਤੇ ਵਰਤਮਾਨ ਸੋਵੀਅਤਾਂ ਦੇ ਧੋਖੇ ਦਾ ਹੈ।

ਇਕ ਇਨਕਲਾਬ ਦਾ ਠੋਸ ਦੀ ਥਾਂ ਅਮੂਰਤ ਬਦਲ ਇਕ ਸਭ ਤੋਂ ਵੱਡਾ ਅਤੇ ਅਤਿ ਖਤਰਨਾਕ ਪਾਪ ਹੁੰਦਾ ਹੈ। ਵਰਤਮਾਨ ਸੋਵੀਅਤਾਂ ਅਸਫਲ ਰਹੀਆਂ ਹਨ, ਇਹਨਾਂ ਨੂੰ ਪੂਰਨ ਹਾਰ ਹੋਈ ਹੈ ਕਿਉਂਕਿ ਇਹਨਾਂ ਵਿਚ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਪਾਰਟੀਆਂ ਨੂੰ ਪ੍ਰਬਲਤਾ ਹਾਸਲ ਹੈ। ਇਸ ਵੇਲੇ ਇਹ ਸੋਵੀਅਤਾਂ ਜ਼ਿਬਹਾਖਾਨੇ ਵਿਚ ਲਿਆਂਦੀਆਂ ਗਈਆਂ ਭੇਡਾਂ ਵਾਂਗ ਹਨ ਅਤੇ ਛੁਰੀ ਥੱਲੇ ਦੁੱਖ-ਭਰੀ ਆਵਾਜ਼ ਵਿਚ ਮਮਿਆ ਰਹੀਆਂ ਹਨ। ਸੋਵੀਅਤਾਂ ਇਸ ਵੇਲੇ ਜੇਤੂ ਅਤੇ ਜਿੱਤ ਰਹੇ ਉਲਟ-ਇਨਕਲਾਬ ਵਿਰੁਧ ਸੱਤਾ-ਹੀਣ ਅਤੇ ਬੇ-ਵੱਸ ਹਨ। ਸੱਤਾ ਸੋਵੀਅਤਾਂ ਦੇ ਹਵਾਲੇ ਕਰਨ ਦੇ ਨਾਹਰੇ ਦੇ ਅਰਥ ਵਰਤਮਾਨ ਸੋਵੀਅਤਾਂ ਨੂੰ ਸੱਤਾ ਮੁੰਤਕਿਲ ਕਰਨ ਲਈ "ਸਰਲ ਜਿਹੀ" ਅਪੀਲ ਦੇ ਹੋ ਸਕਦੇ ਹਨ ਅਤੇ ਇਹ ਆਖਣ ਦੇ ਇਰਾਦੇ ਲਈ ਅਪੀਲ ਕਰਨ ਦੇ ਅਰਥ ਹੁਣ ਲੋਕਾਂ ਨੂੰ ਧੋਖਾ ਦੇਣਾ ਹੋਣਗੇ। ਧੋਖੇ ਨਾਲੋਂ ਵਧੇਰੇ ਖਤਰਨਾਕ ਹੋਰ ਕੋਈ ਚੀਜ਼ ਨਹੀਂ ਹੁੰਦੀ।

27 ਫਰਵਰੀ ਤੋਂ 4 ਜੁਲਾਈ ਤੱਕ ਰੂਸ ਵਿਚ ਜਮਾਤੀ ਤੇ ਪਾਰਟੀ ਘੋਲ ਦੇ ਵਿਕਾਸ ਦਾ ਚੱਕਰ ਪੂਰਾ ਹੋ ਗਿਆ ਹੈ। ਇਕ ਨਵਾਂ ਚੱਕਰ ਸ਼ੁਰੂ ਹੋ ਰਿਹਾ ਹੈ। ਚੱਕਰ ਜਿਸ ਵਿਚ ਪੁਰਾਣੀਆਂ ਜਮਾਤਾਂ, ਪੁਰਾਣੀਆਂ ਪਾਰਟੀਆਂ ਸ਼ਾਮਲ ਨਹੀਂ ਸਗੋਂ ਸੰਗਠਨ ਦੀ ਭੱਠ ਵਿਚ ਸੁਰਜੀਤ ਹੋਈਆਂ, ਸੰਗਰਾਮ ਦੇ ਅਮਲ ਰਾਹੀਂ ਸਾਣ-ਚੜ੍ਹੀਆਂ, ਸੁਸਿੱਖਿਅਤ ਹੋਈਆਂ ਅਤੇ ਮੁੜ ਢਾਲੀਆਂ ਗਈਆਂ ਜਮਾਤਾਂ, ਪਾਰਟੀਆਂ ਤੇ ਸੋਵੀਅਤਾਂ ਸ਼ਾਮਲ ਹਨ। ਸਾਨੂੰ ਪਿਛਾਂਹ ਵੱਲ ਨਹੀਂ ਅਗਾਂਹ ਵੱਲ ਵਖਣਾ ਚਾਹੀਦਾ ਹੈ। ਸਾਨੂੰ ਪੁਰਾਣਿਆਂ ਤੋਂ ਨਹੀਂ ਸਗੋਂ ਜੁਲਾਈ-ਮਗਰਲੇ ਨਵੇਂ ਜਮਾਤੀ ਤੇ ਪਾਰਟੀ ਪ੍ਰਵਰਗਾਂ ਤੋਂ ਕੰਮ ਲੈਣਾ ਚਾਹੀਦਾ ਹੈ। ਸਾਨੂੰ ਨਵੇਂ ਚੱਕਰ ਦੇ ਆਰੰਭ ਉਤੇ ਜੇਤੂ ਬੁਰਜੂਆ ਉਲਟ-ਇਨਕਲਾਬ ਤੋਂ ਚੱਲਣਾ ਚਾਹੀਦਾ ਹੈ ਜਿਸ ਨੂੰ ਇਸ ਕਰਕੇ ਜਿੱਤ ਹਾਸਲ ਹੋਈ ਕਿਉਂਕਿ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸਵਿਕਾਂ ਨੇ ਇਹਦੇ ਨਾਲ ਸਮਝੌਤਾ ਕੀਤਾ ਅਤੇ ਜਿਸ ਨੂੰ ਸਿਰਫ ਇਨਕਲਾਬੀ ਪ੍ਰੋਲਤਾਰੀਆ ਹੀ ਹਰਾ ਸਕਦਾ ਹੈ। ਠੀਕ ਇਸ ਨਵੇਂ ਚੱਕਰ ਵਿਚ ਕਈ ਅਤੇ ਵੱਖ ਵੱਖ ਪੜਾਅ ਹੋਣਗੇ, ਉਲਟ-ਇਨਕਲਾਬ ਦੀ ਬੁਰਜੂਆ ਜਿੱਤ ਤੋਂ ਅਤੇ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦੀ ਪੂਰਨ ਹਾਰ ਤੋਂ (ਬਿਨਾਂ ਘੋਲ ਦੇ) ਪਹਿਲਾਂ ਵੀ ਅਤੇ ਨਵੇਂ ਇਨਕਲਾਬ ਦੇ ਨਵੇਂ ਉਭਾਰ ਤੋਂ ਪਹਿਲਾਂ ਵੀ। ਪਰ ਇਹਨਾਂ ਵਿਚੋਂ ਹਰ ਪੜਾਅ ਉਤੇ ਪਹੁੰਚਣ ਉਤੇ ਹੀ ਇਸ ਨਵੇਂ ਇਨਕਲਾਬ ਬਾਰੇ ਗੱਲ ਕਰਨੀ ਸੰਭਵ ਹੋਵੇਗੀ।

ਸੰਗ੍ਰਹਿਤ ਰਚਨਾ,
ਜਿਲਦ 25.

ਮੱਧ-ਜੁਲਾਈ 1917 ਵਿਚ ਲਿਖਿਆ।
ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ
(ਬਾਲਸ਼ਵਿਕ) ਦੀ ਕਰੋਨਸ਼ਤਾਦਤ ਕਮੇਟੀ
ਵਲੋਂ 1917 ਵਿਚ ਪੈਂਫਲਿਟ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ।

ਪ੍ਰਿੰਸ ਜੀ. ਵਾਈ. ਲਵੋਵ ਨੂੰ ਸਾਡਾ ਧੰਨਵਾਦ

ਆਰਜ਼ੀ ਸਰਕਾਰ ਅਧੀਨ ਪੱਤਰਕਾਰਾ ਦੀ ਕਮੇਟੀ ਦੇ ਮੈਂਬਰਾਂ ਨਾਲ ਵਿਦਾਇਗੀ ਗੱਲਬਾਤ ਵਿਚ ਆਰਜ਼ੀ ਸਰਕਾਰ ਦੇ ਸਾਬਕ ਮੁੱਖੀ ਪ੍ਰਿੰਸ ਜੀ. ਵਾਈ. ਲਵੋਵ ਨੇ ਕੁਝ ਕੀਮਤੀ ਇਕਬਾਲ ਕੀਤੇ ਜਿਹਨਾ ਲਈ ਮਜ਼ਦੂਰ ਉਹਨਾਂ ਦੇ ਧੰਨਵਾਦੀ ਹੋਣਗੇ।

"ਮੇਰੇ ਆਸ਼ਾਵਾਦ ਨੂੰ ਜਿਸ ਗੱਲ ਨੇ ਸਭ ਤੋਂ ਪਹਿਲਾ ਮਜ਼ਬੂਤ ਕੀਤਾ ਹੈ," ਲਵੋਵ ਨੇ ਆਖਿਆ, "ਦੇਸ਼ ਵਿਚ ਪਿਛਲੇ ਕੁਝ ਦਿਨਾ ਵਿਚ ਵਾਪਰੀਆਂ ਘਟਨਾਵਾਂ ਹਨ। ਮੈਂ ਕਾਇਲ ਹੋ ਗਿਆ ਹਾ ਕਿ ਲੈਨਿਨ ਦੇ ਮੋਰਚੇ ਵਿਚ ਸਾਡੇ ਵਲੋਂ ਪਾਇਆ ਪਾੜਾ, ਸਾਡੇ ਦੱਖਣ-ਪੱਛਮੀ ਮੋਰਚੇ ਵਿਚ ਜਰਮਨੀ ਪਾੜੇ ਦੇ ਟਾਕਰੇ ਵਿਚ, ਰੂਸ ਲਈ ਵਧੇਰੇ ਮਹੱਤਵਪੂਰਨ ਹੈ।"

ਜਮਾਤੀ ਜਦੋਜਹਿਦ ਦੇ ਇਸ ਸੰਜਮੀ ਮੁੱਲਅੰਕਣ ਲਈ ਮਜ਼ਦੂਰ ਪ੍ਰਿੰਸ ਦੇ ਕਿਵੇਂ ਧੰਨਵਾਦੀ ਨਹੀਂ ਹੋ ਸਕਦੇ? ਉਹ ਧੰਨਵਾਦੀ ਹੋਣ ਨਾਲੋਂ ਵੀ ਕੁਝ ਵਧੇਰੇ ਹੋਣਗੇ, ਉਹ ਲਵੋਵ ਤੋਂ ਸਬਕ ਸਿਖਣਗੇ।

"ਗ੍ਰਹਿ-ਯੁੱਧ" ਦੇ ਵਿਰੁਧ ਭਾਸ਼ਨਬਾਜ਼ੀ ਕਰਦਿਆਂ, ਸਾਰੇ ਬੁਰਜੂਆ ਲੋਕ ਤੇ ਜਗੀਰਦਾਰ, ਉਹਨਾ ਦੇ ਪਿਛਲੱਗ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਬੜੇ ਸੁੰਦਰ ਸ਼ਬਦਾਂ ਅਤੇ ਅਸੀਮ ਛਲ ਦਾ ਉਚਾਰਨ ਕਰਦੇ ਹਨ। ਪਰ ਪ੍ਰਿੰਸ ਲਵੋਵ ਦੇ ਵੱਡਮੁੱਲੇ ਇਕਬਾਲ ਨੂੰ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਉਹ ਗ੍ਰਹਿ-ਯੁੱਧ ਦੀ ਦ੍ਰਿਸ਼ਟੀ ਤੋਂ ਰੂਸ ਦੀ ਅੰਦਰੂਨੀ ਹਾਲਤ ਦਾ ਸਹਿਜ ਸੁਭਾ ਮੁੱਲਅੰਕਣ ਕਰਦਾ ਹੈ। ਪ੍ਰਿੰਸ ਦੇ ਇਕਬਾਲ ਦੀ ਅਸ਼ਕ ਸਚਾਈ ਇਹ ਹੈ ਕਿ ਉਲਟ-ਇਨਕਲਾਬ ਦੀ ਮੁੱਖੀ ਬੁਰਜੂਆਜ਼ੀ ਨੇ ਮਜ਼ਦੂਰਾਂ ਦੇ ਇਨਕਲਾਬੀ ਮੋਰਚੇ ਵਿਚ ਡੂੰਘਾ ਪਾੜਾ ਪਾ ਦਿਤਾ ਹੈ। ਦੋ ਦੁਸ਼ਮਣ, ਦੋ ਵਿਰੋਧੀ ਧੜੇ, ਅਤੇ ਇਕ ਨੇ ਦੂਜੇ ਦੇ ਮੋਰਚੇ ਵਿਚ ਪਾੜਾ ਪਾ ਦਿਤਾ ਹੈ— ਪ੍ਰਿੰਸ ਲਵੋਵ ਇਸ ਤਰ੍ਹਾਂ ਰੂਸ ਦੀ ਅੰਦਰੂਨੀ ਹਾਲਤ ਦਾ ਨਿਰਣਾ ਕਰਦਾ ਹੈ। ਸਾਨੂੰ, ਪ੍ਰਿੰਸ ਲਵੋਵ ਦੀ ਖੁਲ੍ਹਦਿਲੀ ਦਾ ਧੰਨਵਾਦ ਕਰਨਾ ਚਾਹੀਦਾ ਹੈ। ਆਖ਼ਰ ਉਹ ਉਹਨਾਂ ਭਾਵਕ ਸੋਸ਼ਲਿਸਟ-ਇਨਕਲਾਬੀਆਂ, ਮੈਨਸ਼ਵਿਕਾਂ ਨਾਲੋਂ ਹਜ਼ਾਰ ਗੁਣਾਂ ਵਧ ਸਹੀ ਹੈ ਜੋ ਇਹ ਸਮਝਦੇ ਹਨ ਕਿ ਬੁਰਜੂਆਜ਼ੀ ਅਤੇ ਪਰੋਲੇਤਾਰੀਏ ਵਿਚਾਲੇ ਜਮਾਤੀ ਜਦੋਜਹਿਦ, ਜੋ ਇਨਕਲਾਬ ਦੇ ਦੌਰਾਨ ਵਧੇਰੇ ਤੋਂ ਵਧੇਰੇ ਵਧ ਜਾਂਦੀ ਹੈ, ਉਹਨਾ ਦੇ ਸਰਾਪਾਂ ਅਤੇ ਜਾਦੂਈ ਕਾਰਵਾਈਆਂ ਨਾਲ ਅਲੋਪ ਹੋਣ

ਵਾਲੀ ਹੈ।

ਦੋ ਦੁਸ਼ਮਣ, ਦੋ ਵਿਰੋਧੀ ਧੜੇ ਅਤੇ ਇਕ ਨੇ ਦੂਜੇ ਮੋਰਚੇ ਵਿਚ ਪਾੜਾ ਪਾਇਆ ਹੈ—ਇਸ ਤਰ੍ਹਾਂ ਲਵੋਵ ਇਤਿਹਾਸ ਦੇ ਦਰਸ਼ਨ ਨੂੰ ਸਹੀ ਕਰਦਾ ਹੈ। ਉਹ ਤੀਜੇ ਧੜੇ—ਨਿਕ-ਬੁਰਜੁਆਜ਼ੀ, ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕਾਂ ਦੇ ਤੀਜੇ ਧੜੇ—ਨੂੰ ਅਮਲੀ ਤੌਰ ਤੇ ਅੱਖੋਂ ਓਹਲੇ ਕਰਨ ਵਿਚ ਸਹੀ ਹੈ। ਇਹ ਤੀਜਾ ਧੜਾ ਬੜਾ ਵੱਡਾ ਜਾਪਦਾ ਹੈ, ਪਰ ਅਸਲ ਵਿਚ ਇਹ ਕਿਸੇ ਵੀ ਗੱਲ ਦਾ ਸੁਤੰਤਰ ਤੌਰ ਤੇ ਨਬੇੜਾ ਨਹੀਂ ਕਰ ਸਕਦਾ। ਇਹ ਗੱਲ ਗੰਭੀਰ ਸੋਚਣੀ ਵਾਲੇ ਪ੍ਰਿੰਸ ਨੂੰ ਸਪੱਸ਼ਟ ਹੈ ਜਿਵੇਂ ਕਿ ਇਹ ਹਰ ਉਸ ਮਾਰਕਸਵਾਦੀ ਨੂੰ ਸਪੱਸ਼ਟ ਹੈ ਜੋ ਨਿਕ-ਬੁਰਜੁਆਜ਼ੀ ਦੀ ਆਰਥਕ ਹਾਲਤ ਨੂੰ ਸਮਝਦਾ ਹੈ, ਅਤੇ ਅਖ਼ੀਰ ਵਿਚ ਇਹ ਹਰ ਉਸ ਵਿਅਕਤੀ ਨੂੰ ਸਪੱਸ਼ਟ ਹੈ ਜੋ ਇਨਕਲਾਬ ਦੇ ਇਤਿਹਾਸ ਦੇ ਸਬਕਾਂ ਬਾਰੇ ਸੋਚਦਾ ਹੈ, ਜਿਸ ਇਤਿਹਾਸ ਨੇ ਹਮੇਸ਼ਾ ਨਿਕ-ਬੁਰਜੂਆ ਪਾਰਟੀਆਂ ਦੀ ਮਹੱਤਤਾ ਨੂੰ ਸਾਹਮਣੇ ਲਿਆਂਦਾ ਹੈ, ਜਦ ਕਦੇ ਬੁਰਜੁਆਜ਼ੀ ਅਤੇ ਪਰੋਲੇਤਾਰੀਏ ਵਿਚਾਲੇ ਜਦੋਜਹਿਦ ਗੰਭੀਰ ਬਣ ਗਈ।

ਇਥੋਂ ਤਕ ਕਿ ਜੰਗ ਦੇ ਸਮੇਂ ਵਿਚ, ਅੰਦਰੂਨੀ ਜਮਾਤੀ ਜਦੋਜਹਿਦ ਬਦੇਸ਼ੀ ਦੁਸ਼ਮਣਾਂ ਦੇ ਵਿਰੁਧ ਜਦੋਜਹਿਦ ਨਾਲ ਵਧੇਰੇ ਜ਼ਰੂਰੀ ਹੈ। ਇਸ ਸਚਾਈ ਨੂੰ ਪ੍ਰਵਾਨ ਕਰਨ ਵਾਲੇ ਬਾਲਸ਼ਵਿਕਾਂ ਉਤੇ ਵੱਡੀ ਤੇ ਨਿਕ-ਬੁਰਜੁਆਜ਼ੀ ਨੇ ਕਿਹੜਾ ਗੰਦ ਮੰਦ ਨਹੀਂ ਸੁਟਿਆ? ਪਤਿਆਉਣ ਵਾਲੇ ਸ਼ਬਦਾਂ ਦੇ ਪ੍ਰੇਮੀਆਂ ਵਲੋਂ "ਏਕਤਾ," "ਇਨਕਲਾਬੀ ਜਮਹੂਰੀਅਤ" ਤੇ ਹੋਰ ਕਿੰਨੇ ਕੁਝ ਬਾਰੇ ਪਤਿਆਉਣ ਵਾਲੇ ਸ਼ਬਦਾਂ ਰਾਹੀਂ ਇਸ ਤੋਂ ਇਨਕਾਰ ਕਰਨ ਦੇ ਕਿਹੜੇ ਯਤਨ ਨਹੀਂ ਕੀਤੇ ਗਏ?

ਪਰ ਜਦੋਂ ਇਕ ਗੰਭੀਰ ਤੇ ਨਿਰਣਾਇਕ ਘੜੀ ਆਈ, ਪ੍ਰਿੰਸ ਲਵੋਵ ਨੇ ਤੁਰੰਤ ਪੂਰੀ ਤਰ੍ਹਾਂ ਇਸ ਸਚਾਈ ਨੂੰ ਪ੍ਰਵਾਨ ਕਰ ਲਿਆ ਅਤੇ ਖੁਲ੍ਹ ਕੇ ਐਲਾਨ ਕੀਤਾ ਕਿ ਘਰ ਵਿਚ ਜਮਾਤੀ ਦੁਸ਼ਮਣ ਉਤੇ "ਜਿੱਤ" ਬਦੇਸ਼ੀ ਦੁਸ਼ਮਣ ਦੇ ਵਿਰੁਧ ਜਦੋਜਹਿਦ ਵਿਚ ਪੁਜ਼ੀਸ਼ਨ ਨਾਲੋਂ ਵਧੇਰੇ ਜ਼ਰੂਰੀ ਹੈ। ਉਹ ਇਕ ਅਟੱਲ ਸਚਾਈ ਹੈ। ਇਕ ਲਾਹੇਵੰਦ ਸਚਾਈ। ਮਜ਼ਦੂਰ ਪ੍ਰਿੰਸ ਲਵੋਵ ਵਲੋਂ ਇਸ ਇਕਬਾਲ ਲਈ, ਇਸ ਬਾਰੇ ਉਹਨਾਂ ਨੂੰ ਚੇਤੇ ਕਰਾਉਣ ਲਈ, ਇਸ ਨੂੰ ਚੁਫੇਰੇ ਫੈਲਾਉਣ ਲਈ ਬਹੁਤ ਹੀ ਧੰਨਵਾਦੀ ਹੋਣਗੇ। ਅਤੇ ਪ੍ਰਿੰਸ ਨੂੰ ਆਪਣਾ ਧੰਨਵਾਦ ਪ੍ਰਗਟ ਕਰਨ ਲਈ ਮਜ਼ਦੂਰ ਆਪਣੀ ਪਾਰਟੀ ਨੂੰ ਇਹ ਵੇਖਣ ਲਈ ਵਰਤਣਗੇ ਕਿ ਕਿਰਤੀ ਅਤੇ ਲੁਟੇ ਜਾਂਦੇ ਲੋਕਾਂ ਦੀ ਸਭ ਤੋਂ ਵੱਡੀ ਗਿਣਤੀ ਇਸ ਸਚਾਈ ਨੂੰ, ਜਿਤਨਾ ਸੰਭਵ ਹੈ, ਸਮਝਦੇ ਹਨ ਤੇ ਪ੍ਰਗਟਾਂਦੇ ਹਨ। ਮੁਕਤੀ ਲਈ ਜਦੋਜਹਿਦ ਵਿਚ ਮਜ਼ਦੂਰ ਜਮਾਤ ਲਈ ਇਸ ਸਚਾਈ ਤੋਂ ਵਧ ਹੋਰ ਕੋਈ ਚੀਜ਼ ਵਧੇਰੇ ਲਾਹੇਵੰਦ ਨਹੀਂ ਹੈ।

ਗ੍ਰਿਹ ਯੁੱਧ ਦੇ ਮੋਰਚੇ ਵਿਚ ਇਹ "ਪਾੜਾ" ਕੀ ਹੈ ਜਿਸ ਬਾਰੇ ਪ੍ਰਿੰਸ ਲਵੋਵ ਗੱਜ ਵੱਜ ਕੇ ਕਹਿੰਦਾ ਹੈ? ਇਸ ਸੁਆਲ ਨਾਲ ਬੜੀ ਸਾਵਧਾਨੀ ਨਾਲ ਨਿਪਟਣਾ ਚਾਹੀਦਾ ਹੈ ਜੇ ਮਜ਼ਦੂਰਾਂ ਨੇ ਲਵੋਵ ਤੋਂ ਚੰਗੀ ਤਰ੍ਹਾਂ ਸਿਖਣਾ ਹੈ।

ਇਸ ਅਵਸਰ ਤੇ ਅੰਦਰੂਨੀ ਜੰਗ ਦੇ "ਮੋਰਚੇ ਵਿਚ ਪਾੜਾ" ਪਹਿਲਾਂ ਇਸ ਤੱਥ ਤੋਂ ਪੈਦਾ ਹੋਇਆ ਕਿ ਬੁਰਜੁਆਜ਼ੀ ਨੇ ਆਪਣੇ ਜਮਾਤੀ ਦੁਸ਼ਮਣਾਂ, ਬਾਲਸ਼ਵਿਕਾਂ, ਉਤੇ ਗੰਦਗੀ ਤੇ ਤੁਹਮਤਾਂ ਦਾ ਬੇਥਹਾ ਚਿੱਕੜ ਸੁਟਿਆ ਅਤੇ ਆਪਣੇ ਰਾਜਨੀਤਕ ਵਿਰੋਧੀਆਂ ਉਤੇ ਤੁਹਮਤਾਂ ਲਾਉਣ ਦੇ ਇਸ ਸਹੀ ਅਰਥਾਂ ਵਿਚ ਬਦਨਾਮ ਤੇ ਘਿਨਾਉਣੇ ਕੰਮ ਵਿਚ ਵਿਸ਼ੇਸ਼ ਦ੍ਰਿੜ੍ਹਤਾ ਵਿਖਾਈ। ਇਹ "ਜਮਾਤੀ ਜਦੋਜਹਿਦ ਦੇ ਮੋਰਚੇ ਵਿਚ ਪਾੜਾ" ਪਾਉਣ ਲਈ, ਜੇ ਅਸੀਂ ਇੰਜ ਆਖੀਏ ਤਾਂ "ਵਿਚਾਰਧਾਰਕ ਤਿਆਰੀ" ਸੀ।

ਦੂਜਾ, ਪਦਾਰਥਕ ਤੇ ਅਸਲੀ "ਪਾੜਾ" ਵਿਰੋਧੀ ਰਾਜਨੀਤਕ ਰੁਝਾਨਾਂ ਵਾਲੇ ਲੋਕਾਂ ਦੀ ਗਰਿਫਤਾਰੀ ਤੇ ਉਹਨਾਂ ਨੂੰ ਗੈਰ-ਕਾਨੂੰਨੀ ਕਰਾਰ ਦੇਣ ਤੋਂ ਬਿਨਾਂ ਮੁਕੱਦਮਾ ਚਲਾਏ ਕੁਝ ਨੂੰ ਗਲੀਆਂ ਬਾਜ਼ਾਰਾਂ ਵਿਚ ਕਤਲ ਤੋਂ (ਵੋਈਨੋਵ ਨੂੰ ਪਰਾਵਦਾ ਪ੍ਰੈਸ ਵਿਚੋਂ ਪਰਕਾਸ਼ਨਾਵਾਂ ਬਾਹਰ ਲਿਜਾਣ ਤੇ 6 ਜੁਲਾਈ ਨੂੰ ਕਤਲ ਕੀਤਾ ਗਿਆ ਸੀ), ਉਹਨਾਂ ਦੇ ਅਖਬਾਰ ਬੰਦ ਕਰਨ ਅਤੇ ਮਜ਼ਦੂਰਾਂ ਤੇ ਇਨਕਲਾਬੀ ਸਿਪਾਹੀਆਂ ਨੂੰ ਬੇਹਥਿਆਰੇ ਕਰਨ ਤੋਂ ਪੈਦਾ ਹੋਇਆ।

"ਜਮਾਤੀ ਦੁਸ਼ਮਣ ਵਿਰੁਧ ਜੰਗ ਦੇ ਮੋਰਚੇ ਵਿਚ ਪਾੜੇ" ਦਾ ਇਹੋ ਅਰਥ ਹੈ। ਮਜ਼ਦੂਰਾਂ ਨੂੰ ਇਸ ਬਾਰੇ ਚੰਗੀ ਤਰ੍ਹਾਂ ਸੋਚਣਾ ਚਾਹੀਦਾ ਹੈ ਤਾਂ ਜੋ ਉਹ, ਜਦੋਂ ਪੱਕ ਜਾਵੇ ਬੁਰਜੂਆਜ਼ੀ ਉਤੇ ਲਾਗੂ ਕਰਨ ਦੇ ਯੋਗ ਹੋ ਜਾਵੇ।

ਪਰੋਲੇਤਾਰੀਆ ਤੁਹਮਤਬਾਜ਼ੀ ਦਾ ਰਾਹ ਕਦੇ ਨਹੀਂ ਅਪਣਾਏਗਾ। ਉਹ ਬੁਰਜੂਆਜ਼ੀ ਦੇ ਅਖਬਾਰ, ਖੁਲ੍ਹੇ ਰੂਪ ਵਿਚ ਕਾਨੂੰਨ ਰਾਹੀਂ, ਸਰਕਾਰ ਦੇ ਫਰਮਾਨ ਰਾਹੀਂ ਇਹ ਐਲਾਨ ਕਰਨ ਮਗਰੋਂ ਬੰਦ ਕਰੇਗਾ ਕਿ ਸਰਮਾਏਦਾਰ ਤੇ ਉਹਨਾਂ ਦੇ ਹਮਾਇਤੀ ਲੋਕਾਂ ਦੇ ਦੁਸ਼ਮਣ ਹਨ। ਬੁਰਜੂਆਜ਼ੀ, ਸਾਡੇ ਦੁਸ਼ਮਣ ਦੇ ਰੂਪ ਵਿਚ, ਸਰਕਾਰ ਅਤੇ ਨਿਕ-ਬੁਰਜੂਆਜ਼ੀ, ਜਮਾਤਾਂ ਦੇ ਰੂਪ ਵਿਚ, ਪਰਾਵਦਾ ਉਤੇ ਪਾਬੰਦੀ ਲਾਉਣ ਬਾਰੇ, ਇਸ ਨੂੰ ਬੰਦ ਕਰਨ ਦੇ ਕਿਸੇ ਕਾਰਨ ਬਾਰੇ ਇਕ ਵੀ ਸ਼ਬਦ ਖੁਲ੍ਹੇ ਤੌਰ ਤੇ ਕਹਿਣ ਤੋਂ ਡਰਦੀ ਹੈ। ਪਰੋਲੇਤਾਰੀਆ ਤੁਹਮਤਾਂ ਲਾਉਣ ਦੀ ਥਾਂ ਸਚਾਈ ਦਸੇਗਾ। ਉਹ ਕਿਸਾਨਾਂ ਤੇ ਹਰ ਇਕ ਨੂੰ ਬੁਰਜੂਆ ਅਖਬਾਰਾਂ ਬਾਰੇ ਸਚਾਈ ਤੇ ਇਸ ਬਾਰੇ ਸਚਾਈ ਦਸੇਗਾ ਕਿ ਕਿਉਂ ਇਹਨਾਂ ਨੂੰ ਬੰਦ ਕਰਨਾ ਚਾਹੀਦਾ ਹੈ।

ਨਿਕ-ਬੁਰਜੂਆ—ਸੋਸ਼ਲਿਸਟ ਇਨਕਲਾਬੀ ਤੇ ਮੈਨਸ਼ਵਿਕ—ਗੱਪਬਾਜ਼ਾਂ ਦੇ ਵਿਪਰੀਤ ਪਰੋਲੇਤਾਰੀਆਂ ਇਹ ਚੰਗੀ ਤਰ੍ਹਾਂ ਜਾਣੇਗਾ ਕਿ ਜਮਾਤੀ ਜਦੋ-ਜਹਿਦ ਦੇ "ਮੋਰਚੇ ਵਿਚ ਪਾੜੇ" ਤੋਂ ਅਤੇ ਦੁਸ਼ਮਣ, ਲੁੱਟੂਆਂ ਨੂੰ ਹਾਨੀ-ਰਹਿਤ ਬਨਾਉਣ ਦਾ ਅਸਲੀ ਅਰਥ ਕੀ ਹੈ। ਪ੍ਰਿੰਸ ਲਵੋਵ ਨੇ ਮਜ਼ਦੂਰਾਂ ਦੀ ਇਸ ਸਚਾਈ ਨੂੰ ਸਮਝਣ ਵਿਚ ਮਦਦ ਕੀਤੀ ਹੈ। ਪ੍ਰਿੰਸ ਲਵੋਵ, ਤੇਰਾ ਧੰਨਵਾਦ !

ਪ੍ਰੋਲੇਤਾਰਸਕੋਏ ਦਾਈਲੋ ਨੰਬਰ 5
ਇਕ ਅਗਸਤ (19 ਜੁਲਾਈ) 1917

ਸੰਵਿਧਾਨਕ ਭੁਲੇਖੇ

ਸੰਵਿਧਾਨਕ ਭੁਲੇਖੇ ਉਹ ਹਨ ਜਿਨ੍ਹਾਂ ਨੂੰ ਅਸੀਂ ਇਕ ਰਾਜਨੀਤਕ ਗਲਤੀ ਕਹਿੰਦੇ ਹਾਂ ਜਦੋਂ ਲੋਕ ਇਕ ਆਮ, ਕਾਨੂੰਨੀ, ਕ੍ਰਮਬੱਧ—ਸੰਖੇਪ ਵਿਚ "ਸੰਵਿਧਾਨਕ"—ਪਰਬੰਧ ਦੀ ਹੋਂਦ ਵਿਚ ਵਿਸਵਾਸ ਰਖਦੇ ਹਨ ਜਦ ਕਿ ਅਸਲ ਵਿਚ ਉਹ ਮੌਜੂਦ ਨਹੀਂ ਹੁੰਦਾ। ਪਹਿਲੀ ਤਕਣੀ ਤੇ ਇੰਜ ਜਾਪ ਸਕਦਾ ਹੈ ਕਿ ਅਜ, ਜੁਲਾਈ 1917 ਨੂੰ ਰੂਸ ਵਿਚ, ਜਦੋਂ ਅਜ ਕੋਈ ਸੰਵਿਧਾਨ ਤਿਆਰ ਨਹੀਂ ਕੀਤਾ ਗਿਆ, ਕਿਸੇ ਪ੍ਰਕਾਰ ਦੇ ਸੰਵਿਧਾਨਕ ਭੁਲੇਖਿਆਂ ਦਾ ਸੁਆਲ ਪੈਦਾ ਨਹੀਂ ਹੁੰਦਾ। ਪਰ ਇੰਜ ਸੋਚਣਾ ਬਹੁਤ ਹੀ ਗਲਤ ਹੋਵੇਗਾ। ਅਸਲੀਅਤ ਵਿਚ, ਰੂਸ ਵਿਚ ਵਰਤਮਾਨ ਰਾਜਨੀਤਕ ਹਾਲਤ ਦਾ ਜ਼ਰੂਰੀ ਖਾਸਾ ਇਹ ਹੈ ਕਿ ਲੋਕਾਂ ਦੀ ਇਕ ਬਹੁਤ ਵੱਡੀ ਗਿਣਤੀ ਸੰਵਿਧਾਨਕ ਭੁਲੇਖਿਆਂ ਦੀ ਸ਼ਿਕਾਰ ਹੈ। ਅਜ ਰੂਸ ਵਿਚ ਰਾਜਨੀਤਕ ਹਾਲਤ ਬਾਰੇ ਇਸ ਦਾ ਮੁਲਅੰਕਣ ਕੀਤੇ ਬਿਨਾਂ ਕੋਈ ਵੀ ਗੱਲ ਸਮਝਣੀ ਅਸੰਭਵ ਹੈ। ਅਜ ਰੂਸ ਵਿਚ ਆਪਣੇ ਦਾਅ-ਪੇਚ ਕਾਰਜਾਂ ਦੇ ਇਕ ਸਹੀ ਸੂਤਰੀਕਰਣ ਵੱਲ ਉਕਾ ਫਿਰ ਕੋਈ ਸਹੀ ਕਦਮ ਨਹੀਂ ਪੁੱਟਿਆ ਜਾ ਸਕਦਾ ਜਦੋਂ ਤਕ ਅਸਲ ਸੰਵਿਧਾਨਕ ਭੁਲੇਖਿਆਂ ਨੂੰ ਬਾਕਾਇਦਗੀ ਤੇ ਬੇ-ਕਿਰਕੀ ਨਾਲ ਨੰਗਾ ਕਰਨ ਉਤੇ ਅਤੇ ਉਹਨਾਂ ਦੀਆ ਸਾਰੀਆਂ ਜੜ੍ਹਾਂ ਨੂੰ ਬੇਪਰਦ ਕਰਨ ਤੇ ਇਕ ਯੋਗ ਰਾਜਨੀਤਕ ਦ੍ਰਿਸ਼ਟੀ ਮੁੜ ਸਥਾਪਤ ਕਰਨ ਉਤੇ ਆਪਣਾ ਧਿਆਨ ਕੇਂਦਰਤ ਨਹੀਂ ਕਰਦੇ।

ਆਓ, ਅਸੀਂ ਉਹਨਾਂ ਤਿੰਨਾਂ ਵਿਚਾਰਾਂ ਨੂੰ ਲਈਏ ਜੋ ਵਰਤਮਾਨ ਸੰਵਿਧਾਨਕ ਭੁਲੇਖਿਆਂ ਦੇ ਪੱਖੋਂ ਬਹੁਤ ਹੀ ਮਿਸਾਲੀ ਹਨ, ਤੇ ਇਹਨਾਂ ਨੂੰ ਬੜੇ ਗਹੁ ਨਾਲ ਵਾਚੀਏ।

ਪਹਿਲਾ ਵਿਚਾਰ ਇਹ ਹੈ ਕਿ ਸਾਡੇ ਦੇਸ਼ ਵਿਚ ਇਕ ਸੰਵਿਧਾਨਕ ਅਸੰਬਲੀ ਬਣਨ ਵਾਲੀ ਹੈ ਤੇ ਇਸ ਲਈ, ਹੁਣ ਹੋ ਰਹੀ ਹਰ ਗੱਲ ਆਰਜ਼ੀ, ਅੰਤਰ-ਕਾਲੀ, ਗੈਰ-ਜ਼ਰੂਰੀ ਤੇ ਅਣ-ਨਿਰਣਾਇਕ ਹੈ ਅਤੇ ਛੇਤੀ ਹੀ ਹਰ ਚੀਜ਼ ਮੁੜ ਵਿਚਾਰੀ ਜਾਵੇਗੀ ਅਤੇ ਸੰਵਿਧਾਨ ਅਸੰਬਲੀ ਵਲੋਂ ਮਜ਼ਬੂਤੀ ਨਾਲ ਨੇਮਬੱਧ ਕੀਤੀ ਜਾਵੇਗੀ। ਦੂਜਾ ਵਿਚਾਰ ਇਹ ਹੈ ਕਿ ਕੁਝ ਪਾਰਟੀਆਂ, ਜਿਵੇਂ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀਆਂ ਪਾਰਟੀਆ ਨੂੰ ਜਾਂ ਆਪਣੇ ਗੱਠਜੋੜਾਂ ਨੂੰ ਲੋਕਾਂ ਵਿਚਾਲੇ ਜਾਂ, "ਬਹੁਤ ਹੀ ਪ੍ਰਭਾਵਸ਼ਾਲੀ" ਸੰਸਥਾਵਾਂ, ਜਿਵੇਂ ਸੋਵੀਅਤਾਂ ਵਿਚਾਲੇ ਇਕ ਪ੍ਰਤੱਖ ਤੇ ਵਿਵਾਦ-ਰਹਿਤ ਬਹੁ-ਗਿਣਤੀ ਪ੍ਰਾਪਤ ਹੈ। ਇਸ ਲਈ, ਇਹਨਾਂ ਪਾਰਟੀਆਂ ਤੇ ਸੰਸਥਾਵਾਂ ਦੀ ਮਰਜ਼ੀ, ਆਮ ਤੌਰ ਤੇ ਲੋਕਾਂ ਦੀ ਬਹੁ-ਗਿਣਤੀ ਦੀ ਮਰਜ਼ੀ ਵਾਂਗ, ਗਣਰਾਜੀ, ਜਨਵਾਦੀ ਤੇ

ਇਨਕਲਾਬੀ ਰੂਸ ਵਿਚ ਅਖੋਂ ਓਹਲੇ ਨਹੀਂ ਕੀਤੀ ਜਾ ਸਕਦੀ, ਇਥੋਂ ਤਕ ਕਿ ਇਸ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਤੀਜਾ ਵਿਚਾਰ ਇਹ ਹੈ ਕਿ ਕੁਝ ਕਦਮਾਂ ਨੂੰ ਜਿਵੇਂ ਪਰਾਵਦਾ ਨੂੰ ਬੰਦ ਕਰਨ ਦੇ ਕਦਮ ਨੂੰ ਨਾ ਆਰਜ਼ੀ ਸਰਕਾਰ ਵਲੋਂ ਤੇ ਨਾ ਹੀ ਸੋਵੀਅਤਾਂ ਵਲੋਂ ਕਾਨੂੰਨੀ ਰੂਪ ਦਿਤਾ ਗਿਆ ਸੀ ਤੇ ਇਸ ਲਈ ਇਹ ਮਹਿਜ਼ ਇਕ ਸਬੱਬੀ ਗੱਲ ਸੀ ਜਿਸ ਨੂੰ ਕਿਸੇ ਵੀ ਤਰ੍ਹਾਂ ਇਕ ਨਿਰਣਾਇਕ ਚੀਜ਼ ਨਹੀਂ ਸਮਝਿਆ ਜਾ ਸਕਦਾ।

ਆਓ, ਅਸੀਂ ਹਰ ਇਕ ਵਿਚਾਰ ਦਾ ਅਧਿਅਨ ਕਰੀਏ।

(1)

ਪਹਿਲੀ ਆਰਜ਼ੀ ਸਰਕਾਰ ਨੇ ਇਕ ਸੰਵਿਧਾਨ ਅਸੰਬਲੀ ਬੁਲਾਉਣ ਦਾ ਫੈਸਲਾ ਕੀਤਾ। ਉਸ ਨੇ ਸਮਝਿਆ ਕਿ ਉਸ ਦਾ ਮੁਖ ਕਾਰਜ ਦੇਸ਼ ਨੂੰ ਇਕ ਸੰਵਿਧਾਨ ਅਸੰਬਲੀ ਲਈ ਤਿਆਰ ਕਰਨਾ ਸੀ। ਦੂਜੀ ਆਰਜ਼ੀ ਸਰਕਾਰ ਨੇ ਸੰਵਿਧਾਨ ਅਸੰਬਲੀ ਬੁਲਾਉਣ ਲਈ 30 ਸਤੰਬਰ ਦੀ ਤਰੀਕ ਨਿਸਚਿਤ ਕਰ ਦਿਤੀ। ਤੀਜੀ ਆਰਜ਼ੀ ਸਰਕਾਰ ਨੇ 4 ਜੁਲਾਈ ਦੇ ਮਗਰੋਂ, ਉਹ ਤਰੀਕ ਦੀ ਪੁਸ਼ਟੀ ਕਰ ਦਿਤੀ।

ਫਿਰ ਵੀ, ਉਸ ਤਰੀਕ ਉਤੇ ਸੰਵਿਧਾਨ ਅਸੰਬਲੀ ਬੁਲਾਉਣ ਦੇ ਵਿਰੁਧ ਇਕ ਪਿੱਛੇ ਸੌ ਸੰਭਾਵਨਾਵਾਂ ਹਨ। ਅਤੇ ਜੇ ਇਹ ਬੁਲਾ ਹੀ ਲਈ ਜਾਵੇ ਤਾਂ ਇਕ ਪਿੱਛੇ ਸੌ ਸੰਭਾਵਨਾਵਾਂ ਹਨ ਕਿ ਇਹ ਵੀ ਪਹਿਲੀ ਡੂਮਾ ਵਾਂਗ ਉਦੋਂ ਤੱਕ ਨਿਪੁੰਸਕ ਤੇ ਵਿਅਰਥ ਹੋਵੇਗੀ ਜਦੋਂ ਤੱਕ ਰੂਸ ਵਿਚ ਦੂਜਾ ਇਨਕਲਾਬ ਸਫਲ ਨਹੀਂ ਹੁੰਦਾ। ਇਸ ਗੱਲ ਨੂੰ ਸਮਝਣ ਲਈ, ਤੁਹਾਨੂੰ ਇਕ ਛਿਣ ਲਈ, ਆਪਣੇ ਆਪ ਨੂੰ ਖੋਖਲੀ ਲੱਫਾਜ਼ੀ ਦੇ ਸ਼ੋਰ-ਸ਼ਰਾਬੇ, ਇਕਰਾਰਾਂ ਤੇ ਤੁੱਛ ਜਿਹੇ ਕੰਮਾਂ ਤੋਂ, ਜੋ ਤੁਹਾਡੀ ਸੋਚਣੀ ਨੂੰ ਬੇਸੁਧ ਕਰਦੇ ਹਨ, ਵੱਖ ਕਰਨ ਦੀ ਅਤੇ ਮੁੱਖ ਚੀਜ਼, ਜਮਾਤੀ ਜਦੋਜਹਿਦ ਵੱਲ ਧਿਆਨ ਦੇਣ ਦੀ ਲੋੜ ਹੈ ਜੋ ਜਨਤਕ ਜੀਵਨ ਵਿਚ ਹਰ ਚੀਜ਼ ਨੂੰ ਨਿਸਚਿਤ ਕਰਦੀ ਹੈ।

ਇਹ ਸਪੱਸ਼ਟ ਹੈ ਕਿ ਰੂਸ ਵਿਚ ਬੁਰਜੁਆਜ਼ੀ ਜਗੀਰਦਾਰਾਂ ਨਾਲ ਡੂੰਘੀ ਤਰ੍ਹਾਂ ਨੱਥੀ ਹੈ। ਇਹ ਗੱਲ ਸਾਰੇ ਪ੍ਰੈਸ, ਚੋਣਾਂ, ਕੇਡਿਟ ਪਾਰਟੀ ਤੇ ਸੱਜੇ ਪਾਸੇ ਦੀਆਂ ਪਾਰਟੀਆਂ ਦੀ ਨੀਤੀ ਰਾਹੀਂ, "ਕਾਂਗਰਸਾਂ" ਵਿਚ "ਸੁਆਰਥੀ" ਵਿਅਕਤੀਆਂ ਵਲੋਂ ਦਿੱਤੀ ਭਾਵਨਾ ਰਾਹੀਂ ਕਰਵਾਈ ਗਈ ਹੈ। ਬੁਰਜੁਆਜ਼ੀ ਉਹ ਕੁਝ ਚੰਗੀ ਤਰ੍ਹਾਂ ਜਾਣਦੀ ਹੈ ਜੋ ਨਿੱਕ-ਬੁਰਜੂਆ ਸੋਸ਼ਲਿਸਟ ਇਨਕਲਾਬੀ ਤੇ "ਖੱਬੇ" ਮੇਨਸ਼ਵਿਕ ਗੱਪਬਾਜ਼ ਨਹੀਂ ਸਮਝ ਸਕਦੇ ਹਨ, ਭਾਵ ਕਿ ਰੂਸ ਵਿਚ ਨਿੱਜੀ ਮਲਕੀਅਤ ਉਨਾ ਚਿਰ ਖਤਮ **ਨਹੀਂ ਕੀਤੀ ਜਾ ਸਕਦੀ** ਤੇ ਉਹ ਵੀ ਬਿਨਾਂ ਮੁਆਵਜ਼ੇ ਦੇ, ਜਦੋਂ ਤੱਕ ਇਕ ਅਥਾਹ ਭਾਰੀ ਇਨਕਲਾਬ ਨਹੀਂ ਲਿਆਂਦਾ ਜਾਂਦਾ, ਬੈਂਕਾਂ ਨੂੰ ਜਨਤਕ ਕੰਟਰੋਲ ਵਿਚ ਨਹੀਂ ਦਿਤਾ ਜਾਂਦਾ, ਸਿੰਡੀਕੇਟਾਂ ਨੂੰ ਕੌਮੀ ਨਹੀਂ ਬਣਾਇਆ ਜਾਂਦਾ ਅਤੇ ਜਦੋਂ ਤੱਕ ਸਰਮਾਏ ਦੇ ਵਿਰੁਧ ਬਹੁਤ ਹੀ ਬੇਕਿਰਕ ਇਨਕਲਾਬੀ ਕਦਮ ਨਹੀਂ ਪੁੱਟੇ ਜਾਂਦੇ। ਬੁਰਜੁਆਜ਼ੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਹੈ। ਪਰ ਇਸੇ ਸਮੇਂ, ਉਹਨਾਂ ਨੂੰ ਇਹ ਸਮਝਣਾ, ਵੇਖਣਾ ਤੇ ਮਹਿਸੂਸ ਕਰਨਾ ਚਾਹੀਦਾ ਹੈ ਕਿ ਰੂਸ ਵਿਚ ਕਿਸਾਨਾਂ ਦੀ ਵਿਸ਼ਾਲ ਬਹੁ-ਗਿਣਤੀ ਚੇਰਨੋਵ ਨਾਲੋਂ ਕਿਤੇ ਵਧੇਰੇ ਖੱਬੇ ਪਾਸੇ ਵੱਲ ਹੈ ਅਤੇ ਜਗੀਰੂ ਮਿਲਖਾਂ ਨੂੰ ਜ਼ਬਤ ਕਰਨ ਦੇ ਹੱਕ ਵਿਚ ਹੈ। ਕਿਉਂ ਜੋ ਬੁਰਜੁਆਜ਼ੀ ਸਾਡੇ ਨਾਲੋਂ ਵਧੇਰੇ ਚੰਗੀ ਤਰ੍ਹਾਂ ਜਾਣਦੀ ਹੈ ਕਿ ਚੇਰਨੋਵ ਰਾਹੀਂ ਉਹਨਾਂ ਨੇ 6 ਮਈ ਤੋਂ 2 ਜੁਲਾਈ ਤੱਕ ਕਿੰਨੀਆਂ ਅੰਸ਼ਕ ਰਿਆਇਤਾਂ ਦਿਤੀਆਂ ਅਤੇ ਕਿਸਾਨਾਂ ਦੀਆਂ ਕਈ ਮੰਗਾਂ ਨੂੰ ਟਾਲਿਆ ਤੇ ਰੋਕਿਆ, ਅਤੇ ਸੱਜੇ ਸੋਸ਼ਲਿਸਟ ਇਨਕਲਾਬੀਆਂ ਨੂੰ ਕਿਸਾਨ ਕਾਂਗਰਸ ਵਿਚ ਅਤੇ

ਕਿਸਾਨ ਡਿਪਟੀਆਂ ਦੀ ਕੁਲ-ਰੂਸ ਕਾਂਗਰਸ ਦੀ ਕਾਰਜ ਕਰਨੀ ਕਮੇਟੀ ਵਿਚ ਕਿਸਾਨਾਂ ਨੂੰ "ਵਿਸ਼ਵਾਸ਼" ਦਿਵਾਉਣ ਲਈ ਤੇ ਉਹਨਾਂ ਨੂੰ ਇਕਰਾਰਾਂ ਉਤੇ ਹੀ ਰੱਖਣ ਲਈ ਕਿਤਨੇ ਯਤਨ ਕਰਨੇ ਪਏ ਸਨ।

ਵੱਡੀ ਬੁਰਜੂਆਜ਼ੀ ਨਿੱਕੀ ਬੁਰਜੂਆਜ਼ੀ ਨਾਲ ਇਸ ਗੱਲ ਵਿਚ ਮੱਤਭੇਦ ਰਖਦੀ ਹੈ ਜੋ ਕੁਝ ਉਹਨਾਂ ਆਪਣੇ ਆਰਥਕ ਤੇ ਰਾਜਨੀਤਕ ਤਜਰਬੇ ਤੋਂ ਇਹ ਸਿਖਿਆ ਹੈ ਕਿ ਕਿਹੜੀਆਂ ਹਾਲਤਾਂ ਅਧੀਨ ਸਰਮਾਏਦਾਰੀ ਵਿਚ "ਅਮਨ-ਚੈਨ" ਬਹਾਲ ਰਖਿਆ ਜਾ ਸਕਦਾ ਹੈ। ਬੁਰਜੂਆਜ਼ੀ ਵਪਾਰੀ ਲੋਕ ਹਨ, ਜਿਹੜੇ ਵੱਡੇ ਵਪਾਰਕ ਲੈਣ ਦੇਣ ਕਰਦੇ ਹਨ ਅਤੇ ਰਾਜਨੀਤਕ ਮਾਮਲਿਆਂ ਨੂੰ ਵੀ ਇਕ ਕਰੜੇ ਵਪਾਰਕ ਢੰਗ ਵਿਚ ਲੈਂਦੇ ਹਨ। ਇਹਨਾਂ ਸ਼ਬਦਾਂ ਤੇ ਯਕੀਨ ਕਰਨ ਦੀ ਥਾਂ ਬਲਦ ਨੂੰ ਸਿੰਗਾਂ ਤੋਂ ਪਕੜਦੇ ਹਨ।

ਰੂਸ ਵਿਚ ਸੰਵਿਧਾਨ ਅਸੰਬਲੀ ਵਿਚ ਅਜ ਕਿਸਾਨਾਂ ਦੀ ਬਹੁ-ਗਿਣਤੀ ਆਵੇਗੀ ਜੋ ਸੋਸ਼ਲਿਸਟ-ਇਨਕਲਾਬੀਆਂ ਨਾਲੋਂ ਵਧੇਰੇ ਖੱਬੇ ਪਾਸੇ ਵਲ ਹਨ। ਬੁਰਜੂਆਜ਼ੀ ਇਹ ਗੱਲ ਜਾਣਦੀ ਹੈ ਅਤੇ ਇਸ ਲਈ ਉਹ ਅਸੰਬਲੀ ਛੇਤੀ ਬੁਲਾਉਣ ਦੀ ਮੁਜ਼ਾਹਮਤ ਕਰਨ ਲਈ ਮਜਬੂਰ ਹੈ। ਸੰਵਿਧਾਨ ਅਸੰਬਲੀ ਬੁਲਾਉਣ ਨਾਲ ਸਾਮਰਾਜੀ ਜੰਗ ਨੂੰ ਨਿਕੋਲਸ II ਵਲੋਂ ਕੀਤੀਆਂ ਗੁਪਤ ਸੰਧੀਆਂ ਦੀ ਭਾਵਨਾ ਵਿਚ ਜਾਰੀ ਰਖਣਾ, ਜਾ ਜਗੀਰੂ ਮਿਲਖਾਂ ਦੀ ਹਮਾਇਤ ਕਰਨਾ ਜਾ ਉਹਨਾਂ ਲਈ ਮੁਆਵਜ਼ੇ ਦੀ ਅਦਾਇਗੀ ਕਰਨਾ ਅਸੰਭਵ ਹੋਵੇਗਾ ਜਾਂ ਬਹੁਤ ਹੀ ਔਖੀ ਗੱਲ ਹੋਵੇਗੀ। ਜੰਗ ਉਡੀਕ ਨਹੀਂ ਕਰੇਗੀ। ਜਮਾਤੀ ਜਦੋ-ਜਹਿਦ ਉਡੀਕ ਨਹੀਂ ਕਰੇਗੀ। ਇਹ ਗੱਲ 28 ਫਰਵਰੀ ਤੋਂ 12 ਅਪਰੈਲ ਦੇ ਛੋਟੇ ਜਿਹੇ ਵਕਫ਼ੇ ਵਿਚ ਹੀ ਕਾਫ਼ੀ ਸਪਸ਼ਟ ਹੋ ਗਈ ਸੀ।

ਇਨਕਲਾਬ ਦੇ ਅਰੰਭ ਹੋਣ ਦੇ ਸਮੇਂ ਤੋਂ ਹੀ ਸੰਵਿਧਾਨ ਅਸੰਬਲੀ ਬਾਰੇ ਦੋ ਵਿਚਾਰ ਰਹੇ ਹਨ। ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਨੇ ਸੰਵਿਧਾਨਕ ਭੁਲੇਖਿਆਂ ਦੇ ਪੂਰੇ ਅਸਰ ਅਧੀਨ ਮਾਮਲੇ ਨੂੰ ਨਿਕ-ਬੁਰਜੂਆਜ਼ੀ ਦੀ ਲਾਈਲੱਗਤਾ ਨਾਲ ਵੇਖਿਆ ਜੋ ਜਮਾਤੀ ਜਦੋ-ਜਹਿਦ ਬਾਰੇ ਕੁਝ ਨਹੀਂ ਸੁਣੇਗੀ : ਸੰਵਿਧਾਨ ਅਸੰਬਲੀ ਦਾ ਐਲਾਨ ਕੀਤਾ ਗਿਆ ਹੈ, ਸੰਵਿਧਾਨ ਅਸੰਬਲੀ ਸਥਾਪਤ ਹੋ ਜਾਵੇਗੀ, ਬਸ ਹੋਰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ! ਬਾਕੀ ਹਰ ਚੀਜ਼ ਸ਼ੈਤਾਨ ਦੀ ਰਚਨਾ ਹੈ! ਇਸੇ ਸਮੇਂ ਬਾਲਸ਼ਵਿਕਾਂ ਨੇ ਆਖਿਆ : ਕੇਵਲ ਸੋਵੀਅਤਾਂ ਦੀ ਵਧ ਰਹੀ ਤਾਕਤ ਤੇ ਅਧਿਕਾਰਤਾ ਹੀ ਸੰਵਿਧਾਨ ਅਸੰਬਲੀ ਦੇ ਬੁਲਾਏ ਜਾਣ ਤੇ ਉਸ ਦੀ ਸਫਲਤਾ ਦੀ ਜ਼ਾਮਨੀ ਦੇ ਸਕਦੀ ਹੈ। ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆ ਨੇ ਕਾਨੂੰਨ ਪਾਸ ਕਰਨ ਉਤੇ ਜ਼ੋਰ ਦਿਤਾ : ਸੰਵਿਧਾਨ ਅਸੰਬਲੀ ਦਾ ਫਰਮਾਨ, ਐਲਾਨ ਅਤੇ ਬੁਲਾਉਣ ਬਾਰੇ ਬਿਆਨ। ਬਾਲਸ਼ਵਿਕਾ ਨੇ ਜਮਾਤੀ ਜਦੋ-ਜਹਿਦ ਉਤੇ ਜ਼ੋਰ ਦਿਤਾ : ਜੇ ਸੋਵੀਅਤਾਂ ਜਿਤਦੀਆ ਹਨ ਤਾ ਸੰਵਿਧਾਨ ਅਸੰਬਲੀ ਦਾ ਬੁਲਾਇਆ ਜਾਣਾ ਯਕੀਨੀ ਹੈ, ਜੇ ਨਹੀਂ ਤਾਂ ਕੋਈ ਯਕੀਨ ਨਹੀਂ।

ਐਨ ਇਹੋ ਹੀ ਵਾਪਰਿਆ। ਬੁਰਜੂਆਜ਼ੀ ਦੋਹਾ ਢੰਗਾਂ ਨਾਲ, ਖੁਲ੍ਹੇ ਤੌਰ ਤੇ ਅਤੇ ਲੁਕਵੇਂ ਢੰਗ ਨਾਲ, ਇਕ ਸੰਵਿਧਾਨ ਅਸੰਬਲੀ ਬੁਲਾਉਣ ਦੇ ਵਿਰੁਧ ਇਕ ਨਿਰੰਤਰ ਤੇ ਦ੍ਰਿੜ੍ਹ ਜਦੋ-ਜਹਿਦ ਕਰ ਰਹੀ ਹੈ ਕਿ ਅਸੰਬਲੀ ਦਾ ਬੁਲਾਉਣਾ ਜੰਗ ਦੇ ਮਗਰੋਂ ਤਕ ਰੋਕਿਆ ਜਾਵੇ। ਇਸ ਗੱਲ ਦਾ ਪ੍ਰਗਟਾਵਾ ਇਸ ਤੱਥ ਰਾਹੀਂ ਹੋਇਆ ਹੈ ਕਿ ਉਹਨਾਂ ਦੇ ਬੁਲਾਏ ਜਾਣ ਦੀ ਤਰੀਕ ਕਈ ਵਾਰ ਅਗਾਂਹ ਪਾਈ ਗਈ ਹੈ। ਜਦੋਂ 18 ਜੂਨ ਤੋਂ ਮਗਰੋਂ, ਜਾਂ ਕੁਲੀਸ਼ਨ ਕੈਬਨਿਟ ਦੀ ਬਣਤਰ ਤੋਂ ਇਕ ਮਹੀਨਾ ਮਗਰੋਂ, ਅਖੀਰ ਬੁਲਾਏ ਜਾਣ ਦੀ ਤਰੀਕ ਨਿਸਚਿਤ ਕੀਤੀ ਗਈ, ਮਾਸਕੋ ਦੇ ਇਕ ਬੁਰਜੂਆ ਅਖਬਾਰ ਨੇ ਐਲਾਨ ਕੀਤਾ ਕਿ ਇਹ ਬਾਲਸ਼ਵਿਕ ਪਰਾਪੇਗੰਡੇ ਦੇ ਦਬਾਅ ਅਧੀਨ ਕੀਤਾ

ਗਿਆ ਹੈ। ਪਰਾਵਦਾ ਨੇ ਉਸੇ ਅਖਬਾਰ ਦੀ ਅੰਨ ਇਹੋ ਟੂਕ ਪਰਕਾਸ਼ਤ ਕੀਤੀ ਹੈ।

4 ਜੁਲਾਈ ਮਗਰੋਂ, ਜਦੋਂ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀ ਨੀਚਤਾ ਤੇ ਕਾਇਰਤਾ ਕਾਰਨ ਉਲਟ-ਇਨਕਲਾਬ ਨੂੰ ਜਿੱਤ ਪਰਾਪਤ ਹੋਈ, ਇਕ ਛੋਟਾ ਜਿਹਾ ਪਰ ਬਹੁਤ ਹੀ ਮਹਤਵਪੂਰਨ ਵਾਕੰਸ਼ ਸੰਵਿਧਾਨ ਅਸੰਬਲੀ ਨੂੰ "ਅਸੰਭਵ ਤੌਰ ਤੇ ਛੇਤੀ" ਬੁਲਾਉਣ ਦਾ ਵਾਕੰਸ਼—ਰੀਚ ਵਿਚ ਛਪ ਗਿਆ। ਅਤੇ 16 ਜੁਲਾਈ ਨੂੰ **ਵੋਲੀਆ ਨਾਰੋਦਾ** ਤੇ **ਰੂਸਕਾਇਆ ਵੋਲੀਆ** ਵਿਚ ਇਕ ਆਈਟਮ ਪਰਕਾਸ਼ਤ ਹੋਈ ਕਿ ਕੇਡਿਟਾਂ ਨੇ ਸੰਵਿਧਾਨ ਅਸੰਬਲੀ ਦਾ ਬੁਲਾਉਣਾ ਇਸ ਬਹਾਨੇ ਅਧੀਨ ਅਗਾਂਹ ਪਾਉਣ ਉਤੇ ਜ਼ੋਰ ਦਿਤਾ ਕਿ ਇਸ ਨੂੰ ਇਤਨੇ "ਛੋਟੇ" ਨੋਟਿਸ ਉਤੇ ਬੁਲਾਉਣਾ "ਅਸੰਭਵ" ਹੈ, ਤੇ ਇਹ ਵੀ ਆਖਿਆ ਗਿਆ ਕਿ ਮੈਨਸ਼ਵਿਕ ਤਸੇਰੇਤੇਲੀ, ਉਲਟ-ਇਨਕਲਾਬ ਦੇ ਇਕ ਬੂਟ-ਚੱਟ, ਨੇ ਇਸ ਨੂੰ 20 ਨਵੰਬਰ ਤਕ ਅਗਾਂਹ ਪਾਉਣ ਦੀ ਸਲਾਹ ਦਿਤੀ ਹੈ।

ਨਿਰਸੰਦੇਹ, ਇਹ ਖਬਰ ਬੁਰਜੂਆਜ਼ੀ ਦੀ ਮਰਜੀ ਦੇ ਵਿਰੁਧ ਪਰਕਾਸ਼ਤ ਹੋਈ, ਜੋ ਅਜਿਹੇ ਪਰਕਾਸ਼ਨਾਂ ਤੋਂ ਲਾਭ ਨਹੀਂ ਉਠਾ ਸਕਦੀ। ਪਰ ਕਤਲ ਸਾਹਮਣੇ ਆ ਜਾਵੇਗਾ। ਉਲਟ-ਇਨਕਲਾਬੀਆ ਨੇ, ਆਪਣੇ ਆਪ ਨੂੰ ਚਾਰ ਜੁਲਾਈ ਦੇ ਮਗਰ ਜਾਣ ਦੇਂਦਿਆਂ, ਸਚਾਈ ਉਗਲੱਛ ਦਿਤੀ। ਚਾਰ ਜੁਲਾਈ ਦੇ ਪਿਛੋਂ ਉਲਟ-ਇਨਕਲਾਬੀ ਬੁਰਜੂਆਜ਼ੀ ਵਲੋਂ ਸੱਤਾ ਉਤੇ ਪਹਿਲੇ ਕਬਜ਼ੇ ਦੇ ਮਗਰੋਂ ਤੁਰੰਤ ਸੰਵਿਧਾਨ ਅਸੰਬਲੀ ਬਲਾਉਣ ਦੇ **ਵਿਰੁਧ** ਇਕ ਕਦਮ (ਬਹੁਤ ਹੀ ਗੰਭੀਰ ਕਦਮ) ਪੁਟਿਆ ਗਿਆ।

ਇਹ ਇਕ ਹਕੀਕਤ ਹੈ। ਅਤੇ ਇਹ ਤੱਥ ਸੰਵਿਧਾਨਕ ਭੁਲੇਖਿਆਂ ਦੀ ਨਿਪਟ ਵਿਅਰਥਤਾ ਨੂੰ ਸਾਹਮਣੇ ਲਿਆਉਂਦਾ ਹੈ। ਜਦੋਂ ਤਕ ਰੂਸ ਵਿਚ ਇਕ ਨਵਾਂ ਇਨਕਲਾਬ ਨਹੀਂ ਆਉਂਦਾ, ਜਦੋਂ ਤਕ ਉਲਟ-ਇਨਕਲਾਬੀ ਬੁਰਜੂਆਜ਼ੀ ਦੀ (ਮੁਖ ਤੌਰ ਤੇ ਕੇਡਿਟਾਂ ਦੀ) ਸੱਤਾ ਨੂੰ ਉਲਟਾਇਆ ਨਹੀਂ ਜਾਂਦਾ ਅਤੇ ਜਦੋਂ ਤਕ ਲੋਕ ਸੋਸ਼ਲਿਸਟ-ਇਨਕਲਾਬੀ ਤੇ ਮੈਨਸਵਿਕ ਪਾਰਟੀਆਂ, ਜਿਹੜੀਆਂ ਪਾਰਟੀਆਂ ਬੁਰਜੂਆਜ਼ੀ ਨਾਲ ਸਮਝੌਤੇ ਕਰਦੀਆਂ ਹਨ, ਉਤੇ ਆਪਣਾ ਵਿਸ਼ਵਾਸ ਖਤਮ ਨਹੀਂ ਕਰਦੇ ਸੰਵਿਧਾਨ ਅਸੰਬਲੀ ਜਾਂ ਤਾਂ ਕਦੇ ਨਹੀਂ ਬੁਲਾਈ ਜਾਵੇਗੀ ਜਾਂ ਫਿਰ ਕੇਵਲ "ਫੋਕੀਆਂ ਗੱਲਾਂ ਬਾਤਾਂ ਦਾ ਫਰੈਂਕਫੂਰਤ ਅਖਾੜਾ" ਹੋਵੇਗੀ ਅਤੇ ਉਹਨਾਂ ਨਿੱਕ-ਬੁਰਜੂਆ ਲੋਕਾਂ ਦੀ ਇਕ ਨਿਪੁੰਸਕ ਤੇ ਵਿਅਰਥ ਅਸੰਬਲੀ ਹੋਵੇਗੀ ਜੋ ਜੰਗ ਤੋਂ ਅਤੇ ਬੁਰਜੂਆਜੀ ਵਲੋਂ "ਸਰਕਾਰ ਦਾ ਬਾਈਕਾਟ" ਕਰਨ ਦੀ ਸੰਭਾਵਨਾ ਤੋਂ ਬਹੁਤ ਹੀ ਸਹਿਮੇ ਤੇ ਡਰੇ ਹੋਏ ਹਨ ਅਤੇ ਬੁਰਜੂਆਜ਼ੀ ਤੋਂ ਬਿਨਾਂ ਰਾਜ ਕਰਨ ਦੇ ਬਦ-ਹਵਾਸ ਯਤਨਾਂ ਅਤੇ ਉਹਨਾਂ ਤੋਂ ਬਿਨਾਂ ਕੰਮ ਚਲਾਉਣ ਦੇ ਡਰ ਵਿਚਾਲੇ ਬੁਰੀ ਤਰ੍ਹਾਂ ਵੰਡੇ ਹੋਏ ਹਨ।

ਸੰਵਿਧਾਨ ਅਸੰਬਲੀ ਦਾ ਮਸਲਾ ਬੁਰਜੂਆਜ਼ੀ ਤੇ ਪਰੋਲੇਤਾਰੀਆਂ ਵਿਚਾਲੇ ਜਮਾਤੀ ਜਦੋ-ਜਹਿਦ ਦੇ ਅਮਲ ਤੇ ਸਿੱਟੇ ਦੇ **ਅਧੀਨ** ਹੈ। ਕੁਝ ਸਮਾਂ ਪਹਿਲਾ, **ਰਾਬੋਚਾਇਆ ਗਾਜ਼ੇਤਾ** ਨੇ ਇਹ ਟਿੱਪਣੀ ਉਗਲੱਛੀ ਸੀ ਕਿ ਸੰਵਿਧਾਨ ਅਸੰਬਲੀ ਇਕ ਕਨਵੇਨਸ਼ਨ ਹੋਵੇਗੀ। ਇਹ, ਉਲਟ-ਇਨਕਲਾਬੀ ਬੁਰਜੂਆਜੀ ਦੇ ਸਾਡੇ ਮੈਨਸ਼ਵਿਕ ਬੂਟ-ਚੱਟਾਂ ਦੇ ਖੋਖਲੇ, ਨਿਖੇਧੀ-ਯੋਗ ਤੇ ਬਦਨਾਮ ਪਖੰਡ ਦੀ ਉਦਾਹਰਣ ਹੈ। ਜੇ ਇਹ ਖੋਲੀਆਂ ਗੱਲਾਂ ਦਾ ਫਰੈਂਕਫੂਰਤ ਅਖਾੜਾ ਨਹੀਂ ਹੋਵੇਗੀ, ਜਾਂ ਪਹਿਲੀ ਡੂਮਾ ਨਹੀਂ ਹੋਵੇਗੀ, ਜੇ ਇਹ ਇਕ ਕਨਵੇਨਸ਼ਨ ਹੋਵੇਗੀ ਤਾਂ ਇਸ ਕੋਲ, ਉਲਟ-ਇਨ-ਕਲਾਬੀਆਂ ਨਾਲ ਸਮਝੌਤਾ ਕਰਨ ਦੀ ਥਾਂ ਉਹਨਾਂ ਨੂੰ ਕਰਾਰੀਆਂ ਸੱਟਾਂ ਜੜ੍ਹਨ ਦੀ ਦਲੇਰੀ,

ਸਮਰਥਾ ਤੇ ਤਾਕਤ ਹੋਣੀ ਚਾਹੀਦੀ ਹੈ। ਇਸ ਮੰਤਵ ਲਈ ਸੱਤਾ ਅਜ ਦੀ ਬਹੁਤ ਹੀ ਵਿਕਸਤ; ਬਹੁਤ ਹੀ ਦ੍ਰਿੜ੍ਹ ਤੇ ਬਹੁਤ ਹੀ ਇਨਕਲਾਬੀ ਜਮਾਤ ਦੇ ਹੱਥ ਵਿਚ ਹੋਣੀ ਚਾਹੀਦੀ ਹੈ। ਇਸ ਮੰਤਵ ਲਈ ਇਸ ਜਮਾਤ ਨੂੰ ਸ਼ਹਿਰੀ ਤੇ ਪੇਂਡੂ ਗਰੀਬਾਂ ਦੇ ਸਮੁੱਚੇ ਸਮੂਹ (ਅਰਧ-ਪਰੋਲੇਤਾਰੀਏ) ਵਲੋਂ ਹਮਾਇਤ ਪਰਾਪਤ ਹੋਣੀ ਚਾਹੀਦੀ ਹੈ। ਇਸ ਮੰਤਵ ਲਈ ਉਲਟ-ਇਨਕਲਾਬੀ ਬੁਰਜੂਆਜ਼ੀ ਨਾਲ ਭਾਵ, ਮੁਖ ਤੌਰ ਤੇ ਕੇਡਿਟ ਤੇ ਉਚੀਆਂ ਪਦਵੀਆਂ ਵਾਲੇ ਅਫਸਰਾਂ ਨਾਲ ਬੇਕਿਰਕੀ ਨਾਲ ਨਿਪਟਣਾ ਚਾਹੀਦਾ ਹੈ। ਇਹ ਹਨ ਇਕ ਕਨਵੈਨਸ਼ਨ ਲਈ ਅਸਲੀ, ਜਮਾਤੀ, ਪਦਾਰਥਕ ਜ਼ਰੂਰੀ ਸ਼ਰਤਾਂ। ਰਾਬੋਚਾਇਆ ਗਾਜ਼ੇਤਾ ਦੇ ਦੰਭ ਦੀ ਬੇਹੂਦਗੀ ਨੂੰ ਅਤੇ ਅਜ ਰੂਸ ਵਿਚ ਸੰਵਿਧਾਨ ਅਸੰਬਲੀ ਦੇ ਸਬੰਧ ਵਿਚ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੇ ਸੰਵਿਧਾਨਕ ਭੁਲੇਖਿਆਂ ਦੀ ਨਿਪਟ ਮੂਰਖਤਾ ਨੂੰ ਸਮਝਣ ਲਈ ਤੁਹਾਨੂੰ ਕੇਵਲ ਇਹਨਾਂ ਸ਼ਰਤਾਂ ਨੂੰ ਸੰਖੇਪ ਰੂਪ ਵਿਚ ਤੇ ਸਪਸ਼ਟ ਢੰਗ ਨਾਲ ਅੰਕਤ ਕਰਨਾ ਚਾਹੀਦਾ ਹੈ।

(2)

1848 ਦੇ ਨਿਕ-ਬੁਰਜੂਆ "ਸੋਸ਼ਲ-ਡੈਮੋਕਰੈਟਾਂ" ਨੂੰ ਜਦੋਂ ਮਾਰਕਸ ਨੇ ਚੰਗੀ ਤਰ੍ਹਾਂ ਛੰਡਿਆ, "ਲੋਕਾਂ" ਬਾਰੇ ਅਤੇ ਆਮ ਤੌਰ ਤੇ ਲੋਕਾਂ ਦੀ ਬਹੁ-ਗਿਣਤੀ ਬਾਰੇ ਖੋਖਲੇ ਵਾਕੰਸ਼ਾਂ ਦੀ ਉਹਨਾਂ ਵਲੋਂ ਬੇਲਗਾਮ ਵਰਤੋਂ ਦੀ ਨਿਖੇਧੀ ਕਰਨ ਵਿਚ ਮਾਰਕਸ ਵਿਸ਼ੇਸ਼ ਤੌਰ ਤੇ ਬਹੁਤ ਕਠੋਰ ਸੀ। ਦੂਜੇ ਵਿਚਾਰ ਨੂੰ ਜਾਚਣ ਸਮੇਂ, ਇਕ "ਬਹੁ-ਗਿਣਤੀ" ਬਾਰੇ ਸੰਵਿਧਾਨਕ ਭੁਲੇਖਿਆਂ ਦਾ ਨਿਰੀਖਣ ਕਰਨ ਸਮੇਂ ਇਸ ਗੱਲ ਨੂੰ ਚੇਤੇ ਕਰਨਾ ਚੰਗੀ ਗੱਲ ਹੋਵੇਗੀ।

ਰਾਜ ਵਿਚ ਬਹੁ-ਗਿਣਤੀ ਬਾਰੇ ਅਸਲੀ ਤੌਰ ਤੇ ਫੈਸਲਾ ਕਰਨ ਲਈ ਨਿਸਚਿਤ ਹਾਲਤਾਂ ਲੋੜੀਂਦੀਆਂ ਹਨ ਜਿਨ੍ਹਾਂ ਵਿਚੋਂ ਇਕ ਰਾਜਨੀਤਕ ਪਰਬੰਧ ਦੀ ਮਜਬੂਤ ਸਥਾਪਨਾ, ਰਾਜਕੀ ਸੱਤਾ ਦਾ ਇਕ ਰੂਪ ਹੈ ਜੋ ਇਸ ਨੂੰ ਇਕ ਬਹੁ-ਗਿਣਤੀ ਰਾਹੀਂ ਮਾਮਲਿਆਂ ਦਾ ਫੈਸਲਾ ਕਰਨ ਦੇ ਸੰਭਵ ਬਣਾਉਂਦਾ ਹੈ ਅਤੇ ਇਸ ਸੰਭਾਵਨਾ ਨੂੰ ਹਕੀਕਤ ਵਿਚ ਬਦਲਣ ਦੀ ਜ਼ਾਮਨੀ ਪਰਦਾਨ ਕਰਦਾ ਹੈ। ਇਹ ਇਕ ਚੀਜ਼ ਹੈ। ਦੂਜੀ ਇਹ ਹੈ ਕਿ ਇਸ ਬਹੁ-ਗਿਣਤੀ ਦੀ ਜਮਾਤੀ ਬਣਤਰ ਅਤੇ ਇਸ ਦੇ ਅੰਦਰ ਅਤੇ ਬਾਹਰ ਦੀਆਂ ਜਮਾਤਾਂ ਦੇ ਅੰਤਰ-ਸਬੰਧ ਨੂੰ ਚਾਹੀਦਾ ਹੈ ਕਿ ਉਹ ਰਾਜ ਦੇ ਰਥ ਨੂੰ ਸੰਮਤੀ ਨਾਲ ਤੇ ਅਸਰਦਾਰ ਢੰਗ ਨਾਲ ਖਿਚਣ ਦੇ ਯੋਗ ਬਣਾਏ। ਹਰ ਮਾਰਕਸਵਾਦੀ ਜਾਣਦਾ ਹੈ ਕਿ ਇਹ ਦੋ ਠੋਸ ਹਾਲਤਾਂ ਇਕ ਜਨਤਕ ਬਹੁ-ਗਿਣਤੀ ਦੇ ਅਤੇ ਬਹੁ-ਗਿਣਤੀ ਦੀ ਮਰਜ਼ੀ ਦੇ ਅਨੁਕੂਲ ਰਾਜਕੀ ਮਾਮਲਿਆਂ ਦੀ ਸੇਧ ਦੇ ਸੁਆਲ ਵਿਚ ਇਕ ਨਿਰਣਾਇਕ ਹਿੱਸਾ ਪਾਉਂਦੀਆਂ ਹਨ। ਅਤੇ ਫਿਰ ਵੀ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦਾ ਰਾਜਸੀ ਸਾਹਿਤ, ਤੇ ਉਹਨਾਂ ਦਾ ਰਾਜ-ਨੀਤਕ ਅਮਲ ਕਿਤੇ ਵਧੇਰੇ ਇਹਨਾਂ ਹਾਲਤਾਂ ਨੂੰ ਸਮਝਣ ਨੂੰ ਪੂਰੀ ਘਾਟ ਦਾ ਪਰਗਟਾਵਾ ਕਰਦੇ ਹਨ।

ਜੇ ਰਾਜ ਵਿਚ ਰਾਜਨੀਤਕ ਸੱਤਾ ਉਸ ਜਮਾਤ ਦੇ ਹੱਥਾਂ ਵਿਚ ਹੈ ਜਿਸ ਦੇ ਹਿੱਤ ਬਹੁ-ਗਿਣਤੀ ਦੇ ਹਿਤਾਂ ਨਾਲ ਮੇਲ ਖਾਂਦੇ ਹਨ, ਉਸ ਰਾਜ ਨੂੰ ਮਰਜ਼ੀ ਦੇ ਐਨ ਅਨੁਕੂਲ ਚਲਾਇਆ ਜਾ ਸਕਦਾ ਹੈ। ਪਰ ਰਾਜਨੀਤਕ ਸੱਤਾ ਉਸ ਜਮਾਤ ਦੇ ਹੱਥਾਂ ਵਿਚ, ਜਿਸ ਦੇ ਹਿੱਤ ਬਹੁ-ਗਿਣਤੀ ਦੇ ਹਿੱਤਾਂ ਤੋਂ ਉਲਟ ਹਨ, ਬਹੁ-ਗਿਣਤੀ ਸ਼ਾਸਨ ਦਾ ਕੋਈ ਵੀ ਰੂਪ ਹਰ ਹਾਲਤ ਵਿਚ ਬਹੁਗਿਣਤੀ ਨਾਲ ਧੋਖਾ ਜਾਂ ਦਮਨ ਹੋਵੇਗਾ। ਹਰ ਬੁਰਜੂਆ ਰੀਪਬਲਿਕ ਇਸ ਪ੍ਰਕਾਰ ਦੀਆਂ ਸੈਂਕੜੇ ਤੇ ਹਜ਼ਾਰਾਂ ਉਦਾਹਰਣਾਂ ਪਰਦਾਨ ਕਰਦੀ ਹੈ। ਰੂਸ ਵਿਚ ਬੁਰਜੂਆਜ਼ੀ ਆਰਥਕ ਤੇ ਰਾਜਸੀ ਜੀਵਨ

ਦੇਹਾਂ ਉਤੇ ਰਾਜ ਕਰਦੀ ਹੈ। ਉਹਨਾਂ ਦੇ ਹਿਤ, ਵਿਸ਼ੇਸ਼ ਤੌਰ ਤੇ ਸਾਮਰਾਜੀ ਜੰਗ ਦੇ ਦੌਰਾਨ, ਬਹੁ-ਗਿਣਤੀ ਦੇ ਹਿੱਤਾਂ ਨਾਲ ਬੁਰੀ ਤਰ੍ਹਾਂ ਟਕਰਾਉਂਦੇ ਹਨ। ਸੋ ਇਕ ਪਦਾਰਥਵਾਦੀ ਤੇ ਮਾਰਕਸ-ਵਾਦੀ ਦ੍ਰਿਸ਼ਟੀਕੋਣ ਤੋਂ, ਇਕ ਰਸਮੀ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਨਹੀਂ, ਸਾਨੂੰ ਇਸ ਟਕਰਾਅ ਨੂੰ ਨੰਗਾ ਕਰਨਾ ਚਾਹੀਦਾ ਹੈ ਅਤੇ ਲੋਕਾਂ ਨਾਲ ਬੁਰਜੂਆ ਧੋਖੇ ਦਾ ਟਾਕਰਾ ਕਰਨਾ ਚਾਹੀਦਾ ਹੈ।

ਇਸ ਤੋਂ ਉਲਟ, ਸਾਡੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਨੇ ਪੂਰੀ ਤਰ੍ਹਾਂ ਪ੍ਰਗਟਾਇਆ ਹੈ ਤੇ ਸਿੱਧ ਕਰ ਦਿਤਾ ਹੈ ਕਿ ਉਹਨਾਂ ਦਾ ਅਸਲੀ ਰੋਲ ਲੋਕਾਂ ("ਬਹੁ-ਗਿਣਤੀ") ਨੂੰ ਧੋਖਾ ਦੇਣ ਲਈ ਬੁਰਜੂਆਜ਼ੀ ਦਾ ਇਕ ਹਥਿਆਰ ਬਣਨਾ ਹੈ, ਉਸ ਧੋਖੇ ਦਾ ਤੇ ਉਸ ਵਿਚ ਹਿੱਸਾ ਪਾਉਣ ਦਾ ਵਾਹਨ ਬਣਨਾ ਹੈ। ਭਾਵੇਂ ਵਿਅਕਤੀਗਤ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਉਹਨਾਂ ਦੇ ਬੁਨਿਆਦੀ ਰਾਜਨੀਤਕ ਵਿਚਾਰ ਸੁਹਿਰਦ ਹੋ ਸਕਦੇ ਹਨ—ਕਿ ਪ੍ਰੋਲੇਤਾਰੀ ਡਿਕਟੇਟਰਸ਼ਿਪ ਤੇ ਸੋਸ਼ਲਿਜ਼ਮ ਦੀ ਜਿੱਤ ਤੋਂ ਬਿਨਾਂ ਸਾਮਰਾਜੀ ਜੰਗ ਤੋਂ ਛੁਟਕਾਰਾ ਪਾਉਣਾ ਅਤੇ "ਬਿਨਾ ਬਦੇਸੀ ਇਲਾਕੇ ਹਥਿਆਉਣ ਦੇ ਤੇ ਤਨਾਵਾਂ ਦੇ ਅਮਨ ਪ੍ਰਾਪਤ ਕਰਨਾ" ਸੰਭਵ ਹੈ, ਅਤੇ ਬਿਨਾ ਮੁਆਵਜ਼ੇ ਦੇ ਜ਼ਮੀਨ ਲੋਕਾਂ ਦੇ ਹਵਾਲੇ ਕਰਨਾ ਅਤੇ ਅਜਿਹੀਆਂ ਹਾਲਤਾਂ ਤੋਂ ਬਿਨਾਂ ਲੋਕਾਂ ਦੇ ਹਿੱਤਾਂ ਵਿਚ ਪੈਦਾਵਾਰ ਉਤੇ "ਕੰਟਰੋਲ" ਸਥਾਪਤ ਕਰਨਾ ਸੰਭਵ ਹੈ—ਸੋਸ਼ਲਿਸਟ ਇਨਕਲਾਬੀਆਂ ਤੇ ਮੈਨਸ਼ਵਿਕਾਂ ਦੇ ਇਹ ਬੁਨਿਆਦੀ ਰਾਜਨੀਤਕ (ਅਤੇ ਨਿਰਸੰਦੇਹ; ਆਰਥਕ) ਵਿਚਾਰ, ਅਮਲ ਵਿਚ ਬੁਰਜੂਆਜ਼ੀ ਵਲੋਂ ਨਿਕ-ਬੁਰਜੂਆ ਸਵੈ-ਧੋਖੇ ਤੋਂ ਬਿਨਾਂ ਜਾਂ ਜਨਸਮੂਹਾਂ ("ਬਹੁ-ਗਿਣਤੀ") ਨਾਲ ਧੋਖੇ ਤੋਂ ਬਿਨਾਂ ਹੋਰ ਕੁਝ ਨਹੀਂ ਹੈ।

ਬਹੁ-ਗਿਣਤੀ ਦੇ ਮਸਲੇ ਵਿਚ, ਜਿਵੇਂ ਕਿ ਇਸ ਨੂੰ ਨਿਕ-ਬੁਰਜੂਆ ਡੈਮੋਕਰੈਟਾਂ, ਲੂਈਸ ਬਲਾਂਕ ਨਮੂਨੇ ਦੇ ਸੋਸ਼ਲਿਸਟਾਂ, ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਵਲੋਂ ਸਮਝਿਆ ਗਿਆ ਹੈ, ਸਾਡੀ ਪਹਿਲੀ ਤੇ ਮੁੱਖ "ਤਰਮੀਮ" ਹੈ। ਅਸਲ ਵਿਚ, "ਬਹੁ-ਗਿਣਤੀ" ਦੀ ਕੀ ਕਦਰ ਹੈ ਜਦੋਂ ਬਹੁ-ਗਿਣਤੀ ਆਪਣੇ ਆਪ ਵਿਚ ਇਕ ਰਸਮੀ ਚੀਜ਼ ਹੈ ਤੇ ਜਦੋਂ ਪਦਾਰਥਕ ਤੌਰ ਤੇ, ਅਸਲੀਅਤ ਵਿਚ, ਉਹ ਬਹੁ-ਗਿਣਤੀ ਉਹਨਾਂ ਪਾਰਟੀਆਂ ਦੀ ਬਹੁ-ਗਿਣਤੀ ਹੈ ਜਿਨ੍ਹਾਂ ਰਾਹੀਂ ਬੁਰਜੂਆਜ਼ੀ ਬਹੁ-ਗਿਣਤੀ ਨੂੰ ਧੋਖਾ ਦੇਂਦੀ ਹੈ ?

ਅਤੇ, ਨਿਰਸੰਦੇਹ, ਇਹ ਗੱਲ ਸਾਨੂੰ ਆਪਣੀ ਦੂਜੀ "ਤਰਮੀਮ" ਵੱਲ ਲੈ ਜਾਂਦੀ ਹੈ; ਉਪਰ-ਵਰਣਤ ਬੁਨਿਆਦੀ ਹਾਲਤਾਂ ਵਿਚੋਂ ਦੂਜੀ ਵਿਚ,—ਇਸ ਧੋਖੇ ਨੂੰ ਸਹੀ ਤੌਰ ਤੇ ਇਸ ਦੀਆਂ ਜਮਾਤੀ ਜੜ੍ਹਾਂ ਤੇ ਜਮਾਤੀ ਅਰਥਾਂ ਦੀ ਤਸਦੀਕ ਕਰਨ ਰਾਹੀਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਹ ਕੋਈ ਸਵੈ-ਧੋਖਾ ਨਹੀਂ ਹੈ, "ਠੱਗੀ" ਨਹੀਂ ਹੈ, ਸਗੋਂ ਇਕ ਭੁਲੇਖੇ-ਭਰਪੂਰ ਵਿਚਾਰ ਹੈ ਜੋ ਉਸ ਆਰਥਕ ਹਾਲਤ ਵਿਚੋਂ ਪੈਦਾ ਹੋਇਆ ਹੈ ਜਿਸ ਵਿਚ ਇਕ ਜਮਾਤ ਆਪਣੇ ਆਪ ਨੂੰ ਵੇਖਦੀ ਹੈ। ਨਿਕ-ਬੁਰਜੂਆ ਇਕ ਅਜਿਹੀ ਆਰਥਕ ਹਾਲਤ ਵਿਚ ਹੈ, ਉਸ ਦੇ ਜੀਵਨ ਦੀਆਂ ਹਾਲਤਾਂ ਅਜਿਹੀਆਂ ਹਨ ਕਿ ਉਹ ਆਪਣੇ ਆਪ ਨੂੰ ਧੋਖਾ ਦੇਣ ਤੋਂ ਬਿਨਾਂ ਨਹੀਂ ਰਹਿ ਸਕਦਾ, ਉਹ ਇਕ ਮਿੰਟ ਵਿਚ, ਬਿਨਾਂ ਚਿੰਤਾ ਤੇ ਅਟੱਲ ਤੌਰ ਤੇ ਬੁਰਜੂਆਜ਼ੀ ਵੱਲ ਤੇ ਦੂਜੇ ਮਿੰਟ ਵਿਚ ਪਰੋਲੇਤਾਰੀਆ ਵੱਲ ਝੁਕਦਾ ਹੈ। ਇਕ ਸੁਤੰਤਰ "ਨੀਤੀ" ਉਤੇ ਚਲਣਾ ਉਸ ਲਈ ਆਰਥਕ ਤੌਰ ਤੇ ਅਸੰਭਵ ਹੈ।

ਉਸ ਦਾ ਭੂਤ ਉਸ ਨੂੰ ਬੁਰਜੂਆਜ਼ੀ ਵੱਲ ਧੱਕਦਾ ਹੈ, ਉਸ ਦਾ ਭਵਿੱਖ ਪ੍ਰੋਲੇਤਾਰੀਏ ਵੱਲ ਉਸ ਦਾ ਵਧੀਆ ਨਿਰਣਾ ਮਗਰਲੇ ਵੱਲ ਝੁਕਦਾ ਹੈ, ਉਸ ਦੀ ਬਦ-ਗੁਮਾਨੀ (ਮਾਰਕਸ ਵਲੋਂ ਇਸੇ ਪ੍ਰਕਾਰ ਦੇ ਪ੍ਰਗਟਾਅ ਨੂੰ ਵਰਤਦਿਆਂ) ਪਹਿਲੇ ਵੱਲ ਝੁਕਦੀ ਹੈ। ਇਕ ਰਾਜਸੀ ਰਾਜ

ਪ੍ਰਬੰਧ ਵਿਚ ਲੋਕਾਂ ਦੀ ਬਹੁ-ਗਿਣਤੀ ਨੂੰ ਇਕ ਅਸਲੀ ਬਹੁ-ਗਿਣਤੀ ਬਣਨ ਲਈ, ਬਹੁ-ਗਿਣਤੀ ਦੇ ਹਿੱਤਾਂ ਦਾ ਅਸਲੀ ਸੇਵਕ ਬਣਨ ਲਈ, ਅਤੇ ਇਸ ਦੇ ਅਧਿਕਾਰਾਂ ਦਾ ਅਸਲੀ ਰਾਖਾ ਬਣਨ ਲਈ, ਇਕ ਖਾਸ ਜਮਾਤੀ ਹਾਲਤ ਲੋੜੀਂਦੀ ਹੈ। ਭਾਵ, ਨਿਕ-ਬੁਰਜੂਆ ਦੀ ਬਹੁ-ਗਿਣਤੀ ਨੂੰ ਇਨਕਲਾਬੀ ਪ੍ਰੋਲੇਤਾਰੀਏ ਨਾਲ, ਘੱਟੋ ਘੱਟ ਨਿਰਣਾਇਕ ਘੜੀ ਤੇ ਨਿਰਣਾਇਕ ਥਾਂ ਤੇ ਰਲ ਜਾਣਾ ਚਾਹੀਦਾ ਹੈ।

ਇਸ ਤੋਂ ਬਿਨਾਂ ਇਕ ਬਹੁ-ਗਿਣਤੀ ਮਹਿਜ਼ ਇਕ ਕਲਪਨਾ ਹੈ, ਜੋ ਇਕ ਪਲ ਲਈ ਕਾਇਮ ਰਹਿ ਸਕਦੀ ਹੈ, ਚਮਕ ਦਮਕ ਸਕਦੀ ਹੈ, ਇਕ ਰੌਲਾ ਪਾ ਸਕਦੀ ਹੈ, ਪ੍ਰਸਿੱਧੀ ਖੱਟ ਸਕਦੀ ਹੈ, ਪਰ ਕਤਈ ਤੇ ਅਟੱਲ ਤੌਰ ਤੇ ਅਸਫਲ ਹੋਵੇਗੀ। ਸਬੱਬ ਨਾਲ ਇਹ ਗੱਲ ਉਥੇ ਸੀ ਜਿਥੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀ ਬਹੁ-ਗਿਣਤੀ ਅਫਸੋਸਨਾਕ ਹਾਲਤ ਹੋਈ ਜਿਵੇਂ ਰੂਸੀ ਇਨਕਲਾਬ ਨੇ ਜੁਲਾਈ 1917 ਵਿਚ ਦਰਸਾਇਆ।

ਇਸ ਤੋਂ ਉਪਰੰਤ, ਇਕ ਇਨਕਲਾਬ ਰਾਜ ਵਿਚ ਇਕ "ਆਮ" ਹਾਲਤ ਦੇ ਪੱਖੋਂ ਮੁਖ ਤੌਰ ਤੇ ਵੱਖਰਾ ਹੁੰਦਾ ਹੈ ਕਿਉਂ ਜੋ ਰਾਜਸੀ ਜੀਵਨ ਦੇ ਵਾਦ-ਵਿਵਾਦੀ ਮਸਲੇ ਸਿੱਧੀ ਜਮਾਤੀ ਤੇ ਜਨਤਕ ਜਦੋਜਹਿਦ ਰਾਹੀਂ ਇਕ ਹਥਿਆਰਬੰਦ ਜਦੋ-ਜਹਿਦ ਦੇ ਨੁਕਤੇ ਤਕ ਹੱਲ ਕੀਤੇ ਜਾਂਦੇ ਹਨ। ਇਸ ਬੁਨਿਆਦੀ ਤੱਥ ਦਾ ਅਰਥ ਇਹ ਹੈ ਕਿ ਇਨਕਲਾਬ ਦੇ ਸਮੇਂ "ਬਹੁ-ਗਿਣਤੀ ਦੀ ਮਰਜ਼ੀ" ਦੀ ਤਸਦੀਕ ਕਰਨਾ ਹੀ ਕਾਫੀ ਨਹੀਂ ਹੈ—ਤੁਹਾਨੂੰ ਨਿਰਣਾਇਕ ਘੜੀ ਤੇ ਨਿਰਣਾਇਕ ਥਾਂ ਤੇ **ਆਪਣੇ ਆਪ ਨੂੰ ਵਧੇਰੇ ਮਜ਼ਬੂਤ ਸਿੱਧ ਕਰਨਾ ਚਾਹੀਦਾ ਹੈ, ਤੁਹਾਨੂੰ ਜਿੱਤਣਾ** ਚਾਹੀਦਾ ਹੈ। ਜਰਮਨੀ ਵਿਚ ਮਧ-ਯੁਗ ਵਿਚ ਕਿਰਸਾਣੀ ਦੀ ਜੰਗ ਤੋਂ ਲੈ ਕੇ, ਅਤੇ ਸਾਰੀਆਂ ਵੱਡੀਆਂ ਇਨਕਲਾਬੀ ਲਹਿਰਾਂ ਤੇ ਯੁੱਗਾਂ ਵਿਚ, ਜਿਹਨਾਂ ਵਿਚ 1848, 1871 ਅਤੇ 1905 ਵੀ ਸ਼ਾਮਲ ਹਨ, ਅਸਾਂ, ਵਧੀਆ ਜਥੇਬੰਦ, ਰਾਜਨੀਤਕ ਤੌਰ ਤੇ ਵਧੇਰੇ ਸੁਚੇਤ ਅਤੇ ਵਧੀਆ ਹਥਿਆਰਬੰਦ ਘੱਟ ਗਿਣਤੀ ਵਲੋਂ ਬਹੁਗਿਣਤੀ ਉਤੇ ਆਪਣੀ ਮਰਜ਼ੀ ਮੜ੍ਹਨ ਤੇ ਉਸ ਨੂੰ ਹਰਾਉਣ ਦੀਆਂ ਅਣਗਿਣਤ ਉਦਾਹਰਣਾਂ ਵੇਖੀਆਂ ਹਨ।

ਫਰੈਡਰਿਕ ਏਂਗਲਜ਼ ਨੇ ਤਜਰਬੇ ਤੋਂ ਸਬਕ ਸਿੱਖਣ ਉਤੇ ਵਿਸ਼ੇਸ਼ ਤੌਰ ਤੇ ਜ਼ੋਰ ਦਿਤਾ ਹੈ। ਇਕ ਸਬਕ, ਜੋ ਕਿਸੇ ਹੱਦ ਤਕ ਜਰਮਨੀ ਵਿਚ ਸੋਲ੍ਹਵੀਂ ਸਦੀ ਦੀ ਕਿਸਾਨ ਬਗਾਵਤ ਤੇ 1848 ਦੇ ਇਨਕਲਾਬ ਦੇ ਸਬਕ ਨਾਲ ਮਿਲਦਾ ਜੁਲਦਾ ਹੈ, ਭਾਵ ਦੱਬੇ ਕੁਚਲੇ ਲੋਕਾਂ ਵਲੋਂ, ਜੀਵਨ ਵਿਚ ਉਹਨਾਂ ਦੇ ਨਿਕ-ਬੁਰਜੂਆ ਦਰਜੇ ਕਾਰਨ ਅਮਲ ਦੀ ਅਮੇਲਤਾ ਅਤੇ ਕੇਂਦਰੀ-ਕਰਣ ਦੀ ਘਾਟ। ਇਸ ਦ੍ਰਿਸ਼ਟੀਕੋਣ ਤੋਂ ਮਾਮਲੇ ਨੂੰ ਜਾਂਚਦਿਆਂ ਅਸੀਂ ਉਸੇ ਸਿੱਟੇ ਉਤੇ ਪੁੱਜਦੇ ਹਾਂ, ਭਾਵ ਨਿਕ-ਬੁਰਜੂਆ ਜਨਸਮੂਹਾਂ ਦੀ ਸਾਧਾਰਨ ਬਹੁਗਿਣਤੀ ਕਿਸੇ ਵੀ ਗੱਲ ਬਾਰੇ ਕੋਈ ਵੀ ਫੈਸਲਾ ਨਹੀਂ ਕਰ ਸਕਦੀ, ਕਿਉਂ ਜੋ ਲਖੂਖਾ ਅਣਸੰਗਠਤ ਪੇਂਡੂ ਨਿਕੇ ਮਾਲਕ ਜਥੇਬੰਦੀ, ਰਾਜਨੀਤਕ ਚੇਤਨਤਾ **ਕੇਵਲ** ਅਸਲ ਵਿਚ ਅਤੇ ਅਮਲ ਤੇ ਕੇਂਦਰੀਕਰਣ ਵਿਚ ਹੀ ਪ੍ਰਾਪਤ ਕਰ ਸਕਦੇ ਹਨ (ਜੋ ਜਿੱਤ ਲਈ ਅਤਿ ਜ਼ਰੂਰੀ ਗੱਲ ਹੈ) ਜਦੋਂ ਉਹਨਾਂ ਦੀ ਅਗਵਾਈ ਬੁਰਜੂਆਜ਼ੀ ਜਾਂ ਪਰੋਲੇਤਾਰੀਆ ਕਰਦਾ ਹੈ।

ਲੰਮੇ ਸਮੇਂ ਵਿਚ ਅਸੀਂ ਜਾਣ ਜਾਂਦੇ ਹਾਂ ਕਿ ਸਮਾਜਕ ਜੀਵਨ ਦੀਆਂ ਸਮੱਸਿਆਵਾਂ ਜਮਾਤੀ ਜਦੋ-ਜਹਿਦ ਦੇ ਇਕ ਅਤਿ ਕਠੋਰ ਤੇ ਅਤਿ ਪਰਚੰਡ ਰੂਪ ਰਾਹੀਂ ਗ੍ਰਹਿ ਯੁੱਧ ਰਾਹੀਂ ਹੱਲ ਕੀਤੀਆਂ ਜਾਂਦੀਆਂ ਹਨ। ਇਸ ਯੁੱਧ ਵਿਚ, ਜਿਵੇਂ ਕਿਸੇ ਵੀ ਯੁੱਧਾਂ ਵਿਚ ਉਹ ਤੱਥ ਜੋ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ ਤੇ ਅਸੂਲੀ ਤੌਰ ਤੇ ਇਸ ਬਾਰੇ ਕਿਸੇ ਨੇ ਕਿੰਤੂ ਨਹੀਂ ਕੀਤਾ—ਇਹ

ਆਰਥਕਤਾ ਹੈ ਜੋ ਨਿਰਣਾ ਕਰਦੀ ਹੈ। ਇਹ ਬਿਲਕੁਲ ਮਿਸਾਲੀ ਤੇ ਮਹਤਵ-ਪੂਰਣ ਗੱਲ ਹੈ ਕਿ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ, ਜਦ ਕਿ ਇਸ ਤੋਂ "ਅਸੂਲੀ ਤੌਰ ਤੇ" ਇਨਕਾਰ ਨਹੀਂ ਕਰਦੇ ਅਤੇ ਜਦ ਕਿ ਅਜ ਦੇ ਰੂਸ ਦੇ ਸਰਮਾਏਦਾਰੀ ਲੱਛਣ ਕਈ ਤਰ੍ਹਾਂ ਦੇ ਸਮਝਦੇ ਹਨ, ਸਚਾਈ ਦਾ ਨਿਆਣਿਆਂ ਵਾਂਗ ਸਾਹਮਣਾ ਕਰਨ ਦੀ ਜੁਰਅਤ ਨਹੀਂ ਕਰਦੇ। ਉਹ ਇਸ ਸਚਾਈ ਨੂੰ ਮੰਨਣੋਂ ਡਰਦੇ ਹਨ ਕਿ ਰੂਸ ਸਮੇਤ ਹਰ ਸਰਮਾਏਦਾਰ ਦੇਸ਼ ਬੁਨਿਆਦੀ ਤੌਰ ਤੇ ਤਿੰਨ ਮੁਖ ਤਾਕਤਾਂ ਵਿਚ ਵੰਡਿਆ ਹੋਇਆ ਹੈ : ਬੁਰਜੁਆਜ਼ੀ, ਨਿਕ-ਬੁਰਜੁਆਜ਼ੀ ਤੇ ਪਰੋਲੇਤਾਰੀਆ। ਪਹਿਲੀ ਤੇ ਤੀਜੀ ਬਾਰੇ ਗੱਲ ਹੁੰਦੀ ਹੈ ਤੇ ਇਸ ਨੂੰ ਸਾਰਿਆਂ ਨੇ ਪਰਵਾਨ ਕਰ ਲਿਆ ਹੈ। ਅਜੇ ਦੂਜੀ ਨੂੰ-ਜੋ ਅਸਲ ਵਿਚ ਗਿਣਤੀ ਦੇ ਪਖੋਂ **ਬਹੁ-ਗਿਣਤੀ** ਹੈ !—ਕੋਈ ਵੀ ਗੰਭੀਰਤਾ ਨਾਲ ਨਹੀਂ ਲੈਂਦਾ, ਨਾ ਆਰਥਕ ਤੇ ਰਾਜਨੀਤਕ ਤੇ ਨਾ ਹੀ ਫੌਜੀ ਦ੍ਰਿਸ਼ਟੀਕੋਣ ਤੋਂ। ਸਚਾਈ ਕਿਸੇ ਦੀ ਝੂਠੀ ਪਰਸੰਸਾ ਨਹੀਂ ਕਰਦੀ। ਇਸੇ ਲਈ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਆਪਣੇ ਆਪ ਨੂੰ ਸਮਝਣ ਤੋਂ ਝਿਜਕਦੇ ਹਨ।

3

ਜਦੋਂ ਮੈਂ ਇਹ ਲੇਖ ਅਜੇ ਅਰੰਭ ਕਰ ਹੀ ਰਿਹਾ ਸਾਂ, ਉਦੋਂ **ਪਰਾਵਦਾ** ਨੂੰ ਬੰਦ ਕਰਨਾ ਮਹਿਜ਼ ਇਕ "ਘਟਨਾ" ਹੀ ਸੀ, ਜਿਸ ਨੂੰ ਅਜੇ ਸਰਕਾਰ ਵਲੋਂ ਕਾਨੂੰਨੀ ਰੂਪ ਨਹੀਂ ਸੀ ਦਿਤਾ ਗਿਆ। ਪਰ ਹੁਣ, 16 ਜੁਲਾਈ ਦੇ ਮਗਰੋਂ, ਸਰਕਾਰ ਨੇ **ਪਰਾਵਦਾ** ਨੂੰ ਬੰਦ ਕਰ ਦਿਤਾ ਹੈ।

ਜੇ ਇਸ ਨੂੰ ਇਤਿਹਾਸਕ ਤੌਰ ਤੇ ਸਮੁੱਚੇ ਤੌਰ ਤੇ ਨਿਰਖਿਆ ਜਾਵੇ, ਇਸ ਦੀ ਤਿਆਰੀ ਤੇ ਪੂਰਤੀ ਦੇ ਸਾਰੇ ਅਮਲ ਵਿਚ ਇਹ ਕਦਮ ਰੂਸ ਵਿਚ "ਸੰਵਿਧਾਨ ਦੇ ਖਾਸੇ" ਉਤੇ ਸੰਵਿਧਾਨਕ ਭੁਲੇਖਿਆ ਦੇ ਖਤਰੇ ਉਤੇ ਉਘੜਵੀਂ ਰੋਸ਼ਨੀ ਪਾਉਂਦਾ ਹੈ।

ਇਹ ਜਾਣਿਆ ਜਾਂਦਾ ਹੈ ਕਿ ਕੇਡਿਟ ਪਾਰਟੀ, ਮਿਲਿਯੂਕੋਵ ਤੇ ਅਖਬਾਰ **ਰੀਸ਼** ਦੀ ਅਗਵਾਈ ਵਿਚ, ਅਪਰੈਲ ਤੋਂ ਬਾਲਸਵਿਕਾ ਦੇ ਵਿਰੁਧ ਦਮਨਕਾਰੀ ਕਦਮਾ ਦੀ ਮੰਗ ਕਰਦੀ ਆ ਰਹੀ ਹੈ। ਦਮਨ ਦੀ ਇਹ ਮੰਗ ਜੋ ਕਈ ਰੂਪਾ ਵਿਚ ਪਰਗਟ ਹੋਈ ਹੈ—**ਰੀਸ਼** ਵਿਚ ਨੀਤੀਵਾਨ ਲੇਖਾ ਤੋਂ ਲੈ ਕੇ ਮਿਲਿਯੂਕੋਵ ਵਲੋਂ ਵਾਰ ਵਾਰ "ਉਹਨਾ ਨੂੰ ਗਰਿਫਤਾਰ ਕਰੋ" (ਲੈਨਿਨ ਤੇ ਹੋਰ ਬਾਲਸਵਿਕਾ ਨੂੰ) ਦੇ ਚੀਕ ਚਿਹਾੜੇ ਤਕ—ਇਨਕਲਾਬ ਵਿਚ ਕੇਡਿਟ ਰਾਜਨੀਤਕ ਪਰੋਗਰਾਮ ਦੇ ਮੁਖ ਅੰਗਾਂ ਵਿਚੋਂ ਇਕ, ਜੇ ਮੁਖ-ਅੰਗ ਨਹੀਂ ਹੈ, ਰਹੀ ਹੈ।

ਕੇਡਿਟ ਪਾਰਟੀ ਬਾਕਾਇਦਗੀ ਨਾਲ, ਦ੍ਰਿੜ੍ਹਤਾ ਨਾਲ ਤੇ ਨਿਰੰਤਰ ਤੌਰ ਤੇ ਬਾਲਸ਼ਵਿਕਾਂ ਵਿਰੁਧ ਦਮਨਕਾਰੀ ਕਦਮਾਂ ਦੀ ਮੰਗ ਉਸ ਦਿਨ ਤੋਂ ਪਹਿਲਾਂ ਤੋਂ ਕਰਦੇ ਆ ਰਹੀ ਹੈ ਜਦੋਂ ਅਲੈਕਸਿੰਸਕੀ ਤੇ ਕੰਪਨੀ ਨੇ ਜੂਨ ਤੇ ਜੁਲਾਈ ਵਿਚ ਇਹ ਤੁਹਮਤੀ ਤੇ ਮੰਦਾ ਇਲਜ਼ਾਮ ਘੜਿਆ ਕਿ ਬਾਲਸ਼ਵਿਕ ਜਰਮਨ ਜਸੂਸ ਹਨ ਜਾ ਜਰਮਨ ਪੈਸਾ ਪਰਾਪਤ ਕਰਦੇ ਹਨ, ਅਤੇ ਇਸੇ ਤਰ੍ਹਾਂ ਦੇ ਤੁਹਮਤੀ ਇਲਜ਼ਾਮ ਤੋਂ ਬਹੁਤ ਸਮਾਂ ਪਹਿਲਾ ਆਮ ਜਾਣੇ ਜਾਂਦੇ ਤੱਥਾਂ ਤੇ ਪਰਕਾਸ਼ਤ ਦਸਤਾਵੇਜ਼ਾਂ ਤੋਂ ਐਨ ਉਲਟ—ਜੋ ਇਕ "ਹਥਿਆਰਬੰਦ ਬਗ਼ਾਵਤ" ਜਾਂ "ਬਗ਼ਾਵਤ" ਬਾਰੇ ਸੀ। ਕਿਉਂ ਜੋ ਹੁਣ ਇਹ ਮੰਗ ਪੂਰੀ ਹੋ ਗਈ ਹੈ, ਅਸੀਂ ਉਹਨਾਂ ਲੋਕਾਂ ਦੀ ਸਿਆਣਪ ਬਾਰੇ ਕੀ ਸੋਚ ਸਕਦੇ ਹਾਂ, ਜੋ ਇਸ ਮੰਗ ਦੇ ਅਸਲੀ ਜਮਾਤੀ ਤੇ ਪਾਰਟੀ ਮੂਲ ਨੂੰ ਭੁਲਦੇ ਹਨ ਜਾ ਭੁਲਣ ਦੀ ਬਹਾਨਾ ਕਰਦੇ ਹਨ ? ਅਸੀਂ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੇ ਉਹਨਾਂ ਯਤਨਾਂ ਦੀ ਭੱਦੀ ਕੂੜ-

ਖਾਸ਼ਤ ਜਾਂ ਅਘੋਰ ਰਾਜਨੀਤਕ ਬੇਹੂਦਗੀ ਨੂੰ ਬਿਆਨ ਕੀਤੇ ਬਿਨਾਂ ਕਿਵੇਂ ਰਹਿ ਸਕਦੇ ਹਾਂ ਜਿਨ੍ਹਾਂ ਰਾਹੀਂ ਉਹ ਬਾਲਸ਼ਵਿਕਾਂ ਵਿਰੁਧ ਦਮਨਕਾਰੀ ਕਦਮਾਂ ਨੂੰ ਚਾਰ ਜੁਲਾਈ ਦੇ "ਅਵਸਰ" ਨੂੰ ਇਕ "ਘਟਨਾ" ਜਾਂ "ਨਿਖੜਵੇਂ" ਵਾਕਿਆ ਵਜੋਂ ਸਮਝਣਾ ਚਾਹੁੰਦੇ ਹਨ ? ਵਿਵਾਦ-ਰਹਿਤ ਇਤਿਹਾਸਕ ਤੱਥਾਂ ਨੂੰ ਭੰਨਣ ਤੋੜਨ ਦੀ ਕੋਈ ਹੱਦ ਜ਼ਰੂਰ ਹੋਣੀ ਚਾਹੀਦੀ ਹੈ !

ਕੁਹਾਨੂੰ ਇਹ ਤੁਰੰਤ ਸਮਝਣ ਲਈ ਕਿ ਦੋਹਾਂ ਦਾ ਇਕੋ ਲਛਣ ਹੈ, 20—21 ਅਪਰੈਲ ਦੀ ਲਹਿਰ ਦਾ 3—4 ਜੁਲਾਈ ਦੀ ਲਹਿਰ ਨਾਲ ਟਾਕਰਾ ਕਰਨ ਦੀ ਜ਼ਰੂਰਤ ਹੈ : ਦੋਹਾਂ ਵਿਚ ਅਜਿਹੇ ਬਾਹਰ-ਮੁਖੀ ਤੱਥ ਹਨ, ਜਿਵੇਂ ਬੇਚੈਨੀ, ਬੇ-ਸਬਰੀ ਤੇ ਗੁੱਸੇ ਦਾ ਆਪ-ਮੁਹਾਰਾ ਜਨਤਕ ਉਭਾਰ, ਸੱਜੇ ਧੜੇ ਵਲੋਂ ਭੜਕਾਊ ਗੋਲੀਆਂ, ਨੇਵਸਕੀ ਵਿਚ ਕਤਲ, ਬੁਰਜੂਆਜ਼ੀ ਵਲੋਂ ਵਿਸ਼ੇਸ਼ ਤੌਰ ਤੇ ਕੇਡਿਟਾ ਵਲੋਂ ਤੁਹਮਤਾਂ ਦੀ ਬੁਛਾੜ ਕਿ "ਉਹ ਲੈਨਿਨ ਦੇ ਲੋਕ ਸਨ ਜਿਨ੍ਹਾਂ ਨੇ ਨੇਵਸਕੀ ਵਿਚ ਗੋਲੀਆਂ ਚਲਾਈਆਂ," ਮਜ਼ਦੂਰਾਂ ਤੇ ਬੁਰਜੁਆਜ਼ੀ ਵਿਚਾਲੇ ਜ਼ੋਰਦਾਰ ਜਦੋ-ਜਹਿਦ ਨਿੱਕ-ਬੁਰਜੂਆ ਪਾਰਟੀਆ, ਸੋਸ਼ਲਿਸਟਾਂ ਇਨਕਲਾਬੀਆ ਤੇ ਮੈਨਸਵਿਕਾ ਵਿਚਾਲੇ ਬਿਲਕੁਲ ਘਬਰਾਹਟ ਤੇ ਗੜਬੜੀ ਅਤੇ ਉਹਨਾ ਦੀ ਨੀਤੀ ਵਿਚ ਅਤੇ ਆਮ ਤੌਰ ਤੇ ਰਾਜਸੀ ਨੇਤਾ ਦੇ ਮਸਲੇ ਪ੍ਰਤੀ ਉਹਨਾ ਦੀ ਪਹੁੰਚ ਵਿਚ ਅਥਾਹ ਜਕੋ-ਤੱਕੀ । 9—10 ਜੂਨ ਅਤੇ 18 ਜੂਨ ਐਨ ਇਹੋ ਤਸਵੀਰ ਇਸ ਵਖਰੇ ਰੂਪ ਵਿਚ ਪਰਗਟ ਕਰਦੇ ਹਨ ।

ਘਟਨਾਵਾਂ ਦਾ ਸਿਲਸਿਲਾ ਇਤਨਾ ਸਪਸ਼ਟ ਹੈ, ਜਿਤਨਾ ਹੋ ਸਕਦਾ ਹੈ : ਇਹ ਜਨਤਕ ਬੇਚੈਨੀ, ਬੇਸਬਰੀ ਤੇ ਰੋਹ ਨੂੰ ਅਤੇ ਪਰੋਲੇਤਾਰੀਆ ਤੇ ਬੁਰਜੁਆਜ਼ੀ ਵਿਚਾਲੇ ਵਿਸ਼ੇਸ਼ ਤੌਰ ਤੇ ਨਿਕ-ਬੁਰਜੁਆਜ਼ੀ ਦੇ ਸਮੂਹਾ ਉਤੇ ਪਰਭਾਵ ਪਾਉਣ ਲਈ ਜਦੋਜਹਿਦ ਵਿਚ ਹੋ ਰਹੇ ਘੋਲ ਨੂੰ ਦਰਸਾਉਂਦਾ ਹੈ । ਇਸ ਸਾਲ ਦੇ ਬਹੁਤ ਹੀ ਜ਼ਰੂਰੀ ਇਤਿਹਾਸਕ ਵਾਪਰਨਾਵਾਂ ਸਬੰਧਤ ਹਨ ਜਿਨ੍ਹਾਂ ਨੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾ ਨੂੰ ਉਲਟ-ਇਨਕਲਾਬੀ ਕੇਡਿਟਾ ਉਤੇ ਨਿਰਭਰ ਕਰ ਦਿਤਾ ਹੈ । ਇਹ ਵਾਪਰਨਾਵਾਂ ਹਨ, ਪਹਿਲੀ, 6 ਮਈ ਨੂੰ ਇਕ ਕੁਲੀਸ਼ਨ ਵਜ਼ਾਰਤ ਦੀ ਸਿਰਜਣਾ ਜਿਸ ਵਿਚ ਸੋਸਲਿਸਟ-ਇਨਕਲਾਬੀ ਤੇ ਮੈਨਸ਼ਵਿਕ ਬੁਰਜੁਆਜ਼ੀ ਦੇ ਪਿਛਲੱਗ ਬਣ ਗਏ ਸਨ, ਮਗਰਲੇ ਨਾਲ ਸਮਝੌਤੇ ਤੇ ਸੌਦੇ ਕਰਨ ਰਾਹੀਂ ਵਧੇਰੇ ਤੇ ਵਧੇਰੇ ਉਲਝਣ ਵਿਚ ਫਸ ਗਏ ਸਨ, ਉਹਨਾ ਦੀਆ ਹਜਾਰਾਂ "ਸੇਵਾਵਾ" ਕਰਦੇ ਸਨ ਵਾਰ ਵਾਰ ਅਤਿ ਜ਼ਰੂਰੀ ਇਨਕਲਾਬੀ ਕਦਮਾ ਵਿਚ ਢਿੱਲ ਪੈਦਾ ਕਰਦੇ ਹਨ ਤੇ ਦੂਜੀ, ਮੋਰਚੇ ਉਤੇ ਹਮਲਾ । ਹਮਲੇ ਦਾ ਅਟਲ ਤੌਰ ਤੇ ਅਰਥ ਸਾਮਰਾਜੀ ਜੰਗ ਦੀ ਬਹਾਲੀ ਵਿਚ ਸਾਮਰਾਜੀ ਬੁਰਜੁਆਜ਼ੀ ਦੇ ਪਰਭਾਵ, ਵਜ਼ਨ ਤੇ ਰੋਲ ਵਿਚ ਅਥਾਹ ਭਾਰੀ ਵਾਧੇ ਵਿਚ, ਲੋਕਾਂ ਵਿਚਾਲੇ ਅਤਿ ਵਿਸ਼ਾਲ ਅੰਧਰਾਸ਼ਟਰਵਾਦ ਦੇ ਪਸਾਰ ਵਿਚ, ਤੇ ਆਖਰੀ ਪਰ ਘਟ ਮਹਤਵਪੂਰਨ ਨਹੀਂ, ਸੱਤਾ ਦੀ—ਪਹਿਲਾ ਫੋਜੀ ਸੱਤਾ ਤੇ ਫਿਰ ਆਮ ਤੌਰ ਤੇ ਰਾਜਸੀ ਸੱਤਾ—ਉਚਤਮ ਪਧਰ ਦੇ ਫੌਜੀ ਅਫਸਰਾਂ ਦੇ ਹਥਾ ਵਿਚ ਤਬਦੀਲੀ ਵਿਚ ਨਿਕਲਿਆ ਹੈ ।

ਇਤਿਹਾਸਕ ਘਟਨਾਵਾਂ ਦਾ ਇਹ ਸਿਲਸਿਲਾ ਜਿਸ ਨੇ 20-21 ਅਪਰੈਲ ਅਤੇ 3-4 ਜੁਲਾਈ ਵਿਚਾਲੇ ਜਮਾਤੀ ਟੱਕਰ ਨੂੰ ਡੂੰਘਾ ਤੇ ਤੇਜ਼ ਕੀਤਾ ਹੈ, ਅਤੇ ਜਿਸ ਨੇ ਚਾਰ ਜੁਲਾਈ ਦੇ ਮਗਰੋਂ ਉਲਟ-ਇਨਕਲਾਬੀ ਬੁਰਜੁਆਜ਼ੀ ਨੂੰ ਉਸ ਕੁਝ ਨੂੰ ਪੂਰਾ ਕਰਨ ਦੇ ਯੋਗ ਬਣਾਇਆ ਜੋ 20-21 ਅਪਰੈਲ ਨੂੰ ਉਹਨਾਂ ਦੇ ਪ੍ਰੋਗਰਾਮ ਤੇ ਦਾਅ ਪੇਚਾਂ ਵਜੋਂ ਉਹਨਾ ਦੇ ਤੁਰੰਤ ਉਦੇਸ਼ ਤੇ ਉਹਨਾਂ ਦੇ "ਸਵੱਛ" ਢੰਗਾਂ ਵਜੋਂ ਬਿਲਕੁਲ ਸਪਸ਼ਟ ਹੋ ਗਏ ਸਨ, ਜੋ ਉਸ ਦੇ ਉਦੇਸ਼ ਦੀ

ਪਰਾਪਤੀ ਵਲ ਲਿਜਾਣ ਵਾਲੇ ਸਨ।

ਕੋਈ ਵੀ ਹੋਰ ਗੱਲ ਇਤਿਹਾਸਕ ਤੌਰ ਤੇ ਵਧੇਰੇ ਬੇਅਰਥ, ਸਿਧਾਂਤਕ ਤੌਰ ਤੇ ਵਧੇਰੇ ਅਫਸੋਸਨਾਕ ਜਾਂ ਅਮਲੀ ਤੌਰ ਤੇ ਵਧੇਰੇ ਬੇਹੂਦਾ, ਚਾਰ ਜੁਲਾਈ ਬਾਰੇ ਇਸ ਅਭਾਵਕ ਹੁਆਂਕਣੀ ਨਾਲੋਂ ਹਾਸੋਹੀਣੀ ਨਹੀਂ ਹੈ ਕਿ ਬਾਲਸ਼ਵਿਕਾਂ ਨੇ ਆਪਣੇ ਆਪ ਨੂੰ ਹਰਾਉਣ ਦੀ "ਤਰਕੀਬ ਬਣਾਈ" ਸੀ, ਕਿ ਇਹ ਹਾਰ ਉਹਨਾਂ ਦੇ ਆਪਣੀ "ਮਾਅਰਕੇਬਾਜ਼ੀ" ਤੋਂ ਹੋਈ ਸੀ, ਤੇ ਇਸੇ ਤਰ੍ਹਾਂ ਦੀਆਂ ਹੋਰ ਗੱਲਾਂ। ਇਹ ਸਾਰੀ ਹੁਆਂਕਣੀ, ਇਹ ਸਾਰੀਆਂ ਦਲੀਲਾਂ, ਕਿ ਸਾਨੂੰ (ਪੂਰੀ ਤਰ੍ਹਾਂ ਹੱਕੀ ਜਨਤਕ ਬੇਚੈਨੀ ਤੇ ਰੋਹ ਨੂੰ ਇਕ "ਸ਼ਾਂਤ ਮਈ ਤੇ ਜਥੇਬੰਦ" ਪਰਭਾਵ ਦੇਣ ਦੇ ਯਤਨ ਵਿਚ) ਸ਼ਾਮਲ ਨਹੀਂ ਸੀ ਹੋਣਾ ਚਾਹੀਦਾ, ਜਾਂ ਤਾਂ ਨਿਰੀਆਂ ਪਤਿਤ ਹਨ, ਜੇ ਜਾਂ ਬਾਲਸ਼ਵਿਕਾਂ ਵਲੋਂ ਪੇਸ਼ ਕੀਤੀਆਂ ਜਾਂਦੀਆ ਹਨ, ਜਾ ਨਿਕ-ਬੁਰਜੁਆਜ਼ੀ ਦੀ ਆਮ ਵਹਿਸ਼ੀ ਹੋਈ ਤੇ ਉਲਝੀ ਹੋਈ ਹਾਲਤ ਦਾ ਆਮ ਪਰਗਟਾਵਾ ਹੈ। ਅਸਲੀਅਤ ਵਿਚ, 3-4 ਜੁਲਾਈ ਦੀ ਲਹਿਰ 20-21 ਅਪਰੈਲ ਤੇ ਪਿਛੋਂ ਦੀ ਲਹਿਰ ਵਿਚੋਂ ਇਸ ਤਰ੍ਹਾਂ ਪੈਦਾ ਹੋਈ ਸੀ ਜਿਵੇਂ ਬਹਾਰ ਦੇ ਮਗਰੋਂ ਗਰਮੀਆਂ ਅਟੱਲ ਤੌਰ ਤੇ ਆਉਂਦੀਆਂ ਹਨ। ਇਹ ਪਰੋਲੇਤਾਰੀ ਪਾਰਟੀ ਵਲੋਂ ਜਨਸਮੂਹਾਂ ਨਾਲ ਰਹਿਣ ਦਾ ਅਤੇ ਇਸ ਘੁਮੰਡੀ ਦਲੀਲ ਦੇ ਅਧਾਰ ਤੇ ਕਿ ਜਨਸਮੂਹ ਆਖਰੀ ਬੰਦੇ ਤਕ ਜਥੇਬੰਦ ਨਹੀਂ ਹੋਏ ਅਤੇ ਕਿ ਉਹਨਾਂ ਦੀ ਲਹਿਰ ਕਈ ਵਾਰ ਜ਼ਿਆਦਤੀਆਂ ਕਰਨ ਤਕ ਚਲੀ ਗਈ ਸੀ, ਲਾਂਭੇ ਖੜੇ ਰਹਿਣ ਦੀ ਥਾਂ ਉਹਨਾਂ ਦੀ ਹੱਕੀ ਕਾਰਵਾਈ ਨੂੰ ਜਿਤਨਾ ਸੰਭਵ ਹੈ, ਇਕ ਸ਼ਾਂਤਯੋਗ ਤੇ ਜਥੇਬੰਦਕ ਲੱਛਣ ਪਰਗਟਾ ਕਰਨ ਦਾ ਅਤਿ ਜ਼ਰੂਰੀ ਫਰਜ਼ ਸੀ—ਭਾਵੇਂ 20-21 ਅਪਰੈਲ ਬਾਰੇ ਕਈ ਜ਼ਿਆਦਤੀਆ ਨਹੀਂ ਸਨ, ਜਦ ਕਿ ਇਤਿਹਾਸ ਵਿਚ ਜ਼ਿਆਦਤੀਆਂ ਤੋਂ ਬਿਨਾ ਕੋਈ ਵੀ ਇਕ ਗੰਭੀਰ ਜਨਤਕ ਲਹਿਰ ਨਹੀਂ ਹੈ।

ਚਾਰ ਜੁਲਾਈ ਦੇ ਮਗਰੋਂ ਬਾਲਸ਼ਵਿਕਾ ਦੀ ਹਾਰ ਘਟਨਾਵਾਂ ਦੇ ਪਹਿਲੇ ਸਮੁੱਚੇ ਅਮਲ ਤੋਂ ਇਤਿਹਾਸਕ ਅਟੱਲਤਾ ਕਾਰਨ ਹੋਈ, ਕਿਉਂ ਜੋ 20-21 ਅਪ੍ਰੈਲ ਨੂੰ ਨਿਕ-ਬੁਰਜੂਆ ਜਨਸਮੂਹ ਤੇ ਉਹਨਾ ਦੇ ਆਗੂ, ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਅਜੇ ਹਮਲੇ ਰਾਹੀਂ ਜਕੜੇ ਨਹੀਂ ਸਨ ਗਏ ਅਤੇ ਨਾ ਹੀ ਅਜੇ ਉਹਨਾਂ ਨੇ "ਕੁਲੀਸ਼ਨ ਵਜ਼ਾਰਤ" ਵਿਚਲੀ ਬੁਰਜੁਆਜ਼ੀ ਨਾਲ ਸੌਦੇਬਾਜ਼ੀ ਵਿਚ ਆਪਣੇ ਆਪ ਨੂੰ ਉਲਝਾਇਆ ਸੀ ਜਦ ਕਿ ਚਾਰ ਜੁਲਾਈ ਨੂੰ ਉਹ ਇਤਨੇ ਜਕੜੇ ਅਤੇ ਉਲਝ ਗਏ ਸਨ ਕਿ ਉਹ ਉਲਟ-ਇਨਕਲਾਬੀ ਕੇਡਿਟਾਂ ਨਾਲ ਮਿਲਵਰਤਨ (ਦਮਨਕਾਰੀ ਕਦਮਾਂ ਵਿਚ, ਤੁਹਮਤਬਾਜ਼ੀ ਵਿਚ, ਕਤਲੇਆਮ ਵਿਚ) ਕਰਨ ਤਕ ਨੀਵੇਂ ਜਾਣ ਤੋਂ ਨਾ ਰਹਿ ਸਕੇ। ਚਾਰ ਜੁਲਾਈ ਨੂੰ ਸੋਸ਼ਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਉਲਟ-ਇਨਕਲਾਬ ਦੀ ਗੰਦੀ ਨਾਲੀ ਵਿਚ ਹਮੇਸ਼ਾ ਲਈ ਡਿਗ ਪਏ; ਕੁਲੀਸ਼ਨ ਵਜ਼ਾਰਤ ਵਿਚ ਆਪਣੇ ਰੋਲ ਕਾਰਨ ਅਤੇ ਹਮਲੇ ਦੀ ਨੀਤੀ ਦੀ ਉਹਨਾਂ ਵਲੋਂ ਪ੍ਰਵਾਨਗੀ ਕਾਰਨ ਉਹ ਸਾਰੇ ਮਈ ਤੇ ਜੂਨ ਵਿਚ ਇਸ ਵਲ ਖਿਸਕਦੇ ਗਏ।

ਹੋ ਸਕਦਾ ਹੈ ਇੰਜ ਜਾਪੇ ਕਿ ਅਸੀਂ ਆਪਣੇ **ਪਰਾਵਦਾ** ਦੇ ਬੰਦ ਕੀਤੇ ਜਾਣ ਦੇ ਵਿਸ਼ੇ ਤੋਂ ਚਾਰ ਜੁਲਾਈ ਦੀਆਂ ਘਟਨਾਵਾਂ ਦੇ ਇਤਿਹਾਸਕ ਅੰਦਾਜ਼ੇ ਵਲ ਚਲੇ ਹਾਂ। ਪਰ ਇੰਜ ਕੇਵਲ ਜਾਪ ਸਕਦਾ ਹੈ, ਕਿਉਂ ਜੋ ਇਕ ਨੂੰ ਦੂਜੇ ਤੋਂ ਬਿਨਾਂ ਸਮਝਿਆ ਨਹੀਂ ਜਾ ਸਕਦਾ। ਅਸਾਂ ਵੇਖਿਆ ਹੈ ਕਿ ਜੇ ਅਸੀਂ ਮਾਮਲੇ ਤੇ ਘਟਨਾਵਾਂ ਦੇ ਅੰਤਰ-ਸਬੰਧ ਨੂੰ ਵੇਖੀਏ, ਤਾਂ **ਪਰਾਵਦਾ** ਦਾ ਬੰਦ ਹੋਣਾ, ਗਰਿਫਤਾਰੀਆਂ ਤੇ ਬਾਲਸ਼ਵਿਕਾਂ ਦੀਆਂ ਗਰਿਫਤਾਰੀਆਂ ਅਤੇ ਦਮਨਕਾਰੀਆਂ ਦੇ ਹੋਰ ਰੂਪ ਉਲਟ-ਇਨਕਲਾਬੀਆਂ, ਵਿਸ਼ੇਸ਼ ਤੌਰ ਤੇ ਕੇਡਿਟਾਂ, ਦੇ ਲੰਮੇ ਸਮੇਂ ਦੇ ਪ੍ਰੋਗਰਾਮ ਦੀ ਪੂਰਤੀ ਤੋਂ

ਬਿਨਾਂ ਹੋਰ ਹੋਰ ਕੁਝ ਨਹੀਂ ਹਨ ।

ਹੁਣ ਇਹ ਵੇਖਣਾ ਬਹੁਤ ਹੀ ਸਿਖਿਆਦਾਇਕ ਹੋਵੇਗਾ ਕਿ **ਕਿਸ ਨੇ** ਵਿਸ਼ੇਸ਼ ਤੌਰ ਤੇ ਇਹ ਪ੍ਰੋਗਰਾਮ ਨੇਪਰੇ ਚਾੜ੍ਹਿਆ ਤੇ ਕਿਹੜੇ ਸਾਧਨਾਂ ਨਾਲ ।

ਆਓ, ਅਸੀਂ ਤੱਥਾਂ ਤੇ ਨਜ਼ਰ ਮਾਰੀਏ । 2-3 ਜੁਲਾਈ ਨੂੰ ਲਹਿਰ ਵਧ ਰਹੀ ਸੀ; ਲੋਕ ਸਰਕਾਰ ਦੀ ਬੇਹਰਕਤੀ, ਜੀਵਨ ਦੀਆਂ ਉਚੀਆਂ ਕੀਮਤਾਂ, ਅਚਾਨਕ ਗੜਬੜੀ ਅਤੇ ਹਮਲੇ ਉਤੇ ਗੁੱਸੇ ਵਿਚ ਲੋਹੇ ਲਾਖੇ ਹੋ ਰਹੇ ਸਨ । ਕੇਡਿਟ ਗ਼ੱਦਾਰੀ ਦੀ ਖੇਡ ਖੇਡਦਿਆਂ ਅਤੇ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੂੰ ਇਕ ਅਲਟੀਮੇਟਮ ਪੇਸ਼ ਕਰਦਿਆਂ, ਉਹਨਾਂ ਨੂੰ ਸੱਤਾ ਤੋਂ ਬਿਨਾਂ ਸੱਤਾ ਨਾਲ ਜਕੜਿਆਂ, ਲੋਕਾਂ ਦੀ ਹਾਰ ਤੇ ਗੁੱਸੇ ਲਈ ਮੁੱਲ ਤਾਰਨ ਲਈ ਛੱਡ ਕੇ ਪਿਛਾਂਹ ਹਟ ਗਏ ।

2-3 ਜੁਲਾਈ ਨੂੰ ਬਾਲਸ਼ਵਿਕ ਜਨਸਮੂਹਾਂ ਨੂੰ ਕਾਰਵਾਈ ਕਰਨ ਤੋਂ ਰੋਕਣ ਦਾ ਯਤਨ ਕਰ ਰਹੇ ਸਨ । ਇਸ ਗੱਲ ਨੂੰ **ਦਾਈਲੋ ਨਾਰੋਦਾ** ਤੋਂ ਇਕ ਮੌਕੇ ਦੇ ਗਵਾਹ ਵਲੋਂ **ਵੀ** ਪ੍ਰਵਾਨ ਕੀਤਾ ਗਿਆ ਹੈ, ਜਿਸ ਨੇ ਦੋ ਜੁਲਾਈ ਨੂੰ ਗਰੇਂਡੀਅਰ ਰਜਮੈਂਟ ਵਿਚ ਜੋ **ਕੁਝ** ਵਾਪਰਿਆ ਉਸ ਦੀ ਰੀਪੋਰਟ ਕੀਤੀ ਸੀ । ਤਿੰਨ ਜੁਲਾਈ ਦੀ ਸ਼ਾਮ ਨੂੰ ਲਹਿਰ ਆਪਣੇ ਕੰਢਿਆਂ ਦੇ ਉਤੋਂ ਦੀ ਵਹਿਣ ਲਗੀ ਤੇ ਬਾਲਸ਼ਵਿਕਾਂ ਨੇ ਇਹ ਅਪੀਲ ਤਿਆਰ ਕੀਤੀ ਜਿਸ ਵਿਚ ਇਸ ਗੱਲ ਉਤੇ ਜ਼ੋਰ ਦਿਤਾ ਗਿਆ ਸੀ ਕਿ ਲਹਿਰ ਨੂੰ "ਸ਼ਾਂਤਮਈ ਤੇ ਜਥੇਬੰਦ" ਹੋਣਾ ਚਾਹੀਦਾ ਹੈ । ਚਾਰ ਜੁਲਾਈ ਨੂੰ ਸੱਜੇ ਧੜੇ ਵਲੋਂ ਭੜਕਾਊ ਗੋਲੀਆਂ ਨੇ ਦੋਹਾਂ ਪਾਸਿਆਂ ਉਤੇ ਗੋਲਾਬਾਰੀ ਦੇ ਸਿਕਾਰਾਂ ਦੀ ਗਿਣਤੀ ਵਧਾ ਦਿਤੀ । ਇਹ ਗੱਲ ਦੱਸਣੀ ਚਾਹੀਦੀ ਹੈ ਕਿ ਕਾਰਜਕਾਰਨੀ ਕਮੇਟੀ ਦਾ ਮਾਮਲੇ ਦੀ ਜਾਂਚ ਪੜਤਾਲ ਕਰਨ ਦਾ, ਦਿਨ ਵਿਚ ਦੋ ਵਾਰ ਬੁਲੇਟਨ ਜਾਰੀ ਕਰਨ ਦਾ ਇਕਰਾਰ ਖੋਖਲਾ ਇਕਰਾਰ ਹੀ ਰਿਹਾ । ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾ ਨੇ **ਕੁਝ** ਵੀ ਨਾ ਕੀਤਾ, ਇਥੋਂ ਤਕ ਕਿ ਉਹਨਾ ਨੇ ਦੋਹਾਂ ਪਾਸਿਆਂ ਤੋਂ ਮੋਇਆਂ ਦੀ ਸੂਚੀ ਤਕ ਪ੍ਰਕਾਸ਼ਤ ਨਾ ਕੀਤੀ ।

ਚਾਰ ਜੁਲਾਈ ਦੀ ਰਾਤ ਨੂੰ ਬਾਲਸਵਿਕਾਂ ਨੇ ਇਕ ਅਪੀਲ ਤਿਆਰ ਕੀਤੀ ਜੋ **ਪਰਾਵਦਾ** ਨੇ ਉਸੇ ਰਾਤ ਪ੍ਰਕਾਸ਼ਤ ਕੀਤੀ । ਪਰ ਉਸੇ ਰਾਤ, ਪਹਿਲੀ ਗੱਲ, ਉਲਟ-ਇਨਕਲਾਬੀ ਫੌਜਾਂ ਪੀਤਰੋਗਰਾਦ ਵਿਚ ਪੁਜਣੀਆਂ ਸੁਰੂ ਹੋ ਗਈਆਂ (ਵੇਖਣ ਨੂੰ ਸੋਸ਼ਲਿਸਟ-ਇਨਕਲਾਬੀ ਤੇ ਮੈਨਸਵਿਕਾ ਵਲੋਂ, ਉਨ੍ਹਾਂ ਦੀਆਂ ਸੋਵੀਅਤਾਂ ਵਲੋਂ ਬੁਲਾਉਣ ਤੇ ਜਾਂ ਉਹਨਾਂ ਦੀ ਮਰਜ਼ੀ ਨਾਲ—ਇਕ ਬਹੁਤ ਹੀ "ਨਾਜ਼ਕ" ਨੁਕਤਾ ਜਿਸ ਬਾਰੇ, ਨਿਰਸੰਦੇਹ, ਹੁਣ ਵੀ ਰਾਜ਼ਦਾਰੀ ਰਖੀ ਜਾ ਰਹੀ ਹੈ ਜਦ ਕਿ ਰਾਜ਼ਦਾਰੀ ਦੀ ਉੱਕਾ ਹੀ ਜ਼ਰੂਰਤ ਨਹੀਂ ਰਹੀ !) । ਦੂਜੀ ਗੱਲ, ਕਿ ਉਸੇ ਹੀ ਰਾਤ ਫੌਜਾਂ ਕੇਡਿਟਾਂ ਤੇ ਉਹਨਾਂ ਵਰਗਿਆ ਨੇ, ਪੋਲੋਵਤਸੇਵ ਕਮਾਂਡ ਦੀਆਂ, ਅਤੇ ਜਨਰਲ ਸਟਾਫ਼ ਦੀਆਂ ਹਦਾਇਤਾਂ ਉਤੇ ਸਪੱਸ਼ਟ ਤੌਰ ਤੇ ਅਮਲ ਕਰਦਿਆਂ ਬਾਲਸ਼ਵਿਕਾਂ ਉਤੇ ਛਾਪੇ ਮਾਰਨੇ ਸ਼ੁਰੂ ਕਰ ਦਿਤੇ । 4—5 ਜੁਲਾਈ ਦੀ ਰਾਤ ਨੂੰ **ਪਰਾਵਦਾ** ਦੇ ਦਫਤਰ ਉਤੇ ਛਾਪਾ ਮਾਰਿਆ ਗਿਆ । 5 ਤੇ 6 ਜੁਲਾਈ ਨੂੰ ਇਸ ਦਾ ਛਾਪਾਖਾਨਾ "ਤਰੂਦ" ਨਸ਼ਟ ਕਰ ਦਿਤਾ ਗਿਆ, ਵੋਈਨੋਵ ਨਾਂ ਦਾ ਇਕ ਮਜ਼ਦੂਰ ਛਾਪਾਖਾਨੇ ਤੋਂ **ਲਿਸਤੋਕ "ਪਰਾਵਦੀ"** ਚੁੱਕਣ ਕਰਕੇ ਇਸੇ ਦਿਨ ਕਤਲ ਕਰ ਦਿਤਾ ਗਿਆ; ਬਾਲਸ਼ਵਿਕਾਂ ਦੇ ਘਰਾਂ ਦੀਆਂ ਤਲਾਸ਼ੀਆਂ ਤੇ ਉਹਨਾਂ ਦੀਆਂ ਗਰਿਫਤਾਰੀਆਂ ਕੀਤੀਆਂ ਅਤੇ ਇਨਕਲਾਬੀ ਰਜਮੈਂਟਾਂ ਨੂੰ ਬੇਹਥਿਆਰ ਕਰ ਦਿਤਾ ਗਿਆ ।

ਇਹ ਸਭ ਕੁਝ ਕਿਸ ਨੇ ਅਰੰਭ ਕੀਤਾ ? ਨਾ ਸਰਕਾਰ ਨੇ ਤੇ ਨਾ ਹੀ ਸੋਵੀਅਤ ਨੇ, ਸਗੋਂ ਜਨਰਲ ਸਟਾਫ਼ ਦੇ ਦੁਆਲੇ ਇਕੱਤਰ ਹੋਏ ਉਲਟ-ਇਨਕਲਾਬੀ ਫੌਜੀ ਟੋਲੇ ਨੇ ਅਤੇ "ਜੁਆਬੀ-

ਜਾਸੂਸੀ ਸੇਵਾ" ਦੇ ਨਾਂ ਉਤੇ ਕੰਮ ਕਰਦਿਆਂ, ਪੇਰੇਵੇਰਜ਼ੇਵ ਤੇ ਅਲੇਕਸਿੰਸਕੀ ਦੇ ਝੂਠਾਂ ਨੂੰ ਫੌਜ ਵਿਚ ਹਿਲਜੁਲ ਪੈਦਾ ਕਰਨ ਲਈ ਫੈਲਾਉਂਦਿਆਂ, ਅਰੰਭ ਕੀਤਾ ।

ਸਰਕਾਰ ਗ਼ੈਰ-ਹਾਜ਼ਰ ਹੈ । ਇਸੇ ਤਰ੍ਹਾਂ ਸੋਵੀਅਤਾਂ ਵੀ ਗੈਰ-ਹਾਜ਼ਰ ਹਨ । ਉਹ ਆਪਣੇ ਹੀ ਡਰ ਨਾਲ ਕੰਬੀ ਜਾ ਰਹੀਆਂ ਹਨ, ਜਿਉਂ ਜਿਉਂ ਉਹ ਸੁਨੇਹੇ ਮਗਰੋਂ ਸੁਨੇਹਾ ਪ੍ਰਾਪਤ ਕਰ ਰਹੀਆਂ ਹਨ ਕਿ ਕਜ਼ਾਕ ਆ ਜਾਣਗੇ ਤੇ ਉਹਨਾਂ ਨੂੰ ਨਸ਼ਟ ਕਰ ਦੇਣਗੇ । ਕਾਲਾ ਸੈਂਕੜਾ ਤੇ ਕੇਡਿਟ ਪ੍ਰੈਸ, ਜਿਸ ਨੇ ਬਾਲਸ਼ਵਿਕਾਂ ਦਾ ਪਿੱਛਾ ਕਰਨਾ ਸ਼ੁਰੂ ਕੀਤਾ, ਸੋਵੀਅਤਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਰਿਹਾ ਹੈ ।

ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਨੇ ਆਪਣੇ ਆਪ ਨੂੰ ਆਪਣੀ ਸਮੁੱਚੀ ਨੀਤੀ ਨਾਲ ਪੂਰੀ ਤਰ੍ਹਾਂ ਬੰਨ੍ਹ ਲਿਆ ਹੈ । ਬੱਝੇ ਹੋਣ ਕਾਰਨ ਉਹਨਾਂ ਨੇ ਉਲਟ-ਇਨਕਲਾਬੀ ਫੌਜਾਂ ਨੂੰ ਪੀਤਰੋਗਰਾਦ ਬੁਲਾ ਲਿਆ ਹੈ (ਜਾਂ ਬੁਲਾਉਣਾ ਸਹਾਰ ਲਿਆ ਹੈ) ਅਤੇ ਇਸ ਨੇ ਉਹਨਾਂ ਨੂੰ ਕਿਤੇ ਵਧੇਰੇ ਜਕੜ ਦਿੱਤਾ ਹੈ । ਉਹ ਗੰਦੇ ਉਲਟ-ਇਨਕਲਾਬੀ ਚਲ੍ਹੇ ਦੀ ਤਹਿ ਤੱਕ ਡੁੱਬ ਗਏ ਹਨ । ਉਹਨਾਂ ਨੇ ਡਰਪੋਕ ਹੁੰਦਿਆਂ ਆਪਣਾ ਹੀ ਕਮਿਸ਼ਨ ਤੋੜ ਦਿੱਤਾ ਹੈ ਜੋ "ਬਾਲਸ਼ਵਿਕਾਂ" ਦੇ ਮਾਮਲੇ ਦੀ ਜਾਂਚ ਪੜਤਾਲ ਕਰਨ ਲਈ ਨਿਯੁਕਤ ਕੀਤਾ ਗਿਆ ਸੀ । ਉਹਨਾਂ ਨੇ ਉਲਟ-ਇਨਕਲਾਬੀਆਂ ਦੀ ਥਾਂ ਬਾਲਸ਼ਵਿਕਾ ਨਾਲ ਗ਼ੱਦਾਰੀ ਕੀਤੀ ਹੈ । ਉਹ ਮਾਰੇ ਗਏ ਕੱਜ਼ਾਕਾਂ ਦੇ ਨੜੋਏ ਵਿਚ ਕਮੀਨਗੀ ਨਾਲ ਸ਼ਾਮਲ ਹੋਏ, ਤੇ ਇਸ ਤਰ੍ਹਾ ਉਹਨਾਂ ਨੇ ਉਲਟ-ਇਨਕਲਾਬੀਆਂ ਦੇ ਹੱਥਾਂ ਨੂੰ ਚੁੰਮਿਆ ।

ਉਹ ਪੂਰੀ ਤਰ੍ਹਾਂ ਜਕੜੇ ਗਏ ਹਨ । ਉਹ ਗੰਦੇ ਚਲ੍ਹੇ ਦੀ ਤਹਿ ਤੱਕ ਚਲੇ ਗਏ ਹਨ ।

ਉਹ ਇਸ, ਉਸ ਤੇ ਹੋਰਾਂ ਦੀ ਅਜ਼ਮਾਇਸ਼ ਕਰਦੇ ਹਨ; ਉਹ ਵਜ਼ਾਰਤ ਕੇਰੇਨਸਕੀ ਦੇ ਹਵਾਲੇ ਕਰਦੇ ਹਨ, ਉਹ ਕੇਡਿਟਾਂ ਵੱਲ ਕਾਨੋਸਾ ਜਾਂਦੇ ਹਨ, ਉਹ "ਜੇਮਸਕੀ ਸੋਬੋਰ" ਜਾਂ ਮਾਸਕੋ ਵਿਚ ਉਲਟ-ਇਨਕਲਾਬੀ ਸਰਕਾਰ ਦੀ "ਤਾਜਪੋਸ਼ੀ" ਜਥੇਬੰਦ ਕਰਦੇ ਹਨ । ਕੇਰੇਨਸਕੀ ਪੋਲੋਵਤਸੇਵ ਨੂੰ ਡਿਸਮਿਸ ਕਰਦਾ ਹੈ ।

ਪਰ ਇਹਨਾਂ ਸਾਰੇ ਯਤਨਾਂ ਦਾ ਕੋਈ ਨਤੀਜਾ ਨਹੀਂ ਨਿਕਲਦਾ । ਉਹ ਕਿਸੇ ਵੀ ਤਰ੍ਹਾਂ **ਅਸਲੀ ਹਾਲਤ ਨੂੰ** ਉੱਕਾ ਨਹੀਂ ਬਦਲਦੇ । ਕੇਰੇਨਸਕੀ ਪੋਲੋਵਤਸੇਵ ਨੂੰ ਡਿਸਮਿਸ ਕਰਦਾ ਹੈ ਪਰ ਉਸੇ ਸਮੇਂ ਪੋਲੋਵਤਸੇਵ ਦੇ ਕਦਮਾ ਤੇ ਉਸ ਦੀ ਨੀਤੀ ਨੂੰ ਕਾਨੂੰਨੀ ਦਰਜਾ ਪਰਦਾਨ ਕਰਦਾ ਹੈ; ਉਹ **ਪਰਾਵਦਾ** ਨੂੰ ਬੰਦ ਕਰਦਾ ਹੈ, ਉਹ ਸਿਪਾਹੀਆਂ ਲਈ ਮੌਤ ਦੀ ਸਜ਼ਾ ਲਾਗੂ ਕਰਦਾ ਹੈ, ਉਹ ਮੋਰਚੇ ਉਤੇ ਮੀਟਿੰਗ ਕਰਨ ਉਤੇ ਪਾਬੰਦੀ ਲਾਉਂਦਾ ਹੈ, ਉਹ ਬਾਲਸ਼ਵਿਕਾ ਨੂੰ (ਇਥੋਂ ਤਕ ਕਿ ਕੋਲੋਨਤਾਈ ਨੂੰ ਵੀ !) ਅਲੇਕਸਿੰਸਕੀ ਦੇ ਪਰੋਗਰਾਮ ਅਨੁਸਾਰ ਗਰਿਫਤਾਰ ਕਰਨਾ ਜਾਰੀ ਰੱਖ ਰਿਹਾ ਹੈ ।

ਰੂਸ ਵਿਚ "ਸੰਵਿਧਾਨ ਦਾ ਲੱਛਣ" ਬਹੁਤ ਹੀ ਸਪੱਸ਼ਟਤਾ ਨਾਲ ਸਾਹਮਣੇ ਆ ਰਿਹਾ ਹੈ; ਮੋਰਚੇ ਉਤੇ ਹਮਲਾ ਤੇ ਪਿਛਵਾੜੇ ਵਿਚ ਕੇਡਿਟਾਂ ਨਾਲ ਕੁਲੀਸ਼ਨ ਨੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਨੂੰ ਉਲਟ-ਇਨਕਲਾਬ ਦੇ ਗੰਦੇ ਚਲ੍ਹੇ ਵਿਚ ਸੁੱਟ ਦਿੱਤਾ ਹੈ । **ਅਸਲ ਵਿਚ** ਰਾਜਕੀ ਸੱਤਾ ਉਲਟ-ਇਨਕਲਾਬੀਆਂ, ਫੌਜੀ ਜੁੰਡਲੀ, ਦੇ ਹੱਥਾਂ ਵਿਚ ਜਾ ਰਹੀ ਹੈ । ਕੇਰੇਨਸਕੀ, ਤਸੇਰੇਤਲੀ ਤੇ ਚੇਰਨੋਵ ਦੀ ਸਰਕਾਰ ਇਸ ਲਈ **ਕੇਵਲ ਪਰਦਾ** ਹੀ ਹਨ; ਉਹ ਇਸ ਦੇ ਕਦਮਾਂ, ਕਾਰਵਾਈਆਂ ਲਈ ਨੀਤੀਆਂ ਨੂੰ ਕਾਨੂੰਨੀ ਬਨਾਉਣ ਲਈ ਮਜਬੂਰ ਹਨ ।

ਕੇਡਿਟਾਂ ਤੇ ਕੇਰੇਨਸਕੀ, ਤਸੇਰੇਤੇਲੀ ਤੇ ਚੇਰਨੋਵ ਵਿਚਾਲੇ ਲੈਣ ਦੇਣ ਦਾ ਚਲ ਰਿਹਾ ਝੇੜਾ

ਦੂਜੇ ਦਰਜੇ ਦੀ ਮਹੱਤਤਾ ਰੱਖਦਾ ਹੈ। ਜੇ ਉਹ ਉੱਕਾ ਹੀ ਗ਼ੈਰ-ਜ਼ਰੂਰੀ ਨਹੀਂ। ਇਸ ਲੈਣ ਦੇਣ ਦੇ ਝੇੜੇ ਵਿਚ ਚਾਹੇ ਕੇਡਿਟ ਜਿੱਤਣ ਜਾਂ ਚਾਹੇ ਤਸੇਰੇਤੇਲੀ ਤੇ ਚੇਰਨੋਵ, ਅਸਲ ਸਥਿਤੀ ਉਤੇ ਇਸ ਦਾ ਕੋਈ ਅਸਰ ਨਹੀਂ ਪਵੇਗਾ। ਬੁਨਿਆਦੀ, ਮੁੱਖ ਤੇ ਨਿਰਣਾਇਕ ਤੱਥ ਇਹ ਹੈ ਕਿ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਉਲਟ-ਇਨਕਲਾਬੀਆਂ ਵੱਲ ਝੁੱਕ ਗਏ ਹਨ (ਇਕ ਝੁਕਾਅ ਜੋ 6 ਮਈ ਤੋਂ ਉਹਨਾਂ ਵਲੋਂ ਅਪਣਾਈ ਜਾ ਰਹੀ ਨੀਤੀ ਦਾ ਸਿੱਟਾ ਹੈ)।

ਪਾਰਟੀ ਵਿਕਾਸ ਦਾ ਚੱਕਰ ਪੂਰਾ ਹੋ ਗਿਆ ਹੈ। ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ, 28 ਫਰਵਰੀ ਤੇ 6 ਮਈ ਨੂੰ ਕੇਰੇਨਸਕੀ ਵਿਚ ਉਹਨਾਂ ਦੇ "ਵਿਸ਼ਵਾਸ" ਦੇ ਪ੍ਰਗਟਾਅ ਤੋਂ, ਸਹਿਜੇ ਸਹਿਜੇ ਹੇਠਾਂ ਵੱਲ ਖਿਸਕ ਗਏ ਹਨ ਜਿਸ ਨੇ ਉਹਨਾਂ ਨੂੰ ਉਲਟ-ਇਨਕਲਾਬੀਆਂ ਨਾਲ ਬੰਨ੍ਹ ਦਿੱਤਾ ਅਤੇ ਫਿਰ 5 ਜੁਲਾਈ ਨੂੰ, ਜਦੋਂ ਉਹਨਾਂ ਨੀਵਾਣ ਦੀ ਤਹਿ ਨੂੰ ਛੋਹ ਲਿਆ।

ਇਕ ਨਵੇਂ ਦੌਰ ਦਾ ਅਰੰਭ ਹੋ ਰਿਹਾ ਹੈ। ਉਲਟ-ਇਨਕਲਾਬੀਆ ਦੀ ਜਿੱਤ ਲੋਕਾਂ ਨੂੰ ਸੋਸ਼ਲਿਸਟ-ਇਨਕਲਾਬੀ ਤੇ ਮੈਨਸਵਿਕ ਪਾਰਟੀਆਂ ਤੋਂ ਨਿਰਾਸ਼ ਕਰ ਰਹੀ ਹੈ ਅਤੇ ਜਨਸਮੂਹ ਵਲੋਂ ਇਨਕਲਾਬੀ ਪਰੋਲੇਤਾਰੀਏ ਲਈ ਹਮਾਇਤ ਦੀ ਨੀਤੀ ਅਪਨਾਉਣ ਦਾ ਰਾਹ ਪੱਧਰਾ ਕਰ ਰਹੀ ਹੈ।

26 ਜੁਲਾਈ (8 ਅਗਸਤ), 1917 ਨੂੰ ਲਿਖਿਆ

ਰਾਬੋਚ ਈ ਸੋਲਦਾਤ ਦੇ

11 ਤੇ 12 ਨੰਬਰ ਵਿਚ

4 ਤੇ 5 ਅਗਸਤ, 1917

ਨੂੰ ਪਰਕਾਸ਼ਤ ਹੋਇਆ।

ਬੋਨਾਪਾਰਟਵਾਦ ਦਾ ਅਰੰਭ

ਹੁਣ ਕੇਰੇਨਸਕੀ, ਨੇਕਰਾਸੋਵ, ਅਵਕਸੇਨਤਯੇਵ ਤੇ ਕੰਪਨੀ ਦੀ ਕੈਬਨਿਟ ਬਣ ਗਈ ਹੈ, ਮਾਰਕਸਵਾਦੀਆਂ ਲਈ ਇਹ ਸਭ ਤੋਂ ਵੱਡੀ ਤੇ ਗੰਭੀਰ ਗਲਤੀ ਹੋਵੇਗੀ ਜੇ ਉਹ ਕਥਨੀ ਨੂੰ ਕਰਨੀ, ਛਲ ਕਪਟਪੂਰ ਵਿਖਾਵੇ ਨੂੰ ਹਕੀਕਤ ਜਾਂ ਆਮ ਤੌਰ ਤੇ ਇਕ ਗੰਭੀਰ ਚੀਜ ਸਮਝ ਲੈਣਗੇ।

ਆਓ, ਅਸੀਂ ਇਸ ਮਨੋਰੰਜਨ ਨੂੰ ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਲਈ ਛੱਡ ਦੇਈਏ ਜੋ ਪਹਿਲਾਂ ਹੀ ਬੋਨਾਪਾਰਟਵਾਦੀ ਕੇਰੇਨਸਕੀ ਦੇ ਦੁਆਲੇ ਮਸਖਰਿਆਂ ਦਾ ਰੋਲ ਅਦਾ ਕਰਨ ਤੱਕ ਚਲੇ ਗਏ ਹਨ। ਨਿਰਸੰਦੇਹ, ਚੇਰਨੋਵਾਂ, ਅਵਕਸੇਨਤਯੇਵਾਂ ਤੇ ਤਸੇਰੇਤਲੀਆਂ ਵਲੋਂ ਉਸ ਸਮੇਂ ਉਘੜਵੇਂ ਰੂਪ ਧਾਰਨ ਤੇ ਸੁੰਦਰ ਸ਼ਬਦਾਵਲੀ ਅਰੰਭ ਕਰਨੀ ਬਿਲਕੁਲ ਹੀ ਹਾਸੋਹੀਣੀ ਗੱਲ ਹੈ ਜਦੋਂ ਕੇਰੇਨਸਕੀ, ਸਪੱਸ਼ਟ ਤੌਰ ਤੇ ਕੈਡਿਟਾਂ ਦੇ ਹੁਕਮ ਨਾਲ ਅਜਿਹੀ ਗੁਪਤ ਡਾਇਰੈਕਟਰੀ ਰੱਖਦਾ ਹੈ ਜੋ ਉਸ ਨੇ, ਨੇਕਰਾਸੋਵ, ਤੇਰੇਸਚੇਨਕੋ ਤੇ ਸਾਵਿਨਕੋਵ ਨੇ ਤਿਆਰ ਕੀਤੀ ਹੈ, ਸੰਵਿਧਾਨਕ ਅਸੰਬਲੀ ਤੇ 8 ਜੁਲਾਈ ਦੇ ਐਲਾਨ ਦੋਹਾਂ ਬਾਰੇ ਚੁੱਪ ਸਾਧੀ ਬੈਠਾ ਹੈ, ਲੋਕਾਂ ਨੂੰ ਦਿੱਤੇ ਭਾਸ਼ਣਾਂ ਵਿਚ ਜਮਾਤਾਂ ਦੇ ਪਵਿੱਤਰ ਸੰਗਠਨ ਦਾ ਐਲਾਨ ਕਰਦਾ ਹੈ, ਕੋਰਨੀਲੋਵ ਨਾਲ, ਜਿਸ ਨੇ ਬਹੁਤ ਹੀ ਨੰਗਾ ਅਲਟੀਮੇਟਮ ਪੇਸ਼ ਕੀਤਾ ਹੈ, ਅਜਿਹੀਆਂ ਸ਼ਰਤਾਂ ਉੱਤੇ ਸਮਝੌਤਾ ਕਰਦਾ ਹੈ ਜਿਨ੍ਹਾਂ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਹੈ, ਅਤੇ ਸਾਜਸ਼ੀ ਘਿਰਣਾ ਭਰਪੂਰ ਗਰਿਫਤਾਰੀਆਂ ਦੀ ਨੀਤੀ ਜਾਰੀ ਰੱਖਦਾ ਹੈ।

ਅਜਿਹੇ ਸਮੇਂ ਤੇ, ਚੇਰਨੋਵ ਵਲੋਂ ਮਿਲਿਯੂਕੋਵ ਨੂੰ ਇਕ ਸਾਲਸੀ ਅਦਾਲਤ ਦੇ ਸਾਹਮਣੇ ਪੇਸ਼ ਹੋਣ ਦਾ ਚੈਲੰਜ ਕਰਨਾ, ਅਵਕਸੇਨਤਸੇਵ ਵਲੋਂ ਤੰਗ ਜਮਾਤੀ ਦ੍ਰਿਸ਼ਟੀਕੋਣ ਦੀ ਨਿਰਾਰਥਕਤਾ ਬਾਰੇ ਚੀਕਣਾ, ਜਾਂ ਤਸੇਰੇਤੇਲੀ ਤੇ ਦਾਨ ਵਲੋਂ ਸੋਵੀਅਤ ਦੀ ਕੇਂਦਰੀ ਕਾਰਜ-ਕਰਨੀ ਕਮੇਟੀ ਰਾਹੀਂ ਖੋਖਲੇ ਮਤੇ ਪਾਸ ਕਰਵਾਉਣਾ ਬਿਲਕੁਲ ਮਸਖਰਾਪਣ ਹੈ, ਜਿਹੜੇ ਮਤੇ ਬਿਲਕੁਲ ਹੀ ਬੇ-ਅਰਥ ਵਾਕੰਸ਼ਾਂ ਨਾਲ ਭਰੇ ਹੋਏ ਹਨ, ਮਤੇ ਜੋ ਕੈਡਿਟ ਪਹਿਲੀ ਡੂਮਾ ਨੂੰ ਜ਼ਾਰਸ਼ਾਹੀ ਦੇ ਟਾਕਰੇ ਵਿਚ ਇਸ ਦੀ ਨਿਪੁੰਸਕਤਾ ਦੇ ਅਤੇ ਭੈੜੇ ਸਮੇਂ ਦੇ ਦੌਰਾਨ ਚੇਤੇ ਕਰਾਉਂਦੇ ਹਨ।

ਬਿਲਕੁਲ ਉਸੇ ਤਰ੍ਹਾਂ ਜਿਵੇਂ 1906 ਵਿਚ ਕੈਡਿਟਾਂ ਨੇ ਰੂਸ ਵਿਚ ਜਨਤਕ ਪ੍ਰਤੀਨਿਧਾਂ ਦੀ ਪਹਿਲੀ ਅਸੰਬਲੀ ਨੂੰ ਜਾਰਸ਼ਾਹੀ ਉਲਟ-ਇਨਕਲਾਬ ਦੇ ਟਾਕਰੇ ਵਿਚ ਇਕ ਗੱਲਾਂ ਕਰਨ ਵਾਲਾ ਅਖਾੜਾ ਬਨਾਉਣ ਰਾਹੀਂ ਬੇ-ਪਤ ਕੀਤਾ ਸੀ, ਐਸ. ਆਰ. ਤੇ ਮੈਨਸ਼ਵਿਕਾਂ ਨੇ 1917 ਵਿਚ

ਸੋਵੀਅਤ ਨੂੰ ਵਧ ਰਹੇ ਬੋਨਾਪਾਰਟਵਾਦੀ ਉਲਟ-ਇਨਕਲਾਬ ਦੇ ਟਾਕਰੇ ਵਿਚ ਗੱਲਾਂ ਕਰਨ ਦਾ ਅਖਾੜਾ ਬਨਾਉਣ ਰਾਹੀਂ ਬੇ-ਪਤ ਕੀਤਾ ਹੈ।

ਕੇਰੇਨਸਕੀ ਦੀ ਕੈਬਨਿਟ ਇਕ ਅਜਿਹੀ ਕੈਬਨਿਟ ਹੈ ਜੋ ਨਿਰਸੰਦੇਹ ਬੋਨਾਪਾਰਟਵਾਦ ਵੱਲ ਪਹਿਲੇ ਕਦਮ ਪੁਟ ਰਹੀ ਹੈ।

ਅਸੀਂ ਬੋਨਾਪਾਰਟਵਾਦ ਦੇ ਇਤਿਹਾਸਕ ਚਿੰਨ੍ਹ ਵੇਖਦੇ ਹਾਂ: ਰਾਜਸੀ ਸੱਤਾ ਦੀ, ਜੋ ਹਮਾਇਤ ਲਈ ਫੌਜੀ ਜੁੰਡਲੀ ਉਤੇ (ਫੌਜ ਦੇ ਅੱਤਿ ਭੈੜੇ ਅੰਸ਼ਾਂ ਉਤੇ) ਝੁਕਦੀ ਹੈ, ਦੋ ਵਿਰੋਧੀ ਜਮਾਤਾਂ ਤੇ ਤਾਕਤਾਂ ਵਿਚਾਲੇ, ਜੋ ਵੱਧ ਜਾਂ ਘੱਟ ਇਕ ਦੇ ਬਰਾਬਰ ਹਨ. ਪੈਂਤੜੇਬਾਜ਼ੀ।

ਬੁਰਜੁਆਜ਼ੀ ਤੇ ਪ੍ਰੋਲੇਤਾਰੀਏ ਵਿਚਾਲੇ ਜਮਾਤੀ ਜਦੋ-ਜਹਿਦ ਹੱਦ ਤੱਕ ਪੁਜ ਗਈ ਹੈ ਅਤੇ 20 ਅਤੇ 21 ਅਪ੍ਰੈਲ ਨੂੰ ਤੇ ਇਸੇ ਤਰ੍ਹਾਂ 3-5 ਜੁਲਾਈ ਨੂੰ ਦੇਸ਼ ਗ੍ਰਹਿ-ਯੁੱਧ ਦੀ ਦੰਦੀ ਉਤੇ ਖਲੋਤਾ ਸੀ। ਇਹ ਸਮਾਜਕ-ਆਰਥਕ ਹਾਲਤ ਬੋਨਾਪਾਰਟਵਾਦ ਲਈ ਇਕ ਕਲਾਸੀਕਲ ਅਧਾਰ ਸਿਰਜਦੀ ਹੈ। ਅਤੇ ਫਿਰ ਇਹ ਹਾਲਤ ਹੋਰਾਂ ਨਾਲ ਜੁੜੀ ਹੁੰਦੀ ਹੈ ਜੋ ਬਿਲਕੁਲ ਇਸੇ ਵਰਗੀਆਂ ਹਨ, ਬੁਰਜੁਆਜ਼ੀ ਸੋਵੀਅਤਾਂ ਦੇ ਵਿਰੁਧ ਤਰਲੋਮੱਛੀ ਹੋ ਰਹੀ ਹੈ, ਪਰ ਅਜੇ ਉਹਨਾਂ ਨੂੰ ਤੋੜਨ ਦੀ ਤਾਕਤ ਨਹੀਂ ਰੱਖਦੀ ਜਦ ਕਿ ਸੋਵੀਅਤਾਂ, ਜਿਹਨਾਂ ਨੂੰ ਤਸੇਰੇਤੇਲੀ, ਚੇਰਨੋਵ ਤੇ ਕਮੇਟੀ ਨੇ ਬੇ-ਪਤ ਕਰ ਦਿਤਾ ਹੈ, ਹੁਣ ਬੁਰਜੁਆਜ਼ੀ ਨਾਲ ਗੰਭੀਰ ਟੱਕਰ ਲੈਣ ਦੀ ਤਾਕਤ ਨਹੀਂ ਰਖਦੀਆਂ।

ਜਗੀਰਦਾਰ ਤੇ ਕਿਸਾਨ ਵੀ ਗ੍ਰਹਿ-ਯੁੱਧ ਦੇ ਐਨ ਮੌਕੇ ਤੇ ਉਸ ਤਰ੍ਹਾਂ ਰਹਿੰਦੇ ਹਨ। ਕਿਸਾਨ ਜ਼ਮੀਨ ਤੇ ਅਜ਼ਾਦੀ ਦੀ ਮੰਗ ਕਰਦੇ ਹਨ, ਉਹਨਾਂ ਨੂੰ ਕੇਵਲ ਇਕ ਬੋਨਾਪਾਰਟਵਾਦੀ ਸਰਕਾਰ ਰਾਹੀਂ ਰੋਕਿਆ ਜਾ ਸਕਦਾ ਹੈ ਜੋ ਸਾਰੀਆਂ ਜਮਾਤਾਂ ਨੂੰ ਅਤਿ ਬੇ-ਸ਼ਰਮ ਇਕਰਾਰ, ਕਿਸੇ ਨੂੰ ਵੀ ਪੂਰਾ ਕੀਤੇ ਬਿਨਾਂ, ਕਰਨ ਦੇ ਯੋਗ ਹੈ।

ਇਸ ਵਿਚ ਉਹ ਹਾਲਤ ਵੀ ਸ਼ਾਮਲ ਕਰ ਦਿਓ ਜੋ ਨਿਪਟ ਮੂਰਖ ਹਮਲੇ ਤੇ ਫੌਜੀ ਹਾਰਾਂ ਨੇ ਪੈਦਾ ਕੀਤੀ ਹੈ, ਜਿਸ ਵਿਚ ਦੇਸ਼ ਨੂੰ ਬਚਾਉਣ ਬਾਰੇ ਸੁੰਦਰ ਸ਼ਬਦਾਵਲੀ ਵਿਸ਼ੇਸ਼ ਤੌਰ ਤੇ ਫੈਸ਼ਨਏ-ਬਲ ਹਨ (ਬੁਰਜੁਆਜ਼ੀ ਦੇ ਸਾਮਰਾਜੀ ਪ੍ਰੋਗਰਾਮ ਨੂੰ ਬਚਾਉਣ ਦੀ ਇੱਛਾ ਨੂੰ ਲੁਕਾਉਣ ਲਈ) ਅਤੇ ਬੋਨਾਪਾਰਟ ਦੀ ਸਮਾਜਕ-ਆਰਥਕ ਬਣਤਰ ਦੀ ਇਕ ਪੂਰਨ ਤਸਵੀਰ ਤੁਹਾਡੇ ਸਾਹਮਣੇ ਹੈ।

ਸਾਨੂੰ ਖੋਖਲੀ ਲੱਫਾਜ਼ੀ ਰਾਹੀਂ ਲਾਂਭੇ ਨਹੀਂ ਜਾਣਾ ਚਾਹੀਦਾ। ਸਾਨੂੰ ਇਸ ਵਿਚਾਰ ਰਾਹੀਂ ਕੁਰਾਹੇ ਨਹੀਂ ਪੈਣਾ ਚਾਹੀਦਾ ਕਿ ਸਾਡੇ ਸਾਹਮਣੇ ਅਜੇ ਬੋਨਾਪਾਰਟਵਾਦ ਦੇ ਪਹਿਲੇ ਹੀ ਕਦਮ ਹਨ। ਇਹ ਪਹਿਲੇ ਕਦਮ ਹੀ ਹਨ ਜਿਹਨਾਂ ਨੂੰ ਅਸੀਂ ਸਮਝਣਾ ਹੈ ਤੇ ਯੋਗ ਹੋਣਾ ਚਾਹੀਦਾ ਹੈ ਜੇ ਅਸੀਂ ਆਪਣੇ ਆਪ ਨੂੰ ਬੇਹੂਦਾ ਅਭਾਵਕ ਵਿਅਕਤੀ ਦੀ ਘਟੀਆ ਭਵਿੱਖਬਾਣੀ ਦਾ ਸ਼ਿਕਾਰ ਹੋਇਆ ਨਹੀਂ ਵੇਖਣਾ ਚਾਹੁੰਦੇ ਜਿਹੜਾ ਦੂਜੇ ਕਦਮ ਲਈ ਵਰਲਾਪ ਕਰਦਾ ਹੈ ਜਦ ਕਿ ਪਹਿਲਾ ਕਦਮ ਪੁਟਣ ਵਿਚ ਉਸ ਨੇ ਆਪ ਮੱਦਦ ਕੀਤੀ ਸੀ।

ਸੰਵਿਧਾਨਕ ਭੁਲੇਖਿਆਂ ਨੂੰ ਧਾਰਨ ਕਰਨਾ ਨਿਪਟ ਦੀ ਬੇਹੂਦਾ ਮੂਰਖਤਾ ਹੈ। ਜਿਵੇਂ, ਉਦਾਹਰਣ ਵਜੋਂ ਕਿ ਵਰਤਮਾਨ ਕੈਬਨਿਟ ਸਾਰੀਆਂ ਪਹਿਲੀਆਂ ਨਾਲੋਂ ਨਿਰਸੰਦੇਹ ਵਧਰੇ ਖੱਬੇ ਪੱਖੀ ਹੈ (ਵੇਖੋ **ਇਜ਼ਵੇਸਤੀਆ**), ਕਿ ਸੋਵੀਅਤ ਵਲੋਂ ਸਹੀ ਨੁਕਤਾਚੀਨੀ ਸਰਕਾਰ ਦੀਆਂ ਗਲਤੀਆਂ ਨੂੰ ਦਰੁਸਤ ਕਰ ਸਕਦੀ ਹੈ, ਕਿ ਧੱਕੜਸ਼ਾਹ ਗਰਿਫਤਾਰੀਆਂ ਤੇ ਅਖਬਾਰਾਂ ਦੀ ਬੰਦੀ ਨਿੱਖੜਵੀਆਂ ਘਟਨਾਵਾਂ ਸਨ, ਜਿਹਨਾਂ ਬਾਰੇ ਆਸ ਕਰਨੀ ਚਾਹੀਦੀ ਹੈ ਕਿ ਦੁਬਾਰਾ ਨਹੀਂ ਵਾਪਰਨਗੀਆ, ਜਾਂ ਇਹ ਕਿ ਜ਼ਾਰੂਦਨੀ ਇਕ ਈਮਾਨਦਾਰ ਬੰਦਾ ਹੈ ਅਤੇ ਇਕ ਗਣਰਾਜੀ ਤੇ ਜਮਹੂਰੀ ਰੂਸ ਵਿਚ ਇਕ ਸਹੀ ਤੇ ਯੋਗ ਮੁਕੱਦਮਾ ਸੰਭਵ ਹੈ, ਤੇ ਹਰ ਇਕ ਨੂੰ ਇਸ ਵਿਚ ਪੇਸ਼ ਹੋਣਾ ਚਾਹੀਦਾ

ਹੈ ਤੇ ਇਸ ਤਰ੍ਹਾਂ ਦੇ ਹੋਰ ਭੁਲੇਖੇ ।

ਇਹਨਾਂ ਸੰਵਿਧਾਨਕ ਅਭਾਵਕ ਭੁਲੇਖਿਆਂ ਦੀ ਬੇ-ਹੂਦਗੀ ਇਤਨੀ ਪ੍ਰਤੱਖ ਹੈ ਕਿ ਇਸ ਨੂੰ ਵਿਸ਼ੇਸ਼ ਤੌਰ ਤੇ ਰੱਦ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ ।

ਬੁਰਜੂਆ ਉਲਟ-ਇਨਕਲਾਬ ਦੇ ਵਿਰੁਧ ਜਦੋ-ਜਹਿਦ ਸਿਆਣਪ ਅਤੇ ਚੀਜ਼ਾਂ ਨੂੰ, ਜਿਵੇਂ ਉਹ ਹਨ, ਵੇਖਣ ਦੀ ਤੇ ਉਹਨਾਂ ਬਾਰੇ ਬੋਲਣ ਦੀ ਯੋਗਤਾ ਦੀ ਮੰਗ ਕਰਦੀ ਹੈ ।

ਰੂਸ ਵਿਚ ਬੋਨਾਪਾਰਟਵਾਦ ਕੋਈ ਸਬੱਬੀ ਗੱਲ ਨਹੀਂ ਹੈ ਸਗੋਂ ਇਕ ਨਿਕ-ਬੁਰਜੂਆ ਦੇਸ਼ ਵਿਚ, ਜਿਥੇ ਚੋਖੀ ਵਿਕਸਤ ਸਰਮਾਏਦਾਰੀ ਤੇ ਇਨਕਲਾਬੀ ਪਰੋਲੇਤਾਰੀਆ ਮੌਜੂਦ ਹੈ, ਜਮਾਤੀ ਜਦੋ-ਜਹਿਦ ਦੇ ਵਿਕਾਸ ਦੀ ਉਪਜ ਹੈ। 20 ਤੇ 21 ਅਪ੍ਰੈਲ, 6 ਮਈ, 9 ਤੇ 10 ਜੂਨ, 18 ਤੇ 19 ਜੂਨ ਅਤੇ 3-5 ਜੁਲਾਈ ਵਰਗੇ ਇਤਿਹਾਸਕ ਪੜਾਅ ਅਜਿਹੇ ਉਘੇ ਨਿਸ਼ਾਨ ਹਨ ਜੋ ਸਪੱਸ਼ਟ ਤੌਰ ਤੇ ਦਰਸਾਉਂਦੇ ਹਨ ਕਿ ਬੋਨਾਪਾਰਟਵਾਦ ਦੀਆਂ ਤਿਆਰੀਆਂ ਕਿਵੇਂ ਹੋਈਆਂ। ਇਹ ਸੋਚਣਾ ਬਹੁਤ ਵੱਡੀ ਗਲਤੀ ਹੋਵੇਗੀ ਕਿ ਇਕ ਜਮਹੂਰੀ ਹਾਲਤ ਬੋਨਾਪਾਰਟਵਾਦ ਨੂੰ ਰੱਦ ਕਰਦੀ ਹੈ । ਇਸ ਤੋਂ ਉਲਟ ਕਿ ਐਨ ਅਜਿਹੀ ਹਾਲਤ ਹੈ (ਫਰਾਂਸ ਦੇ ਇਤਿਹਾਸ ਨੇ ਇਸ ਦੀ ਦੋ ਵਾਰ ਤਸਦੀਕ ਕਰ ਦਿਤੀ ਹੈ) ਜਿਸ ਵਿਚ ਬੋਨਾਪਾਰਟਵਾਦ ਪੈਦਾ ਹੁੰਦਾ ਹੈ ।

ਪਰ, ਬੋਨਾਪਾਰਟਵਾਦ ਦੀ ਅਟੱਲਤਾ ਨੂੰ ਸਮਝਣ ਦਾ ਇਹ ਬਿਲਕੁਲ ਅਰਥ ਨਹੀਂ ਹੈ ਕਿ ਇਸ ਦੀ ਅਧੋਗਤੀ ਦੀ ਅਟੱਲਤਾ ਨੂੰ ਭੁਲਾ ਦਿਤਾ ਜਾਵੇ ।

ਜੇ ਅਸੀਂ **ਕੇਵਲ ਇਹੋ** ਆਖੀਏ ਕਿ ਉਲਟ-ਇਨਕਲਾਬ ਨੇ ਰੂਸ ਵਿਚ ਆਰਜ਼ੀ ਤੌਰ ਤੇ ਉਪਰਲਾ ਹੱਥ ਪ੍ਰਾਪਤ ਕੀਤਾ ਹੈ ਤਾਂ ਅਸੀਂ ਮਸਲੇ ਨੂੰ ਟਾਲ ਰਹੇ ਹੋਵਾਂਗੇ ।

ਜੇ ਅਸੀਂ ਬੋਨਾਪਾਰਟਵਾਦ ਦੇ ਮੂਲ ਦਾ ਨਿਰੀਖਣ ਕੀਤਾ ਹੈ, ਤੇ ਨਿਡਰਤਾ ਨਾਲ ਸਚਾਈ ਦਾ ਸਾਹਮਣਾ ਕਰ ਰਹੇ ਹਾਂ, ਜੋ ਮਜ਼ਦੂਰ ਜਮਾਤ ਤੇ ਸਮੁੱਚੇ ਲੋਕਾਂ ਨੂੰ ਦੱਸੀ ਹੈ ਕਿ ਬੋਨਾਪਾਰਟਵਾਦ ਦਾ ਅਰੰਭ ਇਕ ਹਕੀਕਤ ਹੈ, ਇਸ ਲਈ ਸਾਨੂੰ ਬੋਨਾਪਾਰਟਵਾਦ ਨੂੰ ਉਲਟਾਉਣ ਦੀ ਅਸਲੀ ਤੇ ਦ੍ਰਿੜ੍ਹ ਜਦੋ-ਜਹਿਦ ਸ਼ੁਰੂ ਕਰਨੀ ਚਾਹੀਦੀ ਹੈ, ਇਕ ਜਦੋ-ਜਹਿਦ ਜੋ ਇਕ ਵਿਸ਼ਾਲ ਰਾਜਨੀਤਕ ਪੈਮਾਨੇ ਉਤੇ ਛੇੜੀ ਜਾਵੇ ਅਤੇ ਦੂਰ-ਰਸ ਜਮਾਤੀ ਹਿੱਤਾਂ ਉਤੇ ਅਧਾਰਤ ਹੋਵੇ ।

1917 ਵਿਚ ਰੂਸੀ ਬੋਨਾਪਾਰਟਵਾਦ 1799 ਅਤੇ 1849 ਵਿਚ ਫਰਾਂਸੀਸੀ ਬੋਨਾਪਾਰਟ ਦੇ ਅਰੰਭਾਂ ਨਾਲੋਂ ਕਈ ਪੱਖਾਂ ਤੋਂ ਵੱਖਰਾ ਹੈ । ਇਕ ਅਜਿਹਾ ਤੱਥ ਹੈ ਕਿ ਇਨਕਲਾਬ ਦਾ ਇਕ ਵੀ ਜ਼ਰੂਰੀ ਕਾਰਜ ਇਥੇ ਪੂਰੀ ਤਰ੍ਹਾਂ ਨਹੀਂ ਹੋਇਆ । ਜਰਾਇਤੀ ਤੇ ਕੌਮੀ ਸੁਆਲ ਹੱਲ ਕਰਨ ਦੀ ਜਦੋ-ਜਹਿਦ ਅਜੇ ਮਸਿਸ ਜ਼ੋਰ ਪਕੜ ਰਹੀ ਹੈ ।

ਕੇਰੇਨਸਕੀ ਤੇ ਉਲਟ-ਇਨਕਲਾਬੀ ਕੇਡਿਟ, ਜਿਨ੍ਹਾਂ ਨੇ ਉਸ ਨੂੰ ਹੱਥ-ਠੋਕੇ ਵਜੋਂ ਵਰਤਿਆ ਹੈ, ਨਾ ਤਾ ਨਿਸਚਿਤ ਤਰੀਕ ਉੱਤੇ ਸੰਵਿਧਾਨ ਅਸੰਬਲੀ ਬੁਲਾ ਸਕਦੇ ਹਨ, ਨਾ ਉਨਾ ਚਿਰ ਅਗਾਂਹ ਪਾ ਸਕਦੇ ਹਨ ਜਦੋਂ ਤਕ ਦੋਹਾਂ ਹਾਲਤਾਂ ਵਿਚ ਇਨਕਲਾਬ ਨੂੰ ਨਹੀਂ ਵਧਾਇਆ ਜਾਂਦਾ। ਸਾਮਰਾਜੀ ਜੰਗ ਦੇ ਲਮਕਾਅ ਰਾਹੀਂ ਪੈਦਾ ਹੋਈ ਤਬਾਹੀ ਕਿਤੇ ਵਧੇਰੇ ਰਫਤਾਰ ਤੇ ਤਾਕਤ ਨਾਲ ਨੇੜੇ ਆਉਣਾ ਜਾਰੀ ਰਖ ਰਹੀ ਹੈ ।

ਰੂਸੀ ਪਰੋਲੇਤਾਰੀਏ ਦੇ ਅਗਲੇ ਦਸਤੇ ਬਹੁਤਾ ਲਹੂ ਵਹਾਏ ਬਿਨਾਂ ਜੂਨ ਤੇ ਜੁਲਾਈ ਦੇ ਦਿਨਾਂ ਤੋਂ ਉਭਰਨ ਵਿਚ ਸਫਲ ਹੋ ਗਏ। ਪਰੋਲੇਤਾਰੀਆ ਪਾਰਟੀ ਨੂੰ ਉਸ ਜਥੇਬੰਦੀ ਦੇ ਦਾਅ-ਪੇਚ ਤੇ ਰੂਪ ਚੁਣਨ ਦਾ ਹਰ ਅਵਸਰ ਪਰਾਪਤ ਹੈ ਜੋ ਕਿਸੇ ਵੀ ਹਾਲਤ ਵਿਚ ਬੋਨਾ-ਪਾਰਟਵਾਦੀ ਅਫਸਰ ਜਾਬਰਾਂ (ਵੇਖਣ ਨੂੰ ਅਚਾਨਕ) ਨੂੰ ਇਸ ਦੀ ਹੋਂਦ ਖਤਮ ਕਰਨ ਤੇ ਲੋਕਾਂ

ਨੂੰ ਇਸ ਦੇ ਬਾਕਾਇਦਾ ਸਮੇਂ ਤੇ ਖਤਮ ਕਰਨ ਤੋਂ ਰੋਕੇਗਾ।

ਪਾਰਟੀ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਉੱਚੀ ਆਵਾਜ਼ ਵਿਚ ਤੇ ਸਪਸ਼ਟ ਤੌਰ ਤੇ ਦਸੇ ਕਿ ਬੋਨਾਪਾਰਟਵਾਦ ਅਰੰਭ ਹੋ ਰਿਹਾ ਹੈ; ਕਿ ਕੇਰੇਨਸਕੀ, ਅਵਕਸੇਨਤਯੇਵ ਤੇ ਕਮੇਟੀ ਦੀ ਸਰਕਾਰ ਉਲਟ-ਇਨਕਲਾਬੀ ਕੇਡਿਟਾਂ ਤੇ ਫੌਜੀ ਜੁੰਡਲੀ ਲਈ ਮਹਿਜ਼ ਇਕ ਪਰਦਾ ਹੈ, ਜੋ ਇਸ ਸਮੇਂ ਸੱਤਾ ਤੇ ਬਿਰਾਜਮਾਨ ਹੈ ਕਿ ਲੋਕ ਉਨਾ ਚਿਰ ਕੋਈ ਅਮਨ ਨਹੀਂ ਲੈ ਸਕਦੇ, ਕਿਸਾਨ ਜ਼ਮੀਨ ਨਹੀਂ ਲੈ ਸਕਦੇ, ਮਜ਼ਦੂਰ ਅੱਠਾਂ ਘੰਟਿਆਂ ਦਾ ਦਿਨ ਪਰਾਪਤ ਨਹੀਂ ਕਰ ਸਕਦੇ ਤੇ ਭੁੱਖੇ ਰੋਟੀ ਨਹੀਂ ਲੈ ਸਕਦੇ ਜਦੋਂ ਤਕ ਉਲਟ-ਇਨਕਲਾਬ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾਂਦਾ। ਪਾਰਟੀ ਨੂੰ ਇਹ ਕਹਿਣਾ ਚਾਹੀਦਾ ਹੈ ਅਤੇ ਘਟਨਾਵਾਂ ਦੇ ਕੂਚ ਵਿਚ ਹਰ ਕਦਮ ਇਸ ਦੀ ਤਸਦੀਕ ਕਰੇਗਾ।

ਰੂਸ ਇਸ ਸ਼ਾਨਦਾਰ ਰਫਤਾਰ ਨਾਲ ਸਮੁੱਚੇ ਯੁਗ ਵਿਚੋਂ ਗੁਜ਼ਰਿਆ ਹੈ ਜਿਸ ਵਿਚ ਲੋਕਾਂ ਦੀ ਬਹੁ ਗਿਣਤੀ ਨੇ ਨਿਕ-ਬੁਰਜੂਆ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ ਵਿਚ ਆਪਣਾ ਵਿਸ਼ਵਾਸ ਨਾ ਰਖਿਆ। ਅਤੇ ਹੁਣ ਕਿਰਤੀ ਲੋਕਾਂ ਦੀ ਬਹੁ-ਗਿਣਤੀ ਨੇ ਆਪਣੀ ਲਾਈਲਗਤਾ ਦਾ ਭਾਰੀ ਮੁੱਲ ਤਾਰਨਾ ਸ਼ੁਰੂ ਕਰ ਦਿਤਾ।

ਸਾਰੇ ਸੰਕੇਤ ਇਹ ਹਨ ਕਿ ਘਟਨਾਵਾਂ ਦਾ ਕੂਚ ਬੜੀ ਤੇਜ਼ ਰਫਤਾਰ ਨਾਲ ਜਾਰੀ ਹੈ ਅਤੇ ਕਿ ਦੇਸ਼ ਅਗਲੇ ਯੁਗ ਦੇ ਨੇੜੇ ਪੁਜ ਰਿਹਾ ਹੈ, ਜਦੋਂ ਕਿਰਤੀ ਲੋਕਾਂ ਦੀ ਬਹੁ-ਗਿਣਤੀ ਨੂੰ ਆਪਣੀ ਹੋਣੀ ਇਨਕਲਾਬੀ ਪਰੋਲੇਤਾਰੀ ਦੇ ਹੱਥ ਸੌਂਪਣੀ ਪਵੇਗੀ। ਇਨਕਲਾਬੀ ਪਰੋਲੇਤਾਰੀਆ ਸੱਤਾ ਆਪਣੇ ਹੱਥਾਂ ਵਿਚ ਲਏਗਾ ਅਤੇ ਇਕ ਸੋਸ਼ਲਿਸਟ ਇਨਕਲਾਬ ਅਰੰਭ ਕਰੇਗਾ; ਸਾਰੀਆਂ ਔਕੜਾਂ ਤੇ ਵਿਕਾਸ ਦੇ ਸੰਭਵ ਵਿੰਗ-ਵਲੇਵਿਆਂ ਦੇ ਬਾਵਜੂਦ ਇਹ ਸਾਰੇ ਅਗਾਂਹ ਵਧੂ ਦੇਸ਼ਾਂ ਦੇ ਮਜ਼ਦੂਰਾਂ ਨੂੰ ਇਨਕਲਾਬ ਵਿਚ ਖਿਚ ਲਿਆਵੇਗਾ ਅਤੇ ਜੰਗ ਤੇ ਸਰਮਾਏਦਾਰੀ ਦੋਹਾਂ ਨੂੰ ਹਰਾਏਗਾ।

ਰਾਬੋਚੀ ਈ. ਸੋਲਦਾਤ ਨੰਬਰ 6.
29 ਜੁਲਾਈ, 1917

ਇਨਕਲਾਬ ਦੇ ਸਬਕ

ਹਰ ਇਕ ਇਨਕਲਾਬ ਲੋਕਾਂ ਦੀ ਵਡੀ ਗਿਣਤੀ ਦੇ ਜੀਵਨ ਵਿਚ ਤਿੱਖਾ ਮੋੜ ਲਿਆਉਂਦਾ ਹੈ। ਜਿੰਨਾ ਚਿਰ ਅਜਿਹੇ ਮੋੜ ਲਈ ਹਾਲਾਤ ਪੱਕ ਨਾ ਚੁਕੇ ਹੋਣ, ਕੋਈ ਇਨਕਲਾਬ ਅਸਲੀ ਹੋ ਨਹੀਂ ਸਕਦਾ। ਜਿਵੇਂ ਕਿਸੇ ਵਿਅਕਤੀ ਦੇ ਜੀਵਨ ਵਿਚ ਕੋਈ ਮੋੜ ਉਸ ਨੂੰ ਬੜਾ ਕੁਝ ਸਿਖਾਉਂਦਾ ਅਤੇ ਭਰਪੂਰ ਤਜਰਬੇ ਤੇ ਵਡੀ ਭਾਵਕ ਸ਼ਕਤੀ ਪਰਦਾਨ ਕਰਦਾ ਹੈ, ਇਸੇ ਤਰ੍ਹਾਂ ਇਨਕਲਾਬ ਥੋੜ੍ਹੇ ਜਿਹੇ ਸਮੇਂ ਵਿਚ ਸਮੁੱਚੀ ਲੋਕਾਈ ਨੂੰ ਬੜੇ ਵਡੇ ਤੇ ਕੀਮਤੀ ਸਬਕ ਸਿਖਾਉਂਦਾ ਹੈ।

ਇਨਕਲਾਬ ਦੌਰਾਨ ਕਰੋੜਾਂ ਲੋਕ ਇਕ ਹਫਤੇ ਵਿਚ ਹੀ ਸਾਧਾਰਨ, ਨਿੰਦਰਾਲੀ ਜ਼ਿੰਦਗੀ ਦੇ ਇਕ ਵਰ੍ਹੇ ਨਾਲੋਂ ਵਧੇਰੇ ਕੁਝ ਸਿਖ ਲੈਂਦੇ ਹਨ ਕਿਉਂਕਿ ਸਮੁੱਚੇ ਲੋਕਾਂ ਦੇ ਜੀਵਨ ਵਿਚ ਤਿੱਖੇ ਮੋੜ ਦੇ ਸਮੇਂ ਇਹ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ ਕਿ ਲੋਕਾਂ ਦੀਆਂ ਵਖੋ ਵਖ ਜਮਾਤਾ ਕਿਸ ਨਿਸ਼ਾਨੇ ਵਲ ਵਧ ਰਹੀਆਂ ਹਨ, ਉਹਨਾਂ ਦੀ ਸ਼ਕਤੀ ਕਿੰਨੀ ਕੁ ਹੈ, ਉਹ ਸਾਧਨ ਕਿਹੜੇ ਵਰਤਦੀਆਂ ਹਨ।

ਜਮਾਤੀ ਤੌਰ ਤੇ ਚੇਤੰਨ ਹਰ ਕਿਰਤੀ, ਕਿਸਾਨ ਤੇ ਫੌਜੀ ਨੂੰ ਰੂਸੀ ਇਨਕਲਾਬ ਦੇ ਸਬਕਾਂ ਵਲ ਪੂਰੀ ਤਰ੍ਹਾਂ ਧਿਆਨ ਦੇਣਾ ਚਾਹੀਦਾ ਹੈ, ਖਾਸ ਤੌਰ ਤੇ ਹੁਣ, ਜੁਲਾਈ ਦੇ ਅੰਤ ਵਿਚ, ਜਦੋਂ ਕਿ ਇਹ ਬਿਲਕੁਲ ਸਪੱਸ਼ਟ ਹੋ ਚੁਕਾ ਹੈ ਕਿ ਸਾਡੇ ਇਨਕਲਾਬ ਦਾ ਪਹਿਲਾ ਪੜਾਅ ਅਸਫਲ ਰਿਹਾ ਹੈ।

(1)

ਆਓ, ਅਸੀਂ ਵੇਖੀਏ ਕਿ ਕਿਰਤੀਆਂ ਤੇ ਕਿਸਾਨਾਂ ਨੇ ਜਦੋਂ ਇਨਕਲਾਬ ਕੀਤਾ ਉਦੋਂ ਹਕੀਕਤ ਵਿਚ ਉਹ ਕਿਸ ਚੀਜ਼ ਲਈ ਯਤਨ ਕਰ ਰਹੇ ਸਨ। ਉਹ ਇਨਕਲਾਬ ਤੋਂ ਕੀ ਉਮੀਦ ਰਖਦੇ ਸਨ ? ਜਿਵੇਂ ਕਿ ਅਸੀਂ ਜਾਣਦੇ ਹਾਂ ਉਹ ਆਜ਼ਾਦੀ, ਅਮਨ, ਰੋਟੀ ਤੇ ਜ਼ਮੀਨ ਦੀ ਆਸ ਰਖਦੇ ਸਨ।

ਪਰ ਹੁਣ ਅਸੀਂ ਕੀ ਵੇਖਦੇ ਹਾਂ ?

ਆਜ਼ਾਦੀ ਦੀ ਥਾਂ ਪੁਰਾਣੀ ਹਨੇਰ-ਗਰਦੀ ਵਾਪਸ ਆ ਰਹੀ ਹੈ। ਮੋਰਚੇ ਉਤੇ ਫੌਜੀਆਂ ਲਈ ਮੌਤ ਦੀ ਸਜ਼ਾ ਲਾਗੂ ਕੀਤੀ ਜਾ ਰਹੀ ਹੈ। ਜ਼ਮੀਨੀ ਜਾਇਦਾਦਾਂ ਉਤੇ ਅਣ-ਅਧਿਕ੍ਰਤ ਕਬਜ਼ੇ ਪਿਛੇ

ਕਿਸਾਨਾਂ ਨੂੰ ਸਜ਼ਾਵਾਂ ਦਿਤੀਆਂ ਜਾ ਰਹੀਆਂ ਹਨ। ਕਿਰਤੀਆਂ ਦੇ ਅਖਬਾਰਾਂ ਦੇ ਛਾਪੇਖਾਨਿਆ ਉਪਰ ਧਾਵੇ ਕੀਤੇ ਜਾ ਰਹੇ ਹਨ। ਮਜ਼ਦੂਰਾਂ ਦੇ ਅਖਬਾਰ ਬਿਨਾਂ ਮੁਕੱਦਮਾ ਚਲਾਏ ਬੰਦ ਕੀਤੇ ਜਾ ਰਹੇ ਹਨ। ਆਮ ਤੌਰ ਤੇ ਬਿਨਾਂ ਕਿਸੇ ਵੀ ਦੋਸ ਤੋਂ ਜਾ ਨਿਰੋਲ ਘੜੇ ਹੋਏ ਦੋਸ਼ਾਂ ਦੇ ਆਧਾਰ ਤੇ ਬਾਲਸ਼ਵਿਕਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ।

ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਬਾਲਸ਼ਵਿਕਾ ਉਪਰ ਮੁਕੱਦਮੇ ਚਲਾਉਣ ਨਾਲ ਆਜ਼ਾਦੀ ਦੀ ਉਲੰਘਣਾ ਨਹੀਂ ਹੁੰਦੀ ਕਿਉਂਕਿ ਕੁਝ ਵਿਅਕਤੀਆ ਉਪਰ ਕੁਝ ਦੋਸ਼ਾ ਦੇ ਆਧਾਰ ਉਤੇ ਮੁਕੱਦਮਾ ਚਲਾਇਆ ਜਾ ਰਿਹਾ ਹੈ। ਪਰ ਅਜਿਹੀ ਦਲੀਲ ਜਾਣਿਆ-ਬੁਝਿਆ ਤੇ ਪ੍ਰਤੱਖ ਝੂਠ ਹੋਵੇਗੀ ਕਿਉਂਕਿ ਵਿਅਕਤੀਆਂ ਦੇ ਜੁਰਮਾ ਬਦਲੇ, ਜੇਕਰ ਉਹਨਾ ਵਿਰੁਧ ਦੋਸ਼ ਕਾਨੂੰਨ ਦੀ ਅਦਾਲਤ ਵਿਚ ਸਾਬਤ ਵੀ ਹੋ ਜਾਣ, ਕੋਈ ਛਾਪੇਖਾਨਿਆ ਨੂੰ ਕਿਵੇਂ ਭੰਨ ਸਕਦਾ ਤੇ ਅਖਬਾਰਾ ਨੂੰ ਕਿਵੇਂ ਬੰਦ ਕਰ ਸਕਦਾ ਹੈ? ਇਹ ਹੋਰ ਗੱਲ ਹੁੰਦੀ ਜੇਕਰ ਸਰਕਾਰ ਨੇ ਬਾਲਸਵਿਕਾਂ ਦੀ ਸਮੁੱਚੀ ਪਾਰਟੀ, ਉਹਨਾਂ ਦੇ ਰੁਝਾਣ ਤੇ ਵਿਚਾਰਾ ਨੂੰ ਕਾਨੂੰਨੀ ਤੌਰ ਤੇ ਦੋਸੀ ਕਰਾਰ ਦਿਤਾ ਹੁੰਦਾ। ਪਰ ਹਰ ਕੋਈ ਜਾਣਦਾ ਹੈ ਕਿ ਆਜ਼ਾਦ ਰੂਸ ਦੀ ਸਰਕਾਰ ਨਾ ਇਹ ਕੁਝ ਕਰ ਸਕਦੀ ਸੀ ਤੇ ਨਾ ਹੀ ਉਸ ਨੇ ਇਹ ਕੁਝ ਕੀਤਾ।

ਜੋ ਗੱਲ ਮੁੱਖ ਤੌਰ ਤੇ ਬਾਲਸਵਿਕਾ ਦੇ ਵਿਰੁਧ ਦੋਸ਼ਾ ਦੇ ਊਜ-ਭਰਪੂਰ ਖਾਸੇ ਨੂੰ ਨੰਗਾ ਕਰਦੀ ਹੈ ਉਹ ਇਹ ਹੈ ਕਿ ਭੋਂ-ਪਤੀਆਂ ਤੇ ਪੂੰਜੀਪਤੀਆ ਦੀਆ ਅਖਬਾਰਾ ਜੰਗ ਵਿਰੁਧ ਅਤੇ ਭੋਂ-ਪਤੀਆਂ ਤੇ ਪੂੰਜੀਪਤੀਆਂ ਵਿਰੁਧ ਬਾਲਸਵਿਕਾ ਦੇ ਸੰਘਰਸ ਕਾਰਨ ਉਹਨਾ ਨੂੰ ਅੰਧਾ ਧੁੰਦ ਗਾਲ੍ਹਾ ਦਿੰਦੀਆਂ ਸਨ ਤੇ ਉਦੋਂ ਵੀ ਜਦੋਂ ਅਜੇ ਕਿਸੇ ਵਲੋਂ ਵੀ ਬਾਲਸਵਿਕਾ ਵਿਰੁਧ ਕੋਈ ਝੂਠਾ ਦੋਸ ਨਹੀਂ ਸੀ ਘੜਿਆ ਗਿਆ, ਬਾਲਸਵਿਕਾ ਨੂੰ ਗ੍ਰਿਫਤਾਰ ਕਰਨ ਤੇ ਉਹਨਾ ਉਪਰ ਮੁਕੱਦਮੇ ਚਲਾਉਣ ਦੀ ਮੰਗ ਕਰਦੀਆ ਸਨ।

ਲੋਕ ਅਮਨ ਚਾਹੁੰਦੇ ਹਨ। ਤਦ ਵੀ ਆਜਾਦ ਰੂਸ ਦੀ ਇਨਕਲਾਬੀ ਸਰਕਾਰ ਨੇ ਸਾਬਕ ਜ਼ਾਰ ਨਿਕੋਲਸ ਦੂਜੇ ਦੀਆ ਬਰਤਾਨਵੀ ਤੇ ਫਰਾਂਸੀਸੀ ਪੂੰਜੀਪਤੀਆ ਨਾਲ ਕੀਤੀਆ ਉਹਨਾ ਦੀਆਂ ਗੁਪਤ ਗੰਧੀਆਂ ਦੇ ਆਧਾਰ ਉਪਰ ਇਲਾਕੇ ਜਿੱਤਣ ਦੀ ਜੰਗ ਮੁੜ ਜਾਰੀ ਕਰ ਦਿਤੀ ਹੈ ਤਾ ਜੋ ਰੂਸੀ ਪੂੰਜੀਪਤੀ ਦੂਜੀਆ ਕੌਮਾ ਦਾ ਲਹੂ ਚੂਸ ਸਕਣ। ਇਹ ਗੁਪਤ ਸੰਧੀਆ ਅਜੇ ਤਕ ਅਣਛਪੀਆ ਪਈਆ ਹਨ। ਆਜ਼ਾਦ ਰੂਸ ਦੀ ਸਰਕਾਰ ਬਹਾਨੇਬਾਜੀ ਉਤੇ ਉਤਰ ਆਈ ਹੈ ਅਤੇ ਹੁਣ ਤਕ ਇਸ ਨੇ ਸਭਨਾਂ ਕੌਮਾਂ ਅਗੇ ਨਿਆ-ਭਰੇ ਅਮਨ ਦੀ ਤਜਵੀਜ ਨਹੀਂ ਰਖੀ।

ਰੋਟੀ ਕੋਈ ਨਹੀਂ। ਕਾਲ ਮੁੜ ਨੇੜੇ ਆ ਰਿਹਾ ਹੈ। ਹਰ ਕੋਈ ਜਾਣਦਾ ਹੈ ਕਿ ਪੂੰਜੀਪਤੀ ਅਤੇ ਅਮੀਰ ਜੰਗੀ ਭੁਗਤਾਣ ਦੇ ਨਾਅ ਉਪਰ (ਜੰਗ ਕੌਮ ਸਿਰ ਹਰ ਦਿਨ ਪੰਜ ਕਰੋੜ ਰੂਬਲ ਦਾ ਖਰਚ ਪਾ ਰਹੀ ਹੈ) ਨਿਰਸੰਕੋਚ ਖਜ਼ਾਨੇ ਨੂੰ ਲੁਟ ਰਹੇ ਹਨ, ਅਤੇ ਉਹ ਉਚੇਰੀਆ ਕੀਮਤਾ ਦੁਆਰਾ ਅਥਾਹ ਮੁਨਾਫਿਆ ਵਿਚ ਖੇਡ ਰਹੇ ਹਨ ਜਦ ਕਿ ਵਸਤਾ ਦੀ ਉਪਜ ਤੇ ਵੰਡ ਉਪਰ ਮਜਦੂਰਾ ਦਾ ਅਸਰਦਾਇਕ ਕੰਟਰੋਲ ਸਥਾਪਤ ਕਰਨ ਲਈ ਕੁਝ ਨਹੀਂ ਕੀਤਾ ਗਿਆ। ਪੂੰਜੀਪਤੀ ਹਰ ਰੋਜ ਵਧੇਰੇ ਨੰਗੇ ਚਿਟੇ ਹੋ ਰਹੇ ਹਨ, ਉਹ ਉਸ ਸਮੇਂ ਮਜਦੂਰਾ ਨੂੰ ਬੇਕਾਰ ਕਰ ਰਹੇ ਹਨ ਜਦੋਂ ਲੋਕ ਥੁੜਾ ਦਾ ਸਿਕਾਰ ਹਨ।

ਹਰ ਕਾਗਰਸ ਵਿਚ ਕਿਸਾਨਾ ਦੀ ਵਿਸ਼ਾਲ ਬਹੁ-ਸੰਮਤੀ ਨੇ ਉੱਚੀ ਆਵਾਜ ਵਿਚ ਤੇ ਸਾਫ ਤੌਰ ਤੇ ਐਲਾਨ ਕੀਤਾ ਹੈ ਕਿ ਜਮੀਨੀ ਮਲਕੀਅਤ ਬੇਇਨਸਾਫੀ ਤੇ ਠੱਗੀ ਹੈ। ਇਸੇ ਦੌਰਾਨ ਇਕ ਅਜੇਹੀ ਸਰਕਾਰ, ਜੋ ਆਪਣੇ ਆਪ ਨੂੰ ਇਨਕਲਾਬੀ ਤੇ ਜਮਹੂਰੀ ਆਖਦੀ ਹੈ, ਕਿਸਾਨਾ ਨੂੰ ਮਹੀਨਿਆ

ਤੋਂ ਅਤਿਅੰਤ ਮੁਸ਼ਕਲਾਂ ਵਿਚੋਂ ਦੀ ਲੰਘਾਉਂਦੀ ਆਈ ਹੈ ਅਤੇ ਉਹਨਾਂ ਨੂੰ ਇਕਰਾਰਾਂ ਰਾਹੀਂ ਤੇ ਭਮਕਾਉਣ ਰਾਹੀਂ ਧੋਖਾ ਦਿੰਦੀ ਆਈ ਹੈ। ਕਈ ਮਹੀਨਿਆਂ ਤਕ ਪੂੰਜੀਪਤੀਆਂ ਨੇ ਮੰਤਰੀ ਚੇਰਨੋਵ ਨੂੰ ਜ਼ਮੀਨ ਦੀ ਖਰੀਦ ਅਤੇ ਵਿੱਕਰੀ ਦੀ ਮਨਾਹੀ ਦਾ ਕਾਨੂੰਨ ਜਾਰੀ ਕਰਨ ਤੋਂ ਰੋਕੀ ਰਖਿਆ। ਜਦੋਂ ਇਹ ਕਾਨੂੰਨ ਆਖਰ ਪਾਸ ਹੋ ਗਿਆ ਤਾਂ ਪੂੰਜੀਪਤੀਆਂ ਚੇਰਨੋਵ ਵਿਰੁਧ ਗੰਦੀ ਊਜ-ਮੁਹਿੰਮ ਆਰੰਭ ਦਿਤੀ, ਜੋ ਹੁਣ ਵੀ ਜਾਰੀ ਹੈ। ਸਰਕਾਰ ਪੂੰਜੀਪਤੀਆਂ ਦਾ ਪੱਖ ਪੂਰਨ ਵਿਚ ਏਨੀ ਨੰਗੀ ਹੋ ਗਈ ਹੈ ਕਿ ਇਹ "ਅਣ-ਅਧਿਕ੍ਰਤ" ਜ਼ਮੀਨ ਦੇ ਕਬਜ਼ਿਆਂ ਬਦਲੇ ਕਿਸਾਨਾਂ ਵਿਰੁਧ ਮੁਕੱਦਮੇ ਆਰੰਭ ਕਰ ਰਹੀ ਹੈ।

ਸੰਵਿਧਾਨਕ ਅਸੈਂਬਲੀ ਤਕ ਉਡੀਕਣ ਲਈ ਆਖ ਕੇ ਉਹ ਕਿਸਾਨਾਂ ਨੂੰ ਉਲਟੇ ਰਾਹ ਪਾ ਰਹੇ ਹਨ। ਐਪਰ ਸੰਵਿਧਾਨਕ ਅਸੈਂਬਲੀ ਦੇ ਸਮਾਗਮ ਨੂੰ ਪੂੰਜੀਪਤੀਆਂ ਵਲੋਂ ਲਗਾਤਾਰ ਅਗੇ ਪਾਇਆ ਜਾ ਰਿਹਾ ਹੈ। ਹੁਣ ਜਦ ਕਿ ਬਾਲਸ਼ਵਿਕਾਂ ਦੇ ਦਬਾਅ ਕਾਰਨ ਇਸ ਦਾ ਸਮਾਗਮ 30 ਸਤੰਬਰ ਨੂੰ ਬੁਲਾਇਆ ਗਿਆ ਹੈ ਤਾਂ ਪੂੰਜੀਪਤੀ "ਅਸੰਭਵ ਤੌਰ ਤੇ" ਥੋੜੇ ਸਮੇਂ ਦੇ ਨੋਟਿਸ ਦੀ ਦੁਹਾਈ ਪਾ ਰਹੇ ਹਨ। ਪੂੰਜੀਪਤੀ ਤੇ ਭੋਂ-ਪਤੀ ਪਾਰਟੀ "ਕੈਡਿਟ", ਜਾਂ "ਪੀਪਲਜ਼ ਫਰੀਡਮ" ਪਾਰਟੀ ਦੇ ਸਭ ਤੋਂ ਵਧ ਪ੍ਰਭਾਵਸ਼ਾਲੀ ਮੈਂਬਰ, ਜਿਵੇਂ ਕਿ ਪਾਨੀਨਾ, ਖੁਲ੍ਹੇ-ਆਮ ਜ਼ੋਰ ਪਾ ਰਹੇ ਹਨ ਕਿ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਜੰਗ ਦੇ ਮੁਕਣ ਤਕ ਪਿੱਛੇ ਪਾ ਦਿਤਾ ਜਾਵੇ।

ਜ਼ਮੀਨ ਦੀ ਗੱਲ ਹੈ ਤਾਂ ਸੰਵਿਧਾਨਕ ਅਸੈਂਬਲੀ ਦੇ ਸਮਾਗਮ ਤਕ ਉਡੀਕੋ। ਸੰਵਿਧਾਨਕ ਅਸੈਂਬਲੀ ਦਾ ਸਮਾਗਮ ਬੁਲਾਉਣ ਦੀ ਗੱਲ ਹੈ ਤਾਂ ਜੰਗ ਦੇ ਖ਼ਤਮ ਹੋਣ ਤਕ ਉਡੀਕੋ। ਜੰਗ ਦੇ ਖ਼ਾਤਮੇ ਦੀ ਗੱਲ ਹੈ ਤਾਂ ਪੂਰਨ ਜਿੱਤ ਤਕ ਉਡੀਕੋ। ਇਸ ਤਰ੍ਹਾਂ ਗੱਲ ਏਥੇ ਜਾ ਪੁੱਜਦੀ ਹੈ। ਪੂੰਜੀਪਤੀ ਤੇ ਭੋਂ-ਪਤੀ ਸਰਕਾਰ ਵਿਚ ਆਪਣੀ ਬਹੁ-ਸੰਮਤੀ ਕਾਰਨ ਕਿਸਾਨਾਂ ਨਾਲ ਸੁਧਾ ਮਖੌਲ ਕਰ ਰਹੇ ਹਨ।

(2)

ਪਰ ਜ਼ਾਰਸ਼ਾਹੀ ਦੇ ਖ਼ਾਤਮੇ ਪਿਛੋਂ ਇਕ ਆਜ਼ਾਦ ਦੇਸ਼ ਵਿਚ ਇਹ ਕੁਝ ਕਿਵੇਂ ਸੰਭਵ ਹੋਇਆ ?

ਇਕ ਗੈਰ-ਆਜ਼ਾਦ ਦੇਸ਼ ਵਿਚ ਲੋਕਾਂ ਉਤੇ ਇਕ ਜ਼ਾਰ ਅਤੇ ਕੁਝ ਮੁੱਠੀ ਭਰ ਭੋਂ-ਪਤੀਆਂ, ਪੂੰਜੀਪਤੀਆਂ ਤੇ ਨੌਕਰਸ਼ਾਹਾਂ ਦਾ ਰਾਜ ਹੁੰਦਾ ਹੈ ਜੋ ਕਿਸੇ ਦੁਆਰਾ ਚੁਣੇ ਗਏ ਨਹੀਂ ਹੁੰਦੇ।

ਇਕ ਆਜ਼ਾਦ ਦੇਸ਼ ਵਿਚ ਲੋਕਾਂ ਉਤੇ ਚੁਣੇ ਹੋਏ, ਖੁਦ ਲੋਕਾਂ ਦੇ ਚੁਣੇ ਹੋਏ ਵਿਅਕਤੀ ਰਾਜ ਕਰਦੇ ਹਨ। ਚੋਣਾ ਸਮੇਂ ਲੋਕ ਆਪਣੇ ਆਪ ਨੂੰ ਪਾਰਟੀਆਂ ਵਿਚ ਵੰਡ ਲੈਂਦੇ ਹਨ, ਵਸੋਂ ਦੀ ਹਰ ਸ਼ਰੇਣੀ ਆਪਣੀ ਪਾਰਟੀ ਬਣਾ ਲੈਂਦੀ ਹੈ। ਉਦਾਹਰਣ ਵਜੋਂ ਭੋਂ-ਪਤੀ ਪੂੰਜੀਪਤੀ, ਕਿਸਾਨ, ਮਜ਼ਦੂਰ, ਸਭ ਵਖਰੀਆਂ ਵਖਰੀਆਂ ਪਾਰਟੀਆਂ ਬਣਾ ਲੈਂਦੇ ਹਨ। ਇਸ ਪ੍ਰਕਾਰ, ਆਜ਼ਾਦ ਦੇਸ਼ਾਂ ਵਿਚ ਇਹਨਾਂ ਪਾਰਟੀਆਂ ਵਿਚਲੇ ਖੁਲ੍ਹੇ ਸੰਘਰਸ਼ ਦੁਆਰਾ ਅਤੇ ਇਹਨਾਂ ਪਾਰਟੀਆਂ ਵਿਚਕਾਰ ਆਜ਼ਾਦਾਨਾ ਸਮਝੌਤੇ ਦੁਆਰਾ ਲੋਕਾਂ ਉਪਰ ਰਾਜ ਹੁੰਦਾ ਹੈ।

27 ਫਰਵਰੀ, 1917 ਨੂੰ ਜ਼ਾਰਸ਼ਾਹੀ ਦੇ ਖ਼ਾਤਮੇ ਪਿਛੋਂ ਕੋਈ ਚਾਰ ਮਹੀਨਿਆਂ ਤਕ ਰੂਸ ਵਿਚ ਇਕ ਆਜ਼ਾਦ ਦੇਸ਼ ਵਜੋਂ ਅਥਵਾ ਆਜ਼ਾਦਾਨਾ ਤੌਰ ਤੇ ਬਣੀਆਂ ਪਾਰਟੀਆਂ ਵਿਚਕਾਰ ਖੁਲ੍ਹੇ ਸੰਘਰਸ਼ ਅਤੇ ਉਹਨਾਂ ਵਿਚਕਾਰ ਆਜ਼ਾਦਾਨਾ ਸਮਝੌਤੇ ਦੁਆਰਾ ਰਾਜ ਚਲਦਾ ਰਿਹਾ। ਇਸ ਲਈ ਰੂਸੀ ਇਨਕਲਾਬ ਦੀ ਪ੍ਰਗਤੀ ਨੂੰ ਸਮਝਣ ਲਈ ਮੁਖੀ ਪਾਰਟੀਆਂ ਦਾ, ਉਹਨਾਂ ਜ਼ਮਾਤੀ ਹਿਤਾਂ ਦਾ,

ਜਿਨ੍ਹਾਂ ਦਾ ਉਹ ਪਾਲਣ ਕਰਦੀਆਂ ਹਨ ਅਤੇ ਉਹਨਾਂ ਸਭਨਾਂ ਦੇ ਪ੍ਰਸਪਰ ਸਬੰਧਾਂ ਦਾ, ਅਧਿਅਨ ਕਰਨਾ ਬਹੁਤ ਜ਼ਰੂਰੀ ਹੈ।

(3)

ਜ਼ਾਰਸ਼ਾਹੀ ਦੇ ਖਾਤਮੇ ਪਿਛੋਂ ਰਾਜ ਸੱਤਾ ਬੁਰਜੁਆਜ਼ੀ, ਅਥਵਾ ਪੂੰਜੀਪਤੀਆਂ ਜਿਨ੍ਹਾਂ ਨਾਲ ਭੋਂ-ਪਤੀ ਰਲ ਗਏ ਸਨ, ਦੇ ਪ੍ਰਤੀਨਿਧਾਂ ਉਪਰ ਆਧਾਰਤ ਅਸਥਾਈ ਸਰਕਾਰ ਦੇ ਹੱਥਾਂ ਵਿਚ ਚਲੀ ਗਈ। ਮੁਖੀ ਪੂੰਜੀਵਾਦੀ ਪਾਰਟੀ "ਕੈਡਿਟ" ਪਾਰਟੀ ਨੂੰ ਬੁਰਜੁਆਜ਼ੀ ਦੀ ਹਾਕਮ ਤੇ ਸਰਕਾਰੀ ਪਾਰਟੀ ਹੋਣ ਦੇ ਨਾਤੇ ਮਾਣ ਵਾਲਾ ਸਥਾਨ ਪ੍ਰਾਪਤ ਸੀ।

ਇਹ ਗਲ ਸਬੱਬੀ ਨਹੀਂ ਕਿ ਇਸ ਪਾਰਟੀ ਨੇ ਸੱਤਾ ਪ੍ਰਾਪਤ ਕਰ ਲਈ, ਭਾਵੇਂ ਕਿ ਪੂੰਜੀ-ਵਾਦੀ ਨਹੀਂ ਸਗੋਂ ਕਿਰਤੀ ਕਿਸਾਨ, ਥਲ ਤੇ ਜਲ ਦੇ ਫੌਜੀ ਹੀ ਜਾਰਸ਼ਾਹੀ ਫੌਜਾ ਦੇ ਵਿਰੁਧ ਲੜੇ ਸਨ ਤੇ ਆਜ਼ਾਦੀ ਲਈ ਉਹਨਾਂ ਨੇ ਹੀ ਆਪਣਾ ਖ਼ੂਨ ਵਹਾਇਆ ਸੀ। ਪੂੰਜੀਵਾਦੀ ਪਾਰਟੀ ਨੇ ਸੱਤਾ ਪ੍ਰਾਪਤ ਕਰ ਲਈ ਤਾਂ ਇਸ ਕਾਰਨ ਕਿ ਪੂੰਜੀਵਾਦੀ ਸ਼ਰੇਣੀ ਪਾਸ ਦੌਲਤ, ਗਿਆਨ ਤੇ ਸੰਗਠਨ ਦੀ ਸ਼ਕਤੀ ਮੌਜੂਦ ਸੀ। 1905 ਤੋਂ ਲੈ ਕੇ, ਅਤੇ ਖਾਸ ਕਰ ਜੰਗ ਦੇ ਦੌਰਾਨ, ਪੂੰਜੀ-ਵਾਦੀਆ ਦੀ ਸਰੇਣੀ ਤੇ ਉਹਨਾ ਨਾਲ ਜੁੜੇ ਭੋਂ-ਪਤੀਆ ਨੇ ਰੂਸ ਵਿਚ ਸੰਗਠਨ ਦੇ ਪੱਖ ਤੋਂ ਬਹੁਤ ਤਰੱਕੀ ਕੀਤੀ ਹੈ।

ਕੈਡਿਟ ਪਾਰਟੀ 1905 ਤੋਂ 1917 ਤਕ ਸਦਾ ਬਾਦਸ਼ਾਹ-ਪ੍ਰਸਤ ਰਹੀ ਹੈ। ਜਾਰਸਾਹੀ ਧੱਕੜਸਾਹੀ ਦੇ ਵਿਰੁਧ ਲੋਕਾਂ ਦੀ ਜਿੱਤ ਪਿਛੋਂ ਇਸ ਨੇ ਆਪਣੇ ਆਪ ਨੂੰ ਜਮਹੂਰੀ ਪਾਰਟੀ ਘੋਸ਼ਿਤ ਕਰ ਦਿਤਾ। ਇਤਿਹਾਸ ਦਾ ਤਜਰਬਾ ਦਰਸਾਉਂਦਾ ਹੈ ਕਿ ਜਦੋਂ ਵੀ ਲੋਕਾਂ ਨੇ ਬਾਦਸ਼ਾਹਤ ਉਪਰ ਫਤਹਿ ਪਾਈ, ਪੂੰਜੀਵਾਦੀ ਪਾਰਟੀਆ ਜਮਹੂਰੀ ਪਾਰਟੀਆਂ ਬਣਨ ਲਈ ਤਿਆਰ ਹੋ ਗਈਆ, ਜਦ ਤਕ ਉਹ ਪੂੰਜੀਵਾਦੀਆਂ ਦੀਆਂ ਵਿਸ਼ੇਸ਼ ਸੁਵਿਧਾਵਾ ਅਤੇ ਲੋਕਾ ਉਪਰ ਉਹਨਾ ਦੀ ਅਮਿਟ ਸਕਤੀ ਨੂੰ ਕਾਇਮ ਰਖ ਸਕਦੀਆਂ ਹੋਣ।

ਕੈਡਿਟ ਪਾਰਟੀ "ਲੋਕਾਂ ਦੀ ਆਜਾਦੀ" ਦੀ ਗੱਲ ਜ਼ਬਾਨੀ ਜਬਾਨੀ ਕਰਦੀ ਹੈ ਪਰ ਅਸਲ ਵਿਚ ਇਹ ਪੂੰਜੀਵਾਦੀਆਂ ਦੇ ਪੱਖ ਵਿਚ ਖਲੋਂਦੀ ਹੈ, ਅਤੇ ਛੇਤੀ ਹੀ ਸਭ ਭੋਂ-ਪਤੀ, ਬਾਦਸ਼ਾਹ-ਪ੍ਰਸਤ ਅਤੇ "ਕਾਲੇ ਸੈਂਕੜੇ" ਇਸ ਦੀ ਹਮਾਇਤ ਉਪਰ ਆ ਗਏ। ਪ੍ਰੈਸ ਤੇ ਚੋਣਾ ਇਸ ਦਾ ਪਰਮਾਣ ਹਨ। ਇਨਕਲਾਬ ਤੋਂ ਪਿਛੋਂ ਸਭ ਬੁਰਜੂਆ ਅਖਬਾਰਾਂ ਤੇ "ਕਾਲ ਸੈਂਕੜੇ" ਪ੍ਰੈਸ ਨੇ ਕੈਡਿਟਾਂ ਨਾਲ ਸੁਰ ਮਿਲਾਉਣੀ ਆਰੰਭ ਦਿਤੀ। ਖੁਲ੍ਹੇ ਤੌਰ ਤੇ ਸਾਹਮਣੇ ਆਉਣ ਦੀ ਹਿੰਮਤ ਨਾ ਕਰਦਿਆਂ ਹੋਇਆ ਸਭ ਬਾਦਸਾਹ-ਪ੍ਰਸਤ ਪਾਰਟੀਆ ਨੇ ਚੋਣਾ ਵਿਚ, ਜਿਵੇਂ ਕਿ ਉਦਾਹਰਣ ਵਜੋਂ ਪੀਤਰੋਗਰਾਦ ਵਿਚ, ਕੈਡਿਟ ਪਾਰਟੀ ਦੀ ਹਮਾਇਤ ਕੀਤੀ।

ਰਾਜ ਸੱਤਾ ਪ੍ਰਾਪਤ ਕਰਨ ਪਿਛੋਂ ਕੈਡਿਟਾ ਨੇ ਜਾਰ ਨਿਕੋਲਸ ਦੂਸਰੇ ਵਲੋਂ, ਜਿਸ ਨੇ ਬਰਤਾਨਵੀ ਤੇ ਫਰਾਂਸੀਸੀ ਪੂੰਜੀਵਾਦੀਆਂ ਨਾਲ ਗੁਪਤ ਲੋਟੂ ਸੰਧੀਆ ਕਰ ਰਖੀਆ ਸਨ, ਆਰੰਭ ਕੀਤੀ ਇਲਾਕੇ ਹਥਿਆਉਣ ਦੀ ਲੋਟੂ ਜੰਗ ਨੂੰ ਜਾਰੀ ਰਖਣ ਦਾ ਪੂਰਾ ਯਤਨ ਕੀਤਾ। ਇਨ੍ਹਾਂ ਸੰਧੀਆਂ ਅਨੁਸਾਰ, ਜਿੱਤ ਦੀ ਹਾਲਤ ਵਿਚ ਰੂਸੀ ਪੂੰਜੀਵਾਦੀਆ ਨੂੰ ਕੁਸਤੁਨਤੁਨੀਆ, ਗਾਲੀਸ਼ੀਆ, ਆਰਮੀਨੀਆ ਇਤਿਆਦਿ ਦੇਣ ਦਾ ਵਚਨ ਦਿਤਾ ਗਿਆ ਸੀ। ਜਿਥੋਂ ਤਕ ਲੋਕਾ ਦਾ ਸੰਬੰਧ ਹੈ, ਕੈਡਿਟਾਂ ਦੀ ਸਰਕਾਰ ਨੇ ਉਹਨਾ ਨੂੰ ਖਾਲੀ ਬਹਾਨਿਆ ਤੇ ਵਾਅਦਿਆ ਨਾਲ ਪਰਚਾਉਣ ਦਾ ਯਤਨ ਕੀਤਾ, ਅਤੇ ਕਿਰਤੀਆਂ ਤੇ ਕਿਸਾਨਾ ਲਈ ਬੁਨਿਆਦੀ ਤੇ ਅਹਿਮ ਮਹੱਤਵ ਦੇ ਸਭ

ਮਾਮਲਿਆਂ ਉਪਰ ਫੈਸਲੇ ਸੰਵਿਧਾਨਕ ਅਸੈਂਬਲੀ ਦਾ ਸਮਾਗਮ ਹੋਣ ਤਕ ਮੁਲਤਵੀ ਕਰ ਦਿਤੇ ਜਦ ਕਿ ਸੰਵਿਧਾਨਕ ਅਸੈਂਬਲੀ ਦੀ ਸਮਾਗਮ ਬੁਲਾਉਣ ਲਈ ਕੋਈ ਤਾਰੀਖ ਵੀ ਨਾ ਮਿਥੀ ਗਈ।

ਆਜ਼ਾਦੀ ਦਾ ਫਾਇਦਾ ਉਠਾ ਕੇ ਲੋਕਾਂ ਆਪਣੇ ਆਪ ਨੂੰ ਆਜ਼ਾਦ ਤੌਰ ਤੇ ਜਥੇਬੰਦ ਕਰਨਾ ਆਰੰਭਿਆ। ਮਜ਼ਦੂਰਾਂ ਤੇ ਕਿਸਾਨਾਂ ਦੀ ਮੁੱਖ ਜਥੇਬੰਦੀ ਸੀ; ਕਿਰਤੀਆਂ, ਫੌਜੀਆਂ ਤੇ ਕਿਸਾਨਾਂ ਦੇ ਪ੍ਰਤੀਨਿਧਾਂ ਦੀਆਂ ਸੋਵੀਅਤਾਂ। ਇਹ ਸੋਵੀਅਤਾਂ ਫਰਵਰੀ ਇਨਕਲਾਬ ਵਿਚ ਹੀ ਬਣਨੀਆਂ ਆਰੰਭ ਹੋ ਗਈਆਂ ਸਨ, ਅਤੇ ਕੁਝ ਹਫਤਿਆਂ ਦੌਰਾਨ ਹੀ ਜਮਾਤੀ ਤੌਰ ਤੇ ਚੇਤੰਨ ਸਭ ਵਿਕਸਤ ਮਜ਼ਦੂਰ ਤੇ ਕਿਸਾਨ ਰੂਸ ਦੇ ਬਹੁਤ ਸਾਰੇ ਵਡੇ ਸਹਿਰਾਂ ਵਿਚ ਅਤੇ ਕਈ ਪੇਂਡੂ ਇਲਾਕਿਆਂ ਵਿਚ ਇਕੱਠੇ ਹੋ ਚੁਕੇ ਸਨ।

ਸੋਵੀਅਤਾਂ ਪੂਰਨ ਆਜ਼ਾਦ ਢੰਗ ਨਾਲ ਚੁਣੀਆਂ ਗਈਆਂ। ਉਹ ਲੋਕਾਂ, ਕਿਰਤੀਆਂ ਤੇ ਕਿਸਾਨਾਂ ਦੀਆਂ ਅਸਲੀ ਜਥੇਬੰਦੀਆਂ ਸਨ। ਉਹ ਲੋਕਾਂ ਦੀ ਵਿਸ਼ਾਲ ਬਹੁ-ਸੰਮਤੀ ਦੀਆਂ ਅਸਲੀ ਜਥੇਬੰਦੀਆਂ ਸਨ। ਫੌਜੀ ਜੁਆਨਾਂ ਦੀ ਵਰਦੀ ਵਿਚ ਕਿਰਤੀ ਕਿਸਾਨ ਹਥਿਆਰਬੰਦ ਸਨ।

ਇਹ ਕਹਿਣ ਦੀ ਲੋੜ ਨਹੀਂ ਕਿ ਸੋਵੀਅਤਾਂ ਪੂਰਨ ਰਾਜ ਸੱਤਾ ਸੰਭਾਲ ਸਕਦੀਆਂ ਸਨ ਤੇ ਉਹਨਾਂ ਨੂੰ ਇਹ ਸੱਤਾ ਸੰਭਾਲਣੀ ਚਾਹੀਦੀ ਸੀ। ਸੰਵਿਧਾਨਕ ਅਸੈਂਬਲੀ ਬੁਲਾਉਣ ਤਕ ਸੋਵੀਅਤਾਂ ਤੋਂ ਬਿਨਾਂ ਰਾਜ ਵਿਚ ਹੋਰ ਕੋਈ ਸੱਤਾ ਨਹੀਂ ਸੀ ਹੋਣੀ ਚਾਹੀਦੀ। ਕੇਵਲ ਤਦ ਹੀ ਸਾਡਾ ਇਨਕਲਾਬ ਸੱਚ-ਮੁਚ ਜਮਹੂਰੀ ਇਨਕਲਾਬ ਹੁੰਦਾ। ਕੇਵਲ ਤਦ ਹੀ ਮਿਹਨਤਕਸ਼ ਲੋਕ, ਜੋ ਸਚ-ਮੁਚ ਅਮਨ ਲਈ ਜਤਨ ਕਰ ਰਹੇ ਹਨ ਅਤੇ ਜਿਨ੍ਹਾਂ ਦਾ ਇਲਾਕੇ ਹਥਿਆਉਣ ਵਾਲੀ ਜੰਗ ਵਿਚ ਕੋਈ ਹਿੱਤ ਨਹੀਂ, ਅਜਿਹੀ ਨੀਤੀ ਉਪਰ ਦ੍ਰਿੜ੍ਹਤਾ ਨਾਲ ਤੇ ਸਖਤੀ ਨਾਲ ਅਮਲ ਕਰਾ ਸਕਦੇ, ਜੋ ਜੰਗ ਨੂੰ ਖਤਮ ਕਰਦੀ ਤੇ ਅਮਨ ਲਿਆਉਂਦੀ। ਕੇਵਲ ਤਦ ਹੀ ਕਿਰਤੀ ਤੇ ਕਿਸਾਨ ਪੂੰਜੀ-ਵਾਦੀਆਂ ਨੂੰ ਨੱਕ ਪਾਉਂਦੇ ਜੋ ਜੰਗ ਤੋਂ "ਅਥਾਹ ਮੁਨਾਫੇ" ਕਮਾ ਰਹੇ ਹਨ ਤੇ ਜਿਨ੍ਹਾਂ ਨੇ ਦੇਸ ਨੂੰ ਤਬਾਹੀ ਤੇ ਭੁੱਖੜੇ ਦੀ ਹਾਲਤ ਵਿਚ ਪੁਚਾ ਦਿਤਾ ਹੈ! ਪਰ ਸੋਵੀਅਤਾਂ ਵਿਚ ਕੇਵਲ ਘਟ-ਸੰਮਤੀ ਪ੍ਰਤੀਨਿਧ ਹੀ ਇਨਕਲਾਬੀ ਮਜ਼ਦੂਰ ਪਾਰਟੀ, ਬਾਲਸ਼ਵਿਕ ਸੋਸ਼ਲ-ਡੈਮੋਕਰੇਟਾਂ ਨਾਲ ਸਨ ਜੋ ਮੰਗ ਕਰਦੇ ਸਨ ਕਿ ਸਾਰੀ ਰਾਜ-ਸੱਤਾ ਸੋਵੀਅਤਾਂ ਨੂੰ ਸੌਂਪ ਦਿਤੀ ਜਾਵੇ। ਸੋਵੀਅਤਾਂ ਦੇ ਬਹੁਸੰਮਤੀ ਮੈਂਬਰ ਮੈਨਸ਼ਵਿਕ ਸੋਸ਼ਲ-ਡੈਮੋਕਰੇਟਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਨਾਲ ਸਨ, ਜੋ ਸੋਵੀਅਤਾਂ ਨੂੰ ਸੱਤਾ ਸੌਂਪਣ ਦੇ ਵਿਰੁਧ ਸਨ। ਬੁਰਜੂਆ ਸਰਕਾਰ ਨੂੰ ਲਾਹੁਣ ਤੇ ਉਸ ਦੀ ਸੋਵੀਅਤਾਂ ਦੀ ਸਰਕਾਰ ਸਥਾਪਤ ਕਰਨ ਦੀ ਥਾਂ ਇਹਨਾਂ ਪਾਰਟੀਆਂ ਨੇ ਬੁਰਜੂਆ ਸਰਕਾਰ ਦੀ ਹਮਾਇਤ ਕਰਨ; ਇਸ ਨਾਲ ਸਮਝੌਤਾ ਕਰਨ ਅਤੇ ਇਸ ਨਾਲ ਸਾਂਝੀ ਸਰਕਾਰ ਬਣਾਉਣ ਉਤੇ ਜ਼ੋਰ ਦਿਤਾ। ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ ਵਲੋਂ, ਜਿਨ੍ਹਾਂ ਨੂੰ ਲੋਕਾਂ ਦੀ ਬਹੁਸੰਮਤੀ ਦਾ ਵਿਸ਼ਵਾਸ ਪ੍ਰਾਪਤ ਸੀ, ਬੁਰਜੁਆਜ਼ੀ ਨਾਲ ਸਮਝੌਤੇ ਦੀ ਨੀਤੀ ਹੀ ਇਨਕਲਾਬ ਦੇ ਪੰਜਾਂ ਮਹੀਨਿਆਂ ਦੀਆਂ ਘਟਨਾਵਾਂ ਦੇ ਵਹਿਣ ਦਾ ਮੁਖ ਤੱਤ ਹੈ।

(4)

ਆਓ, ਅਸੀਂ ਵੇਖੀਏ ਕਿ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦਾ ਬੁਰਜੁਆਜ਼ੀ ਨਾਲ ਸਮਝੌਤਾ ਕਿਵੇਂ ਚਲਿਆ, ਅਤੇ ਫਿਰ ਇਹ ਸਮਝਣ ਦਾ ਯਤਨ ਕਰੀਏ ਕਿ ਲੋਕਾਂ ਦੀ ਬਹੁ-ਸੰਮਤੀ ਕਿਉਂ ਉਹਨਾਂ ਵਿਚ ਵਿਸ਼ਵਾਸ ਰਖਦੀ ਸੀ।

(5)

ਮੈਨਸ਼ਵਿਕਾ ਤੇ ਸੋਸ਼ਲਿਸਟ-ਇਨਕਲਾਬੀਆਂ ਨੇ ਰੂਸੀ ਇਨਕਲਾਬ ਦੇ ਹਰ ਪੜਾਅ ਉਪਰ ਇਕ ਜਾਂ ਦੂਜੇ ਢੰਗ ਨਾਲ ਪੂੰਜੀਵਾਦੀਆਂ ਨਾਲ ਸਮਝੌਤਾ ਕੀਤਾ ਹੈ।

ਫਰਵਰੀ 1917 ਦੇ ਅਖੀਰ ਵਿਚ ਹੀ, ਜਿਉਂ ਹੀ ਜ਼ਾਰਸ਼ਾਹੀ ਦਾ ਤਖਤ ਉਲਟਾਇਆ ਗਿਆ ਤੇ ਲੋਕਾ ਦੀ ਫਤਹਿ ਹੋਈ ਤਾਂ ਪੂੰਜੀਵਾਦੀ ਅਸਥਾਈ ਸਰਕਾਰ ਨੇ ਕੇਰੈਨਸਕੀ ਨੂੰ "ਸੋਸ਼ਲਿਸਟ" ਵਜੋਂ ਸ਼ਾਮਲ ਕਰ ਲਿਆ। ਅਸਲੀਅਤ ਇਹ ਹੈ ਕਿ ਕੇਰੈਨਸਕੀ ਕਦੇ ਵੀ ਸੋਸ਼ਲਿਸਟ ਨਹੀਂ ਰਿਹਾ, ਉਹ ਕੇਵਲ "ਤਰੂਦੋਵਿਕ" ਸੀ, ਅਤੇ ਉਸ ਨੇ ਮਾਰਚ 1917 ਵਿਚ ਹੀ ਆਪਣੇ ਆਪ ਨੂੰ "ਸੋਸਲਿਸਟ-ਇਨਕਲਾਬੀਆਂ" ਵਿਚ ਸਾਮਲ ਕੀਤਾ, ਉਦੋਂ ਜਦੋਂ ਇਹ ਕੁਝ ਕਰਨਾ ਬਿਲਕੁਲ ਸੁਰੱਖਿਅਤ ਤੇ ਕਾਫ਼ੀ ਲਾਹੇਵੰਦਾ ਸੀ। ਕੇਰੈਨਸਕੀ ਰਾਹੀਂ, ਜੋ ਪੀਤਰੋਗਰਾਦ ਸੋਵੀਅਤ ਦਾ ਡਿਪਟੀ ਚੇਅਰਮੈਨ ਸੀ, ਪੂੰਜੀਵਾਦੀ ਅਸਥਾਈ ਸਰਕਾਰ ਨੇ ਸੋਵੀਅਤਾਂ ਉਤੇ ਫੌਰਨ ਕੰਟਰੋਲ ਪ੍ਰਾਪਤ ਕਰਨ ਤੇ ਉਸ ਨੂੰ ਕਮਜ਼ੋਰ ਕਰਨ ਦਾ ਕੰਮ ਵਿਢ ਲਿਆ। ਸੋਵੀਅਤ ਨੇ ਅਥਵਾ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸਵਿਕਾ ਨੇ, ਜੋ ਇਸ ਵਿਚ ਭਾਰੂ ਸਨ, ਅਸਥਾਈ ਸਰਕਾਰ ਬਣਨ ਦੇ ਝੱਟ ਹੀ ਪਿਛੋਂ ਇਸ ਦੀ ਉਸ ਹੱਦ ਤਕ "ਹਮਾਇਤ" ਕਰਨਾ ਪ੍ਰਵਾਨ ਕਰ ਕੇ "ਜਿਸ ਹੱਦ ਤਕ" ਕਿ ਉਹ ਆਪਣੇ ਵਾਅਦੇ ਪੂਰੇ ਕਰੇ, ਆਪਣੇ ਆਪ ਨੂੰ ਕਮਜ਼ੋਰ ਕਰਨ ਦੀ ਆਗਿਆ ਦੇ ਦਿਤੀ।

ਸੋਵੀਅਤ ਆਪਣੇ ਆਪ ਨੂੰ ਅਸਥਾਈ ਸਰਕਾਰ ਦੀਆਂ ਸਰਗਰਮੀਆਂ ਨੂੰ ਜਾਚਣ ਤੇ ਉਸ ਉਪਰ ਕੰਟਰੋਲ ਕਰਨ ਵਾਲੀ ਸੰਸਥਾ ਸਮਝਦੀ ਸੀ। ਸੋਵੀਅਤ ਦੇ ਆਗੂਆ ਨੇ ਸਰਕਾਰ ਨਾਲ ਤਾਲਮੇਲ ਰੱਖਣ ਲਈ ਇਕ "ਤਾਲਮੇਲ ਕਮਿਸਨ" ਸਥਾਪਤ ਕੀਤਾ। ਇਸ ਤਾਲਮੇਲ ਕਮਿਸਨ ਵਿਚ ਸੋਵੀਅਤ ਦੇ ਸੋਸਲਿਸਟ-ਇਨਕਲਾਬੀ ਤੇ ਮੈਨਸ਼ਵਿਕ ਆਗੂਆ ਨੇ ਪੂੰਜੀਵਾਦੀ ਸਰਕਾਰ ਨਾਲ ਲਗਾਤਾਰ ਵਿਚਾਰ ਵਟਾਂਦਰੇ ਕੀਤੇ, ਇਸ ਤਰ੍ਹਾਂ ਸਮਝੋ ਉਹ ਬਿਨਾ ਵਿਭਾਗ ਵਜ਼ੀਰ ਜਾਂ ਗੈਰ-ਸਰਕਾਰੀ ਵਜ਼ੀਰ ਸਨ।

ਇਹ ਹਾਲਤ ਸਾਰਾ ਮਾਰਚ ਤੇ ਲਗਪਗ ਸਾਰਾ ਅਪਰੈਲ ਰਹੀ। ਵੇਲਾ ਲੰਘਾਉਣ ਦੇ ਮੰਤਵ ਨਾਲ ਪੂੰਜੀਵਾਦੀਆਂ ਪਛੇਤ ਪਾਉਣ ਤੇ ਬਹਾਨੇਬਾਜ਼ੀ ਕਰਨ ਦੀ ਨੀਤੀ ਅਰੰਭੀ। ਇਸ ਸਮੇਂ ਦੌਰਾਨ ਪੂੰਜੀਵਾਦੀ ਸਰਕਾਰ ਨੇ ਇਨਕਲਾਬ ਨੂੰ ਅਗੇ ਲਿਜਾਣ ਲਈ ਕੋਈ ਵੀ ਮਹੱਤਵ ਵਾਲਾ ਕਦਮ ਨਾ ਚੁਕਿਆ। ਇਸ ਨੇ ਆਪਣੇ ਸਿੱਧੇ ਤੇ ਫੌਰੀ ਕੰਮ, ਸੰਵਿਧਾਨਕ ਅਸੈਂਬਲੀ ਦਾ ਸਮਾਗਮ ਬੁਲਾਉਣ ਲਈ ਉੱਕਾ ਹੀ ਕੁਝ ਨਾ ਕੀਤਾ। ਇਸ ਨੇ ਸਥਾਨਕ ਸਭਾਵਾ ਵਿਚ ਇਹ ਪ੍ਰਸ਼ਨ ਨਾ ਭੇਜਿਆ ਤੇ ਨਾ ਹੀ ਸੰਵਿਧਾਨਕ ਅਸੈਂਬਲੀ ਦੀ ਤਿਆਰੀ ਦਾ ਕੰਮ ਸੰਭਾਲਣ ਲਈ ਕੋਈ ਕੇਂਦਰੀ ਕਮਿਸ਼ਨ ਸਥਾਪਤ ਕੀਤਾ। ਸਰਕਾਰ ਨੂੰ ਫਿਕਰ ਸੀ ਤਾਂ ਸਿਰਫ ਬਰਤਾਨੀਆਂ ਤੇ ਫਰਾਂਸ ਦੇ ਪੂੰਜੀਵਾਦੀਆ ਨਾਲ ਜ਼ਾਰ ਵਲੋਂ ਕੀਤੀਆਂ ਲੋਟੂ ਅੰਤਰ-ਰਾਸ਼ਟਰੀ ਸੰਧੀਆਂ ਨੂੰ ਚੋਰੀ ਚੋਰੀ ਨਵਿਆਉਣ ਦਾ, ਅਤਿਅੰਤ ਚੌਕਸੀ ਨਾਲ ਇਨਕਲਾਬ ਨੂੰ ਰੋਕਣ ਦਾ ਤੇ ਬਿਨਾਂ ਕੋਈ ਵੀ ਪ੍ਰਣ ਪੂਰਾ ਕਰਨ ਦੇ ਹਰ ਚੀਜ਼ ਦਾ ਪ੍ਰਣ ਕਰਨ ਦਾ। ਤਾਲਮੇਲ ਕਮਿਸ਼ਨ ਵਿਚ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾ ਨੇ ਮੂਰਖਾਂ ਵਾਲਾ ਵਿਵਹਾਰ ਕੀਤਾ ਤੇ ਉਹ ਲੁਭਾਇਮਾਨ ਸ਼ਬਦਾਵਲੀ, ਇਕਰਾਰਾਂ ਤੇ ਹੋਰ ਇਕਰਾਰਾਂ ਨਾਲ ਰਜਾਏ ਜਾਂਦੇ ਰਹੇ। ਇਹ ਲੋਕ-ਕਹਾਣੀ ਵਿਚਲੇ ਦਿਓ ਵਾਂਗ, ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਖੁਸ਼ਾਮਦ ਦਾ ਸ਼ਿਕਾਰ ਬਣ ਗਏ ਅਤੇ ਪੂੰਜੀਵਾਦੀਆਂ ਦੀਆਂ ਇਹਨਾਂ ਯਕੀਨ-ਦਹਾਨੀਆਂ ਨੂੰ ਸੁਣਦੇ ਰਹੇ ਕਿ ਉਹ ਸੋਵੀਅਤਾਂ ਦਾ ਬੜਾ ਮੁੱਲ ਪਾਉਂਦੇ ਹਨ ਤੇ ਉਹਨਾਂ

ਤੋਂ ਬਿਨਾਂ ਇਕ ਵੀ ਕਦਮ ਨਹੀਂ ਚੁਕਦੇ।

ਪਰ ਸਮਾਂ ਗੁਜ਼ਰ ਗਿਆ ਤੇ ਪੂੰਜੀਵਾਦੀ ਸਰਕਾਰ ਨੇ ਇਨਕਲਾਬ ਲਈ ਬਿਲਕੁਲ ਕੁਝ ਵੀ ਨਾ ਕੀਤਾ। ਇਸ ਦੇ ਉਲਟ ਇਸ ਸਮੇਂ ਦੌਰਾਨ ਇਸ ਨੇ ਇਨਕਲਾਬ ਦੇ ਹਿਤਾਂ ਦੇ ਵਿਰੁਧ ਗੁਪਤ ਲੁੱਟੂ ਸੰਧੀਆਂ ਨੂੰ ਨਵਿਆਉਣ, ਜਾਂ ਸ਼ਾਇਦ ਉਹਨਾਂ ਨੂੰ ਦ੍ਰਿੜ੍ਹਾਉਣ ਅਤੇ ਐਂਗਲੋ-ਫਰਾਂਸੀਸੀ ਸਾਮਰਾਜੀ ਡਿਪਲੋਮੈਟਾਂ ਨਾਲ ਹੋਰ ਪੂਰਕ ਤੇ ਗੁਪਤ ਵਿਚਾਰ ਵਟਾਂਦਰਿਆਂ ਰਾਹੀਂ ਹੋਰ ਜਾਨ ਪਾਉਣ ਦਾ ਕੰਮ ਕੀਤਾ : ਇਸ ਸਮੇਂ ਵਿਚਕਾਰ ਇਸ ਨੇ ਇਨਕਲਾਬ ਦੇ ਹਿਤਾਂ ਵਿਰੁਧ ਫੌਜ ਤੇ ਜੰਗ ਦੇ ਮੈਦਾਨ ਵਿਚ ਜਰਨੈਲਾਂ ਤੇ ਅਫਸਰਾਂ ਦੀ ਉਲਟ-ਇਨਕਲਾਬੀ ਜਥੇਬੰਦੀ (ਜਾਂ ਘੱਟੋ ਘੱਟ ਉਹਨਾਂ ਵਿਚਕਾਰ ਮੇਲ ਜੋਲ) ਦੀ ਨੀਂਹ ਰਖੀ। ਇਨਕਲਾਬ ਦੇ ਹਿਤਾਂ ਦੇ ਵਿਰੁਧ ਇਸ ਨੇ ਸਨਅਤਕਾਰਾਂ, ਫੈਕਟਰੀ ਮਾਲਕਾਂ ਦਾ ਸੰਗਠਨ ਅਰੰਭ ਕੀਤਾ, ਜੋ ਮਜ਼ਦੂਰਾਂ ਦੇ ਹੱਲੇ ਕਾਰਨ ਰਿਆਇਤ ਦਰ ਰਿਆਇਤ ਦੇਣ ਲਈ ਮਜਬੂਰ ਤਾਂ ਹੋਏ, ਪਰ ਜੋ ਨਾਲ ਹੀ ਸਮਾਂ ਮਿਲਣ ਉਪਰ ਉਪਜ ਨੂੰ ਸਾਬੋਤਾਜ ਕਰਨ ਤੇ ਇਸ ਨੂੰ ਉਕਾ ਹੀ ਰੋਕ ਦੇਣ ਲਈ ਤਿਆਰ ਹੋਣ ਲਗੇ।

ਐਪਰ ਵਿਕਸਤ ਮਜ਼ਦੂਰਾਂ ਤੇ ਕਿਸਾਨਾਂ ਦੀ ਸੋਵੀਅਤਾਂ ਵਿਚ ਭਰਤੀ ਨੇ ਲਗਾਤਾਰ ਤਰੱਕੀ ਕੀਤੀ। ਦਬੀਆਂ ਕੁਚਲੀਆਂ ਜਮਾਤਾਂ ਦੇ ਪ੍ਰਮੁਖ ਪ੍ਰਤੀਨਿਧਾਂ ਨੇ ਅਨੁਭਵ ਕਰ ਲਿਆ ਕਿ ਸਰਕਾਰ ਤੇ ਪੀਤਰੋਗਰਾਦ ਸੋਵੀਅਤ ਵਿਚਕਾਰ ਸਮਝੌਤੇ ਦੇ ਬਾਵਜੂਦ ਕੇਰੇਨਸਕੀ ਦੇ ਲੱਛੇਦਾਰ ਬਿਆਨਾਂ ਦੇ ਬਾਵਜੂਦ "ਤਾਲਮੇਲ ਕਮਿਸ਼ਨ" ਦੇ ਬਾਵਜੂਦ ਇਹ ਸਰਕਾਰ ਬਦਸਤੂਰ ਲੋਕਾਂ ਦੀ ਅਤੇ ਇਨ-ਕਲਾਬ ਦੀ ਦੁਸ਼ਮਣ ਹੈ। ਲੋਕਾਂ ਨੇ ਅਨੁਭਵ ਕੀਤਾ ਕਿ ਜਿੰਨਾ ਚਿਰ ਪੂੰਜੀਵਾਦੀਆਂ ਦੇ ਵਿਰੋਧ ਨੂੰ ਭੰਨਿਆ ਨਹੀਂ ਜਾਂਦਾ, ਅਮਨ, ਅਜ਼ਾਦੀ ਤੇ ਇਨਕਲਾਬ ਦੇ ਕਾਜ ਨੂੰ ਅਵੱਸ਼ ਭਾਂਜ ਮਿਲੇਗੀ। ਲੋਕਾਂ ਦੀ ਬੇਸਬਰੀ ਤੇ ਤਲਖੀ ਵੱਧਦੀ ਗਈ।

(6)

ਇਹ ਤਲਖੀ 20-21 ਅਪਰੈਲ ਨੂੰ ਫੁੱਟ ਪਈ। ਲਹਿਰ ਆਪਣੇ ਆਪ ਭਬੂਕਾ ਬਣ ਗਈ, ਕਿਸੇ ਨੇ ਇਸ ਲਈ ਭੋਂ ਤਿਆਰ ਨਹੀਂ ਸੀ ਕੀਤੀ। ਲਹਿਰ ਏਨੇ ਪਰਤੱਖ ਰੂਪ ਵਿਚ ਸਰਕਾਰ ਦੇ ਵਿਰੁੱਧ ਸੀ ਕਿ ਇਕ ਪੂਰੀ ਰਜਮੈਂਟ ਵਜ਼ੀਰਾਂ ਨੂੰ ਗ੍ਰਿਫਤਾਰ ਕਰਨ ਲਈ ਮਰਿੰਸਕੀ ਮਹੱਲ ਅੱਗੇ ਆ ਪ੍ਰਗਟ ਹੋਈ। ਹਰ ਇਕ ਨੂੰ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਕਿ ਸਰਕਾਰ ਸੱਤਾ ਕਾਇਮ ਨਹੀਂ ਰੱਖ ਸਕਦੀ। ਸੋਵੀਅਤਾਂ ਕਿਸੇ ਵੀ ਧਿਰ ਵਲੋਂ ਰਤਾ ਵੀ ਵਿਰੋਧ ਤੋਂ ਬਿਨਾਂ ਸੱਤਾ ਪ੍ਰਾਪਤ ਕਰ ਸਕਦੀਆਂ ਹਨ (ਤੇ ਉਹਨਾਂ ਨੂੰ ਪ੍ਰਾਪਤ ਕਰਨੀ ਚਾਹੀਦੀ ਹੈ)। ਇਸ ਦੀ ਥਾਂ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਨੇ ਡਿੱਗ ਰਹੀ ਪੂੰਜੀਵਾਦੀ ਸਰਕਾਰ ਦੀ ਹਮਾਇਤ ਕੀਤੀ, ਆਪਣੇ ਆਪ ਨੂੰ ਸਰਕਾਰ ਨਾਲ ਹੋਰ ਵਧੇਰੇ ਸਮਝੌਤਿਆਂ ਵਿਚ ਫਸਾਇਆ ਤੇ ਅਜਿਹੇ ਕਦਮ ਚੁੱਕੇ ਜੋ ਇਨਕਲਾਬ ਲਈ ਹੋਰ ਵੀ ਜ਼ਿਆਦਾ ਮਾਰੂ ਸਨ, ਜੋ ਇਸ ਨੂੰ ਤਬਾਹ ਕਰਨ ਵਾਲੇ ਸਨ।

ਇਨਕਲਾਬ ਸਭ ਸ਼ਰੇਣੀਆਂ ਨੂੰ ਸਾਧਾਰਨ ਪੁਰਅਮਨ ਸਮਿਆਂ ਦੇ ਟਾਕਰੇ ਕਿਤੇ ਤੇਜ਼ੀ ਨਾਲ ਸੰਪੂਰਨਤਾ ਅਤੇ ਤੇਜ਼ੀ ਨਾਲ ਸੁਸਿੱਖਿਅਤ ਕਰਦਾ ਹੈ। ਪੂੰਜੀਵਾਦੀ, ਜੋ ਜਮਾਤੀ ਘੋਲ ਤੇ ਰਾਜਨੀਤੀ ਦੇ ਮਾਮਲਿਆਂ ਵਿਚ ਹੋਰ ਕਿਸੇ ਨਾਲੋਂ ਵੀ ਵਧੇਰੇ ਚੰਗੀ ਤਰ੍ਹਾਂ ਜਥੇਬੰਦ ਤੇ ਵਧੇਰੇ ਤਜਰਬੇਕਾਰ ਸਨ, ਦੂਜਿਆਂ ਨਾਲੋਂ ਆਪਣਾ ਸਬਕ ਛੇਤੀ ਸਿਖ ਗਏ। ਇਹ ਅਨੁਭਵ ਕਰਦਿਆਂ ਹੋਇਆਂ ਕਿ ਸਰਕਾਰ ਦੀ ਪੁਜ਼ੀਸ਼ਨ ਨਿਰਾਸ਼ਾਜਨਕ ਹੈ, ਉਹਨਾਂ ਨੇ ਉਹ ਢੰਗ ਵਰਤਿਆ ਜਿਸ ਨੂੰ 1848 ਤੋਂ ਲੈ ਕੇ ਕਈ ਦਹਾਕਿਆਂ ਤੋਂ ਦੂਜਿਆਂ ਦੇਸਾਂ ਦੇ ਪੂੰਜੀਪਤੀ ਮਜ਼ਦੂਰਾਂ ਨੂੰ ਉੱਲੂ ਬਣਾਉਣ, ਵੰਡਣ ਤੇ

ਕਮਜ਼ੋਰ ਕਰਨ ਲਈ ਵਰਤਦੇ ਆਏ ਹਨ। ਇਹ ਢੰਗ "ਸਾਂਝੀ" ਸਰਕਾਰ ਵਜੋਂ ਜਾਣਿਆ ਜਾਂਦਾ ਹੈ ਅਥਵਾ ਇਕ ਸਾਂਝਾ ਮੰਤਰੀ ਮੰਡਲ ਜੋ ਬੁਰਜੁਆਜ਼ੀ ਦੇ ਮੈਂਬਰਾਂ ਅਤੇ ਸੋਸ਼ਲਿਜ਼ਮ ਦੇ ਗ਼ੱਦਾਰਾ ਨੂੰ ਮੇਲ ਕੇ ਬਣਾਇਆ ਜਾਂਦਾ ਹੈ।

ਉਹਨਾਂ ਦੇਸ਼ਾਂ ਵਿਚ, ਜਿਨ੍ਹਾਂ ਵਿਚ ਆਜ਼ਾਦੀ ਤੇ ਜਮਹੂਰੀਅਤ ਲੰਮੇ ਸਮੇਂ ਤੋਂ ਇਨਕਲਾਬੀ ਮਜ਼ਦੂਰ ਲਹਿਰ ਦੇ ਨਾਲ ਕਾਇਮ ਰਹੇ ਹਨ, ਬਰਤਾਨੀਆ ਤੇ ਫ਼ਰਾਂਸ ਵਿਚ ਪੂੰਜੀਪਤੀ ਵਾਰ ਵਾਰ ਤੇ ਕਾਮਯਾਬੀ ਨਾਲ ਇਹ ਢੰਗ ਅਪਣਾਉਂਦੇ ਰਹੇ ਹਨ। ਜਦੋਂ "ਸੋਸ਼ਲਿਸਟ" ਆਗੂ ਬੁਰਜੂਆ ਮੰਤਰੀ ਮੰਡਲ ਵਿਚ ਸ਼ਾਮਲ ਹੁੰਦੇ ਉਹ ਹਮੇਸ਼ਾ ਵਿਖਾਵੇ ਦੇ ਮੁੱਖੀ, ਕਠ-ਪੁਤਲੀਆਂ, ਪੂੰਜੀਪਤੀਆਂ ਲਈ ਪਰਦੇ ਅਤੇ ਮਜ਼ਦੂਰਾਂ ਨੂੰ ਠੱਗਣ ਦੇ ਹਥਿਆਰ ਸਾਬਤ ਹੁੰਦੇ ਹਨ ਰੂਸ ਦੇ "ਜਮਹੂਰੀ ਤੇ ਰੀਪਬਲਿਕ" ਪੂੰਜੀਪਤੀਆਂ ਨੇ ਇਹੀ ਢੰਗ ਅਪਣਾਇਆ। ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਛੇਤੀ ਹੀ ਉੱਲੂ ਬਣ ਗਏ ਅਤੇ ਚੇਰਨੋਵ ਤਸੇਰੇਤੇਲੀ ਐਂਡ ਕੰਪਨੀ ਦੀ ਸ਼ਮੂਲੀਅਤ ਨਾਲ ਬਣਿਆ "ਸਾਝਾ" ਮੰਤਰੀ ਮੰਡਲ 6 ਮਈ ਨੂੰ ਹਕੀਕਤ ਬਣ ਗਿਆ।

ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ ਦਾ ਬੁੱਧੂ-ਲਾਣਾ ਬਹੁਤ ਖ਼ੁਸ਼ ਸੀ ਤੇ ਆਪਣੇ ਆਗੂਆ ਦੀ ਵਜ਼ੀਰੀ ਵਾਲੀ ਸ਼ਾਨ ਦੀਆਂ ਸ਼ੁਆਵਾਂ ਵਿਚ ਮੂਰਖਤਾ ਨਾਲ ਟੁੱਭੀਆਂ ਲਾ ਰਹੇ ਸਨ। "ਸੋਵੀਅਤਾ ਦੇ ਆਗੂਆਂ" ਵਰਗੀਆਂ ਸ਼ਖਸੀਅਤਾ ਵਿਚ ਆਪਣੇ ਸਹਾਇਕ ਲੱਭ ਲੈਣ ਕਰਕੇ ਅਤੇ "ਮੋਰਚੇ ਉਪਰ ਚੜ੍ਹਾਈ ਵਾਲੀ ਕਾਰਵਾਈ" ਲਈ ਅਥਵਾ ਸਾਮਰਾਜੀ ਲੁੱਟੂ ਜੰਗ ਨੂੰ ਮੁੜ ਜਾਰੀ ਕਰਨ ਲਈ ਜੋ ਕੁਝ ਸਮੇਂ ਲਈ ਖੜੋਤ ਵਿਚ ਆ ਗਈ ਸੀ, ਹਮਾਇਤ ਪ੍ਰਾਪਤ ਕਰ ਕੇ ਪੂੰਜੀਪਤੀ ਖ਼ੁਸ਼ੀ ਵਿਚ ਆਪਣੇ ਹੱਥਾ ਦੀਆ ਤਲੀਆਂ ਮਲ ਰਹੇ ਸਨ। ਪੂੰਜੀਵਾਦੀ ਇਹਨਾਂ ਆਗੂਆਂ ਦੀ ਫੂਲਾਹਟ-ਭਰੀ ਨਿਪੁੰਸਕਤਾ ਤੋਂ ਜਾਣੂ ਸਨ। ਉਹ ਜਾਣਦੇ ਸਨ ਕਿ ਉਪਜ ਉਤੇ ਕੰਟਰੋਲ ਅਤੇ ਉਪਜ ਦੀ ਜਥੇਬੰਦੀ ਬਾਰੇ ਆਮਦਨ ਦੀ ਨੀਤੀ ਬਾਰੇ ਇਤਿਆਦਿ, ਉਹਨਾ ਦੇ ਇਕਰਾਰ ਕਦ ਵੀ ਪੂਰੇ ਨਹੀਂ ਹੋਣੇ।

ਅਤੇ ਇਹੀ ਕੁਝ ਹੋਇਆ। ਇਨਕਲਾਬ ਦੇ ਵਿਕਾਸ ਦੇ ਦੂਜੇ ਦੌਰ ਨੇ, ਜੋ 6 ਮਈ ਤੋਂ 7 ਜੂਨ ਜਾਂ 18 ਜੂਨ ਤਕ ਚਲਿਆ, ਏਨੀ ਪੂਰੀ ਤਰ੍ਹਾਂ ਪੂੰਜੀਵਾਦੀਆਂ ਦੀਆ ਇਹਨਾਂ ਆਸ਼ਾਵਾ ਦੀ ਪੁਸ਼ਟੀ ਕੀਤੀ ਕਿ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਸਹਿਜ ਨਾਲ ਹੀ ਉੱਲੂ ਬਣਾਏ ਜਾ ਸਕਦੇ ਸਨ।

ਜਿਸ ਸਮੇਂ, ਪੇਸ਼ੇਖੋਨੋਵ ਅਤੇ ਸਕੋਬੇਲੇਵ ਇਸ ਕਿਸਮ ਦੀਆਂ ਰੰਗੀਨ ਤਕਰੀਰਾਂ ਨਾਲ ਕਿ ਪੂੰਜੀਵਾਦੀਆਂ ਦਾ 100% ਮੁਨਾਫ਼ਾ ਉਨ੍ਹਾਂ ਤੋਂ ਖੋਹ ਲਿਆ ਜਾਵੇਗਾ, ਕਿ ਉਹਨਾ ਦੀ "ਮੁਜ਼ਾਹਮਤ ਟੁੱਟ ਚੁੱਕੀ" ਹੈ, ਇਤਿਆਦਿ—ਆਪਣੇ ਆਪ ਨੂੰ ਅਤੇ ਲੋਕਾਂ ਨੂੰ ਧੋਖਾ ਦੇ ਰਹੇ ਸਨ, ਉਸ ਸਮੇਂ ਪੂੰਜੀਪਤੀ ਆਪਣੀ ਪੁਜ਼ੀਸ਼ਨ ਨੂੰ ਮਜ਼ਬੂਤ ਕਰਦੇ ਜਾ ਰਹੇ ਸਨ। ਇਸ ਦੌਰ ਵਿਚ ਪੂੰਜੀਵਾਦੀਆ ਨੂੰ ਨੱਥ ਪਾਉਣ ਲਈ ਕੁਝ ਵੀ ਨਾ, ਉੱਕਾ ਹੀ ਕੁਝ ਨਾ, ਕੀਤਾ ਗਿਆ। ਸੋਸ਼ਲਿਜ਼ਮ ਦੇ ਗ਼ੱਦਾਰ ਵਜ਼ੀਰ ਦੱਬੀਆਂ ਕੁਚਲੀਆ ਜਮਾਤਾਂ ਦਾ ਧਿਆਨ ਲਾਂਭੇ ਕਰਨ ਲਈ ਨਿਰੀਆਂ ਬੋਲਣ ਵਾਲੀਆਂ ਮਸ਼ੀਨਾਂ ਸਾਬਤ ਹੋਏ, ਜਦ ਕਿ ਰਾਜ ਪ੍ਰਬੰਧ ਦਾ ਸਮੁੱਚਾ ਢਾਂਚਾ ਵਾਸਤਵ ਵਿਚ ਨੌਕਰਸ਼ਾਹੀ (ਅਫ਼ਸਰਸ਼ਾਹੀ) ਤੇ ਬੁਰਜੁਆਜ਼ੀ ਦੇ ਹੱਥਾ ਵਿਚ ਰਿਹਾ। ਸੱਨਅਤ ਦਾ ਉਪ-ਮੰਤਰੀ ਬਦਨਾਮ ਪਾਲਚਿੰਸਕੀ ਇਸ ਢਾਂਚੇ ਦਾ ਮਿਸਾਲੀ ਪ੍ਰਤੀਨਿਧ ਸੀ, ਜਿਸ ਨੇ ਪੂੰਜੀਵਾਦੀਆਂ ਦੇ ਵਿਰੁੱਧ ਹਰ ਕਦਮ ਨੂੰ ਰੋਕਿਆ। ਵਜ਼ੀਰ ਲੁਤਰ-ਲੁਤਰ ਕਰਦੇ ਰਹੇ ਤੇ ਸਭ ਕੁਝ ਪਹਿਲਾ ਵਾਂਗ ਕਾਇਮ ਰਿਹਾ।

ਇਨਕਲਾਬ ਵਿਰੁੱਧ ਲੜਨ ਲਈ ਬੁਰਜੁਆਜ਼ੀ ਨੇ ਵਜ਼ੀਰ ਤਸੇਰੇਤੇਲੀ ਨੂੰ ਖ਼ਾਸ ਤੌਰ ਤੇ

ਵਰਤਿਆ । ਜਦੋਂ ਸਥਾਨਕ ਇਨਕਲਾਬੀਆਂ ਨੇ ਇਕ ਨਿਯੁਕਤ ਕੀਤੇ ਕਮੀਸਾਰ ਨੂੰ ਲਾਹ ਦੇਣ ਦੀ ਦਲੇਰੀ ਵਖਾਈ ਤਾਂ ਤਸੇਰੇਤੇਲੀ ਕਰੋਨਸਤਾਦਤ ਨੂੰ "ਠੰਢਿਆਂ" ਕਰਨ ਲਈ ਭੇਜਿਆ ਗਿਆ। ਬੁਰਜੁਆਜ਼ੀ ਨੇ ਆਪਣੀਆਂ ਅਖ਼ਬਾਰਾਂ ਵਿਚ ਕਰੋਨਸਤਾਦਤ ਵਿਰੁੱਧ ਝੂਠਾਂ, ਊਜਾਂ ਤੇ ਗਾਲ੍ਹਾਂ ਦੀ ਬਹੁਤ ਹੀ ਸ਼ੋਰੀਲੀ, ਜ਼ੋਰਦਾਰ ਤੇ ਬੁਰੀ ਮੁਹਿੰਮ ਅਰੰਭ ਦਿੱਤੀ। ਉਸ ਉਪਰ "ਰੂਸ ਤੋਂ ਵੱਖ ਹੋਣ" ਦੀ ਇੱਛਾ ਦੇ ਦੋਸ਼ ਲਾਏ ਗਏ : ਇਸ ਤੇ ਅਜਿਹੀਆਂ ਹੋਰ ਵਾਹਯਾਤੀਆਂ ਨੂੰ ਹਜ਼ਾਰਾਂ ਵਾਰ ਦੁਹਰਾਇਆ ਗਿਆ, ਤਾਂ ਜੋ ਅਰਧ-ਬੁਰਜੁਆਜ਼ੀ ਅਤੇ ਕੱਚ-ਘਰੜ ਲੋਕਾਂ ਨੂੰ ਯਰਕਾਇਆ ਜਾ ਸਕੇ। ਇਕ ਨਮੂਨੇ ਦਾ ਤੇ ਡਰਿਆ ਹੋਇਆ ਕੱਚ-ਘਰੜ ਸੀ ਤਸੇਰੇਤੇਲੀ, ਜੋ ਬੁਰਜੂਆ ਊਜਾਂ ਦੇ ਚੋਗੇ ਨੂੰ ਹੜੱਪਣ ਵਿਚ ਸਭ ਤੋਂ ਵੱਧ "ਈਮਾਨਦਾਰ" ਸੀ, ਜੋ ਇਹ ਸਮਝੇ ਬਿਨਾਂ ਕਿ ਉਹ ਇਨਕਲਾਬ-ਵਿਰੋਧੀ ਬੁਰਜੁਆਜ਼ੀ ਦੇ ਪਿਛਲੱਗ ਦਾ ਰੋਲ ਅਦਾ ਕਰ ਰਿਹਾ ਹੈ, ਕਰੋਨਸਤਾਦਤ ਨੂੰ "ਖ਼ਤਮ ਕਰਨ ਤੇ ਫਤਹਿ ਕਰਨ" ਲਈ ਸਭ ਤੋਂ ਵੱਧ ਉਤਸ਼ਾਹ ਵਿਚ ਸੀ। ਉਹ ਇਨਕਲਾਬੀ ਕਰੋਨਸਤਾਦਤ ਨਾਲ ਹੋਏ ਸਮਝੌਤੇ ਵਿਚ ਕੜੀ ਸਾਬਤ ਹੋਇਆ, ਜਿਸ ਸਮਝੌਤੇ ਅਨੁਸਾਰ ਕਰੋਨਸਤਾਦਤ ਲਈ ਕਮੀਸਾਰ ਕੇਵਲ ਸਰਕਾਰ ਦੁਆਰਾ ਹੀ ਨਿਯੁਕਤ ਨਹੀਂ ਸੀ ਹੋਣਾ ਸਗੋਂ ਸਥਾਨਕ ਤੌਰ ਤੇ ਚੁਣਿਆ ਗਿਆ ਤੇ ਸਰਕਾਰ ਦੁਆਰਾ ਪੱਕਾ ਕੀਤਾ ਜਾਣਾ ਸੀ। ਜਿਹੜੇ ਵਜ਼ੀਰ ਬੁਰਜੁਆਜ਼ੀ ਦੀ ਖ਼ਾਤਰ ਸੋਸ਼ਲਿਜ਼ਮ ਨੂੰ ਦਗ਼ਾ ਦੇ ਗਏ ਸਨ ਉਹ ਅਜਿਹੇ ਨਿਰਾਸ਼ਾਜਨਕ ਸਮਝੌਤਿਆਂ ਲਈ ਆਪਣਾ ਵਕਤ ਜ਼ਾਇਆ ਕਰਦੇ ਰਹੇ।

ਜਿਥੇ ਕਿਤੇ ਮਜ਼ਦੂਰਾਂ ਦੇ ਸਾਹਮਣੇ ਜਾਂ ਸੋਵੀਅਤਾਂ ਦੇ ਸਾਹਮਣੇ ਸਰਕਾਰ ਦੀ ਹਮਾਇਤ ਵਿਚ ਬੁਰਜੂਆ ਵਜ਼ੀਰ ਨਹੀਂ ਸਨ ਆ ਸਕਦੇ, ਉਥੇ ਸਕੋਬੇਲੇਵ, ਤਸੇਰੇਤੇਲੀ, ਚੇਰਨੋਵ ਜਾਂ ਕਈ ਹੋਰ "ਸੋਸ਼ਲਿਸਟ" ਵਜ਼ੀਰ ਪੁਜ ਜਾਂਦਾ (ਜਾਂ ਵਧੇਰੇ ਦਰੁਸਤ ਇਹ ਕਿ ਬੁਰਜੁਆਜ਼ੀ ਵਲੋਂ ਭੇਜਿਆ ਜਾਂਦਾ) ਅਤੇ ਵਫ਼ਾਦਾਰੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਉਹ ਮੰਤਰੀ ਮੰਡਲ ਦੇ ਫੈਸਲਿਆਂ ਦੀ ਹਮਾਇਤ ਕਰਨ, ਪੂੰਜੀਦਾਰਾ ਉਪਰ ਪੋਚਾਪਾਚੀ ਕਰਨ ਅਤੇ ਵਾਅਦੇ ਉਪਰੰਤ ਵਾਅਦੇ ਕਰ ਕੇ ਲੋਕਾਂ ਨੂੰ ਉੱਲੂ ਬਣਾਉਂਦਾ ਅਤੇ ਲੋਕਾ ਨੂੰ ਉਡੀਕਣ, ਹੋਰ ਉਡੀਕਣ ਦੀ ਸਲਾਹ ਦਿੰਦਾ।

ਖਾਸ ਤੌਰ ਤੇ ਵਜ਼ੀਰ ਚੇਰਨੋਵ ਆਪਣੇ ਬੁਰਜੂਆ ਸਾਥੀਆਂ ਨਾਲ ਸੌਦੇਬਾਜ਼ੀ ਵਿਚ ਰੁੱਝਿਆ ਰਿਹਾ; ਜੁਲਾਈ ਤਕ "ਸੱਤਾ ਦੇ ਨਵੇਂ ਸੰਕਟ" ਤਕ ਜੋ 3-4 ਜੁਲਾਈ ਦੀ ਲਹਿਰ ਪਿਛੋਂ ਆਰੰਭ ਹੋਇਆ, ਮੰਤਰੀ ਮੰਡਲ 'ਚੋਂ ਕੈਡਿਟਾਂ ਦੇ ਤਿਆਗ ਤਕ, ਵਜ਼ੀਟ ਚੇਰਨੋਵ ਇਸ ਲਾਹੇਵੰਦ ਤੇ ਦਿਲਚਸਪ ਕੰਮ ਵਿਚ, ਜਿਹੜਾ ਕਿ ਲੋਕਾ ਦੇ ਬਹੁਤ ਹੱਕ ਵਿਚ ਸੀ, ਲਗਾਤਾਰ ਰੁੱਝਿਆ ਰਿਹਾ, ਉਹ ਆਪਣੇ ਬੁਰਜੂਆ ਸਾਥੀਆ ਨੂੰ "ਪਰੇਰਦਾ" ਰਿਹਾ, ਉਹਨਾ ਉਤੇ ਜ਼ੋਰ ਪਾਉਂਦਾ ਰਿਹਾ ਕਿ ਉਹ ਘਟੋ-ਘੱਟ ਭੋਂ ਦੀ ਖਰੀਦ ਤੇ ਵੇਚ ਉਪਰ ਪਾਬੰਦੀ ਲਾਉਣ ਲਈ ਰਜਾਮੰਦ ਹੋ ਜਾਣ। ਇਸ ਪਾਬੰਦੀ ਦਾ ਪੀਤਰੋਗਰਾਦ ਵਿਚ ਕਿਸਾਨ ਪ੍ਰਤੀਨਿਧਾਂ ਦੀ ਸਰਬ ਰੂਸੀ ਕਾਂਗਰਸ ਵਿਚ ਕਿਸਾਨਾਂ ਨੂੰ ਵਚਨ ਦਿਤਾ ਗਿਆ ਸੀ। ਪਰ ਇਹ ਇਕਰਾਰ ਹੀ ਰਿਹਾ। ਨਾ ਮਈ ਵਿਚ ਤੇ ਨਾ ਜੂਨ ਵਿਚ ਚੇਰਨੋਵ ਇਹ ਇਕਰਾਰ ਪੂਰਾ ਕਰ ਸਕਿਆ, ਜਦ ਤਕ ਕਿ ਇਨਕਲਾਬੀ ਉਭਾਰ ਨੇ, 3-4 ਜੁਲਾਈ ਦੇ ਆਪੁ-ਮੁਹਾਰੇ ਉਭਾਰ ਨੇ, ਜੋ ਮੰਤਰੀ ਮੰਡਲ ਵਿਚੋਂ ਕੈਡਿਟਾ ਦੇ ਤਿਆਗ ਨਾਲ ਮੇਲ ਖਾ ਗਿਆ, ਇਸ ਕਦਮ ਨੂੰ ਨੇਪਰੇ ਚਾੜ੍ਹਨ ਲਈ ਕਾਨੂੰਨ ਪਾਸ ਕਰਨਾ ਸੰਭਵ ਨਾ ਬਣਾ ਦਿਤਾ। ਪਰ, ਤਦ ਵੀ ਇਹ ਇਕ ਨਿਵੇਕਲਾ ਜਿਹਾ ਕਦਮ ਹੀ ਸਾਬਤ ਹੋਇਆ, ਜੋ ਜ਼ਮੀਨ ਲਈ ਜਗੀਰਦਾਰਾਂ ਵਿਰੁਧ ਕਿਸਾਨਾਂ ਦੇ ਸੰਘਰਸ਼ ਨੂੰ ਥੋੜੇ ਜਿੰਨੇ ਨਿੱਗਰ ਰੂਪ ਵਿਚ ਵੀ

ਅੱਗੇ ਵਧਾਉਣ ਵਿਚ ਨਾਕਾਮ ਰਿਹਾ।

ਏਸੇ ਦੌਰਾਨ, ਜੰਗ ਦੇ ਮੋਰਚੇ ਉਤੇ, ਸਾਮਰਾਜੀ ਲੋਟੂ ਜੰਗ ਨੂੰ ਜਾਰੀ ਕਰਨ ਦਾ ਇਨਕਲਾਬ-ਵਿਰੋਧੀ ਸਾਮਰਾਜੀ ਕੰਮ, ਜਿਸ ਨੂੰ ਬਦਨਾਮ ਗੂਚਕੋਵ ਸਿਰੇ ਚਾੜ੍ਹਨ ਵਿਚ ਅਸਫਲ ਰਿਹਾ ਸੀ ਇਨਕਲਾਬੀ-ਸੋਸ਼ਲਿਸਟ ਪਾਰਟੀ ਦੇ ਨਵੇਂ ਬਣੇ ਮੈਂਬਰ, ਉਸ "ਇਨਕਲਾਬੀ-ਡੈਮੋਕ੍ਰੇਟ" ਕੇਰੇਨਸਕੀ ਵਲੋਂ ਸ਼ਾਨਦਾਰ ਸਫਲਤਾ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਸੀ। ਉਹ ਆਪਣੀ ਹੀ ਜਾਦੂ-ਬਿਆਨੀ ਵਿਚ ਸਰਸ਼ਾਰ ਰਿਹਾ। ਸਾਮਰਾਜੀਆਂ ਵਲੋਂ, ਜੋ ਉਸਨੂੰ ਮੋਹਰੇ ਵਜੋਂ ਵਰਤ ਰਹੇ ਸਨ, ਉਹਨਾਂ ਦੁਆਲੇ ਧੂਪ ਧੁਖਾਈ ਗਈ, ਉਸ ਨੂੰ ਫੁਲਾਇਆ ਗਿਆ ਤੇ ਉਸ ਦੀ ਪੂਜਾ ਕੀਤੀ ਗਈ—ਤੇ ਸਭ ਕੁਝ ਇਸ ਲਈ ਕਿ ਉਹ ਵਫਾਦਾਰੀ ਨਾਲ ਪੂੰਜੀਪਤੀਆਂ ਦੀ ਸੇਵਾ ਕਰ ਰਿਹਾ ਸੀ ਕਿਉਂਕਿ ਉਹ ਜ਼ਾਰ ਨਿਕੋਲਸ ਦੂਸਰੇ ਵਲੋਂ ਬਰਤਾਨੀਆਂ ਤੇ ਫਰਾਂਸ ਦੇ ਪੂੰਜੀਪਤੀਆਂ ਨਾਲ ਕੀਤੀਆਂ ਸੰਧੀਆਂ ਅਨੁਸਾਰ "ਇਨਕਲਾਬੀ ਦਸਤਾਵੇਜ਼ਾਂ" ਨੂੰ ਜੰਗ ਮੁੜ ਜਾਰੀ ਕਰਨ ਲਈ ਮਨਾ ਰਿਹਾ ਸੀ, ਜੰਗ ਜੋ ਇਸ ਕਰਕੇ ਆਰੰਭੀ ਗਈ ਸੀ ਕਿ ਰੂਸੀ ਪੂੰਜੀਪਤੀ ਕੁਸਤੁਨਤੁਨੀਆਂ ਤੇ ਲਵੋਵ, ਐਰਜ਼ੁਰਮ, ਤਰੈਬੀਜੋਂਦ ਹਥਿਆ ਸਕਣ।

ਇਸ ਤਰ੍ਹਾਂ ਰੂਸੀ ਇਨਕਲਾਬ ਦਾ ਦੂਸਰਾ ਪੜਾਅ 6 ਮਈ ਤੋਂ 9 ਜੂਨ ਤਕ ਬੀਤ ਗਿਆ। "ਸੋਸ਼ਲਿਸਟ" ਵਜ਼ੀਰਾਂ ਦੀ ਢਾਲ ਤੇ ਰਾਖੀ ਹੇਠ ਇਨਕਲਾਬ-ਵਿਰੋਧੀ ਬੁਰਜੁਆਜ਼ੀ ਨੇ ਆਪਣੀ ਤਾਕਤ ਵਧਾਈ, ਆਪਣੀ ਪੁਜ਼ੀਸ਼ਨ ਨੂੰ ਪੱਕਾ ਕੀਤਾ ਅਤੇ ਵਿਦੇਸ਼ੀ ਦੁਸ਼ਮਣ ਤੇ ਦੇਸੀ ਦੁਸ਼ਮਣ ਅਥਵਾ ਇਨਕਲਾਬੀ ਮਜ਼ਦੂਰਾਂ ਦੋਹਾਂ ਉਪਰ ਧਾਵਾ ਕਰਨ ਦੀ ਤਿਆਰੀ ਕੀਤੀ।

(7)

9 ਜੂਨ ਨੂੰ ਇਨਕਲਾਬੀ ਮਜ਼ਦੂਰਾਂ ਦੀ ਪਾਰਟੀ ਬਾਲਸ਼ਵਿਕ ਪਾਰਟੀ ਅਰੁਕ ਰੂਪ ਵਿਚ ਲੋਕਾਂ ਦੀ ਵਧ ਰਹੀ ਅਸੰਤੁਸ਼ਟਤਾ ਅਤੇ ਰੋਹ ਨੂੰ ਜਥੇਬੰਦ ਪ੍ਰਗਟਾਵਾ ਦੇਣ ਲਈ ਪੀਤਰੋਗਰਾਦ ਵਿਚ ਇਕ ਮੁਜ਼ਾਹਰੇ ਦੀ ਤਿਆਰੀ ਕਰ ਰਹੀ ਸੀ। ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਆਗੂ, ਜੋ ਬੁਰਜੁਆਜ਼ੀ ਨਾਲ ਸਮਝੌਤਿਆ ਵਿਚ ਬੱਝੇ ਹੋਏ ਸਨ, ਅਤੇ ਹਮਲੇ ਦੀ ਸਾਮਰਾਜੀ ਨੀਤੀ ਦੇ ਪਾਬੰਦ ਸਨ, ਭੈਭੀਤ ਸਨ ਤੇ ਮਹਿਸੂਸ ਕਰ ਰਹੇ ਸਨ ਕਿ ਉਹ ਲੋਕਾਂ ਵਿਚੋਂ ਆਪਣਾ ਪ੍ਰਭਾਵ ਗੁਆ ਰਹੇ ਹਨ। ਮੁਜ਼ਾਹਰੇ ਵਿਰੁਧ ਆਮ ਰੌਲਾ ਪੈ ਗਿਆ, ਇਨਕਲਾਬ-ਵਿਰੋਧੀ ਕੈਡਿਟ ਇਸ ਰੌਲੇ ਵਿਚ, ਇਸ ਵਾਰ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਸਮੇਤ ਸ਼ਾਮਲ ਹੋ ਗਏ। ਉਹਨਾਂ ਦੀ ਅਗਵਾਈ ਵਿਚ ਅਤੇ ਪੂੰਜੀਪਤੀਆਂ ਨਾਲ ਸਮਝੌਤੇ ਦੀ ਉਹਨਾਂ ਦੀ ਨੀਤੀ ਦੇ ਸਿੱਟੇ ਵਜੋਂ ਇਨਕਲਾਬ-ਵਿਰੋਧੀ ਬੁਰਜੁਆਜ਼ੀ ਨਾਲ ਗਠ-ਜੋੜ ਲਈ ਅਰਧ-ਬੁਰਜੂਆ ਲੋਕਾਂ ਦਾ ਰੁਝਾਣ ਬਿਲਕੁਲ ਨਿਸ਼ਚਿਤ ਤੇ ਪ੍ਰਤੱਖ ਹੋ ਗਿਆ। 9 ਜੂਨ ਦੇ ਸੰਕਟ ਦਾ ਇਹ ਇਤਿਹਾਸਕ ਮਹੱਤਵ ਤੇ ਜਮਾਤੀ ਅਰਥ ਹੈ।

ਇਕ ਮੁੱਠ ਕੈਡਿਟਾਂ, ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਵਿਰੁਧ ਹਾਰਨ ਵਾਲੀ ਲੜਾਈ ਲੜਨ ਦਾ ਕੋਈ ਇਰਾਦਾ ਨਾ ਰਖਦਿਆਂ ਹੋਇਆਂ, ਬਾਲਸ਼ਵਿਕਾਂ ਨੇ ਮੁਜ਼ਾਹਰਾ ਮੁਲਤਵੀ ਕਰ ਦਿਤਾ। ਐਪਰ ਲੋਕਾਂ ਦੇ ਘਟੋ-ਘਟ ਵਿਸ਼ਵਾਸ ਨੂੰ ਕਾਇਮ ਰਖਣ ਲਈ ਉਹ 18 ਜੂਨ ਨੂੰ ਮੁਜ਼ਾਹਰੇ ਦਾ ਸੱਦਾ ਦੇਣ ਲਈ ਮਜਬੂਰ ਸਨ। ਬੁਰਜੁਆਜ਼ੀ ਗੁੱਸੇ ਵਿਚ ਆਪੇ ਤੋਂ ਬਾਹਰ ਸੀ। ਉਹ ਠੀਕ ਤੌਰ ਤੇ ਸਮਝ ਰਹੀ ਸੀ ਕਿ ਅਰਧ-ਬੁਰਜੂਆ ਡੈਮੋਕਰੈਟ ਪਰੋਲੇਤਾਰੀਏ

ਵਲ ਝੁਕ ਰਹੇ ਸਨ। ਇਸ ਲਈ ਉਸ ਨੇ ਮੋਰਚੇ ਉਤੇ ਚੜ੍ਹਾਈ ਰਾਹੀਂ ਡੈਮੋਕਰੇਟਾਂ ਦੀ ਕਾਰਵਾਈ ਨੂੰ ਨਾਕਾਮ ਬਣਾਉਣ ਦਾ ਫੈਸਲਾ ਕਰ ਲਿਆ।

ਅਸਲ ਵਿਚ 18 ਜੂਨ ਦਾ ਦਿਨ ਪੀਤਰੋਗਰਾਦ ਦੇ ਲੋਕਾਂ ਵਿਚ ਇਨਕਲਾਬੀ ਪਰੋਲੇ-ਤਾਰੀਏ ਨੇ ਨਾਅਰਿਆਂ, ਬਾਲਸ਼ਵਿਕਾਂ ਦੇ ਨਾਅਰਿਆਂ, ਲਈ ਪ੍ਰਭਾਵਸ਼ਾਲੀ ਜਿੱਤ ਦਾ ਦਿਨ ਹੋ ਨਿਬੜਿਆ। ਅਤੇ 19 ਜੂਨ ਨੂੰ ਬੁਰਜੁਆਜ਼ੀ ਅਤੇ ਬੋਨਾਪਾਰਟਿਸਟ ਕੇਰੈਂਨਸਕੀ ਨੇ ਐਲਾਨ ਕਰ ਦਿਤਾ ਕਿ ਮੋਰਚੇ ਉਤੇ ਹਮਲਾ ਸ਼ੁਰੂ ਹੋ ਚੁਕਾ ਹੈ।

ਹਮਲੇ ਦਾ ਮਤਲਬ ਸੀ ਮਿਹਨਤਕਸ਼ ਲੋਕਾਂ ਦੀ ਵਿਸ਼ਾਲ ਬਹੁਸੰਮਤੀ ਦੀ ਇੱਛਾ ਦੇ ਵਿਰੁਧ ਪੂੰਜੀਦਾਰਾ ਦੇ ਹਿੱਤਾ ਵਿਚ ਲੋਟੂ ਜੰਗ ਮੁੜ ਸ਼ੁਰੂ ਕਰਨਾ। ਇਹੋ ਕਾਰਨ ਹੈ ਕਿ ਇਸ ਹਮਲੇ ਦੇ ਨਾਲ ਹੀ ਇਕ ਬੰਨੇ ਅੰਨ੍ਹੀ ਕੋਮਪ੍ਰਸਤੀ ਵਿਚ ਬਹੁਤ ਵੱਡਾ ਵਾਧਾ ਹੋਇਆ ਤੇ ਫੌਜੀ ਤਾਕਤ (ਕਿਸੇ ਕਾਰਨ ਰਾਜ-ਸੱਤਾ) ਬੋਨਾਪਾਰਟਿਸਟਾਂ ਦੇ ਹੱਥਾਂ ਵਿਚ ਚਲੀ ਗਈ, ਅਤੇ ਦੂਜੇ ਬੰਨੇ ਲੋਕਾਂ ਵਿਰੁਧ ਤਸ਼ੱਦਦ ਦੀ ਵਰਤੋਂ ਹੋਣ ਲਗੀ, ਕੋਮਾਂਤਰੀਵਾਦੀਆਂ ਉਪਰ ਮੁਕਦਮੇ ਚਲਾਏ ਗਏ, ਪ੍ਰਚਾਰ ਦੀ ਆਜ਼ਾਦੀ ਖਤਮ ਹੋ ਗਈ ਅਤੇ ਜੋ ਜੰਗ ਦੇ ਵਿਰੁਧ ਸਨ ਉਨ੍ਹਾਂ ਨੂੰ ਗਿਰਫਤਾਰ ਕੀਤਾ ਤੇ ਗੋਲੀਆਂ ਨਾਲ ਉਡਾਇਆ ਜਾਣਾ ਸ਼ੁਰੂ ਹੋ ਗਿਆ।

ਜਿਥੇ 6 ਮਈ ਨੇ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੂੰ ਬੁਰਜੁਆਜ਼ੀ ਦੇ ਜੇਤੂ ਰਥ ਨਾਲ ਰੱਸੇ ਨਾਲ ਬੰਨ੍ਹ ਦਿਤਾ, ਉਥੇ 19 ਜੂਨ ਨੇ ਉਨ੍ਹਾਂ ਨੂੰ ਪੂੰਜੀਵਾਦੀਆਂ ਦੇ ਸੇਵਾਦਾਰ ਵਜੋਂ ਸੰਗਲ ਨਾਲ ਜਕੜ ਦਿਤਾ।

(8)

ਲੋਟੂ ਜੰਗ ਦੇ ਮੁੜ ਸ਼ੁਰੂ ਹੋਣ ਨਾਲ ਲੋਕਾਂ ਦੀ ਤਲਖ਼ੀ ਸੁਭਾਵਕ ਹੀ ਵਧੇਰੇ ਤੇਜ਼ੀ ਅਤੇ ਤੀਖਣਤਾ ਨਾਲ ਵਧੀ। 3-4 ਜੁਲਾਈ ਨੇ ਉਨ੍ਹਾਂ ਦਾ ਗੁੱਸਾ ਭਬੂਕਾ ਬਣਦਾ ਵੇਖਿਆ ਜਿਸ ਨੂੰ ਬਾਲਸ਼ਵਿਕਾ ਨੇ ਕਾਬੂ ਵਿਚ ਰੱਖਣ ਦਾ ਯਤਨ ਕੀਤਾ। ਕੁਦਰਤੀ ਤੋਰ ਤੇ ਉਹ ਇਸ ਗੁੱਸੇ ਨੂੰ ਜਿੰਨੀ ਵੀ ਸੰਭਵ ਹੋ ਸਕੇ, ਜਥੇਬੰਦ ਕਰਨਾ ਚਾਹੁੰਦੇ ਹਨ।

ਬੁਰਜੁਆਜ਼ੀ ਦੇ ਗ਼ੁਲਾਮ ਹੋਣ ਕਾਰਨ ਅਤੇ ਆਪਣੇ ਮਾਲਕਾਂ ਵਲੋਂ ਜਕੜੇ ਜਾਣ ਕਾਰਨ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪੀਤਰੋਗਰਾਦ ਵਿਚ ਪਿੱਛੇ-ਖਿੱਚੂ ਫੌਜ ਭੇਜਣ, ਮੌਤ ਦੀ ਸਜਾ ਮੁੜ ਜਾਰੀ ਕਰਨ, ਕਿਰਤੀਆਂ ਦੇ ਇਨਕਲਾਬੀ ਦਸਤਿਆਂ ਨੂੰ ਹਥਿਆਰ-ਰਹਿਤ ਕਰਨ, ਬਿਨਾ ਮੁਕੱਦਮਾ ਚਲਾਏ ਅਖ਼ਬਾਰਾਂ ਬੰਦ ਕਰਨ, ਗਰਿਫਤਾਰੀਆਂ ਕਰਨ ਅਥਵਾ ਸਭ ਕੁਝ ਲਈ ਰਜ਼ਾਮੰਦ ਹੋ ਗਏ। ਸੱਤਾ, ਜਿਸ ਨੂੰ ਸਰਕਾਰ ਵਿਚਲੀ ਬੁਰਜੁਆਜ਼ੀ ਪੂਰਨ ਤੋਰ ਤੇ ਸਾਂਭਣ ਤੋਂ ਅਸਮਰੱਥ ਸੀ, ਤੇ ਜਿਸ ਨੂੰ ਸੋਵੀਅਤਾਂ ਲੈਣਾ ਨਹੀਂ ਸਨ ਚਾਹੁੰਦੀਆਂ ਫੌਜੀ ਗਰੋਹ, ਬੋਨਾਪਾਰਟਿਸਟਾਂ ਕੋਲ ਚਲੀ ਗਈ ਜਿਨ੍ਹਾਂ ਨੂੰ ਕੇਡਿਟਾਂ, ਕਾਲੇ ਸੈਂਕੜਿਆਂ, ਜਗੀਰਦਾਰ ਪੂੰਜੀਪਤੀਆਂ ਦੀ ਹਮਾਇਤ ਪ੍ਰਾਪਤ ਸੀ।

ਕਦਮ-ਬ-ਕਦਮ ਪੌੜੀਓਂ ਹੇਠਾਂ। ਇਕ ਵਾਰ ਬੁਰਜੁਆਜ਼ੀ ਨਾਲ ਸਮਝੌਤੇ ਦੀ ਪੌੜੀ ਉਤੇ ਕਦਮ ਧਰਨ ਉਪ੍ਰੰਤ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਉੱਕਾ ਹੀ ਨਿਘਰਦੇ ਗਏ। 28 ਫਰਵਰੀ ਨੂੰ ਪੀਤਰੋਗਰਾਦ ਸੋਵੀਅਤ ਵਿਚ ਉਨ੍ਹਾਂ ਬੁਰਜੂਆ ਸਰਕਾਰ ਦੀਆਂ ਸ਼ਰਤਾਂ-ਸਹਿਤ ਹਮਾਇਤ ਦਾ ਵਚਨ ਦਿਤਾ। 6 ਮਈ ਨੂੰ ਉਨ੍ਹਾਂ ਨੇ ਇਸ ਨੂੰ ਡਿੱਗਣ ਤੋਂ ਬਚਾ ਲਿਆ ਅਤੇ

ਹਮਲੇ ਨਾਲ ਸਹਿਮਤੀ ਪ੍ਰਗਟ ਕਰ ਕੇ ਆਪਣੇ ਆਪ ਨੂੰ ਇਸ ਦੇ ਸੇਵਾਦਾਰ ਅਤੇ ਰੱਖਿਅਕ ਬਣਾ ਲਿਆ। 9 ਜੂਨ ਨੂੰ ਉਹ ਇਨਕਲਾਬੀ ਪਰੋਲੇਤਾਰੀਏ ਵਿਰੁਧ ਅੰਨ੍ਹੇ ਰੋਹ, ਝੂਠਾਂ ਅਤੇ ਊਜਾਂ ਦੀ ਮੁਹਿੰਮ ਵਿਚ ਇਨਕਲਾਬ-ਵਿਰੋਧੀ ਬੁਰਜੁਆਜ਼ੀ ਨਾਲ ਜੁੜ ਗਏ। 19 ਜੂਨ ਨੂੰ ਉਨ੍ਹਾਂ ਨੇ ਲੁੱਟੂ ਜੰਗ ਨੂੰ ਮੁੜ ਜਾਰੀ ਕਰਨ ਦੀ ਪ੍ਰਵਾਨਗੀ ਦਿਤੀ। 3 ਜੁਲਾਈ ਨੂੰ ਉਹ ਪਿੱਛੇ-ਖਿੱਚੂ ਦਸਤਿਆਂ ਨੂੰ ਬੁਲਾਉਣਾ ਮੰਨ ਗਏ ਜੋ ਉਨ੍ਹਾਂ ਵਲੋਂ ਬੋਨਾਪਾਰਟਿਸਟਾਂ ਨੂੰ ਸਾਰੀ ਤਾਕਤ ਸੌਂਪ ਦੇਣ ਦਾ ਅਰੰਭ ਸੀ। ਕਦਮ-ਬ-ਕਦਮ ਪੌੜੀਓਂ ਹੇਠਾਂ।

ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ ਦਾ ਇਹ ਸ਼ਰਮਨਾਕ ਅੰਤ ਕੋਈ ਸਬੱਬੀ ਘਟਨਾ ਨਹੀਂ ਸੀ ਸਗੋਂ ਛੋਟੇ ਮਾਲਕਾਂ, ਅਰਧ-ਬੁਰਜੁਆਜ਼ੀ ਦੀ ਆਰਥਕ ਹੈਸੀਅਤ ਦਾ ਨਤੀਜਾ ਹੈ, ਜਿਵੇਂ ਕਿ ਯੂਰਪ ਵਿਚਲੇ ਤਜਰਬੇ ਨੇ ਵਾਰ ਵਾਰ ਦਰਸਾਇਆ ਹੈ।

(9)

ਇਹ ਠੀਕ ਹੈ ਕਿ ਹਰ ਇਕ ਨੇ ਛੋਟੇ ਮਾਲਕ ਨੂੰ "ਸੰਸਾਰ ਵਿਚ ਪ੍ਰਵਾਨ ਚੜ੍ਹਨ" ਲਈ ਹਕੀਕੀ ਮਾਲਕ ਬਣਨ, "ਮਜ਼ਬੂਤ" ਮਾਲਕ ਦੀ ਪੁਜ਼ੀਸ਼ਨ, ਬੁਰਜੂਆ ਦੀ ਪੁਜ਼ੀਸ਼ਨ ਨੂੰ ਪਹੁੰਚਣ ਲਈ ਆਪਣਾ ਸਾਰਾ ਤਾਣ ਲਾਉਂਦਿਆਂ ਵੇਖਿਆ ਹੈ। ਜਿੰਨਾ ਚਿਰ ਪੂੰਜੀਵਾਦ ਕਾਇਮ ਹੈ, ਛੋਟੇ ਮਾਲਕਾਂ ਲਈ ਕੋਈ ਰਾਹ ਨਹੀਂ ਜਾਂ ਤਾਂ ਉਹ ਪੂੰਜੀਵਾਦੀ ਬਣ ਜਾਣ (ਅਤੇ ਇਹ ਵਧ ਤੋਂ ਵਧ ਸੌ ਵਿਚੋਂ ਇਕ ਛੋਟੇ ਪੂੰਜੀਪਤੀ ਲਈ ਸੰਭਵ ਹੈ) ਜਾਂ ਇਕ ਤਬਾਹ ਹੋ ਚੁਕਾ ਮਨੁੱਖ ਅਰਧ-ਪਰੋਲਤਾਰੀ ਅਤੇ ਅੰਤ ਨੂੰ ਪਰੋਲਤਾਰੀ ਬਣ ਬਏ। ਰਾਜਨੀਤੀ ਵਿਚ ਵੀ ਇਹੋ ਕੁਝ ਸਹੀ ਹੈ। ਅਰਧ-ਬੁਰਜੂਆ ਡੈਮੋਕਰੇਟ, ਖਾਸ ਕਰ ਉਨ੍ਹਾਂ ਦੇ ਆਗੂ, ਬੁਰਜੁਆਜ਼ੀ ਦੇ ਮਗਰ ਲਗਣ ਦੀ ਰੁਚੀ ਰਖਦੇ ਹਨ। ਅਰਧ-ਬੁਰਜੂਆ ਡੈਮੋਕਰੇਟਾਂ ਦੇ ਆਗੂ ਆਪਣੇ ਲੋਕਾਂ ਨੂੰ ਇਕਰਾਰਾਂ ਅਤੇ ਭਰੋਸਿਆਂ ਨਾਲ ਅਤੇ ਵੱਡੇ ਪੂੰਜੀਪਤੀਆਂ ਨਾਲ ਸਮਝੌਤੇ ਉਪਰ ਪੁੱਜਣ ਦੀ ਸੰਭਾਵਨਾ ਨਾਲ ਪਰਚਾਉਂਦੇ ਹਨ, ਵਧ ਤੋਂ ਵਧ ਅਤੇ ਉਹ ਵੀ ਕੇਵਲ ਥੋੜੇ ਜਿੰਨੇ ਸਮੇਂ ਲਈ, ਉਹ ਪੂੰਜੀਪਤੀਆਂ ਤੋਂ ਮਿਹਨਤਕਸ਼ਾਂ ਦੇ ਛੋਟੇ ਜਿਹੇ ਉਪਰਲੇ ਤਬਕੇ ਲਈ ਕੁਝ ਨਿਗੂਣੀਆਂ ਰਿਆਇਤਾਂ ਪ੍ਰਾਪਤ ਕਰ ਲੈਂਦੇ ਹਨ। ਪਰ ਹਰ ਨਿਰਣਾਇਕ ਸਵਾਲ ਉਤੇ, ਹਰ ਮਹੱਤਵਪੂਰਣ ਮਾਮਲੇ ਉਤੇ, ਅਰਧ-ਬੁਰਜੂਆ ਡੈਮੋਕਰੇਟ ਸਦਾ ਬੁਰਜੁਆਜ਼ੀ ਦੇ ਕਮਜ਼ੋਰ ਜਿਹੇ ਵਾਧਾਅ ਵਜੋਂ, ਪੂੰਜੀਪਤੀਆਂ ਦੇ ਹੱਥਾਂ ਵਿਚ ਵਫ਼ਾਦਾਰ ਹੱਥ-ਠੋਕੇ ਬੁਰਜੁਆਜ਼ੀ ਦੀ ਪੂਛ ਬਣੇ ਹਨ।

ਫਰਵਰੀ ਤੋਂ ਜੁਲਾਈ 1917 ਤਕ ਰੂਸੀ ਇਨਕਲਾਬ ਦੇ ਤਜਰਬੇ ਨੇ, ਜਦੋਂ ਖਾਸ ਕਰ ਸਾਮਰਾਜੀ ਜੰਗ ਦੇ ਪ੍ਰਭਾਵ ਅਧੀਨ ਅਤੇ ਇਸ ਜੰਗ ਦੁਆਰਾ ਲਿਆਂਦੇ ਡੂੰਘੇ ਸੰਕਟ ਕਾਰਨ, ਘਟਨਾਵਾਂ ਅਸਾਧਾਰਨ ਤੇਜ਼ੀ ਨਾਲ ਵਾਪਰੀਆਂ, ਬੜੇ ਉਘੜਵੇਂ ਤੇ ਸਾਫ਼ ਰੂਪ ਵਿਚ ਇਸ ਪੁਰਾਣੀ ਮਾਰਕਸਵਾਦੀ ਸਚਾਈ ਦੀ ਪੁਸ਼ਟੀ ਕਰ ਦਿਤੀ ਹੈ ਕਿ ਅਰਧ-ਬੁਰਜੁਆਜ਼ੀ ਦੀ ਪੁਜ਼ੀਸ਼ਨ ਡਾਵਾਂ-ਡੋਲ ਹੁੰਦੀ ਹੈ।

ਰੂਸੀ ਇਨਕਲਾਬ ਦਾ ਇਹ ਤਜਰਬਾ ਹੈ ਕਿ ਮਿਹਨਤਕਸ਼ ਲੋਕ ਜਿੰਨਾ ਚਿਰ ਸੋਸ਼ਲਿਸਟ ਇਨਕਲਾਬੀਆਂ ਤੇ ਮੈਨਸ਼ਵਿਕਾਂ ਤੋਂ ਮੁਕੰਮਲ ਤੋੜ-ਵਿਛੋੜਾ ਨਹੀਂ ਕਰਦੇ, ਅਤੇ ਉਹਨਾਂ ਦੇ ਦਗੇ-ਭਰੇ ਕਿਰਦਾਰ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ, ਜਿੰਨਾ ਚਿਰ ਉਹ ਬੁਰਜੁਆਜ਼ੀ ਨਾਲ ਸਭਨਾ ਸਮਝੌਤਿਆਂ ਦਾ ਤਿਆਗ ਨਹੀਂ ਕਰਦੇ ਅਤੇ ਦ੍ਰਿੜ੍ਹਤਾ ਨਾਲ ਇਨਕਲਾਬੀ ਕਾਮਿਆਂ ਨਾਲ ਨਹੀਂ ਜੁੜਦੇ, ਉਦੋਂ ਤਕ ਜੰਗ, ਕਾਲ ਅਤੇ ਜਗੀਰਦਾਰਾਂ ਤੇ ਪੂੰਜੀਪਤੀਆਂ ਦੀ ਗੁਲਾਮੀ ਦੀ ਫੌਲਾਦੀ ਜਕੜ ਤੋਂ ਬਚਣ ਦਾ ਉਨ੍ਹਾਂ ਲਈ ਕੋਈ ਰਾਹ ਨਹੀਂ। ਕੇਵਲ ਇਨਕਲਾਬੀ ਮਜ਼ਦੂਰ ਹੀ, ਜੇਕਰ ਉਹਨਾਂ ਨੂੰ ਗਰੀਬ ਕਿਸਾਨਾਂ

ਦੀ ਹਮਾਇਤ ਪ੍ਰਾਪਤ ਹੋਵੇ, ਪੂੰਜੀਪਤੀਆਂ ਦੀ ਵਿਰੋਧਤਾ ਨੂੰ ਭੰਨਣ ਅਤੇ ਬਿਨਾਂ ਮੁਆਵਜ਼ ਤੋਂ ਜ਼ਮੀਨ ਪ੍ਰਾਪਤ ਕਰਨ, ਮੁਕੰਮਲ ਆਜ਼ਾਦੀ ਲਈ ਕਾਲ ਤੇ ਜੰਗ ਉਪਰ ਫਤਹਿ ਲਈ ਅਤੇ ਵਾਜਬ ਤੇ ਸਦੀਵੀ ਅਮਲ ਲਈ ਲੋਕਾਂ ਦੀ ਅਗਵਾਈ ਕਰ ਸਕਣ ਦੇ ਸਮਰੱਥ ਹਨ।

ਪਿਛੋਂ ਲਿਖੇ ਸ਼ਬਦ

ਜਿਵੇਂ ਕਿ ਲਿਖਤ ਤੋਂ ਪ੍ਰਗਟ ਹੈ, ਇਹ ਲੇਖ ਜੁਲਾਈ ਦੇ ਅੰਤ ਵਿਚ ਲਿਖਿਆ ਗਿਆ ਸੀ।

ਅਗਸਤ ਮਹੀਨੇ ਦੌਰਾਨ ਇਨਕਲਾਬ ਦੇ ਇਤਿਹਾਸ ਨੇ, ਜੋ ਕੁਝ ਇਸ ਲੇਖ ਵਿਚ ਕਿਹਾ ਗਿਆ ਹੈ ਉਸ ਦੀ, ਪੂਰਨ ਪੁਸ਼ਟੀ ਕੀਤੀ ਹੈ। ਤਦ ਅਗਸਤ ਦੇ ਅਖੀਰ ਵਿਚ, ਕੋਰਨੀਲੋਵ ਬਗ਼ਾਵਤ ਨੇ ਸਾਰੇ ਲੋਕਾਂ ਨੂੰ ਸਪੱਸ਼ਟ ਰੂਪ ਵਿਚ ਇਹ ਵਿਖਾ ਕੇ ਕਿ ਇਨਕਲਾਬ-ਵਿਰੋਧੀ ਜਰਨੈਲਾਂ ਨਾਲ ਭਿਆਲੀ ਵਿਚ ਕੈਡਿਟ ਸੋਵੀਅਤਾਂ ਤੋੜਨ ਅਤੇ ਬਾਦਸ਼ਾਹਤ ਨੂੰ ਮੁੜ ਲਿਆਉਣ ਦਾ ਯਤਨ ਕਰ ਰਹੇ ਹਨ, ਇਨਕਲਾਬ ਵਿਚ ਇਕ ਨਵਾਂ ਮੋੜ ਲੈ ਆਂਦਾ ਹੈ। ਨੇੜਲਾ ਭਵਿੱਖ ਦਰਸਾਏਗਾ ਕਿ ਇਨਕਲਾਬ ਦਾ ਇਹ ਨਵਾਂ ਮੋੜ ਕਿੰਨਾ ਸ਼ਕਤੀਸ਼ਾਲੀ ਹੈ ਅਤੇ ਕਿ ਇਹ ਬੁਰਜੁਆਜ਼ੀ ਨਾਲ ਸਮਝੌਤੇ ਦੀ ਮਾਰੂ ਨੀਤੀ ਨੂੰ ਖਤਮ ਕਰਨ ਵਿਚ ਸਫਲ ਸਾਬਤ ਹੋਵੇਗਾ ਜਾਂ ਨਹੀਂ।

ਇਹ ਲੇਖ ਜੁਲਾਈ ਦੇ ਅੰਤ ਤੇ
ਲਿਖਿਆ ਗਿਆ, ਅੰਤਕਾ
6 (19) ਸਤੰਬਰ ਨੂੰ ਲਿਖੀ ਗਈ।
12-13 ਸਤੰਬਰ (30-31
ਅਗਸਤ), 1917 ਨੂੰ ਅਖਬਾਰ
ਰਾਬੋਚੀ ਨੰਬਰ 8 ਤੇ 9 ਵਿਚ
ਪ੍ਰਕਾਸ਼ਤ ਹੋਇਆ।

ਆਰ.ਐਸ.ਡੀ.ਐਲ.ਪੀ. ਦੀ ਕੇਂਦਰੀ ਕਮੇਟੀ ਦੇ ਨਾਂਅ

ਇਹ ਸੰਭਵ ਹੈ ਕਿ ਇਹ ਸਤਰਾਂ ਬਹੁਤ ਦੇਰ ਮਗਰੋਂ ਪੁਜਣ ਕਿਉਂ ਜੋ ਘਟਨਾਵਾਂ ਇਤਨੀ ਤੇਜ਼ੀ ਨਾਲ ਵਿਕਾਸ ਕਰ ਰਹੀਆਂ ਹਨ ਕਿ ਕਈ ਵਾਰ ਬੰਦੇ ਨੂੰ ਸਿਰ-ਦਰਦ ਹੋਣ ਲਗ ਜਾਂਦਾ ਹੈ। ਮੈਂ ਇਹ ਬੁਧਵਾਰ, 30 ਅਗਸਤ, ਨੂੰ ਲਿਖ ਰਿਹਾ ਹਾਂ ਅਤੇ ਇਸ ਨੂੰ ਪਰਾਪਤ ਕਰਨ ਵਾਲੇ ਸਕਰਵਾਰ, ਦੋ ਸਤੰਬਰ ਤੋਂ ਪਹਿਲਾਂ ਪਹਿਲਾਂ ਨਹੀਂ ਪੜ੍ਹ ਸਕਣਗੇ। ਫਿਰ ਵੀ, ਮੈਂ ਹੇਠਲੀਆ ਸਤਰਾਂ ਲਿਖਣਾ ਆਪਣਾ ਫਰਜ਼ ਸਮਝਦਾ ਹੈ।

ਕੋਰਨੀਲੋਵ ਦੀ ਬਗਾਵਤ ਬਹੁਤ ਹੀ ਅਚਾਨਕ ਹੈ (ਅਚਾਨਕ ਅਜਿਹੀ ਘੜੀ ਤੇ ਅਜਿਹੇ ਰੂਪ ਵਿਚ) ਅਤੇ ਘਟਨਾਵਾਂ ਵਿਚ ਇਹ ਪੂਰੀ ਤਰ੍ਹਾਂ ਨਾ ਮੰਨਣਯੋਗ ਮੋੜਾ ਹੈ।

ਹਰ ਤੇਜ਼ ਮੋੜੇ ਵਾਂਗ, ਇਹ ਇਕ ਸੁਧਾਈ ਤੇ ਦਾਅਪੇਚਾ ਵਿਚ ਤਬਦੀਲੀ ਦੀ ਮੰਗ ਕਰਦਾ ਹੈ ਅਤੇ ਹਰ ਇਕ ਸੁਧਾਈ ਵਾਂਗ ਸਾਨੂੰ ਬੇ-ਅਸੂਲੇ ਬਣਨ ਬਾਰੇ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ।

ਇਹ ਮੇਰਾ ਨਿਸਚਾ ਹੈ ਉਹ ਜਿਹੜੇ ਬੇ-ਅਸੂਲੇ ਬਣ ਜਾਂਦੇ ਹਨ, ਉਹ ਲੋਕ ਹਨ ਜਿਹੜੇ (ਵੋਲੋਦਾਰਸਕੀ ਵਾਂਗ) ਤਿਲਕ ਕੇ ਰੱਖਿਆਵਾਦ ਵਿਚ ਚਲੇ ਜਾਂਦੇ ਹਨ ਜਾਂ (ਦੂਜੇ ਬਾਲਸ਼ਵਿਕਾਂ ਵਾਂਗ) ਐਸ. ਆਰਾਂ. ਦੇ **ਧੜੇ** ਵਿਚ ਆਰਜ਼ੀ ਸਰਕਾਰ ਦੀ **ਹਮਾਇਤ ਕਰਨ** ਤਕ ਚਲੇ ਜਾਂਦੇ ਹਨ। ਉਹਨਾਂ ਦਾ ਵਤੀਰਾ ਬਿਲਕੁਲ ਗਲਤ ਤੇ ਬੇ-ਅਸੂਲਾ ਹੈ। ਸਾਨੂੰ ਪਰੋਲੇਤਾਰੀਏ ਦੇ ਹੱਥਾਂ ਵਿਚ ਸੱਤਾ ਤਬਦੀਲ ਹੋਣ ਮਗਰੋਂ ਕੇਵਲ, **ਕੇਵਲ** ਅਮਨ ਦੀ ਪੇਸ਼ਕਸ਼ ਦੇ ਪਿਛੋਂ, ਬੈਂਕਾਂ ਨਾਲ ਹੋਈਆਂ ਸੰਧੀਆਂ ਅਤੇ ਗੁਪਤ ਸੰਧੀਆਂ ਦੇ ਟੁੱਟਣ ਦੇ ਮਗਰੋਂ, **ਕੇਵਲ ਮਗਰੋਂ** ਰੱਖਿਆਵਾਦੀ ਬਣਨਾ ਚਾਹੀਦਾ ਹੈ। ਨਾ **ਰੀਗਾ ਉਤੇ ਕਬਜ਼ਾ ਤੇ ਨਾ ਹੀ ਪੀਤਰੋਗਰਾਦ ਉਤੇ ਕਬਜ਼ਾ** ਸਾਨੂੰ ਰੱਖਿਆ-ਵਾਦੀ ਬਣਾਏਗਾ। ਜਦੋਂ ਤਕ ਅਸੀਂ ਇਕ ਪਰੋਲੇਤਾਰੀ ਇਨਕਲਾਬ ਦੀ ਹਮਾਇਤ ਕਰਦੇ ਹਾਂ, ਅਸੀਂ ਜੰਗ ਦੇ ਵਿਰੁਧ ਹਾਂ, ਅਸੀਂ ਕੋਈ ਰੱਖਿਆਵਾਦੀ ਨਹੀਂ।

ਇਥੋਂ ਤਕ ਕਿ ਹੁਣ ਵੀ ਸਾਨੂੰ ਕੇਰੇਨਸਕੀ ਦੀ ਸਰਕਾਰ ਦੀ ਹਮਾਇਤ ਨਹੀਂ ਕਰਨੀ ਚਾਹੀਦੀ। ਇਹ ਬੇ-ਅਸੂਲੀ ਗੱਲ ਹੈ। ਸਾਥੋਂ ਪੁਛਿਆ ਜਾ ਸਕਦਾ ਹੈ : ਕੀ ਤੁਸੀਂ ਕੋਰਨੀਲੋਵ ਵਿਰੁਧ ਨਹੀਂ ਲੜੋਗੇ ? ਨਿਰਸੰਦੇਹ, ਅਸੀਂ ਜ਼ਰੂਰ ਲੜਾਂਗੇ ! ਪਰ ਇਹ ਉਸੇ ਤਰ੍ਹਾਂ ਦੀ ਗੱਲ ਨਹੀਂ, ਇਹ ਵੱਖ ਕਰਨ ਵਾਲੀ ਰੇਖਾ ਹੈ, ਜਿਹੜੀ ਕੁਝ ਬਾਲਸ਼ਵਿਕਾਂ ਵਲੋਂ ਉਲੰਘੀ ਜਾ ਰਹੀ ਹੈ

ਜਿਹੜੇ ਸਮਝੌਤਾ ਕਰਦੇ ਹਨ ਅਤੇ ਆਪਣੇ ਆਪ ਨੂੰ ਘਟਨਾਵਾਂ ਦੇ ਅਮਲ ਰਾਹੀਂ ਵਹਾਏ ਜਾਣ ਦੀ ਆਗਿਆ ਦੇਂਦੇ ਹਨ।

ਅਸੀਂ ਲੜਾਂਗੇ, ਅਸੀਂ ਕੋਰਨੀਲੋਵ ਦੇ ਵਿਰੁਧ ਲੜ ਰਹੇ ਹਾਂ, ਜਿਵੇਂ ਕੇਰੇਨਸਕੀ **ਦੀਆਂ ਫੌਜਾਂ** ਲੜ ਰਹੀਆਂ ਹਨ, ਪਰ ਅਸੀਂ ਕੇਰੇਨਸਕੀ ਦੀ ਹਮਾਇਤ ਨਹੀਂ ਕਰਦੇ, **ਇਸ ਤੋਂ ਉਲਟ** ਅਸੀਂ ਉਸ ਦੀ ਕਮਜ਼ੋਰੀ ਨੂੰ ਨੰਗਾ ਕਰਦੇ ਹਾਂ। ਇਥੇ ਹੈ ਉਹ ਫਰਕ। ਹਾਂ, ਇਹ ਇਕ ਸੂਖਮ ਫਰਕ ਹੈ, ਪਰ ਇਹ ਬਹੁਤ ਹੀ ਜ਼ਰੂਰੀ ਹੈ ਤੇ ਇਸ ਨੂੰ ਭੁਲਣਾ ਨਹੀਂ ਚਾਹੀਦਾ।

ਫਿਰ, ਕੋਰਨੀਲੋਵ ਬਗਾਵਤ ਦੇ ਮਗਰੋਂ ਸਾਡੇ ਦਾਅਪੇਚ ਕਿਹੜੀ ਗੱਲ ਸਿਰਜਦੀ ਹੈ?

ਅਸੀਂ ਕੇਰੇਨਸਕੀ ਦੇ ਵਿਰੁਧ ਆਪਣੀ ਜਦੋ ਜਹਿਦ ਦੇ **ਰੂਪ** ਬਦਲ ਰਹੇ ਹਾਂ। ਉਸ ਪ੍ਰਤੀ ਆਪਣੀ ਦੁਸ਼ਮਣੀ ਨੂੰ ਉੱਕਾ ਮੱਠਾ ਕੀਤੇ ਬਿਨਾਂ, ਉਸ ਨੂੰ ਉਲਟਾਉਣ ਦੇ ਕਾਰਜ ਨੂੰ ਤਜੇ ਬਿਨਾਂ, ਉਸ ਬਾਰੇ ਆਖਿਆ ਇਕ ਵੀ ਸ਼ਬਦ ਵਾਪਸ ਲਏ ਬਿਨਾਂ, ਅਸੀਂ ਕਹਿੰਦੇ ਹਾਂ ਸਾਨੂੰ ਵਰਤ-ਮਾਨ ਸਥਿਤੀ ਨੂੰ ਹਰ ਹਾਲਤ ਵਿਚ **ਧਿਆਨ ਵਿਚ ਰਖਣਾ ਚਾਹੀਦਾ ਹੈ।** ਸਾਨੂੰ ਕੇਰੇਨਸਕੀ ਨੂੰ ਹੁਣੇ ਹੀ ਨਹੀਂ ਉਲਟਾਉਣਾ ਚਾਹੀਦਾ। ਸਾਨੂੰ ਉਸ ਦੇ ਵਿਰੁਧ ਲੜਨ ਦੇ ਕਾਰਜ ਵਲ ਵਖਰੇ ਢੰਗ ਨਾਲ ਪਹੁੰਚ ਕਰਨੀ ਚਾਹੀਦੀ ਹੈ, ਭਾਵ ਸਾਨੂੰ ਲੋਕਾਂ ਨੂੰ (ਜਿਹੜੇ ਕੋਰਨੀਲੋਵ ਵਿਰੁਧ ਲੜ ਰਹੇ ਹਨ) ਕੇਰੇਨਸਕੀ **ਦੀ ਕਮਜ਼ੋਰੀ ਤੇ ਜਕੋਤੱਕੀ** ਦਸਣੀ ਚਾਹੀਦੀ ਹੈ। ਇਹ ਗੱਲ ਬੀਤੇ ਵਿਚ ਵੀ ਕੀਤੀ ਗਈ ਹੈ। ਪਰ, ਹੁਣ ਇਹ ਬਹੁਤ ਜ਼ਰੂਰੀ ਚੀਜ਼ ਬਣ ਗਈ ਹੈ ਤੇ ਇਹੋ ਤਬਦੀਲੀ ਨੂੰ ਸਿਰਜਦੀ ਹੈ।

ਤਬਦੀਲੀ ਇਹ ਹੈ ਕਿ **ਬਹੁਤ ਜ਼ਰੂਰੀ ਚੀਜ਼** ਹੁਣ ਕੇਰੇਨਸਕੀ ਨੂੰ ਪੇਸ਼ ਕੀਤੀਆਂ ਜਾਣ ਵਾਲੀਆਂ "ਅੰਸ਼ਕ ਮੰਗਾਂ" ਲਈ ਸਾਡੀ ਮੁਹਿੰਮ ਦੀ ਤੀਖਣਤਾ ਬਣ ਗਈ ਹੈ! ਮਿਲਿਯੂਕੋਵ ਨੂੰ ਗਰਿਫਤਾਰ ਕਰੋ, ਪੀਤਰੋਗਰਾਦ ਦੇ ਮਜ਼ਦੂਰਾਂ ਨੂੰ ਹਥਿਆਰਬੰਦ ਕਰੋ, ਕਰੋਨਸਤਾਦਤ, ਵੀਬੋਰਗ ਤੇ ਹੇਲਸਿੰਗਫੋਰ ਦੀਆ ਫੌਜਾ ਪੀਤਰੋਗਰਾਦ ਬੁਲਾਓ, ਡੂਮਾ ਨੂੰ ਤੋੜ ਦਿਓ, ਰੋਦਜਿਆਨਕੋ ਨੂੰ ਗਰਿਫਤਾਰ ਕਰੋ, ਜ਼ਮੀਨੀ ਮਿਲਖਾਂ ਦੀ ਕਿਸਾਨਾ ਨੂੰ ਸੌਂਪਣੀ ਨੂੰ ਕਾਨੂੰਨੀ ਬਣਾਓ, ਅਨਾਜ ਤੇ ਫੈਕ-ਟਰੀਆਂ ਉਤੇ ਮਜ਼ਦੂਰਾਂ ਦੇ ਕੰਟਰੋਲ ਲਾਗੂ ਕਰੋ, ਆਦਿ। ਸਾਨੂੰ ਇਹ ਮੰਗਾਂ ਜਾ ਕੇ ਕੇਰੇਨਸਕੀ ਨੂੰ ਹੀ ਪੇਸ਼ ਨਹੀਂ ਕਰਨੀਆ ਚਾਹੀਦੀਆਂ, ਅਤੇ **ਇਤਨੀਆਂ** ਕੇਰੇਨਸਕੀ ਨੂੰ ਨਹੀਂ ਜਿੰਨੀਆ ਮਜ਼-ਦੂਰਾ, ਕਿਸਾਨਾਂ ਤੇ ਸਿਪਾਹੀਆ ਨੂੰ ਪੇਸ਼ ਕਰਨੀਆਂ ਚਾਹੀਦੀਆ ਹਨ ਜਿਹੜੇ ਕੋਰਨੀਲੋਵ ਦੇ ਵਿਰੁਧ ਜਦੋਜਹਿਦ ਦੇ ਅਮਲ ਵਿਚ **ਵਹਿ ਗਏ** ਹਨ। ਸਾਨੂੰ ਉਹਨਾ ਦੇ ਉਤਸ਼ਾਹ ਨੂੰ ਕਾਇਮ ਰਖਣਾ ਚਾਹੀਦਾ ਹੈ, ਉਹਨਾ ਜਰਨੈਲਾਂ ਤੇ ਅਫਸਰਾਂ ਨਾਲ ਨਿਪਟਣ ਲਈ ਓਨ੍ਹਾਂ ਨੂੰ ਦਲੇਰੀ ਦੇਣੀ ਚਾਹੀਦੀ ਹੈ ਜਿਨ੍ਹਾਂ ਨੇ ਕੋਰਨੀਲੋਵ ਦੇ ਹੱਕ ਵਿਚ ਐਲਾਨ ਕੀਤਾ ਹੈ, ਕਿਸਾਨਾਂ ਨੂੰ ਤੁਰੰਤ ਜ਼ਮੀਨ ਦੇਣ ਦੀ ਮੰਗ ਕਰਨ ਲਈ **ਉਹਨਾਂ** ਨੂੰ ਉਤੇਜਤ ਕਰੋ, ਉਹਨਾਂ ਨੂੰ ਸੁਝਾਅ ਦਿਓ ਕਿ ਰੋਦਜ਼ਿਆਨਕੋ ਤੇ ਮਿਲਿਯੂਕੋਵ ਨੂੰ ਗਰਿਫਤਾਰ ਕਰਨਾ, ਡੂਮਾ ਨੂੰ ਤੋੜਨਾ, **ਰੀਸ਼** ਤੇ ਹੋਰ ਬੁਰਜੂਆ ਅਖ਼ਬਾਰ ਬੰਦ ਕਰਨਾ ਤੇ ਉਹਨਾਂ ਦੇ ਵਿਰੁਧ ਜਾਚ ਪੜਤਾਲ ਕਰਨੀ ਜ਼ਰੂਰੀ ਹੈ। "ਖੱਬੇ" ਐਸ.-ਆਰਾ ਨੂੰ ਇਹ ਸੇਧ ਅਪਨਾਉਣ ਲਈ ਵਿਸ਼ੇਸ਼ ਜ਼ੋਰ ਦੇਣਾ ਚਾਹੀਦਾ ਹੈ।

ਇਹ ਸੋਚਣਾ ਗੱਲਤ ਹੋਵੇਗਾ ਕਿ ਅਸੀਂ ਪਰੋਲੇਤਾਰੀਏ ਵੱਲੋਂ ਸੱਤਾ ਪਰਾਪਤ ਕਰਨ ਦੇ ਕਾਰਜ ਤੋਂ **ਪਰ੍ਹਾਂ ਚਲੇ** ਗਏ ਹਾਂ। ਨਹੀ। ਅਸੀਂ ਇਸ ਦੇ ਬਹੁਤ ਨੇੜੇ ਆ ਗਏ ਹਾਂ, **ਸਿੱਧਿਆਂ ਨਹੀਂ**, ਸਗੋਂ ਇਕ ਪਾਸੇ ਤੋਂ। **ਇਸ ਘੜੀ** ਸਾਨੂੰ ਕੇਰੇਨਸਕੀ ਦੇ ਵਿਰੁਧ **ਇੱਤਨੀ ਸਿੱਧੀ ਮੁਹਿੰਮ ਨਹੀਂ ਚਲਾਉਣੀ ਚਾਹੀਦੀ ਜਿੰਨੀ ਕਿ ਅਸਿੱਧਿਆਂ ਚਲਾਉਣੀ ਚਾਹੀਦੀ ਹੈ, ਭਾਵ,**

ਕੋਰਨੀਲੋਵ ਦੇ ਵਿਰੁਧ ਵਧੇਰੇ ਤੋਂ ਵਧੇਰੇ ਸਰਗਰਮ, ਅਸਲੀ ਇਨਕਲਾਬੀ ਜੰਗ ਦੀ ਮੰਗ ਕਰ ਕੇ। ਕੇਵਲ ਇਸ ਜੰਗ ਦਾ ਵਿਕਾਸ ਹੀ ਸਾਨੂੰ ਸੱਤਾ ਤਕ ਲਿਜਾ ਸਕਦਾ ਹੈ, ਪਰ ਸਾਨੂੰ ਆਪਣੇ ਪਰਚਾਰ ਵਿਚ ਜਿਤਨਾ ਸੰਭਵ ਹੋ ਸਕੇ ਘੱਟ ਬੋਲਣਾ ਚਾਹੀਦਾ ਹੈ, (ਇਸ ਗੱਲ ਨੂੰ ਚੰਗੀ ਤਰ੍ਹਾਂ ਯਾਦ ਰਖਦਿਆਂ ਕਿ ਹੋ ਸਕਦਾ ਹੈ ਕਿ ਕਲ੍ਹ ਨੂੰ ਹੀ ਘਟਨਾਵਾਂ ਸੱਤਾ ਸਾਡੇ ਹੱਥਾਂ ਵਿਚ ਦੇ ਦੇਣ, ਫਿਰ ਅਸੀਂ ਇਸ ਨੂੰ ਹਥੋਂ ਨਹੀਂ ਜਾਣ ਦਿਆਂਗੇ)। ਮੈਨੂੰ ਇੰਜ ਜਾਪਦਾ ਹੈ ਇਹ ਗੱਲ ਪਰਾਪੇਗੰਡਾ ਕਰਨ ਵਾਲਿਆਂ ਨੂੰ, ਐਜੀਟੇਟਰਾਂ ਦੇ ਗਰੁੱਪਾਂ ਨੂੰ ਤੇ ਆਮ ਪਾਰਟੀ ਮੈਂਬਰਾਂ ਨੂੰ ਇਕ ਚਿੱਠੀ ਰਾਹੀਂ (ਅਖਬਾਰਾਂ ਵਿਚ ਨਹੀਂ) ਪਹੁੰਚਾਉਣੀ ਚਾਹੀਦੀ ਹੈ। ਸਾਨੂੰ ਦੇਸ਼ ਦੀ ਰਖਿਆ ਬਾਰੇ, ਇਨਕਲਾਬੀ ਡੇਮੋਕਰੇਟਾਂ ਦੇ ਇਕ ਸੰਗਠਤ ਮੋਰਚੇ ਬਾਰੇ, ਆਰਜ਼ੀ ਸਰਕਾਰ ਦੀ ਹਮਾਇਤ ਕਰਨ ਬਾਰੇ ਲੱਫਾਜ਼ੀ ਦਾ ਡੱਟ ਕੇ ਕਾਕਰਾ ਕਰਨਾ ਚਾਹੀਦਾ ਹੈ, ਕਿਉਂ ਜੋ ਇਹ ਕੇਵਲ ਖੋਖਲੀ ਲੱਫਾਜ਼ੀ ਹੈ। ਸਾਨੂੰ ਕਹਿਣਾ ਚਾਹੀਦਾ ਹੈ! **ਕਾਰਵਾਈ ਕਰਨ** ਦਾ ਸਮਾਂ ਹੁਣ ਹੈ! ਤੁਸੀਂ ਐਸ. ਆਰ. ਤੇ ਮੈਨਸ਼ਵਿਕ ਭੱਦਰ ਪੁਰਸ਼ੋ! ਉਹ ਵਾਕੰਸ਼ਾ ਨੂੰ ਬਹੁਤ ਸਮਾਂ ਪਹਿਲਾਂ ਹੰਢਾ ਕੇ ਪੁਰਾਣਾ ਕਰ ਦਿਤਾ ਹੈ। **ਕਾਰਵਾਈ ਕਰਨ** ਦਾ ਸਮਾਂ ਹੁਣ ਹੈ; ਕੋਰਨੀਲੋਵ ਦੇ ਵਿਰੁਧ ਜੰਗ, ਉਸ ਵਿਚ ਜਨਸਮੂਹ ਨੂੰ ਲਿਆਉਣ ਰਾਹੀਂ, ਉਹਨਾਂ ਨੂੰ ਉਤਸ਼ਾਹਤ ਕਰਨ ਰਾਹੀਂ, ਉਹਨਾਂ ਨੂੰ ਪਰਚੰਡ ਕਰਨ ਰਾਹੀਂ ਇਕ ਇਨਕਲਾਬੀ ਢੰਗ ਨਾਲ ਕਰਨੀ ਚਾਹੀਦੀ ਹੈ (ਕੇਰੇਨਸਕੀ **ਜਨਸਮੂਹ ਤੋਂ ਡਰਦਾ ਹੈ,** ਲੋਕਾਂ ਤੋਂ **ਡਰਦਾ** ਹੈ)। ਜਰਮਨਾ ਵਿਰੁਧ ਜੰਗ ਵਿਚ, ਕਾਰਵਾਈ ਹੁਣੇ ਹੀ ਕਰਨੀ ਚਾਹੀਦੀ ਹੈ; **ਤੁਰੰਤ ਤੇ ਬਿਨਾਂ ਸ਼ਰਤ ਦੇ ਅਮਨ ਸੰਖੇਪ ਸ਼ਰਤਾਂ ਤੇ ਪੇਸ਼ ਕਰਨਾ ਚਾਹੀਦਾ ਹੈ**! ਜੇ ਇੰਜ ਕੀਤਾ ਜਾਂਦਾ ਹੈ, ਜਾਂ ਤਾਂ ਇਕ ਤੁਰੰਤ ਅਮਨ ਪਰਾਪਤ ਕੀਤਾ ਜਾ ਸਕਦਾ ਹੈ, ਜਾਂ ਫਿਰ ਨੂੰ ਇਕ ਇਨਕਲਾਬੀ ਜੰਗ ਵਿਚ ਬਦਲਿਆ ਜਾ ਸਕਦਾ ਹੈ। ਹਾ, ਜੇ ਇੰਜ ਨਹੀਂ ਕੀਤਾ ਜਾਂਦਾ, ਸਮੇਂ ਦੇ ਸਾਰੇ ਮੈਨਸ਼ਵਿਕ ਤੇ ਸੋਸ਼ਲਿਸਟ ਇਨਕਲਾਬੀ ਸਾਮਰਾਜ ਦੇ ਬੂਟ-ਚੱਟ ਰਹਿੰਦੇ ਹਨ।

ਲੈਨਿਨ

30 ਅਗਸਤ (12 ਸਤੰਬਰ), 1917
ਨੂੰ ਲਿਖਿਆ।
ਪਹਿਲਾਂ **ਪਰਾਵਦਾ** ਨੰਬਰ 250 ਵਿਚ
7, ਨਵੰਬਰ 1920 ਨੂੰ ਪਰਕਾਸ਼ਤ
ਹੋਇਆ।

ਸਮਝੌਤਿਆਂ ਬਾਰੇ

ਰਾਜਨੀਤੀ ਵਿਚ ਸਮਝੌਤਾ ਪਦ ਦਾ ਅਰਥ ਹੈ ਦੂਜੀ ਧਿਰ ਨਾਲ ਰਜ਼ਾਮੰਦੀ ਦੁਆਰਾ ਕੁਝ ਮੰਗਾਂ ਛੱਡ ਦੇਣਾ, ਮੰਗਾਂ ਦੇ ਇਕ ਹਿੱਸੇ ਦਾ ਤਿਆਗ।

ਬਾਲਸ਼ਵਿਕਾਂ ਬਾਰੇ ਸਾਧਾਰਨ ਮਨੁੱਖ ਦਾ ਆਮ ਵਿਚਾਰ, ਜਿਸ ਨੂੰ ਬਾਲਸ਼ਵਿਕਾਂ ਨੂੰ ਭੰਡਣ ਵਾਲੇ ਪਰੈੱਸ ਵਲੋਂ ਉਤਸ਼ਾਹਤ ਕੀਤਾ ਜਾਂਦਾ ਹੈ, ਇਹ ਹੈ ਕਿ ਬਾਲਸ਼ਵਿਕ ਕਿਸੇ ਨਾਲ ਸਮਝੌਤੇ ਲਈ ਕਦਾਚਿਤ ਸਹਿਮਤ ਨਹੀਂ ਹੋਣਗੇ।

ਇਨਕਲਾਬੀ ਪਰੋਲਤਾਰੀਏ ਦੀ ਪਾਰਟੀ ਵਜੋਂ ਸਾਡੇ ਲਈ ਇਹ ਵਿਚਾਰ ਕਾਫ਼ੀ ਖ਼ੁਸ਼ੀ-ਭਰਪੂਰ ਹੈ ਕਿਉਂਕਿ ਇਹ ਸਾਬਤ ਕਰਦਾ ਹੈ ਕਿ ਸਾਡੇ ਦੁਸ਼ਮਣ ਵੀ ਸੋਸ਼ਲਿਜ਼ਮ ਤੇ ਇਨਕਲਾਬ ਦੇ ਬੁਨਿਆਦੀ ਅਸੂਲਾਂ ਪ੍ਰਤੀ ਸਾਡੀ ਵਫ਼ਾਦਾਰੀ ਨੂੰ ਪਰਵਾਨ ਕਰਨ ਲਈ ਮਜਬੂਰ ਹਨ। ਤਦ ਵੀ ਸਾਡੇ ਲਈ ਦਸਣਾ ਜ਼ਰੂਰੀ ਹੈ ਕਿ ਇਹ ਵਿਚਾਰ ਗਲਤ ਹੈ। ਏਂਗਲਜ਼ ਬਿਲਕੁਲ ਦਰੁਸਤ ਸੀ ਜਦੋਂ ਉਸ ਨੇ ਬਲਾਂਕਿਸਟ ਕਮਿਊਨਿਸਟਾਂ ਦੇ ਮੈਨੀਫੈਸਟੋ (1873) ਦੀ ਆਪਣੀ ਆਲੋਚਨਾ ਵਿਚ "ਕੋਈ ਸਮਝੌਤਾ ਨਹੀਂ" ਦੇ ਉਹਨਾਂ ਦੇ ਐਲਾਨ ਦੀ ਖਿੱਲੀ ਉਡਾਈ ਸੀ। ਉਸ ਨੇ ਕਿਹਾ ਸੀ ਕਿ ਇਹ ਇਕ ਖੋਖਲਾ ਕਥਨ ਹੈ ਕਿਉਂਕਿ ਕਈ ਵਾਰ ਹਾਲਾਤ ਕਿਸੇ ਸੰਘਰਸ਼ ਕਰ ਰਹੀ ਪਾਰਟੀ ਉਤੇ ਸਮਝੌਤੇ ਠੋਸ ਦਿੰਦੇ ਹਨ ਅਤੇ "ਹਿਸਾਬ ਨਾਲ ਅਦਾਇਗੀ" ਤੋਂ ਸਦਾ ਲਈ ਇਨਕਾਰ ਕਰ ਦੇਣਾ ਫ਼ਜ਼ੂਲ ਹੈ

ਉਦਾਹਰਣ ਵਜੋਂ, ਤੀਜੀ ਅਤੇ ਚੌਥੀ ਡੂਮਾ ਵਿਚ ਸ਼ਾਮਲ ਹੋਣਾ ਇਕ ਸਮਝੌਤਾ ਅਥਵਾ ਇਨਕਲਾਬੀ ਮੰਗਾਂ ਦਾ ਵਕਤੀ ਤਿਆਗ ਸੀ। ਪਰ ਇਹ ਇਕ ਸਮਝੌਤਾ ਸੀ ਜਿਹੜਾ ਸਾਡੇ ਉਤੇ ਬਿਲਕੁਲ ਠੋਸਿਆ ਗਿਆ ਸੀ, ਕਿਉਂਕਿ ਤਾਕਤਾਂ ਦੇ ਤੋਲ ਨੇ ਉਸ ਸਮੇਂ ਲਈ ਸਾਡੇ ਵਾਸਤੇ ਇਨਕਲਾਬੀ ਸੰਘਰਸ਼ ਕਰਨਾ ਅਸੰਭਵ ਬਣਾ ਦਿਤਾ ਸੀ ਅਤੇ ਲੰਮੇ ਸਮੇਂ ਲਈ ਅਜਿਹੇ ਸੰਘਰਸ਼ ਦੀ ਤਿਆਰੀ ਵਾਸਤੇ ਸਾਨੂੰ ਅਜਿਹੇ "ਸੂਰਾਂ ਦੇ ਵਾੜੇ" ਦੇ ਅੰਦਰੋਂ ਵੀ ਕੰਮ ਕਰਨ ਦੇ ਸਮਰੱਥ ਹੋਣਾ ਪੈਣਾ ਸੀ। ਇਤਿਹਾਸ ਨੇ ਸਾਬਤ ਕੀਤਾ ਹੈ ਕਿ ਇਕ ਪਾਰਟੀ ਦੀ ਹੈਸੀਅਤ ਵਿਚ ਬਾਲਸ਼ਵਿਕਾਂ ਦੀ ਇਸ ਸਵਾਲ ਬਾਰੇ ਪਹੁੰਚ ਬਿਲਕੁਲ ਦਰੁਸਤ ਸੀ।

ਹੁਣ ਸਵਾਲ ਜਬਰੀ ਸਮਝੌਤੇ ਦਾ ਨਹੀਂ, ਸਵੈ-ਇੱਛਤ ਸਮਝੌਤੇ ਦਾ ਹੈ।

ਕਿਸੇ ਵੀ ਹੋਰ ਪਾਰਟੀ ਵਾਂਗ ਸਾਡੀ ਪਾਰਟੀ ਵੀ ਆਪਣਾ ਰਾਜਸੀ ਗ਼ਲਬਾ ਕਾਇਮ ਕਰਨ

ਲਈ ਯਤਨ ਕਰ ਰਹੀ ਹੈ। ਸਾਡਾ ਨਿਸ਼ਾਨਾ ਇਨਕਲਾਬੀ ਪਰੋਲੇਤਾਰੀਏ ਦੀ ਡਿਕਟੇਟਰਸ਼ਿਪ ਹੈ। ਇਨਕਲਾਬ ਦੇ ਛੇ ਮਹੀਨਿਆਂ ਨੇ ਬਹੁਤ ਸਪੱਸ਼ਟਤਾ ਨਾਲ, ਜ਼ੋਰਦਾਰ ਅਤੇ ਫੈਸਲਾਕੁਨ ਢੰਗ ਨਾਲ ਸਾਬਤ ਕਰ ਦਿਤਾ ਹੈ ਕਿ ਇਸ ਵਿਸ਼ੇਸ਼ ਇਨਕਲਾਬ ਦੇ ਹਿੱਤਾਂ ਵਿਚ ਇਹ ਮੰਗ ਦਰੁਸਤ ਅਤੇ ਅਟੱਲ ਹੈ, ਨਹੀਂ ਤਾਂ ਲੋਕ ਕਦੇ ਵੀ ਜਮਹੂਰੀ ਅਮਨ, ਕਿਸਾਨਾਂ ਲਈ ਜ਼ਮੀਨ, ਜਾਂ ਪੂਰਨ ਆਜ਼ਾਦੀ (ਇਕ ਪੂਰਨ ਜਮਹੂਰੀ ਰੀਪਬਲਿਕ) ਪ੍ਰਾਪਤ ਨਹੀਂ ਕਰ ਸਕਣਗੇ। ਇਹ ਕੁਝ ਸਾਡੇ ਇਨਕਲਾਬ ਦੀਆਂ ਪਿਛਲੇ ਛੇ ਮਹੀਨਿਆਂ ਦੀਆਂ ਘਟਨਾਵਾਂ ਨੇ, ਸ਼੍ਰੇਣੀਆਂ ਤੇ ਪਾਰਟੀਆਂ ਦੇ ਘੋਲ ਨੇ ਅਤੇ 20-21 ਅਪ੍ਰੈਲ, 9-10 ਅਤੇ 18-19 ਜੂਨ, 3-5 ਅਤੇ 27-31 ਅਗਸਤ ਨੇ ਦਰਸਾ ਦਿਤਾ ਤੇ ਸਾਬਤ ਕਰ ਦਿਤਾ ਹੈ।

ਰੂਸੀ ਇਨਕਲਾਬ ਅਜਿਹੇ ਅਚਾਨਕ ਅਤੇ ਮੌਲਿਕ ਮੋੜ ਵਿਚੋਂ ਲੰਘ ਰਿਹਾ ਹੈ ਕਿ ਇਕ ਪਾਰਟੀ ਵਜੋਂ ਅਸੀਂ, ਆਪਣੇ ਸਿੱਧੇ ਤੇ ਮੁੱਖੀ ਜਮਾਤੀ ਦੁਸ਼ਮਣ ਬੁਰਜੁਆਜ਼ੀ ਨੂੰ ਤਾਂ ਨਹੀਂ, ਪਰ ਆਪਣੇ ਨੇੜਲੇ ਵਿਰੋਧੀਆਂ ਹਾਕਮ ਅਰਧ-ਬੁਰਜੂਆ ਜਮਹੂਰੀ ਪਾਰਟੀਆਂ, ਸੋਸ਼ਲਿਸਟ ਇਨ-ਕਲਾਬੀਆਂ ਅਤੇ ਮੈਨਸ਼ਵਿਕਾਂ ਨੂੰ ਸਵੈ-ਇੱਛਤ ਸਮਝੌਤੇ ਦੀ ਪੇਸ਼ਕਸ਼ ਕਰ ਸਕਦੇ ਹਾਂ।

ਅਸੀਂ ਇਹਨਾਂ ਪਾਰਟੀਆ ਨੂੰ ਸਮਝੌਤੇ ਦੀ ਪੇਸ਼ਕਸ਼ ਇਕ ਛੋਟ ਵਜੋਂ ਅਤੇ ਵਿਸੇਸ਼ ਅਵਸਥਾ ਦੇ ਪ੍ਰਸੰਗ ਵਿਚ, ਜੋ ਥੋੜਾ ਜਿੰਨਾ ਸਮਾ ਹੀ ਰਹੇਗੀ, ਹੀ ਕਰ ਸਕਦੇ ਹਾਂ। ਅਤੇ ਮੈਂ ਸਮਝਦਾ ਹਾਂ ਕਿ ਸਾਨੂੰ ਇਹ ਕੁਝ ਕਰਨਾ ਚਾਹੀਦਾ ਹੈ।

ਸਾਡੇ ਵਲੋਂ ਸਮਝੌਤੇ ਦੀ ਪੇਸ਼ਕਸ ਇਹ ਹੈ ਕਿ ਅਸੀਂ ਸੋਵੀਅਤਾਂ ਨੂੰ ਸਾਰੀ ਸੱਤਾ ਅਤੇ ਸੋਵੀਅਤਾਂ ਅਗੇ ਜਿੰਮੇਵਾਰ ਸੋਸ਼ਲਿਸਟ-ਇਨਕਲਾਬੀਆ ਤੇ ਮੈਨਸਵਿਕਾਂ ਦੀ ਸਰਕਾਰ ਦੀ ਜੁਲਾਈ ਤੋਂ ਪਹਿਲਾਂ ਦੀ ਆਪਣੀ ਮੰਗ ਉਤੇ ਮੁੜ ਆਈਏ।

ਹੁਣੇ ਤੇ ਕੇਵਲ ਹੁਣੇ ਹੀ, ਇਹਨਾਂ **ਕੁਝ ਦਿਨਾਂ** ਜਾਂ ਹਫਤਾ ਦੋ ਹਫਤੇ ਅੰਦਰ ਹੀ, ਅਜੇਹੀ ਸਰਕਾਰ ਸਥਾਪਤ ਹੋ ਸਕਦੀ ਹੈ ਤੇ ਪੂਰੇ ਪੁਰਅਮਨ ਢੰਗ ਨਾਲ ਪ੍ਰਪੱਕ ਕੀਤੀ ਜਾ ਸਕਦੀ ਹੈ। ਵੱਡੀ ਸੰਭਾਵਨਾ ਇਹ ਹੈ ਕਿ ਇਹ ਸਾਰੇ ਰੂਸੀ ਇਨਕਲਾਬ ਦਾ ਪੁਰਅਮਨ ਢੰਗ **ਅਗੇ ਵਧਣਾ** ਹਾਸਲ ਕਰ ਰਿਹਾ ਹੈ ਅਤੇ ਅਮਨ ਤੇ ਸੋਸ਼ਲਿਜਮ ਦੀ ਜਿੱਤ ਲਈ ਸੰਸਾਰ ਭਰ ਦੀ ਲਹਿਰ ਬਹੁਤ ਵੱਡੀਆ ਉਲਾਂਘਾਂ ਭਰਨ ਦੇ ਬਹੁਤ ਹੀ ਵਧੀਆ ਮੌਕੇ ਦੇ ਸਕਦੀ ਹੈ।

ਮੇਰੇ ਵਿਚਾਰ ਵਿਚ ਬਾਲਸ਼ਵਿਕਾਂ ਨੂੰ, ਜੋ ਸੰਸਾਰ ਇਨਕਲਾਬ ਤੇ ਇਨਕਲਾਬੀ ਢੰਗਾ ਦੇ ਪੱਖੀ ਹਨ, ਕੇਵਲ ਇਨਕਲਾਬ ਦੇ ਪੁਰਅਮਨ ਵਿਕਾਸ ਦੀ ਖ਼ਾਤਰ—ਜੋ ਮੌਕਾ ਇਤਿਹਾਸ ਵਿਚ ਬਹੁਤ ਘੱਟ ਮਿਲਦਾ ਹੈ ਤੇ ਬਹੁਤ ਕੀਮਤੀ ਹੈ, ਮੌਕਾ ਜੋ ਕਿਤੇ ਕਿਤੇ ਹੀ ਬਣਦਾ ਹੈ—ਇਸ ਸਮਝੌਤੇ ਲਈ ਰਾਜ਼ੀ ਹੋ ਜਾਣਾ ਚਾਹੀਦਾ ਹੈ।

ਸਮਝੌਤੇ ਦਾ ਅਰਥ ਨਿਮਨਲਿਖਤ ਹੋਵੇਗਾ : ਸਰਕਾਰ ਵਿਚ ਸ਼ਮੂਲੀਅਤ ਦਾ ਦਾਅਵਾ ਕਰਨ ਤੋਂ ਬਿਨਾਂ (ਜੋ ਕਿ, ਜਿੰਨਾ ਚਿਰ ਪਰੋਲੇਤਾਰੀਏ ਤੇ ਗ਼ਰੀਬ ਕਿਸਾਨਾਂ ਦੀ ਡਿਕਟੇਟਰਸ਼ਿਪ ਸਥਾਪਤ ਨਹੀਂ ਹੋ ਜਾਂਦੀ) ਕੌਮਾਂਤਰੀਵਾਦੀਆਂ ਲਈ ਅਸੰਭਵ ਹੈ, ਬਾਲਸ਼ਵਿਕ ਪਰੋਲੇਤਾਰੀਏ ਅਤੇ ਗ਼ਰੀਬ ਕਿਸਾਨਾਂ ਨੂੰ ਫੌਰੀ ਸੱਤਾ ਸੌਂਪਣ ਦੀ ਮੰਗ ਕਰਨ ਅਤੇ ਇਸ ਲਈ ਲੜਨ ਵਾਸਤੇ ਇਨਕਲਾਬੀ ਢੰਗਾਂ ਦੀ ਵਰਤੋਂ ਤੋਂ ਪਰਹੇਜ਼ ਕਰਨਗੇ। ਇਕ ਸ਼ਰਤ, ਜੋ ਆਪਣੇ ਆਪ ਵਿਚ ਪ੍ਰਤੱਖ ਹੈ ਅਤੇ ਸੋਸ਼ਲਿਸਟ-ਇਨਕਲਾਬੀਆ ਤੇ ਮੈਨਸ਼ਵਿਕਾਂ ਲਈ ਨਵੀਂ, ਇਹ ਹੈ ਕਿ ਪ੍ਰਚਾਰ ਕਰਨ ਦੀ ਪੂਰਨ ਆਜ਼ਾਦੀ ਹੋਵੇ ਅਤੇ ਬਿਨਾਂ ਦੇਰੀ ਤੋਂ, ਜਾਂ ਬਹੁਤ ਨੇੜਲੀ ਤਾਰੀਖ ਉਪਰ-ਸੰਵਿਧਾਨ ਅਸੰਬਲੀ ਦਾ ਸਮਾਗਮ ਬੁਲਾਇਆ ਜਾਵੇ।

ਸਰਕਾਰੀ ਬਲਾਕ ਹੋਣ ਦੇ ਨਾਤੇ, ਮੈਨਸ਼ਵਿਕ ਤੇ ਸੋਸਲਿਸਟ-ਇਨਕਲਾਬੀ (ਇਹ ਮਿਥ ਕੇ ਕਿ ਸਮਝੋਤਾ ਹੋ ਚੁਕਾ ਹੈ) ਸੋਵੀਅਤਾ ਸਾਹਮਣੇ ਨਿਰੋਲ ਤੇ ਪੂਰੀ ਤਰ੍ਹਾਂ ਜ਼ਿੰਮੇਵਾਰ ਸਰਕਾਰ ਬਣਾਉਣ ਲਈ ਰਜ਼ਾਮੰਦ ਹੋਣਗੇ ਤੇ ਸਥਾਨਕ ਪੱਧਰ ਦੀ ਸਭ ਸਕਤੀ ਸੋਵੀਅਤਾ ਕੋਲ ਚਲੀ ਜਾਵੇਗੀ। ਇਹ 'ਨਵੀਂ'' ਸ਼ਕਤੀ ਹੋਵੇਗੀ। ਮੇਰਾ ਖ਼ਿਆਲ ਹੈ ਕਿ ਇਹ ਭਰੋਸਾ ਕਰਦੇ ਹੋਏ ਕਿ ਇਨਕਲਾਬ ਪੁਰਅਮਨ ਢੰਗ ਨਾਲ ਅੱਗੇ ਵਧੇਗਾ ਅਤੇ ਪ੍ਰਚਾਰ ਦੀ ਪੂਰਨ ਆਜ਼ਾਦੀ ਸਦਕਾ ਅਤੇ ਸੋਵੀਅਤਾ ਦੀ (ਨਵੀਆ ਚੋਣਾ) ਵਿਚੋਂ ਨਵੀਂ ਜਮਹੂਰੀਅਤ ਤੇ ਫੌਰੀ ਤੋਰ ਤੇ ਸਥਾਪਤ ਹੋਈ ਅਤੇ ਉਸ ਦੇ ਕੰਮ ਕਰਨ ਸਦਕਾ, ਸੋਵੀਅਤਾ ਵਿਚਲੇ ਪਾਰਟੀਆ-ਝਗੜਿਆ ਉਪਰ ਪੁਰਅਮਨ ਢੰਗ ਨਾਲ ਕਾਬੂ ਪਾ ਲਿਆ ਜਾਵੇਗਾ।

ਸਾਇਦ, ਇਹ ਹੁਣੇ ਹੀ ਅਸੰਭਵ ਹੈ ? ਹੋ ਸਕਦਾ ਹੈ। ਪਰ ਜੇ ਸੌ ਵਿਚੋਂ ਇਕ ਵੀ ਸੰਭਾਵਨਾ ਹੋਵੇ ਤਾ ਇਸ ਮੌਕੇ ਨੂੰ ਵਰਤਣ ਲਈ ਯਤਨ ਕਰਨਾ ਅਜੇ ਵੀ ਲਾਭਕਾਰੀ ਹੈ।

''ਦੋਹਾ ਧਿਰਾ ਨੂੰ'' ਅਥਵਾ ਇਕ ਬੰਨੇ ਬਾਲਸਵਿਕ ਤੇ ਦੂਜੇ ਬੰਨੇ ਸੋਸਲਿਸਟ-ਇਨਕਲਾਬੀਆਂ ਤੇ ਮੈਨਸਵਿਕਾ ਦੇ ਬਲਾਕ ਨੂੰ ਇਸ "ਸਮਝੋਤੇ'' ਵਿਚੋਂ ਕੀ ਲਾਭ ਹੋਵੇਗਾ ? ਜੇ ਕਿਸੇ ਵੀ ਧਿਰ ਨੂੰ ਕੋਈ ਲਾਭ ਨਹੀਂ ਤਾ ਸਮਝੋਤੇ ਨੂੰ ਅਸੰਭਵ ਮਿਥਣਾ ਚਾਹੀਦਾ ਹੈ, ਤੇ ਹੋਰ ਕੁਝ ਨਹੀਂ ਕਹਿਣਾ ਚਾਹੀਦਾ। ਭਾਵੇਂ ਇਹ ਸਮਝੌਤਾ ਹਾਲ ਦੀ ਘੜੀ (ਜੁਲਾਈ-ਅਗਸਤ ਦੇ ਦੋ ਮਹੀਨਿਆਂ ਤੋਂ ਪਿਛੋਂ ਜੋ ਪੁਰਅਮਨ ਨਿੰਦਰਾਏ ਸਮਿਆ ਦੇ ਦਹਾਕਿਆ ਦੇ ਬਰਾਬਰ ਹਨ) ਕਿੰਨਾ ਵੀ ਮੁਸਕਲ ਕਿਉਂ ਨਾ ਹੋਵੇ, ਮੇਰਾ ਖਿਆਲ ਹੈ ਇਸ ਦੇ ਨੇਪਰੇ ਚੜ੍ਹਨ ਦੀ ਥੋੜੀ ਜਿੰਨੀ ਗੁੰਜਾਇਸ ਹੈ। ਇਹ ਗੁੰਜਾਇਸ ਸੋਸਲਿਸਟ-ਇਨਕਲਾਬੀਆ ਤੇ ਮੈਨਸਵਿਕਾ ਵਲੋਂ ਕੈਡਿਟਾ ਦੇ ਨਾਲ ਰਲ ਕੇ ਸਰਕਾਰ ਨਾ ਚਲਾਉਣ ਦੇ ਫੈਸਲੇ ਤੋਂ ਪੈਦਾ ਹੋਈ ਹੈ।

ਬਾਲਸਵਿਕ ਖੁਲ੍ਹੇ-ਆਮ ਆਪਣੇ ਵਿਚਾਰਾ ਦਾ ਪ੍ਰਚਾਰ ਕਰਨ ਅਤੇ ਹਕੀਕੀ ਪੂਰਨ ਜਮਹਰੀਅਤ ਦੇ ਅਧੀਨ ਸੋਵੀਅਤਾ ਵਿਚ ਆਪਣਾ ਪ੍ਰਭਾਵ ਵਧਾਉਣ ਲਈ ਯਤਨ ਕਰਨ ਦਾ ਮੌਕਾ ਲੈ ਸਕਣਗੇ। ਸਬਦਾਂ ਵਿਚ ਤਾ ਹਰ ਕੋਈ ਹੁਣ ਬਾਲਸਵਿਕਾ ਨੂੰ ਇਹ ਆਜ਼ਾਦੀ ਦਿੰਦਾ ਹੈ ਪਰ ਹਕੀਕਤ ਵਿਚ ਇਕ ਬੁਰਜੂਆ ਸਰਕਾਰ ਅਧੀਨ ਜਾ ਅਜਿਹੀ ਸਰਕਾਰ ਅਧੀਨ, ਜਿਸ ਵਿਚ ਬਰਜੁਆਜੀ ਸਾਮਲ ਹੈ ਜਾ ਸੱਚ ਤਾ ਇਹ ਹੈ ਕਿ ਸੋਵੀਅਤਾ ਬਿਨਾ ਕਿਸੇ ਵੀ ਹੋਰ ਸਰਕਾਰ ਵਿਚ ਇਹ ਆਜ਼ਾਦੀ ਅਸੰਭਵ ਹੈ, ਇਕ ਸੋਵੀਅਤ ਸਰਕਾਰ ਅਧੀਨ ਇਹ ਆਜ਼ਾਦੀ ਸੰਭਵ ਹੋਵੇਗੀ। (ਅਸੀਂ ਨਹੀਂ ਆਖਦੇ ਕਿ ਇਹ ਯਕੀਨੀ ਹੋਵੇਗੀ, ਪਰ ਤਦ ਵੀ ਇਹ ਸੰਭਵ ਹੋਵੇਗੀ) ਅਜਿਹੀ ਔਖੀ ਘੜੀ ਅਜਿਹੀ ਸੰਭਾਵਨਾ ਵਾਸਤੇ ਸੋਵੀਅਤਾ ਵਿਚਲੀ ਹੁਣ ਦੀ ਬਹੁਸੰਮਤੀ ਨਾਲ ਸਮਝੌਤਾ ਕਰਨਾ ਵਾਜਬ ਹੀ ਹੋਵੇਗਾ। ਸਾਨੂੰ ਹਕੀਕੀ ਜਮਹੂਰੀਅਤ ਤੋਂ ਡਰਨ ਦੀ ਕੋਈ ਲੋੜ ਨਹੀਂ, ਕਿਉਂਕਿ ਹਕੀਕਤ ਸਾਡੇ ਨਾਲ ਹੈ, ਅਤੇ ਏਥੋਂ ਤਕ ਕਿ ਸੋਸਲਿਸਟ-ਇਨਕਲਾਬੀ ਤੇ ਮੈਨਸਵਿਕ ਪਾਰਟੀਆ ਵਿਚ ਘਟਨਾਵਾਂ ਦਾ ਰੁਝਾਣ ਵੀ ਸਾਨੂੰ ਦਰੁਸਤ ਸਾਬਤ ਕਰਦਾ ਹੈ।

ਮੈਨਸਵਿਕਾ ਅਤੇ ਸੋਸਲਿਸਟ-ਇਨਕਲਾਬੀਆ ਨੂੰ ਇਹ ਲਾਭ ਹੋਵੇਗਾ ਕਿ ਉਹ ਲੋਕਾਂ ਦੀ ਪ੍ਰਗਟ ਰੂਪ ਵਿਚ ਭਾਰੀ ਬਹੁਸੰਮਤੀ ਦੀ ਹਮਾਇਤ ਨਾਲ ਆਪਣੇ ਬਲਾਕ ਦੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਫੌਰਨ ਹਰ ਮੌਕਾ ਪ੍ਰਾਪਤ ਕਰ ਸਕਣਗੇ ਅਤੇ ਇਸ ਤਰ੍ਹਾਂ ਸੋਵੀਅਤਾ ਵਿਚ ਆਪਣੀ ਬਹੁਸੰਮਤੀ ਦੀ ''ਪੁਰਅਮਨ'' ਵਰਤੋਂ ਨੂੰ ਸੁਰੱਖਿਅਤ ਕਰ ਲੈਣਗੇ।

ਇਸ ਬਲਾਕ ਵਿਚੋਂ ਜੋ ਇਸ ਕਰਕੇ ਵੀ ਕਿ ਉਹ ਇਕ ਬਲਾਕ ਹੈ ਅਤੇ ਇਸ ਕਾਰਨ ਵੀ ਕਿ ਅਰਧ-ਬੁਰਜੂਆਜ਼ੀ ਸਦਾ ਹੀ ਬੁਰਜੂਆਜ਼ੀ ਤੇ ਪਰੋਲੇਤਾਰੀਏ ਦੇ ਟਾਕਰੇ ਹਮੇਸ਼ਾ ਘਟ ਇਕਸਾਰ

ਹੁੰਦੀ ਹੈ, ਸ਼ਾਇਦ ਦੋ ਪ੍ਰਕਾਰ ਦੀਆਂ ਆਵਾਜ਼ਾਂ ਸੁਣੀਆਂ ਜਾਣਗੀਆਂ।

ਇਕ ਆਵਾਜ਼ ਆਖੇਗੀ : ਅਸੀਂ ਉਸ ਰਾਹ ਨਹੀਂ ਤੁਰ ਸਕਦੇ ਜਿਸ ਰਾਹ ਬਾਲਸ਼ਵਿਕ ਤੇ ਇਨਕਲਾਬੀ ਪਰੋਲੇਤਾਰੀਏ ਤੁਰ ਰਹੇ ਹਨ। ਉਹ ਹਰ ਸੂਰਤ ਬਹੁਤ ਕੁਝ ਮੰਗਣਗੇ ਤੇ ਲੱਛੇਦਾਰ ਲੱਫਾਜ਼ੀ ਨਾਲ ਗਰੀਬ ਕਿਸਾਨਾਂ ਨੂੰ ਭੁਚਲਾਉਣਗੇ। ਉਹ ਇਤਿਹਾਦੀਆਂ ਨਾਲੋਂ ਤੋੜ-ਵਿਛੋੜੇ ਦੀ ਅਤੇ ਅਮਨ ਦੀ ਮੰਗ ਕਰਨਗੇ। ਇਹ ਅਸੰਭਵ ਹੈ। ਅਸੀਂ ਬੁਰਜੁਆਜ਼ੀ ਨਾਲ ਹੀ ਸੁਖੀ ਤੇ ਸੁਰੱਖਿਅਤ ਹਾਂ, ਆਖ਼ਰ ਉਨ੍ਹਾਂ ਨਾਲੋਂ ਕੋਈ ਤੋੜ-ਵਿਛੋੜਾ ਤਾਂ ਨਹੀਂ ਕਰ ਲਿਆ, ਕੋਰਨੀਲੋਵ ਘਟਨਾ ਉਪਰ ਵਕਤੀ ਝਗੜਾ ਹੋਇਆ ਹੈ। ਅਸੀਂ ਲੜ ਪਏ ਹਾਂ, ਪਰ ਅਸੀਂ ਸੁਲ੍ਹਾ ਵੀ ਕਰ ਲਵਾਂਗੇ। ਅਤੇ ਫੇਰ ਬਾਲਸ਼ਵਿਕ ਕਿਹੜਾ ਸਾਨੂੰ ਕੁਝ "ਸੌਂਪਣ" ਲਗੇ ਹਨ, ਕਿਉਂਕਿ ਬਗਾਵਤ ਦੇ ਉਨ੍ਹਾਂ ਯਤਨਾਂ ਨੂੰ ਭਾਂਜ ਵਾਲਾ ਉਹੋ ਹਸ਼ਰ ਵੇਖਣਾ ਪੈਣਾ ਹੈ, ਜੋ 1871 ਦੇ ਕਮਿਊਨ ਨੇ ਵੇਖਿਆ ਸੀ।

ਦੂਸਰੀ ਆਵਾਜ ਆਖੇਗੀ : ਕਮਿਊਨ ਦਾ ਹਵਾਲਾ ਬੜਾ ਉਪਰਲਾ-ਉਪਰਲਾ ਅਤੇ ਸਗੋਂ ਬੇਵਕੂਫਾਨਾ ਵੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਬਾਲਸ਼ਵਿਕਾਂ ਨੇ 1871 ਤੋਂ ਲੈ ਕੇ ਕਾਫ਼ੀ ਕੁਝ ਸਿਖ ਲਿਆ ਹੈ, ਉਹ ਬੈਂਕਾਂ ਉਪਰ ਕਬਜ਼ਾ ਕਰਨ ਵਿਚ ਫੇਲ੍ਹ ਨਹੀਂ ਹੋਣ ਲਗੇ, ਤੇ ਵਰਸੇਲਜ਼ ਵਲ ਵਧਣ ਤੋਂ ਇਨਕਾਰ ਨਹੀਂ ਕਰਨਗੇ ਅਜਿਹੀਆਂ ਪਰਸਥਿਤੀਆਂ ਵਿਚ ਤਾਂ ਕਮਿਊਨ ਵੀ ਸਫਲ ਹੋ ਜਾਂਦਾ। ਤੇ ਫੇਰ, ਕਮਿਊਨ ਲੋਕਾਂ ਨੂੰ ਉਹ ਕੁਝ ਫੌਰੀ ਤੌਰ ਤੇ ਨਹੀਂ ਸੀ ਦੇ ਸਕਦਾ ਜੋ ਬਾਲਸ਼ਵਿਕ ਜੇ ਉਹ ਸਫਲ ਹੋ ਗਏ ਤਾਂ ਉਨ੍ਹਾਂ ਨੂੰ ਦੇਣ ਦੇ ਸਮਰੱਥ ਹੋਣਗੇ, ਅਥਵਾ ਕਿਸਾਨਾਂ ਨੂੰ ਜ਼ਮੀਨ, ਅਮਨ ਦੀ ਫੌਰੀ ਪੇਸ਼ਕਸ਼, ਉਤਪਾਦਨ ਉਪਰ ਹਕੀਕੀ ਕੰਟਰੋਲ, ਯੂਕਰੇਨੀਅਨਾਂ, ਫਿਨੀਆਂ ਇਤਿਆਦਿ ਨਾਲ ਨੇਕ ਨੀਤੀ ਵਾਲਾ ਅਮਨ। ਪਧਰੀ ਗੱਲ ਤਾਂ ਇਹ ਹੈ ਕਿ ਬਾਲਸ਼ਵਿਕਾਂ ਕੋਲ ਕਮਿਊਨ ਨਾਲੋਂ ਦਸ ਗੁਣਾਂ ਵਧੇਰੇ ਰੰਗ ਦੇ ਪੱਤੇ ਹਨ। ਦੂਸਰੀ ਗੱਲ ਆਖ਼ਰ ਕਮਿਊਨ ਦਾ ਅਰਥ ਹੈ ਕਰੜੀ ਘਰੋਗੀ ਜੰਗ ਆਉਣ ਵਾਲੇ ਲੰਮੇਂ ਸਮਿਆਂ ਤਕ ਪੁਰਅਮਨ ਸੱਭਿਆਚਾਰਕ ਵਿਕਾਸ ਨੂੰ ਸੱਟ, ਸਭ ਪ੍ਰਕਾਰ ਦੇ ਮੈਕਮੋਹਨਾਂ ਤੇ ਕੋਰਨੀਲੋਵਾਂ ਬਾਰੇ ਵਧੇਰੇ ਸੌਖਿਆਈ ਨਾਲ ਕੰਮ ਕਰ ਸਕਣ ਤੇ ਸਾਜ਼ਸ਼ਾਂ ਕਰਨ ਦਾ ਮੌਕਾ—ਅਤੇ ਅਜਿਹੇ ਅਮਲ ਸਾਡੇ ਸਾਰੇ ਬੁਰਜੂਆ ਸਮਾਜ ਲਈ ਖ਼ਤਰਾ ਹਨ। ਕੀ ਕਮਿਊਨ ਦਾ ਖ਼ਤਰਾ ਮੁੱਲ ਲੈਣਾ ਸਿਆਣਪ ਹੈ ?

ਜੇ ਅਸੀਂ ਸੱਤਾ ਆਪਣੇ ਹੱਥ ਵਿਚ ਨਹੀਂ ਲੈਂਦੇ, ਜੇ ਹਾਲਾਤ ਉਨੇ ਹੀ ਭੈੜੇ ਰਹਿੰਦੇ ਹਨ, ਜਿੰਨੇ ਇਹ 6 ਮਈ ਤੋਂ 31 ਅਗਸਤ ਵਿਚਕਾਰ ਸਨ, ਤਾਂ ਹੁਣ ਰੂਸ ਵਿਚ ਕਮਿਊਨ ਅਟੱਲ ਹੈ। ਹਰ ਇਨਕਲਾਬੀ ਮਜ਼ਦੂਰ ਤੇ ਫੌਜੀ ਅਵੱਸ਼ ਹੀ ਕਮਿਊਨ ਬਾਰੇ ਸੋਚੇਗਾ ਤੇ ਉਸ ਵਿਚ ਵਿਸ਼ਵਾਸ ਕਰੇਗਾ। ਉਹ ਲਾਜ਼ਮੀ ਤੌਰ ਤੇ ਇਸ ਨੂੰ ਲਿਆਉਣ ਦਾ ਯਤਨ ਕਰੇਗਾ ਕਿਉਂਕਿ ਉਸ ਦੀ ਦਲੀਲ ਹੋਵੇਗੀ : "ਲੋਕ ਤਬਾਹ ਹੋ ਰਹੇ ਹਨ, ਜੰਗ, ਕਾਲ ਤੇ ਤਬਾਹੀ ਪਸਰ ਰਹੇ ਹਨ। ਕੇਵਲ ਕਮਿਊਨ ਹੀ ਬਚਾ ਸਕਦਾ ਹੈ। ਇਸ ਲਈ ਆਓ ਅਸੀਂ ਤਬਾਹ ਹੋ ਜਾਈਏ, ਪਰ ਕਮਿਊਨ ਸਥਾਪਤ ਕਰ ਲਈਏ।" ਅਜਿਹੇ ਖ਼ਿਆਲ ਕਾਮਿਆਂ ਵਿਚ ਲਾਜ਼ਮੀ ਆਉਣਗੇ, ਅਤੇ ਕਮਿਊਨ ਨੂੰ ਕੁਚਲਣਾ ਹੁਣ 1871 ਜਿੰਨਾ ਸੌਖਾ ਨਹੀਂ ਹੋਵੇਗਾ। ਰੂਸੀ ਕਮਿਊਨ ਦੇ ਦੁਨੀਆਂ ਭਰ ਵਿਚ ਇਤਿਹਾਦੀ ਹੋਣਗੇ। ਇਤਿਹਾਦੀ ਜੋ 1871 ਦੇ ਕਮਿਊਨ ਦੇ ਇਤਿਹਾਦੀਆਂ ਨਾਲੋਂ ਸੌ ਗੁਣਾਂ ਤਕੜੇ ਹੋਣਗੇ... ਕੀ ਸਾਡੇ ਲਈ ਕਮਿਊਨ ਦਾ ਖ਼ਤਰਾ ਮੁੱਲ ਲੈਣਾ ਸਿਆਣਪ ਹੈ ? ਮੈਂ ਇਹ ਵੀ ਨਹੀਂ ਮੰਨ ਸਕਦਾ ਕਿ ਬਾਲਸ਼ਵਿਕ ਸਮਝੌਤੇ ਵਿਚ ਸਾਨੂੰ ਉਕਾ ਹੀ ਕੁਝ ਨਹੀਂ ਦਿੰਦੇ। ਕਿਉਂਕਿ ਸਭ ਸਭਿਅ ਦੇਸ਼ਾਂ ਵਿਚ ਸਭਿਅ ਵਜ਼ੀਰ, ਜੰਗ ਸਮੇਂ ਪਰੋਲਤਾਰੀਏ ਨਾਲ, ਭਾਵੇਂ ਇਹ ਕਿੰਨਾ ਹੀ ਛੋਟਾ

ਕਿਉਂ ਨਾ ਹੋਵੇ, ਸਮਝੌਤੇ ਦੀ ਬਹੁਤ ਕਦਰ ਕਰਦੇ ਹਨ। ਉਹ ਇਸ ਦਾ ਬਹੁਤ ਬਹੁਤ ਮੁੱਲ ਪਾਉਂਦੇ ਹਨ। ਅਤੇ ਇਹ ਅਮਲੀ ਮਨੁੱਖ ਹਨ, ਹਕੀਕੀ ਵਜ਼ੀਰ। ਅਤੇ ਜਬਰ ਦੇ ਬਾਵਜੂਦ ਤੇ ਆਪਣੇ ਪ੍ਰੈਸ ਦੀ ਕਮਜ਼ੋਰੀ ਦੇ ਬਾਵਜੂਦ...ਬਾਲਸ਼ਵਿਕ ਤੇਜ਼ੀ ਨਾਲ ਮਜ਼ਬੂਤ ਹੋ ਰਹੇ ਹਨ...ਕੀ ਕਮਿਊਨ ਦਾ ਖਤਰਾ ਮੁੱਲ ਲੈਣਾ ਸਾਡੇ ਲਈ ਸਿਆਣਪ ਹੈ ?

ਸਾਡੀ ਸੁਰੱਖਿਅਤ ਬਹੁਸੰਮਤੀ ਹੈ। ਗਰੀਬ ਕਿਸਾਨ ਜਾਗਣ ਵਿਚ ਅਜੇ ਚੋਖਾ ਸਮਾਂ ਲਾਉਣਗੇ, ਅਸੀਂ ਆਪਣੇ ਜੀਵਨ ਭਰ ਲਈ ਸੁਰੱਖਿਅਤ ਹਾਂ। ਮੇਰਾ ਵਿਸ਼ਵਾਸ ਇਹ ਨਹੀਂ ਕਿ ਇਕ ਕਿਰਸਾਣੀ ਦੇਸ਼ ਵਿਚ ਬਹੁ ਸੰਮਤੀ ਅੱਤਵਾਦੀਆਂ ਦੇ ਪਿਛੇ ਤੁਰੇਗੀ। ਅਤੇ ਇਕ ਸੱਚਮੁੱਚ ਦੀ ਜਮਹੂਰੀ ਰੀਪਬਲਿਕ ਵਿਚ ਪ੍ਰਤੱਖ ਬਹੁ ਸੰਮਤੀ ਦੇ ਵਿਰੁਧ ਕੋਈ ਬਗ਼ਾਵਤ ਸੰਭਵ ਨਹੀਂ। ਇਸ ਤਰ੍ਹਾਂ ਦੀਆਂ ਗੱਲਾਂ ਕਰੇਗੀ ਦੂਸਰੀ ਆਵਾਜ਼।

ਮਾਰਤੋਵ ਜਾਂ ਸਪਿਰਦੋਨੋਵਾ ਦੇ ਹਮਾਇਤੀਆਂ ਵਲੋਂ ਆਉਣ ਵਾਲੀ ਤੀਸਰੀ ਆਵਾਜ਼ ਵੀ ਹੋ ਸਕਦੀ ਹੈ, ਜੋ ਆਖੇਗੀ : "ਸਾਥੀਓ, ਮੈਨੂੰ ਅਫਸੋਸ ਹੈ ਕਿ ਕਮਿਊਨ ਬਾਰੇ ਤੇ ਇਸ ਦੀ ਸੰਭਾਵਨਾ ਬਾਰੇ ਜੋ ਗੱਲ ਕਰਦੇ ਹੋਏ ਤੁਸੀਂ ਦੋਵੇਂ ਹੀ, ਨਿਰਸੰਕੋਚ ਇਸ ਦੇ ਵਿਰੋਧੀਆਂ ਵਿਚ ਜਾ ਰਲਦੇ ਹੋ। ਇਕ ਜਾਂ ਦੂਸਰੇ ਰੂਪ ਵਿਚ ਤੁਸੀਂ ਦੋਵੇਂ ਉਹਨਾਂ ਦਾ ਪੱਖ ਪੂਰਦੇ ਹੋ ਜਿਨ੍ਹਾਂ ਨੇ ਕਮਿਊਨ ਨੂੰ ਦਬਾਇਆ ਸੀ। ਮੈਂ ਕਮਿਊਨ ਦੇ ਹੱਕ ਵਿਚ ਮੁਹਿੰਮ ਨਹੀਂ ਚਲਾਵਾਂਗਾ, ਮੈਂ ਇਹ ਅਗਾਊਂ ਇਕਰਾਰ ਵੀ ਨਹੀਂ ਕਰ ਸਕਦਾ ਕਿ ਮੈਂ ਹਰ ਬਾਲਸ਼ਵਿਕ ਵਾਂਗ ਇਸ ਦੀਆਂ ਸਫਾਂ ਵਿਚ ਹੋ ਕੇ ਲੜਾਂਗਾ, ਪਰ ਮੈਂ ਇਹ ਜ਼ਰੂਰ ਆਖ ਦੇਣਾ ਚਾਹੁੰਦਾ ਹਾਂ ਕਿ ਜੇ ਮੇਰੇ ਯਤਨਾਂ ਦੇ ਬਾਵਜੂਦ ਜੇ ਕਮਿਊਨ ਆਰੰਭ ਹੁੰਦਾ ਹੈ ਤਾਂ ਮੈਂ ਇਸ ਦੇ ਵਿਰੋਧੀਆਂ ਦੀ ਬਜਾਏ ਇਸ ਦੇ ਹਮਾਇਤੀਆਂ ਦੀ ਸਹਾਇਤਾ ਕਰਾਂਗਾ।

"ਬਲਾਕ" ਵਿਚ ਆਵਾਜ਼ਾਂ ਦਾ ਇਹ ਸਤਨਾਜਾ ਬਹੁਤ ਵਡਾ ਹੈ ਤੇ ਅਟੱਲ ਹੈ, ਕਿਉਂਕਿ ਪੂਰੀ ਵਜ਼ੀਰੀਆਂ ਵਾਲੀ ਬੁਰਜੁਆਜ਼ੀ ਤੋਂ ਲੈ ਕੇ ਉਸ ਅਰਧ-ਕੰਗਲੇ ਤਕ ਜੋ ਅਜੇ ਤਕ ਪਰੋਲਤਾਰੀ ਪੁਜ਼ੀਸ਼ਨ ਧਾਰਨ ਕਰਨ ਦੇ ਸਮਰੱਥ ਨਹੀਂ ਹੋ ਸਕਿਆ, ਅਰਧ-ਬੁਰਜੂਆ ਡੈਮੋਕਰੈਟਾਂ ਵਿਚ ਕਈ ਪ੍ਰਕਾਰ ਦੇ ਵਿਚਾਰ ਪ੍ਰਵਾਹਾਂ ਨੂੰ ਪ੍ਰਤੀਨਿਧਤਾ ਪ੍ਰਾਪਤ ਹੈ। ਕੋਈ ਨਹੀਂ ਜਾਣਦਾ ਕਿ ਕਿਸੇ ਨਿਸਚਤ ਮੌਕੇ ਉਪਰ ਅਵਾਜ਼ਾ ਦੇ ਇਸ ਸਤਨਾਜੇ ਦਾ ਕੀ ਸਿੱਟਾ ਹੋਵੇਗਾ।

... ...

ਉਪਰੋਕਤ ਲਾਈਨਾਂ ਪਹਿਲੀ ਸਤੰਬਰ ਸ਼ੁਕਰਵਾਰ ਨੂੰ ਲਿਖੀਆਂ ਗਈਆਂ ਸਨ, ਪਰ ਅਣਚਿਤਵੀਆ ਪਰਸਥਿਤੀਆ ਕਾਰਨ (ਇਤਿਹਾਸ ਦਸੇਗਾ ਕਿ ਕੇਰੇਨਸਕੀ ਦੀ ਹਕੂਮਤ ਹੇਠ, ਸਭ ਬਾਲਸ਼ਵਿਕਾ ਨੂੰ ਆਪਣਾ ਨਿਵਾਸ ਚੁਣ ਸਕਣ ਦੀ ਆਜ਼ਾਦੀ ਨਹੀਂ ਸੀ) ਇਹ ਸੰਪਾਦਕੀ ਦਫਤਰ ਨੂੰ ਉਸੇ ਦਿਨ ਨਾ ਮਿਲ ਸਕਿਆ। ਸਨਿਚਰਵਾਰ ਦੇ ਤੇ ਅਜ (ਐਤਵਾਰ) ਦੇ ਅਖਬਾਰ ਪੜ੍ਹਨ ਉਪਰੰਤ ਮੈਂ ਆਪਣੇ ਆਪ ਨੂੰ ਆਖਦਾ ਹਾ : ਸ਼ਾਇਦ ਹੁਣ ਸਮਝੌਤੇ ਦੀ ਪੇਸ਼ਕਸ਼ ਕਰਨ ਦਾ ਵੇਲਾ ਨਹੀਂ ਰਿਹਾ, ਸ਼ਾਇਦ ਉਹ ਕੁਝ ਦਿਨ ਵੀ, ਜਿਨ੍ਹਾਂ ਵਿਚ ਪੁਰਅਮਨ ਘਟਨਾਵਾਂ ਦੀ ਅਜੇ ਵੀ ਸੰਭਾਵਨਾ ਸੀ, ਬੀਤ ਗਏ ਹਨ। ਹਾਂ ਜਾਪਦਾ ਇਹੀ ਹੈ ਕਿ ਉਹ ਬੀਤ ਚੁਕੇ ਹਨ। ਇਕ ਜਾਂ ਦੂਜੇ ਢੰਗ ਨਾਲ ਕੇਰੇਨਸਕੀ ਸੋਸ਼ਲਿਸਟ-ਇਨਕਲਾਬੀ ਪਾਰਟੀ ਵੀ ਛਡ ਦੇਵੇਗਾ ਤੇ ਖ਼ੁਦ ਸੋਸ਼ਲਿਸਟ ਇਨਕਲਾਬੀਆ ਨੂੰ ਵੀ ਅਤੇ ਸੋਸ਼ਲਿਸਟ-ਇਨਕਲਾਬੀਆ ਦੀ ਬੇਹਰਕਤੀ ਦੇ ਸਦਕਾ ਹੀ, ਸੋਸ਼ਲਿਸਟ-ਇਨਕਲਾਬੀਆਂ ਤੋਂ ਬਿਨਾਂ ਬੁਰਜੁਆਜ਼ੀ ਦੀ ਮੱਦਦ ਨਾਲ ਆਪਣੀ ਪੁਜ਼ੀਸ਼ਨ ਮਜ਼ਬੂਤ ਬਣਾਏਗਾ...। ਹਾਂ, ਜਾਪਦਾ ਇਹੀ ਹੈ ਕਿ ਉਹ ਦਿਨ, ਜਿਨ੍ਹਾਂ ਵਿਚ ਸਬੱਬੀ ਪੁਰਅਮਨ ਵਿਕਾਸ

ਦਾ ਰਾਹ ਸੰਭਵ ਹੋਇਆ ਸੀ, ਹੁਣ ਬੀਤ ਚੁਕੇ ਹਨ। ਹੁਣ ਤਾਂ ਇਹੀ ਕਰਨਾ ਬਣਦਾ ਹੈ ਕਿ ਇਹਨਾਂ ਟਿੱਪਣੀਆਂ ਨੂੰ ਸੰਪਾਦਕ ਵਲ ਇਸ ਬੇਨਤੀ ਨਾਲ ਭੇਜ ਦਿਤਾ ਜਾਵੇ ਕਿ ਉਹ ਇਹਨਾਂ ਨੂੰ ਨਾਂਅ ਦੇਵੇ, "ਪਛੜ ਕੇ ਪੁੱਜੇ ਵਿਚਾਰ।" ਕਈ ਵਾਰ ਪੱਛੜ ਕੇ ਆਏ ਵਿਚਾਰਾਂ ਦਾ ਅਧਿਅਨ ਵੀ ਤਾਂ ਦਿਲਚਸਪੀ ਤੋਂ ਖ਼ਾਲੀ ਨਹੀਂ ਹੁੰਦਾ।

1—3 (14—16) ਸਤੰਬਰ, 1917 ਨੂੰ ਲਿਖਿਆ।
ਰਾਬੋਚੀ ਪੁਤ ਨੰ: 3 ਵਿਚ 19 (6) ਸਤੰਬਰ
1917 ਨੂੰ ਛਪਿਆ
ਦਸਖ਼ਤ: ਨ. ਲੈਨਿਨ

ਸੰਗ੍ਰਹਿਤ ਕਿਰਤਾਂ,
ਜਿਲਦ 25

ਇਨਕਲਾਬ ਦਾ ਇਕ ਬੁਨਿਆਦੀ ਸਵਾਲ

ਹਰ ਇਨਕਲਾਬ ਦਾ ਕੁੰਜੀਵਤ ਸਵਾਲ ਨਿਰਸੰਦੇਹ ਰਾਜ-ਸੱਤਾ ਦਾ ਸਵਾਲ ਹੁੰਦਾ ਹੈ। ਸਭ ਕਾਸੇ ਦਾ ਫੈਸਲਾ ਇਹ ਗੱਲ ਕਰਦੀ ਹੈ ਕਿ ਸੱਤਾ ਕਿਹੜੀ ਜਮਾਤ ਦੇ ਹੱਥ ਵਿਚ ਹੈ। ਜਦੋਂ ਪਿਛੇ ਜਿਹੇ ਰੂਸ ਦੀ ਮੁਖੀ ਹਾਕਮ ਪਾਰਟੀ ਦੇ ਅਖਬਾਰ "**ਦਾਈਲੋ ਨਰੋਦਾ**" (ਨੰਬਰ 147) ਨੇ ਸ਼ਕਾਇਤ ਕੀਤੀ ਕਿ ਸੱਤਾ ਬਾਰੇ ਮਤਭੇਦ ਹੋਣ ਕਾਰਨ ਸੰਵਿਧਾਨਕ ਅਸੰਬਲੀ ਅਤੇ ਰੋਟੀ ਦੋਵਾਂ ਦੇ ਹੀ ਸਵਾਲ ਭੁਲਾਏ ਜਾ ਰਹੇ ਹਨ ਤਾਂ ਸੋਸ਼ਲਿਸਟ-ਇਨਕਲਾਬੀਆਂ ਨੂੰ ਜਵਾਬ ਦੇਣਾ ਚਾਹੀਦਾ ਸੀ ਕਿ "ਆਪਣੇ ਆਪ ਨੂੰ ਦੋਸ਼ ਦਿਓ ਕਿਉਂਕਿ **ਤੁਹਾਡੀ** ਪਾਰਟੀ ਦੀ ਥਿੜਕਾਹਟ ਤੇ ਦੁਚਿਤੀ ਹੀ ਵਧੇਰੇ ਕਰਕੇ 'ਵਜ਼ਾਰਤੀ ਅੱਡੀ-ਟੱਪਿਆਂ' ਲਈ, ਸੰਵਿਧਾਨਕ ਅਸੰਬਲੀ ਦੇ ਅਗਾਂਹ ਪਾਈ ਜਾਣ ਲਈ ਦੇਸ ਨੂੰ ਅਨਾਜ ਮੁਹੱਈਆ ਕਰਨ ਅਤੇ ਅਨਾਜ ਦੀ ਇਜਾਰੇਦਾਰੀ ਦੇ ਪ੍ਰਵਾਨਤ ਕਦਮਾਂ ਨੂੰ ਪੂੰਜੀਦਾਰਾਂ ਦੁਆਰਾ ਖੋਖਲੇ ਕਰਨ ਲਈ ਜ਼ਿੰਮੇਵਾਰ ਹੈ।"

ਸੱਤਾ ਦਾ ਸਵਾਲ ਟਾਲਿਆ ਜਾਂ ਲਾਂਭੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਕਿਸੇ ਇਨਕਲਾਬ ਦੇ ਵਿਕਾਸ ਵਿਚ ਇਸ ਦੀਆਂ ਘਰੋਗੀ ਤੇ ਬਦੇਸੀ ਨੀਤੀਆਂ ਵਿਚ ਹਰ ਚੀਜ਼ ਨੂੰ ਨਿਰਧਾਰਤ ਕਰਨ ਵਾਲਾ ਇਹ ਕੁੰਜੀਵਤ ਸਵਾਲ ਹੈ। ਇਹ ਇਕ ਵਿਵਾਦ-ਰਹਿਤ ਤੱਥ ਹੈ ਕਿ ਸਾਡੇ ਇਨਕਲਾਬ ਨੇ ਸੱਤਾ ਦੇ ਪ੍ਰਬੰਧ ਬਾਰੇ ਥਿੜਕਦਿਆਂ ਹੋਇਆਂ ਛੇ ਮਹੀਨੇ ਬਰਬਾਦ ਕੀਤੇ ਹਨ, ਤੱਥ ਜੋ ਕਿ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀ ਡਾਵਾਂਡੋਲ ਨੀਤੀ ਦਾ ਸਿੱਟਾ ਹੈ। ਅੰਤਮ ਰੂਪ ਵਿਚ ਇਹਨਾਂ ਪਾਰਟੀਆਂ ਦੀ ਡਾਵਾਂਡੋਲ ਨੀਤੀ ਅਰਧ-ਬੁਰਜੁਆਜ਼ੀ ਦੀ ਜਮਾਤੀ ਹਾਲਤ ਤੋਂ ਅਤੇ ਸਰਮਾਏ ਤੇ ਮਿਹਨਤ ਵਿਚਕਾਰ ਸੰਘਰਸ਼ ਵਿਚ ਉਹਨਾਂ ਦੀ ਆਰਥਕ ਅਸਥਿਰਤਾ ਤੋਂ ਨਿਰਧਾਰਤ ਹੁੰਦੀ ਸੀ।

ਸਾਰਾ ਮਸਲਾ ਹੁਣ ਇਹ ਹੈ ਕਿ ਕੀ ਇਹਨਾਂ ਅਸਾਧਾਰਨ ਰੂਪ ਵਿਚ ਘਟਨਾ-ਭਰਪੂਰ ਛੇਆਂ ਮਹੀਨਿਆਂ ਦੌਰਾਨ ਅਰਧ-ਬੁਰਜੂਆ ਜਮਹੂਰੀਅਤ-ਪਸੰਦਾਂ ਨੇ ਕੁਝ ਸਿਖਿਆ ਹੈ? ਜੇ ਨਹੀਂ ਸਿਖਿਆ ਤਾਂ ਇਨਕਲਾਬ ਗਿਆ ਸਮਝੋ, ਅਤੇ ਕੇਵਲ ਪਰੋਲਤਾਰੀਏ ਦੀ ਜੇਤੂ ਬਗਾਵਤ ਹੀ ਇਸ ਨੂੰ ਬਚਾ ਸਕਦੀ ਹੈ। ਜੇ ਉਹਨਾਂ ਕੁਝ ਸਿਖ ਲਿਆ ਹੈ ਤਾਂ ਸਥਿਰ ਤੇ ਥਿੜਕਣ-ਰਹਿਤ ਸੱਤਾ ਦੀ ਸਥਾਪਨਾ ਲਾਜ਼ਮੀ ਹੁਣੇ ਹੀ ਅਰੰਭ ਦੇਣੀ ਚਾਹੀਦੀ ਹੈ। ਇਕ ਲੋਕ-ਪ੍ਰਿਅ ਇਨਕਲਾਬ ਦੌਰਾਨ ਅਥਵਾ ਅਜਿਹੇ ਇਨਕਲਾਬ ਜੋ ਵਿਸ਼ਾਲ ਜਨਤਾ ਕਿਰਤੀਆਂ ਤੇ ਕਿਸਾਨਾਂ ਦੀ ਬਹੁ ਸੰਮਤੀ ਨੂੰ

ਹਰਕਤ ਵਿਚ ਲਿਆਉਂਦਾ ਹੈ, ਦੌਰਾਨ ਸੱਤਾ ਤਦ ਹੀ ਸਥਿਰ ਹੋ ਸਕਦੀ ਹੈ ਜੇਕਰ ਉਹ ਸਪਸ਼ਟ ਰੂਪ ਵਿਚ ਅਤੇ ਬਿਨਾਂ ਸ਼ਰਤ ਲੋਕਾਂ ਦੀ **ਬਹੁ ਸੰਮਤੀ ਉਪਰ** ਅਧਾਰਤ ਹੋਵੇ। ਹੁਣ ਤਕ ਰੂਸ ਵਿਚ ਰਾਜ-ਸੱਤਾ **ਅਸਲ ਵਿਚ ਬੁਰਜੂਆਜ਼ੀ ਦੇ ਹੱਥਾਂ ਵਿਚ** ਹੀ ਰਹੀ ਹੈ, ਜੋ ਕੇਵਲ ਖਾਸ ਰਿਆਇਤ ਦੇਣ (ਜੋ ਅਗਲੇ ਹੀ ਦਿਨ ਵਾਪਸ ਲੈਣੀਆ ਅਰੰਭ ਹੋ ਜਾਂਦੀਆਂ ਹਨ) ਇਕਰਾਰ ਕਰਨ (ਜਿਨ੍ਹਾਂ ਨੂੰ ਪੂਰੇ ਕਰਨ ਵਿਚ ਉਹ ਨਾਕਾਮ ਰਹਿੰਦੇ ਹਨ), ਆਪਣੇ ਅਧਿਕਾਰ ਨੂੰ ਲੁਕਾਉਣ ਲਈ ("ਈਮਾਨਦਾਰ ਕੁਲੀਸ਼ਨਾਂ" ਦੇ ਵਿਖਾਵੇ ਦੁਆਰਾ ਲੋਕਾਂ ਨੂੰ ਉੱਲੂ ਬਣਾਉਣ ਵਾਸਤੇ) ਸਭ ਪ੍ਰਕਾਰ ਦੇ ਬਹਾਨੇ ਲੱਭਣ ਆਦਿ ਲਈ ਮਜਬੂਰ ਹੁੰਦੇ ਹਨ। ਸ਼ਬਦਾਂ ਵਿਚ ਇਹ ਲੋਕ-ਪ੍ਰਿਅ, ਜਮਹੂਰੀ, ਇਨਕਲਾਬੀ ਸਰਕਾਰ ਹੈ ਪਰ ਅਮਲ ਵਿਚ ਇਹ ਲੋਕ-ਵਿਰੋਧੀ, ਗ਼ੈਰ-ਜਮਹੂਰੀ, ਇਨਕਲਾਬ-ਵਿਰੋਧੀ ਬੁਰਜੂਆ ਸਰਕਾਰ ਹੈ। ਇਹ ਹੈ ਵਿਰੋਧਤਾ ਜੋ ਹੁਣ ਤਕ ਕਾਇਮ ਰਹੀ ਹੈ ਅਤੇ ਜੋ ਪੂਰਨ ਅਸਥਿਰਤਾ ਅਤੇ ਸੱਤਾ ਦੀ ਅਸੰਗਤੀ "ਵਜ਼ਾਰਤੀ ਅੱਡੀ ਟੱਪੇ", ਜਿਸ ਵਿਚ ਸੋਸ਼ਲਿਸਟ ਇਨਕਲਾਬੀ ਤੇ ਮੈਨਸ਼ਵਿਕ (ਲੋਕਾ ਲਈ) ਏਨੇ ਨਾਮੁਰਾਦ ਉਤਸ਼ਾਹ ਨਾਲ ਜੁਟੇ ਹੋਏ ਹਨ, ਦਾ ਸੰਕੇਤ ਹੈ।

ਜੂਨ 1917 ਦੇ ਆਰੰਭ ਵਿਚ ਮੈਂ ਸੋਵੀਅਤਾਂ ਦੀ ਸਰਬ ਰੂਸੀ ਕਾਂਗਰਸ ਨੂੰ ਦਸਿਆ ਸੀ ਕਿ ਜਾਂ ਤਾ ਸੋਵੀਅਤਾ ਖਿੰਡਰ ਜਾਣਗੀਆ ਅਤੇ ਨਮੋਸ਼ੀ ਭਰੀ ਮੌਤ ਮਰ ਜਾਣਗੀਆ, ਜਾਂ ਲਾਜ਼ਮੀ ਸਾਰੀ ਸੱਤਾ ਉਹਨਾ ਨੂੰ ਸੌਂਪੀ ਜਾਵੇ। ਜੁਲਾਈ-ਅਗਸਤ ਦੀਆਂ ਘਟਨਾਵਾ ਬਹੁਤ ਸਪੱਸ਼ਟਤਾ ਨਾਲ ਇਹਨਾ ਸ਼ਬਦਾ ਦੀ ਗਵਾਹੀ ਭਰਦੀਆ ਹਨ। ਬੁਰਜੂਆਜੀ ਦੇ ਟੁਕੜਬੋਚ—ਪੋਤਰਾਸੋਵ, ਪਲੇਖਾਨੋਵ ਤੇ ਹੋਰ ਜੋ ਮੁੱਠੀ ਭਰ ਲੋਕਾਂ, ਬੁਰਜੂਆਜੀ ਤੇ ਲੁਟੇਰਿਆ, ਨੂੰ ਸੱਤਾ ਸੌਂਪਣ ਨੂੰ "ਸੱਤਾ ਦੇ ਅਧਾਰ ਨੂੰ ਵਿਸਾਲਤਰ ਬਨਾਉਣ" ਦਾ ਨਾਅ ਦਿੰਦੇ ਹਨ—ਭਾਵੇਂ ਕਿੰਨੇ ਹੀ ਝੂਠ ਕਿਉਂ ਨਾ ਘੜਨ, ਕੇਵਲ ਸੋਵੀਅਤਾਂ ਦੀ ਉਹ ਸੱਤਾ ਹੀ ਸਥਿਰ ਹੋ ਸਕਦੀ ਹੈ ਜੋ ਪ੍ਰਤੱਖ ਰੂਪ ਵਿਚ ਲੋਕਾਂ ਦੀ ਬਹੁ ਸੰਮਤੀ ਉਤੇ ਅਧਾਰਤ ਹੋਵੇ।

ਕੇਵਲ ਸੋਵੀਅਤ ਸੱਤਾ ਹੀ ਸਥਿਰ ਹੋ ਸਕਦੀ ਸੀ ਅਤੇ ਤੂਫਾਨੀ ਇਨਕਲਾਬ ਦੇ ਅਤਿਅੰਤ ਤੂਫਾਨੀ ਸਮਿਆ ਵਿਚ ਵੀ ਨਹੀਂ ਸੀ ਉਲਟਾਈ ਜਾ ਸਕਦੀ। ਜਿੰਨਾ ਚਿਰ ਇਹ ਸੱਤਾ ਨਹੀਂ ਸਿਰਜੀ ਜਾਂਦੀ, ਦੁਚਿਤੀ, ਅਸਥਿਰਤਾ, ਥਿੜਕਾਹਟ, "ਸੱਤਾ ਦਾ ਅਮੁੱਕ ਸੰਕਟ", ਕਦੇ ਸੱਜਿਉਂ ਤੇ ਕਦੇ ਖੱਬਿਉਂ ਉਤਪੰਨ ਹੁੰਦੇ "ਵਜ਼ਾਰਤੀ ਅੱਡੀ ਟਪੇ" ਦਾ ਜਾਰੀ ਰਹਿਣਾ ਅਵੱਸ਼ ਹੈ।

ਐਪਰ "ਸੋਵੀਅਤਾ ਨੂੰ ਸੱਤਾ" ਦਾ ਨਾਅਰਾ, ਜੇ ਬਹੁਤੀ ਵਾਰ ਨਹੀਂ ਤਾ, ਕਈ ਵਾਰ ਬਹੁਤ ਗਲਤ ਅਰਥਾ ਵਿਚ ਲਿਆ ਜਾਂਦਾ ਹੈ ਕਿ "ਮੰਤਰੀ ਮੰਡਲ ਸੋਵੀਅਤ ਬਹੁ ਸੰਮਤੀ ਦੀਆ ਪਾਰਟੀਆ" ਦਾ ਹੀ ਹੋਵੇ। ਅਸੀਂ ਇਸ ਖਿਆਲ ਨੂੰ ਵਧੇਰੇ ਵਿਸਥਾਰ ਨਾਲ ਵਿਚਾਰਨਾ ਚਾਹਾਂਗੇ।

"ਸੋਵੀਅਤ ਬਹੁ-ਸੰਮਤੀ ਦੀਆ ਪਾਰਟੀਆ ਦੇ ਮੰਤਰੀ ਮੰਡਲ" ਦਾ ਅਰਥ ਹੈ ਸਮੁੱਚੇ ਪੁਰਾਣੇ ਸਰਕਾਰੀ ਢਾਂਚੇ ਨੂੰ ਜੋ ਪੂਰੀ ਤਰ੍ਹਾ ਨੌਕਰਸਾਹ ਤੇ ਪੂਰੀ ਤਰ੍ਹਾ ਗੈਰ-ਜਮਹੂਰੀ ਢਾਂਚਾ ਹੈ ਜੋ ਸੋਸਲਿਸਟ ਇਨਕਲਾਬੀਆ ਤੇ ਮੈਨਸਵਿਕਾ ਦੇ ਪਰੋਗਰਾਮਾ ਵਿਚ ਸ਼ਾਮਲ ਸੁਧਾਰਾ ਨੂੰ ਵੀ ਨੇਪਰੇ ਚਾੜ੍ਹਨ ਤੋਂ ਅਸਮਰੱਥ ਜਿਉਂ ਦਾ ਤਿਉਂ ਕਾਇਮ ਰਖਦਿਆ ਹੋਇਆ ਵਿਅਕਤੀਗਤ ਮੰਤਰੀਆ ਦੀ ਤਬਦੀਲੀ।

"ਸੋਵੀਅਤਾ ਨੂੰ ਸੱਤਾ" ਦਾ ਅਰਥ ਹੈ, ਸਮੁੱਚੇ ਪੁਰਾਣੇ ਰਾਜ ਦੇ ਢਾਂਚੇ ਨੂੰ, ਉਸ ਰਾਜ ਢਾਂਚੇ ਨੂੰ ਜੋ ਹਰ ਚੀਜ਼ ਵਿਚ ਰੁਕਾਵਟ ਪਾਉਂਦਾ ਹੈ, ਤਿੱਖੀ ਤਰ੍ਹਾਂ ਨਵਾਂ ਰੂਪ ਦੇਣਾ। ਇਸ ਦਾ ਅਰਥ ਹੈ ਇਸ ਢਾਂਚੇ ਨੂੰ ਬਦਲ ਕੇ ਇਸ ਦੀ ਥਾਂ ਇਕ ਨਵਾਂ, ਲੋਕ-ਪ੍ਰਿਅ ਅਥਵਾ ਲੋਕਾਂ ਦੀ ਸੰਗਠਤ ਤੇ

ਹਥਿਆਰਬੰਦ ਬਹੁਸੰਮਤੀ ਕਿਰਤੀਆਂ, ਫੌਜੀਆਂ, ਕਿਸਾਨਾਂ ਦੀਆਂ ਸੋਵੀਅਤਾਂ, ਦੇ ਸੰਚ ਮੁਤਾਬਕ ਦੇ ਜਮਹੂਰੀ ਢਾਂਚੇ ਨੂੰ ਸਥਾਪਤ ਕਰਨਾ। ਇਸ ਦਾ ਅਰਥ ਹੈ ਕਿ ਨਾ-ਕੇਵਲ ਪ੍ਰਤੀਨਿਧਾਂ ਦੀ ਚੋਣ ਵਿਚ ਸਗੋਂ ਰਾਜ ਪ੍ਰਬੰਧ ਵਿਚ ਸੁਧਾਰ ਲਾਗੂ ਕਰਨ ਤੇ ਕਈ ਹੋਰ ਪਰਿਵਰਤਨ ਕਰਨ ਵਿਚ ਵੀ ਲੋਕਾਂ ਦੀ ਬਹੁਸੰਮਤੀ ਦੀ ਪਹਿਲਕਦਮੀ ਤੇ ਆਜ਼ਾਦੀ ਨੂੰ ਥਾਂ ਦੇਣਾ।

ਇਸ ਵਖਰੇਵੇਂ ਨੂੰ ਵਧੇਰੇ ਸਪੱਸ਼ਟ ਅਤੇ ਸਮਝਣਯੋਗ ਬਨਾਉਣ ਲਈ ਕੁਝ ਸਮਾਂ ਪਹਿਲਾਂ ਸੋਸ਼ਲਿਸਟ-ਇਨਕਲਾਬੀਆਂ ਦੀ ਹਾਕਮ ਪਾਰਟੀ ਅਖ਼ਬਾਰ "**ਦਾਈਲੋ ਨਰੋਦਾ**" ਵਲੋਂ ਕੀਤੇ ਗਏ ਇਕ ਕੀਮਤੀ ਇਕਬਾਲ ਨੂੰ ਯਾਦ ਕਰਨਾ ਦਰੁਸਤ ਜਾਪਦਾ ਹੈ। ਇਸ ਨੇ ਲਿਖਿਆ ਕਿ ਉਹਨਾਂ ਵਜ਼ਾਰਤਾਂ ਵਿਚ ਵੀ ਜੋ ਸੋਸ਼ਲਿਸਟ ਵਜ਼ੀਰਾਂ ਦੇ ਹੱਥ ਵਿਚ ਸਨ (ਇਹ ਕੈਡਿਟਾਂ ਨਾਲ ਬਦਨਾਮ ਕੁਲੀਸ਼ਨ ਸਮੇਂ ਲਿਖਿਆ ਗਿਆ ਜਦੋਂ ਸੋਸ਼ਲਿਸਟ-ਇਨਕਲਾਬੀ ਤੇ ਮੇਨਸ਼ਵਿਕ ਵਜ਼ੀਰ ਸਨ) ਸਾਰਾ ਪ੍ਰਬੰਧਕੀ ਢਾਂਚਾ ਬਿਨਾਂ ਕਿਸੇ ਤਬਦੀਲੀ ਦੇ ਪਹਿਲਾਂ ਵਾਂਗ ਰਿਹਾ ਤੇ ਕੰਮ ਵਿਚ ਰੁਕਾਵਟ ਪਾਉਂਦਾ ਰਿਹਾ।

ਇਹ ਗੱਲ ਪੂਰੀ ਤਰ੍ਹਾਂ ਸਮਝ ਪੈਂਦੀ ਹੈ। ਸਭ ਬੁਰਜੂਆ ਪਾਰਲੀਮਾਨੀ ਤੇ ਕੁਝ ਹੱਦ ਤਕ ਬੁਰਜੂਆ-ਸੰਵਿਧਾਨਕ ਦੇਸ਼ਾਂ ਦਾ ਸਮੁੱਚਾ ਇਤਿਹਾਸ ਦਰਸਾਉਂਦਾ ਹੈ ਕਿ ਵਜ਼ੀਰਾਂ ਦੀ ਤਬਦੀਲੀ ਨਾਲ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਕਿਉਂਕਿ ਪ੍ਰਬੰਧ ਦਾ ਅਸਲੀ ਕਾਰਜ ਅਫ਼ਸਰਾਂ ਦੀ ਇਕ ਤਕੜੀ ਫੌਜ ਦੇ ਹੱਥ ਵਿਚ ਹੁੰਦਾ ਹੈ। ਔਪਰ ਅਫ਼ਸਰਾਂ ਦੀ ਇਹ ਫੌਜ ਪੂਰੀ ਤਰ੍ਹਾਂ ਗੈਰ-ਜਮਹੂਰੀ ਹੁੰਦੀ ਹੈ। ਇਹ ਹਜ਼ਾਰਾਂ ਲੱਖਾਂ ਤੰਦਾਂ ਨਾਲ ਭੋਂ-ਪਤੀਆਂ ਅਤੇ ਬੁਰਜੂਆਜ਼ੀ ਨਾਲ ਜੁੜੀ ਹੁੰਦੀ ਹੈ ਤੇ ਪੂਰੀ ਤਰ੍ਹਾਂ ਉਹਨਾਂ ਦੀ ਮੁਥਾਜ ਹੁੰਦੀ ਹੈ। ਇਹ ਫੌਜ ਬੁਰਜੂਆ ਸਬੰਧਾਂ ਦੇ ਵਾਤਾਵਰਣ ਵਿਚ ਵਿਚਰਦੀ ਹੈ। ਇਹ ਆਪਣੇ ਢੰਗਾਂ ਵਿਚ ਨਿਸਚਤ, ਪਥਰਾਈ ਹੋਈ ਤੇ ਅਹਿੱਲ ਹੁੰਦੀ ਹੈ। ਆਪਣੇ ਆਪ ਨੂੰ ਇਸ ਵਾਤਾਵਰਣ ਤੋਂ ਆਜ਼ਾਦ ਕਰਾ ਸਕਣ ਦੀ ਇਸ ਵਿਚ ਸਮਰੱਥਾ ਨਹੀਂ ਹੁੰਦੀ। ਇਹ ਕੇਵਲ ਪੁਰਾਣੇ ਢੰਗ ਵਿਚ ਹੀ ਸੋਚ ਸਕਦੀ, ਮਹਿਸੂਸ ਕਰ ਸਕਦੀ ਜਾਂ ਅਮਲ ਕਰ ਸਕਦੀ ਹੈ। ਇਹ ਫੌਜ ਅਹੁਦੇ ਦੀ ਗ਼ੁਲਾਮੀ ਵਿਚ. 'ਸਿਵਲ ਸਰਵਿਸ' ਦੇ ਕੁਝ ਵਿਸ਼ੇਸ਼ ਹੱਕਾਂ ਵਿਚ ਬੱਝੀ ਹੁੰਦੀ ਹੈ। ਇਸ ਫੌਜ ਦੇ ਉਪਰਲੇ ਵਿਅਕਤੀ ਹਿੱਸਿਆਂ ਅਤੇ ਬੈਂਕਾਂ ਦੇ ਸਾਧਨਾਂ ਦੁਆਰਾ ਪੂਰੀ ਤਰ੍ਹਾਂ ਵਿੱਤੀ ਸਰਮਾਏ ਦੇ ਗ਼ੁਲਾਮ ਹੁੰਦੇ ਹਨ ਜੋ ਇਕ ਹੱਦ ਤਕ ਇਸ ਦੇ ਏਜੰਟ, ਅਤੇ ਇਸ ਦੇ ਹਿੱਤਾਂ ਦੇ ਪ੍ਰਭਾਵ ਦੇ ਸਾਧਨ ਹੁੰਦੇ ਹਨ।

ਇਸ ਰਾਜ-ਢਾਂਚੇ ਦੇ ਵਸੀਲੇ ਰਾਹੀਂ ਬਿਨਾਂ ਮੁਆਵਜ਼ੇ ਦੇ ਜ਼ਮੀਨੀ ਐਸਟੇਟਾਂ ਖ਼ਤਮ ਕਰਨ ਜਾਂ ਅਨਾਜ ਦੀ ਇਜਾਰੇਦਾਰੀ, ਆਦਿ ਸੁਧਾਰ ਨੇਪਰੇ ਚਾੜ੍ਹਨ ਦਾ ਯਤਨ ਕਰਨਾ ਇਕ ਬਹੁਤ ਵੱਡਾ ਵਹਿਮ, ਬਹੁਤ ਵੱਡਾ ਸਵੈ-ਧੋਖਾ ਅਤੇ ਲੋਕਾਂ ਨਾਲ ਦਗ਼ਾ ਹੈ। ਇਸ ਢਾਂਚਾ ਫਰਾਂਸ ਦੀ ਤੀਸਰੀ ਰੀਪਬਲਿਕ ਵਾਂਗ "ਬਾਦਸ਼ਾਹ ਤੋਂ ਬਿਨਾਂ ਬਾਦਸ਼ਾਹੀ" ਦੇ ਰੂਪ ਵਿਚ ਇਕ ਰੀਪਬਲਿਕ ਬੁਰਜੂਆਜ਼ੀ ਦੀ ਸੇਵਾ ਤਾਂ ਕਰ ਸਕਦਾ ਹੈ, ਪਰ ਇਹ ਪੂੰਜੀ ਦੇ ਅਧਿਕਾਰਾਂ ਨੂੰ ਖ਼ਤਮ ਕਰਨਾ ਤਾਂ ਦੂਰ ਰਿਹਾ, ਇਨ੍ਹਾਂ ਨੂੰ ਗੰਭੀਰ ਰੂਪ ਵਿਚ ਘਟਾਉਣ ਤੇ ਸੀਮਤ ਕਰਨ ਦੇ ਸੁਧਾਰ ਨੇਪਰੇ ਚਾੜ੍ਹਨ ਦੇ ਵੀ ਉੱਕਾ ਹੀ ਅਸਮਰੱਥ ਹੈ। ਇਹੀ ਕਾਰਨ ਹੈ ਕਿ ਸਭ ਪ੍ਰਕਾਰ ਦੇ "ਕੁਲੀਸ਼ਨ" ਮੰਤਰੀ ਮੰਡਲਾਂ ਅਧੀਨ, ਜਿਨ੍ਹਾਂ ਵਿਚ 'ਸੋਸ਼ਲਿਸਟ' ਸ਼ਾਮਲ ਹੁੰਦੇ ਹਨ,ਹੁੰਦਾ ਹਮੇਸ਼ਾ ਇਹ ਹੈ ਕਿ ਇਹ ਸੋਸ਼ਲਿਸਟ ਵਿਅਕਤੀਗਤ ਰੂਪ ਵਿਚ ਪੂਰਨ ਸੁਹਿਰਦ ਹੁੰਦਿਆਂ ਹੋਇਆਂ ਵੀ, ਵਾਸਤਵ ਵਿਚ ਜਾਂ ਤਾਂ ਬੁਰਜੂਆ ਸਰਕਾਰ ਦਾ ਬੇਲੋੜਾ ਸ਼ਿੰਗਾਰ ਜਾਂ ਉਸ ਲਈ ਇਕ ਪ੍ਰਕਾਰ ਦਾ ਪਰਦਾ ਹੁੰਦੇ ਹਨ। ਉਹ ਇਕ ਪ੍ਰਕਾਰ ਦੇ ਅਸਮਾਨੀ ਬਿਜਲੀ ਤੋਂ ਬਚਾਉਣ ਵਾਲੇ ਕੰਡਕਟਰ ਹੁੰਦੇ ਹਨ ਜੋ ਸਰਕਾਰ ਵਿਰੁਧ ਲੋਕਾਂ ਦੇ ਰੋਹ

ਵਲੋਂ ਆਪਣੇ ਕਮਾਂਡਿੰਗ ਅਫਸਰ ਚੁਣਨ ਦੇ ਅਸੂਲਾਂ ਉਪਰ ਪੂਰੀ ਤਰ੍ਹਾਂ ਅਮਲ ਨਹੀਂ ਹੋਇਆ, ਇਸ ਲਈ ਕੋਰਨੀਲੋਵ, ਕਾਲੇਦਿਨ ਅਤੇ ਇਨਕਲਾਬ-ਵਿਰੋਧੀ ਅਫਸਰ ਫੌਜ ਦੇ ਮੁਖੀ ਬਣ ਗਏ। ਇਹ ਹਕੀਕਤ ਹੈ। ਆਪਣੀਆਂ ਅੱਖਾਂ ਜਾਣ ਬੁਝ ਕੇ ਮੀਟਣ ਤੋਂ ਬਿਨਾਂ ਕੋਈ ਇਹ ਵੇਖੇ ਬਿਨਾਂ ਨਹੀਂ ਰਹਿ ਸਕਦਾ ਕਿ ਕੋਰਨੀਲੋਵ ਦੇ ਸਾਕੇ ਪਿਛੋਂ ਸਰਕਾਰ ਸਭ ਕੁਝ ਜਿਉਂ ਦਾ ਤਿਉਂ ਰੱਖ ਰਹੀ ਹੈ, ਕਿ ਵਾਸਤਵ ਵਿਚ ਇਹ ਕੋਰਨੀਲੋਵ ਸਾਕਾ ਮੁੜ ਲਿਆ ਰਹੀ ਹੈ। ਅਲੇਕਸੀਯੇਵ ਦੀ ਨਿਯੁਕਤੀ, ਕਲੇਂਬੋਵਸਕੀਆਂ, ਗਗਾਰਿਨਾਂ, ਬਾਗੇਰਸ਼ਨਾਂ ਤੇ ਕੋਰਨੀਲੋਵ ਦੇ ਦੂਜੇ ਆਦਮੀਆਂ ਨਾਲ ਸੁਲਾਹ, ਕੋਰਨੀਲੋਵ ਤੇ ਕਾਲੇਦਿਨ ਦੇ ਮਾਮਲੇ ਵਿਚ ਨਰਮੀ, ਸਾਰਾ ਕੁਝ ਬੜੀ ਸਪੱਸ਼ਟਤਾ ਨਾਲ ਸਾਬਤ ਕਰਦਾ ਹੈ ਕਿ ਕੇਰੈਨਸਕੀ ਸਰਕਾਰ ਕੋਰਨੀਲੋਵ ਦੇ ਸਾਕੇ ਨੂੰ ਮੁੜ ਲਿਆ ਰਹੀ ਹੈ।

ਕੋਈ ਵਿਚਕਾਰਲਾ ਰਾਹ ਨਹੀਂ। ਇਹ ਤਜਰਬੇ ਨੇ ਦਰਸਾ ਦਿਤਾ ਹੈ। ਜਾਂ ਤਾਂ ਸਾਰੀ ਸਾਰੀ ਸੱਤਾ ਸੋਵੀਅਤਾਂ ਨੂੰ ਸੌਂਪ ਦਿਤੀ ਜਾਵੇ ਅਤੇ ਫੌਜ ਨੂੰ ਜਮਹੂਰੀ ਬਣਾਇਆ ਜਾਵੇ, ਜਾਂ ਹੋਰ ਕੋਰਨੀਲੋਵ ਸਾਕਾ ਵਰਤੇਗਾ।

ਅਤੇ ਚੇਰਨੋਵ ਵਜ਼ਾਰਤ ਦੇ ਇਤਿਹਾਸ ਬਾਰੇ ਕੀ ਵਿਚਾਰ ਹੈ? ਕੀ ਇਸ ਨੇ ਸਾਬਤ ਨਹੀਂ ਕੀਤਾ ਕਿ ਕਿਸਾਨਾਂ ਦੀਆਂ ਲੋੜਾਂ ਸੰਤੁਸ਼ਟ ਕਰਨ ਵਲ ਘੱਟ ਜਾਂ ਵਧ ਹਰ ਗੰਭੀਰ ਕਦਮ, ਕਿਸਾਨਾਂ ਤੇ ਉਨ੍ਹਾਂ ਦੇ ਸੰਗਠਨਾਂ ਤੇ ਅਮਲਾਂ ਵਿਚ ਵਿਸ਼ਵਾਸ ਦਰਸਾਉਣ ਸਬੰਧੀ ਹਰ ਕਦਮ ਨੇ, ਉਨ੍ਹਾਂ ਵਿਚ ਬੜਾ ਉਤਸ਼ਾਹ ਜਗਾਇਆ। ਐਪਰ ਚੇਰਨੋਵ ਨੂੰ ਚਾਰ ਮਹੀਨੇ ਕੈਡਿਟਾਂ ਅਤੇ ਨੌਕਰਸ਼ਾਹਾਂ ਨਾਲ "ਝਗੜਦਿਆਂ" ਲੰਘਾਉਣੇ ਪਏ ਜਿਨ੍ਹਾਂ ਨੇ ਅਮੁੱਕ ਰੋਕਾਂ ਤੇ ਚਾਲਾਂ ਦੁਆਰਾ ਆਖ਼ਰਕਾਰ ਉਸ ਨੂੰ ਬਿਨਾਂ ਕੋਈ ਕੰਮ ਸੰਪੂਰਨ ਕੀਤੇ ਤਿਆਗ ਪੱਤਰ ਦੇਣ ਲਈ ਮਜਬੂਰ ਕਰ ਦਿਤਾ। ਇਨ੍ਹਾਂ ਚੌਹ ਮਹੀਨਿਆਂ ਦੌਰਾਨ ਭੋ-ਪਤੀਆਂ ਨੇ "ਖੇਡ ਜਿੱਤੀ"—ਉਨ੍ਹਾਂ ਨੇ ਜ਼ਮੀਨੀ ਐਸਟੇਟਾਂ ਨੂੰ ਬਚਾ ਲਿਆ, ਸੰਵਿਧਾਨਕ ਅਸੰਬਲੀ ਦੇ ਸਮਾਗਮ ਨੂੰ ਪਿੱਛੇ ਪਾ ਦਿਤਾ, ਸਗੋਂ ਜ਼ਮੀਨੀ ਕਮੇਟੀਆਂ ਵਿਰੁਧ ਦਬਾਅ ਦੇ ਕਈ ਕਦਮ ਵੀ ਚੁੱਕੇ।

ਕੋਈ ਵਿਚਕਾਰਲਾ ਰਾਹ ਨਹੀਂ। ਇਹ ਤਜਰਬੇ ਨੇ ਦਰਸਾ ਦਿਤਾ ਹੈ। ਜਾਂ ਤਾਂ ਸੰਵਿਧਾਨਕ ਅਸੰਬਲੀ ਦਾ ਸਮਾਗਮ ਹੋਣ ਤਕ ਕੇਂਦਰੀ ਅਤੇ ਸਥਾਨਕ ਦੋਵਾਂ ਪੱਧਰਾਂ ਉਪਰ ਸਾਰੀ ਸੱਤਾ ਸੋਵੀਅਤਾਂ ਨੂੰ ਸੌਂਪੀ ਜਾਵੇ ਅਤੇ ਸਾਰੀ ਭੋਂ ਫੌਰੀ ਤੌਰ ਤੇ ਕਿਸਾਨਾਂ ਨੂੰ ਦਿਤੀ ਜਾਵੇ, ਜਾਂ ਭੋਂ-ਪਤੀ ਤੇ ਪੂੰਜੀਪਤੀ ਹਰ ਕਦਮ ਵਿਚ ਰੁਕਾਵਟ ਪਾਉਣਗੇ ਭੋਂ-ਪਤੀਆਂ ਦੀ ਸੱਤਾ ਨੂੰ ਬਹਾਲ ਕਰਨਗੇ, ਕਿਸਾਨਾਂ ਨੂੰ ਰੋਹ ਵਲ ਧੱਕਣਗੇ ਅਤੇ ਹਾਲਤ ਨੂੰ ਅਤਿਅੰਤ ਕਠੋਰ ਕਿਸਾਨੀ ਬਗ਼ਾਵਤ ਤਕ ਲੈ ਜਾਣਗੇ।

ਇਹੀ ਗੱਲ ਉਦੋਂ ਵਾਪਰੀ ਸੀ ਜਦੋਂ ਪੂੰਜੀਪਤੀਆਂ ਨੇ (ਪਾਲਚਿੰਸਕੀ ਦੀ ਸਹਾਇਤਾ ਨਾਲ) ਉਤਪਾਦਨ ਦੀ ਨਿਗਰਾਨੀ ਕਰਨ ਲਈ ਘੱਟ ਜਾਂ ਵਧ ਹਰ ਗੰਭੀਰ ਯਤਨ ਨੂੰ ਦਬਾਇਆ, ਜਦੋਂ ਵਪਾਰੀਆਂ ਅਨਾਜ ਦੀ ਇਜਾਰੇਦਾਰੀ ਨੂੰ ਰੋਕਿਆ ਅਤੇ ਪਲੇਖਾਨੋਵ ਵਲੋਂ ਥੋੜ੍ਹਾ ਹੀ ਚਿਰ ਪਹਿਲਾਂ ਅਰੰਭੀ ਅਨਾਜ ਤੇ ਦੂਸਰੀਆਂ ਖਾਣ ਵਾਲੀਆਂ ਚੀਜ਼ਾਂ ਦੀ ਨਿਯਮਤ ਜਮਹੂਰੀ ਵੰਡ ਨੂੰ ਤੋੜਿਆ।

ਰੂਸ ਨੂੰ ਹੁਣ "ਨਵੇਂ ਸੁਧਾਰ" ਈਜਾਦ ਕਰਨ ਜਾਂ "ਵਿਸ਼ਾਲ ਤਬਦੀਲੀਆਂ ਵਾਸਤੇ" "ਯੋਜਨਾਵਾਂ" ਬਨਾਉਣ ਦੀ ਲੋੜ ਨਹੀਂ। ਇਹ ਕੁਝ ਨਹੀਂ ਚਾਹੀਦਾ। ਪਰ ਪੂੰਜੀਪਤੀਆਂ, ਪੋਤਰੇਸੋਵਾਂ, ਪਲੇਖਾਨੋਵਾਂ, ਵਲੋਂ, ਜੋ "ਪਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਸਥਾਪਤ ਕਰਨ" ਅਤੇ "ਸਮਾਜਵਾਦ ਲਾਗੂ ਕਰਨ" ਵਿਰੁਧ ਉੱਚੀ

ਨੂੰ ਲਾਂਭੇ ਖਿਜਾਂਦੇ ਹਨ, ਅਤੇ ਜੋ ਲੋਕਾਂ ਨੂੰ ਧੋਖਾ ਦੇਣ ਲਈ ਸਰਕਾਰ ਦਾ ਇਕ ਹਥਿਆਰ ਹੋ ਨਿਬੜਦੇ ਹਨ। ਸੰਨ 1848 ਵਿਚ ਲੂਈਸ ਬਲਾਂਕ ਦਾ ਅਤੇ ਬਰਤਾਨੀਆਂ ਤੇ ਫਰਾਂਸ ਵਿਚ, ਦਰਜਨਾਂ ਵਾਰ, ਜਦੋਂ ਸੋਸ਼ਲਿਸਟ ਮੰਤਰੀ ਮੰਡਲਾਂ ਵਿਚ ਸ਼ਾਮਲ ਹੋਏ, ਇਹੀ ਮਾਮਲਾ ਸੀ। 1917 ਵਿਚ ਚੇਰਨੋਵਾ ਤੇ ਤਸੇਰੇਤੇਲੀਆਂ ਦਾ ਵੀ ਇਹੀ ਮਾਮਲਾ ਹੈ। ਇਵੇਂ ਹੀ ਹੁੰਦਾ ਰਿਹਾ ਹੈ, ਅਤੇ ਜਿੰਨਾ ਚਿਰ ਬੁਰਜੂਆ ਪ੍ਰਬੰਧ ਕਾਇਮ ਹੈ ਅਤੇ ਜਦੋਂ ਤਕ ਪੁਰਾਣਾ ਬੁਰਜੂਆ, ਨੌਕਰਸ਼ਾਹ ਰਾਜ ਢਾਂਚਾ ਮੌਜੂਦ ਹੈ, ਇਵੇਂ ਹੀ ਹੁੰਦਾ ਰਹੇਗਾ।

ਕਿਰਤੀਆਂ, ਫੌਜੀਆਂ ਤੇ ਕਿਸਾਨ ਪ੍ਰਤੀਨਿਧਾਂ ਦੀਆਂ ਸੋਵੀਅਤਾਂ ਵਿਸ਼ੇਸ਼ ਤੌਰ ਤੇ ਬਹੁਮੁੱਲੀਆਂ ਹਨ ਕਿਉਂਕਿ ਇਹ ਨਵੀਂ ਪ੍ਰਕਾਰ ਦੇ ਢਾਂਚੇ ਦੀ, ਜੋ ਅਮਿੱਟ ਤੌਰ ਤੇ ਉਚੇਰਾ ਅਤੇ ਬੇਮੇਚੀ ਹੱਦ ਤਕ ਵਧੇਰੇ ਜਮਹੂਰੀ ਹੈ, ਪ੍ਰਤੀਨਿਧਤਾ ਕਰਦੀਆਂ ਹਨ। ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾ ਨੇ ਸੋਵੀਅਤਾਂ ਨੂੰ (ਖ਼ਾਸਕਰ ਪੀਤਰੋਗਰਾਦ ਸੋਵੀਅਤ ਅਤੇ ਸਰਬ-ਰੂਸੀ ਸੋਵੀਅਤ, ਅਥਵਾ ਕੇਂਦਰੀ ਐਗਜ਼ੈਕਟਿਵ ਕਮੇਟੀ ਨੂੰ) ਨਿਰਾਰਥਕ ਗੱਲਬਾਤ ਦੀਆ ਸਭਾਵਾ ਵਿਚ ਪਰਤਣ ਲਈ ਹਰ ਸੰਭਵ ਤੇ ਅਸੰਭਵ ਗੱਲ ਕੀਤੀ ਜੋ "ਕੰਟਰੋਲ" ਦੇ ਪਰਦੇ ਹੇਠ ਮਹਿਜ਼ ਨਿਰਾਰਥਕ ਮਤੇ ਅਤੇ ਸੁਝਾਅ ਪਾਸ ਕਰਦੀਆ ਸਨ ਜਿਨ੍ਹਾ ਨੂੰ ਸਰਕਾਰ ਬਹੁਤ ਸੌਖਿਆ ਹੀ ਦਇਆਵਾਨ ਮੁਸਕਰਾਹਟ ਨਾਲ ਲਾਂਭੇ ਰੱਖ ਦਿੰਦੀ ਸੀ। ਐਪਰ, ਕੋਰਨੀਲੋਵ ਦੇ ਮਾਮਲੇ ਦੀ "ਤਾਜ਼ਾ ਹਵਾ", ਜ ਹਕੀਕੀ ਤੂਫ਼ਾਨ ਸਾਬਤ ਹੋਈ, ਸੋਵੀਅਤਾਂ ਵਿਚ ਜੋ ਕੁਝ ਉੱਲੀ ਲਗ ਚੁਕਿਆ ਸੀ, ਉਸ ਨੂੰ ਕੁਝ ਸਮੇਂ ਲਈ ਹੂੰਝ ਸੁੱਟਣ ਵਾਸਤੇ ਅਤੇ ਇਨਕਲਾਬੀ ਲੋਕਾ ਦੀ ਪਹਿਲ-ਕਦਮੀ ਨੂੰ ਸ਼ਾਨਦਾਰ ਸ਼ਕਤੀਸ਼ਾਲੀ ਤੇ ਅਜਿੱਤ ਵਸਤ ਵਜੋਂ ਆਪਣੇ ਆਪ ਦਾ ਪ੍ਰਗਟਾਅ ਕਰਨਾ ਸ਼ੁਰੂ ਕਰਨ ਵਾਸਤੇ ਕਾਫ਼ੀ ਸੀ।

ਸਭ ਨਿਸਚੇਹੀਣ ਲੋਕਾਂ ਨੂੰ ਇਤਿਹਾਸ ਦੀ ਮਿਸਾਲ ਤੋਂ ਸਿਖਿਆ ਲੈਣੀ ਚਾਹੀਦੀ ਹੈ। ਉਹਨਾਂ ਆਦਮੀਆ ਨੂੰ, ਜੋ ਆਖਦੇ ਸਨ ਕਿ "ਸਾਡੇ ਪਾਸ ਕੋਈ ਅਜਿਹਾ ਢਾਚਾ ਨਹੀਂ ਜੋ ਪੁਰਾਣੇ ਦੀ—ਜਿਹੜਾ ਕਿ ਅਟੱਲ ਰੂਪ ਵਿਚ ਬੁਰਜੁਆਜ਼ੀ ਦੀ ਸੁਰੱਖਿਆ ਵਲ ਖਿਸਕ ਜਾਂਦਾ ਹੈ—ਥਾਂ ਲੈ ਸਕੇ" ਆਪਣੇ ਆਪ ਉਪਰ ਸ਼ਰਮ ਆਉਣੀ ਚਾਹੀਦੀ ਹੈ। ਕਿਉਂਕਿ ਅਜਿਹਾ ਢਾਚਾ ਮੌਜੂਦ ਹੈ। ਇਹ ਢਾਂਚਾ ਹੈ ਸੋਵੀਅਤਾ। ਲੋਕਾਂ ਦੀ ਸਵੈ-ਨਿਰਭਰਤਾ ਅਤੇ ਪਹਿਲਕਦਮੀ ਤੋਂ ਘਬਰਾਓ ਨਾ। ਉਨ੍ਹਾਂ ਦੇ ਇਨਕਲਾਬੀ ਸੰਗਠਨ ਵਿਚ ਵਿਸ਼ਵਾਸ ਪੈਦਾ ਕਰੋ ਤਾ ਤੁਸੀਂ ਰਾਜ ਦੇ ਮਾਮਲਿਆ ਦੇ ਸਭ ਪੱਖਾਂ ਵਿਚ ਕਿਰਤੀਆ ਤੇ ਕਿਸਾਨਾਂ ਦੀ ਉਹੀ ਸ਼ਕਤੀ, ਸ਼ਾਨ ਅਤੇ ਅਜਿੱਤਤਾ ਵੇਖੋਗੇ ਜੋ ਕਿ ਕੋਰਨੀਲੋਵ ਦੇ ਵਿਰੁਧ ਉਹਨਾ ਦੀ ਏਕਤਾ ਵਿਚ ਪ੍ਰਗਟ ਹੋਈ ਸੀ।

ਲੋਕਾਂ ਵਿਚ ਵਿਸ਼ਵਾਸ ਦੀ ਥੁੜੋਂ, ਉਨ੍ਹਾਂ ਦੀ ਪਹਿਲ-ਕਦਮੀ, ਸੁਤੰਤਰਤਾ ਤੋਂ ਭੈ, ਉਨ੍ਹਾਂ ਦੀ ਇਨਕਲਾਬੀ ਸ਼ਕਤੀ ਦੀ ਸਰਬ-ਪੱਖੀ ਹਮਾਇਤ ਦੀ ਥਾਂ ਉਸ ਅਗੇ ਕੰਬਣੀ—ਇਹ ਹੈ ਨੁਕਤਾ ਜਿਥੇ ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀ ਆਗੂਆਂ ਨੇ ਸਭ ਤੋਂ ਵਧ ਗੁਨਾਹ ਕੀਤਾ ਹੈ। ਇਹ ਹੈ ਉਹ ਥਾਂ ਜਿਥੇ ਅਸੀਂ ਉਨ੍ਹਾਂ ਨੂੰ ਦੁਚਿੱਤੀ ਤੇ ਝਿਜਕਾਹਟ ਦੀਆਂ ਡੂੰਘੀਆ ਜੜ੍ਹਾ ਵਿਚ ਅਤੇ ਪੁਰਾਣੇ ਨੌਕਰਸ਼ਾਹ ਰਾਜ ਪ੍ਰਬੰਧ ਦੀਆਂ ਪੁਰਾਣੀਆਂ ਬੋਤਲਾਂ ਵਿਚ ਨਵੀਂ ਸ਼ਰਾਬ ਪਾਉਣ ਦੇ ਉਨ੍ਹਾਂ ਅਤਿਅੰਤ ਫਲਹੀਣ ਯਤਨਾ ਵਿਚ ਘਿਰੇ ਵੇਖਦੇ ਹਾਂ।

1917 ਦੇ ਰੂਸੀ ਇਨਕਲਾਬ ਵਿਚ ਫੌਜਾਂ ਨੂੰ ਜਮਹੂਰੀ ਬਣਾਉਣ ਦਾ ਇਤਿਹਾਸ ਲਓ, ਚੇਰਨੋਵ ਵਜ਼ਾਰਤ ਪਾਲਚਿੰਸਕੀ ਦੇ 'ਰਾਜ' ਅਤੇ ਪਲੈਖਾਨੋਵ ਦੇ ਅਸਤੀਫ਼ੇ ਦਾ ਇਤਿਹਾਸ ਲਓ— ਤੁਸੀਂ ਵੇਖੋਗੇ ਕਿ ਜੋ ਕੁਝ ਅਸੀਂ ਕਿਹਾ ਹੈ ਉਹ ਹਰ ਕਦਮ ਉਤੇ ਸਹੀ ਸਾਬਤ ਹੋਇਆ ਹੈ ਕਿਉਂਕਿ ਫੌਜੀਆਂ ਦੇ ਚੁਣੇ ਹੋਏ ਸੰਗਠਨਾਂ ਵਿਚ ਪੂਰਾ ਵਿਸ਼ਵਾਸ ਨਹੀਂ ਸੀ ਕਿਉਂਕਿ ਫੌਜੀਆਂ

ਆਕਾਰ ਵਿਚ ਚੀਕਦੇ ਹਨ, ਹਾਲਾਤ ਨੂੰ ਜਾਣ ਬੁਝ ਕੇ ਗ਼ਲਤ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਵਾਸਤਵ ਵਿਚ ਰੂਸ ਵਿਚ ਅਵਸਥਾ ਅਜਿਹੀ ਹੈ ਕਿ ਜੰਗ ਦੇ ਲਾ-ਮਿਸਾਲ ਬੋਝ ਅਤੇ ਮੁਸ਼ਕਲਾਂ ਨੇ, ਆਰਥਕ ਗੜਬੜ ਅਤੇ ਕਾਲ ਦੇ ਬੇਮੇਚੇ ਤੇ ਬੜੇ ਹਕੀਕੀ ਖ਼ਤਰੇ ਨੇ ਆਪੇ ਰਾਹ ਸੁਝਾਇਆ ਹੈ। ਆਮ ਸੁਧਾਰਾਂ ਤੇ ਹੋਰ ਤਬਦੀਲੀਆਂ ਵਲ ਸੰਕੇਤ ਹੀ ਨਹੀਂ ਕੀਤਾ ਸਗੋਂ ਅਤਿ-ਅੰਤ ਲੋੜੀਂਦੇ ਹੋਣ ਕਾਰਨ ਇਹਨਾਂ ਸੁਧਾਰਾਂ ਤੇ ਤਬਦੀਲੀਆਂ ਨੂੰ ਅਮਲ ਵਿਚ ਲਿਆਂਦਾ ਹੈ। ਇਹ ਤਬਦੀਲੀਆਂ ਹਨ : ਅਨਾਜ ਦੀ ਅਜਾਰੇਦਾਰੀ, ਉਤਪਾਦਨ ਤੇ ਭੁਗਤਾਣ ਉਪਰ ਕੰਟਰੋਲ, ਕਾਗਜ਼ੀ ਰੁਪਏ ਦੇ ਜਾਰੀ ਕਰਨ ਉਪਰ ਕੁਝ ਪਾਬੰਦੀ, ਤਿਆਰ ਵਸਤਾਂ ਦੇ ਬਦਲ ਵਿਚ ਅਨਾਜ ਦਾ ਸਹੀ ਵਟਾਂਦਰਾ ਇਤਿਆਦਿ।

ਹਰ ਕੋਈ ਇਸ ਪ੍ਰਕਾਰ ਦੇ ਅਤੇ ਇਸ ਸੇਧ ਵਿਚ ਸੁਧਾਰਾਂ ਨੂੰ ਅਟਲ ਮਿਥਦਾ ਹੈ, ਅਤੇ ਬਹੁਤ ਸਾਰੀਆਂ ਥਾਵਾਂ ਉਪਰ ਇਹ ਕਦਮ ਪਹਿਲਾਂ ਹੀ ਵਿਭਿੰਨ ਦਿਸ਼ਾਵਾਂ ਤੋਂ ਚੁਕੇ ਵੀ ਗਏ ਹਨ। ਇਹ ਪਹਿਲਾਂ ਹੀ ਚੁਕੇ ਗਏ ਹਨ, ਪਰ ਭੋਂ-ਪਤੀਆਂ ਤੇ ਪੂੰਜੀਪਤੀਆਂ ਦੀ ਵਿਰੋਧਤਾ—ਜੋ ਕੇਰੇਨਸਕੀ ਸਰਕਾਰ (ਜੋ ਵਾਸਤਵ ਵਿਚ ਉੱਕਾ ਹੀ ਬੁਰਜੂਆ ਹੈ) ਰਾਹੀਂ ਪੁਰਾਣੇ ਨੌਕਰਸ਼ਾਹ ਰਾਜ-ਢਾਂਚੇ ਰਾਹੀਂ, ਰੂਸੀ ਤੇ "ਇਤਿਹਾਦੀ" ਵਿਤੀ ਸਰਮਾਏ ਦੇ ਸਿੱਧੇ ਤੇ ਅਸਿੱਧੇ ਦਬਾਅ ਰਾਹੀਂ ਕੀਤੀ ਜਾਂ ਰਹੀ ਹੈ—ਦੁਆਰਾ ਹਰ ਜਗ੍ਹਾ ਇਹਨਾਂ ਵਿਚ ਰੋਕ ਪਾਈ ਗਈ ਹੈ ਤੇ ਪਾਈ ਜਾ ਰਹੀ ਹੈ।

ਬਹੁਤ ਚਿਰ ਦੀ ਗਲ ਨਹੀਂ ਏ. ਪਰਿਲੇਜ਼ੁਾਯੇਵ ਨੇ ਪੇਸ਼ੇਖੋਨੋਵ ਦੇ ਤਿਆਗ-ਪੱਤਰ ਅਤੇ ਨਿਸਚਤ ਕੀਮਤਾਂ ਤੇ ਅਨਾਜ ਦੀ ਅਜਾਰੇਦਾਰੀ ਦੇ ਨਿਘਰ ਜਾਣ ਉਤੇ ਵਰਲਾਪ ਕਰਦਿਆਂ ਹੋਇਆਂ "**ਦਾਈਲੋ ਨਰੋਦਾ**" (ਨੰਬਰ 147) ਵਿਚ ਲਿਖਿਆ ਸੀ :

"ਸਾਡੀਆਂ ਸਭ ਬਣਤਰਾਂ ਦੀਆਂ ਸਰਕਾਰਾਂ ਵਿਚ ਹੌਂਸਲੇ ਤੇ ਦਾਈਏ ਦੀ ਘਾਟ ਰਹੀ ਹੈ ਇਨਕਲਾਬੀ ਜਮਹੂਰੀਅਤ-ਪਸੰਦਾਂ ਨੂੰ ਬਿਲਕੁਲ ਉਡੀਕਣਾ ਨਹੀਂ ਚਾਹੀਦਾ, ਉਹਨਾਂ ਨੂੰ ਖੁਦ ਪਹਿਲ-ਕਦਮੀ ਵਿਖਾਉਣੀ ਚਾਹੀਦੀ ਹੈ ਅਤੇ ਯੋਜਨਾਬੱਧ ਰੂਪ ਵਿਚ ਆਰਥਕ ਗੜਬੜੀ ਵਿਚ ਮੁਦਾਖ਼ਲਤ ਕਰਨੀ ਚਾਹੀਦੀ ਹੈ। ਜੇ ਕਿਤੇ ਪੱਕੀ ਸੇਧ ਅਤੇ ਦ੍ਰਿੜ੍ਹ ਸਰਕਾਰ ਦੀ ਲੋੜ ਹੈ ਤਾਂ ਉਹ ਏਥੇ ਹੈ।"

ਕਹਿਣ ਦੀ ਲੋੜ ਨਹੀਂ। ਇਹ ਬਹੁਤ ਕੀਮਤੀ ਸੁਨਹਿਰੀ ਅੱਖਰ ਹਨ। ਪਰ ਮੁਸਕਲ ਸਿਰਫ ਏਨੀ ਹੈ ਕਿ ਲੇਖਕ ਭੁੱਲ ਜਾਂਦਾ ਹੈ ਕਿ ਹੌਸਲੇ, ਦਾਈਏ, ਪੱਕੀ ਸੇਧ ਦੇ ਧਾਰਨ ਕਰਨ ਦਾ ਸਵਾਲ ਕੋਈ ਨਿੱਜੀ ਮਾਮਲਾ ਨਹੀਂ ਸਗੋਂ ਜਿਹੜੀ ਜਮਾਤ ਹੌਸਲਾ, ਦਾਈਆ ਵਿਖਾਉਣ ਦੇ ਸਮਰੱਥ ਹੈ ਉਹ ਹੈ ਪਰੋਲਤਾਰੀਆ। ਹੌਸਲੇ ਵਾਲੀ ਤੇ ਹਿੰਮਤੀ ਸਰਕਾਰ ਜੋ ਪੱਕੀ ਸੇਧ ਅਨੁਸਾਰ ਚਲਦੀ ਹੋਵੇ ਪਰੋਲਤਾਰੀਆ ਤੇ ਗਰੀਬ ਕਿਸਾਨਾਂ ਦੀ ਡਿਕਟੇਟਰਸ਼ਿਪ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦੀ। ਏ. ਪਰਿਲੇਜ਼ੁਾਯੇਵ ਵਿਸਰਭੋਲੇ ਇਸੇ ਡਿਕਟੇਟਰਸ਼ਿਪ ਨੂੰ ਤਾਂਘ ਰਿਹਾ ਹੈ।

ਅਮਲ ਵਿਚ ਅਜਿਹੀ ਡਿਕਟੇਟਰਸ਼ਿਪ ਦਾ ਕੀ ਅਰਥ ਹੋਵੇਗਾ ? ਇਸ ਦਾ ਅਰਥ ਹੋਵੇਗਾ ਕੋਰਨੀਲੋਵ ਦੇ ਆਦਮੀਆਂ ਦੀ ਵਿਰੋਧਤਾ ਟੁੱਟ ਜਾਵੇਗੀ ਅਤੇ ਫੌਜ ਦਾ ਜਮਹੂਰੀਕਰਣ ਬਹਾਲ ਹੋਵੇਗਾ ਤੇ ਸੰਪੂਰਨ ਹੋਵੇਗਾ। ਇਸ ਦੀ ਸਿਰਜਣਾ ਦੇ ਦੋ ਦਿਨ ਮਗਰੋਂ 99 ਪ੍ਰਤੀਸ਼ਤ ਫੌਜੀ ਇਸ ਡਿਕਟੇਟਰਸ਼ਿਪ ਦੇ ਉਤਸ਼ਾਹੀ ਹਮਾਇਤੀ ਹੋਣਗੇ। ਇਹ ਡਿਕਟੇਟਰਸ਼ਿਪ ਕਿਸਾਨਾਂ ਨੂੰ ਭੋਂ ਅਤੇ ਸਥਾਨਕ ਕਿਸਾਨ ਕਮੇਟੀਆਂ ਨੂੰ ਪੂਰਨ ਤਾਕਤ ਸੌਂਪੇਗੀ। ਅਕਲ ਹੋਸ਼ ਵਾਲਾ ਕੋਈ ਵਿਅਕਤੀ ਇਹ ਸ਼ੰਕਾ ਕਿਵੇਂ ਕਰ ਸਕਦਾ ਹੈ ਕਿ ਕਿਸਾਨ ਇਸ ਡਿਕਟੇਟਰਸ਼ਿਪ ਦੀ ਹਮਾਇਤ ਕਰਨਗੇ ਜਾਂ

ਨਹੀਂ ? ਪੇਸ਼ੇਖੋਨੋਵ ਨੇ ਜੋ ਕੁਝ ਦਾ ਕੇਵਲ ਵਚਨ ਦਿਤਾ ("ਪੂੰਜੀਪਤੀਆਂ ਦੀ ਵਿਰੋਧਤਾ ਟੁੱਟ ਗਈ ਹੈ" ਇਹ ਸਨ ਠੀਕ ਠੀਕ ਸ਼ਬਦ ਜੋ ਉਸ ਨੇ ਸੋਵੀਅਤਾਂ ਦੀ ਕਾਂਗਰਸ ਅੱਗੇ ਆਪਣੇ ਪ੍ਰਸਿੱਧ ਭਾਸ਼ਣ ਵਿਚ ਆਖੇ ਸਨ), ਇਹ ਡਿਕਟੇਟਰਸ਼ਿਪ ਉਹਨਾਂ ਨੂੰ ਅਮਲ ਵਿਚ ਲਿਆਵੇਗੀ ਤੇ ਯਥਾਰਥ ਵਿਚ ਪਰਤੇਗੀ। ਇਸ ਦੇ ਨਾਲ ਅਨਾਜ ਦੀ ਸਪਲਾਈ, ਕੰਟਰੋਲ ਆਦਿ ਦੀਆਂ ਜਥੇਬੰਦੀਆਂ ਜੋ ਬਣਨੀਆਂ ਵੀ ਸ਼ੁਰੂ ਹੋ ਚੁੱਕੀਆਂ ਹਨ, ਕਿਸੇ ਵੀ ਤਰ੍ਹਾਂ ਖਤਮ ਨਹੀਂ ਕੀਤੀਆਂ ਜਾਣਗੀਆਂ। ਇਸ ਦੇ ਉਲਟ ਸਗੋਂ ਇਹਨਾਂ ਦੀ ਹਮਾਇਤ ਕੀਤੀ ਜਾਵੇਗੀ ਤੇ ਇਹਨਾਂ ਨੂੰ ਵਿਕਸਤ ਕੀਤਾ ਜਾਵੇਗਾ, ਅਤੇ ਇਹਨਾਂ ਦੇ ਕੰਮ ਦੇ ਰਾਹ ਦੀਆਂ ਸਭ ਰੁਕਾਵਟਾਂ ਦੂਰ ਕੀਤੀਆਂ ਜਾਣਗੀਆਂ।

ਕੇਵਲ ਪਰੋਲਤਾਰੀਏ ਤੇ ਗਰੀਬ ਕਿਸਾਨਾਂ ਦੀ ਡਿਕਟੇਟਰਸ਼ਿਪ ਹੀ ਪੂੰਜੀਪਤੀਆਂ ਦੀ ਵਿਰੋਧਤਾ ਨੂੰ ਭੰਨ ਸੁੱਟਣ, ਸੱਤਾ ਦੀ ਵਰਤੋਂ ਵਿਚ ਸੱਚਮੁੱਚ ਦਾ ਸ੍ਰੇਸ਼ਟ ਹੌਸਲਾ ਤੇ ਦ੍ਰਿੜ੍ਹਤਾ ਵਿਖਾਉਣ, ਫੌਜ ਤੇ ਕਿਸਾਨੀ ਦੋਹਾਂ ਵਿਚ ਜਨਤਾ ਦੀ ਉਤਸ਼ਾਹੀ ਨਿਰਸੁਆਰਥ ਤੇ ਸੱਚ-ਮੁੱਚ ਦੀ ਬਹਾਦਰਾਨਾ ਹਮਾਇਤ ਪ੍ਰਾਪਤ ਕਰਨ ਦੇ ਸਮਰੱਥ ਹੈ।

ਸਾਰੀ ਸੱਤਾ ਸੋਵੀਅਤਾਂ ਨੂੰ ਲੋਕਾਂ ਦੀ ਬਹੁ-ਸੰਮਤੀ ਦੀ ਰਾਜਨੀਤਕ ਚੇਤੰਨਤਾ ਅਤੇ ਦਾਈਏ ਨਾਲ ਅਤੇ ਉਹਨਾਂ ਦੇ ਆਪਣੇ ਤਜਰਬੇ ਨਾਲ ਪੂਰੀ ਤਰ੍ਹਾਂ ਕਦਮ ਮਿਲਾਉਂਦਿਆਂ ਹੋਇਆਂ ਸਹਿਜ ਨਾਲ ਸ਼ਾਂਤੀ ਪੂਰਵਕ ਤੇ ਅਗਾਂਹ ਵਲ ਰਵਾਂ ਪ੍ਰਗਤੀ ਦਾ ਇਹੀ ਇਕੋ ਇਕ ਰਾਹ ਹੈ। ਸੋਵੀਅਤਾਂ ਨੂੰ ਸੱਤਾ ਦਾ ਅਰਥ ਹੈ ਦੇਸ ਦੇ ਰਾਜ ਪ੍ਰਬੰਧ ਅਤੇ ਆਰਥਕ ਕੰਟਰੋਲ ਨੂੰ ਪੂਰਨ ਰੂਪ ਵਿਚ ਕਿਰਤੀਆ ਕਿਸਾਨਾਂ ਦੇ ਹੱਥ ਵਿਚ ਸੌਂਪਣਾ, ਜਿਨ੍ਹਾਂ ਦੀ ਵਿਰੋਧਤਾ ਕਰਨ ਦਾ ਕੋਈ ਹੌਸਲਾ ਨਹੀਂ ਕਰੇਗਾ ਅਤੇ ਜੋ ਅਮਲ ਦੁਆਰਾ, ਆਪਣੇ ਤਜਰਬੇ ਦੁਆਰਾ ਛੇਤੀ ਹੀ ਸਿਖ ਜਾਣਗੇ ਕਿ ਭੋਂ, ਵਸਤਾ ਤੇ ਅਨਾਜ ਦੀ ਢੁਕਵੇਂ ਰੂਪ ਵਿਚ ਵੰਡ ਕਿਵੇਂ ਕਰਨੀ ਹੈ।

"ਰਾਬੋਚੀ ਪੁਤ" ਨੰਬਰ 10
27 (14) ਸਤੰਬਰ, 1917
ਦਸਖਤ : ਨ. ਲੈਨਿਨ

ਇਨਕਲਾਬ ਦੇ ਕਾਰਜ

ਰੂਸ ਨਿੱਕ-ਬੁਰਜੁਆਜ਼ੀ ਦਾ ਦੇਸ਼ ਹੈ, ਵਸੋਂ ਦਾ ਇਕ ਬਹੁਤ ਵੱਡਾ ਹਿੱਸਾ ਇਸੇ ਜਮਾਤ ਦਾ ਹੈ। ਬੁਰਜੁਆਜ਼ੀ ਤੇ ਪਰੋਲੇਤਾਰੀਏ ਵਿਚਾਲੇ ਇਸ ਦੀਆਂ ਜੱਕੋ-ਤੱਕੀਆਂ ਅਟੱਲ ਹਨ ਅਤੇ ਕੇਵਲ ਉਦੋਂ ਜਦੋਂ ਇਹ ਪਰੋਲੇਤਾਰੀਏ ਵਿਚ ਸ਼ਾਮਲ ਹੁੰਦੀ ਹੈ ਇਨਕਲਾਬ, ਅਮਨ ਤੇ ਆਜ਼ਾਦੀ ਦੀ ਜਿੱਤ ਅਤੇ ਕਿਰਤੀ ਲੋਕਾਂ ਲਈ ਜ਼ਬਾਨ ਆਸਾਨੀ ਨਾਲ, ਸ਼ਾਂਤੀ ਨਾਲ, ਤੇਜ਼ੀ ਨਾਲ ਤੇ ਸਫਾਈ ਨਾਲ ਯਕੀਨੀ ਹੋ ਜਾਂਦੀ ਹੈ।

ਸਾਡੇ ਇਨਕਲਾਬ ਦਾ ਰਾਹ ਇਹ ਜੱਕੋ-ਤੱਕੀਆਂ ਸਾਨੂੰ ਅਮਲ ਵਿਚ ਵਿਖਾਉਂਦਾ ਹੈ। ਇਸ ਲਈ ਫਿਰ ਸਾਨੂੰ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆ ਬਾਰੇ ਕਿਸੇ ਪਰਕਾਰ ਦੇ ਭੁਲੇਖੇ ਨਹੀਂ ਰਖਣੇ ਚਾਹੀਦੇ, ਸਾਨੂੰ ਆਪਣੀ ਪਰੋਲੇਤਾਰੀ ਜਮਾਤ ਦੇ ਰਾਹ ਦੀ ਕਰੜਾਈ ਨਾਲ ਪਾਲਣਾ ਕਰਨੀ ਚਾਹੀਦੀ ਹੈ। ਗਰੀਬ ਕਿਸਾਨਾਂ ਦੀ ਗਰੀਬੀ, ਜੰਗ ਦੀ ਭਿਆਨਕਤਾ, ਭੁਖ ਦੀ ਭਿਅੰਕਰਤਾ-ਇਹ ਸਾਰੀਆ ਗੱਲਾਂ ਜਨਸਮੂਹ ਨੂੰ ਵਧੇਰੇ ਤੋਂ ਵਧੇਰੇ ਸਪੱਸ਼ਟਤਾ ਨਾਲ ਪਰੋਲੇਤਾਰੀ ਮਾਰਗ ਦੀ ਦਰੁਸਤੀ, ਪਰੋਲੇਤਾਰੀ ਇਨਕਲਾਬ ਦੀ ਹਮਾਇਤ ਕਰਨ ਦੀ ਜ਼ਰੂਰਤ ਨੂੰ ਦਰਸਾ ਰਹੀ ਹੈ।

ਨਿੱਕ-ਬੁਰਜੁਆਜੀ ਦੀਆਂ ਇਹ "ਸਾਂਤਮਈ" ਆਸਾਂ ਕਿ ਬੁਰਜੁਆਜੀ ਨਾਲ ਇਕ "ਕੁਲੀਸਨ" ਤੇ ਉਸ ਨਾਲ ਸਮਝੌਤੇ ਹੋ ਸਕਦੇ ਹਨ, ਅਤੇ ਕਿ ਸੰਵਿਧਾਨ ਅਸੰਬਲੀ ਨੂੰ "ਤੇਜ਼ੀ ਨਾਲ" ਬੁਲਾਉਣ ਦੀ "ਆਰਾਮ ਨਾਲ" ਉਡੀਕ ਕਰਨੀ ਸੰਭਵ ਹੋਵੇਗੀ ਆਦਿ, ਇਨਕਲਾਬ ਦੇ ਅਮਲ ਨੇ ਬੇਕਿਰਕੀ, ਨਿਰਦਇਤਾ ਨਾਲ ਨਸ਼ਟ ਕਰ ਦਿਤੀਆਂ ਹਨ। ਕੋਰਨੀਲੋਵ ਦੀ ਬਗਾਵਤ ਆਖਰੀ ਜ਼ਾਲਮ ਸਬਕ ਸੀ, ਇਕ ਵੱਡੇ ਪੈਮਾਨੇ ਉਤੇ ਸਬਕ, ਜਿਸ ਵਿਚ ਹਜ਼ਾਰਾ ਹੀ ਛੋਟੇ ਸਬਕ ਸ਼ਾਮਲ ਹਨ ਜਿਨ੍ਹਾਂ ਵਿਚ ਮਜ਼ਦੂਰਾਂ ਤੇ ਕਿਸਾਨਾਂ ਨੂੰ ਸਥਾਨਕ ਸਰਮਾਏਦਾਰਾਂ ਤੇ ਜਗੀਰਦਾਰਾਂ ਨੇ ਧੋਖਾ ਦਿਤਾ, ਜਿਨ੍ਹਾਂ ਵਿਚ ਸਿਪਾਹੀਆਂ ਨਾਲ ਅਫਸਰਾਂ ਨੇ ਛਲ ਕੀਤਾ।

ਫੌਜ ਵਿਚ, ਕਿਰਸਾਣੀ ਵਿਚਾਲੇ ਤੇ ਮਜ਼ਦੂਰਾਂ ਵਿਚਾਲੇ ਬੇਚੈਨੀ, ਘਿਰਣਾ ਤੇ ਗੁੱਸਾ ਵਧ ਰਹੇ ਹਨ। ਬੁਰਜੁਆਜ਼ੀ ਨਾਲ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀ ਕੁਲੀਸ਼ਨ, ਜੋ ਹਰ ਪਰਕਾਰ ਦੇ ਇਕਰਾਰ ਕਰਦੀ ਹੈ ਪਰ ਪੂਰਾ ਇਕ ਵੀ ਨਹੀਂ ਕਰਦੀ, ਉਹਨਾਂ ਦੀਆਂ ਅੱਖਾਂ ਖੋਲ੍ਹ ਰਹੀ ਹੈ, ਉਹਨਾਂ ਨੂੰ ਬਗਾਵਤ ਕਰਨ ਵਲ ਧਕ ਰਹੀ ਹੈ।

ਸੋਸ਼ਲਿਸਟ-ਇਨਕਲਾਬੀਆਂ (ਸਪਿਰਦੋਨੋਵਾ ਤੇ ਹੋਰਾਂ) ਵਿਚਾਲੇ ਅਤੇ ਮੈਨਸ਼ਵਿਕਾਂ

(ਮਾਰਤੋਵ ਅਤੇ ਹੋਰ) ਵਿਚਾਲੇ ਖੱਬਾ ਵਿਰੋਧ ਵਧ ਰਿਹਾ ਹੈ ਅਤੇ ਇਹ ਉਹਨਾਂ ਪਾਰਟੀਆਂ ਦੀ ਕੌਂਸਲ ਤੇ ਕਾਂਗਰਸ ਵਿਚ 40 ਫੀਸਦੀ ਤਕ ਪਹਿਲਾਂ ਹੀ ਪੁਜ ਗਿਆ ਹੈ ਅਤੇ ਸ਼ਹਿਰ ਹੇਠਲੇ ਪਰੋਲੇਤਾਰੀਆ ਤੇ ਕਿਰਸਾਣੀ ਵਿਚਾਲੇ, ਵਿਸ਼ੇਸ਼ ਤੌਰ ਤੇ ਅਤਿ ਗਰੀਬ ਹਿਸਿਆਂ ਵਿਚ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀ ਬਹੁ-ਗਿਣਤੀ ਖੱਬੇ-ਪੱਖੀ ਹੈ।

ਕੋਰਨੀਲੋਵ ਬਗਾਵਤ ਇਕ ਸਿਖਿਆਦਾਇਕ ਹੈ ਤੇ ਇਸ ਨੇ ਇਕ ਚੰਗਾ ਸਬਕ ਸਿੱਧ ਕੀਤਾ ਹੈ।

ਇਹ ਜਾਣਨਾ ਅਸੰਭਵ ਹੈ ਕਿ ਕੀ ਸੋਵੀਅਤਾਂ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੇ ਆਗੂਆਂ ਤੋਂ ਅਗਾਂਹ ਜਾਣ ਦੇ ਅਤੇ ਇਸ ਤਰ੍ਹਾਂ ਇਨਕਲਾਬ ਦੇ ਸ਼ਾਂਤਮਈ ਵਿਕਾਸ ਨੂੰ ਯਕੀਨੀ ਬਨਾਉਣ ਦੇ ਯੋਗ ਹੋਣਗੀਆਂ ਜਾਂ ਨਹੀਂ, ਜਾਂ ਕੀ ਇਹ ਸਮਾਂ ਬਿਤਾਉਣਾ ਜਾਰੀ ਰਖਣਗੀਆਂ ਤੇ ਇਸ ਤਰ੍ਹਾਂ ਇਕ ਪਰੋਲੇਤਾਰੀ ਬਗਾਵਤ ਨੂੰ ਅਟੱਲ ਬਣਾ ਦੇਣਗੀਆਂ ? ਅਸੀਂ ਇਹ ਨਹੀਂ ਜਾਣ ਸਕਦੇ।

ਸਾਡਾ ਕੰਮ ਇਹ ਹੈ ਕਿ ਇਨਕਲਾਬ ਦੇ ਸ਼ਾਂਤਮਈ ਵਿਕਾਸ ਲਈ "ਆਖਰੀ" ਮੌਕੇ ਨੂੰ ਯਕੀਨੀ ਬਨਾਉਣ ਲਈ ਮੱਦਦ ਕਰੀਏ, ਆਪਣਾ ਪ੍ਰੋਗਰਾਮ ਪੇਸ਼ ਕਰਨ ਰਾਹੀਂ, ਇਸ ਦੇ ਕੌਮੀ ਲੱਛਣ ਨੂੰ ਵਸੋਂ ਦੀ ਵਿਸ਼ਾਲ ਬਹੁ-ਗਿਣਤੀ ਦੇ ਹਿੱਤਾਂ ਤੇ ਮੰਗਾਂ ਨਾਲ ਇਸ ਦੀ ਕਤਈ ਸਹਿਮਤੀ ਨੂੰ ਨਾਮਜਦ ਕਰਨ ਰਾਹੀਂ ਮੱਦਦ ਕਰੀਏ।

ਹੇਠਲੀਆਂ ਸਤਰਾਂ ਅਜਿਹਾ ਪ੍ਰੋਗਰਾਮ ਪੇਸ਼ ਕਰਨ ਵਿਚ ਇਕ ਯਤਨ ਹਨ।

ਆਓ, ਅਸੀਂ ਇਸ ਨੂੰ ਹੇਠਲੀ ਪੱਧਰ ਤੇ ਲੋਕਾਂ ਤੱਕ, ਜਨਸਮੂਹ ਤੱਕ, ਦਫਤਰੀ ਮੁਲਾਜ਼ਮਾਂ ਤੱਕ, ਮਜ਼ਦੂਰਾਂ ਤੱਕ, ਕਿਸਾਨਾ ਤੱਕ, ਕੇਵਲ ਆਪਣੇ ਹਮਾਇਤੀਆਂ ਤੱਕ ਹੀ ਨਹੀਂ ਸਗੋਂ ਵਿਸ਼ੇਸ਼ ਤੌਰ ਤੇ ਉਹਨਾਂ ਤੱਕ ਜੋ ਸੋਸਲਿਸਟ ਇਨਕਲਾਬੀਆਂ ਦੇ ਪਿੱਛੇ ਹਨ, ਗੈਰ-ਪਾਰਟੀ ਅੰਸ਼ਾਂ ਤੱਕ, ਅਨਜਾਣ ਲੋਕਾਂ ਤੱਕ ਲੈ ਜਾਈਏ। ਆਓ, ਅਸੀਂ ਉਹਨਾ ਨੂੰ ਉਠਾ ਕੇ ਇਤਨਾ ਉਠਾ ਲੈ ਜਾਈਏ ਤਾਂ ਜੋ ਇਹ ਇਕ ਸੁਤੰਤਰ ਫੈਸਲਾ ਕਰ ਸਕਣ, ਆਪਣੇ ਫੈਸਲੇ ਲੈ ਸਕਣ, ਕਾਨਫਰੰਸ ਨੂੰ, ਸੋਵੀਅਤਾਂ ਨੂੰ, ਸਰਕਾਰ ਨੂੰ **ਆਪਣੇ** ਪ੍ਰਤੀਨਿਧ ਮੰਡਲ ਭੇਜ ਸਕਣ ਅਤੇ ਕੰਮ ਕਦੇ ਜ਼ਾਇਆ ਨਹੀਂ ਜਾਏਗਾ, ਭਾਵੇਂ ਕਾਨਫਰੰਸ ਦਾ **ਕੋਈ ਵੀ** ਸਿੱਟਾ ਨਿਕਲੇ। ਫਿਰ ਇਹ ਕਾਨਫਰੰਸ ਲਈ, ਸੰਵਿਧਾਨ ਅਸੰਬਲੀ ਦੀ ਚੋਣ ਲਈ ਅਤੇ ਆਮ ਤੌਰ ਤੇ ਹੋ ਰਹੀ ਰਾਜਨੀਤਕ ਸਰਗਰਮੀ ਲਈ ਲਾਹੇਵੰਦ ਸਿੱਧ ਹੋਵੇਗਾ।

ਤਜਰਬਾ ਸਾਨੂੰ ਸਿਖਾਉਂਦਾ ਹੈ ਕਿ ਬਾਲਸਵਿਕ ਪ੍ਰੋਗਰਾਮ ਤੇ ਦਾਅ-ਪੇਚ ਸਹੀ ਹਨ। ਕਿਤਨਾ ਥੋੜ੍ਹਾ ਸਮਾਂ ਬੀਤ ਗਿਆ ਹੈ, 20 ਅਪ੍ਰੈਲ ਤੋਂ ਕੋਰਨੀਲੋਵ ਬਗਾਵਤ ਤਕ ਕਿਤਨਾ ਕੁਝ ਵਾਪਰ ਗਿਆ ਹੈ।

ਜਨਸਮੂਹ ਦੇ ਤਜਰਬੇ ਨੇ, **ਦੱਬੀਆਂ ਕੁਚਲੀਆਂ** ਜਮਾਤਾ ਨੇ ਉਹਨਾਂ ਨੂੰ ਉਸ ਸਮੇਂ ਵਿਚ ਬਹੁਤ ਕੁਝ ਸਿਖਾ ਦਿਤਾ ਹੈ ਤੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੇ ਆਗੂ ਜਨਸਮੂਹਾਂ ਤੋਂ ਪੂਰੀ ਤਰ੍ਹਾਂ ਕੱਟੇ ਜਾ ਚੁੱਕੇ ਹਨ। ਇਹ ਗੱਲ ਸਾਡੇ ਠੋਸ ਪ੍ਰੋਗਰਾਮ ਦੀ ਇਸ ਵਿਚ ਸਾਹਮਣੇ ਆਵੇਗੀ, ਜਿਥੋਂ ਤੱਕ ਅਸੀਂ ਇਸ ਨੂੰ ਜਨਸਮੂਹਾਂ ਦੇ ਧਿਆਨ ਵਿਚ ਲਿਆਉਣ ਦੇ ਯੋਗ ਹਾਂ।

ਸਰਮਾਏਦਾਰਾਂ ਨਾਲ ਸਮਝੌਤੇ ਤਬਾਹਕਾਰ ਹਨ

1. ਬੁਰਜੂਆਜੀ ਦੇ ਪ੍ਰਤੀਨਿਧਾਂ ਨੂੰ, ਇਥੋਂ ਤੱਕ ਕਿ ਉਹਨਾਂ ਦੀ ਬਹੁਤ ਥੋੜ੍ਹੀ ਗਿਣਤੀ ਨੂੰ

ਸੱਤਾ ਵਿਚ ਰੱਖਣਾ, ਅਜਿਹੇ ਬਦਨਾਮ ਕੋਰਨੀਲੋਵਵਾਦੀਆਂ ਨੂੰ ਜਿਵੇਂ ਅਲੈਕਸੇਯੇਵ, ਕਲੈਂਬੋਵਸਕੀ, ਬਾਗਰੇਸ਼ਨ, ਗਗਾਰਿਨ ਜਰਨੈਲਾਂ ਅਤੇ ਹੋਰਾਂ ਨੂੰ ਜਾਂ ਅਜਿਹਿਆਂ ਨੂੰ ਸੱਤਾ ਵਿਚ ਰਖਣਾ ਜਿਹਨਾਂ ਨੇ ਬੁਰਜੁਆਜ਼ੀ ਦੇ ਮੁਕਾਬਲੇ ਵਿਚ ਆਪਣੀ ਪੂਰੀ ਨਿਸੱਤਾ ਅਤੇ ਕੇਰੇਨਸਕੀ ਵਾਂਗ ਬੋਨਾਪਾਰਟ ਫੈਸ਼ਨ ਜਿਹਾ ਕੰਮ ਕਰਨ ਦੀ ਯੋਗਤਾ ਸਿੱਧ ਕਰ ਦਿਤੀ ਹੈ, ਇਕ ਪਾਸੇ, ਮਹਿੰਗ ਕਾਲ ਤੇ ਅਟੱਲ ਆਰਥਕ ਤਬਾਹੀ ਲਈ ਜੋ ਸਰਮਾਏਦਾਰ ਜਾਣ ਬੁਝ ਕੇ ਤੇਜ਼ ਕਰ ਰਹੇ ਹਨ, ਬੂਹੇ ਚੌਪਟ ਖੋਲ੍ਹਣ ਦੇ ਤੁਲ ਹੈ; ਦੂਜੇ ਪਾਸੇ ਇਹ ਗੱਲ ਇਕ ਫੌਜੀ ਤਬਾਹੀ ਵੱਲ ਲੈ ਜਾਵੇਗੀ, ਕਿਉਂ ਜੋ ਫੌਜ ਜਰਨੈਲਾਂ ਨੂੰ ਘਿਰਣਾ ਕਰਦੀ ਹੈ ਅਤੇ ਸਾਮਰਾਜੀ ਜੰਗ ਵਿਚ ਉਤਸ਼ਾਹ ਨਾਲ ਸ਼ਾਮਲ ਨਹੀਂ ਹੋ ਸਕਦੀ। ਇਸ ਤੋਂ ਉਪਰੰਤ, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੋਰਨੀਲੋਵਵਾਦੀ ਜਰਨੈਲਾਂ ਤੇ ਅਫਸਰਾਂ ਦਾ ਸੱਤਾ ਵਿਚ ਰਹਿਣ ਦਾ ਅਰਥ ਜਾਣ ਬੁਝ ਕੇ ਜਰਮਨਾਂ ਲਈ ਮੋਰਚਾ ਖੁਲ੍ਹਾ ਰਖਣਾ ਹੋਵੇਗਾ ਜਿਵੇਂ ਉਹਨਾਂ ਨੇ ਗਾਲੀਸ਼ੀਆ ਤੇ ਰੀਗਾ ਵਿਚ ਕੀਤਾ ਹੈ। ਇਸ ਨੂੰ ਕੇਵਲ ਇਕ ਨਵੇਂ ਅਧਾਰ ਉਤੇ ਇਕ ਨਵੀਂ ਸਰਕਾਰ ਦੀ ਸਿਰਜਣਾ ਨਾਲ ਰੋਕਿਆ ਜਾ ਸਕਦਾ ਹੈ, ਜਿਵੇਂ ਹੇਠਾਂ ਬਿਆਨ ਕੀਤਾ ਗਿਆ ਹੈ। ਬੁਰਜੁਆਜ਼ੀ ਨਾਲ ਕੀਤੇ ਕਿਸੇ ਪ੍ਰਕਾਰ ਦੇ ਸਮਝੌਤਿਆਂ ਨੂੰ ਸੋਸ਼ਲਿਸਟ-ਇਨਕਲਾਬੀਆਂ ਤੇ ਮੇਨਸ਼ਵਿਕਾਂ ਵਲੋਂ ਜਾਰੀ ਰੱਖਣਾ ਨਾ ਕੇਵਲ ਇਕ ਗਲਤੀ ਹੋਵੇਗੀ ਸਗੋਂ ਲੋਕਾਂ ਤੇ ਇਨਕਲਾਬ ਨਾਲ ਸਿੱਧੀ ਗੱਦਾਰੀ ਹੋਵੇਗੀ।

ਸੱਤਾ ਸੋਵੀਅਤਾਂ ਨੂੰ

2. ਦੇਸ਼ ਵਿਚ ਸਾਰੀ ਸੱਤਾ ਇਕਾਂਤਰ ਤੌਰ ਤੇ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਹੱਥਾਂ ਵਿਚ ਇਕ ਨਿਸਚਿਤ ਪ੍ਰੋਗਰਾਮ ਦੇ ਅਧਾਰ ਤੇ ਅਤੇ ਇਸ ਸ਼ਰਤ ਅਧੀਨ, ਕਿ ਸਰਕਾਰ ਪੂਰੀ ਤਰ੍ਹਾਂ ਸੋਵੀਅਤਾਂ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗੀ, ਸੌਂਪਣੀ ਚਾਹੀਦੀ ਹੈ। ਸੋਵੀਅਤਾਂ ਦੀਆਂ ਨਵੀਆਂ ਚੋਣਾਂ ਤੁਰੰਤ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਇਨਕਲਾਬ ਦੇ ਪਿਛਲੇ ਹਫਤਿਆਂ ਦੇ ਦੌਰਾਨ ਲੋਕਾਂ ਦੇ ਤਜ਼ਰਬੇ ਨੂੰ ਅੰਕਤ ਕੀਤਾ ਜਾਵੇ ਅਤੇ ਉਸ ਘੋਰ ਅਨਿਆਂ ਨੂੰ ਖਤਮ ਕੀਤਾ ਜਾਵੇ ਜੋ ਕੁਝ ਹਾਲਤਾ ਵਿਚ ਅਜੇ ਵੀ ਮੌਜੂਦ ਹੈ।

ਸਥਾਨਕ ਤੌਰ ਤੇ ਸਾਰੀ ਸੱਤਾ, ਜਿਥੇ ਕਿਤੇ ਅਜੇ ਕੋਈ ਜਮਹੂਰੀ ਤੌਰ ਤੇ ਚੁਣਿਆ ਹੋਇਆ ਕੋਈ ਅਦਾਰਾ ਨਹੀਂ ਹੈ, ਅਤੇ ਫੌਜ ਵਿਚ ਵੀ ਸਥਾਨਕ ਸੋਵੀਅਤਾਂ ਵਲੋਂ, ਅਤੇ ਉਹਨਾਂ ਵਲੋਂ ਚੁਣੇ ਗਏ ਕਮਿਸ਼ਨਾਂ ਤੇ ਅਦਾਰਿਆਂ ਵਲੋਂ—ਪਰ ਕੇਵਲ ਉਹਨਾਂ ਵਲੋਂ ਜੋ ਸਹੀ ਢੰਗ ਨਾਲ ਚੁਣੇ ਗਏ ਹਨ—ਹੱਥਾਂ ਵਿਚ ਲੈ ਲੈਣੀ ਚਾਹੀਦੀ ਹੈ।

ਮਜ਼ਦੂਰਾਂ ਤੇ ਇਨਕਲਾਬੀ ਫੌਜਾਂ ਨੂੰ, ਭਾਵ ਉਹ ਜਿਹਨਾਂ ਨੇ ਅਸਲ ਵਿਚ ਕੋਰਨੀਲੋਵਵਾਦੀਆਂ ਨੂੰ ਦਬਾਉਣ ਵਿਚ ਆਪਣੀ ਯੋਗਤਾ ਵਿਖਾਈ ਹੈ, ਹਰ ਥਾਂ ਤੇ ਹਥਿਆਰਬੰਦ ਕਰਨਾ ਚਾਹੀਦਾ ਹੈ, ਅਤੇ ਇਹ ਕੰਮ ਰਾਜ ਦੀ ਪੂਰੀ ਹਮਾਇਤ ਨਾਲ ਕਰਨਾ ਚਾਹੀਦਾ ਹੈ।

ਲੋਕਾਂ ਲਈ ਅਮਨ

3. ਸੋਵੀਅਤ ਸਰਕਾਰ ਨੂੰ ਲੜ ਰਹੀਆਂ ਸਾਰੀਆਂ ਕੌਮਾਂ ਨੂੰ (ਭਾਵ, ਨਾਲੋ ਨਾਲ ਉਹਨਾਂ ਦੀਆਂ ਸਰਕਾਰਾਂ ਤੇ ਮਜ਼ਦੂਰਾਂ ਤੇ ਕਿਸਾਨ ਸਮੂਹਾਂ ਦੋਹਾਂ ਨੂੰ) ਨੇਕ-ਨੀਤੀ ਨਾਲ ਜਮਹੂਰੀ ਸ਼ਰਤਾਂ ਉਤੇ ਇਕ ਤੁਰੰਤ ਅਮਨ ਕਰਨ ਦੀ ਅਤੇ ਇਕ ਤੁਰੰਤ ਆਰਜ਼ੀ ਯੁੱਧ-ਬੰਦੀ ਦੀ (ਭਾਵੇਂ ਉਹ ਤਿੰਨ ਮਹੀਨਿਆਂ ਲਈ ਹੋਵੇ) ਪੇਸ਼ਕਸ਼ ਕਰਨੀ ਚਾਹੀਦੀ ਹੈ।

ਇਕ ਜਮਹੂਰੀ ਅਮਨ ਲਈ ਮੁਖ ਸ਼ਰਤ ਹਥਿਆਏ ਬਦੇਸ਼ੀ ਇਲਾਕਿਆਂ ਦਾ ਤਿਆਗ ਹੈ—ਇਸ ਗਲਤ ਭਾਵਨਾ ਵਿਚ ਨਹੀਂ ਕਿ ਉਹ ਸਾਰੀਆਂ ਤਾਕਤਾਂ ਜੋ ਉਹਨਾਂ ਗਵਾ ਦਿਤੀਆਂ

ਵਾਪਸ ਲਈਆਂ ਜਾਣ, ਸਗੋਂ ਕੇਵਲ ਇਕ ਸਹੀ ਭਾਵਨਾ ਵਿਚ ਕਿ ਬਿਨਾਂ ਕਿਸੇ ਛੋਟ ਦੇ ਹਰ ਇਕ ਕੌਮੀਅਤ ਯੂਰਪ ਵਿਚ ਤੇ ਬਸਤੀਆਂ ਵਿਚ, ਆਪਣੀ ਅਜ਼ਾਦੀ ਅਤੇ ਆਪਣੇ ਲਈ ਆਪ ਫੈਸਲਾ ਕਰਨ ਦੀ ਸੰਭਾਵਨਾ ਪ੍ਰਾਪਤ ਕਰੇਗੀ, ਚਾਹੇ ਉਹ ਆਪਣਾ ਵੱਖਰਾ ਰਾਜ ਸਥਾਪਤ ਕਰਨ ਬਾਰੇ ਹੋਵੇ, ਚਾਹੇ ਉਹ ਕਿਸੇ ਹਰ ਰਾਜ ਦੀ ਬਣਤਰ ਵਿਚ ਸ਼ਾਮਲ ਹੋਣ ਬਾਰੇ ਹੋਵੇ।

ਅਮਨ ਸ਼ਰਤਾਂ ਪੇਸ਼ ਕਰਨ ਸਮੇਂ ਸੋਵੀਅਤ ਸਰਕਾਰ ਨੂੰ ਆਪ ਉਹਨਾਂ ਦੀ ਪੂਰਤੀ ਵੱਲ ਤੁਰੰਤ ਕਦਮ ਪੁਟਣੇ ਚਾਹੀਦੇ ਹਨ, ਭਾਵ ਉਸ ਨੂੰ ਉਹ ਲੁਕਵੀਆਂ ਸੰਧੀਆਂ ਛਾਪਣੀਆਂ ਤੇ ਰੱਦ ਕਰਨੀਆ ਚਾਹੀਦੀਆਂ ਹਨ ਜੋ ਜ਼ਾਰ ਵਲੋਂ ਕੀਤੀਆਂ ਗਈਆਂ ਸਨ ਤੇ ਜੋ ਰੂਸੀ ਸਰਮਾਏਦਾਰਾਂ ਨੂੰ ਤੁਰਕੀ, ਆਸਟਰੀਆ ਆਦਿ ਦੀ ਲੁੱਟ ਚੋਂਘ ਕਰਨ ਦਾ ਇਕਰਾਰ ਪ੍ਰਦਾਨ ਕਰਦੀਆਂ ਹਨ। ਫਿਰ ਸਾਨੂੰ ਯੂਕਰੇਨੀ ਤੇ ਫਿਨੀ ਲੋਕਾਂ ਦੀਆਂ ਮੰਗਾਂ ਨੂੰ ਤੁਰੰਤ ਪੂਰਾ ਕਰਨਾ ਚਾਹੀਦਾ ਹੈ, ਉਹਨਾਂ ਨੂੰ, ਤੇ ਰੂਸ ਵਿਚਲੀਆਂ ਹੋਰ ਸਾਰੀਆਂ ਗੈਰ-ਰੂਸੀ ਕੌਮੀਅਤਾਂ ਨੂੰ ਪੂਰੀ ਅਜ਼ਾਦੀ, ਵੱਖ ਹੋਣ ਦੀ ਅਜ਼ਾਦੀ ਸਮੇਤ, ਯਕੀਨੀ ਬਨਾਉਣੀ ਚਾਹੀਦੀ ਹੈ; ਇਸ ਨੂੰ ਸਾਰੇ ਆਰਮੀਨੀਆਂ ਉਤੇ ਲਾਗੂ ਕਰਨਾ ਚਾਹੀਦਾ ਹੈ, ਉਸ ਦੇਸ ਨੂੰ ਤੇ ਤੁਰਕ ਧਰਤੀਆਂ ਨੂੰ, ਜਿਹਨਾਂ ਉਤੇ ਅਸਾਂ ਕਬਜ਼ਾ ਕੀਤਾ ਹੋਇਆ ਹੈ, ਖਾਲੀ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਅਮਨ ਲਈ ਅਜਿਹੀਆ ਸਰਤਾਂ ਨੂੰ ਸਰਮਾਏਦਾਰਾਂ ਦੀ ਪਰਵਾਨਗੀ ਪ੍ਰਾਪਤ ਨਹੀਂ ਹੋਵੇਗੀ ਪਰ ਇਹਨਾ ਨੂੰ ਸਾਰੀਆਂ ਕੌਮਾ ਵਲੋਂ ਅਥਾਹ ਭਾਰੀ ਹਮਦਰਦੀ ਪ੍ਰਾਪਤ ਹੋਵੇਗੀ ਅਤੇ ਸੰਸਾਰ-ਵਿਆਪੀ ਉਤਸਾਹ ਦਾ ਉਭਾਰ ਪੈਦਾ ਕਰਨਗੀਆਂ ਅਤੇ ਲੋਟੂ ਜੰਗ ਜਾਰੀ ਰਖਣ ਵਿਰੁਧ ਆਮ ਗੁੱਸੇ ਦਾ ਉਭਾਰ ਪੈਦਾ ਕਰਨਗੀਆ, ਕਿ ਇਹ ਬਹੁਤ ਹੀ ਸੰਭਵ ਹੈ ਕਿ ਅਸੀਂ ਤੁਰੰਤ ਯੁੱਧ-ਬੰਦੀ ਅਤੇ ਅਮਨ ਬਾਰੇ ਗੱਲਾਂਬਾਤਾ ਕਰਨ ਦੀ ਰਜ਼ਾਮੰਦੀ ਪ੍ਰਾਪਤ ਕਰ ਲਵਾਂਗੇ। ਕਿਉਂ ਜੋ ਜੰਗ ਦੇ ਵਿਰੁਧ ਮਜ਼ਦੂਰਾ ਦਾ ਇਨਕਲਾਬ ਨਿਰੰਤਰ ਹਰ ਥਾ ਤੇ ਵਧ ਰਿਹਾ ਹੈ ਅਤੇ ਇਸ ਨੂੰ ਹੋਰ ਤੇਜ਼ ਕੀਤਾ ਜਾ ਸਕਦਾ ਹੈ। ਪਰ ਅਮਨ ਬਾਰੇ ਕੇਵਲ ਲੱਫਾਜੀ ਨਾਲ ਨਹੀਂ (ਜਿਸ ਨਾਲ ਮਜ਼ਦੂਰ ਤੇ ਕਿਸਾਨਾ ਨੂੰ ਸਾਡੀ ਆਪਣੀ ਕੇਰੈਨਸਕੀ ਸਰਕਾਰ ਸਮੇਤ ਸਾਰੀਆਂ ਸਾਮਰਾਜੀ ਸਰਕਾਰਾਂ ਨੇ ਧੋਖਾ ਦਿਤਾ ਹੈ) ਸਗੋਂ ਸਰਮਾਏਦਾਰਾ ਨਾਲੋਂ ਤੋੜ-ਵਿਛੋੜੇ ਰਾਹੀਂ ਤੇ ਅਮਨ ਦੀ ਪੇਸ਼ਕਸ ਰਾਹੀਂ ਤੇਜ਼ ਕੀਤਾ ਜਾ ਸਕਦਾ ਹੈ।

ਜੇ ਕਿਤੇ ਬਹੁਤ ਹੀ ਘੱਟ ਸੰਭਾਵੀ ਗੱਲ ਵਾਪਰਦੀ ਹੈ, ਭਾਵ ਜੇ ਇਕ ਵੀ ਲੜ ਰਿਹਾ ਰਾਜ ਯੁੱਧ-ਬੰਦੀ ਤੱਕ ਪ੍ਰਵਾਨ ਨਹੀਂ ਕਰਦਾ ਤਾ ਜਿਥੋਂ ਤੱਕ ਸਾਡਾ ਸਬੰਧ ਹੈ ਜੰਗ ਸਹੀ ਤੌਰ ਤੇ ਸਾਡੇ ਉਤੇ ਮੜ੍ਹੀ ਜਾਂਦੀ ਹੈ, ਇਸ ਸਮੇਂ ਰੱਖਿਆ ਲਈ ਇਕ ਹੱਕੀ ਜੰਗ ਬਣ ਜਾਂਦੀ ਹੈ। ਜੇ ਇਹ ਗੱਲ ਪ੍ਰੋਲੇਤਾਰੀਏ ਤੇ ਗਰੀਬ ਕਿਰਸਾਨੀ ਵਲੋਂ ਸਮਝੀ ਜਾਂਦੀ ਹੈ ਤਾਂ ਰੂਸ ਫੌਜੀ ਪੱਖੋਂ ਵੀ ਕਈ ਗੁਣਾਂ ਵਧ ਤਾਕਤਵਰ ਬਣ ਜਾਵੇਗਾ, ਵਿਸ਼ੇਸ਼ ਤੌਰ ਤੇ ਸਰਮਾਏਦਾਰਾਂ ਨਾਲੋਂ ਪੂਰਨ ਤੋੜ ਵਿਛੋੜੇ ਦੇ ਮਗਰੋਂ ਜਿਹੜੇ ਲੋਕਾਂ ਨੂੰ ਲੁਟ ਰਹੇ ਹਨ; ਇਸ ਤੋਂ ਉਪਰੰਤ ਅਜਿਹੀਆਂ ਹਾਲਤਾਂ ਅਧੀਨ, ਜਿਥੋਂ ਤੱਕ ਸਾਡਾ ਸਬੰਧ ਹੈ, ਇਹ ਸਾਰੇ ਦੇਸ਼ਾਂ ਦੀਆਂ ਦੱਬੀਆਂ ਕੁਚਲੀਆਂ ਜਮਾਤਾਂ ਨਾਲ ਮਿਲਵੀਂ, ਸਾਰੇ ਸੰਸਾਰ ਦੀਆ ਦੱਬੀਆ ਕੁਚਲੀਆ ਕੌਮਾਂ ਨਾਲ ਸ਼ਬਦਾਂ ਵਿਚ ਨਹੀਂ, ਅਮਲਾਂ ਵਿਚ ਮਿਲਵੀਂ ਜੰਗ ਹੋਵੇਗੀ।

ਲੋਕਾ ਨੂੰ ਸਰਮਾਏਦਾਰਾਂ ਦੇ ਇਸ ਬਿਆਨ ਤੋਂ ਸੁਚੇਤ ਕਰਨਾ ਚਾਹੀਦਾ ਹੈ ਕਿ ਜਿਹੜਾ ਕਈ ਵਾਰ ਨਿਕ ਬੁਰਜੂਆਜ਼ੀ ਤੇ ਹੋਰਾਂ ਨੂੰ ਪ੍ਰਭਾਵਤ ਕਰਦਾ ਹੈ, ਜਿਹੜੇ ਇਸ ਗੱਲ ਤੋਂ ਡਰੇ ਹੋਏ ਹਨ ਕਿ ਬਰਤਾਨਵੀ ਤੇ ਹੋਰ ਸਰਮਾਏਦਾਰ ਰੂਸ ਇਨਕਲਾਬ ਨੂੰ ਗੰਭੀਰ ਨੁਕਸਾਨ ਪਹੁੰਚਾਣ

ਦੇ ਢੰਗ ਹਨ ਜੋ ਅਸੀਂ ਉਹਨਾਂ ਨਾਲੋਂ ਵਰਤਮਾਨ ਲੋਟੂ ਗੱਠਜੋੜ ਖਤਮ ਕਰਦੇ ਹਾਂ। ਅਜਿਹਾ ਖਿਆਲ ਉੱਕਾ ਹੀ ਝੂਠਾ ਹੈ, ਕਿਉਂ ਜੋ "ਇਤਿਹਾਦੀ ਵਿੱਤੀ ਮੱਦਦ" ਬੈਂਕਰਾਂ ਨੂੰ ਅਮੀਰ ਬਣਾਉਂਦੀ ਹੈ ਅਤੇ ਭੂਮੀ ਮਜ਼ਦੂਰਾਂ ਤੇ ਕਿਸਾਨਾਂ ਦੀ ਐਨ ਉਸੇ ਤਰ੍ਹਾਂ "ਹਮਾਇਤ" ਕਰਦੀ ਹੈ ਜਿਵੇਂ ਇਕ ਫਾਹੇ ਲੱਗੇ ਬੰਦੇ ਨੂੰ ਇਕ ਰੱਸੀ ਸਹਾਰਾ ਦੇਂਦੀ ਹੈ। ਰੂਸ ਵਿਚ ਰੋਟੀ, ਕੋਲਾ, ਤੇਲ ਚੋਖੀ ਮਾਤਰਾ ਵਿਚ ਹੈ; ਕਿਉਂ ਜੋ ਇਹਨਾਂ ਉਪਜਾਂ ਨੂੰ ਸਹੀ ਢੰਗ ਨਾਲ ਵੰਡਣ ਵਾਸਤੇ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਜਗੀਰਦਾਰਾਂ ਤੇ ਸਰਮਾਏਦਾਰਾਂ ਤੋਂ ਛੁਟਕਾਰਾ ਪਾਈਏ ਜਿਹੜੇ ਲੋਕਾਂ ਨੂੰ ਲੁੱਟ ਰਹੇ ਹਨ।

ਜਿਥੋਂ ਤੱਕ ਰੂਸੀ ਲੋਕਾਂ ਨੂੰ ਉਹਨਾਂ ਦੇ ਵਰਤਮਾਨ ਇਤਿਹਾਦੀਆਂ ਵਲੋਂ ਜੰਗ ਨਾਲ ਸਹੰਮਾਏ ਜਾਣ ਦੀ ਸੰਭਾਵਨਾ ਦਾ ਸਬੰਧ ਹੈ, ਇਹ ਗੱਲ ਮੰਨਣੀ ਬਿਲਕੁਲ ਬੇਹੂਦਗੀ ਹੈ ਕਿ ਫਰਾਂਸੀਸੀ ਤੇ ਇਤਾਲਵੀ ਜਰਮਨਾਂ ਨਾਲ ਆਪਣੀਆ ਫੌਜਾਂ ਸੰਗਠਤ ਕਰ ਸਕਦੇ ਹਨ ਅਤੇ ਉਹਨਾਂ ਨੂੰ ਰੂਸੀਆਂ ਦੇ ਵਿਰੁਧ, ਜੋ ਅਮਨ ਦੀ ਪੇਸ਼ਕਸ਼ ਕਰਦੇ ਹਨ, ਭੇਜ ਦੇਣਗੇ। ਜਿਥੋਂ ਤੱਕ ਬਰਤਾਨੀਆਂ, ਅਮਰੀਕਾ ਤੇ ਜਪਾਨ ਦਾ ਸਬੰਧ ਹੈ, ਜੇ ਉਹ ਰੂਸ ਦੇ ਵਿਰੁਧ ਜੰਗ ਦਾ ਐਲਾਨ ਵੀ ਕਰ ਦੇਂਦੇ ਹਨ (ਜਿਹੜੀ ਗੱਲ ਉਹਨਾਂ ਲਈ ਬਹੁਤ ਹੀ ਔਖੀ ਹੈ, ਕਿਉਂ ਜੋ ਜਨਸਮੂਹਾਂ ਵਿਚਾਲੇ ਅਜਿਹੀ ਜੰਗ ਬਹੁਤ ਹੀ ਬਦਨਾਮ ਹੈ, ਅਤੇ ਕਿਉਂ ਜੋ ਉਹਨਾ ਦੀਪਾਂ ਦੇ ਸਰਮਾਏਦਾਰਾਂ ਤੇ ਏਸ਼ੀਆ ਦੀ ਵੰਡ ਉਤੇ, ਵਿਸ਼ੇਸ਼ ਤੌਰ ਤੇ ਚੀਨ ਦੀ ਲੁੱਟ ਚੋਘ ਕਰਨ ਉਤੇ ਪਦਾਰਥਕ ਹਿੱਤ ਵੱਖਰੇ ਵੱਖਰੇ ਹਨ) ਉਹ ਰੂਸ ਲਈ ਸੌਵਾਂ ਹਿੱਸਾ ਵੀ ਨੁਕਸਾਨ ਤੇ ਮੁਸੀਬਤ ਪੈਦਾ ਨਹੀਂ ਕਰ ਸਕਦੇ ਜਿਤਨਾ ਜਰਮਨੀ, ਆਸਟਰੀਆ ਤੇ ਤੁਰਕੀ ਨਾਲ ਜੰਗ ਉਸ ਨੂੰ ਪਹੁੰਚਾ ਰਹੀ ਹੈ।

ਜਿਹੜੇ ਵਾਹੁਣਗੇ, ਜ਼ਮੀਨ ਉਹਨਾਂ ਦੀ

4. ਸੋਵੀਅਤ ਸਰਕਾਰ ਨੂੰ ਬਿਨਾਂ ਮੁਆਵਜ਼ੇ ਦੇ ਨਿੱਜੀ ਜਾਗੀਰੂ ਮਿਲਖਾ ਖਤਮ ਕਰਨ ਦੀ ਅਤੇ ਇਹਨਾਂ ਮਿਲਖਾਂ ਨੂੰ ਉਨਾ ਚਿਰ ਕਿਸਾਨ ਕਮੇਟੀਆ ਦੇ ਪਰਬੰਧ ਹੇਠ ਦੇ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ ਜਿਨਾ ਚਿਰ ਸੰਵਿਧਾਨ ਅਸੰਬਲੀ ਵਲੋਂ ਇਸ ਸਮੱਸਿਆ ਦਾ ਹੱਲ ਨਹੀਂ ਕੀਤਾ ਜਾਂਦਾ, ਇਹਨਾਂ ਕਿਸਾਨ ਕਮੇਟੀਆ ਦਾ ਮਾਲ ਡੰਗਰ ਤੇ ਵੰਡ ਇਸ ਮੰਤਵ ਲਈ ਆਪਣੇ ਹੀ ਹੱਥਾਂ ਵਿਚ ਲੈ ਲੈਣੇ ਚਾਹੀਦੇ ਹਨ ਕਿ ਇਹ ਗਰੀਬ ਕਿਸਾਨਾ ਨੂੰ ਮੁਫਤ ਵਰਤਣ ਲਈ ਦੇ ਦਿਤੇ ਜਾਣਗੇ।

ਅਜਿਹੇ ਕਦਮ, ਜਿਨਾਂ ਦੀ ਮੰਗ ਕਿਰਸਾਨੀ ਦੀ ਅਥਾਹ ਵੱਡੀ ਬਹੁ-ਗਿਣਤੀ ਬੜੇ ਚਿਰ ਤੋਂ ਕਾਂਗਰਸਾਂ ਦੇ ਮਤਿਆ ਵਿਚ ਅਤੇ ਸਥਾਨਕ ਕਿਸਾਨਾ ਵਲੋਂ ਸੈਂਕੜੇ ਆਦੇਸ਼ਾ ਵਿਚ ਕਰਦੀ ਆ ਰਹੀ ਹੈ, ਬਹੁਤ ਹੀ ਕਤੱਈ ਤੇ ਅਤਿ ਜਰੂਰੀ ਲੋੜੀਂਦੇ ਹਨ। ਇਹਨਾ ਬਾਰੇ ਅਜਿਹਾ ਟਾਲ ਮਟੋਲ ਨਹੀਂ ਹੋਣੀ ਚਾਹੀਦੀ ਜਿਹੋ ਜਿਹੀ ਤੋਂ ਕਿਰਸਾਨੀ ਨੇ "ਕੁਲੀਸ਼ਨ" ਸਰਕਾਰ ਦੇ ਸਮੇਂ ਭਾਰੀ ਨੁਕਸਾਨ ਉਠਾਇਆ ਹੈ।

ਕੋਈ ਵੀ ਸਰਕਾਰ, ਜੋ ਅਜਿਹੇ ਕਦਮ ਲਾਗੂ ਕਰਨ ਤੋਂ ਜਕੋ-ਤੱਕੀ ਕਰਦੀ ਹੈ, ਉਸ ਨੂੰ **ਲੋਕ ਦੁਸ਼ਮਣ** ਸਰਕਾਰ ਸਮਝਣਾ ਚਾਹੀਦਾ ਹੈ ਜਿਸ ਨੂੰ ਉਲਟਾਇਆ ਜਾਣਾ ਚਾਹੀਦਾ ਹੈ ਤੇ ਉਸ ਨੂੰ ਮਜ਼ਦੂਰਾਂ ਤੇ ਕਿਸਾਨਾ ਦੀ ਬਗਾਵਤ ਰਾਹੀਂ ਕੁਚਲ ਦੇਣਾ ਚਾਹੀਦਾ ਹੈ। ਦੂਜੇ ਪਾਸੇ, ਕੇਵਲ ਅਜਿਹੀ ਸਰਕਾਰ ਜੋ ਇਹਨਾਂ ਕਦਮਾਂ ਉਤੇ ਅਮਲ ਕਰਦੀ ਹੈ, ਸਾਰੇ ਲੋਕਾਂ ਦੀ ਸਰਕਾਰ ਹੋਵੇਗੀ।

ਕਾਲ ਅਤੇ ਆਰਥਕ ਤਬਾਹੀ ਵਿਰੁਧ ਜਦੋਜਹਿਦ

5. ਸੋਵੀਅਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੌਮ-ਵਿਆਪੀ ਪੱਧਰ ਉਤੇ ਪੈਦਾਵਾਰ ਤੇ

ਵੰਡ ਦਾ ਮਜ਼ਦੂਰਾਂ ਉਤੇ ਕੰਟਰੋਲ ਤੁਰੰਤ ਲਾਗੂ ਕਰੇ। 6 ਮਈ ਦੇ ਤਜਰਬੇ ਨੇ ਇਹ ਦਰਸਾ ਦਿਤਾ ਹੈ ਕਿ ਅਜਿਹੇ ਕੰਟਰੋਲ ਦੀ ਅਣਹੋਂਦ ਕਾਰਨ ਸਰਕਾਰ ਦੇ ਸਾਰੇ ਇਕਰਾਰ ਤੇ ਉਹਨਾਂ ਨੂੰ ਲਾਗੂ ਕਰਨ ਦੇ ਸਾਰੇ ਯਤਨ ਨਿਸਫਲ ਹੁੰਦੇ ਹਨ, ਅਤੇ ਬੇਮਿਸਾਲ ਤਬਾਹੀ ਦੇ ਨਾਲ ਨਾਲ ਹਫਤਿਊਂ ਹਫਤੀ ਸਮੁੱਚੇ ਦੇਸ਼ ਲਈ ਸਭ ਤੋਂ ਵੱਡਾ ਖਤਰਾ ਬਣਦਾ ਜਾ ਰਿਹਾ ਹੈ।

ਇਹ ਜ਼ਰੂਰੀ ਹੈ ਕਿ ਬੈਂਕ ਤੇ ਬੀਮੇ ਦੇ ਕੰਮ ਨੂੰ ਅਤੇ ਸਨਅਤ ਦੀਆਂ ਬਹੁਤ ਜ਼ਰੂਰੀ ਸ਼ਾਖਾਂ (ਤੇਲ, ਕੋਲਾ, ਬਾਸਪਤੀ ਆਦਿ) ਨੂੰ ਤੁਰੰਤ ਕੌਮੀ ਬਣਾਇਆ ਜਾਵੇ ਅਤੇ ਉਸੇ ਸਮੇਂ ਵਣਜ ਵਪਾਰ ਭੇਦ ਖਤਮ ਕੀਤੇ ਜਾਣ ਅਤੇ ਸਰਮਾਏਦਾਰਾਂ ਦੀ ਤੁੱਛ ਜਿਹੀ ਘੱਟ ਗਿਣਤੀ ਉਤੇ ਮਜ਼ਦੂਰਾਂ ਤੇ ਕਿਸਾਨਾਂ ਵਲੋਂ ਨਿਰੰਤਰ ਨਿਗਰਾਨੀ ਸਥਾਪਤ ਕਰਨੀ ਜਰੂਰੀ ਹੈ, ਜਿਹੜੇ ਸਰਮਾਏਦਾਰ ਸਰਕਾਰੀ ਠੇਕਿਆ ਤੋਂ ਦੌਲਤ ਕਮਾਉਂਦੇ ਹਨ ਅਤੇ ਆਪਣੇ ਮੁਨਾਫਿਆ ਤੇ ਜਾਇਦਾਦ ਦਾ ਹਿਸਾਬ ਕਿਤਾਬ ਤੇ ਹੱਕੀ ਟੈਕਸਾ ਨੂੰ ਖੁੰਝਾਉਂਦੇ ਹਨ।

ਅਜਿਹੇ ਕਦਮ—ਜਿਹੜੇ ਨਾ ਤਾ ਦਰਮਿਆਨੇ ਕਿਸਾਨਾ, ਕਜ਼ਾਕਾਂ ਨੂੰ ਤੇ ਨਾ ਹੀ ਛੋਟੇ ਦਸਤਕਾਰਾਂ ਨੂੰ ਇਕ ਕੋਪਕ ਤੋਂ ਵਿਰਵਾ ਕਰਦੇ ਹਨ—ਕਾਲ ਵਿਰੁਧ ਜਦੋਜਹਿਦ ਲਈ ਬਹੁਤ ਜ਼ਰੂਰੀ ਹਨ ਅਤੇ ਕਤੱਈ ਤੌਰ ਤੇ ਮਿਆਦੀ ਹਨ ਕਿਉਂ ਜੋ ਇਹ ਜੰਗ ਦੇ ਭਾਰ ਨੂੰ ਉਚਿਤ ਤੌਰ ਤੇ ਵੰਡਦੇ ਹਨ। ਕੇਵਲ ਸਰਮਾਏਦਾਰੀ ਲੁੱਟ ਚੋਂਘ ਨੂੰ ਖੱਭੀ ਚਾੜ੍ਹਨ ਦੇ ਮਗਰੋਂ ਅਤੇ ਪੈਦਾਵਾਰ ਦੀ ਜਾਣ ਬੁਝ ਕੀਤੀ ਜਾਂਦੀ ਸਾਬੋਤਾਜ ਦੇ ਰੋਕਣ ਦੇ ਮਗਰੋਂ ਹੀ ਕਿਰਤ ਉਪਜਾਇਕਤਾ ਵਿਚ ਇਕ ਸੁਧਾਰ ਕਰਨਾ ਸਰਬ ਵਿਆਪੀ ਜਬਰੀ ਕਿਰਤ ਅਤੇ ਤਿਆਰ ਵਸਤਾ ਲਈ ਅਨਾਜ ਦਾ ਵਟਾਦਰਾ ਲਾਗੂ ਕਰਨਾ ਅਤੇ ਕਰੋੜਾ ਰੂਬਲਾ ਦੀ ਕਾਗਜੀ ਦੌਲਤ ਨੂੰ ਜੋ ਇਸ ਸਮੇਂ ਧਨਾਢਾ ਨੇ ਇਕਠੀ ਕੀਤੀ ਹੋਈ ਹੈ, ਖਜਾਨੇ ਨੂੰ ਪਰਤਾਉਣਾ ਸੰਭਵ ਹੋਵੇਗਾ।

ਅਜਿਹੇ ਕਦਮਾ ਤੋਂ ਬਿਨਾ, ਬਿਨਾ ਮੁਆਵਜ਼ੇ ਦੇ ਜਗੀਰੂ ਮਿਲਖਾ ਦਾ ਖਾਤਮਾ ਵੀ ਅਸੰਭਵ ਹੈ, ਕਿਉਂ ਜੋ ਮਿਲਖਾ ਦਾ ਵੱਡਾ ਹਿੱਸਾ ਬੈਂਕਾਂ ਨੇ ਗਹਿਣੇ ਰਖਿਆ ਹੋਇਆ ਹੈ, ਇਸ ਤਰ੍ਹਾਂ ਜਗੀਰਦਾਰਾਂ ਤੇ ਸਰਮਾਏਦਾਰਾ ਦੇ ਹਿਤ ਅਖੰਡ ਤੌਰ ਤੇ ਜੁੜੇ ਹੋਏ ਹਨ।

ਮਜ਼ਦੂਰਾ ਤੇ ਸਿਪਾਹੀਆ ਦੀਆ ਕੌਂਸਲਾ ਦੀ ਕੁਲ-ਰੂਸੀ ਕੇਂਦਰੀ ਕਾਰਜਕਰਨੀ ਕਮੇਟੀ ਦੇ ਆਰਥਕ ਵਿਭਾਗ ਦਾ ਤਾਜ਼ਾ ਮਤਾ ਸਰਕਾਰ ਦੇ ਕਦਮਾਂ (ਜਗੀਰਦਾਰਾਂ ਤੇ ਕੁਲਕਾ ਨੂੰ ਅਮੀਰ ਬਨਾਉਣ ਲਈ ਅਨਾਜ ਦੀਆ ਕੀਮਤਾ ਵਧਾਉਣ ਵਰਗੇ) ਰਾਹੀਂ ਕੀਤੇ ਗਏ ਨਾ ਕੇਵਲ **ਨੁਕਸਾਨ** ਨੂੰ, ਨਾ ਕੇਵਲ "ਆਰਥਕ ਜੀਵਨ ਦੀ ਨਿਸਬਤ ਲਈ ਸਰਕਾਰ ਵਲੋਂ ਸਥਾਪਤ ਕੀਤੇ ਇਦਾਰਿਆ ਦੀ **ਸੰਪੂਰਨ ਗੈਰ-ਸਰਗਰਮੀ** ਦੇ ਤੱਥ" ਨੂੰ ਪਰਵਾਨ ਕਰਦਾ ਹੈ, ਸਗੋਂ ਇਸ ਸਰਕਾਰ ਵਲੋਂ "ਕਾਨੂੰਨਾ ਦੀ ਉਲੰਘਣਾ" ਨੂੰ ਵੀ ਪਰਵਾਨ ਕਰਦਾ ਹੈ। ਹਾਕਮ ਪਾਰਟੀਆ ਵਲੋਂ, ਸੋਸਲਿਸਟ-ਇਨਕਲਾਬੀਆ ਤੇ ਮੈਨਸਵਿਕਾ ਵਲੋਂ, ਇਹ ਇਕਬਾਲ ਬੁਰਜੁਆਜ਼ੀ ਨਾਲ ਮਨ ਮਨੌਤ ਦੀ ਨੀਤੀ ਦੇ ਮੁਜਰਮਾਨਾ ਲੱਛਣ ਨੂੰ ਇਕ ਵਾਰ ਫੇਰ ਸਿੱਧ ਕਰਦਾ ਹੈ।

ਜਗੀਰਦਾਰਾਂ ਤੇ ਸਰਮਾਏਦਾਰਾਂ ਦੇ ਉਲਟ-ਇਨਕਲਾਬ ਵਿਰੁਧ ਜਦੋਜਹਿਦ

6. ਕੋਰਨੀਲੋਵ ਤੇ ਕਾਲੇਦਿਨ ਬਗਾਵਤ ਦੀ ਜਗੀਰਦਾਰਾ ਤੇ ਸਰਮਾਏਦਾਰਾ ਦੀ ਸਮੁੱਚੀ ਜਮਾਤ ਨੇ ਹਮਾਇਤ ਕੀਤੀ ਸੀ, ਕੇਡਿਟਾ ਦੀ ਪਾਰਟੀ ('ਲੋਕ-ਸੁਤੰਤਰਤਾ" ਪਾਰਟੀ) ਇਹਨਾਂ ਦੀ ਮੁੱਖੀ ਸੀ। ਇਹ ਗੱਲ ਪੂਰੀ ਤਰ੍ਹਾਂ ਉਹਨਾਂ ਤੱਥਾਂ ਰਾਹੀਂ ਸਿੱਧ ਹੋ ਚੁਕੀ ਹੈ ਜੋ ਕੇਂਦਰੀ ਕਾਰਜ-ਕਰਨੀ ਕਮੇਟੀ ਦੇ ਅਖਬਾਰ **ਇਜ਼ਵੇਸਤੀਆ** ਵਿਚ ਪ੍ਰਕਾਸ਼ਤ ਹੋਏ ਹਨ।

ਪਰ, ਇਸ ਉਲਟ-ਇਨਕਲਾਬ ਨੂੰ ਪੂਰੀ ਤਰ੍ਹਾ ਦਬਾਉਣ ਲਈ ਜਾਂ ਇਸ ਦੀ ਜਾਂਚ ਪੜਤਾਲ

ਕਰਾਉਣ ਲਈ ਵੀ ਕੁਝ ਨਹੀਂ ਕੀਤਾ ਗਿਆ ਅਤੇ ਸੋਵੀਅਤਾਂ ਨੂੰ ਸੱਤਾ ਸੌਂਪਣ ਤੋਂ ਬਿਨਾਂ ਕੁਝ ਕੀਤਾ ਵੀ ਨਹੀਂ ਜਾ ਸਕਦਾ। ਕੋਈ ਵੀ ਕਮਿਸ਼ਨ ਪੂਰੀ ਜਾਂਚ ਪੜਤਾਲ ਨਹੀਂ ਕਰ ਸਕਦਾ, ਨਾ ਕਸੂਰਵਾਰ ਨੂੰ ਗਰਿਫਤਾਰ ਕਰ ਸਕਦਾ ਜਦੋਂ ਤਕ ਉਸ ਕੋਲ ਰਾਜਸੀ ਸੱਤਾ ਨਹੀਂ ਹੈ। ਕੇਵਲ ਇਕ ਸੀਮਤ ਸਰਕਾਰ ਹੀ ਇਹ ਕਰ ਸਕਦੀ ਹੈ ਤੇ ਉਸ ਨੂੰ ਜ਼ਰੂਰ ਕਰਨਾ ਚਾਹੀਦਾ ਹੈ। ਕੇਵਲ ਇਕ ਸੋਵੀਅਤ ਸਰਕਾਰ ਹੀ ਰੂਸ ਨੂੰ, "ਕੋਰਨੀਲੋਵ" ਦੇ ਘਟਨਾ ਦੀ ਅਟੱਲ ਦੁਹਰਾਈ ਕੋਰਨੀਲੋਵਵਾਦੀ ਜਰਨੈਲਾਂ ਤੇ ਬੁਰਜੂਆ ਉਲਟ-ਇਨਕਲਾਬ ਦੇ ਮੁਖ ਆਗੂਆਂ ('ਗੁਚਕੋਵ, ਮਿਲਿਯੁਕੋਵ, ਰਾਬੀਬੁਸ਼ਿਨਸਕੀ, ਮਾਕਲਾਕੋਵ ਤੇ ਕੰਪਨੀ) ਨੂੰ ਗਰਿਫਤਾਰ ਕਰਨ ਰਾਹੀਂ, ਉਲਟ-ਇਨਕਲਾਬੀ ਸੰਸਥਾਵਾਂ ਉਤੇ ਪਾਬੰਦੀ ਲਾਉਣ ਰਾਹੀਂ, ਉਹਨਾਂ ਦੇ ਮੈਂਬਰਾਂ ਨੂੰ ਸਥਾਪਤ ਸੋਵੀਅਤਾਂ ਦੀ ਨਿਗਰਾਨੀ ਹੇਠ ਰਖਣ ਰਾਹੀਂ ਅਤੇ ਉਲਟ-ਇਨਕਲਾਬੀ ਹਥਿਆਰਬੰਦ ਦਸਤਿਆ ਨੂੰ ਤੋੜਨ ਰਾਹੀਂ ਬਚਾ ਸਕਦੀ ਹੈ।

ਕੇਵਲ ਇਹੋ ਸਰਕਾਰ ਕੋਰਨੀਲੋਵ ਦੇ ਕੇਸ ਤੇ ਹੋਰ ਸਾਰੇ ਕੇਸਾਂ ਦੀ, ਬੁਰਜੁਆਜ਼ੀ ਵਲੋਂ ਅਰੰਭ ਕੀਤੇ ਗਏ ਕੇਸਾ ਦੀ ਵੀ ਪੂਰੀ ਤੇ ਜਨਤਕ ਜਾਂਚ ਪੜਤਾਲ ਕਰਾਉਣ ਲਈ ਕਮਿਸ਼ਨ ਸਥਾਪਤ ਕਰ ਸਕਦੀ ਹੈ ਅਤੇ ਆਪਣੀ ਵਾਰੀ ਤੇ ਬਾਲਸ਼ਵਿਕਾਂ ਦੀ ਪਾਰਟੀ ਮਜ਼ਦੂਰਾਂ ਨੂੰ ਅਜਿਹੇ ਕਮਿਸ਼ਨ ਨੂੰ ਪੂਰੀ ਮਿਲਵਰਤਣ ਦੇਣ ਦੀ ਤੇ ਕੇਵਲ ਇਸ ਕਮਿਸਨ ਸਾਹਮਣੇ ਪੇਸ਼ ਹੋਣ ਦੀ ਅਪੀਲ ਕਰੇਗੀ।

ਕੇਵਲ ਇਕ ਸੋਵੀਅਤ ਸਰਕਾਰ ਹੀ ਅਜਿਹੇ ਨੰਗੇ ਚਿੱਟੇ ਅਨਿਆ ਦਾ ਟਾਕਰਾ ਕਰ ਸਕਦੀ ਹੈ, ਜਿਵੇਂ ਸਰਮਾਏਦਾਰਾਂ ਵਲੋਂ ਲੋਕਾਂ ਤੋਂ ਨਿਚੋੜੇ ਲਖੂ-ਖਾ ਰੂਬਲਾਂ ਦੀ ਮੱਦਦ ਨਾਲ ਸਭ ਤੋਂ ਵੱਡਾ ਛਾਪਾਖਾਨਾ ਤੇ ਅਖਬਾਰ ਕਬਜ਼ੇ ਵਿਚ ਲੈ ਲਿਆ ਹੈ। ਇਹ ਜ਼ਰੂਰੀ ਹੈ ਕਿ ਬੁਰਜੂਆ ਉਲਟ-ਇਨਕਲਾਬੀ ਅਖਬਾਰਾਂ (**ਰੀਚ, ਰੂਸਕੋਏ ਸਲੋਵੋ**) ਨੂੰ ਦਬਾਇਆ ਜਾਵੇ, ਉਹਨਾਂ ਦੇ ਛਾਪੇਖਾਨਿਆ ਨੂੰ ਜਬਤ ਕੀਤਾ ਜਾਵੇ, ਅਖਬਾਰਾਂ ਵਿਚ ਨਿੱਜੀ ਇਸਤਿਹਾਰਾਂ ਨੂੰ ਇਕ ਰਾਜਸੀ ਇਜਾਰੇ-ਦਾਰੀ ਐਲਾਨਿਆ ਜਾਵੇ, ਉਹਨਾਂ ਨੂੰ ਸੋਵੀਅਤਾਂ ਵਲੋਂ ਪਰਕਾਸ਼ਤ ਅਖਬਾਰ ਵਿਚ ਉਹਨਾ ਜਿਹੜਾ ਕਿਸਾਨਾ ਨੂੰ ਸਚਾਈ ਦਸਦਾ ਹੈ, ਤਬਦੀਲ ਕੀਤਾ ਜਾਵੇ। ਕੇਵਲ ਇਸ ਢੰਗ ਨਾਲ ਬੁਰਜੁਆਜ਼ੀ ਨੂੰ ਇਸ ਦੇ ਝੂਠ ਬੋਲਣ ਦੇ, ਤੇ ਲੋਕਾ ਨੂੰ ਧੋਖਾ ਦੇਣ ਦੇ ਇਕ ਉਲਟ-ਇਨਕਲਾਬ ਦੀ ਤਿਆਰੀ ਕਰਨ ਦੇ ਸ਼ਕਤੀਸ਼ਾਲੀ ਹਥਿਆਰ ਤੋਂ ਨਿਰਣਾ ਕੀਤਾ ਜਾ ਸਕਦਾ ਹੈ ਤੇ ਕਰਨਾ ਚਾਹੀਦਾ ਹੈ।

ਇਨਕਲਾਬ ਦਾ ਸ਼ਾਂਤਮਈ ਵਿਕਾਸ

7. ਇਕ ਸੰਭਾਵਨਾ, ਜੋ ਇਨਕਲਾਬ ਦੇ ਇਤਿਹਾਸ ਵਿਚ ਕਦੇ ਕਦਾਈਂ ਸਾਹਮਣੇ ਆਈ ਹੈ, ਇਸ ਸਮੇਂ ਰੂਸ ਦੀ ਜਮਹੂਰੀਅਤ, ਸੋਵੀਅਤਾਂ ਤੇ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਪਾਰਟੀਆਂ ਨੂੰ ਦਰਪੇਸ਼ ਹੈ—ਬਿਨਾਂ ਕਿਸੇ ਹੋਰ ਢਿੱਲ ਦੇ ਨਿਸਚਿਤ ਮਿਤੀ ਉਤੇ ਸੰਵਿਧਾਨ ਅਸੰਬਲੀ ਬੁਲਾਉਣ ਦੀ ਫੌਜੀ ਤੇ ਆਰਥਕ ਤਬਾਹੀ ਵਿਰੁਧ ਦੇਸ਼ ਨੂੰ ਸੁਰੱਖਿਅਤ ਬਨਾਉਣ ਦੀ ਅਤੇ ਇਨਕਲਾਬ ਦੇ ਸ਼ਾਂਤਮਈ ਵਿਕਾਸ ਨੂੰ ਯਕੀਨੀ ਬਨਾਉਣ ਦੀ ਸੰਭਾਵਨਾ।

ਜੇ ਸੋਵੀਅਤਾਂ ਹੁਣ ਉਪਰ-ਵਰਣਤ ਪਰੋਗਰਾਮ ਨੂੰ ਨੇਪਰੇ ਚਾੜ੍ਹਨ ਦੇ ਉਦੇਸ਼ ਲਈ ਪੂਰੀ ਰਾਜਸੀ ਸੱਤਾ ਇਕਾਤਰ ਰੂਸ ਵਿਚ ਆਪਣੇ ਹੱਥਾਂ ਵਿਚ ਲੈ ਲੈਣ, ਨਾ ਕੇਵਲ ਰੂਸ ਦੀ 9/10 ਵਸੋਂ ਦੀ, ਕਿਰਤੀ ਜਮਾਤ ਤੇ ਕਿਰਸਾਨੀ ਦੀ ਬਹੁਤ ਵੱਡੀ ਬਹੁ ਗਿਣਤੀ ਦੀ ਹਮਾਇਤ ਪਰਾਪਤ ਕਰਨ ਰਾਹੀਂ, ਸਗੋਂ ਉਹਨਾਂ ਨੂੰ ਫੌਜ ਦੇ ਤੇ ਲੋਕਾਂ ਦੀ ਬਹੁ ਗਿਣਤੀ ਦੇ ਅਥਾਹ ਭਾਰੀ ਉਤਸ਼ਾਹ ਵੀ ਯਕੀਨੀ ਤੌਰ ਤੇ ਪਰਾਪਤ ਹੋਵੇਗਾ, ਇਕ ਅਜਿਹਾ ਉਤਸ਼ਾਹ ਜਿਸ ਤੋਂ

ਬਿਨਾ ਕਾਲ ਤੇ ਜੰਗ ਉਤੇ ਜਿੱਤ ਅਸੰਭਵ ਹੈ।

ਸੋਵੀਅਤਾਂ ਦੀ ਮੁਜ਼ਾਹਮਤ ਦਾ ਕਈ ਸੁਆਲ ਨਹੀਂ ਹੋ ਸਕਦਾ ਜੇ ਸੋਵੀਅਤਾਂ ਆਪ ਡਾਵਾਂ-ਡੋਲ ਨਹੀਂ ਹੁੰਦੀਆਂ। ਕੋਈ ਵੀ ਜਮਾਤ ਸੋਵੀਅਤਾਂ ਦੇ ਵਿਰੁਧ ਬਗਾਵਤ ਕਰਨ ਦੀ ਜੁਰਅਤ ਨਹੀਂ ਕਰੇਗੀ, ਅਤੇ ਜਗੀਰਦਾਰ ਤੇ ਸਰਮਾਏਦਾਰ, ਜਿਨ੍ਹਾਂ ਨੂੰ ਕੋਰਨੀਲੋਵ ਦੀ ਬਗਾਵਤ ਦੇ ਤਜਰਬੇ ਨੇ ਸਬਕ ਸਿਖਾ ਦਿਤਾ ਹੈ, ਸ਼ਾਂਤਮਈ ਢੰਗ ਨਾਲ ਸੱਤਾ ਤਿਆਗ ਦੇਣਗੇ ਤੇ ਸੋਵੀਅਤਾਂ ਦੇ ਅਲਟੀਮੇਟਮ ਅੱਗੇ ਹਥਿਆਰ ਸੁਟ ਦੇਣਗੇ। ਸੋਵੀਅਤਾਂ ਦੇ ਪਰੋਗਰਾਮ ਵਿਰੁਧ ਸਰਮਾਏਦਾਰਾ ਦੀ ਮੁਜ਼ਾਹਮਤ ਉਤੇ ਕਾਬੂ ਪਾਉਣਾ, ਮਜ਼ਦੂਰਾਂ ਤੇ ਕਿਸਾਨਾਂ ਵਲੋਂ ਲੋਟੂਆਂ ਉਤੇ ਨਿਗਰਾਨੀ, ਉਹਨਾ ਦੀ ਸਮੁੱਚੀ ਜਾਇਦਾਦ ਦੀ ਜ਼ਬਤੀ ਤੇ ਥੋਹੜੇ ਸਮੇਂ ਲਈ ਉਹਨਾਂ ਦੀ ਗਰਿਫਤਾਰੀ ਕਾਫੀ ਹੋਣਗੇ।

ਸਾਰੀ ਸੱਤਾ ਆਪਣੇ ਹੱਥਾ ਵਿਚ ਲੈ ਲੈਣ ਰਾਹੀਂ, ਸੋਵੀਅਤਾਂ ਅਜ ਵੀ ਇਨਕਲਾਬ ਦੇ ਸ਼ਾਤਮਈ ਵਿਕਾਸ ਨੂੰ, ਲੋਕਾ ਰਾਹੀਂ ਡਿਪਟੀਆਂ ਦੀ ਸ਼ਾਂਤਮਈ ਚੋਣ, ਅਤੇ ਸੋਵੀਅਤਾਂ ਦੇ ਅੰਦਰ ਪਾਰਟੀਆ ਦੀ ਸ਼ਾਤਮਈ ਜਦੋਂਜਹਿਦ ਨੂੰ ਯਕੀਨੀ ਬਣਾ ਸਕਦੀਆ ਹਨ ਤੇ ਫਿਰ ਵਖ ਵਖ ਪਾਰਟੀਆ ਦੇ ਪਰੋਗਰਾਮਾ ਨੂੰ ਅਮਲ ਵਿਚ ਅਜ਼ਮਾ ਸਕਦੀਆ ਹਨ ਅਤੇ ਸੱਤਾ ਇਕ ਧਿਰ ਤੋਂ ਦੂਜੀ ਦੇ ਹੱਥਾ ਵਿਚ ਸ਼ਾਤਮਈ ਢੰਗ ਨਾਲ ਜਾ ਸਕਦੀ ਹੈ।

ਇਨਕਲਾਬ ਦਾ ਵਿਕਾਸ ਦਾ ਸਾਰਾ ਅਮਲ, 20 ਅਪਰੈਲ ਦੀ ਲਹਿਰ ਤੋਂ ਕੋਰਨੀਲੋਵ ਬਗਾਵਤ ਤਕ, ਦਰਸਾਉਂਦਾ ਹੈ ਕਿ ਜੇ ਇਸ ਅਵਸਰ ਨੂੰ ਕੁਰਾਹੇ ਪਾਇਆ ਗਿਆ ਤਾਂ ਬੁਰਜੁਆਜ਼ੀ ਤੇ ਪਰੋਲਤਾਰੀਏ ਵਿਚ ਅਤਿ ਗੰਭੀਰ ਗ੍ਰਹਿ-ਯੁੱਧ ਹਰ ਹਾਲਤ ਵਿਚ ਹੋਵੇਗਾ। ਇਹ ਜੰਗ ਅਟੱਲ ਤਬਾਹੀ ਨੂੰ ਹੋਰ ਨੇੜੇ ਲਿਆਵੇਗੀ। ਇਸ ਨੂੰ ਮਨੁਖੀ ਮੰਤਕ ਤਕ ਪੁਜਣ ਵਾਂਗ ਸਾਰਾ ਵੇਰਵਾ ਤੇ ਵਿਚਾਰ ਇਸ ਸਿੱਧ ਕਰਦੇ ਹਨ ਮਜ਼ਦੂਰ ਜਮਾਤ ਦੀ ਪੂਰਨ ਜਿੱਤ ਵਿਚ ਖਤਮ ਹੋਣਾ ਚਾਹੀਦਾ ਹੈ। ਇਸ ਹਾਲਤ ਵਿਚ ਗਰੀਬ ਕਿਰਸਾਨੀ ਦੀ ਹਮਾਇਤ ਹੋਣੀ ਚਾਹੀਦੀ ਹੈ। ਉਪਰਲਾ ਪਰੋਗਰਾਮ ਨੇਪਰੇ ਚਾੜ੍ਹਨਾ ਚਾਹੀਦਾ ਹੈ। ਪਰ ਹੋ ਸਕਦਾ ਹੈ, ਇਹ ਕੰਮ ਬਹੁਤ ਔਖਾ ਤੇ ਖੂਨੀ ਸਿੱਧ ਹੋਵੇ; ਹਜਾਰਾ ਜਗੀਰਦਾਰਾ, ਸਰਮਾਏਦਾਰਾ ਤੇ ਅਫਸਰਾ ਦੀਆਂ, ਜੋ ਉਹਨਾਂ ਨਾਲ ਹਮਦਰਦੀ ਰਖਦੇ ਹਨ, ਜਾਨਾ ਜਾ ਸਕਦੀਆਂ ਹਨ।

ਪਰੋਲਤਾਰੀਆ ਇਨਕਲਾਬ ਨੂੰ ਬਚਾਉਣ ਲਈ ਕੋਈ ਵੀ ਕੁਰਬਾਨੀ ਕਰਨ ਤੋਂ ਨਹੀਂ ਝਿਜਕੇਗਾ, ਜੋ ਉਪਰ ਬਿਆਨ ਕੀਤੇ ਪਰੋਗਰਾਮ ਨੂੰ ਲਾਗੂ ਕਰਨ ਰਾਹੀਂ ਹੀ ਸੰਭਵ ਹੈ। ਦੂਜੇ ਪਾਸੇ, ਪਰੋਲਤਾਰੀਆ ਹਰ ਢੰਗ ਨਾਲ ਸੋਵੀਅਤਾ ਦੀ ਹਮਾਇਤ ਕਰੇਗਾ ਜੇ ਉਹਨਾਂ ਨੇ ਇਨਕਲਾਬ ਦੇ ਸ਼ਾਤਮਈ ਵਿਕਾਸ ਨੂੰ ਪਰਾਪਤ ਕਰਨ ਲਈ ਆਪਣੇ ਅੰਤਮ ਮੌਕੇ ਦੀ ਵਰਤੋਂ ਕਰਨੀ ਹੈ।

ਸਤੰਬਰ 1918 ਦੇ ਪਹਿਲੇ ਅੱਧ ਵਿਚ ਲਿਖਿਆ ਗਿਆ।
ਰਾਬੋਚੀ ਪੁੱਤ ਦੇ ਨੰਬਰ 20-21 ਵਿਚ
9 ਤੇ 10 ਅਕਤੂਬਰ (26 ਤੇ 27 ਸਤੰਰਰ) 1917 ਨੂੰ ਪ੍ਰਕਾਸ਼ਤ ਹੋਇਆ।
ਦਸਖਤ : **ਐਨ. ਕੇ.**

ਬਾਲਸ਼ਵਿਕਾਂ ਨੂੰ ਸੱਤਾ ਆਪਣੇ ਹੱਥਾਂ ਵਿਚ ਲੈਣੀ ਚਾਹੀਦੀ ਹੈ

ਆਰ.ਐਸ.ਡੀ.ਐਲ.ਪੀ. (ਬੀ) ਦੀ ਕੇਂਦਰੀ ਕਮੇਟੀ ਅਤੇ ਪੀਤਰੋਗਰਾਦ ਤੇ ਮਾਸਕੋ ਕਮੇਟੀਆਂ ਦੇ ਨਾਂਅ ਇਕ ਚਿੱਠੀ

ਬਾਲਸ਼ਵਿਕਾਂ ਨੇ ਦੋਹਾਂ ਰਾਜਧਾਨੀਆਂ ਦੀਆਂ ਮਜਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਵਿਚ ਬਹੁ-ਗਿਣਤੀ ਪਰਾਪਤ ਕਰ ਲਈ ਹੈ। ਇਸ ਲਈ ਉਹਨਾਂ ਨੂੰ ਰਾਜਸੀ ਸੱਤਾ ਆਪਣੇ ਹੱਥਾਂ ਵਿਚ ਲੈ ਲੈਣੀ ਚਾਹੀਦੀ ਹੈ।

ਉਹ ਲੈ ਸਕਦੇ ਹਨ ਕਿਉਂ ਜੋ ਦੋ ਮੁੱਖ ਸ਼ਹਿਰਾਂ ਵਿਚ ਇਨਕਲਾਬੀ ਅੰਸ਼ਾਂ ਦੀ ਸਰਗਰਮ ਬਹੁ-ਗਿਣਤੀ ਇਤਨੀ ਵੱਡੀ ਹੈ ਕਿ ਉਹ ਲੋਕਾਂ ਨੂੰ ਆਪਣੇ ਨਾਲ ਰਲਾ ਸਕਦੀ ਹੈ, ਵਿਰੋਧੀਆਂ ਦੀ ਮੁਜ਼ਾਹਮਤ ਉਤੇ ਕਾਬੂ ਪਾ ਸਕਦੀ ਹੈ, ਉਹਨਾਂ ਨੂੰ ਕੁਚਲ ਸਕਦੀ ਹੈ, ਸੱਤਾ ਪਰਾਪਤ ਕਰ ਸਕਦੀ ਹੈ ਤੇ ਉਸ ਨੂੰ ਬਹਾਲ ਰਖ ਸਕਦੀ ਹੈ। ਬਾਲਸ਼ਵਿਕ, ਇਕ ਜਮਹੂਰੀ ਅਮਨ ਤੁਰੰਤ ਪੇਸ਼ ਕਰਨ ਰਾਹੀਂ, ਕਿਸਾਨਾਂ ਨੂੰ ਤੁਰੰਤ ਜ਼ਮੀਨ ਦੇਣ ਰਾਹੀਂ ਅਤੇ ਉਹ ਜਮਹੂਰੀ ਸੰਸਥਾਵਾਂ ਤੇ ਆਜ਼ਾਦੀ, ਜੋ ਕੇਰੇਨਸਕੀ ਨੇ ਭੰਨ ਤੋੜ ਤੇ ਖੇਰੂੰ ਖੇਰੂੰ ਕਰ ਦਿਤੀਆਂ ਹਨ, ਮੁੜ ਸਥਾਪਤ ਕਰਨ ਰਾਹੀਂ ਇਕ ਸਰਕਾਰ ਬਣਾ ਲੈਣਗੇ ਜਿਸ ਨੂੰ **ਕੋਈ ਵੀ** ਉਲਟਾਉਣ ਦੇ ਯੋਗ ਨਹੀਂ ਹੋਵੇਗਾ।

ਲੋਕਾਂ ਦੀ ਬਹੁ-ਗਿਣਤੀ **ਸਾਡੇ ਵਲ** ਹੈ। ਇਸ ਗੱਲ ਦੀ ਤਸਦੀਕ 6 ਮਈ ਤੋਂ 31 ਅਗਸਤ ਤਕ ਤੇ 12 ਸਤੰਬਰ ਤਕ ਦੀਆਂ ਘਟਨਾਵਾਂ ਦੇ ਲੰਮੇ ਤੇ ਦੁਖਦਾਈ ਅਮਲ ਨੇ ਕਰ ਦਿਤੀ ਹੈ। ਵੱਡੇ ਸ਼ਹਿਰਾਂ ਦੀਆਂ ਸੋਵੀਅਤਾਂ ਵਿਚ ਪਰਾਪਤ ਹੋਈ ਬਹੁ-ਗਿਣਤੀ ਲੋਕਾਂ ਦੇ **ਸਾਡੇ ਵਲ** ਆਉਣ ਕਾਰਨ ਪਰਾਪਤ ਹੋਈ ਹੈ। ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੀ ਜਕੋ-ਤੱਕੀ ਅਤੇ ਉਹਨਾਂ ਦੀਆਂ ਸਫਾਂ ਵਿਚ ਕੌਮਾਂਤਰੀਵਾਦੀਆਂ ਦੀ ਗਿਣਤੀ ਵਿਚ ਵਾਧਾ ਇਹੋ ਗੱਲ ਸਿੱਧ ਕਰਦਾ ਹੈ।

ਡੇਮੋਕਰੇਟਿਕ ਕਾਨਫਰੰਸ ਇਨਕਲਾਬੀ ਲੋਕਾਂ ਦੀ ਬਹੁ-ਗਿਣਤੀ ਦੀ ਪ੍ਰਤੀਨਿਧਤਾ ਨਹੀਂ ਕਰਦੀ, ਸਗੋਂ ਕੇਵਲ **ਨਿੱਕ-ਬੁਰਜੁਆਜ਼ੀ ਦੀ ਉਪਰਲੀ ਸਮਝੌਤੂ ਪਰਤ ਦੀ ਪ੍ਰਤੀਨਿਧਤਾ ਕਰਦੀ ਹੈ।** ਸਾਨੂੰ ਚੋਣਾਂ ਦੇ ਅੰਕੜਿਆਂ ਤੋਂ ਧੋਖਾ ਨਹੀਂ ਖਾਣਾ ਚਾਹੀਦਾ, ਚੋਣਾਂ ਕੁਝ ਵੀ ਸਿੱਧ ਨਹੀਂ ਕਰਦੀਆਂ। ਪੀਤਰੋਗਰਾਦ ਤੇ ਮਾਸਕੋ ਦੀਆਂ ਸ਼ਹਿਰੀ ਕੌਂਸਲਾਂ ਦੀਆਂ ਚੋਣਾਂ ਦਾ ਸੋਵੀਅਤਾਂ

ਦੀਆਂ ਚੋਣਾਂ ਨਾਲ ਟਾਕਰਾ ਕਰੋ। ਮਾਸਕੋ ਵਿਚਲੀਆਂ ਚੋਣਾਂ ਦਾ ਮਾਸਕੋ ਦੀ 12 ਅਗਸਤ ਦੀ ਹੜਤਾਲ ਨਾਲ ਟਾਕਰਾ ਕਰੋ। ਲੋਕਾਂ ਦੀ ਅਗਵਾਈ ਕਰ ਰਹੇ ਇਨਕਲਾਬੀ ਅੰਸ਼ਾਂ ਦੀ ਉਸ ਬਹੁ-ਗਿਣਤੀ ਸਬੰਧੀ ਬਾਹਰ-ਮੁਖੀ ਤੱਥ ਹਨ।

ਡੈਮੋਕਰੈਟਿਕ ਕਾਨਫਰੰਸ ਕਿਸਾਨਾਂ ਨੂੰ ਧੋਖਾ ਦੇ ਰਹੀ ਹੈ ਤੇ ਇਹ ਉਹਨਾਂ ਨੂੰ ਨਾ ਅਮਨ ਦੇ ਰਹੀ ਹੈ ਤੇ ਨਾ ਜ਼ਮੀਨ।

ਇਕੱਲੀ ਬਾਲਸ਼ਵਿਕ ਸਰਕਾਰ ਹੀ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰੇਗੀ।

... ...

ਐਨ ਇਸੇ ਘੜੀ ਬਾਲਸ਼ਵਿਕਾਂ ਨੂੰ ਸੱਤਾ ਆਪਣੇ ਹੱਥਾਂ ਵਿਚ ਕਿਉਂ **ਲੈਣੀ ਚਾਹੀਦੀ ਹੈ ?**

ਕਿਉਂ ਜੋ ਪੀਤਰੋਗਰਾਦ ਵਲੋਂ ਹਥਿਆਰ ਸੁੱਟਣ ਦਾ ਖ਼ਤਰਾ ਸਿਰ ਤੇ ਖਲੋਣਾ ਸਾਡੇ ਅਵਸਰਾਂ ਨੂੰ ਸੌ ਗੁਣਾਂ ਘਟ ਲਾਹੇਵੰਦ ਬਣਾ ਦੇਵੇਗਾ।

ਅਤੇ ਇਹ ਸਾਡੀ ਤਾਕਤ ਵਿਚ ਨਹੀਂ ਕਿ ਅਸੀਂ ਪੀਤਰੋਗਰਾਦ ਨੂੰ ਹਾਰ ਮੰਨਣ ਤੋਂ ਰੋਕ ਸਕੀਏ ਜਦ ਕਿ ਫੌਜ ਦੀ ਅਗਵਾਈ ਕੇਰੈਨਸਕੀ ਤੇ ਕੰਪਨੀ ਦੇ ਹੱਥ ਵਿਚ ਹੈ।

ਨਾ ਹੀ ਅਸੀਂ ਸੰਵਿਧਾਨ ਅਸੰਬਲੀ ਦੀ "ਉਡੀਕ" ਕਰ ਸਕਦੇ ਹਾਂ, ਕਿਉਂ ਜੋ ਪੀਤਰੋਗਰਾਦ ਤੋਂ ਹਥਿਆਰ ਸੁਟਵਾ ਕੇ ਕੇਰੇਨਸਕੀ ਤੇ ਕੰਪਨੀ ਇਸ ਦੇ ਬੁਲਾਉਣ ਨੂੰ ਸਦਾ ਅਸਫਲ ਬਣਾ ਸਕਦੀ ਹੈ। ਕੇਵਲ ਸਾਡੀ ਪਾਰਟੀ, ਸੱਤਾ ਆਪਣੇ ਹੱਥਾਂ ਵਿਚ ਲੈ ਕੇ ਸੰਵਿਧਾਨ ਅਸੰਬਲੀ ਦਾ ਬੁਲਾਇਆ ਜਾਣਾ ਸੁਰੱਖਿਅਤ ਕਰ ਸਕਦੀ ਹੈ; ਫਿਰ ਇਹ ਦੂਜੀਆਂ ਪਾਰਟੀਆ ਨੂੰ ਟਾਲ-ਮਟੋਲ ਕਰਨ ਦਾ ਦੋਸ਼ੀ ਠਹਿਰਾ ਸਕਦੀ ਹੈ ਤੇ ਆਪਣੇ ਇਲਜ਼ਾਮਾਂ ਨੂੰ ਸਹੀ ਸਿੱਧ ਕਰ ਸਕਦੀ ਹੈ।

ਅੰਗਰੇਜ਼ ਤੇ ਜਰਮਨ ਸਾਮਰਾਜੀਆ ਨਾਲ ਇਕ ਵੱਖਰਾ ਅਮਨ ਰੋਕਿਆ ਜਾਣਾ ਚਾਹੀਦਾ ਹੈ ਤੇ ਰੋਕਿਆ ਜਾ ਸਕਦਾ ਹੈ. ਪਰ ਇਹ ਕੰਮ ਕੇਵਲ ਤੇਜ਼ ਕਾਰਵਾਈ ਰਾਹੀਂ ਹੋ ਸਕਦਾ ਹੈ।

ਲੋਕਾ ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਦੀ ਜਕੋ-ਤੱਕੀ ਤੋਂ ਤੰਗ ਆ ਗਏ ਹਨ। ਵੱਡੇ ਸ਼ਹਿਰਾ ਵਿਚ ਕੇਵਲ ਸਾਡੀ ਜਿੱਤ ਹੀ ਹੈ ਜੋ ਕਿਸਾਨਾ ਨੂੰ ਸਾਡੇ ਨਾਲ ਰਲਾਏਗੀ।

... ...

ਅਸੀਂ ਹੁਣ ਸ਼ਬਦਾ ਦੇ ਤੰਗ ਅਰਥਾਂ ਵਿਚ ਬਗਾਵਤ ਦੇ "ਦਿਨ" ਜਾਂ "ਘੜੀ" ਬਾਰੇ ਫਿਕਰਮੰਦ ਨਹੀਂ ਹਾਂ। ਇਸ ਬਾਰੇ ਉਹਨਾਂ ਦੀ ਸਾਂਝੀ ਆਵਾਜ਼ ਰਾਹੀਂ ਕੇਵਲ ਫੈਸਲਾ ਕੀਤਾ ਜਾਵੇਗਾ ਜਿਨ੍ਹਾਂ ਦਾ ਮਜ਼ਦੂਰਾਂ ਤੇ ਸਿਪਾਹੀਆਂ ਨਾਲ, **ਜਨਸਮੂਹ** ਨਾਲ, **ਸਬੰਧ** ਹੈ।

ਨੁਕਤਾ ਹੁਣ ਇਹ ਹੈ, ਡੈਮੋਕਰੈਟਿਕ ਕਾਂਗਰਸ ਵਿਚ, ਅਸਲ ਵਿਚ ਸਾਡੀ ਪਾਰਟੀ ਦੀ **ਆਪਣੀ ਕਾਂਗਰਸ ਹੈ**, ਅਤੇ ਇਸ ਕਾਂਗਰਸ ਨੂੰ (ਭਾਵੇਂ ਉਹ ਚਾਹੇ ਜਾਂ ਨਾ ਚਾਹੇ) **ਇਨਕਲਾਬ ਦੀ ਹੋਣੀ ਦਾ ਫੈਸਲਾ ਕਰਨਾ ਚਾਹੀਦਾ ਹੈ।**

ਨੁਕਤਾ ਇਹ ਹੈ ਕਿ ਇਹ **ਕਾਰਜ** ਪਾਰਟੀ ਨੂੰ ਸਪੱਸ਼ਟ ਹੋਣਾ ਚਾਹੀਦਾ ਹੈ। ਵਰਤਮਾਨ ਕਾਰਜ ਪੀਤਰੋਗਰਾਦ ਤੇ ਮਾਸਕੋ ਵਿਚ (ਇਸ ਦੇ ਰੀਜਨਾਂ ਸਮੇਤ) **ਹਥਿਆਰਬੰਦ ਬਗਾਵਤ** ਕਰਨਾ, ਸੱਤਾ ਉਤੇ ਕਬਜ਼ਾ ਕਰਨਾ ਤੇ ਸਰਕਾਰ ਨੂੰ ਉਲਟਾਉਣਾ ਹੋਣਾ ਚਾਹੀਦਾ ਹੈ। ਸਾਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਕਿਵੇਂ ਇਸ ਬਾਰੇ, ਪ੍ਰੈਸ ਵਿਚ ਇਤਨਾ ਕੁਝ ਜ਼ੋਰ ਨਾਲ ਬਿਆਨ ਕੀਤੇ ਬਿਨਾਂ, ਪਰਚਾਰ ਕੀਤਾ ਜਾਵੇ।

ਸਾਨੂੰ ਬਗਾਵਤ ਬਾਰੇ ਮਾਰਕਸ ਦੇ ਇਹਨਾਂ ਸ਼ਬਦਾਂ ਨੂੰ ਚੇਤੇ ਕਰਨਾ ਤੇ ਤੋਲਣਾ ਚਾਹੀਦਾ

ਹੈ : "ਬਗਾਵਤ ਇਕ ਕਲਾ ਹੈ।"

... ...

ਬਾਲਸ਼ਵਿਕਾਂ ਲਈ ਇਕ "ਰਸਮੀ" ਬਹੁ-ਗਿਣਤੀ ਲਈ ਉਡੀਕਣਾ ਇਕ ਸਿੱਧੜ ਗੱਲ ਹੋਵੇਗੀ। ਕੋਈ ਵੀ ਇਨਕਲਾਬ **ਇਸ ਲਈ** ਕਦੇ ਉਡੀਕ ਨਹੀਂ ਕਰਦਾ। ਕੇਰੇਨਸਕੀ ਤੇ ਕੰਪਨੀ ਵੀ ਉਡੀਕ ਨਹੀਂ ਕਰ ਰਹੀ, ਅਤੇ ਪੀਤਰੋਗਰਾਦ ਨੂੰ ਹਵਾਲੇ ਕਰਨ ਲਈ ਤਿਆਰੀਆਂ ਕਰ ਰਹੀ ਹੈ। ਡੈਮੋਕਰੇਟਿਕ ਕਾਨਫ਼ਰੰਸ ਦੀਆਂ ਇਹ ਘ੍ਰਿਣਤ ਜਕੋ-ਤੱਕੀਆਂ ਹਨ ਜੋ ਪੀਤਰੋਗਰਾਦ ਤੇ ਮਾਸਕੋ ਦੇ ਮਜ਼ਦੂਰਾਂ ਦੇ ਸਬਰ ਨੂੰ ਹਰ ਹਾਲਤ ਵਿਚ ਖਤਮ ਕਰ ਦੇਣਗੀਆਂ! ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ ਜੇ ਅਸੀਂ ਹੁਣ ਸੱਤਾ ਆਪਣੇ ਹੱਥ ਵਿਚ ਨਹੀਂ ਲੈਂਦੇ।

ਕੀ ਅਪਰੇਟਸ ਕੋਈ ਨਹੀਂ ਹੈ? ਇਕ ਅਪਰੇਟਸ ਹੈ—ਸੋਵੀਅਤਾਂ ਤੇ ਜਮਹੂਰੀ ਜਥੇਬੰਦੀਆਂ। ਕੌਮਾਂਤਰੀ ਸਥਿਤੀ ਇਸ ਸਮੇਂ ਠੀਕ ਹੈ, ਅੰਗਰੇਜ਼ਾਂ ਤੇ ਜਰਮਨਾਂ ਵਿਚਾਲੇ ਇਕ ਵਖਰਾ ਅਮਨ ਕਰਨ ਦੇ **ਐਨ ਵਿਚ ਉਤੇ**, ਇਹ **ਸਾਡੇ ਹੱਕ ਵਿਚ ਹੈ**। ਕੌਮਾਂ ਨੂੰ ਇਸੇ ਸਮੇਂ ਅਮਨ ਦੀ ਪੇਸ਼ਕਸ਼ ਕਰਨ ਦਾ ਅਰਥ **ਜਿੱਤਣਾ** ਹੈ।

ਮਾਸਕੋ ਤੇ ਪੀਤਰੋਗਰਾਦ ਦੋਹਾਂ ਵਿਚ ਸੱਤਾ ਫ਼ੌਰਨ ਹੱਥਾਂ ਵਿਚ ਲੈਣ ਨਾਲ, (ਕੋਈ ਗੱਲ ਨਹੀਂ ਕਿ ਸੱਤਾ ਪਹਿਲਾ ਕਿਹੜੇ ਸ਼ਹਿਰ ਵਿਚ ਲਈ ਜਾਵੇ, ਹੋ ਸਕਦਾ ਹੈ ਮਾਸਕੋ ਅਰੰਭ ਕਰੇ) ਅਸੀਂ **ਕਤੱਈ ਤੌਰ ਤੇ ਅਟੱਲ ਤੌਰ ਤੇ** ਜਿੱਤਾਂਗੇ।

12-14 (25-27) ਸਤੰਬਰ 1917 ਨੂੰ ਲਿਖਿਆ ਗਿਆ
ਰਸਾਲਾ **ਪਰੋਲੇਤਾਰਸਕਾਇਆ ਰੇਵੋਲਿਊਤਸੀਆ** ਨੰਬਰ 2
ਵਿਚ ਪਰਕਾਸ਼ਤ ਹੋਇਆ।

ਮਾਰਕਸਵਾਦ ਤੇ ਬਗ਼ਾਵਤ

ਰੂਸੀ ਸੋਸ਼ਲਿਸਟ ਡੈਮੋਕਰੈਟਿਕ ਲੇਬਰ ਪਾਰਟੀ (ਬਾਲਸ਼ਵਿਕ) ਦੀ ਕੇਂਦਰੀ ਕਮੇਟੀ ਦੇ ਨਾਂਅ ਚਿੱਠੀ

ਪ੍ਰਬਲ 'ਸੋਸ਼ਲਿਸਟ' ਪਾਰਟੀਆ ਵਲੋਂ ਮਾਰਕਸਵਾਦ ਦੇ ਅਤਿਅੰਤ ਬੁਰੇ ਤੇ ਸੌ-ਵਿੱਸਵੇ ਬਹੁਤ ਹੀ ਵਿਆਪਕ ਵਿਗਾੜਾਂ ਵਿਚੋਂ ਇਕ ਇਹ ਅਵਸਰਵਾਦੀ ਝੂਠ ਹੈ ਕਿ ਬਗ਼ਾਵਤ ਲਈ ਤਿਆਰੀ ਤੇ ਆਮ ਤੌਰ ਤੇ ਬਗ਼ਾਵਤ ਨੂੰ ਇਕ ਹੁਨਰ ਵਜੋਂ ਲੈਣਾ "ਬਲਾਂਕਇਜ਼ਮ" ਹੈ।

ਅਵਸਰਵਾਦ ਦੇ ਆਗੂ ਬਰਨਸਟੀਨ ਨੇ ਬਲਾਂਕਇਜ਼ਮ ਦਾ ਦੋਸ਼ ਮਾਰਕਸਵਾਦ ਸਿਰ ਥੱਪ ਕੇ ਪਹਿਲਾਂ ਹੀ ਬਦਨਾਮੀ ਖੱਟ ਲਈ, ਅਤੇ ਜਦੋਂ ਸਾਡੇ ਅਜ ਦੇ ਅਵਸਰਵਾਦੀ ਬਲਾਂਕਇਜ਼ਮ ਦਾ ਚੀਕ-ਚਿਹਾੜਾ ਪਾਉਂਦੇ ਹਨ ਉਹ ਬਰਨਸਟੀਨ ਦੇ ਤੁੱਛ "ਵਿਚਾਰਾਂ" ਨੂੰ ਭੋਰਾ ਜਿੰਨਾ ਵੀ ਬਿਹਤਰ ਨਹੀਂ ਬਣਾਉਂਦੇ ਤੇ ਨਾ ਉਹਨਾ ਵਿਚ ਰੱਤੀ ਭਰ ਵਾਧਾ ਕਰਦੇ ਹਨ।

ਮਾਰਕਸਵਾਦੀਆਂ ਨੂੰ ਬਗ਼ਾਵਤ ਨੂੰ ਹੁਨਰ ਵਜੋਂ ਲੈਣ ਲਈ ਬਲਾਂਕਇਜ਼ਮ ਦੇ ਦੋਸ਼ੀ ਠਹਿਰਾਇਆ ਜਾਂਦਾ ਹੈ। ਸਚਾਈ ਦਾ ਇਸ ਤੋਂ ਵਧੇਰੇ ਘੋਰ ਵਿਗਾੜ ਹੋਰ ਕੀ ਹੋ ਸਕਦਾ ਹੈ ਜਦੋਂ ਇਕ ਵੀ ਮਾਰਕਸਵਾਦੀ ਇਸ ਤੋਂ ਇਨਕਾਰ ਨਹੀਂ ਕਰੇਗਾ ਕਿ ਉਹ ਮਾਰਕਸ ਹੀ ਸੀ ਜਿਸ ਨੇ ਇਸ ਨੁਕਤੇ ਤੇ ਆਪਣੇ ਵਿਚਾਰ ਬਹੁਤ ਹੀ ਨਿਸਚਤ, ਇੰਨ ਬਿੰਨ ਤੇ ਸਪਸ਼ਟ ਢੰਗ ਨਾਲ ਪੇਸ਼ ਕੀਤੇ ਅਤੇ ਖਾਸ ਤੌਰ ਤੇ ਇਕ ਹੁਨਰ ਵਜੋਂ ਬਗ਼ਾਵਤ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ ਕਿ ਇਸ ਨੂੰ ਹੁਨਰ ਵਜੋਂ ਲੈਣਾ ਜ਼ਰੂਰੀ ਹੈ, ਕਿ ਤੁਹਾਨੂੰ ਪਹਿਲੀ ਸਫਲਤਾ ਜ਼ਰੂਰ ਜਿੱਤਣੀ ਚਾਹੀਦੀ ਹੈ ਅਤੇ ਫਿਰ ਇਕ ਸਫਲਤਾ ਮਗਰੋਂ ਦੂਜੀ ਸਫਲਤਾ ਵਲ ਵਧਣਾ ਚਾਹੀਦਾ ਹੈ, ਦੁਸ਼ਮਣ ਦੇ ਵਿਰੁਧ ਹਮਲੇ ਨੂੰ ਕਦੇ ਵੀ ਠਲ੍ਹ ਨਹੀਂ ਪਾਉਣੀ ਚਾਹੀਦੀ, ਉਸ ਵਿਚ ਪਈ ਹਫੜਾ-ਦਫੜੀ ਤੋਂ ਲਾਭ ਉਠਾਉਣਾ ਚਾਹੀਦਾ ਹੈ, ਆਦਿ ਆਦਿ ?

ਸਫਲ ਹੋਣ ਲਈ ਬਗ਼ਾਵਤ ਨੂੰ ਨਾ ਸਾਜ਼ਸ਼ ਉਤੇ ਤੇ ਨਾ ਕਿਸੇ ਪਾਰਟੀ ਉਤੇ ਟੇਕ ਰਖਣੀ ਚਾਹੀਦੀ ਸਗੋਂ ਉਸ ਨੂੰ ਮੋਹਰੀ ਜਮਾਤ ਉਤੇ ਭਰੋਸਾ ਰਖਣਾ ਚਾਹੀਦਾ ਹੈ। ਇਹ ਪਹਿਲਾ ਨੁਕਤਾ ਹੈ। ਬਗ਼ਾਵਤ ਨੂੰ ਲੋਕਾਂ ਦੇ ਇਨਕਲਾਬੀ ਉਭਾਰ ਉਤੇ ਜ਼ਰੂਰ ਟੇਕ ਰਖਣੀ ਚਾਹੀਦੀ ਹੈ। ਇਹ ਦੂਜਾ ਨੁਕਤਾ ਹੈ। ਵਧ ਰਹੇ ਇਨਕਲਾਬ ਦੇ ਇਤਿਹਾਸ ਵਿਚ ਬਗ਼ਾਵਤ ਨੂੰ ਉਸ ਮੋੜ ਉਤੇ ਟੇਕ

ਰਖਣੀ ਚਾਹੀਦੀ ਹੈ ਜਦੋਂ ਲੋਕਾਂ ਦੀਆਂ ਮੋਹਰਲੀਆਂ ਸਫਾਂ ਦੀ ਸਰਗਰਮੀ ਆਪਣੀ ਸਿਖਰ ਉੱਤੇ ਹੋਵੇ, ਅਤੇ ਜਦੋਂ ਦੁਸ਼ਮਣ ਦੀਆਂ ਸਫਾਂ ਵਿਚ ਥਿੜਕਣ ਅਤੇ ਇਨਕਲਾਬ ਦੇ ਕਮਜ਼ੋਰ, ਬੇ-ਦਿਲੇ ਤੇ ਅਦ੍ਰਿੜ੍ਹ ਦੋਸਤਾਂ ਦੀਆਂ ਸਫਾਂ ਵਿਚ ਦੋਚਿੱਤੀਆਂ ਬਹੁਤ ਜ਼ਿਆਦਾ ਮਜ਼ਬੂਤ ਹੋਣ। ਇਹ ਤੀਜਾ ਨੁਕਤਾ [illegible] ਅਤੇ ਬਗ਼ਾਵਤ ਦਾ ਸਵਾਲ ਉਠਾਉਣ ਲਈ ਇਹ ਤਿੰਨ ਸ਼ਰਤਾ ਮਾਰਕਸਵਾਦ ਨੂੰ ਬਲਾਂਕਇਜ਼ਮ ਨਾਲੋਂ ਵਖਰਾਉਂਦੀਆ ਹਨ।

ਪਰ ਜਦੋਂ ਇਹ ਹਾਲਤਾਂ ਮੌਜੂਦ ਹੋਣ ਤਾ ਬਗ਼ਾਵਤ ਨਾਲ ਇਕ ਹੁਨਰ ਵਜੋਂ ਸਲੂਕ ਤੋਂ ਇਨਕਾਰ ਮਾਰਕਸਵਾਦ ਨਾਲ ਗ਼ੱਦਾਰੀ ਹੈ, ਇਨਕਲਾਬ ਨਾਲ ਗ਼ੱਦਾਰੀ ਹੈ।

ਇਹ ਦਰਸਾਉਣ ਲਈ ਕਿ ਇੰਨ ਬਿੰਨ ਇਹ ਵਰਤਮਾਨ ਛਿਣ ਹੀ ਹੈ ਜਿਸ ਨੂੰ ਪਾਰਟੀ ਨੂੰ ਇਕ ਅਜਿਹਾ ਛਿਣ ਜ਼ਰੂਰ ਪਛਾਣਨਾ ਚਾਹੀਦਾ ਹੈ ਜਿਸ ਦੇ ਅੰਦਰ ਘਟਨਾਵਾ ਦੇ ਸਮੁੱਚੇ ਪਰਵਾਹ ਨੇ ਬਗ਼ਾਵਤ ਨੂੰ ਬਾਹਰ ਮੁਖੀ ਤੌਰ ਤੇ ਸਮੇਂ ਦੀ ਮੁਖ ਲੋੜ ਬਣਾ ਦਿਤਾ ਹੈ ਅਤੇ ਕਿ ਬਗ਼ਾਵਤ ਨਾਲ ਇਕ ਹੁਨਰ ਵਜੋਂ ਸਲੂਕ ਕਰਨਾ ਚਾਹੀਦਾ ਹੈ, ਸ਼ਾਇਦ ਤੁਲਨਾ ਦਾ ਢੰਗ ਵਰਤਣਾ ਅਤੇ 3-4 ਜੁਲਾਈ ਤੇ ਸਤੰਬਰ ਦੇ ਦਿਨਾ ਵਿਚਾਲੇ ਟਾਕਰਾ ਵਧੀਆ ਗੱਲ ਹੋਵੇਗੀ।

3-4 ਜੁਲਾਈ ਬਾਰੇ ਸੱਚ ਦੀ ਉਲੰਘਣਾ ਕੀਤੇ ਬਿਨਾ ਇਹ ਦਲੀਲ ਦਿਤੀ ਜਾ ਸਕਦੀ ਹੈ ਕਿ ਸੱਤਾ ਨੂੰ ਆਪਣੇ ਹੱਥ ਵਿਚ ਲੈ ਲੈਣਾ ਸਹੀ ਗੱਲ ਹੁੰਦੀ ਕਿਉਂ ਕਿ ਸਾਡੇ ਦੁਸਮਣਾ ਨੇ ਹਰ ਹਾਲਤ ਵਿਚ ਸਾਡੇ ਉੱਤੇ ਬਗ਼ਾਵਤ ਕਰਨ ਦਾ ਦੋਸ ਥੱਪਣਾ ਸੀ ਤੇ ਬੇਰਹਿਮੀ ਨਾਲ ਸਾਡੇ ਨਾਲ ਬਾਗ਼ੀਆਂ ਵਾਲਾ ਸਲੂਕ ਕਰਨਾ ਸੀ। ਤਦ ਵੀ, ਇਸ ਕਾਰਨ ਉਸ ਸਮੇਂ ਸੱਤਾ ਨੂੰ ਆਪਣੇ ਹੱਥ ਵਿਚ ਲੈ ਲੈਣ ਬਾਰੇ ਫੈਸਲਾ ਕਰਨਾ ਗਲਤ ਹੁੰਦਾ ਕਿਉਂਕਿ ਬਗ਼ਾਵਤ ਦੀ ਜਿੱਤ ਦੀਆ ਬਾਹਰ-ਮੁਖੀ ਹਾਲਤਾਂ ਮੌਜੂਦ ਨਹੀਂ ਸਨ।

(1) ਸਾਨੂੰ ਅਜੇ ਵੀ ਉਸ ਜਮਾਤ ਦੀ ਹਮਾਇਤ ਪ੍ਰਾਪਤ ਨਹੀਂ ਸੀ ਜਿਹੜੀ ਇਨਕਲਾਬ ਦਾ ਮੋਹਰੀ ਦਸਤਾ ਹੈ।

ਪੀਤਰੋਗਰਾਦ ਤੇ ਮਾਸਕੋ ਦੇ ਮਜਦੂਰਾ ਤੇ ਫੌਜੀਆ ਦੀ ਬਹੁ-ਗਿਣਤੀ ਅਜੇ ਵੀ ਸਾਡੇ ਨਾਲ ਨਹੀਂ ਸੀ। ਅਜ ਸਾਨੂੰ ਦੋਹਾ ਸੋਵੀਅਤਾ ਵਿਚ ਬਹੁ-ਗਿਣਤੀ ਪ੍ਰਾਪਤ ਹੈ। ਉਹ ਗਿਣਤੀ ਨਿਰੀ-ਪੁਰੀ ਜੁਲਾਈ ਤੇ ਅਗਸਤ ਦੇ ਇਤਿਹਾਸ ਨੇ, ਬਾਲਸਵਿਕਾ ਨਾਲ ਕੀਤੇ ਗਏ "ਬੇਕਿਰਕ ਸਲੂਕ" ਦੇ [illegible] ਨੇ ਤੇ ਕੋਰਨੀਲੋਵ ਬਗ਼ਾਵਤ ਦੇ ਤਜਰਬੇ ਨੇ ਕਾਇਮ ਕੀਤੀ।

(2) ਉਸ ਸਮੇਂ ਦੇਸ ਭਰ ਦੇ ਪੈਮਾਨੇ ਉੱਤੇ ਇਨਕਲਾਬੀ ਉਭਾਰ ਨਹੀਂ ਸੀ, ਹੁਣ ਕੋਰਨੀਲੋਵ ਬਗ਼ਾਵਤ ਪਿਛੋਂ ਇਹ ਮੌਜੂਦ ਹੈ, ਪਰਾਂਤਾ ਵਿਚਲੀ ਹਾਲਤ ਅਤੇ ਕਈ ਇਲਾਕਿਆ ਵਿਚ ਸੋਵੀਅਤਾ ਦੇ ਹੱਥ ਵਿਚ ਸੱਤਾ ਦਾ ਆਉਣਾ ਇਸ ਗੱਲ ਨੂੰ ਸਿੱਧ ਕਰਦੇ ਹਨ।

(3) ਉਸ ਸਮੇਂ ਸਾਡੇ ਦੁਸ਼ਮਣਾਂ ਵਿਚਾਲੇ ਅਤੇ ਥਿੜਕੂ ਅਰਧ-ਬੁਰਜੁਆਜੀ ਵਿਚਾਲੇ ਕਿਸੇ ਵੀ ਗੰਭੀਰ ਰਾਜਨੀਤਕ ਪੱਧਰ ਉਤੇ ਕੋਈ ਦੋਚਿੱਤੀ ਮੌਜੂਦ ਨਹੀਂ ਸੀ। ਹੁਣ ਦੋਚਿੱਤੀ ਬਹੁਤ ਜਿਆਦਾ ਹੈ। ਸਾਡਾ ਮੁੱਖ ਦੁਸਮਣ, ਇਤਿਹਾਦੀ ਅਤੇ ਸੰਸਾਰ ਸਾਮਰਾਜਵਾਦ (ਕਿਉਂਕਿ ਸੰਸਾਰ ਸਾਮਰਾਜ ਦੇ ਮੁੱਖੀ "ਇਤਿਹਾਦੀ" ਹਨ), ਜਿੱਤ ਵਿਚ ਸਮਾਪਤ ਹੋਣ ਵਾਲੀ ਜੰਗ ਵਿਚਾਲੇ ਤੇ ਰੂਸ ਵਿਰੁਧ ਸੰਧਤ ਇਕ ਵੱਖਰੇ ਅਮਨ ਵਿਚਾਲੇ ਡੋਲਣ ਲਗ ਪਿਆ ਹੈ। ਸਾਡੇ ਅਰਧ-ਬੁਰਜੂਆ ਡੈਮੋਕਰੇਟ ਲੋਕਾ ਵਿਚ ਆਪਣੀ ਬਹੁਗਿਣਤੀ ਗਵਾਉਣ ਮਗਰੋਂ ਸਪੱਸਟ ਤੌਰ ਤੇ ਬਹੁਤ ਜ਼ਿਆਦਾ ਡੋਲਣ ਲਗ ਪਏ ਹਨ ਅਤੇ ਉਹਨਾਂ ਨੇ ਇਕ ਬਲਾਕ ਨੂੰ, ਅਥਵਾ ਕੇਡਿਟਾ ਨਾਲ ਕੁਲੀਸ਼ਨ ਨੂੰ, ਰੱਦ ਕਰ ਦਿੱਤਾ ਹੈ।

(4) ਇਸ ਲਈ, 3-4 ਜੁਲਾਈ ਨੂੰ ਬਗ਼ਾਵਤ ਇਕ ਗ਼ਲਤ ਗੱਲ ਹੁੰਦੀ; ਅਸੀਂ ਨਾ ਸਰੀਰਕ ਤੌਰ ਤੇ ਨਾ ਹੀ ਰਾਜਸੀ ਤੌਰ ਤੇ ਸੱਤਾ ਕਾਇਮ ਰੱਖ ਸਕਦੇ। ਭਾਵੇਂ ਉਸ ਸਮੇਂ ਪੀਤਰੋਗਰਾਦ ਸਾਡੇ ਹੱਥ ਵਿਚ ਸੀ ਤਾਂ ਵੀ ਸਰੀਰਕ ਤੌਰ ਤੇ ਅਸੀਂ ਉਸ ਨੂੰ ਕਾਇਮ ਨਾ ਰੱਖ ਸਕਦੇ, ਕਿਉਂ ਜੋ ਉਸ ਸਮੇਂ ਸਾਡੇ ਮਜ਼ਦੂਰਾਂ ਤੇ ਫ਼ੌਜੀਆਂ ਪੀਤਰੋਗਰਾਦ ਲਈ **ਲੜਨਾ ਤੇ ਮਰਨਾ** ਨਹੀਂ ਸੀ। ਉਸ ਸਮੇਂ ਉਸ "ਵਹਿਸ਼ੀਪੁਣੇ", ਜਾਂ ਕੇਰੈਨਸਕੀਆਂ ਅਤੇ ਤਸੇਰੇਤੇਲੀਆਂ ਅਤੇ ਚੇਰਨੋਵਾਂ ਦੋਹਾਂ ਵਿਰੁਧ ਭਿਆਨਕ ਖ਼ਿਰਣਾ ਨਹੀਂ ਸੀ। ਸਾਡੇ ਲੋਕਾਂ ਨੂੰ ਅਜੇ ਬਾਲਸ਼ਵਿਕਾਂ ਉਤੇ ਕੀਤੇ ਗਏ ਜਬਰਾਂ ਦੇ ਤਜਰਬੇ ਦੀ ਪਾਣ ਨਹੀਂ ਸੀ ਚੜ੍ਹੀ, ਜਿਸ ਜਬਰ ਵਿਚ ਸੋਸ਼ਲਿਸਟ-ਇਨਕਲਾਬੀਆਂ ਅਤੇ ਮੇਨਸ਼ਵਿਕਾਂ ਨੇ ਭਾਗ ਲਿਆ ਸੀ।

ਅਸੀਂ 3-4 ਜੁਲਾਈ ਨੂੰ ਰਾਜਸੀ ਸੱਤਾ ਕਾਇਮ ਨਹੀਂ ਸੀ ਰੱਖ ਸਕਦੇ, ਕਿਉਂ ਜੋ **ਕੋਰਨੀਲੋਵ ਬਗ਼ਾਵਤ ਤੋਂ ਪਹਿਲਾਂ** ਫੌਜ ਅਤੇ ਪਰਾਂਤ ਪੀਤਰੋਗਰਾਦ ਵਿਰੁਧ ਸ਼ਾਇਦ ਹੀ ਚੜ੍ਹਾਈ ਕਰਦੇ।

ਹੁਣ ਹਾਲਤ ਬਿਲਕੁਲ ਵੱਖਰੀ ਹੈ।

ਉਸ **ਜਮਾਤ** ਦੀ ਬਹੁਗਿਣਤੀ ਸਾਡੇ ਨਾਲ ਹੈ ਜਿਹੜੀ ਇਨਕਲਾਬ ਦਾ ਮੋਹਰੀ ਦਸਤਾ ਹੈ, ਜਿਹੜੀ ਜਨ-ਸਮੂਹ ਨੂੰ ਆਪਣੇ ਨਾਲ ਲੈ ਜਾਣ ਦੀ ਯੋਗਤਾ ਰਖਦੀ ਹੈ। ਸਾਡੇ ਨਾਲ ਲੋਕਾਂ ਦੀ **ਬਹੁ-ਗਿਣਤੀ** ਹੈ, ਕਿਉਂ ਜੋ ਚੇਰਨੋਵ ਦਾ ਅਸਤੀਫ਼ਾ, ਭਾਵੇਂ ਇਹ ਕਿਸੇ ਵੀ ਤਰ੍ਹਾਂ ਇਕੋ ਇਕ ਚਿੰਨ੍ਹ ਨਹੀਂ, ਪਰ ਬੜਾ ਟੁੰਬਵਾਂ ਤੇ ਪ੍ਰਤੱਖ ਚਿੰਨ੍ਹ ਹੈ ਕਿ ਸੋਸ਼ਲਿਸਟ-ਇਨਕਲਾਬੀਆਂ ਦੇ ਬਲਾਕ ਤੋਂ (ਜਾਂ ਖੁਦ ਸੋਸ਼ਲਿਸਟ-ਇਨਕਲਾਬੀਆਂ ਤੋਂ) ਕਿਸਾਨ **ਜ਼ਮੀਨ ਪ੍ਰਾਪਤ ਨਹੀਂ ਕਰਨਗੇ**। ਅਤੇ ਇਨਕਲਾਬ ਦੇ ਲੋਕ-ਪ੍ਰਿਅ ਖਾਸੇ ਦਾ ਮੁੱਖ ਕਾਰਨ ਇਹੋ ਹੈ।

ਅਸੀਂ ਇਕ ਅਜਿਹੀ ਪਾਰਟੀ ਦੀ ਲਾਹੇਵੰਦ ਪੁਜ਼ੀਸ਼ਨ ਵਿਚ ਹਾਂ, ਜਿਹੜੀ ਪਾਰਟੀ ਪੱਕੇ ਤੌਰ ਤੇ ਜਾਣਦੀ ਹੈ ਕਿ ਉਸ ਨੇ ਉਸ ਸਮੇਂ ਕਿਹੜੇ ਪਾਸੇ ਜਾਣਾ ਹੈ ਜਦੋਂ **ਸਮੁੱਚੇ ਤੌਰ ਤੇ ਸਾਮਰਾਜ** ਅਤੇ ਮੇਨਸ਼ਵਿਕ ਤੇ ਸੋਸ਼ਲਿਸਟ-ਇਨਕਲਾਬੀ ਬਲਾਕ ਇਕ ਅਣ-ਮੰਨਵੇਂ ਰੂਪ ਵਿਚ ਡੋਲ ਰਹੇ ਹਨ।

ਸਾਡੀ ਜਿੱਤ ਯਕੀਨੀ ਹੈ ਕਿਉਂ ਜੋ ਲੋਕ ਘੋਰ-ਨਿਰਾਸ਼ਤਾ ਦੀ ਦੰਦੀ ਉਤੇ ਪਹੁੰਚ ਗਏ ਹਨ, ਅਤੇ ਅਸੀਂ ਸਾਰੇ ਲੋਕਾਂ ਨੂੰ ਮੁਸੀਬਤ ਤੋਂ ਛੁਟਕਾਰੇ ਦਾ ਯਕੀਨੀ ਰਾਹ ਵਿਖਾ ਰਹੇ ਹਾਂ, ਅਸਾਂ "ਕੋਰਨੀਲੋਵ ਦਿਨਾਂ" ਦੇ ਦੌਰਾਨ ਸਮੁੱਚੇ ਲੋਕਾਂ ਨੂੰ ਆਪਣੀ ਅਗਵਾਈ ਦੀ ਯੋਗਤਾ ਦਰਸਾ ਦਿਤੀ ਸੀ, ਤੇ ਫਿਰ ਬਲਾਕ ਦੇ ਰਾਜਨੀਤਕਾਂ ਨੂੰ ਇਕ ਸਮਝੌਤੇ ਦੀ **ਤਜਵੀਜ਼ ਪੇਸ਼ ਕੀਤੀ, ਜਿਸ ਨੂੰ ਉਨ੍ਹਾਂ ਰੱਦ ਕਰ ਦਿਤਾ ਸੀ**, ਭਾਵੇਂ ਉਨ੍ਹਾਂ ਦੀਆਂ ਦੋ-ਚਿੱਤੀਆ ਵਿਚ ਕੋਈ ਘਾਟ ਨਹੀਂ ਹੈ।

ਇਹ ਸੋਚਣਾ ਬੜਾ ਗ਼ਲਤ ਹੋਵੇਗਾ ਕਿ ਸਮਝੌਤੇ ਲਈ ਸਾਡੀ ਪੇਸਕਸ਼ **ਅਜੇ ਰੱਦ** ਨਹੀਂ ਸੀ ਕੀਤੀ ਗਈ ਅਤੇ ਡੇਮੋਕਰੇਟਿਕ ਕਾਨਫਰੰਸ ਇਸ ਨੂੰ ਸ਼ਾਇਦ **ਅਜੇ ਵੀ** ਪ੍ਰਵਾਨ ਕਰ ਲਏ। ਸਮਝੌਤੇ ਦੀ ਤਜਵੀਜ਼ **ਇਕ ਪਾਰਟੀ ਵਲੋਂ ਪਾਰਟੀਆਂ ਨੂੰ** ਪੇਸ਼ ਕੀਤੀ ਗਈ ਸੀ, ਇਹ ਹੋਰ ਕਿਸੇ ਵੀ ਤਰੀਕੇ ਨਾਲ ਪੇਸ ਨਹੀਂ ਸੀ ਕੀਤੀ ਜਾ ਸਕਦੀ। ਇਸ ਨੂੰ **ਪਾਰਟੀਆਂ ਵਲੋਂ** ਰੱਦ ਕਰ ਦਿਤਾ ਗਿਆ। ਡੇਮੋਕਰੈਟਿਕ ਕਾਨਫਰੰਸ ਇਕ **ਕਾਨਫਰੰਸ ਹੈ**, ਇਸ ਤੋਂ ਵਧ ਹੋਰ ਕੁਝ ਨਹੀਂ। ਇਸ ਗੱਲ ਨੂੰ ਕਦੇ ਵੀ ਭੁਲਣਾ ਨਹੀਂ ਚਾਹੀਦਾ ਕਿ ਇਨਕਲਾਬੀ ਲੋਕਾਂ ਦੀ **ਬਹੁ-ਗਿਣਤੀ ਨੂੰ**, ਗ਼ਰੀਬਾਂ ਨੂੰ, ਤੰਗ ਆਏ ਕਿਸਾਨਾਂ ਨੂੰ, ਇਸ ਵਿਚ ਪ੍ਰਤੀਨਿਧਤਾ ਪ੍ਰਾਪਤ ਨਹੀਂ ਹੈ। ਇਹ **ਘੱਟ-ਗਿਣਤੀ ਲੋਕਾਂ ਦੀ ਕਾਨਫਰੰਸ** ਹੈ—ਇਸ ਸਪੱਸ਼ਟ ਸਚਾਈ ਨੂੰ ਭੁਲਣਾ ਨਹੀਂ ਚਾਹੀਦਾ। ਇਹ ਇਕ ਬਹੁਤ

ਵੱਡੀ ਗ਼ਲਤੀ ਹੁੰਦੀ, ਸਾਡੇ ਵਲੋਂ ਉੱਕਾ ਹੀ ਪਾਰਲੀਮੈਂਟਰੀ ਕਰੂਪਤਾ ਹੁੰਦੀ, ਜੇ ਅਸੀਂ ਡੈਮੋਕਰੈਟਿਕ ਕਾਨਫਰੰਸ ਨੂੰ ਇਕ ਪਾਰਲੀਮੈਂਟ ਸਮਝ ਲੈਂਦੇ ਕਿਉਂ ਜੋ ਉਹ ਆਪਣੇ ਆਪ ਨੂੰ ਇਨਕਲਾਬ ਦੀ ਪੱਕੀ ਤੇ ਖੁਦਮੁਖਤਿਆਰ ਪਾਰਲੀਮੈਂਟ ਐਲਾਨਦੀ ਤਦ ਵੀ ਇਹ ਕਿਸੇ ਗੱਲ ਦਾ ਵੀ ਫੈਸਲਾ ਨਾ ਕਰ ਸਕਦੀ। ਫੈਸਲਾ ਕਰਨ ਦੀ ਸ਼ਕਤੀ ਇਸ ਤੋਂ ਬਾਹਰ ਪੀਤਰੋਗਰਾਦ ਅਤੇ ਮਾਸਕੋ ਦੇ ਮਜ਼ਦੂਰ-ਜਮਾਤ ਦੇ ਹਲਕਿਆਂ ਵਿਚ ਮੌਜੂਦ ਹੈ।

ਇਕ ਸਵਲਤਾ-ਭਰਪੂਰ ਬਗ਼ਾਵਤ ਲਈ ਸਾਰੀਆਂ ਬਾਹਰਮੁਖੀ ਹਾਲਤਾਂ ਮੌਜੂਦ ਹਨ। ਸਾਡੇ ਕੌਮ ਵਿਚ ਅਜਿਹੀ ਅਵਸਥਾ ਦਾ ਵਿਲੱਖਣਤਾ-ਭਰਿਆ ਛਾਹਾ ਮੌਜੂਦ ਹੈ ਜਿਸ ਵਿਚ ਬਗ਼ਾਵਤ ਵਿਚ ਕੇਵਲ ਸਾਡੀ ਜਿੱਤ ਹੀ ਧਰਤੀ ਉਤਲੀ ਅਤਿਅੰਤ ਦੁੱਖਦਾਈ ਸ਼ੈ, ਦੋਚਿੱਤੀ ਨੂੰ ਖਤਮ ਕਰ ਸਕਦੀ ਹੈ, ਜਿਸ ਨੇ ਲੋਕਾਂ ਨੂੰ ਥਕਾ ਮਾਰਿਆ ਹੈ; ਜਿਸ ਵਿਚ ਬਗ਼ਾਵਤ ਵਿਚ ਕੇਵਲ ਸਾਡੀ ਜਿੱਤ ਹੀ ਕਿਸਾਨਾਂ ਨੂੰ ਤੁਰੰਤ ਜ਼ਮੀਨ ਦੇਵੇਗੀ; ਇਕ ਅਜਿਹੀ ਹਾਲਤ ਜਿਸ ਵਿਚ ਬਗ਼ਾਵਤ ਵਿਚ ਕੇਵਲ ਸਾਡੀ ਜਿੱਤ ਹੀ ਇਨਕਲਾਬ ਦੇ ਵਿਰੁਧ ਸੇਧਤ ਵੱਖਰੇ ਅਮਨ ਦੀ ਸਾਜ਼ਸ਼ ਨੂੰ ਅਸਫਲ ਬਣਾ ਸਕਦੀ ਹੈ—ਇਕ ਵਧੇਰੇ ਸੰਪੂਰਨ ਨਿਆਈਂ ਤੇ ਤੁਰੰਤ ਅਮਨ ਨੂੰ ਖੁਲ੍ਹੇ ਤੌਰ ਤੇ ਪੇਸ਼ ਕਰਨ ਰਾਹੀਂ ਅਸਫਲ ਬਣਾ ਸਕਦੀ ਹੈ, ਇਕ ਅਜਿਹੇ ਅਮਨ ਰਾਹੀਂ ਜੋ ਇਨਕਲਾਬ ਲਈ ਲਾਹੇਵੰਦ ਹੋਵੇਗਾ।

ਅਖ਼ੀਰਲੀ ਗੱਲ, ਸਿਰਫ ਸਾਡੀ ਪਾਰਟੀ ਹੀ ਜੇਤੂ ਬਗ਼ਾਵਤ ਰਾਹੀਂ ਪੀਤਰੋਗਰਾਦ ਨੂੰ ਬਚਾ ਸਕਦੀ ਹੈ, ਕਿਉਂ ਜੋ ਜੇ ਅਮਨ ਲਈ ਸਾਡੀ ਤਜਵੀਜ਼ ਰੱਦ ਹੋ ਜਾਂਦੀ ਹੈ, ਜੇ ਅਸੀਂ ਜੰਗ-ਬੰਦੀ ਵੀ ਪ੍ਰਾਪਤ ਨਹੀਂ ਕਰਦੇ ਤਾਂ ਅਸੀਂ "ਬਚਾਅਵਾਦੀ" ਬਣ ਜਾਵਾਂਗੇ; ਸਾਨੂੰ ਆਪਣੇ ਆਪ ਨੂੰ ਜੰਗੀ ਪਾਰਟੀਆਂ ਦਾ ਮੋਹਰੀ ਬਣਾਉਣਾ ਹੋਵੇਗਾ, ਸਾਨੂੰ ਅਤਿਅੰਤ ਵਧੀਆ ਜੰਗੀ ਪਾਰਟੀ ਬਣਨਾ ਹੋਵੇਗਾ ਅਤੇ ਅਸੀਂ ਜੰਗ ਨੂੰ ਇਕ-ਸੱਚੇ ਇਨਕਲਾਬੀ ਢੰਗ ਨਾਲ ਚਲਾਵਾਂਗੇ। ਅਸੀਂ ਪੂੰਜੀਪਤੀਆਂ ਤੋਂ ਸਾਰੀ ਰੋਟੀ ਤੇ ਸਾਰੇ ਬੂਟ ਖੋਹ ਲਵਾਂਗੇ। ਅਸੀਂ ਉਹਨਾਂ ਕੋਲ ਕੁਝ ਟੁਕੜੇ ਹੀ ਰਹਿਣ ਦਿਆਗੇ ਤੇ ਪਾਉਣ ਲਈ ਸਣ ਦੀਆਂ ਜੁੱਤੀਆਂ ਦਿਆਂਗੇ। ਅਸੀਂ ਸਾਰੀ ਰੋਟੀ ਅਤੇ ਬੂਟ ਮੋਰਚੇ ਤੇ ਭੇਜਾਂਗੇ।

ਅਤੇ ਫਿਰ ਅਸੀਂ ਪੀਤਰੋਗਰਾਦ ਨੂੰ ਬਚਾ ਲਵਾਂਗੇ।

ਪਦਾਰਥਕ ਤੇ ਆਤਮਕ, ਦੋਵੇਂ ਵਸੀਲੇ, ਰੂਸ ਵਿਚ ਇਕ ਸੱਚੀ ਇਨਕਲਾਬੀ ਜੰਗ ਲਈ ਅਜੇ ਵੀ ਬਹੁਤ ਹਨ; ਸੌ-ਵਿੱਸਵੇ ਸੰਭਾਵਨਾ ਹੈ ਕਿ ਜਰਮਨ ਘੱਟੋ ਘੱਟ ਜੰਗ-ਬੰਦੀ ਪ੍ਰਵਾਨ ਕਰ ਲੈਣਗੇ ਅਤੇ ਹੁਣ ਜੰਗ-ਬੰਦੀ ਦੀ ਪ੍ਰਾਪਤੀ ਦਾ ਆਪਣੇ ਆਪ ਵਿਚ ਅਰਥ ਸਾਰੇ ਸੰਸਾਰ ਨੂੰ ਜਿੱਤਣਾ ਹੈ।

... ...

ਇਨਕਲਾਬ ਨੂੰ ਬਚਾਉਣ ਲਈ ਅਤੇ ਰੂਸ ਨੂੰ ਦੋਹਾਂ ਧੜਿਆਂ ਦੇ ਸਾਮਰਾਜੀਆਂ ਰਾਹੀਂ "ਵੱਖਰੀ" ਵੰਡ ਤੋਂ ਬਚਾਉਣ ਲਈ ਪੀਤਰੋਗਰਾਦ ਤੇ ਮਾਸਕੋ ਦੇ ਮਜ਼ਦੂਰਾਂ ਦੀ ਬਗ਼ਾਵਤ ਨੂੰ ਇਕ ਕਰਤੱਵੀ ਜ਼ਰੂਰਤ ਨੂੰ ਪ੍ਰਵਾਨ ਕਰਦਿਆ ਸਾਨੂੰ ਚਾਹੀਦਾ ਹੈ ਕਿ ਅਸੀਂ ਕਾਨਫਰੰਸ ਵਿਚ ਆਪਣੇ ਰਾਜਨੀਤਕ ਦਾਅ-ਪੇਚਾਂ ਨੂੰ ਸਭ ਤੋਂ ਪਹਿਲਾਂ ਵਧ ਰਹੀ ਬਗ਼ਾਵਤ ਦੇ ਹਾਲਾਤ ਮੁਤਾਬਕ ਢਾਲੀਏ, ਦੂਜਾ ਸਾਨੂੰ ਇਹ ਜ਼ਰੂਰ ਦਰਸਾਉਣਾ ਚਾਹੀਦਾ ਹੈ ਕਿ ਅਸੀਂ ਮਾਰਕਸ ਦੇ ਇਸ ਵਿਚਾਰ ਨੂੰ, ਕਿ ਬਗ਼ਾਵਤ ਨੂੰ ਇਕ ਹੁਨਰ ਵਜੋਂ ਲੈਣਾ ਚਾਹੀਦਾ ਹੈ, ਕੇਵਲ ਗੱਲੀਂ ਬਾਤੀਂ ਹੀ ਪ੍ਰਵਾਨ ਨਹੀਂ ਕਰਦੇ।

ਕਾਨਫਰੰਸ ਵਿਚ ਸਾਨੂੰ ਹਰ ਹਾਲਤ ਵਿਚ ਬਾਲਸ਼ਵਿਕ ਧੜੇ ਨੂੰ, ਗਿਣਤੀ ਵਧਾਉਣ ਦੇ

ਖਤਮ ਕਰਨ ਤੋਂ ਬਿਨਾਂ, ਬਿਗੜਿਆਂ ਦੇ ਕੈਂਪ ਵਿਚ ਰਹਿਣ ਦੇਣ ਤੋਂ ਡਰੇ ਬਿਨਾਂ ਮਜ਼ਬੂਤ ਬਣਾਉਣਾ ਚਾਹੀਦਾ ਹੈ। ਅਜਿਹੇ ਬਿਗੜਿਆਂ ਦਾ ਉਥੇ ਹੀ ਰਹਿਣਾ, ਦ੍ਰਿੜ੍ਹ ਤੇ ਸਿਰਲੱਥ ਸੰਗ੍ਰਾਮੀਆਂ ਦੇ ਕੈਂਪ ਵਿਚ ਰਹਿਣ ਨਾਲੋਂ ਇਨਕਲਾਬ ਦੇ ਉਦੇਸ਼ ਲਈ ਵਧੇਰੇ ਲਾਹੇਵੰਦ ਹੈ।

ਸਾਨੂੰ ਬਾਲਸ਼ਵਿਕਾਂ ਵਲੋਂ ਇਕ ਸੰਖੇਪ ਐਲਾਨ ਤਿਆਰ ਕਰਨਾ ਚਾਹੀਦਾ ਹੈ ਜਿਸ ਵਿਚ ਸਪੱਸ਼ਟ ਸ਼ਬਦਾਂ ਵਿਚ ਜ਼ੋਰ ਦੇਣਾ ਚਾਹੀਦਾ ਹੈ ਕਿ ਲੰਮੇ ਭਾਸ਼ਨ ਤੇ ਆਮ ਤੌਰ ਤੇ "ਭਾਸ਼ਨ" ਬਿਲਕੁਲ ਬੇਥਵ੍ਹੇ ਹਨ, ਕਿ ਇਨਕਲਾਬ ਨੂੰ ਬਚਾਉਣ ਲਈ ਤੁਰੰਤ ਕਾਰਵਾਈ ਦੀ ਲੋੜ ਹੈ, ਕਿ ਬੁਰਜੁਆਜ਼ੀ ਨਾਲੋਂ ਸੰਪੂਰਨ ਤੋੜ-ਵਿਛੋੜੇ ਦੀ ਕਤਈ ਲੋੜ ਹੈ, ਕਿ ਵਰਤਮਾਨ ਸਰਕਾਰ ਨੂੰ ਸਮੁੱਚੇ ਤੌਰ ਤੇ ਹਟਾਉਣ ਦੀ ਲੋੜ ਹੈ। ਅੰਗ-ਫਰਾਂਸੀਸੀ ਸਾਮਰਾਜੀਆਂ ਨਾਲ, ਜੋ ਰੂਸ ਦੀ "ਵੱਖਰੀ" ਵੰਡ ਨੂੰ ਤਿਆਰ ਕਰ ਰਹੇ ਹਨ, ਪੂਰੀ ਤਰ੍ਹਾਂ ਨਾਤਾ ਤੋੜ ਲੈਣਾ ਚਾਹੀਦਾ ਹੈ ਅਤੇ ਕਿ ਸਾਰੀ ਸੱਤਾ **ਇਨਕਲਾਬੀ ਪਰੋਲੇਤਾਰੀ ਦੀ ਸਰਦਾਰੀ ਹੇਠ ਇਨਕਲਾਬੀ ਜਮਹੂਰੀਅਤ-ਪਸੰਦਾਂ ਨੂੰ** ਫੌਰਨ ਸੌਂਪ ਦੇਣੀ ਚਾਹੀਦੀ ਹੈ।

ਸਾਡੇ ਐਲਾਨ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਲਈ ਅਮਨ, ਕਿਸਾਨਾਂ ਲਈ ਜ਼ਮੀਨ, ਧੋਖੇ ਨਾਲ ਕਮਾਏ ਮੁਨਾਫਿਆਂ ਦੀ ਜ਼ਬਤੀ ਅਤੇ ਪੂੰਜੀਪਤੀਆਂ ਨਾਲੋਂ ਪੈਦਾਵਾਰ ਦੀ ਧੋਖੇ ਨਾਲ ਕੀਤੀ ਗਈ ਤਬਾਹੀ ਦੀ ਜਾਂਚ ਦੇ ਪਰੋਗਰਾਮੀ ਸੁਝਾਵਾਂ ਨਾਲ ਸੰਬੰਧਤ ਇਸ ਸਿੱਟੇ ਦੀ ਸੰਖੇਪ ਤੇ ਅਤਿ-ਅੰਤ ਸਪੱਸ਼ਟ ਵਿਆਖਿਆ ਦੇਵੇ।

ਐਲਾਨ ਜਿੰਨਾ ਵਧੇਰੇ ਸੰਖੇਪ ਤੇ ਸਪੱਸ਼ਟ ਹੋਵੇਗਾ ਉਨਾ ਹੀ ਉਹ ਵਧੀਆ ਹੋਵੇਗਾ। ਕੇਵਲ ਦੋ ਹੋਰ ਅਤੀ ਮਹੱਤਵਪੂਰਨ ਨੁਕਤੇ ਇਸ ਵਿਚ ਸਪੱਸ਼ਟ ਕਰਨੇ ਚਾਹੀਦੇ ਹਨ। ਉਹ ਇਹ ਹਨ ਕਿ ਲੋਕ ਦੋ-ਚਿੱਤੀਆਂ ਤੋਂ ਹਾਰ ਹੁੱਟ ਚੁਕੇ ਹਨ, ਅਤੇ ਕਿ ਉਹ ਸੋਸਲਿਸਟ-ਇਨਕਲਾਬੀਆਂ ਤੇ ਮੈਨਸਵਿਕਾਂ ਦੀ ਅਨਿਸ਼ਚਤਤਾ ਤੋਂ ਤੰਗ ਆ ਚੁੱਕੇ ਹਨ; ਅਤੇ ਕਿ ਇਹਨਾਂ ਪਾਰਟੀਆਂ ਨਾਲੋਂ ਅਸੀਂ ਪੱਕ ਟੁੱਟ ਰਹੇ ਹਨ ਕਿਉਂਕਿ ਇਹਨਾਂ ਨੇ ਇਨਕਲਾਬ ਨੂੰ ਪਿੱਠ ਦੇ ਦਿੱਤੀ ਹੈ।

ਅਤੇ ਇਕ ਹੋਰ ਗੱਲ। ਹੋਰ ਕਿਸੇ ਇਲਾਕੇ ਉਤੇ ਕਬਜ਼ਾ ਕਰਨ ਤੋਂ ਬਿਨਾਂ ਅਮਨ ਦੀ ਤੁਰੰਤ ਤਜਵੀਜ਼ ਪੇਸ਼ ਕਰਨ ਰਾਹੀਂ, ਇਤਿਹਾਦੀ ਸਾਮਰਾਜੀਆਂ ਤੇ ਸਾਰੇ ਸਾਮਰਾਜੀਆਂ ਨਾਲੋਂ ਤੁਰੰਤ ਟੁੱਟਣ ਰਾਹੀਂ ਜਾਂ ਤਾਂ ਅਸੀਂ ਝਟਪਟ ਜੰਗ-ਬੰਦੀ ਪ੍ਰਾਪਤ ਕਰ ਲਵਾਂਗੇ, ਜਾਂ ਸਮੁੱਚੀ ਇਨਕਲਾਬੀ ਪਰੋਲਤਾਰੀ ਟੀਮ ਦੀ ਅਗਵਾਈ ਹੇਠ ਇਨਕਲਾਬੀ ਜਮਹੂਰੀਅਤ-ਪਸੰਦਾਂ ਵਲੋਂ ਇਕ ਸਹੀ ਤੌਰ ਤੇ ਹੱਕੀ, ਸਹੀ ਤੌਰ ਤੇ ਇਨਕਲਾਬੀ ਜੰਗ ਲੜੀ ਜਾਵੇਗੀ।

ਇਹ ਐਲਾਨ ਪੜ੍ਹਨ ਮਗਰੋਂ, ਅਤੇ ਗੱਲਾਂ ਨਹੀਂ, ਫੈਸਲਿਆਂ ਲਈ ਮਤੇ ਲਿੱਖਣ ਦੀ ਅਸਲੀ ਕਾਰਵਾਈ ਲਈ ਅਪੀਲ ਕਰਨ ਮਗਰੋਂ ਸਾਨੂੰ ਆਪਣੇ ਸਮੁੱਚੇ ਗਰੁੱਪਾਂ ਨੂੰ ਫੈਕਟਰੀਆਂ ਤੇ ਬੈਰਕਾਂ ਵਲ ਘੱਲ ਦੇਣਾ ਚਾਹੀਦਾ ਹੈ। ਉਹਨਾਂ ਦੀ ਥਾਂ ਉੱਥੇ ਹੈ, ਜ਼ਿੰਦਗੀ ਦੀ ਨਬਜ਼ ਉੱਥੇ ਧੜਕਦੀ ਹੈ, ਇਨਕਲਾਬ ਦੇ ਹੱਲ ਦਾ ਸੋਮਾ ਉੱਥੇ ਹੈ, ਅਤੇ ਡੈਮੋਕਰੇਟਿਕ ਕਾਨਫਰੰਸ ਦੀ ਚਾਲਕ-ਸ਼ਕਤੀ ਉੱਥੇ ਹੈ।

ਉੱਥੇ, ਜੋਸ਼ੀਲੇ ਤੇ ਜਜ਼ਬੇ-ਭਰਪੂਰ ਭਾਸ਼ਨਾਂ ਰਾਹੀਂ ਸਾਨੂੰ ਆਪਣੇ ਪਰੋਗਰਾਮ ਦੀ ਵਿਆਖਿਆ ਕਰਨੀ ਚਾਹੀਦੀ ਹੈ ਅਤੇ ਬਦਲ ਪੇਸ਼ ਕਰਨਾ ਚਾਹੀਦਾ ਹੈ! ਜਾਂ ਤਾਂ ਕਾਨਫਰੰਸ ਇਸ ਨੂੰ ਸਮੁੱਚੇ ਤੌਰ ਤੇ ਪਰਵਾਨ ਕਰੇ, ਜਾਂ ਬਗਾਵਤ ਹੋਏਗੀ। ਵਿਚਲਾ ਰਾਹ ਕੋਈ ਨਹੀਂ। ਹੋਰ ਉਡੀਕਣਾ ਅਸੰਭਵ ਹੈ; ਇਨਕਲਾਬ ਮਰ ਰਿਹਾ ਹੈ!

ਸਵਾਲ ਨੂੰ ਇਸ ਢੰਗ ਨਾਲ ਪੇਸ਼ ਕਰ ਕੇ ਆਪਣੇ ਸਮੁੱਚੇ ਗਰੁੱਪ ਨੂੰ ਫੈਕਟਰੀਆਂ ਤੇ ਬੈਰਕਾਂ

ਵਿਚ ਕੇਂਦ੍ਰਿਤ ਕਰ ਕੇ ਅਸੀਂ ਬਗ਼ਾਵਤ ਸ਼ੁਰੂ ਕਰਨ ਦੀ ਸਹੀ ਘੜੀ ਨਿਸਚਤ ਕਰ ਸਕਾਂਗੇ।

ਮਾਰਕਸਵਾਦੀ ਢੰਗ ਨਾਲ ਭਾਵ, ਇਕ ਹੁਨਰ ਵਜੋਂ ਬਗ਼ਾਵਤ ਨੂੰ ਲੈਂਦਿਆਂ ਹੋਇਆਂ, ਸਾਨੂੰ ਉਸੇ ਸਮੇਂ ਇਕ ਵੀ ਪਲ ਜ਼ਾਇਆ ਕੀਤੇ ਬਿਨਾਂ ਬਗ਼ਾਵਤ ਕਰਨ ਵਾਲੇ ਦਸਤਿਆਂ ਦੀ ਕੇਂਦਰੀ ਕਮਾਨ ਜੱਥੇਬੰਦ ਕਰਨੀ ਚਾਹੀਦੀ ਹੈ, ਆਪਣੀਆਂ ਫੌਜਾਂ ਨੂੰ ਵੱਖ ਵੱਖ ਥਾਵਾਂ ਤੇ ਵੰਡਣਾ ਚਾਹੀਦਾ ਹੈ, ਭਰੋਸੇਯੋਗ ਪਲਟਣਾਂ ਨੂੰ ਅਤਿਅੰਤ ਜ਼ਰੂਰੀ ਥਾਵਾਂ ਤੇ ਨਿਯੁਕਤ ਕਰਨਾ ਚਾਹੀਦਾ ਹੈ, ਅਲੇਗ-ਜ਼ਾਂਦਰਿੰਸਕੀ ਥੀਏਟਰ ਨੂੰ ਘੇਰਨਾ ਅਤੇ ਪੀਟਰ ਤੇ ਪਾਲ ਗੜ੍ਹੀ ਉਤੇ ਕਬਜ਼ਾ ਕਰਨਾ ਚਾਹੀਦਾ ਹੈ, ਜਨਰਲ ਸਟਾਫ ਤੇ ਸਰਕਾਰ ਨੂੰ ਗਿਰਫਤਾਰ ਕਰਨਾ ਚਾਹੀਦਾ ਹੈ, ਅਤੇ ਅਫਸਰ ਕੈਡਿਟਾਂ ਅਤੇ "ਸੈਵੇਜ ਡਵੀਯਨ" ਦੇ ਵਿਰੁੱਧ ਉਨ੍ਹਾਂ ਦਸਤਿਆਂ ਨੂੰ ਭੇਜਣਾ ਚਾਹੀਦਾ ਹੈ ਜਿਹੜੇ ਜਾਨਾਂ ਵਾਰ ਦੇਣਗੇ ਪਰ ਦੁਸ਼ਮਣ ਨੂੰ ਸ਼ਹਿਰ ਦੀਆਂ ਰਣਨੀਤਕ ਥਾਵਾਂ ਉੱਤੇ ਨਹੀਂ ਪਹੁੰਚਣ ਦੇਣਗੇ। ਸਾਨੂੰ ਹਥਿਆਰਬੰਦ ਮਜ਼ਦੂਰਾਂ ਨੂੰ ਇਕੱਠਿਆਂ ਕਰਨਾ ਚਾਹੀਦਾ ਹੈ ਅਤੇ ਉਹਨਾਂ ਨੂੰ ਅਖੀਰੀ ਸਿਰਲੱਥ ਲੜਾਈ ਦਾ, ਤਾਰ ਤੇ ਟੈਲੀਫੋਨ ਐਕਸਚੇਂਜ ਉੱਤੇ ਤੁਰੰਤ ਕਬਜ਼ਾ ਕਰਨ ਦਾ ਸੱਦਾ ਦੇਣਾ ਚਾਹੀਦਾ ਹੈ, ਆਪਣੀ ਬਗ਼ਾਵਤ ਕੇਂਦਰੀ ਟੈਲੀਫੋਨ ਐਕਸਚੇਂਜ ਵਿਚ ਲੈ ਆਉਣੀ ਚਾਹੀਦੀ ਹੈ ਅਤੇ ਇਸ ਨੂੰ ਟੈਲੀਫੋਨ ਰਾਹੀਂ ਸਾਰੀਆਂ ਫੈਕਟਰੀਆਂ, ਸਾਰੀ ਪਲਟਣਾਂ, ਹਥਿਆਰਬੰਦ ਲੜਾਈ ਦੀਆਂ ਸਾਰੀਆਂ ਥਾਵਾਂ ਆਦਿ ਨਾਲ ਜੋੜ ਦੇਣਾ ਚਾਹੀਦਾ ਹੈ।

ਨਿਰਸੰਦੇਹ, ਇਹ ਸਭ ਕੁਝ ਇਕ ਉਦਾਹਰਣ ਵੱਜੋਂ ਸਿਰਫ ਇਸ ਤੱਥ ਨੂੰ ਦ੍ਰਿਸ਼ਟਾਣ ਲਈ ਦੱਸਿਆ ਗਿਆ ਹੈ ਕਿ ਜੇ ਅਸੀਂ ਬਗ਼ਾਵਤ ਨੂੰ ਇਕ ਹੁਨਰ ਵਜੋਂ ਨਹੀ ਲੈਂਦੇ ਤਾਂ ਅਜੋਕੇ ਪਲ ਵਿਚ ਮਾਰਕਸਵਾਦ ਨਾਲ, ਇਨਕਲਾਬ ਨਾਲ, ਵਫਾਦਾਰ ਰਹਿਣਾ ਅਸੰਭਵ ਹੈ।

ਐਨ. ਲੈਨਿਨ

13--14 (26—27) ਸਤੰਬਰ 1917
ਨੂੰ ਲਿਖਿਆ ਗਿਆ।
ਸਭ ਤੋਂ ਪਹਿਲਾਂ
ਰਸਾਲਾ "ਪਰੋਲੇਤਾਰਸਕਾਇਆ ਰੇਵੋਲਿਉਤਸੀਆ"
ਨੰਬਰ 2 ਵਿਚ 1921 ਵਿਚ ਪਰਕਾਸ਼ਤ ਹੋਇਆ।

ਇਕ ਪੱਤਰਕਾਰ ਦੀ ਡਾਇਰੀ ਵਿਚੋਂ

ਸਾਡੀ ਪਾਰਟੀ ਦੀਆਂ ਗਲਤੀਆਂ

ਸ਼ੁੱਕਰਵਾਰ, 22 ਸਤੰਬਰ 1917,

ਅਖੌਤੀ ਡੈਮੋਕਰੈਟਿਕ ਕਾਨਫਰੰਸ ਦੇ ਅਰਥਾਂ ਵਲ ਜਿਤਨਾ ਵਧੇਰੇ ਕੋਈ ਧਿਆਨ ਦੇਂਦਾ ਹੈ ਅਤੇ ਜਿਤਨਾ ਵਧੇਰੇ ਇਸ ਨੂੰ ਕੋਈ ਬਾਹਰੋਂ ਧਿਆਨ ਨਾਲ ਵਾਚਦਾ ਹੈ—ਅਤੇ ਇਹ ਆਖਿਆ ਜਾਂਦਾ ਹੈ ਕਿ ਲਾਂਭੇ ਖਲਤਾ ਬਹੁਤ ਵੇਖਦਾ ਹੈ—ਉਤਨਾ ਹੀ ਵਧੇਰੇ ਕੋਈ ਇਸ ਬਾਰੇ ਕਾਇਲ ਹੋ ਜਾਂਦਾ ਹੈ ਕਿ ਸਾਡੀ ਪਾਰਟੀ ਨੇ ਇਸ ਵਿਚ ਸਾਮਲ ਹੋ ਕੇ ਗਲਤੀ ਕੀਤੀ ਹੈ। ਸਾਨੂੰ ਇਸ ਦਾ ਬਾਈਕਾਟ ਕਰਨਾ ਚਾਹੀਦਾ ਸੀ। ਕੋਈ ਇਹ ਪੁੱਛ ਸਕਦਾ ਹੈ ਕਿ ਅਜਿਹੇ ਸੁਆਲ ਦਾ ਨਿਰੀਖਣ ਕਰਨ ਦਾ ਕੋਈ ਲਾਭ ਹੈ ਜਦ ਕਿ ਬੀਤੇ ਨੂੰ ਸੁਆਰਿਆ ਨਹੀਂ ਜਾ ਸਕਦਾ ? ਕਲ੍ਹ ਦੇ ਦਾਅਪੇਚਾਂ ਦੀ ਨੁਕਤਾ-ਚੀਨੀ ਬਾਰੇ ਅਜਿਹਾ ਇਤਰਾਜ਼ ਸਪਸ਼ਟ ਰੂਪ ਵਿਚ ਨਿਰਅਧਾਰ ਹੈ। ਅਸਾਂ ਹਮੇਸ਼ਾ ਹੀ ਉਹਨਾਂ ਦੇ ਦਾਅਪੇਚਾਂ ਦੀ ਨਿਖੇਧੀ ਕੀਤੀ ਹੈ,ਅਤੇ ਇਕ ਮਾਰਕਸਵਾਦੀ ਵਜੋਂ ਸਾਨੂੰ ਨਿਖੇਧੀ ਕਰਨੀ ਚਾਹੀਦੀ ਹੈ ਜਿਹੜੇ "ਬੜੀ ਮੁਸ਼ਕਲ ਨਾਲ ਗੁਜ਼ਾਰਾ" ਕਰਦੇ ਹਨ। ਵਕਤੀ ਸਫਲਤਾ ਸਾਡੇ ਲਈ ਕਾਫੀ ਨਹੀਂ ਹੈ। ਆਮ ਤੌਰ ਤੇ, ਇਕ ਮਿੰਟ ਜਾਂ ਇਕ ਦਿਨ ਲਈ ਲਈ ਤਿਆਰ ਕੀਤੀਆਂ ਯੋਜਨਾਵਾਂ ਸਾਡੇ ਲਈ ਕਾਫ਼ੀ ਨਹੀਂ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਆਪ ਨੂੰ ਘਟਨਾਵਾਂ ਦੀ ਲੜੀ ਨੂੰ ਉਹਨਾਂ ਦੀ ਸਮੁੱਚਤਾ ਵਿਚ, ਉਹਨਾਂ ਦੇ ਕਾਰਨ ਸਬੰਧੀ, ਉਹਨਾਂ ਦੇ ਸਿੱਟਿਆਂ ਵਿਚ ਇਸ **ਅਧਿਅਨ** ਰਾਹੀਂ ਅਜਮਾਈਏ। ਕਲ੍ਹ ਦੀਆਂ ਗਲਤੀਆਂ ਦਾ ਨਿਰੀਖਣ ਕਰਨ ਰਾਹੀਂ ਅਸੀਂ ਅਜ ਦੀਆਂ ਤੇ ਭਲਕ ਦੀਆਂ ਗਲਤੀਆਂ ਤੋਂ ਬਚਣਾ ਸਿੱਖਦੇ ਹਾਂ।

ਦੇਸ ਵਿਚ ਇਕ ਨਵਾਂ ਇਨਕਲਾਬ ਪਰਤੱਖ ਤੌਰ ਤੇ ਪਰਪੱਕ ਹੋ ਰਿਹਾ ਹੈ, ਦੂਜੀਆਂ ਜਮਾਤਾਂ ਦਾ ਇਨਕਲਾਬ (ਉਹਨਾਂ ਜਮਾਤਾਂ ਤੋਂ, ਜਿਨ੍ਹਾਂ ਨੇ ਜ਼ਾਰਸ਼ਾਹੀ ਵਿਰੁਧ ਇਨਕਲਾਬ ਸਿਰੇ ਚਾੜ੍ਹਿਆ, ਬਿਨਾ ਹੋਰ ਜਮਾਤਾਂ) ਉਸ ਸਮੇਂ ਇਨਕਲਾਬ ਜ਼ਾਰਸ਼ਾਹੀ ਦੇ ਵਿਰੁਧ ਪਰੋਲੇਤਾਰੀਏ, ਕਿਰਸਾਨੀ ਤੇ ਬੁਰਜੁਆਜ਼ੀ ਦੇ ਅੰਗ-ਫਰਾਂਸੀਸੀ ਵਿੱਤ ਸਰਮਾਏ ਦੇ ਨਾਲ ਗੱਠਜੋੜ ਦਾ ਇਨਕਲਾਬ ਸੀ।

ਹੁਣ ਪਰਤੱਖ ਹੋ ਰਿਹਾ ਇਨਕਲਾਬ ਪਰੋਲੇਤਾਰੀਏ ਤੇ ਕਿਰਸਾਨੀ ਦੀ ਬਹੁ-ਗਿਣਤੀ ਦੀ,

ਵਧੇਰੇ ਵਿਸੇਸ਼ ਤੌਰ ਤੇ, ਗਰੀਬ ਕਿਰਸਾਨੀ ਦਾ, ਬੁਰਜੂਆਜ਼ੀ ਦੇ ਵਿਰੁਧ ਇਸ ਦੇ ਇਤਿਹਾਦੀ ਐਂਗ-ਫਰਾਂਸੀਸੀ ਨਿੱਜੀ ਸਰਮਾਏ ਦੇ ਵਿਰੁਧ ਅਤੇ ਇਸ ਦੇ ਸਰਕਾਰੀ ਅਪਰੇਟਸ ਵਿਰੁਧ, ਜਿਸ ਦਾ ਮੁੱਖੀ ਬੋਨਾਪਾਰਟਵਾਦੀ ਕੇਰੇਨਸਕੀ ਹੈ, ਇਨਕਲਾਬ ਹੈ।

ਇਸ ਘੜੀ ਅਸੀਂ ਉਹਨਾਂ ਤੱਥਾਂ ਨੂੰ ਨਹੀਂ ਲਵਾਂਗੇ ਜੋ ਇਕ ਨਵੇਂ ਇਨਕਲਾਬ ਦੇ ਜਨਮ ਦੀ ਤਸਦੀਕ ਕਰਦੇ ਹਨ ਕਿਉਂ ਜੋ ਸਾਡੇ ਕੇਂਦਰੀ ਅਖਬਾਰ, **ਰਾਬੋਚੀ ਪੁਤ** ਵਿਚ ਪਰਕਾਸ਼ਤ ਹੋਏ ਲੇਖਾਂ ਤੋਂ ਅਨੁਮਾਨ ਲਾਉਂਦਿਆਂ ਪਾਰਟੀ ਨੇ ਪਹਿਲਾਂ ਹੀ ਇਸ ਨੁਕਤੇ ਬਾਰੇ ਆਪਣੇ ਵਿਚਾਰ ਸਪਸ਼ਟ ਕਰ ਦਿਤੇ ਹਨ। ਨਵਾਂ ਇਨਕਲਾਬੀ ਉਭਾਰ ਇਕ ਅਜਿਹਾ ਵਰਤਾਰਾ ਜਾਪਦਾ ਹੈ ਜਿਸ ਨੂੰ ਆਮ ਤੌਰ ਤੇ ਪਾਰਟੀ ਨੇ ਪਰਵਾਨ ਕਰ ਲਿਆ ਹੈ। ਨਿਰਸੰਦੇਹ, ਪਰਪੱਕਤਾ ਦੇ ਇਸ ਅਮਲ ਬਾਰੇ ਵੇਰਵਾ ਅਜੇ ਤਿਆਰ ਕੀਤਾ ਜਾਣਾ ਹੈ, ਪਰ ਇਸ ਨੂੰ ਦੂਜੇ ਲੇਖਾਂ ਦਾ ਵਿਸ਼ਾ ਸਿਰਜਣਾ ਚਾਹੀਦਾ ਹੈ।

ਵਰਤਮਾਨ ਘੜੀ ਇਹ ਵਧੇਰੇ ਜ਼ਰੂਰੀ ਹੈ ਕਿ ਪੁਰਾਣੇ ਤੇ ਨਵੇਂ ਇਨਕਲਾਬ ਵਿਚਾਲੇ ਜਮਾਤੀ ਮੱਤਭੇਦਾਂ ਨਾਲ ਇਸ ਬੁਨਿਆਦੀ ਤੱਥ, ਜਮਾਤੀ ਸਬੰਧਾਂ ਦੇ ਦ੍ਰਿਸ਼ਟੀਕੋਣ ਤੋਂ ਰਾਜਸੀ ਸਥਿਤੀ ਤੇ ਤੇ ਸਾਡੇ ਕਾਰਜਾਂ ਨੂੰ ਤੋਲਣ ਵਲ ਡੂੰਘਾ ਧਿਆਨ ਦਿਤਾ ਜਾਵੇ। ਪਹਿਲੇ ਇਨਕਲਾਬ ਦੇ ਸਮੇਂ ਮਜ਼ਦੂਰਾ ਤੇ ਕਿਸਾਨਾਂ ਰਾਹੀਂ, ਭਾਵ ਪਰੋਲੇਤਾਰੀਏ ਤੇ ਕਿਰਸਾਨੀ ਦੇ ਅਗਾਂਹ ਵਧੂ ਭਾਗਾਂ ਰਾਹੀਂ ਹਰਾਵਲ ਦਸਤਾ ਸਿਰਜਿਆ ਗਿਆ।

ਇਹ ਹਰਾਵਲ ਦਸਤਾ ਨਾ ਕੇਵਲ ਨਿਕ-ਬੁਰਜੂਆਜ਼ੀ ਦੇ ਬਹੁਤ ਹੀ ਡਾਵਾਂ-ਡੋਲ ਅੰਸ਼ਾਂ ਨੂੰ (ਇਕ ਰੀਪਬਲਿਕ ਦੇ ਸੁਆਲ ਉੱਤੇ ਮੈਨਸ਼ਵਿਕਾਂ ਤੇ ਤਰੂਦੋਵਿਕਾਂ ਵਲੋਂ ਕੋਈ ਫੈਸਲਾ ਨਾ ਲੈਣ ਨੂੰ ਚੇਤੇ ਕਰੋ) ਸਗੋਂ ਕੇਡਿਟਾਂ ਦੀ ਪਾਤਸ਼ਾਹਵਾਦੀ ਪਾਰਟੀ, ਲਿਬਰਲ ਬੁਰਜੂਆਜ਼ੀ ਨੂੰ ਵੀ ਆਪਣੇ ਨਾਲ ਲੈ ਤੁਰਿਆ ਸੀ। ਅਜਿਹੀ ਤਬਦੀਲੀ ਕਿਵੇਂ ਸੰਭਵ ਹੋਈ ਸੀ ?

ਕਿਉਂ ਜੋ ਆਰਥਕ ਦਾਬਾ ਬੁਰਜੂਆਜ਼ੀ ਲਈ ਹਰ ਚੀਜ਼ ਹੈ ਅਤੇ ਰਾਜਨੀਤਕ ਦਾਬੇ ਦਾ ਰੂਪ ਬਹੁਤ ਹੀ ਘਟ ਮਹੱਤਤਾ ਰਖਦਾ ਹੈ, ਇਕ ਰੀਪਬਲਿਕ ਦੇ ਅਧੀਨ ਵੀ ਬੁਰਜੂਆਜ਼ੀ ਦਾ ਦਾਬਾ ਇਸ ਕਰਕੇ ਵਧੇਰੇ ਯਕੀਨੀ ਹੈ ਕਿ ਇਕ ਰੀਪਬਲਿਕ ਅਧੀਨ ਰਾਜਸੀ ਪਰਬੰਧ, ਸਰਕਾਰ ਦੀ ਬਣਤਰ ਵਿਚ ਹਾਕਮ ਪਾਰਟੀਆਂ ਦੀ ਬਣਤਰ ਤੇ ਧੜੇਬੰਦੀਆਂ ਵਿਚ ਕਿਸੇ ਤਬਦੀਲੀ ਦੀ ਅਣਹੋਂਦ ਬੁਰਜੂਆਜ਼ੀ ਉਤੇ ਕੋਈ ਅਸਰ ਨਹੀਂ ਪਾਉਂਦੀ।

ਨਿਰਸੰਦੇਹ, ਬੁਰਜੂਆਜ਼ੀ ਨੇ ਪਾਤਸ਼ਾਹੀ ਦੀ ਹਮਾਇਤ ਕੀਤੀ ਹੈ ਤੇ ਕਰੇਗੀ ਕਿਉਂ ਜੋ ਪਾਤਸ਼ਾਹਵਾਦੀ ਸੰਸਥਾਵਾਂ ਵਲੋਂ ਸਰਮਾਏ ਦੀ ਭੱਦੀ ਹਥਿਆਰਬੰਦ ਹਿਫਾਜ਼ਤ ਬਹੁਤ ਹੀ ਪਰਤੱਖ ਹੈ ਅਤੇ ਸਾਰੇ ਸਰਮਾਏਦਾਰਾਂ ਤੇ ਜਗੀਰਦਾਰਾਂ ਦੇ "ਨੇੜੇ" ਹੈ ਪਰ, "ਹੇਠੋਂ" ਇਕ ਜ਼ੋਰਦਾਰ ਦਬਾਅ ਅਧੀਨ ਬੁਰਜੂਆਜ਼ੀ ਨੇ ਹਮੇਸ਼ਾ ਆਪਣੇ ਆਪ ਇਕ ਰੀਪਬਲਿਕ ਨਾਲ ਉਦੋਂ ਤਕ ਮਨ-ਮਨੌਤ ਕੀਤੀ ਹੈ, ਜਦੋਂ ਤਕ ਉਸ ਦਾ ਆਰਥਕ ਦਾਬਾ ਕਾਇਮ ਰਹਿ ਸਕਦਾ ਹੈ।

ਪਰੋਲੇਤਾਰੀਏ ਤੇ ਗਰੀਬ ਕਿਰਸਾਨੀ ਦਾ ਸਬੰਧ, ਲੋਕਾਂ ਦੀ ਬਹੁ-ਗਿਣਤੀ ਦਾ ਬੁਰਜੂਆਜ਼ੀ ਅਤੇ ਇਤਿਹਾਦੀ (ਤੇ ਸੰਸਾਰ) ਸਾਮਰਾਜ ਨਾਲ ਸਬੰਧ, ਅਜਿਹਾ ਹੈ ਕਿ ਉਹਨਾਂ ਲਈ ਬੁਰਜੂਆਜ਼ੀ ਨੂੰ ਆਪਣੇ ਨਾਲ "**ਲਿਜਾਣਾ**" ਅਸੰਭਵ ਹੈ। ਇਸ ਤੋਂ ਉਪਰੰਤ, **ਨਿਕ-ਬੁਰਜੂਆਜ਼ੀ** ਦੀ ਉਪਰਲੀ ਪਰਤ ਅਤੇ **ਜਮਹੂਰੀ** ਨਿਕ-ਬੁਰਜੂਆਜ਼ੀ ਦੀ ਖਾਂਦੀ-ਪੀਂਦੀ ਪਰਤ ਇਕ ਨਵੇਂ ਪਰਬੰਧ ਦੀਆਂ ਕੱਟੜ-ਵਿਰੋਧੀ ਹਨ। ਇਹ ਤੱਥ ਇਤਨਾ ਪਰਤੱਖ ਹੈ ਕਿ ਇਸ ਬਾਰੇ ਇਥੇ ਵਿਚਾਰ ਕਰਨ ਦੀ ਕੋਈ ਲੋੜ ਨਹੀਂ ਹੈ। ਲੀਬੇਰਦਾਨ, ਤਸੇਰੇਤੇਲੀ ਤੇ ਚੇਰਨੋਵ ਇਸ ਨੂੰ ਬਹੁਤ ਸਪਸ਼ਟਤਾ ਨਾਲ

ਪੇਸ਼ ਕਰਦੇ ਹਨ।

ਜਮਾਤੀ ਸਬੰਧ ਤਬਦੀਲ ਹੋ ਗਏ ਹਨ। ਮਾਮਲੇ ਦੀ ਗਿਰੀ ਇਹੋ ਹੈ।

ਹੁਣ "ਨਾਕਾਬੰਦੀ ਦੇ ਆਸੇ ਪਾਸੇ" ਵੱਖ ਵੱਖ ਜਮਾਤਾਂ ਖਲੋਤੀਆਂ ਹਨ।

ਮੁੱਖ ਗੱਲ ਇਹ ਹੈ।

ਇਕ ਨਵੇਂ ਇਨਕਲਾਬ ਬਾਰੇ ਇਹ ਗੱਲ ਕਰਨ ਦਾ ਕੇਵਲ ਇਹੋ ਇਕ ਵਿਗਿਆਨਕ ਕਾਰਨ ਹੈ ਕਿ ਇਹ ਕਾਨੂੰਨੀ ਤੌਰ ਤੇ ਨੇਪਰੇ ਚਾੜ੍ਹਿਆ ਜਾ ਸਕਦਾ ਹੈ ਜੇ, ਉਦਾਹਰਣ ਵਜੋਂ ਬੁਰਜੁਆਜ਼ੀ ਵਲੋਂ ਬੁਲਾਈ ਜਾਣ ਵਾਲੀ ਸੰਵਿਧਾਨ ਅਸੈਂਬਲੀ ਬੁਰਜੁਆਜ਼ੀ ਦੇ ਵਿਰੁਧ ਬਹੁ-ਗਿਣਤੀ ਪੈਦਾ ਕਰੇ, ਜੇ ਬਹੁ-ਗਿਣਤੀ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੀਆਂ ਪਾਰਟੀਆਂ ਦੀ ਹੋਵੇ।

ਜੇ ਅਸਾਂ ਇਕ ਮਾਰਕਸਵਾਦੀ ਢੰਗ ਨਾਲ, ਆਪ-ਹੁਦਰੇ ਢੰਗ ਨਾਲ ਨਹੀਂ, ਸਾਡੀਆਂ ਹਮਦਰਦੀਆਂ ਅਨੁਸਾਰ, ਬਾਈਕਾਟ ਕਰਨ ਦੇ ਜਾਂ ਸ਼ਾਮਲ ਹੋਣ ਦੇ ਦਾਅ-ਪੇਚਾਂ ਬਾਰੇ ਨਿਰਣਾ ਕਰਨਾ ਹੈ। ਜਮਾਤਾਂ ਦੇ ਬਾਹਰ-ਮੁਖੀ ਸਬੰਧ, ਸਬੰਧਤ ਨਮੂਨੇ ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਬਾਹਰ ਤੇ ਅੰਦਰ ਉਹਨਾਂ ਦਾ (ਆਰਥਕ ਤੇ ਰਾਜਨੀਤਕ ਰੋਲ); ਇਨਕਲਾਬ ਦਾ ਉਭਾਰ ਤੇ ਅਧੋਗਤੀ; ਜਦੋ-ਜਹਿਦ ਦੇ ਪਾਰਲੀਮੈਂਟਰੀ ਸਾਧਨਾਂ ਪ੍ਰਤੀ ਵਾਧੂ-ਪਾਰਲੀਮੈਂਟਰੀ ਸਬੰਧ, ਇਹ ਹਨ ਮੁਖ, ਬੁਨਿਆਦੀ ਤੱਥ ਜਿਨ੍ਹਾਂ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ।

ਸਾਡੇ ਇਨਕਲਾਬ ਦਾ ਤਜਰਬਾ ਸਪਸ਼ਟ ਤੌਰ ਤੇ ਦਰਸਾਂਦਾ ਹੈ ਕਿ ਇਕ ਮਾਰਕਸਵਾਦੀ ਢੰਗ ਨਾਲ ਬਾਈਕਾਟ ਦੇ ਸੁਆਲ ਵਲ ਕਿਹੋ ਜਿਹੀ ਪਹੁੰਚ ਅਪਨਾਉਣੀ ਚਾਹੀਦੀ ਹੈ।

ਬਿਊਲੀਗਿਨ ਡੂਮਾ ਦੇ ਬਾਈਕਾਟ ਦੇ ਦਾਅ-ਪੇਚ ਕਿਉਂ ਸਹੀ ਸਿੱਧ ਹੋਏ?

ਕਿਉਂ ਜੋ ਉਹ ਸਮਾਜਕ ਸ਼ਕਤੀਆਂ ਦੀ ਬਾਹਰਮੁਖੀ ਕਤਾਰਬੰਦੀ ਉਹਨਾਂ ਦੇ ਵਿਕਾਸ ਦੇ ਅਨਕੂਲ ਸੀ। ਇਸ ਨੇ ਪਰਪੱਕ ਹੋ ਰਹੇ ਇਨਕਲਾਬ ਨੂੰ ਉਸ ਪੁਰਾਣੇ ਪਰਬੰਧ ਨੂੰ ਉਲਟਾਉਣ ਦਾ ਨਾਅਰਾ ਪਰਦਾਨ ਕੀਤਾ ਜੋ ਲੋਕਾਂ ਨੂੰ ਇਨਕਲਾਬ ਤੋਂ ਲਾਂਭੇ ਲਿਜਾਣ ਲਈ ਇਕ ਭੱਦੀ ਘਾੜਤ ਵਾਲੀ ਸਮਝੌਤੂ ਸੰਸਥਾ (ਬਿਊਲੀਗਿਨ ਡੂਮਾ) ਬੁਲਾ ਰਿਹਾ ਸੀ ਜਿਸ ਨੇ ਪਾਰਲੀਮੈਂਟਰੀਵਾਦ ਵਿਚ ਕਿਸੇ ਸੁਹਿਰਦ "ਵਿਸ਼ਵਾਸ" ਦਾ ਇਕਰਾਰ ਨਹੀਂ ਸੀ ਦਰਸਾਇਆ। ਪਰੋਲੇਤਾਰੀਏ ਤੇ ਕਿਰਸਾਨੀ ਦੀ ਜਦੋ-ਜਹਿਦ ਦੇ ਵਾਧੂ-ਪਾਰਲੀਮੈਂਟਰੀ ਸਾਧਨ ਬਹੁਤ ਮਜ਼ਬੂਤ ਸਨ। ਇਹ ਹਨ ਉਹ ਅੰਸ਼ ਜਿਨ੍ਹਾਂ ਨੇ ਬਿਊਲੀਗਿਨ ਡੂਮਾ ਦਾ ਬਾਈਕਾਟ ਕਰਨ ਦੇ ਸਹੀ ਦਾਅਪੇਚ ਤਿਆਰ ਕੀਤੇ ਸਨ। ਦਾਅਪੇਚ, ਜਿਨ੍ਹਾਂ ਨੇ ਬਾਹਰਮੁਖੀ ਹਾਲਤ ਨੂੰ ਧਿਆਨ ਵਿਚ ਰਖਿਆ ਸੀ।

ਤੀਜੀ ਡੂਮਾ ਦੇ ਬਾਈਕਾਟ ਕਰਨ ਦੇ ਦਾਅਪੇਚ ਕਿਉਂ ਗਲਤ ਸਿੱਧ ਹੋਏ?

ਕਿਉਂ ਜੋ ਉਹ ਕੇਵਲ ਬਾਈਕਾਟ ਕਰਨ ਦੇ ਨਾਅਰੇ ਨੂੰ "ਬੋਚਣ" ਉਤੇ ਅਤੇ ਜੂਨ ਤੀਜਾ "ਸੂਰ ਖਾਨੇ" ਦੇ ਵਹਿਸ਼ੀ ਪ੍ਰਤੀਕਰਮ ਪ੍ਰਤੀ ਮਹਿਸੂਸ ਕੀਤੇ ਗਏ ਪਰਵਰਤਣ ਉਤੇ ਅਧਾਰਤ ਸਨ। ਪਰ, ਬਾਹਰਮੁਖੀ ਹਾਲਤ ਅਜਿਹੀ ਸੀ ਕਿ ਇਕ ਪਾਸੇ ਇਨਕਲਾਬ ਢਹਿ-ਢੇਰੀ ਹੋਣ ਦੀ ਹਾਲਤ ਵਿਚ ਸੀ ਤੇ ਤੇਜ਼ੀ ਨਾਲ ਅਧੋਗਤੀ ਵਲ ਜਾ ਰਿਹਾ ਸੀ। ਇਨਕਲਾਬ ਦੇ ਉਭਾਰ ਲਈ ਇਕ ਪਾਰਲੀਮੈਂਟਰੀ ਅਧਾਰ (ਇਕ "ਸੂਰਖਾਨੇ" ਵਿਚ ਵੀ) ਅਥਾਹ ਭਾਰੀ ਰਾਜਨੀਤਕ ਮਹੱਤਤਾ ਵਾਲਾ ਸੀ ਕਿਉਂ ਜੋ ਪਰਾਪੇਗੰਡਾ, ਐਜੀਟੇਸ਼ਨ ਤੇ ਜਥੇਬੰਦੀ ਦੇ ਵਾਧੂ-ਪਾਰਲੀਮੈਂਟਰੀ ਸਾਧਨ ਲਗਪਗ ਨਹੀਂ ਸਨ ਜਾਂ ਬਹੁਤ ਹੀ ਕਮਜ਼ੋਰ ਸਨ। ਦੂਜੇ ਪਾਸੇ, ਡੂਮਾ ਦਾ ਬਹੁਤ ਹੀ ਖਲ੍ਹਾ ਪਿਛਾਂਹ-ਖਿਚੂ ਖਾਸਾ ਇਸ ਨੂੰ ਅਸਲੀ ਜਮਾਤੀ ਸਬੰਧਾਂ ਨੂੰ ਭਾਵ ਪਾਤਸ਼ਾਹੀ ਤੇ ਬੁਰਜੁਆਜ਼ੀ ਦਾ ਸਤੋਲੀਪਿਨ ਮੇਲ ਜੋਲ ਪਰਗਟ ਕਰਨ ਵਾਲਾ ਇਕ ਅਦਾਰਾ ਬਣਨ ਤੋਂ ਨਾ ਰੋਕ ਸਕਿਆ।

ਜਮਾਤਾਂ ਦਾ ਇਹ ਨਵਾਂ ਸਬੰਧ ਅਜਿਹਾ ਸੀ ਜੋ ਦੇਸ਼ ਨੂੰ ਤੱਜਣਾ ਚਾਹੀਦਾ ਸੀ।

ਇਹਨਾਂ ਅੰਸ਼ਾਂ ਨੇ ਹੀ ਤੀਜੀ ਡੂਮਾ ਵਿਚ ਸ਼ਾਮਲ ਹੋਣ ਦੇ ਦਾਅਪੇਚ ਤਿਆਰ ਕੀਤੇ ਜਿਸ ਨੇ ਬਾਹਰ-ਮੁਖੀ ਹਾਲਤ ਨੂੰ ਸਹੀ ਤੌਰ ਤੇ ਧਿਆਨ ਵਿਚ ਰਖਿਆ।

ਉਹਨਾਂ ਸਬਕਾਂ ਨੂੰ ਜੋ ਬਾਈਕਾਟ ਜਾਂ ਸ਼ਮੂਲੀਅਤ ਦੇ ਸੁਆਲ ਵਲ, ਡੈਮੋਕਰੈਟਿਕ ਕਾਨਫਰੰਸ, ਡੈਮੋਕਰੈਟਿਕ ਕੌਂਸਲ ਜਾਂ ਪੂਰਵ-ਪਾਰਲੀਮੈਂਟ ਵਿਚ ਉਸ ਸ਼ਮੂਲੀਅਤ ਵਲ ਇਕ ਮਾਰਕਸਵਾਦੀ ਪਹੁੰਚ ਲਈ ਲੋੜੀਂਦੇ ਤਜਰਬੇ ਤੇ ਹਾਲਤਾਂ ਤੋਂ ਪਰਾਪਤ ਕੀਤੇ ਗਏ ਸਨ, ਇਤਨਾ ਹੀ ਵਿਚਾਰਨਾ ਕਾਫੀ ਹੈ ਕਿ ਉਹ ਦਾਅਪੇਚ ਗਲਤ ਸਨ।

ਇਕ ਪਾਸੇ, ਇਕ ਨਵਾਂ ਇਨਕਲਾਬ ਪਰੌੜ੍ਹ ਹੋ ਰਿਹਾ ਹੈ। ਜੰਗ ਉਭਾਰ ਤੇ ਹੈ। ਪਰਾਪੇਗੰਡਾ, ਐਜੀਟੇਸ਼ਨ ਤੇ ਜਥੇਬੰਦੀ ਦੇ ਵਾਧੂ-ਪਾਰਲੀਮੈਂਟਰੀ ਸਾਧਨ ਅਥਾਹ ਹਨ। ਸਬੰਧਤ ਪੂਰਵ-ਪਾਰਲੀਮੈਂਟ ਵਿਚ "ਪਾਰਲੀਮੈਂਟਰੀ" ਮੰਚ ਨਾ-ਮਾਤਰ ਹੈ। ਦੂਜੇ ਪਾਸੇ, ਇਹ ਪੂਰਵ-ਪਾਰਲੀਮੈਂਟ ਜਮਾਤਾਂ ਦੇ ਨਵੇਂ ਸਬੰਧਾਂ ਨੂੰ ਨਾ ਤਾਂ ਪਰਗਟ ਕਰਦੀ ਹੈ ਤੇ ਨਾ ਹੀ ਉਸ ਦੀ ਸੇਵਾ ਕਰਦੀ ਹੈ ਤੇ ਉਦਾਹਰਣ ਵਜੋਂ ਇਥੇ ਕਿਰਸਾਨੀ ਦੀ ਪਹਿਲਾਂ ਹੀ ਮੌਜੂਦ ਅਦਾਰਿਆਂ (ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ) ਨਾਲੋਂ ਇਸ ਵਿਚ **ਬਹੁਤ ਹੀ ਘਟ** ਪ੍ਰਤੀਨਿਧਤਾ ਹੈ। ਪੂਰਵ–ਪਾਰਲੀਮੈਂਟ ਤੱਤ ਵਜੋਂ ਇਕ ਬੋਨਾਪਾਰਟਵਾਦੀ **ਛਲ** ਹੈ, ਨਾ ਕੇਵਲ ਇਸ ਲਈ ਕਿ ਇਸ ਨੂੰ ਲੀਬੇਰਦਾਨਾਂ, ਤਸੇਰੇਤਲੀਆਂ, ਤੇ ਚੇਰਨੋਵਾਂ ਦੇ ਗੰਦੇ ਟੋਲੇ ਨੇ ਕੇਰੇਨਸਕੀ ਤੇ ਕੰਪਨੀ **ਨਾਲ ਮਿਲ ਕੇ** ਇਸ ਤਸੇਰੇਤੇਲੀ-ਬਿਉਲੀਗਿਨ ਡੂਮਾ ਨੂੰ ਇਕ **ਨਕਲੀ**, ਝੂਠੀ ਬਣਤਰ **ਪਰਦਾਨ ਕੀਤੀ** ਹੈ, ਸਗੋਂ ਵਧੇਰੇ ਡੂੰਘੀ ਤਰ੍ਹਾਂ ਇਸ ਲਈ ਕਿ ਪੂਰਵ-ਪਾਰਲੀਮੈਂਟ ਦਾ ਇਕੋ ਇਕ ਉਦੇਸ਼ ਜਨਸਮੂਹਾਂ ਨਾਲ ਚਲਾਕੀ ਕਰਨਾ, ਮਜ਼ਦੂਰਾਂ ਤੇ ਕਿਸਾਨਾ ਨੂੰ ਧੋਖਾ ਦੇਣਾ, ਇਨਕਲਾਖ ਦੇ ਨਵੇਂ ਉਭਾਰ ਤੋਂ ਲੋਕਾਂ ਨੂੰ ਲਾਂਭੇ ਲਿਜਾਣਾ, **ਪੁਰਾਣੀ**, ਬੁਰਜੁਆਜ਼ੀ ਨਾਲ ਲੰਮਾ ਸਮਾ-ਵਰਤੀ, ਲੀਰ-ਲੀਰ ਹੋਈ "ਕੁਲੀਸ਼ਨ" ਦੀ ਥਾਂ ਨਵੇਂ ਪਹਿਰਾਵੇ ਰਾਹੀਂ ਦਬੀਆਂ ਕੁਚਲੀਆਂ ਜਮਾਤਾਂ ਦੀਆਂ ਅੱਖਾਂ ਚੁੰਧਿਆਉਣਾ ਹੈ।

ਅਗਸਤ 1905 ਨੂੰ ਜ਼ਾਰ ਨੇ ਆਪਣੇ ਸਾਮੰਤਸਾਹੀ ਜ਼ਿਮੀਦਾਰਾ ਨੂੰ ਆਖਿਆ "ਅਸੀਂ ਹੁਣ ਕਮਜੋਰ ਹਾਂ। ਸਾਡੀ ਸੱਤਾ ਡੋਲ ਰਹੀ ਹੈ। ਮਜ਼ਦੂਰਾ ਤੇ ਕਿਸਾਨਾਂ ਦੇ ਇਨਕਲਾਬ ਦੀ ਲਹਿਰ ਉਭਰ ਰਹੀ ਹੈ। ਸਾਨੂੰ 'ਸਧਾਰਨ ਬੰਦੇ' ਨਾਲ ਛਲ ਕਰਨਾ ਚਾਹੀਦਾ ਹੈ, ਸਾਨੂੰ ਉਸ ਦੀਆਂ ਅੱਖਾ ਨੂੰ ਕੋਈ ਸਬਜ਼ ਬਾਗ ਵਿਖਾਉਣਾ ਚਾਹੀਦਾ ਹੈ...।"

"ਅਸੀਂ ਹੁਣ ਕਮਜ਼ੋਰ ਹਾਂ," ਵਰਤਮਾਨ "ਜਾਰ' ਬੋਨਾਪਾਰਟਵਾਦੀ ਕੇਰੇਨਸਕੀ ਕੇਡਿਟਾ, ਗੈਰ-ਪਾਰਟੀ ਟਿਟ ਟਿੱਟੀਸੇਜ਼ਾਂ, ਪਲੈਖਾਨੋਵਾਂ, ਬਰੇਸ਼ਕੋਵਸਕਾਇਆ ਤੇ ਕੰਪਨੀ ਨੂੰ ਕਹਿੰਦਾ ਹੈ, "ਸਾਡੀ ਸੱਤਾ ਖਿੜਕ ਰਹੀ ਹੈ। ਮਜ਼ਦੂਰਾ ਤੇ ਕਿਸਾਨਾਂ ਦੇ ਇਨਕਲਾਬ ਦੀ ਇਕ ਲਹਿਰ ਬੁਰਜੁਆਜ਼ੀ ਦੇ ਵਿਰੁਧ ਉਠ ਰਹੀ ਹੈ। ਸਾਨੂੰ ਡੈਮੋਕਰੇਟਾਂ ਨੂੰ ਮਸਖਰੇ ਦੀ ਉਸ ਵਰਦੀ ਨੂੰ ਨਵਾ ਰੰਗ ਦੇ ਕੇ ਧੋਖਾ ਦੇਣਾ ਚਾਹੀਦਾ ਹੈ ਜਿਹੜੀ ਵਰਦੀ 'ਇਨਕਲਾਬੀ ਜਮਹੂਰੀਅਤ ਦੇ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਆਗੂਆਂ ਨੇ, ਸਾਡੇ ਤਸੇਰੇਤੇਲੀਆਂ ਤੇ ਚੇਰਨੋਵਾਂ ਸਾਡੇ ਦੋਸਤਾਂ ਨੇ ਲੋਕਾਂ ਨੂੰ ਬੁੱਧੂ ਬਨਾਉਣ ਲਈ 6 ਮਈ 1917 ਤੋਂ ਪਹਿਨੀ ਹੋਈ ਹੈ। ਅਸੀਂ ਬੜੀ ਅਸਾਨੀ ਨਾਲ ਉਹਨਾਂ ਨੂੰ 'ਪੂਰਵ-ਪਾਰਲੀਮੈਂਟ' ਦਾ ਸਬਜ਼ ਬਾਗ ਵਿਖਾ ਸਕਦੇ ਹਾਂ।"

"ਅਸੀਂ ਹੁਣ ਮਜ਼ਬੂਤ ਹਾਂ," ਜ਼ਾਰ ਨੇ ਆਪਣੇ ਸਾਮੰਤਸ਼ਾਹੀ ਜ਼ਿਮੀਦਾਰਾਂ ਨੂੰ ਜੂਨ 1907 ਵਿਚ ਆਖਿਆ ਸੀ, "ਮਜ਼ਦੂਰਾਂ ਤੇ ਕਿਸਾਨਾਂ ਦੇ ਇਨਕਲਾਬ ਦੀ ਲਹਿਰ ਉਭਰ ਰਹੀ ਹੈ, ਪਰ ਅਸੀਂ ਆਪਣੇ ਆਪ ਨੂੰ ਪੁਰਾਣੇ ਵਾਂਗ ਬਾਹਾਲ ਨਹੀਂ ਰਖ ਸਕਦੇ ; ਕੇਵਲ ਛਲ ਹੀ ਕਾਫੀ ਨਹੀਂ

ਹੋਵੇਂਗਾਂ। ਸਾਨੂੰ ਪਿੰਡ ਵਿਚ ਨਵੀਂ ਨੀਤੀ ਚਾਹੀਦੀ ਹੈ, ਸਾਡਾ ਕੁਲਕੋਂਵਾਂ ਤੇ ਮਿਲਿਯੂਕੋਵਾਂ ਨਾਲ, ਬੁਰਜੂਆਜ਼ੀ ਨਾਲ ਇਕ ਨਵਾਂ ਆਰਥਕ ਤੇ ਰਾਜਨੀਤਕ ਧੜਾ ਹੋਣਾ ਚਾਹੀਦਾ ਹੈ।"

ਇਹ ਤਰੀਕਾ ਹੈ ਜਿਸ ਨਾਲ ਅਗਸਤ 1905, ਸਤੰਬਰ 1917 ਅਤੇ ਜੂਨ 1907 ਦੀਆਂ ਤਿੰਨ ਹਾਲਤਾਂ ਨੂੰ ਬਾਈਕਾਟ ਦੇ ਦਾਅਪੇਚਾਂ ਅਤੇ ਜਮਾਤੀ ਸਬੰਧਾਂ ਨਾਲ ਇਸ ਦੇ ਰਿਸ਼ਤੇ ਲਈ ਬਾਹਰਮੁਖੀ ਅਧਾਰ ਨੂੰ ਬਹੁਤ ਹੀ ਸਪੱਸ਼ਟ ਰੂਪ ਵਿਚ ਚਿਤਰਨ ਵਾਸਤੇ ਪੇਸ਼ ਕੀਤਾ ਜਾ ਸਕਦਾ ਹੈ। ਦਬੀਆਂ ਕੁਚਲੀਆਂ ਜਮਾਤਾਂ ਨੂੰ ਹਮੇਸ਼ਾ ਜਾਬਰਾਂ ਵਲੋਂ ਧੋਖਾ ਦਿਤਾ ਜਾਂਦਾ ਰਿਹਾ ਹੈ, ਪਰ ਇਸ ਧੋਖੇ ਦੇ ਅਰਥ ਇਤਿਹਾਸ ਵਿਚ ਵੱਖ-ਵੱਖ ਘੜੀਆਂ ਤੇ ਵੱਖ ਵੱਖ ਹੁੰਦੇ ਹਨ। ਦਾਅਪੇਚ ਕੇਵਲ ਇਸ ਤੱਥ ਉਤੇ ਅਧਾਰਤ ਨਹੀਂ ਹੋ ਸਕਦੇ ਕਿ ਜਾਬਰ ਲੋਕਾਂ ਨੂੰ ਧੋਖਾ ਦੇਂਦੇ ਹਨ; ਦਾਅਪੇਚ ਜਮਾਤੀ ਸਬੰਧਾਂ ਦੇ **ਉਹਨਾਂ ਦੀ ਸਮੁੱਚਤਾ** ਵਿਚ ਅਤੇ ਵਾਧੂ-ਪਾਰਲੀਮੈਂਟਰੀ ਤੇ ਪਾਰਲੀਮੈਂਟਰੀ ਜਦੋ-ਜਹਿਦ ਦੇ ਵਿਕਾਸ ਦੇ ਨਿਰੀਖਣ ਦੇ ਮਗਰੋਂ ਤਿਆਰ ਕਰਨੇ ਚਾਹੀਦੇ ਹਨ।

ਪੂਰਵ-ਪਾਰਲੀਮੈਂਟ ਵਿਚ ਸ਼ਮੂਲੀਅਤ ਇਕ ਗਲਤ ਦਾਅਪੇਚ ਹੈ ਜੋ ਜਮਾਤਾਂ ਦੇ ਬਾਹਰ-ਮੁਖੀ ਸਬੰਧਾਂ ਨਾਲ, ਉਸ ਘੜੀ ਦੀਆਂ ਬਾਹਰ-ਮੁਖੀ ਹਾਲਤਾਂ ਨਾਲ ਮੇਲ ਨਹੀਂ ਖਾਂਦੇ।

ਸਾਨੂੰ ਡੈਮੋਕਰੈਟਿਕ ਕਾਨਫਰੰਸ ਦਾ ਬਾਈਕਾਟ ਕਰ ਦੇਣਾ ਚਾਹੀਦਾ ਹੈ; ਅਸਾਂ ਇੰਜ ਨਾ ਕਰ ਕੇ ਗਲਤੀ ਕੀਤੀ ਹੈ, ਪਰ ਗਲਤੀਆਂ ਕੋਈ ਜੁਰਮ ਨਹੀਂ ਹਨ। ਅਸੀਂ ਗਲਤੀ ਨੂੰ ਕੇਵਲ ਤਾਂ ਹੀ ਸਹੀ ਕਰਾਂਗੇ ਜੇ ਜਨਸਮੂਹ ਦੀ ਇਨਕਲਾਬੀ ਜਦੋ-ਜਹਿਦ ਦੀ ਹਮਾਇਤ ਲਈ ਸਾਡੀ ਸੁਹਿਰਦ ਇੱਛਾ ਹੈ, ਜੇ ਅਸੀਂ ਆਪਣੇ ਦਾਅਪੇਚਾਂ ਦੇ ਬਾਹਰ-ਮੁਖੀ ਅਧਾਰਾਂ ਨੂੰ ਸੁਹਿਰਦਤਾ ਨਾਲ ਵਿਚਾਰੀਏ।

ਸਾਨੂੰ ਪੂਰਵ-ਪਾਰਲੀਮੈਂਟ ਦਾ ਬਾਈਕਾਟ ਕਰਨਾ ਚਾਹੀਦਾ ਹੈ। ਸਾਨੂੰ ਇਸ ਨੂੰ ਛਡ ਕੇ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਵਲ, ਟਰੇਡ ਯੂਨੀਅਨਾਂ ਵਲ, ਆਮ ਤੌਰ ਤੇ ਜਨਸਮੂਹਾਂ ਵਲ ਜਾਣਾ ਚਾਹੀਦਾ ਹੈ। ਸਾਨੂੰ **ਉਹਨਾਂ ਨੂੰ** ਜਦੋ-ਜਹਿਦ ਕਰਨ ਦਾ ਸੱਦਾ ਦੇਣਾ ਚਾਹੀਦਾ ਹੈ। ਸਾਨੂੰ **ਉਹਨਾਂ ਨੂੰ** ਇਕ ਸਹੀ ਤੇ ਸਪੱਸ਼ਟ ਨਾਅਰਾ ਦੇਣਾ ਚਾਹੀਦਾ ਹੈ: ਕੇਰੇਨਸਕੀ ਦੇ ਬੋਨਾਪਾਰਟਵਾਦੀ ਟੋਲੇ ਤੇ ਉਸ ਦੀ ਨਕਲੀ ਪੂਰਵ-ਪਾਰਲੀਮੈਂਟ ਨੂੰ ਇਸ ਦੇ ਨਾਲ ਤਸੇਰੇਤੇਲੀ-ਬਿਊਲੀਗਿਨ ਡੂਮਾ ਨੂੰ ਤੋੜ ਦਿਓ। ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਨੇ, ਕੋਰਨੀਲੋਵ ਦੀ ਬਗ਼ਾਵਤ ਦੇ ਮਗਰੋਂ ਵੀ, ਸ਼ਾਤਮਈ ਢੰਗ ਨਾਲ ਸੱਤਾ ਸੋਵੀਅਤਾਂ ਨੂੰ (ਜਿਨ੍ਹਾਂ ਵਿਚ **ਉਦੋਂ** ਸਾਡੀ ਬਹੁ-ਗਿਣਤੀ **ਨਹੀਂ** ਸੀ) ਸੌਂਪਣ ਦੇ ਸਾਡੇ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਹੈ; ਉਹ ਮੁੜ ਕੇ ਕੇਡਿਟਾਂ ਨਾਲ ਗੰਦੀ ਤੇ ਘਟੀਆ ਸੌਦੇਬਾਜ਼ੀ ਦੇ ਚਲ੍ਹੇ ਵਿਚ ਡੁਬ ਗਏ ਹਨ। ਮੈਨਸ਼ਵਿਕ ਤੇ ਸੋਸ਼ਲਿਸਟ-ਇਨਕਲਾਬੀ ਮੁਰਦਾਬਾਦ! ਇਹਨਾਂ ਦੇ ਵਿਰੁਧ ਬੇਕਿਰਕੀ ਨਾਲ ਜਦੋ-ਜਹਿਦ ਕਰੋ। ਇਹਨਾਂ ਨੂੰ ਸਾਰੀਆਂ ਇਨਕਲਾਬੀ ਜਥੇਬੰਦੀਆਂ ਵਿਚੋਂ ਬੇ-ਕਿਰਕੀ ਨਾਲ ਕਢ ਦਿਓ। **ਕਿਸ਼ਕਿਨਾਂ ਦੇ ਉਹਨਾਂ ਦੋਸਤਾਂ**, ਕੋਰਨੀਲੋਵਵਾਦੀ ਜਗੀਰਦਾਰਾਂ ਤੇ ਸਰਮਾਏਦਾਰਾਂ ਦੇ ਦੋਸਤਾਂ ਨਾਲ ਕੋਈ ਗੱਲਬਾਤ ਨਾ ਕਰੋ, ਕੋਈ ਮੇਲ-ਜੋਲ ਨਾ ਰਖੋ।

ਸ਼ਨਿੱਚਰਵਾਰ, 23 ਸਤੰਬਰ

ਟਰਾਟਸਕੀ ਬਾਈਕਾਟ ਦੇ ਹੱਕ ਵਿਚ ਸੀ। ਸ਼ਾਬਾਸ਼, ਕਾਮਰੇਡ ਟਰਾਟਸਕੀ! ਡੈਮੋਕਰੈਟਿਕ ਕਾਨਫਰੰਸ ਵਿਚ ਬਾਲਸ਼ਵਿਕ ਗਰੁਪ ਵਿਚ ਬਾਈਕਾਟਵਾਦ ਹਾਰ ਗਿਆ ਸੀ।

ਬਾਈਕਾਟ ਜ਼ਿੰਦਾਬਾਦ!

ਸਾਨੂੰ ਕਿਸੇ ਵੀ ਹਾਲਤ ਅਧੀਨ ਸ਼ਮੂਲੀਅਤ ਨਾਲ ਮਨਮਨੌਤ ਨਹੀਂ ਕਰਨੀ ਚਾਹੀਦੀ, ਨਾ ਅਸੀਂ ਕਰ ਸਕਦੇ ਹਾਂ। ਇਕ ਕਾਨਫਰੰਸ ਵਿਚ ਇਕ ਗਰੁੱਪ ਪਾਰਟੀ ਦਾ ਉਚਤਮ ਅਦਾਰਾ ਨਹੀਂ ਹੁੰਦਾ ਅਤੇ ਇਥੋਂ ਤੱਕ ਕਿ ਉਚਤਮ ਅਦਾਰਿਆਂ ਦੇ ਫੈਸਲੇ ਤਜਰਬੇ ਦੇ ਅਧਾਰ ਤੇ ਨਜ਼ਰਸਾਨੀ ਕਰਨ ਯੋਗ ਹੁੰਦੇ ਹਨ।

ਸਾਨੂੰ ਹਰ ਹਾਲਤ ਵਿਚ ਕਾਰਜਕਰਨੀ ਦੀ ਸੰਪੂਰਨ ਮੀਟਿੰਗ ਵਿਚ ਅਤੇ ਵਿਸ਼ੇਸ਼ ਪਾਰਟੀ ਕਾਂਗਰਸ ਵਿਚ ਬਾਈਕਾਟ ਦੇ ਸੁਆਲ ਨੂੰ ਹੱਲ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਬਾਈਕਾਟ ਦਾ ਸੁਆਲ ਹੁਣ ਕਾਂਗਰਸ ਲਈ ਸਾਰੀਆਂ ਚੋਣਾਂ ਲਈ ਅਤੇ ਪਾਰਟੀ ਦੇ ਅੰਦਰ ਸਾਰੀਆਂ ਚੋਣਾਂ ਲਈ ਪਲੈਟਫਾਰਮ ਬਨਾਉਣਾ ਚਾਹੀਦਾ ਹੈ। ਸਾਨੂੰ ਜਨਸਮੂਹ ਨੂੰ ਇਸ ਸੁਆਲ ਦੇ ਵਿਚਾਰ-ਵਟਾਂਦਰੇ ਦੇ ਅੰਦਰ ਖਿੱਚਣਾ ਚਾਹੀਦਾ ਹੈ। ਜਮਾਤੀ ਤੌਰ ਤੇ ਸੁਚੇਤ ਮਜ਼ਦੂਰਾਂ ਨੂੰ ਇਹ ਮਸਲਾ ਆਪਣੇ ਹੱਥ ਵਿਚ ਲੈਣਾ ਚਾਹੀਦਾ ਹੈ, ਬਹਿਸ ਜਥੇਬੰਦ ਕਰਨੀ ਚਾਹੀਦੀ ਹੈ, ਅਤੇ **ਜੋ ਸਿਖਰ ਤੇ ਹਨ** ਉਹਨਾਂ ਉਤੇ ਦਬਾਅ ਪਾਉਣਾ ਚਾਹੀਦਾ ਹੈ।

ਇਸ ਬਾਰੇ ਰਤਾ ਜਿੰਨਾ ਸ਼ੱਕ ਨਹੀਂ ਹੈ ਕਿ ਸਾਡੀ ਪਾਰਟੀ ਦੀ "ਸਿਖਰ" ਵਿਚ ਨੋਟ ਕਰਨ ਯੋਗ ਜਕੋ-ਤੱਕੀਆਂ ਹਨ ਜੋ ਤਬਾਹਕੁਨ ਬਣ ਸਕਦੀਆਂ ਹਨ ਕਿਉਂ ਜੋ ਜਦੋਜਹਿਦ ਵਿਕਸਤ ਹੋ ਰਹੀ ਹੈ ਤੇ ਕੁਝ ਹਾਲਤਾਂ ਅਧੀਨ, ਇਕ ਖਾਸ ਘੜੀ ਤੇ ਜਕੋ-ਤੱਕੀਆਂ ਉਦੇਸ਼ ਨੂੰ ਤਬਾਹ ਕਰ ਸਕਦੀਆਂ ਹਨ। ਸਾਨੂੰ ਆਪਣੀ ਸਾਰੀ ਤਾਕਤ ਜਦੋਜਹਿਦ ਵਿਚ ਲਾਉਣੀ ਚਾਹੀਦੀ ਹੈ, ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ ਸਾਨੂੰ ਇਨਕਲਾਬੀ ਪ੍ਰੋਲੇਤਾਰੀਏ ਦੀ ਪਾਰਟੀ ਦੀ ਸਹੀ ਨੀਤੀ ਨੂੰ ਉੱਚਾ ਰਖਣਾ ਚਾਹੀਦਾ ਹੈ।

ਸਾਡੀ ਪਾਰਟੀ ਦੇ ਪਾਰਲੀਮੈਂਟਰੀ ਆਗੂਆਂ ਦੀ ਹਾਲਤ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੈ। ਉਹਨਾਂ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਉਹਨਾਂ ਉਤੇ ਮਜ਼ਦੂਰਾਂ ਦੀ ਵਧੇਰੇ ਨਿਗਰਾਨੀ ਹੋਣੀ ਚਾਹੀਦੀ ਹੈ। ਪਾਰਲੀਮੈਂਟਰੀ ਗਰੁੱਪਾਂ ਦੀ ਸਮਰਥਾ ਦੀ ਵਧੇਰੇ ਸਪੱਸ਼ਟਤਾ ਨਾਲ ਵਿਆਖਿਆ ਹੋਣੀ ਚਾਹੀਦੀ ਹੈ।

ਸਾਡੀ ਪਾਰਟੀ ਦੀ ਗਲਤੀ ਪ੍ਰਤੱਖ ਹੈ। ਅਗਾਂਹ-ਵਧੂ ਜਮਾਤ ਦੀ ਜੁਝਾਰ ਪਾਰਟੀ ਨੂੰ ਗਲਤੀਆਂ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ। ਉਸ ਨੂੰ ਇਕ ਗਲਤੀ ਉਤੇ ਅੜੀ ਤੋਂ, ਉਸ ਦੀ ਪ੍ਰਵਾਨਗੀ ਤੋਂ ਅਤੇ ਸ਼ਰਮਿੰਦਗੀ ਦੀ ਝੂਠੀ ਭਾਵਨਾ ਵਿਚ ਉਸ ਨੂੰ ਦਰੁਸਤ ਕਰਨ ਤੋਂ ਇਨਕਾਰ ਕਰਨ ਤੋਂ ਡਰਨਾ ਚਾਹੀਦਾ ਹੈ।

ਐਤਵਾਰ, 24 ਸਤੰਬਰ

ਸੋਵੀਅਤਾਂ ਦੀ ਕਾਂਗਰਸ 20 ਅਕਤੂਬਰ ਤੱਕ ਅਗਾਂਹ ਪਾ ਦਿਤੀ ਗਈ ਹੈ। ਰੂਸੀ ਜੀਵਨ ਦੀ ਚਾਲ ਅਜੇਹੀ ਹੈ ਕਿ ਇਸ ਦਾ ਲਗਪਗ ਅਰਥ ਇਸ ਨੂੰ ਯੂਨਾਨੀ ਕਲੰਡਰਾਂ ਤੱਕ ਅਗਾਂਹ ਪਾਉਣਾ ਹੈ। ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਵਲੋਂ 20 ਅਪਰੈਲ ਦੇ ਮਗਰੋਂ ਖੇਡੀ ਗਈ ਨਕਲ ਦੂਜੀ ਵਾਰ ਦੁਹਰਾਈ ਜਾ ਰਹੀ ਹੈ।

ਪਹਿਲਾਂ ਰਸਾਲਾ **ਪਰੋਲੇਤਾਰਸਕਾਇਆ ਰੇਵੋਲਿਊਤਸੀਆ** ਦੇ ਨੰਬਰ 3
(26) 1924 ਵਿਚ ਪ੍ਰਕਾਸ਼ਤ ਹੋਇਆ।

ਸੰਕਟ ਪਰਪੱਕ ਹੋ ਗਿਆ

I

ਸਤੰਬਰ ਦੇ ਅੰਤ ਉਤੇ ਰੂਸੀ ਇਨਕਲਾਬ ਦੇ ਇਤਿਹਾਸ ਵਿਚ ਅਤੇ ਹਰ ਪ੍ਰਤੱਖਤਾ ਦੇ ਲਿਹਾਜ਼, ਸੰਸਾਰ ਇਨਕਲਾਬ ਦੇ ਇਤਿਹਾਸ ਵਿਚ ਵੀ ਇਕ ਸਾਨਦਾਰ ਮੋੜ ਆਇਆ।

ਮਜ਼ਦੂਰ ਜਮਾਤ ਦਾ ਸੰਸਾਰ ਇਨਕਲਾਬ ਵਿਅਕਤੀਆਂ ਦੇ ਅਮਲ ਨਾਲ ਸੁਰੂ ਹੋਇਆ, ਜਿਹਨਾਂ ਦਾ ਅਥਾਹ ਹੌਸਲਾ ਉਸ ਹਰ ਇਮਾਨਦਾਰ ਚੀਜ਼ ਦਾ ਪ੍ਰਤੀਨਿਧ ਸੀ ਜੋ ਅਵ੍ਰਨਤ ਸਰਕਾਰੀ "ਸੋਸ਼ਲਿਜ਼ਮ" ਦਾ ਬਚਿਆ-ਖੁਚਿਆ ਅੰਸ਼ ਸੀ, ਸੋਸ਼ਲਿਜ਼ਮ ਜੋ ਅਸਲ ਵਿਚ ਸਮਾਜਕ-ਸ਼ਾਵਨਵਾਦ ਹੈ। ਜਰਮਨੀ ਵਿਚ ਲਿਬਕਨੇਖਤ, ਆਸਟਰੀਆ ਵਿਚ ਐਡਲਰ, ਬਰਤਾਨੀਆਂ ਵਿਚ ਮੇਕਲੀਨ—ਇਹ ਉਹਨਾਂ ਨਿਖੜੇ ਹੋਏ ਸੂਰਮਿਆਂ ਦੇ ਅਤਿ ਜਾਣੇ ਹੋਏ ਨਾਅ ਹਨ ਜਿਹਨਾ ਨੇ ਸੰਸਾਰ ਇਨਕਲਾਬ ਦੇ ਅਗਵਾਨੂਆਂ ਦੇ ਤੀਬਰ ਰੋਲ ਦਾ ਬੀੜਾ ਚੁਕਿਆ ਸੀ।

ਇਸ ਇਨਕਲਾਬ ਲਈ ਇਤਿਹਾਸਕ ਤਿਆਰੀ ਵਿਚ ਦੂਜਾ ਪੜਾਅ ਅਤਿ-ਵਿਸ਼ਾਲ ਆਮ ਅਸੰਤੁਸ਼ਟੀ ਸੀ ਜੋ ਸਰਕਾਰੀ ਪਾਰਟੀਆਂ ਦੇ ਪਾੜੇ ਵਿਚ ਗੈਰ-ਕਾਨੂੰਨੀ ਪ੍ਰਕਾਸ਼ਨਾਵਾਂ ਵਿਚ ਅਤੇ ਸੜਕਾਂ ਉਤੇ ਮੁਜ਼ਾਹਰਿਆਂ ਵਿਚ ਪ੍ਰਗਟ ਹੋਈ। ਜੰਗ ਵਿਚ ਰੋਸ ਵਧੇਰੇ ਤਕੜਾ ਹੋ ਗਿਆ। ਅਤੇ ਹਕੂਮਤ ਜਿਹਨਾਂ ਉਤੇ ਜਬਰ ਕਰਦੀ ਸੀ, ਉਹਨਾਂ ਦੀ ਗਿਣਤੀ ਵਧ ਗਈ। ਉਹਨਾਂ ਦੇਸ਼ਾਂ ਦੇ, ਜਿਹੜੇ ਕਾਨੂੰਨ ਦੀ ਪਾਲਣਾ ਲਈ ਇਥੋਂ ਤੱਕ ਕਿ ਆਪਣੀ ਅਜ਼ਾਦੀ ਲਈ ਮਸ਼ਹੂਰ ਹਨ—ਜਰਮਨੀ, ਫਰਾਂਸ, ਇਟਲੀ ਤੇ ਬਰਤਾਨੀਆ—ਕੈਦਖਾਨੇ ਸੈਆਂ ਹਜ਼ਾਰਾਂ ਕੌਮਾਂਤਰੀਵਾਦੀਆਂ, ਜੰਗ ਦੇ ਵਿਰੋਧੀਆਂ ਅਤੇ ਮਜ਼ਦੂਰ ਜਮਾਤ ਤੇ ਇਨਕਲਾਬ ਦੇ ਹਮਾਇਤੀਆਂ ਨਾਲ ਭਰ ਗਏ।

ਤੀਜਾ ਪੜਾਅ ਹੁਣ ਸ਼ੁਰੂ ਹੋਇਆ ਹੈ। ਇਸ ਪੜਾਅ ਨੂੰ ਇਨਕਲਾਬ ਤੋਂ ਐਨ ਪਹਿਲਾ ਸਮਾਂ ਆਖਿਆ ਜਾ ਸਕਦਾ ਹੈ। ਸੁਤੰਤਰ ਇਟਲੀ ਵਿਚ ਪਾਰਟੀ ਆਗੂਆਂ ਦੀਆਂ ਆਮ ਗਰਿਫਤਾਰੀਆਂ ਅਤੇ ਖਾਸ ਤੌਰ ਉਤੇ ਜਰਮਨ ਫੌਜ ਵਿਚ **ਗ਼ਦਰਾਂ** ਦਾ ਅਰੰਭ ਇਹਦੀਆਂ ਅਖੰਡਣੀ ਨਿਸ਼ਾਨੀਆਂ ਹਨ ਕਿ ਇਕ ਵੱਡਾ ਮੋੜ ਹੱਥਾਂ ਵਿਚ ਹੈ, ਕਿ ਅਸੀਂ **ਸੰਸਾਰ-ਵਿਆਪੀ ਇਨਕਲਾਬ ਦੀਆਂ ਬਰੂਹਾਂ ਉਤੇ** ਖੜੇ ਹਾਂ।

ਇਸ ਤੋਂ ਪਹਿਲਾਂ ਵੀ ਜਰਮਨੀ ਦੀਆਂ ਫੌਜਾਂ ਵਿਚ ਬਗਾਵਤ ਦੇ ਇਕੱਲੇ ਇਕੱਲੇ ਮਾਮਲੇ ਨਿਰਸੰਦੇਹ ਹੋਏ ਹਨ ਪਰ ਉਹ ਏਨੇ ਛੋਟੇ ਸਨ, ਇੰਨੇ ਕਮਜ਼ੋਰ ਤੇ ਨਿਖੜਵੇਂ ਸਨ ਕਿ ਉਹਨਾਂ ਨੂੰ

ਖਾਮੋਸ਼ ਕਰ ਦੇਣਾ ਸੰਭਵ ਸੀ—ਅਤੇ ਵਿਦਰੋਹੀ ਕਾਰਵਾਈ ਦੀ **ਆਮ ਫੁਟ** ਨੂੰ ਰੋਕਣ ਦਾ ਇਹ ਮੁਖ ਢੰਗ ਸੀ। ਅੰਤ ਵਿਚ ਜਲ-ਸੈਨਾ ਵਿਚ ਇਕ ਅਜਿਹੀ ਲਹਿਰ ਵਿਕਸਤ ਹੋ ਗਈ ਕਿ ਫੌਜੀ ਗੁਲਾਮੀ ਦੇ ਜਰਮਨ ਸ਼ਾਸਨ ਦੀ ਸਾਰੀ ਕਰੜਾਈ ਦੇ ਬਾਵਜੂਦ, ਕਰੜਾਈ ਜਿਸ ਨੂੰ ਵੇਰਵੇ ਦੀ ਹੈਰਾਨ ਕਰਨ ਵਾਲੀ ਬਰੀਕੀ ਨਾਲ ਵਿਸਥਾਰਿਆ ਗਿਆ ਸੀ ਅਤੇ ਜਿਸ ਉਤੇ ਮੰਨੀ ਨਾ ਜਾ ਸਕਣ ਵਾਲੀ ਨਜ਼ਰੀਆਪ੍ਰਸਤੀ ਨਾਲ ਅਮਲ ਕੀਤਾ ਜਾਂਦਾ ਸੀ ਇਹਨੂੰ ਚੁੱਪ ਕਰਾਉਣਾ **ਅਸੰਭਵ ਸੀ।**

ਸ਼ੱਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਸੀਂ ਸੰਸਾਰ ਪ੍ਰੋਲਤਾਰੀ ਇਨਕਲਾਬ ਦੀਆਂ ਬਰੂਹਾਂ ਉਤੇ ਹਾਂ ਅਤੇ ਕਿਉਂਕਿ ਸਭਨਾਂ ਦੇਸ਼ਾਂ ਵਿਚ ਸਭਨਾਂ ਪ੍ਰੋਲਤਾਰੀ ਕੌਮਾਂਤਰੀਵਾਦੀਆਂ ਵਿਚੋਂ ਸਿਰਫ ਸਾਨੂੰ ਰੂਸੀ ਬਾਲਸ਼ਵਿਕਾਂ ਨੂੰ ਹੀ ਕੁਝ ਆਜ਼ਾਦੀ ਹਾਸਲ ਹੈ—ਸਾਡੀ ਪਾਰਟੀ ਕਾਨੂੰਨੀ ਹੈ ਅਤੇ ਦਰਜਨ ਕੁ ਅਖਬਾਰ ਹਨ, ਦੋਹਾਂ ਰਾਜਧਾਨੀਆਂ ਦੇ ਮਜ਼ਦੂਰਾਂ ਦੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਸਾਡੇ ਪਾਸ ਹਨ ਅਤੇ ਇਨਕਲਾਬ ਦੇ ਸਮੇਂ ਲੋਕਾਂ ਦੀ **ਬਹੁ-ਗਿਣਤੀ** ਦੀ ਹਮਾਇਤ ਸਾਨੂੰ ਹਾਸਲ ਹੈ—ਸਾਡੇ ਉਤੇ ਇਹ ਅਖਾਣ ਪੂਰੇ ਨਿਆਂ ਨਾਲ ਲਾਗੂ ਕੀਤਾ ਜਾ ਸਕਦਾ ਹੈ ਅਤੇ ਜ਼ਰੂਰ ਲਾਗੂ ਕਰਨਾ ਚਾਹੀਦਾ ਹੈ:—"ਜੀਹਨੂੰ ਬਹੁਤ ਕੁਝ ਦਿਤਾ ਗਿਆ ਹੈ ਉਸ ਤੋਂ ਬਹੁਤ ਕੁਝ ਚਾਹਿਆ ਜਾਵੇਗਾ।"

II

ਰੂਸ ਵਿਚ ਇਨਕਲਾਬ ਦਾ ਫੈਸਲਾਕੁਨ ਅਵਸਰ ਨਿਰਸੰਦੇਹ ਆ ਗਿਆ ਹੈ। ਇਕ ਕਿਸਾਨੀ ਦੇਸ਼ ਵਿਚ ਅਤੇ ਇਕ ਇਨਕਲਾਬੀ ਗਣਰਾਜੀ ਹਕੂਮਤ ਹੇਠ, ਜਿਸ ਨੂੰ ਸੋਸ਼ਲਿਸਟ-ਇਨਕਲਾਬੀ ਮੈਨਸ਼ਵਿਕ ਪਾਰਟੀ ਦੀ ਹਮਾਇਤ ਹਾਸਲ ਹੈ ਜਿਹਨਾਂ ਨੂੰ ਅਜੇ ਕਲ੍ਹ ਨਿਕ-ਬੁਰਜੂਆ ਜਮਹੂਰੀਅਤ ਉਤੇ ਗਲਬਾ ਹਾਸਲ ਸੀ, ਕਿਸਾਨ ਬਗਾਵਤ ਵਿਕਸਤ ਹੋ ਰਹੀ ਹੈ।

ਇਹ ਮੰਨੀ ਜਾਣ ਵਾਲੀ ਗੱਲ ਨਹੀਂ ਲਗਦੀ, ਪਰ ਹੈ ਇਕ ਤੱਥ!

ਸਾਨੂੰ ਬਾਲਸ਼ਵਿਕਾਂ ਨੂੰ ਇਸ ਤੱਥ ਤੋਂ ਹੈਰਾਨੀ ਨਹੀਂ ਹੁੰਦੀ। ਅਸਾਂ ਸਦਾ ਆਖਿਆ ਹੈ ਕਿ ਬੁਰਜੁਆਜ਼ੀ ਨਾਲ ਬਦਨਾਮ "ਕੁਲੀਸ਼ਨ" ਦੀ ਹਕੂਮਤ ਅਜਿਹੀ ਹਕੂਮਤ ਹੈ ਜਿਹੜੀ ਜਮ-ਹੂਰੀਅਤ ਨਾਲ ਅਤੇ ਇਨਕਲਾਬ ਨਾਲ **ਗ਼ੱਦਾਰੀ ਕਰਦੀ ਹੈ** ਕਿ ਇਹ **ਸਾਮਰਾਜੀ** ਕੱਟ-ਵੱਢ ਦੀ ਹਕੂਮਤ ਹੈ। ਇਕ ਅਜਿਹੀ ਹਕੂਮਤ ਹੈ ਜਿਹੜੀ ਲੋਕਾਂ ਤੋਂ ਪੂੰਜੀ-ਪਤੀਆਂ ਅਤੇ ਭੋਂ-ਪਤੀਆਂ ਨੂੰ **ਬਚਾਉਂਦੀ ਹੈ।**

ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਵਲੋਂ ਕੀਤੇ ਜਾਂਦੇ ਧੋਖੇ ਕਾਰਨ ਰੂਸ ਵਿਚ ਅਜੇ ਵੀ ਗਣਰਾਜ ਹੇਠ ਅਤੇ ਇਨਕਲਾਬ ਦੇ ਸਮੇਂ ਸੋਵੀਅਤਾਂ ਦੇ ਨਾਲ ਪੂੰਜੀਪਤੀਆਂ ਤੇ ਭੋਂ-ਪਤੀਆਂ ਦੀ ਹਕੂਮਤ ਕਾਇਮ ਹੈ। ਇਹ ਇਕ ਕੌੜੀ ਤੇ ਚੰਦਰੀ ਹਕੀਕਤ ਹੈ, ਤਾਂ ਕੀ ਸਾਮਰਾਜੀ ਜੰਗ ਦੇ ਲੰਬੇ ਹੋਣ ਕਾਰਨ ਅਤੇ ਇਹਦੇ ਨਤੀਜਿਆਂ ਕਾਰਨ ਲੋਕਾਂ ਉਤੇ ਪਈਆਂ ਮੰਨੀਆਂ ਨਾ ਜਾ ਸਕਣ ਵਾਲੀਆਂ ਮੁਸੀਬਤਾਂ ਨੂੰ ਮੁੱਖ ਰਖਦਿਆਂ, ਇਹ ਹੈਰਾਨੀ ਦੀ ਗੱਲ ਹੈ ਕਿ ਰੂਸ ਵਿਚ ਕਿਸਾਨ ਬਗਾਵਤ ਸ਼ੁਰੂ ਹੋ ਗਈ ਹੈ ਅਤੇ ਫੈਲ ਰਹੀ ਹੈ?

ਤਾਂ ਕੀ ਇਹ ਹੈਰਾਨੀ ਦੀ ਗੱਲ ਹੈ ਕਿ ਬਾਲਸ਼ਵਿਕਾਂ ਦੇ ਦੁਸ਼ਮਣਾਂ, **ਸਰਕਾਰੀ** ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਆਗੂਆਂ, ਨੇ ਉਹੋ ਪਾਰਟੀ ਜਿਹਨੇ ਸਦਾ ਕੁਲੀਸ਼ਨ ਦੀ ਹਮਾਇਤ

ਕੀਤੀ, ਪਾਰਟੀ ਜਿਸ ਨੂੰ ਪਿਛਲੇ ਕੁਝ ਦਿਨਾਂ ਜਾਂ ਹਫਤਿਆਂ ਤੱਕ ਲੋਕਾਂ ਦੀ ਬਹੁ-ਗਿਣਤੀ ਦੀ ਹਮਾਇਤ ਹਾਸਲ ਸੀ, ਪਾਰਟੀ ਜੋ "ਨਵੇਂ" ਸੋਸ਼ਲਿਸਟ-ਇਨਕਲਾਬੀਆਂ ਨੂੰ ਤੰਗ ਕਰ ਰਹੀ ਹੈ ਅਤੇ ਉਹਨਾਂ ਨਾਲ ਦੁਰ-ਵਿਹਾਰ ਕਰ ਰਹੀ ਹੈ, ਜਿਹਨਾਂ ਨੇ ਸਮਝ ਲਿਆ ਹੈ ਕਿ ਕੁਲੀਸ਼ਨ ਦੀ ਨੀਤੀ ਕਿਸਾਨਾਂ ਦੇ ਹਿੱਤਾਂ ਨਾਲ ਗ਼ੱਦਾਰੀ ਹੈ—ਕੀ ਇਹ ਹੈਰਾਨੀ ਦੀ ਗੱਲ ਹੈ ਕਿ ਸਰਕਾਰੀ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਇਹਨਾਂ ਆਗੂਆਂ ਨੇ ਖ਼ੁਦ ਆਪਣੇ ਸਰਕਾਰੀ ਅਖਬਾਰ **ਦਾਈਲੋ ਨਾਰੋਦਾ** ਵਿਚ 29 ਸਤੰਬਰ ਦੇ ਅੰਕ ਦੇ ਸੰਪਾਦਕੀ ਵਿਚ ਇਹ ਲਿਖਿਆ :

> "ਅਜੇ ਤੱਕ ਅਧੀਨਤਾ ਦੇ ਸਬੰਧਾਂ ਦਾ ਜਿਹੜੇ ਅਜੇ ਵੀ ਮੱਧ ਰੂਸ ਦੇ ਪਿੰਡਾਂ ਵਿਚ ਮੌਜੂਦ ਹਨ, ਖਾਤਮਾ ਕਰਨ ਲਈ ਅਮਲੀ ਤੌਰ ਉਤੇ ਕੁਝ ਵੀ ਨਹੀਂ ਕੀਤਾ ਗਿਆ...ਪਿੰਡਾਂ ਵਿਚ ਭੋਂ-ਸਬੰਧਾਂ ਦੇ ਨਿਯੰਤਰਣ ਦਾ ਬਿੱਲ ਜੋ ਚਿਰੋਕਣਾ ਪਹਿਲਾਂ ਆਰਜ਼ੀ ਹਕੂਮਤ ਵਿਚ ਪੇਸ਼ ਕੀਤਾ ਗਿਆ ਸੀ ਅਤੇ ਜਿਹੜਾ ਜੁਡੀਸ਼ਲ ਕਾਨਫਰੰਸ ਵਰਗੀ ਸੰਧਕ ਨੇ ਪਾਸ ਕਰ ਦਿਤਾ ਹੋਇਆ ਹੈ, ਕਿਸੇ ਦਫਤਰ ਵਿਚ ਨਿਰਾਸ਼ਾਜਨਕ ਤੌਰ ਉਤੇ ਫਸ ਗਿਆ ਹੋਇਆ ਹੈ......ਕੀ ਇਹ ਕਹਿਣ ਵਿਚ ਅਸੀਂ ਠੀਕ ਨਹੀਂ ਕਿ ਸਾਡੀ ਗਣਰਾਜੀ ਹਕੂਮਤ ਜ਼ਾਰਸ਼ਾਹੀ ਸ਼ਾਸਨ ਦੀਆਂ ਪੁਰਾਣੀਆਂ ਆਦਤਾਂ ਤੋਂ ਆਪਣਾ ਛੁਟਕਾਰਾ ਕਰਾਉਣ ਤੋਂ ਅਜੇ ਬਹੁਤ ਦੂਰ ਹੈ ਅਤੇ ਕਿ ਸਤੋਲੀਪਿਨ ਦਾ ਮੁਰਦਾ ਹੱਥ ਅਜੇ ਵੀ ਇਨਕਲਾਬੀ ਮੰਤਰੀਆਂ ਦੇ ਢੰਗਾਂ ਵਿਚ ਅਪਣੇ ਆਪ ਦਾ ਤਕੜੀ ਤਰ੍ਹਾਂ ਅਹਿਸਾਸ ਕਰਾ ਰਿਹਾ ਹੈ ?"

ਇਹ ਸਰਕਾਰੀ ਸੋਸ਼ਲਿਸਟ-ਇਨਕਲਾਬੀਆਂ ਨੇ ਲਿਖਿਆ ਹੈ ! ਜ਼ਰਾ ਸੋਚੋ : ਕੁਲੀਸ਼ਨ ਦੇ ਹਮਾਇਤੀ ਇਹ ਮੰਨਣ ਤੇ ਮਜਬੂਰ ਹਨ ਕਿ ਇਕ ਕਿਸਾਨੀ ਦੇਸ਼ ਵਿਚ ਇਨਕਲਾਬ ਦੇ ਸੱਤਾ ਮਹੀਨਿਆ ਪਿੱਛੋਂ ਭੋਂ-ਪਤੀਆਂ ਵਲੋਂ ਕਿਸਾਨਾ ਦੀ ਗੁਲਾਮੀ ਦੀ "ਅਧੀਨਤਾ ਦਾ ਖਾਤਮਾ ਕਰਨ ਲਈ ਅਮਲੀ ਤੌਰ ਉਤੇ ਕੁਝ ਵੀ ਨਹੀਂ ਕੀਤਾ ਗਿਆ" ਇਹ ਸੋਸ਼ਲਿਸਟ-ਇਨਕਲਾਬੀਏ ਆਪਣੇ ਸਹਿਕਾਰੀ ਕੇਰੇਨਸਕੀ ਨੂੰ ਅਤੇ ਉਹਦੇ ਮੰਤਰੀਆਂ ਦੇ ਟੋਲੇ ਨੂੰ **ਸਤੋਲੀਪਿਨਾਂ** ਦਾ ਨਾਂ ਦੇਣ ਉਤੇ ਮਜਬੂਰ ਹਨ ।

ਕੀ ਸਾਨੂੰ ਇਸ ਬਾਰੇ ਆਪਣੇ ਵਿਰੋਧੀਆਂ ਦੇ ਕੈਂਪ ਵਿਚੋਂ ਇਸ ਨਾਲੋਂ ਠੋਸ ਸਬੂਤ ਮਿਲ ਸਕਦਾ ਸੀ ਕਿ ਕੁਲੀਸ਼ਨ ਢਹਿ-ਢੇਰੀ ਹੋ ਗਈ ਹੈ ਅਤੇ ਕਿ ਸਰਕਾਰੀ ਸੋਸ਼ਲਿਸਟ-ਇਨਕਲਾਬੀਏ, ਜਿਹੜੇ ਕੇਰੇਨਸਕੀ ਨੂੰ ਬਰਦਾਸ਼ਤ ਕਰਦੇ ਹਨ, **ਲੋਕ-ਵਿਰੋਧੀ, ਕਿਸਾਨ-ਵਿਰੋਧੀ ਤੇ ਉਲਟ-ਇਨਕਲਾਬੀ ਪਾਰਟੀ** ਬਣ ਗਏ ਹਨ ਸਗੋਂ ਇਸ ਬਾਰੇ ਵੀ ਕਿ ਪੂਰਾ ਰੂਸੀ ਇਨਕਲਾਬ ਇਕ ਮੋੜ ਉਤੇ ਪਹੁੰਚ ਗਿਆ ਹੈ, ਆਪਣੇ ਵਿਰੋਧੀਆਂ ਦੇ ਕੈਂਪ ਤੋਂ ਇਸ ਨਾਲੋਂ ਵਧੇਰੇ ਸਪੱਸ਼ਟ ਸਬੂਤ ਹਾਸਲ ਹੋ ਸਕਦਾ ਹੈ ?

ਇਕ ਕਿਸਾਨੀ ਦੇਸ ਵਿਚ ਸੋਸ਼ਲਿਸਟ-ਇਨਕਲਾਬੀ ਕੇਰੇਨਸਕੀ ਦੀ ਹਕੂਮਤ ਵਿਰੁਧ ਮੇਨਸ਼ਵਿਕ ਨਿਕੀਤਿਨ ਤੇ ਗਵੋਜ਼ਦੀਓਵ ਅਤੇ ਦੂਜੇ ਮੰਤਰੀਆਂ ਵਿਰੁਧ ਜਿਹੜੇ ਪੂੰਜੀ ਦੀ ਅਤੇ ਭੋਂ-ਪਤੀਆਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੇ ਹਨ, ਕਿਸਾਨ ਬਗਾਵਤ ਦਾ ਗਣਰਾਜੀ ਸਰਕਾਰ ਵਲੋਂ **ਫੌਜੀ ਕਦਮਾਂ** ਰਾਹੀਂ ਇਸ ਬਗਾਵਤ ਦਾ ਕੁਚਲਿਆ ਜਾਣਾ ।

ਅਜਿਹੇ ਤੱਥਾਂ ਦੇ ਸਾਹਮਣੇ ਕੀ ਕੋਈ ਪ੍ਰੋਲਤਾਰੀਏ ਦਾ ਸੁਚੇਤ ਹਮਾਇਤੀ ਰਹਿ ਸਕਦਾ ਹੈ ਅਤੇ ਇਹਦੇ ਨਾਲ ਹੀ ਇਸ ਤੋਂ ਇਨਕਾਰ ਕਰ ਸਕਦਾ ਹੈ ਕਿ ਸੰਕਟ ਪਰਪੱਕ ਹੋ ਗਿਆ ਹੈ, ਕਿ ਇਨਕਲਾਬ ਅਤਿ ਨਾਜ਼ੁਕ ਪਲ ਥਾਣੀਂ ਲੰਘ ਰਿਹਾ ਹੈ, ਕਿ ਕਿਸਾਨ-ਬਗਾਵਤ

ਉਪਰ ਹਕੂਮਤ ਦੀ ਜਿੱਤ ਹੁਣ ਇਨਕਲਾਬ ਦੀ ਮੌਤ ਦੀ ਘੰਟੀ ਵਜਾ ਦੇਵੇਗੀ, ਕੋਰਨੀਲੋਵ ਦੀ ਬਗਾਵਤ ਦੀ ਆਖਰੀ ਦਿਗ-ਵਿਜੇ ਹੋਵੇਗੀ ?

III

ਇਹ ਸਪੱਸ਼ਟ ਹੈ ਕਿ ਜੇ ਕਿਸੇ ਕਿਸਾਨੀ ਦੇਸ਼ ਵਿਚ ਜਮਹੂਰੀ ਗਣਰਾਜ ਦੇ 7 ਮਹੀਨਿਆਂ ਪਿੱਛੋਂ ਮਾਮਲੇ ਕਿਸਾਨ ਬਗਾਵਤ ਤੱਕ ਪਹੁੰਚ ਜਾਂਦੇ ਹਨ ਤਾਂ ਇਹ ਗੱਲ ਅਖੰਡਨੀ ਤੌਰ ਤੇ ਸਿੱਧ ਹੋ ਜਾਂਦੀ ਹੈ ਕਿ ਇਨਕਲਾਬ ਰਾਸ਼ਟਰ-ਵਿਆਪੀ ਤਬਾਹੀ ਦਾ ਸ਼ਿਕਾਰ ਹੋ ਰਿਹਾ ਹੈ ਕਿ ਇਹ ਬੇ-ਮਿਸਾਲ ਸ਼ਿੱਦਤ ਤੇ ਸੰਕਟ ਵਿਚੋਂ ਲੰਘ ਰਿਹਾ ਹੈ ਕਿ ਉਲਟ-ਇਨਕਲਾਬ ਦੀਆਂ ਤਾਕਤਾਂ ਹੱਦਾਂ-ਬੰਨੇ ਟੱਪ ਗਈਆਂ ਹਨ।

ਇਹ ਗੱਲ ਸਪੱਸ਼ਟ ਹੈ ਕਿ ਕਿਸਾਨੀ ਬਗਾਵਤ ਵਰਗੀ ਹਕੀਕਤ ਦੇ ਸਾਹਮਣੇ ਦੂਜੀਆਂ ਸਭਨਾਂ ਰਾਜਸੀ ਨਿਸ਼ਾਨੀਆਂ ਦੀ ਬਿਲਕੁਲ ਹੀ ਕੋਈ ਮੱਹਤਤਾ ਨਹੀਂ। ਨਿਸ਼ਾਨੀਆਂ ਭਾਵੇਂ ਉਹ ਇਸ ਤੱਥ ਦੀ ਹੀ ਵਿਰੋਧਤਾਈ ਕਿਉਂ ਨਾ ਕਰਨ ਕਿ ਰਾਸ਼ਟਰ-ਵਿਆਪੀ ਸੰਕਟ ਪਰਪੱਕ ਹੋ ਰਿਹਾ ਹੈ।

ਪਰ ਇਹਦੇ ਉਲਟ ਸਭ ਨਿਸ਼ਾਨੀਆਂ ਇਹ ਜ਼ਰੂਰ ਦੱਸਦੀਆਂ ਹਨ ਕਿ ਰਾਸ਼ਟਰ-ਵਿਆਪੀ ਸੰਕਟ ਪਰਪੱਕ ਹੋ ਗਿਆ ਹੈ। ਜ਼ਰਈ ਸਵਾਲ ਤੋਂ ਬਾਅਦ ਕੌਮੀ ਸਵਾਲ ਰੂਸ ਦੇ ਰਾਜਸੀ ਮਾਮਲਿਆ ਵਿਚ ਸਭ ਤੋਂ ਅਹਿਮ ਸਵਾਲ ਹੈ ਖ਼ਾਸ ਕਰਕੇ ਵਸੋਂ ਦੇ ਨਿੱਕ-ਬੁਰਜੂਆ ਸਮੂਹ ਲਈ। ਅਤੇ "ਜਮਹੂਰੀ" ਕਾਨਫਰੰਸ ਵਿਚ, ਜੋ ਸ੍ਰੀ ਤਸੇਰੇਤੇਲੀ ਐਂਡ ਕੰਪਨੀ ਨੇ ਨਿਰਧਾਰਤ ਕੀਤੀ ਸੀ, ਅਸੀਂ ਵੇਖਦੇ ਹਾਂ ਕਿ "ਰਾਸ਼ਟਰੀ" ਕਿਉਰੀਆ ਰੈਡੀਕਲਿਜ਼ਮ ਤੋਂ ਅਗਲਾ ਸਥਾਨ ਲੈਂਦਾ ਹੈ। ਸਿਰਫ ਟਰੇਡ ਯੂਨੀਅਨਾਂ ਅੱਗੇ ਝੁਕਦਾ ਹੈ ਅਤੇ ਕੁਲੀਸ਼ਨ ਵਿਰੁੱਧ ਪਈਆਂ ਵੋਟਾਂ ਦੀ ਫੀਸਦੀ (55 ਵਿਚੋਂ 40) ਦੇ ਲਿਹਾਜ਼ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਕਿਊਰੀਏ ਤੋਂ ਵੱਧ ਹੈ। ਕੇਰੇਨਸਕੀ ਹਕੂਮਤ—ਕਿਸਾਨੀ ਬਗ਼ਾਵਤ ਨੂੰ ਦਬਾਉਣ ਵਾਲੀ ਹਕੂਮਤ—ਪਿੱਛ ਖਿੱਚੂ ਫਿੱਨੀ ਬੁਰਜੁਆਜ਼ੀ ਨੂੰ ਮਜ਼ਬੂਤ ਕਰਨ ਲਈ ਫਿਨਲੈਂਡ ਤੋਂ ਇਨਕਲਾਬੀ ਫੌਜ ਨੂੰ ਕੱਢ ਰਹੀ ਹੈ। ਯੂਕਰੇਨ ਵਿਚ ਆਮ ਰੂਪ ਵਿਚ ਯੂਕਰੇਨੀਆਂ ਦੇ ਅਤੇ ਖ਼ਾਸ ਤੌਰ ਉਤੇ ਯੂਕਰੇਨੀ ਫ਼ੌਜੀ ਟੋਲੀਆ ਦੇ ਹਕੂਮਤ ਨਾਲ ਝਗੜੇ ਸਦਾ ਵਧੇਰੇ ਆਮ ਹੋ ਰਹੇ ਹਨ।

ਨਾਲੇ ਆਓ, ਫ਼ੌਜ ਦੀ ਗੱਲ ਕਰੀਏ ਜੋ ਜੰਗ ਦੇ ਸਮੇਂ ਸਭਨਾਂ ਰਾਜਕੀ ਮਾਮਲਿਆਂ ਵਿਚ ਖ਼ਾਸ ਤੌਰ ਤੇ ਵੱਡਾ ਰੋਲ ਅਦਾ ਕਰਦੀ ਹੈ। ਅਸੀਂ ਵੇਖਦੇ ਹਾਂ ਕਿ ਫਿਨਲੈਂਡ ਵਿਚ ਥਲ-ਸੈਨਾ ਦਾ ਅਤੇ ਬਾਲਟਿਕ ਵਿਚ ਬਹਿਰੀ ਬੇੜੇ ਦਾ ਹਕੂਮਤ ਨਾਲੋਂ ਪੂਰੀ ਤਰ੍ਹਾਂ ਰਾਹਾਂ ਦਾ ਨਿਖੇੜ ਹੋ ਗਿਆ ਹੈ। ਸਾਡੇ ਸਾਹਮਣੇ ਇਕ ਗ਼ੈਰ-ਬਾਲਸ਼ਵਿਕ ਅਫਸਰ, ਦੂਬਾਸੋਵ ਦੀ ਗਵਾਹੀ ਹੈ, ਜਿਹੜਾ ਪੂਰੇ ਮੋਰਚੇ ਵਲੋਂ ਬੋਲਦਾ ਹੈ ਅਤੇ ਕਿਸੇ ਵੀ ਬਾਲਸ਼ਵਿਕ ਦੇ ਢੰਗ ਨਾਲੋਂ ਵਧੇਰੇ ਇਨਕਲਾਬੀ ਢੰਗ ਨਾਲ ਐਲਾਨ ਕਰਦਾ ਹੈ ਕਿ ਹੁਣ ਸਿਪਾਹੀ ਬਿਲਕੁਲ ਨਹੀਂ ਲੜਨਗੇ। ਸਾਡੇ ਸਾਹਮਣੇ ਸਰਕਾਰੀ ਰਿਪੋਰਟਾਂ ਹਨ, ਜਿਹਨਾਂ ਵਿਚ ਦੱਸਿਆ ਗਿਆ ਹੈ ਕਿ ਸਿਪਾਹੀ "ਐਜੀਟੇਸ਼ਨ" ਦੀ ਅਵਸਥਾ ਵਿਚ ਹਨ ਅਤੇ "ਨੈਤਿਕ ਪ੍ਰਣਾਲੀ" ਕਾਇਮ ਰੱਖਣ ਦੀ (ਅਰਥਾਤ ਕਿਸਾਨਾਂ ਦੀ ਬਗ਼ਾਵਤ ਦਬਾਉਣ ਵਿਚ ਇਹਨਾਂ ਫ਼ੌਜੀ ਦਸਤਿਆਂ ਦੀ ਸ਼ਮੂਲੀ ਦੀ) ਜ਼ਾਮਨੀ ਦੇਣਾ ਅਸੰਭਵ ਹੈ। ਸਾਡੇ ਸਾਹਮਣੇ ਅੰਤ ਮਾਸਕੋ ਵਿਖੇ ਪਈਆਂ ਵੋਟਾਂ ਹਨ ਜਿਥੇ ਸਤਾਰਾਂ ਹਜ਼ਾਰ ਸਿਪਾਹੀਆਂ ਵਿਚੋਂ 14 ਹਜ਼ਾਰ ਸਿਪਾਹੀਆਂ ਨੇ ਬਾਲਸ਼ਵਿਕਾਂ ਨੂੰ ਵੋਟਾਂ ਪਾਈਆਂ ਹਨ।

ਮਾਸਕੋ ਵਿਖੇ ਜ਼ਿਲ੍ਹਾ ਕੌਂਸਲਾਂ ਦੀਆਂ ਚੋਣਾਂ ਵਿਚ ਇਹ ਵੋਟ ਆਮ ਰੂਪ ਵਿਚ ਉਸ ਡੂੰਘੀ ਤਬਦੀਲੀ ਦਾ ਅਤਿ ਧਿਆਨ-ਖਿੱਚਵਾਂ ਚਿੰਨ੍ਹ ਹੈ ਜੋ ਸਮੁੱਚੇ ਰਾਸ਼ਟਰ ਦੇ ਰਉਂ ਵਿਚ ਹੋਈ ਹੈ। ਇਹਦਾ ਤਾਂ ਆਮ ਪਤਾ ਹੈ ਕਿ ਪੀਤਰੋਗਰਾਦ ਨਾਲੋਂ ਮਾਸਕੋ ਵਧੇਰੇ ਨਿੱਕ-ਬੁਰਜੂਆ ਹੈ। ਇਹ ਇਕ ਤੱਥ ਹੈ ਜਿਸ ਦੀ ਅਕਸਰ ਪੁਸ਼ਟੀ ਹੋਈ ਹੈ ਤੇ ਨਿਰਵਿਵਾਦ ਹੈ ਕਿ ਮਾਸਕੋ ਦੇ ਪਰੋਲਤਾਰੀਏ ਦੇ ਪਿੰਡਾਂ ਨਾਲ ਕਿਤੇ ਵਧੇਰੇ ਸਬੰਧ ਹਨ, ਸਬੰਧ ਗਿਣਤੀ ਦੇ ਲਿਹਾਜ਼ ਜਿਹਨਾਂ ਦਾ ਕੋਈ ਮੁਕਾਬਲਾ ਨਹੀਂ ਕਿ ਇਹਦੀ ਕਿਸਾਨਾਂ ਨਾਲ ਵਧੇਰੇ ਹਮਦਰਦੀ ਹੈ ਅਤੇ ਇਹ ਕਿਸਾਨ ਦੇ ਜਜ਼ਬਿਆਂ ਦੇ ਵਧੇਰੇ ਨੇੜੇ ਹੈ।

ਮਾਸਕੋ ਵਿਚ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਨੂੰ ਪਈ ਵੋਟ ਜੂਨ ਵਿਚ 70 ਫੀਸਦੀ ਤੋਂ ਘੱਟ ਕੇ 18 ਫੀਸਦੀ ਰਹਿ ਗਈ। ਇਸ ਬਾਰੇ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਨਿੱਕ-ਬੁਰਜੂਆਜ਼ੀ ਅਤੇ ਲੋਕ ਕੁਲੀਸ਼ਨ ਤੋਂ ਦੂਰ ਚਲੇ ਗਏ ਹਨ। ਕੇਡਿਟਾਂ ਨੇ ਆਪਣੀ ਤਾਕਤ 17 ਤੋਂ ਵਧਾ ਕੇ 30 ਫੀਸਦੀ ਕਰ ਲਈ ਹੈ ਪਰ ਉਹ ਘੱਟ ਗਿਣਤੀ ਵਿਚ ਹਨ, ਬਾਵਜੂਦ ਇਸ ਪੱਖ ਦੇ ਕਿ "ਸੱਜੇ-ਪੱਖੀ" ਸੋਸ਼ਲਿਸਟ-ਇਨਕਲਾਬੀ ਅਤੇ 'ਸੱਜੇ ਪੱਖੀ' ਮੈਨਸ਼ਵਿਕ ਉਹਨਾਂ ਵਿਚ ਸਪੱਸ਼ਟ ਤੌਰ ਉਤੇ ਸਾਮਲ ਹੋ ਗਏ ਹਨ। **ਰੂਸਕੀ ਵੇਦੋਮੋਸਤੀ** ਲਿਖਦਾ ਹੈ ਕਿ ਕੇਡਿਟਾਂ ਲਈ ਪਈਆਂ ਵੋਟਾਂ ਦੀ **ਕੁਲ ਕੇਵਲ** ਗਿਣਤੀ 67,000 ਤੋਂ ਘਟ ਕੇ 62,000 ਰਹਿ ਗਈ। ਬਸ ਬਾਲਸ਼ਵਿਕਾਂ ਨੂੰ ਪਈਆਂ ਵੋਟਾਂ ਹੀ ਵਧੀਆਂ: 34,000 ਤੋਂ 82,000। ਉਹਨਾਂ ਨੂੰ ਕੁਲ ਵੋਟਾਂ ਦਾ 47 ਫੀਸਦੀ ਮਿਲਿਆ। ਇਸ ਬਾਰੇ ਤਾਂ ਉਕਾ ਹੀ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਖੱਬੇ ਸੋਸ਼ਲਿਸਟ-ਇਨਕਲਾਬੀਆਂ ਨਾਲ ਮਿਲ ਕੇ ਸੋਵੀਅਤਾਂ ਵਿਚ ਫੌਜ ਵਿਚ ਅਤੇ **ਪਿੰਡਾਂ ਵਿਚ** ਹੁਣ ਸਾਡੀ ਬਹੁ-ਗਿਣਤੀ ਹੈ।

ਚਿੰਨ੍ਹਾਂ ਵਿਚ, ਜਿਹਨਾਂ ਦਾ ਸਿਰਫ਼ ਚਿੰਨ੍ਹ-ਮਈ ਹੀ ਨਹੀਂ ਸਗੋਂ ਬਹੁਤ ਅਸਲੀ ਮਹੱਤਵ ਵੀ ਹੈ, ਇਹ ਤੱਥ ਸ਼ਾਮਲ ਹੈ ਕਿ ਰੇਲਵੇ ਤੇ ਡਾਕ ਦੇ ਮੁਲਾਜ਼ਮਾਂ ਦੇ ਦਲਾਂ ਦਾ ਜਿਹਨਾਂ ਦੀ ਆਮ ਆਰਥਕ, ਰਾਜਸੀ ਤੇ ਫ਼ੌਜੀ ਦ੍ਰਿਸ਼ਟੀਕੋਣ ਤੋਂ ਪਹਿਲਾਂ ਬਹੁਤ ਜ਼ਿਆਦਾ ਮਹੱਤਤਾ ਹੈ ਹਕੂਮਤ ਨਾਲ ਤਿੱਖਾ ਝਗੜਾ ਜਾਰੀ ਹੈ। ਇਥੋਂ ਤੱਕ ਕਿ ਮੈਨਸ਼ਵਿਕ ਰੱਖਿਆਵਾਦੀ ਵੀ ਆਪਣੇ ਮੰਤਰੀ, ਨਿਕੀਤਿਨ ਤੋਂ ਅਸੰਤੁਸ਼ਟ ਹਨ ਅਤੇ ਸਰਕਾਰੀ ਸੋਸ਼ਲਿਸਟ-ਇਨਕਲਾਬੀਏ ਕੇਰੇਨਸਕੀ ਐਂਡ ਕੰਪਨੀ ਨੂੰ "ਸਤੋਲੀਪਿਨ" ਆਖਦੇ ਹਨ। ਕੀ ਇਹ ਸਪੱਸ਼ਟ ਨਹੀਂ ਕਿ ਜੇ ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਵਲੋਂ ਹਕੂਮਤ ਨੂੰ ਕੋਈ "ਹਮਾਇਤ" ਹਾਸਲ ਵੀ ਹੈ ਤਾਂ ਸਿਰਫ਼ ਮਨਫ਼ੀ ਕਦਰ ਵਾਲੀ ਹੀ ਹੈ?

IV

... ...

V

ਹਾਂ, ਕੇਂਦਰੀ ਕਾਰਜ-ਸਾਧਕ ਕਮੇਟੀ ਦੇ ਆਗੂ ਬੁਰਜੂਆਜ਼ੀ ਤੇ ਭੋਂ-ਪਤੀਆਂ ਦੀ ਰੱਖਿਆ ਦੇ ਸਹੀ ਦਾਅ-ਪੇਚ ਅਖਤਿਆਰ ਕਰ ਰਹੇ ਹਨ ਅਤੇ ਇਸ ਬਾਰੇ ਰੱਤਾ ਜਿੰਨਾ ਵੀ ਸ਼ੱਕ ਨਹੀਂ ਕਿ ਜੇ ਬਾਲਸ਼ਵਿਕ ਆਪਣੇ ਆਪ ਨੂੰ ਸੰਵਿਧਾਨਿਕ ਭੁਲਾਵਿਆਂ ਦੇ ਜਾਲ, ਸੋਵੀਅਤਾਂ ਦੀ ਕਾਂਗਰਸ ਵਿਚ ਅਤੇ ਸੰਵਿਧਾਨਕ ਸਭਾ ਬੁਲਾਏ ਜਾਣ ਵਿਚ "ਵਿਸ਼ਵਾਸ" ਸੋਵੀਅਤਾਂ ਦੀ ਕਾਂਗਰਸ ਦਾ 'ਇੰਤਜ਼ਾਰ'

ਕਰਨ ਆਦਿ ਦੇ ਜਾਲ ਵਿਚ ਫਸਾਉਣ ਦੀ ਆਗਿਆ ਦੇ ਦੇਂਦੇ—ਇਹਨਾਂ ਬਾਲਸ਼ਵਿਕਾਂ ਨੇ ਅਤਿ ਨਿਸਚਿਤ ਤੌਰ ਉਤੇ ਪਰੋਲਤਾਰੀ ਕਾਜ਼ ਵੱਲ **ਗਏ ਗੁਜ਼ਰੇ ਗ਼ੱਦਾਰ** ਹੋਣਾ ਸੀ।

ਉਹ ਕਾਜ਼ ਵੱਲ ਗ਼ੱਦਾਰ ਹੋਣੇ ਸਨ ਕਿਉਂਕਿ ਆਪਣੇ ਚਲਣ ਨਾਲ ਉਹਨਾਂ ਨੇ ਜਰਮਨ ਇਨਕਲਾਬੀ ਮਜ਼ਦੂਰਾਂ ਨਾਲ ਗ਼ੱਦਾਰੀ ਕਰਨੀ ਸੀ ਜਿਨ੍ਹਾਂ ਨੇ ਜਲ-ਸੈਨਾ ਵਿਚ ਬਗ਼ਾਵਤ ਸ਼ੁਰੂ ਕਰ ਦਿੱਤੀ ਹੋਈ ਹੈ। ਅਜਿਹੇ ਹਾਲਾਤ ਵਿਚ ਸੋਵੀਅਤਾਂ ਦੀ ਕਾਂਗਰਸ ਨੂੰ 'ਉਡੀਕਣਾ' ਆਦਿ **ਕੌਮਾਂਤਰੀਵਾਦ ਨਾਲ ਗ਼ੱਦਾਰੀ** ਸੰਸਾਰ ਸੋਸ਼ਲਿਸਟ ਇਨਕਲਾਬ ਦੇ ਕਾਜ਼ ਨਾਲ ਗ਼ੱਦਾਰੀ ਹੋਣੀ ਸੀ।

ਕਿਉਂਕਿ ਕੌਮਾਂਤਰੀਵਾਦ ਕਰਨੀ ਵਿਚ ਹੁੰਦਾ ਹੈ ਅਤੇ ਸ਼ਬਦਾ ਵਿਚ ਨਹੀਂ ਹੁੰਦਾ, ਇਕ-ਮੁੱਠਤਾ ਦੇ ਪ੍ਰਗਟਾਵਿਆਂ ਵਿਚ ਨਹੀਂ ਹੁੰਦਾ, ਮਤਿਆਂ ਵਿਚ ਨਹੀਂ ਹੁੰਦਾ।

ਬਾਲਸ਼ਵਿਕ **ਕਿਸਾਨਾਂ** ਦੇ ਗ਼ੱਦਾਰ ਹੋਣੇ ਸਨ ਕਿਉਂਕਿ ਹਕੂਮਤ ਵਲੋਂ ਕਿਸਾਨ ਬਗ਼ਾਵਤ ਨੂੰ ਦਬਾਏ ਜਾਣ ਨੂੰ ਬਰਦਾਸ਼ਤ ਕਰਨਾ ਪੂਰੇ ਇਨਕਲਾਬ ਨੂੰ **ਤਬਾਹ ਕਰਨਾ**, ਇਹ ਨੂੰ ਸਦਾ ਸਦਾ ਲਈ ਤਬਾਹ ਕਰਨਾ ਹੋਵੇਗਾ। ਹਕੂਮਤ, ਜਿਸ ਦਾ ਮੁਕਾਬਲਾ **ਦਾਈਲੋ ਨਾਰੋਦਾ** ਵੀ ਸਤੋਲੀਪਿਨ ਹਕੂਮਤ ਨਾਲ ਕਰਦਾ ਹੈ,ਵਲੋਂ ਅਰਾਜਕਤਾ ਬਾਰੇ ਅਤੇ ਲੋਕਾਂ ਦੀ ਵੱਧਦੀ ਹੋਈ ਬੇ-ਪ੍ਰਵਾਹੀ ਬਾਰੇ ਚੀਕ-ਚਿਹਾੜਾ ਪਾਇਆ ਜਾਂਦਾ ਹੈ, ਪਰ ਜਦੋਂ ਕਿਸਾਨਾਂ ਨੂੰ ਬਗ਼ਾਵਤ ਕਰਨ ਲਈ ਧੱਕਿਆ ਗਿਆ ਹੈ ਜਦ ਕਿ ਅਖੌਤੀ "ਇਨਕਲਾਬੀ ਜਮਹੂਰੀਅਤ-ਪਸੰਦ" ਫੌਜੀ ਤਾਕਤ ਵਲੋਂ ਇਹਦੇ ਦਬਾਏ ਜਾਣ ਨੂੰ ਸਬਰ ਨਾਲ ਬਰਦਾਸ਼ਤ ਕਰ ਰਹੇ ਹਨ ਤਾਂ ਲੋਕ ਜੇ ਬੇ-ਪਰਵਾਹ ਨਾ ਹੋਣ ਤਾਂ ਕੀ ਹੋਣ ?

ਬਾਲਸ਼ਵਿਕ-ਜਮਹੂਰੀਅਤ ਅਤੇ ਆਜ਼ਾਦੀ ਦੇ ਗ਼ੱਦਾਰ ਹੋਣੇ ਸਨ ਕਿਉਂਕਿ ਅਜਿਹੀ ਘੜੀ ਕਿਸਾਨ ਬਗ਼ਾਵਤ ਨੂੰ ਦਬਾਏ ਜਾਣ ਨੂੰ ਬਰਦਾਸ਼ਤ ਕਰਨ ਦੇ **ਅਰਥ** ਹਨ ਸੰਵਿਧਾਨਕ ਸਭਾ ਦੀਆਂ ਚੋਣਾਂ ਨੂੰ **ਠੀਕ ਠੀਕ ਉਸੇ** ਢੰਗ ਨਾਲ ਮਿੱਥਣ ਦੀ ਆਗਿਆ ਦੇਣਾ ਜਿਵੇਂ ਜਮਹੂਰੀ ਕਾਨਫਰੰਸ ਅਤੇ "ਪੂਰਵ-ਪਾਰਲੀਮੈਂਟ" ਨੂੰ ਮਿਥਿਆ ਗਿਆ ਸੀ ਬੱਸ ਹੋਰ ਵੀ ਮਾੜੀ ਤਰ੍ਹਾਂ ਹੋਰ ਵੀ ਭੱਦੀ ਤਰ੍ਹਾਂ।

ਸੰਕਟ ਪਰਪੱਕ ਹੋ ਗਿਆ ਹੈ। ਰੂਸੀ ਇਨਕਲਾਬ ਦਾ ਪੂਰਾ ਭਵਿੱਖ ਦਾਅ ਉਤੇ ਲੱਗਿਆ ਹੋਇਆ ਹੈ। ਬਾਲਸ਼ਵਿਕ ਪਾਰਟੀ ਦਾ ਵਕਾਰ ਵਿਵਾਦ ਦਾ ਵਿਸ਼ਾ ਹੈ। ਸੋਸ਼ਲਿਜ਼ਮ ਲਈ ਮਜ਼ਦੂਰਾਂ ਦੇ ਕੌਮਾਂਤਰੀ ਇਨਕਲਾਬ ਦਾ ਪੂਰਾ ਭਵਿੱਖ ਹੀ ਦਾਅ ਉਤੇ ਲੱਗਾ ਹੋਇਆ ਹੈ।

ਸੰਕਟ ਪਰਪੱਕ ਹੋ ਗਿਆ ਹੈ...

29 ਸਤੰਬਰ 1917

'ਇਸ ਨੁਕਤੇ ਸਬੰਧੀ ਸਬੰਧੀ ਸਭ ਕੁਝ ਪ੍ਰਕਾਸ਼ਤ ਕੀਤਾ ਜਾ ਸਕਦਾ ਹੈ ਪਰ ਜੋ ਕੁਝ ਦਿੱਤਾ ਜਾ ਰਿਹਾ ਹੈ ਉਹ **ਕੇਂਦਰੀ ਕਮੇਟੀ, ਪੀਤਰੋਗਰਾਦ ਕਮੇਟੀ, ਮਾਸਕੋ ਕਮੇਟੀ ਦੇ ਅਤੇ ਸੋਵੀਅਤਾਂ ਦੇ** ਮੈਂਬਰਾਂ ਵਿਚਕਾਰ **ਵੰਡਣ ਲਈ ਹੈ।**

VI

ਤਾਂ ਫਿਰ ਕੀਤਾ ਕੀ ਜਾਵੇ ? ਸਾਡੇ ਲਈ ਜ਼ਰੂਰੀ ਹੈ "ਤੱਥਾਂ ਨੂੰ ਬਿਆਨ

ਕਰੀਏ" ਇਹ ਸੱਚ ਮੰਨੀਏ ਕਿ ਸਾਡੀ ਕੇਂਦਰੀ ਕਮੇਟੀ ਵਿਚ ਸਾਡੀ ਪਾਰਟੀ ਦੇ ਆਗੂਆਂ ਵਿਚ ਇਕ ਰੁਚੀ ਜਾਂ ਇਕ ਰਾਏ ਪਾਈ ਜਾਂਦੀ ਹੈ ਜਿਹੜੀ ਸੋਵੀਅਤਾਂ ਦੀ ਕਾਂਗਰਸ ਨੂੰ ਉਡੀਕਣ ਦੇ ਹੱਕ ਵਿਚ ਹੈ ਅਤੇ ਸੱਤਾ ਉਤੇ ਤੁਰੰਤ ਹੀ ਕਬਜ਼ਾ ਕਰਨ ਦੇ ਵਿਰੁਧ ਹੈ, ਤੁਰੰਤ ਬਗ਼ਾਵਤ ਦੇ ਵਿਰੁਧ ਹੈ। ਇਸ ਰੁਚੀ ਜਾਂ ਰਾਏ ਉਤੇ ਕਾਬੂ ਪਾਇਆ ਜਾਣਾ ਚਾਹੀਦਾ ਹੈ।

ਨਹੀਂ ਤਾਂ ਬਾਲਸ਼ਵਿਕ ਆਪਣੇ ਆਪ ਨੂੰ ਸਦੀਵੀ **ਸ਼ਰਮ** ਨਾਲ ਢਕ ਲੈਣਗੇ ਅਤੇ ਇਕ ਪਾਰਟੀ ਵਜੋਂ ਆਪਣੇ ਆਪ ਨੂੰ **ਤਬਾਹ ਕਰ ਦੇਣਗੇ।**

ਕਿਉਂਕਿ ਅਜਿਹੀ ਘੜੀ ਨੂੰ ਖੁੰਝ ਜਾਣ ਦੇਣਾ ਅਤੇ ਸੋਵੀਅਤਾਂ ਦੀ ਕਾਂਗਰਸ ਨੂੰ ਉਡੀਕਣਾ **ਪ੍ਰਤੱਖ ਤੌਰ ਤੇ ਮੂਰਖਤਾ ਜਾਂ ਪ੍ਰਤੱਖ ਤੌਰ ਤੇ ਧੋਖਾ ਹੋਵੇਗਾ।**

ਇਹ ਜਰਮਨ ਮਜ਼ਦੂਰਾਂ ਨਾਲ ਪ੍ਰਤੱਖ ਤੌਰ ਤੇ ਧੋਖਾ ਹੋਵੇਗਾ। ਯਕੀਨਨ ਸਾਨੂੰ ਉਹਨਾਂ ਦਾ ਇਨਕਲਾਬ **ਸ਼ੁਰੂ ਹੋਣ** ਤਕ ਉਡੀਕਣਾ ਨਹੀਂ ਚਾਹੀਦਾ। ਇਸ ਸੂਰਤ ਵਿਚ **ਲੀਬੇਰਦਾਨ ਵੀ** ਇਹਦੀ "ਹਮਾਇਤ ਕਰਨ" ਦੇ ਹੱਕ ਵਿਚ ਹੋਣਗੇ। ਪਰ ਇਹ ਉਨਾ ਚਿਰ ਸ਼ੁਰੂ **ਨਹੀਂ ਹੋ ਸਕਦਾ** ਜਿੰਨਾਂ ਚਿਰ ਸੱਤਾ ਕੇਰੰਨਸਕੀ, ਕਿਸ਼ਕੀਨ ਐਂਡ ਕੰਪਨੀ ਦੇ ਹੱਥ ਹੈ।

ਇਹ ਕਿਸਾਨਾ ਨਾਲ ਪ੍ਰਤੱਖ ਤੌਰ ਤੇ ਧੋਖਾ ਹੋਵੇਗਾ। ਕਿਸਾਨ-ਬਗ਼ਾਵਤ ਦੇ ਦਬਾਏ ਜਾਣ ਦੀ ਆਗਿਆ ਦੇਣਾ, ਜਦੋਂ ਦੋਹਾਂ ਰਾਜਧਾਨੀਆਂ ਦੀਆਂ ਸੋਵੀਅਤਾਂ ਉਤੇ ਸਾਡਾ ਕੰਟਰੋਲ ਹੈ, ਕਿਸਾਨਾਂ ਦੇ ਵਿਸ਼ਵਾਸ਼ ਦੇ ਹਰ ਅੰਸ਼ ਨੂੰ **ਗੁਆਉਣਾ ਨਿਆਈਂ ਤੌਰ ਉਤੇ ਗੁਆਉਣਾ** ਹੋਵੇਗਾ। ਕਿਸਾਨਾਂ ਦੀਆਂ ਨਜ਼ਰਾਂ ਵਿਚ ਅਸੀਂ ਆਪਣੇ ਆਪ ਨੂੰ ਲੀਬੇਰਦਾਨਾਂ ਅਤੇ ਦੂਜੇ ਬਦਮਾਸ਼ਾਂ ਦੀ ਪੱਧਰ ਉਤੇ ਰੱਖ ਰਹੇ ਹੋਵਾਂਗੇ।

ਸੋਵੀਅਤਾਂ ਦੀ ਕਾਂਗਰਸ ਨੂੰ "ਉਡੀਕਣਾ" ਨਿਰੀ ਮੂਰਖਤਾ ਹੋਵੇਗੀ ਕਿਉਂਕਿ ਇਹਦੇ ਅਰਥ ਹੋਣਗੇ ਉਸ ਸਮੇਂ **ਹਫਤੇ** ਗੁਆਣਾ ਜਦੋਂ ਹਫਤੇ ਇਥੋਂ ਤਕ ਕਿ ਦਿਨ ਵੀ **ਸਭ ਕਾਸੇ** ਦਾ ਫ਼ੈਸਲਾ ਕਰਦੇ ਹਨ। ਇਹਦੇ ਅਰਥ ਹੋਣਗੇ ਕਮਜ਼ੋਰ-ਦਿਲੀ ਨਾਲ ਸੱਤਾ ਦਾ **ਤਿਆਗ** ਕਿਉਂਕਿ 1-2 ਨਵੰਬਰ ਨੂੰ ਸੱਤਾ ਉਤੇ ਕਬਜ਼ਾ ਅਸੰਭਵ ਹੋ ਜਾਣਾ ਸੀ (ਰਾਜਸੀ ਤੌਰ ਉਤੇ ਵੀ ਤੇ ਟੈਕਨੀਕਲ ਤੌਰ ਉਤੇ ਵੀ ਕਿਉਂ ਜੋ ਬਗ਼ਾਵਤ ਦੇ ਦਿਨ ਲਈ ਕਜ਼ਾਕਾਂ ਨੂੰ ਲਾਮਬੰਦ ਕਰ ਲਿਆ ਜਾਣਾ ਸੀ, ਦਿਨ ਜੋ ਏਨੀ ਮੂਰਖਤਾ ਨਾਲ ਨੀਯਤ ਕੀਤਾ ਗਿਆ ਸੀ[1]) ਸੋਵੀਅਤਾਂ ਦੀ ਕਾਂਗਰਸ ਨੂੰ "ਉਡੀਕਣਾ" ਮੂਰਖਤਾ ਹੈ ਕਿਉਂ ਕਿ ਇਹ ਕਾਂਗਰਸ **ਕੁਝ ਨਹੀਂ ਦੇਵੇਗੀ ਅਤੇ ਕੁਝ ਨਹੀਂ ਦੇ ਸਕਦੀ।**

"ਇਖਲਾਕੀ" ਮਹੱਤਤਾ? ਲੀਬੇਰਦਾਨਾਂ ਨਾਲ ਮਤਿਆ ਦੀ ਤੇ ਗੱਲਾਂਬਾਤਾਂ ਦੀ "ਮਹੱਤਤਾ" ਦੀ ਗੱਲ ਕਰਨਾ ਠੀਕ ਹੀ ਅਜੀਬ ਹੈ, ਜਦੋਂ ਅਸੀਂ ਜਾਣਦੇ ਹਾਂ ਕਿ ਸੋਵੀਅਤਾਂ ਕਿਸਾਨੀ ਦੀਆਂ **ਹਮਾਇਤੀ** ਹਨ ਅਤੇ ਕਿ ਕਿਸਾਨ ਬਗ਼ਾਵਤ **ਦਬਾਈ ਜਾ ਰਹੀ ਹੈ।** ਅਸੀਂ ਸੋਵੀਅਤਾਂ ਨੂੰ ਗਏ-ਗੁਜ਼ਰੇ ਵਿਵਾਦ-ਗ੍ਰਹਿਆਂ ਤੱਕ ਘਟਾ ਰਹੇ ਹੋਵਾਂਗੇ। ਪਹਿਲਾ ਕੇਰੰਨਸਕੀ ਨੂੰ ਹਾਰ ਦਿਓ, ਫੇਰ ਕਾਂਗਰਸ ਬੁਲਾਓ।

[1] "ਸੱਤਾ ਉਤੇ ਕਬਜ਼ਾ ਕਰਨ" ਬਾਰੇ ਫੈਸਲਾ ਕਰਨ ਲਈ 20 ਅਕਤੂਬਰ ਨੂੰ ਸੋਵੀਅਤਾਂ ਦੀ ਕਾਂਗਰਸ "ਬੁਲਾਉਣਾ"—ਇਹ ਭਲਾ ਮੂਰਖਤਾ ਨਾਲ ਬਗ਼ਾਵਤ "ਨੀਯਤ ਕਰਨ" ਤੋਂ ਕਿਵੇਂ ਵੱਖਰਾ ਹੈ? ਹੁਣ ਸੱਤਾ ਉਤੇ ਕਬਜ਼ਾ ਸੰਭਵ ਹੈ ਜਦ ਕਿ 20—29 ਅਕਤੂਬਰ ਨੂੰ ਤੁਹਾਨੂੰ ਇਹਦਾ ਮੌਕਾ ਨਹੀਂ ਸੀ ਮਿਲਣਾ।

ਹੁਣ ਬਾਲਸ਼ਵਿਕਾਂ ਨੂੰ ਬਗ਼ਾਵਤ ਦੀ ਸਫਲਤਾ ਦੀ ਜ਼ਾਮਨੀ ਪ੍ਰਾਪਤ ਹੈ : (1) ਅਸੀਂ ਤਿੰਨ ਨੁਕਤਿਆਂ ਤੋਂ—ਪੀਤਰੋਗਰਾਦ ਤੋਂ, ਮਾਸਕੋ ਤੋਂ ਅਤੇ ਬਾਲਟਿਕ ਬਹਿਰੀ ਬੇੜੇ ਤੋਂ—ਅਚਿੰਤੇ ਹਮਲਾ ਕਰ ਸਕਦੇ ਹਾਂ[1] (ਜੇ ਕਰ ਅਸੀਂ ਸੋਵੀਅਤ ਕਾਂਗਰਸ ਨੂੰ ਨਾ "ਉਡੀਕੀਏ") (2) ਸਾਡੇ ਕੋਲ ਨਾਹਰੇ ਹਨ ਜਿਹੜੇ ਸਾਨੂੰ ਹਮਾਇਤ ਦੀ ਜ਼ਾਮਨੀ ਦਿੰਦੇ ਹਨ—ਹਕੂਮਤ ਜਿਹੜੀ ਭੋਂ-ਪਤੀਆਂ ਵਿਰੁਧ ਕਿਸਾਨਾਂ ਦੀ ਬਗ਼ਾਵਤ ਨੂੰ ਦਬਾ ਰਹੀ ਹੈ, ਮੁਰਦਾਬਾਦ ! (3) **ਪਿੰਡਾਂ ਵਿਚ** ਸਾਡੀ ਬਹੁ-ਗਿਣਤੀ ਹੈ, (4) ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਵਿਚ ਅਸੰਗਠਨ ਮੁਕੰਮਲ ਹੈ ; (5) ਟੈਕਨੀਕਲ ਤੌਰ ਉਤੇ ਅਸੀਂ ਮਾਸਕੋ ਵਿਖੇ ਸੱਤਾ ਹੱਥ ਲੈਣ ਦੀ ਪੁਜ਼ੀਸ਼ਨ ਵਿਚ ਹਾਂ (ਜਿਥੇ ਅਰੰਭ ਵੀ ਕੀਤਾ ਜਾ ਸਕਦਾ ਹੈ ਤਾਂ ਜੋ ਦੁਸ਼ਮਣ ਉਤੇ ਅਚਿੰਤੇ ਜਾ ਪਿਆ ਜਾਵੇ) (6) ਸਾਡੇ ਕੋਲ ਪੀਤਰੋਗਰਾਦ ਵਿਚ ਹਜ਼ਾਰਾਂ ਹਥਿਆਰਬੰਦ ਮਜ਼ਦੂਰ ਤੇ ਸਿਪਾਹੀ ਹਨ ਜਿਹੜੇ **ਤੁਰੰਤ ਹੀ** ਸਿਆਲ ਮਹੱਲ, ਜਨਰਲ ਸਟਾਫ ਦੀ ਇਮਾਰਤ, ਟੈਲੀਫੋਨ ਐਕਸਚੇਂਜ ਅਤੇ ਵੱਡੇ ਡਾਕਖਾਨਿਆਂ **ਉਤੇ** ਕਬਜ਼ਾ ਕਰ ਸਕਦੇ ਹਨ । ਕੋਈ ਵੀ ਸਾਨੂੰ ਇਥੋਂ ਬਾਹਰ ਨਹੀਂ ਕੱਢ ਸਕਦਾ ਜਦ ਕਿ ਫੌਜ ਵਿਚ ਐਜੀਟੇਸ਼ਨ ਦਾ ਕੰਮ ਅਜਿਹਾ ਹੋਵੇਗਾ ਕਿ ਅਮਨ ਦੀ, ਕਿਸਾਨਾਂ ਲਈ ਜ਼ਮੀਨ ਆਦਿ ਦੀ ਇਸ ਹਕੂਮਤ ਵਿਚ ਲੜਨਾ **ਅਸੰਭਵ** ਹੋ ਜਾਵੇਗਾ ।

ਜੇ ਅਸਾਂ ਤੁਰੰਤ ਹੀ ਅਚਾਣਚੱਕ ਤਿੰਨ ਨੁਕਤਿਆਂ ਪੀਤਰੋਗਰਾਦ, ਮਾਸਕੋ ਅਤੇ ਬਾਲਟਿਕ ਬਹਿਰੀ ਬੇੜੇ ਤੋਂ ਹਮਲਾ ਕਰਨਾ ਹੈ ਤਾਂ ਇਹਦੀ ਸੰਭਾਵਨਾ ਇਕ ਦੇ ਟਾਕਰੇ ਉਤੇ ਇਕ ਸੌ ਹੈ ਕਿ 3-5 ਜੁਲਾਈ ਦੇ ਟਾਕਰੇ ਉਤੇ ਅਸੀਂ ਥੋੜੀਆਂ ਕੁਰਬਾਨੀਆਂ ਨਾਲ ਸਫਲ ਹੋਵਾਂਗੇ ਕਿਉਂਕਿ ਅਮਨ ਦੀ ਹਕੂਮਤ ਵਿਰੁਧ **ਫੌਜ ਚੜ੍ਹਾਈ ਨਹੀਂ ਕਰੇਗੀ।** ਭਾਵੇਂ ਕਿ ਕੇਰੇਨਸਕੀ ਕੋਲ ਪੀਤਰੋਗਰਾਦ ਵਿਚ ਪਹਿਲਾਂ ਹੀ "ਵਫਾਦਾਰ" ਰਸਾਲਾ ਆਦਿ ਹੈ, ਜੇ ਅਸਾਂ ਦੋ ਪਾਸਿਆਂ ਤੋਂ ਹਮਲਾ ਕੀਤਾ ਤਾ ਉਹ ਹਥਿਆਰ ਸੁੱਟਣ ਉਤੇ ਮਜਬੂਰ ਹੋਵੇਗਾ ਕਿਉਂਕਿ ਫੌਜ ਦੀ ਹਮਦਰਦੀ ਸਾਡੇ ਨਾਲ ਹੈ । ਜੇ ਅਜਿਹੀ ਸੰਭਾਵਨਾਵਾਂ ਦੇ ਹੁੰਦਿਆ, ਜੋ ਇਸ ਵੇਲੇ ਸਾਨੂੰ ਹਾਸਲ ਹਨ, ਅਸੀਂ ਸੱਤਾ ਉਤੇ ਕਬਜ਼ਾ ਨਹੀਂ ਕਰਦੇ ਤਾਂ ਸੱਤਾ ਸੋਵੀਅਤਾਂ ਦੇ ਹੱਥ ਦੇਣ ਦੀ ਸਾਰੀ ਗੱਲਬਾਤ ਇਕ **ਝੂਠ** ਬਣ ਜਾਵੇਗੀ ।

ਹੁਣ ਸੱਤਾ ਹੱਥ ਲੈਣ ਤੋਂ ਬਚਣਾ, "ਉਡੀਕਣਾ", ਕੇਂਦਰੀ ਕਾਰਜ-ਸਾਧਕ ਕਮੇਟੀ ਵਿਚ ਗੱਲਾਂ ਮਾਰਨਾ ਆਪਣੇ ਆਪ ਨੂੰ (ਸੋਵੀਅਤ ਦੀ) "ਸੰਸਥਾ ਲਈ ਲੜਨ" ਤਕ "ਕਾਂਗਰਸ ਲਈ ਲੜਨ" ਤਕ ਸੀਮਤ ਰਖਣਾ, **ਇਨਕਲਾਬ ਨੂੰ ਅਸਫਲ ਬਨਾਉਣਾ ਹੈ ।**

ਇਸ ਤੱਥ ਨੂੰ ਮੁੱਖ ਰਖਦਿਆਂ ਕਿ ਕੇਂਦਰੀ ਕਮੇਟੀ ਨੇ ਮੁੜ-ਮੁੜ ਕੀਤੀਆਂ ਮੰਗਾਂ ਦਾ ਵੀ **ਉਤਰ ਨਹੀਂ ਦਿਤਾ** ਜੋ ਮੈਂ ਜਮਹੂਰੀ ਕਾਂਗਰਸ ਦੇ ਅਰੰਭ ਤੋਂ ਅਜਿਹੀ ਨੀਤੀ ਲਈ ਰਖਦਾ ਰਿਹਾ ਹਾਂ, ਇਸ ਤੱਥ ਨੂੰ ਮੁੱਖ ਰਖਦਿਆਂ ਕਿ ਕੇਂਦਰੀ ਅਖਬਾਰ ਮੇਰੇ ਲੇਖਾਂ ਵਿਚੋਂ ਪੂਰਵ-ਪਾਰਲੀਮੈਂਟ ਵਿਚ ਸ਼ਾਮਲ ਹੋਣ ਸੋਵੀਅਤ ਦੇ ਪ੍ਰੀਜ਼ੀਡੀਅਮ ਵਿਚ ਮੈਨਸ਼ਵਿਕਾ ਦੇ ਦਾਖਲੇ ਆਦਿ ਬਾਰੇ ਸ਼ਰਮਨਾਕ ਫੈਸਲਾ ਕਰਨ ਦੀਆਂ ਬਾਲਸ਼ਵਿਕਾਂ ਵਲੋਂ ਹੋਈਆਂ ਘੋਰ ਗਲਤੀਆਂ ਸਬੰਧੀ ਸਭ ਹਵਾਲੇ ਕੱਢ ਦਿੰਦਾ ਰਿਹਾ ਹੈ—ਮੈਂ ਇਹਨੂੰ ਇਕ "ਸੂਖਮ" ਇਸ਼ਾਰਾ ਸਮਝਦਾ ਹਾਂ ਕਿ ਕੇਂਦਰੀ

---

[1] ਫੌਜੀ ਦਸਤਿਆਂ ਦੀ ਵੰਡ ਅਤੇ ਤਰਤੀਬ ਆਦਿ ਦੇ ਅਧਿਅਨ ਲਈ ਪਾਰਟੀ ਨੇ ਕੀ ਕੀਤਾ ਹੈ ? ਬਗ਼ਾਵਤ "ਇਕ ਕਲਾ" ਵਜੋਂ ਕਰਨ ਲਈ ਇਹਨੇ ਕੀ ਕੀਤਾ ਹੈ ? ਕੇਂਦਰੀ ਕਾਰਜ ਸਾਧਕ ਕਮੇਟੀ ਵਿਚ ਨਿਰੀਆਂ ਗੱਲਾਂ ਆਦਿ ।

ਕਮੇਟੀ ਇਸ ਸਵਾਲ ਤੇ ਵਿਚਾਰ ਕਰਨ ਨੂੰ ਰਜ਼ਾਮੰਦ ਨਹੀਂ, ਇਸ ਦਾ ਇਕ ਸੂਖਮ ਇਸ਼ਾਰਾ ਕਿ ਮੈਨੂੰ ਆਪਣਾ ਮੂੰਹ ਬੰਦ ਰਖਣਾ ਚਾਹੀਦਾ ਹੈ ਅਤੇ ਇਹਨੂੰ ਮੈਂ ਰਿਟਾਇਰ ਹੋਣ ਦੀ ਤਜਵੀਜ਼ ਸਮਝਦਾ ਹਾਂ।

ਮੈਂ ਕੇਂਦਰੀ ਕਮੇਟੀ ਤੋਂ ਆਪਣਾ ਅਸਤੀਫ਼ਾ ਦੇਣ ਤੇ ਮਜਬੂਰ ਹਾਂ ਜੋ ਮੈਂ ਇਥੇ ਦੇ ਰਿਹਾ ਹਾਂ, ਆਪਣੇ ਲਈ ਪਾਰਟੀ ਦੇ ਆਮ ਮੈਂਬਰਾਂ ਵਿਚ ਅਤੇ ਪਾਰਟੀ ਕਾਂਗਰਸ ਵਿਚ ਆਪਣੀ ਮੁਹਿੰਮ ਚਲਾਉਣ ਦੀ ਅਜ਼ਾਦੀ ਰਾਖਵੀਂ ਰਖਦਾ ਹਾਂ।

ਕਿਉਂ ਜੋ ਮੇਰਾ ਡੂੰਘਾ ਵਿਸ਼ਵਾਸ ਹੈ ਕਿ ਜੇ ਅਸੀਂ ਸੋਵੀਅਤਾਂ ਦੀ ਕਾਂਗਰਸ ਨੂੰ 'ਉਡੀਕਦੇ' ਹਾਂ ਅਤੇ ਵਰਤਮਾਨ ਘੜੀ ਨੂੰ ਗੁਜ਼ਰ ਜਾਣ ਦੇਂਦੇ ਹਾਂ ਤਾਂ ਅਸੀਂ ਇਨਕਲਾਬ ਨੂੰ ਤਬਾਹ ਕਰ ਦਿਆਂਗੇ।

ਐਨ. ਲੈਨਿਨ

29 ਸਤੰਬਰ

ਪਿਛੋਂ ਲਿਖਿਆ : ਅਜਿਹੇ ਕਈ ਤੱਥ ਹਨ ਜਿਹੜੇ ਇਹ ਸਿੱਧ ਕਰਨ ਦਾ ਕੰਮ ਦਿੰਦੇ ਹਨ ਕਿ ਕਜ਼ਾਕ ਫੌਜਾਂ ਵੀ ਅਮਨ ਦੀ ਹਕੂਮਤ ਵਿਰੁਧ ਨਹੀਂ ਜਾਣਗੀਆਂ ਤੇ ਉਹ ਹਨ ਕਿੰਨੇ ਕੁ ? ਕਿਥੇ ਹਨ ਉਹ ? ਤੇ ਕੀ ਸਮੁੱਚੀ ਫੌਜ ਹੀ ਸਾਡੀ ਹਮਾਇਤ ਲਈ ਦਸਤੇ ਨਹੀਂ ਭੇਜੇਗੀ ?

ਸੈਕਸ਼ਨ 1-3 ਤੇ 5
20 (7) ਅਕਤੂਬਰ 1917 ਨੂੰ ਅਖਬਾਰ ਰਾਬੋਚੀ ਪੁਤ ਨੰਬਰ 30 ਵਿਚ ਛਪਿਆ
ਸੈਕਸ਼ਨ 6, 1924 ਵਿਚ ਪਹਿਲੀ ਵਾਰ ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ, ਜਿਲਦ 26.

ਮਜ਼ਦੂਰਾਂ, ਕਿਸਾਨਾਂ ਤੇ ਸਿਪਾਹੀਆਂ ਦੇ ਨਾਂਅ !

ਸਾਥੀਓ ! ਸੋਸ਼ਲਿਸਟ-ਇਨਕਲਾਬੀਆਂ ਦੀ ਪਾਰਟੀ, ਜੋ ਕੇਰੇਨਸਕੀ ਦੀ ਪਾਰਟੀ ਹੈ, ਆਪਣੇ **ਅਖ਼ਬਾਰ ਦਾਈਲੋ ਨਾਰੋਦਾ** (30 ਸਤੰਬਰ) ਵਿਚ ਤੁਹਾਨੂੰ **"ਸਾਬਰ ਰਹਿਣ ਦੀ"** ਅਪੀਲ ਕਰਦੀ ਹੈ।

ਅਖ਼ਬਾਰ ਸਾਨੂੰ "ਸਾਬਰ ਰਹਿਣ" ਲਈ ਆਖਦਾ ਹੈ ਤੇ ਇਸ ਗੱਲ ਉਤੇ ਜ਼ੋਰ ਦੇਂਦਾ ਹੈ ਕਿ ਸੱਤਾ ਕੇਰੇਨਸਕੀ ਸਰਕਾਰ ਦੇ ਹੱਥਾਂ ਵਿਚ ਰਹਿਣ ਦਿਤੀ ਜਾਵੇ, ਕਿ ਸੱਤਾ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਹਵਾਲੇ ਨਾ ਕੀਤੀ ਜਾਵੇ। ਕੇਰੇਨਸਕੀ ਨੂੰ ਜਗੀਰਦਾਰਾਂ, ਸਰਮਾਏਦਾਰਾ ਤੇ ਕੁਲਕਾਂ ਉਤੇ ਟੇਕ ਰਖਣ ਦਿਓ : ਸੋਵੀਅਤਾਂ ਨੂੰ, ਜਿਨ੍ਹਾਂ ਨੇ ਇਨਕਲਾਬ ਨੂੰ ਨੇਪਰੇ ਚਾੜ੍ਹਿਆ ਹੈ ਅਤੇ ਕੋਰਨੀਲੋਵਵਾਦੀ ਜਰਨੈਲਾਂ ਨੂੰ ਹਾਰ ਦਿਤੀ, ਹੈ "ਸਾਬਰ ਰਹਿਣ" ਦਿਓ। ਉਹਨਾਂ ਨੂੰ ਸੰਵਿਧਾਨ ਅਸੰਬਲੀ ਤਕ ਸਬਰ ਕਰਨ ਦਿਓ ਜੋ ਛੇਤੀ ਹੀ ਬੁਲਾਈ ਜਾਵੇਗੀ।

ਸਾਥੀਓ ! ਆਪਣੇ ਆਲੇ-ਦੁਆਲੇ ਵੇਖੋ। ਵੇਖੋ, ਪਿੰਡਾਂ ਵਿਚ ਕੀ ਵਾਪਰ ਰਿਹਾ ਹੈ, ਵੇਖੋ ਫੌਜ ਵਿਚ ਕੀ ਵਾਪਰ ਰਿਹਾ ਹੈ, ਤੇ ਤੁਸੀਂ ਸਮਝ ਜਾਉਗੇ ਕਿ ਕਿਸਾਨ ਤੇ ਸਿਪਾਹੀ ਇਸ ਨੂੰ ਹੋਰ ਫਿਰ ਬਰਦਾਸ਼ਤ ਨਹੀਂ ਕਰ ਸਕਦੇ। ਉਹਨਾਂ **ਕਿਸਾਨਾਂ ਦਾ ਇਕ ਉਭਾਰ**, ਜਿਨ੍ਹਾਂ ਨੂੰ ਧੋਖੇ ਨਾਲ ਹੁਣ ਤਕ ਜ਼ਮੀਨ ਨਹੀਂ ਦਿਤੀ ਗਈ, ਸਾਰੇ ਰੂਸ ਤੇ ਇਕ ਵਿਸ਼ਾਲ ਦਰਿਆ ਵਾਂਗ ਫੈਲ ਰਿਹਾ ਹੈ। ਕਿਸਾਨ ਇਸ ਨੂੰ ਹੋਰ ਸਮਾਂ ਬਰਦਾਸ਼ਤ ਨਹੀਂ ਕਰ ਸਕਦੇ। ਕੇਰੇਨਸਕੀ ਕਿਸਾਨਾ ਨੂੰ ਦਬਾਉਣ ਲਈ ਤੇ ਜਗੀਰਦਾਰਾਂ ਦੀ ਹਿਫਾਜਤ ਲਈ **ਫੌਜਾਂ** ਭੇਜਦਾ ਹੈ। ਕੇਰੇਨਸਕੀ ਨੇ ਫਿਰ ਕੋਰਨੀਲੋਵਵਾਦੀ ਜਰਨੈਲਾਂ ਤੇ ਅਫਸਰਾਂ ਨਾਲ, ਜੋ ਜਗੀਰਦਾਰਾਂ ਦੇ ਹਾਮੀ ਹਨ, ਸਮਝੌਤਾ ਕਰ ਲਿਆ ਹੈ।

ਜ਼ਮੀਨ ਲਈ ਕਿਸਾਨਾਂ ਦੀ ਨਿਆਈਂ ਜਦੋ-ਜਹਿਦ ਨੂੰ ਫੌਜ ਨਾਲ ਦਬਾਉਣਾ ਨਾ ਸ਼ਹਿਰਾਂ ਵਿਚ ਮਜ਼ਦੂਰ, ਨਾ ਹੀ ਮੋਰਚੇ ਤੇ ਸਿਪਾਹੀ ਬਰਦਾਸ਼ਤ ਕਰ ਸਕਦੇ ਹਨ।

ਮੋਰਚੇ ਤੇ ਫੌਜ ਵਿਚ ਜੋ ਕੁਝ ਵਾਪਰ ਰਿਹਾ ਹੈ, ਇਸ ਗੈਰ-ਪਾਰਟੀ ਅਫਸਰ ਦੂਬਾਸੋਵ ਨੇ ਸਾਰੇ ਰੂਸ ਸਾਹਮਣੇ ਐਲਾਨ ਕੀਤਾ ਹੈ : "ਸਿਪਾਹੀ ਹੁਣ ਹੋਰ ਸਮਾਂ ਨਹੀਂ ਲੜਨਗੇ।" ਸਿਪਾਹੀ ਥਕ ਗਏ ਹਨ, ਸਿਪਾਹੀ ਨੰਗੇ ਪੈਰੀਂ ਹਨ, ਸਿਪਾਹੀ ਭੁੱਖੇ ਮਰ ਰਹੇ ਹਨ, ਸਿਪਾਹੀ ਸਰਮਾਏਦਾਰਾਂ

ਦੇ ਹਿਤਾਂ ਲਈ ਨਹੀਂ ਲੜਨਾ ਚਾਹੁੰਦੇ, ਉਹ "ਸਾਬਰ ਨਹੀਂ ਹੋਣਾ" ਚਾਹੁੰਦੇ, ਜਦੋਂ ਉਹਨਾਂ ਨੂੰ ਕੇਵਲ ਅਮਨ ਬਾਰੇ ਖੂਬਸੂਰਤ ਸ਼ਬਦਾਂ ਨਾਲ ਪਰਚਾਇਆ ਜਾਂਦਾ ਹੈ ਜਦ ਕਿ ਮਹੀਨਿਆਂ ਤੋਂ **ਅਮਨ ਦੇ ਸੁਝਾਅ** ਵਿਚ ਢਿੱਲ ਹੁੰਦੀ ਆ ਰਹੀ ਹੈ, ਬਿਨਾਂ ਬਦੇਸ਼ੀ ਇਲਾਕੇ ਹਥਿਆਉਣ ਦੇ ਇਕ ਨਿਆਈਂ ਅਮਨ ਲਈ ਸੁਝਾਅ, ਜੋ ਲੜ ਰਹੀਆਂ **ਸਾਰੀਆਂ** ਕੌਮਾਂ ਨੂੰ ਪੇਸ਼ ਕੀਤਾ ਜਾਣਾ ਚਾਹੀਦਾ ਹੈ।

ਸਾਥੀਓ ! ਇਹ ਸਮਝੋ ਕਿ ਕੇਰੇਨਸਕੀ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੇ ਵਿਰੁਧ ਫੌਜਾਂ ਦੀ **ਅਗਵਾਈ ਲਈ** ਸੋਵੀਅਤਾਂ ਨੂੰ **ਸੱਤਾ ਪਰਾਪਤ ਕਰਨ ਤੋਂ** ਰੋਕਣ ਲਈ ਮੁੜ ਕੇ ਕੋਰਨੀਲੋਵਵਾਦੀ ਜਰਨੈਲਾਂ ਤੇ ਅਫਸਰਾਂ ਨਾਲ ਗੱਲਬਾਤ ਕਰ ਰਿਹਾ ਹੈ। ਕੇਰੇਨਸਕੀ **ਕਿਸੇ ਵੀ ਹਾਲਤ ਵਿਚ** ਸੋਵੀਅਤਾਂ ਅੱਗੇ ਹਥਿਆਰ ਨਹੀਂ ਸੁਟੇਗਾ, ਇਹ **ਗੱਲ ਦਾਈਲੋ ਨਾਰੋਦਾ** ਖੁਲ੍ਹੇ ਤੌਰ ਤੇ ਮੰਨਦਾ ਹੈ।

ਫਿਰ, ਬੈਰਕਾਂ ਵਲ ਜਾਓ, ਕਜ਼ਾਕ ਦਸਤਿਆਂ ਵਲ ਜਾਓ, ਕਿਰਤੀ ਲੋਕਾਂ ਵਲ ਜਾਓ ਤੇ ਉਹਨਾਂ ਵਿਚ ਸਚਾਈ ਦੀ ਵਿਆਖਿਆ ਕਰੋ।

ਜੇ ਸੱਤਾ ਸੋਵੀਅਤਾਂ ਦੇ ਹੱਥਾਂ ਵਿਚ ਹੈ ਤਾਂ 25 ਅਕਤੂਬਰ (ਜੇ ਸੋਵੀਅਤਾਂ ਦੀ ਕਾਂਗਰਸ 20 ਅਕਤੂਬਰ ਨੂੰ ਅਰੰਭ ਹੁੰਦੀ ਹੈ) ਤਕ ਇਕ **ਨਿਆਈਂ ਅਮਨ ਸਾਰੀਆਂ ਲੜ ਰਹੀਆਂ ਕੌਮਾਂ ਨੂੰ ਪੇਸ਼ ਕੀਤਾ ਜਾਵੇਗਾ**। ਰੂਸ ਵਿਚ **ਇਕ ਮਜ਼ਦੂਰਾਂ ਤੇ ਕਿਸਾਨਾਂ ਦੀ ਸਰਕਾਰ** ਹੋਵੇਗੀ ; ਇਹ **ਤੁਰੰਤ**, ਇਕ ਦਿਨ ਵੀ ਗਵਾਏ ਬਿਨਾਂ, **ਸਾਰੀਆਂ ਲੜ ਰਹੀਆਂ ਕੌਮਾਂ ਨੂੰ ਇਕ ਨਿਆਈਂ ਅਮਨ ਦੀ ਪੇਸ਼ਕਸ਼ ਕਰੇਗੀ**। ਤਾਂ ਲੋਕ ਜਾਣ ਜਾਣਗੇ ਕਿ ਕੌਣ ਅਨਿਆਈਂ **ਜੰਗ** ਚਾਹੁੰਦਾ ਹੈ। ਫਿਰ ਸੰਵਿਧਾਨ ਅਸੰਬਲੀ ਵਿਚ ਲੋਕ ਫੈਸਲਾ ਲੈਣਗੇ।

ਜੇ ਸੱਤਾ ਸੋਵੀਅਤਾਂ ਦੇ ਹੱਥਾਂ ਵਿਚ ਹੈ ਤਾ ਜਗੀਰੂ ਮਿਲਖਾਂ ਨੂੰ **ਤੁਰੰਤ ਸਮੁੱਚੀ ਕੌਮ ਦੀ ਅਵੰਡ ਜਾਇਦਾਦ** ਕਰਾਰ ਦੇ ਦਿਤਾ ਜਾਵੇਗਾ।

ਇਹ ਗੱਲ ਹੈ ਜਿਸ ਦੇ ਵਿਰੁਧ ਕੇਰੇਨਸਕੀ ਤੇ ਉਸ ਦੀ ਸਰਕਾਰ, ਪੇਂਡੂ ਲੋਟੂਆਂ, ਸਰਮਾਏਦਾਰਾਂ ਤੇ ਜਗੀਰਦਾਰਾਂ ਉਤੇ ਟੇਕ ਰਖਦਿਆਂ ਲੜਦੇ ਹਨ।

ਇਹ ਹਨ ਉਹ ਲੋਕ ਜਿਨਾਂ ਦੇ ਹਿੱਤਾਂ ਲਈ ਤੁਹਾਨੂੰ "ਸਾਬਰ ਰਹਿਣ" ਲਈ ਆਖਿਆ ਜਾ ਰਿਹਾ ਹੈ।

ਕੀ ਤੁਸੀਂ "ਸਾਬਰ ਰਹਿਣ" ਨੂੰ ਤਿਆਰ ਹੋ ਕਿ ਕੇਰੇਨਸਕੀ ਉਹਨਾਂ ਕਿਸਾਨਾਂ ਨੂੰ ਹਥਿਆਰਬੰਦ ਤਾਕਤ ਨਾਲ ਦਬਾ ਦੇਵੇ ਜਿਹੜੇ ਜ਼ਮੀਨ ਲਈ ਉਠ ਖਲੋਤੇ ਹਨ ?

ਕੀ ਤੁਸੀਂ "ਸਾਬਰ ਰਹਿਣ" ਲਈ ਰਾਜ਼ੀ ਹੋ ਤਾਂ ਜੋ ਜੰਗ ਹੋਰ ਲਮਕਾਈ ਜਾ ਸਕੇ, ਤਾਂ ਜੋ **ਅਮਨ ਦੀ ਪੇਸ਼ਕਸ਼** ਅਤੇ ਜ਼ਾਰ ਦੀਆਂ ਰੂਸੀ ਤੇ ਅੰਗ-ਫਰਾਂਸੀਸੀ ਸਰਮਾਏਦਾਰਾਂ ਨਾਲ ਗੁਪਤ ਸੰਧੀਆਂ ਨੂੰ ਰੱਦ ਕਰਨਾ ਅਗਾਂਹ ਪਾਇਆ ਜਾਵੇ ?

ਸਾਥੀਓ ! ਚੇਤੇ ਰਖੋ ਕਿ ਕੇਰੇਨਸਕੀ ਨੇ ਲੋਕਾਂ ਨੂੰ ਇਕ ਵਾਰ ਉਦੋਂ ਧੋਖਾ ਦਿਤਾ ਸੀ ਜਦੋਂ ਉਸ ਨੇ ਸੰਵਿਧਾਨ ਅਸੰਬਲੀ ਬੁਲਾਉਣ ਦਾ ਇਕਰਾਰ ਕੀਤਾ ਸੀ ! 8 ਜੁਲਾਈ ਨੂੰ ਉਸ ਨੇ ਸਹੁੰ ਚੁੱਕ ਕੇ ਇਕਰਾਰ ਕੀਤਾ ਸੀ ਕਿ ਇਹ ਅਸੰਬਲੀ 17 ਸਤੰਬਰ ਤੱਕ ਜ਼ਰੂਰ ਬੁਲਾਈ ਜਾਵੇਗੀ, **ਅਤੇ ਉਸ ਨੇ ਲੋਕਾਂ ਨੂੰ ਧੋਖਾ** ਦਿਤਾ। ਸਾਥੀਓ ! ਜੇ ਕੋਈ ਵੀ ਕੇਰੇਨਸਕੀ ਦੀ ਸਰਕਾਰ ਵਿਚ ਵਿਸ਼ਵਾਸ਼ ਕਰਦਾ ਹੈ ਉਹ ਆਪਣੇ ਭਰਾਵਾਂ, ਕਿਸਾਨਾਂ ਤੇ ਸਿਪਾਹੀਆਂ ਦਾ ਗ਼ੱਦਾਰ ਹੈ !

ਨਹੀਂ, ਲੋਕ **ਇਕ ਦਿਨ ਵੀ ਹੋਰ** ਅਗਾਂਹ ਪਾਉਣਾ ਸਹਾਰਨ ਨੂੰ ਤਿਆਰ ਨਹੀਂ ਹਨ।

ਇਕ ਦਿਨ ਵੀ ਹੋਰ ਅਸੀਂ ਕਿਸਾਨਾਂ ਨੂੰ ਹਥਿਆਰਬੰਦ ਤਾਕਤ ਨਾਲ ਦਬਾਉਣਾ, ਹਜ਼ਾਰਾਂ ਲੋਕਾਂ ਦਾ ਜੰਗ ਵਿਚ ਤਬਾਹ ਹੋਣਾ ਨਹੀਂ ਸਹਾਰ ਸਕਦੇ ਜਦ ਕਿ ਨਿਆਈਂ ਅਮਨ ਫ਼ੌਰਨ ਪੇਸ਼ ਕੀਤਾ ਜਾ ਸਕਦਾ ਹੈ ਤੇ ਕਰਨਾ ਚਾਹੀਦਾ ਹੈ।

ਕੇਰੇਨਸਕੀ ਦੀ ਸਰਕਾਰ ਮੁਰਦਾਬਾਦ, ਜਿਹੜੀ ਕਿਸਾਨਾਂ ਨੂੰ ਦਬਾਉਣ ਲਈ, ਕਿਸਾਨਾਂ ਉਤੇ ਗੋਲੀ ਚਲਾਉਣ ਲਈ, ਜੰਗ ਨੂੰ ਹੋਰ ਲਮਕਾਉਣ ਲਈ ਕੋਰਨੀਲੋਵਵਾਦੀ ਜਗੀਰਦਾਰ ਜਰਨੈਲਾਂ ਨਾਲ ਸਾਜ਼ਬਾਜ਼ ਕਰ ਰਹੀ ਹੈ।

ਸਾਰੀ ਸੱਤਾ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਨੂੰ!
30 ਸਤੰਬਰ (13 ਅਕਤੂਬਰ) 1917 ਦੇ ਮਗਰੋਂ ਲਿਖਿਆ।

ਪਹਿਲਾਂ **ਪਰਾਵਦਾ** ਨੰਬਰ 93 ਵਿਚ
23 ਅਪਰੈਲ 1924 ਨੂੰ ਪ੍ਰਕਾਸ਼ਤ ਹੋਇਆ।

ਕੀ ਬਾਲਸ਼ਵਿਕ ਰਾਜ-ਸੱਤਾ ਕਾਇਮ ਰੱਖ ਸਕਦੇ ਹਨ ?

ਦੂਜੀ ਛਾਪ ਦੀ ਭੂਮੀਕਾ

ਇਹ ਪੈਂਫਲਟ, ਜਿਵੇਂ ਕਿ ਪਾਠ ਤੋਂ ਹੀ ਪ੍ਰਤੱਖ ਹੈ, ਸਤੰਬਰ ਦੇ ਅੰਤ ਉਤੇ ਲਿਖਿਆ ਗਿਆ ਅਤੇ ਪਹਿਲੀ ਅਕਤੂਬਰ, 1917 ਨੂੰ ਮੁਕਾਇਆ ਗਿਆ।

25 ਅਕਤੂਬਰ ਦੇ ਇਨਕਲਾਬ ਨੇ ਇਸ ਪੈਂਫਲਟ ਵਿਚ ਉਠਾਏ ਗਏ ਸਵਾਲ ਨੂੰ ਸਿਧਾਂਤ ਦੇ ਖੇਤਰ ਤੋਂ ਅਮਲ ਦੇ ਖੇਤਰ ਵਿਚ ਤਬਦੀਲ ਕਰ ਦਿਤਾ ਹੈ।

ਹੁਣ ਇਸ ਸਵਾਲ ਦਾ ਜਵਾਬ ਸ਼ਬਦਾਂ ਵਿਚ ਨਹੀਂ, ਅਮਲਾਂ ਵਿਚ ਦਿਤਾ ਜਾਣਾ ਚਾਹੀਦਾ ਹੈ। ਬਾਲਸ਼ਵਿਕਾਂ ਵਲੋਂ ਸੱਤਾ ਹੱਥ ਲੈਣ ਵਿਰੁਧ ਦਿਤੀਆਂ ਗਈਆਂ ਸਿਧਾਂਤਕ ਦਲੀਲਾਂ ਅਤਿ ਦਰਜੇ ਤੱਕ ਕਮਜ਼ੋਰ ਸਨ। ਇਹਨਾਂ ਦਲੀਲਾਂ ਦੇ ਪਰਖੱਚੇ ਉਡ ਗਏ ਹਨ।

ਹੁਣ ਕਰਨ-ਗੋਚਰਾ ਕੰਮ ਉਨਤ ਜਮਾਤ—ਪ੍ਰੋਲਤਾਰੀਏ—ਦਾ ਹੈ ਜੀਹਨੇ ਮਜ਼ਦੂਰਾਂ ਤੇ ਕਿਸਾਨਾਂ ਦੀ ਹਕੂਮਤ ਦੀ ਜੀਵਨ-ਯੋਗਤਾ ਨੂੰ **ਅਮਲ ਵਿਚ** ਸਿੱਧ ਕਰਨਾ ਹੈ। ਜਮਾਤੀ ਚੇਤੰਨਤਾ ਵਾਲੇ ਸਭ ਮਜ਼ਦੂਰ, ਸਭ ਸਰਗਰਮ ਤੇ ਈਮਾਨਦਾਰ ਕਿਸਾਨ, ਸਭ ਕਿਰਤੀ ਤੇ ਲੁੱਟੇ ਪੁੱਟੇ ਜਾਂਦੇ ਲੋਕ ਬੜੇ ਵੱਡੇ ਇਤਿਹਾਸਕ ਸਵਾਲ ਨੂੰ ਅਮਲ ਵਿਚ ਹੱਲ ਕਰਨ ਲਈ ਹਰ ਸੰਭਵ ਯਤਨ ਕਰਨਗੇ।

ਕੰਮ ਕਰੋ, ਹਰ ਇਕ ਕੰਮ ਕਰੇ, ਸੰਸਾਰ ਸੋਸ਼ਲਿਸਟ-ਇਨਕਲਾਬ ਦੇ ਕਾਜ਼ ਨੂੰ ਜਿੱਤਣਾ ਚਾਹੀਦਾ ਹੈ ਤੇ ਜ਼ਰੂਰ ਜਿੱਤੇਗਾ।

ਸੇਂਟ ਪੀਟਰਜ਼ਬਰਗ 9 ਨਵੰਬਰ 1917 **ਐਨ. ਲੈਨਿਨ**

ਪਹਿਲੀ ਵਾਰ 1918 ਵਿਚ
ਐਨ. ਲੈਨਿਨ ਵਲੋਂ ਲਿਖੇ ਪੈਂਫਲਿਟ
"ਕੀ ਬਾਲਸ਼ਵਿਕ ਰਾਜ ਸੱਤਾ ਕਾਇਮ ਰਖ ਸਕਦੇ ਹਨ ?"
ਵਿਚ ਪ੍ਰਕਾਸ਼ਤ ਹੋਇਆ ਜੋ "ਸਿਪਾਹੀਆਂ ਤੇ ਕਿਸਾਨਾਂ ਦੀ ਲਾਇਬਰੇਰੀ" ਸੇਂਟ ਪੀਟਰਜ਼ਬਰਗ ਦੀ ਲੜੀ ਦੀ ਇਕ ਲਿਖਤ ਸੀ।

ਕਾਹਦੇ ਬਾਰੇ ਸਭ ਰੁਝਾਣ ਸਹਿਮਤ ਹਨ, **ਰੀਚ** ਤੋਂ ਲੈ ਕੇ **ਨੋਵਾਇਆ ਯ਼ੀਜ਼ਨ** ਤੱਕ ਸਮਾਵੇਸ਼ਕ ਤੌਰ ਉਤੇ ਕੌਰਨੀਲੋਵਵਾਦੀ ਕੇਡਿਟਾਂ ਤੋਂ ਅੱਧ-ਬਾਲਸ਼ਵਿਕਾਂ ਤੱਕ, **ਸਿਵਾਏ** ਬਾਲਸ਼ਵਿਕਾਂ ਦੇ।

ਉਹ ਸਭੇ ਸਹਿਮਤ ਹਨ ਕਿ ਬਾਲਸ਼ਵਿਕ ਜਾਂ ਤਾਂ ਇਕੱਲੇ ਪੂਰੀ ਰਾਜ-ਸੱਤਾ ਉਤੇ ਕਬਜ਼ੇ ਦਾ ਕਦੀ ਵੀ ਹੌਸਲਾ ਨਹੀਂ ਕਰਨ ਲੱਗੇ, ਜਾਂ ਜੇ ਉਹਨਾਂ ਹੌਸਲਾ ਕੀਤਾ ਅਤੇ ਸੱਤਾ ਹੱਥ ਲੈ ਲਈ ਤਾਂ ਉਹ ਅਤਿ ਥੋੜ੍ਹੇ ਜਿਹੇ ਸਮੇਂ ਲਈ ਵੀ ਇਹਨੂੰ ਕਾਇਮ ਨਹੀਂ ਰੱਖ ਸਕਣ ਲੱਗੇ।

ਜੇ ਕੋਈ ਦਾਅਵੇ ਨਾਲ ਕਹਿੰਦਾ ਹੈ ਕਿ ਇਕੱਲੇ ਬਾਲਸ਼ਵਿਕਾਂ ਵਲੋਂ ਪੂਰਨ ਰਾਜ-ਸੱਤਾ ਹੱਥ ਲੈਣ ਦਾ ਸਵਾਲ ਇਕ ਪੂਰੀ ਤਰ੍ਹਾਂ ਅਣ-ਉਚਿਤ ਰਾਜਸੀ ਸਵਾਲ ਹੈ, ਕਿ ਅਤਿ ਮਾੜੀ ਕਿਸਮ ਦਾ ਮੋਟੇ ਦਿਮਾਗ ਵਾਲਾ "ਹੱਠ ਧਰਮੀ" ਹੀ ਇਹਨੂੰ ਉਚਿਤ ਸਮਝ ਸਕਦਾ ਹੈ, ਤਾਂ ਅਸੀਂ ਅਤਿ ਜ਼ਿੰਮੇਵਾਰ ਅਤੇ ਪ੍ਰਭਾਵਸ਼ਾਲੀ ਰਾਜਸੀ ਪਾਰਟੀਆਂ ਤੇ ਵੱਖ ਵੱਖ ਰੰਗਾਂ ਦੇ ਰੁਝਾਣਾਂ ਦੇ ਇੰਨ ਬਿੰਨ ਬਿਆਨਾਂ ਦਾ ਹਵਾਲਾ ਦੇ ਕੇ ਇਸ ਦਾਅਵੇ ਦਾ ਖੰਡਨ ਕਰ ਸਕਦੇ ਹਾਂ।

ਪਰ ਮੈਨੂੰ ਉਹਨਾਂ ਵਿਚੋਂ, ਜਿਹਨਾਂ ਦਾ ਜ਼ਿਕਰ ਕੀਤਾ ਗਿਆ ਹੈ, ਪਹਿਲੇ ਸਵਾਲ ਬਾਰੇ ਕੁਝ ਸ਼ਬਦ ਕਹਿਣ ਦਿਓ—ਕੀ ਬਾਲਸ਼ਵਿਕ ਇਕੱਲੇ ਰਾਜ-ਸੱਤਾ ਹੱਥ ਲੈਣ ਦਾ ਹੌਸਲਾ ਕਰ ਸਕਦੇ ਹਨ? ਮੈਂ ਪਹਿਲਾਂ ਹੀ ਸੋਵੀਅਤਾਂ ਦੀ ਕੁਲ ਰੂਸ ਕਾਂਗਰਸ ਵਿਚ ਇਸ ਸਵਾਲ ਦਾ ਉਸ ਟਿੱਪਣੀ ਨਾਲ ਨਿਰਸੰਦੇਹ ਤਰ੍ਹਾਂ ਹਾਂ ਵਿਚ ਉਤਰ ਦਿਤਾ ਸੀ ਅਤੇ ਤਸੇਰੇਤੇਲੀ ਦੀ ਇਕ ਵਜ਼ਾਰਤੀ ਤਕਰੀਰ ਦੌਰਾਨ ਮੈਂ ਆਪਣੀ ਸੀਟ ਤੋਂ ਉਚਾ ਬੋਲਦਿਆਂ ਦਿਤਾ ਸੀ। ਅਤੇ ਮੈਂ ਇਸ ਬਾਰੇ ਕਿ ਸਾਨੂੰ ਇਕੱਲਿਆਂ ਸੱਤਾ ਨਹੀਂ ਸੰਭਾਲਣੀ ਚਾਹੀਦੀ, ਬਾਲਸ਼ਵਿਕਾਂ ਵਲੋਂ ਕੋਈ ਬਿਆਨ ਨਾ ਪ੍ਰੈਸ ਵਿਚ ਵੇਖਿਆ ਹੈ ਅਤੇ ਨਾ ਸੁਣਿਆ ਹੈ। ਮੈਂ ਤਾਂ ਦਾਅਵੇ ਨਾਲ ਆਖਾਂਗਾ ਕਿ ਕਿਸੇ ਰਾਜਸੀ ਪਾਰਟੀ ਨੂੰ—ਜੇ ਉਹ ਮੌਕਾ ਮਿਲਣ ਤੇ ਸੱਤਾ ਹੱਥ ਲੈਣੋਂ ਇਨਕਾਰ ਕਰਦੀ ਹੈ—ਕਾਇਮ ਰਹਿਣ ਦਾ ਕੋਈ ਅਧਿਕਾਰ ਨਹੀਂ, ਉਹ ਪਾਰਟੀ ਦੇ ਨਾਂ ਦੀ ਸ਼ਾਨ ਦੇ ਸ਼ਾਇਆਂ ਨਹੀਂ, ਉਹ ਹਰ ਅਰਥ ਵਿਚ ਇਕ ਅਣਹੋਂਦ ਹੈ।

ਹੁਣ ਅਸੀਂ ਕੇਡਿਟਾਂ, ਸੋਸ਼ਲਿਸਟ-ਇਨਕਲਾਬੀਆਂ ਅਤੇ ਅੱਧ-ਬਾਲਸ਼ਵਿਕਾਂ (ਮੈਂ ਤਾਂ ਚੱਪਾ-ਬਾਲਸ਼ਵਿਕ ਕਹਿਣ ਨੂੰ ਤਰਜੀਹ ਦਿਆਂਗਾ) ਦੇ ਉਸ ਸਵਾਲ ਬਾਰੇ, ਜਿਸ ਵਿਚ ਸਾਨੂੰ ਦਿਲਚਸਪੀ ਹੈ, ਹਵਾਲੇ ਦਿਆਂਗਾ।

16 ਸਤੰਬਰ ਦੇ **ਰੀਚ** ਵਿਚ ਮੁਖ ਲੇਖ :

"ਅਲੈਕਸਾਂਦਰਿੰਸਕੀ ਥੀਏਟਰ ਵਿਚ ਅਸਹਿਮਤੀ ਅਤੇ ਗੜਬੜ ਦਾ ਬੋਲਬਾਲਾ ਸੀ, ਅਤੇ ਸੋਸ਼ਲਿਸਟ ਪ੍ਰੈਸ ਵੀ ਇਸ ਤਸਵੀਰ ਦਾ ਪਰਤੌ ਹੈ। ਸਿਰਫ ਬਾਲਸ਼ਵਿਕਾਂ ਦੇ ਵਿਚਾਰ ਹੀ ਨਿਸਚਿਤ ਅਤੇ ਬੇ-ਲਾਗ ਹਨ। ਕਾਨਫਰੰਸ ਵਿਚ ਉਹ ਘੱਟ-ਗਿਣਤੀ ਦੇ ਵਿਚਾਰ ਹਨ। ਸੋਵੀਅਤਾਂ ਵਿਚ ਉਹ ਨਿਰੰਤਰ ਤੌਰ ਉਤੇ ਵੱਧਦੀ ਹੋਈ ਰੁਚੀ ਨੂੰ ਪੇਸ਼ ਕਰਦੇ ਹਨ। ਪਰ ਆਪਣੇ ਸਾਰੇ ਜ਼ਬਾਨੀ-ਜ਼ਬਾਨੀ ਲੜਾਕੂਪਣ, ਆਪਣੇ ਹੰਕਾਰੀ ਵਾਕੰਸ਼ਾਂ ਅਤੇ ਸਵੈ-ਭਰੋਸੇ ਦੇ ਵਿਖਾਲੇ ਦੇ ਬਾਵਜੂਦ, ਬਾਲਸ਼ਵਿਕ, ਕੁਝ ਇਕ ਕੱਟੜ-ਪੰਥੀਆਂ ਤੋਂ ਸਿਵਾਏ, ਸਿਰਫ ਸ਼ਬਦਾਂ ਵਿਚ ਹੀ ਦਲੇਰ ਹਨ। ਉਹ ਖੁਦ ਆਪਣੀ ਮਰਜ਼ੀ ਨਾਲ "ਪੂਰਨ-ਸੱਤਾ" ਉਤੇ ਕਬਜ਼ਾ ਕਰਨ ਦਾ ਯਤਨ ਨਹੀਂ ਕਰਨਗੇ। **ਕਮਾਲ ਦੇ** ਸੰਗਠਨ-ਕਰਤਾ ਅਤੇ ਤੋੜ-ਫੋੜਕ, ਉਹ ਅਸਲ ਵਿਚ ਬੁਜ਼ਦਿਲ ਹਨ ਜਿਹੜੇ ਆਪਣੇ ਧੁਰ ਅੰਦਰ ਖੁਦ ਆਪਣੀ ਅੰਤਰੀਵ ਅਗਿਆਨਤਾ ਤੋਂ ਅਤੇ ਆਪਣੀਆਂ ਵਰਤਮਾਨ ਸਫਲਤਾਵਾਂ ਦੇ ਥੋੜ-ਚਿਰੇ ਖਾਸੇ ਤੋਂ ਪੂਰੀ ਤਰ੍ਹਾਂ ਜਾਣੂ ਹਨ। ਉਹ ਸਾਡੇ ਸਭਨਾਂ ਵਾਂਗ ਹੀ

ਜਾਣਦੇ ਹਨ ਕਿ ਉਹਨਾਂ ਦੀ ਅੰਤਮ ਦਿਗ-ਵਿਜੈ ਦਾ ਪਹਿਲਾ ਦਿਨ ਉਹਨਾਂ ਦੇ ਸਿਰ-ਭਾਰ ਡਿਗਣ ਦਾ ਵੀ ਪਹਿਲਾ ਦਿਨ ਹੋਵੇਗਾ। ਆਪਣੇ ਸੁਭਾਅ ਤੋਂ ਗੈਰ-ਜ਼ਿੰਮੇਵਾਰ ਢੰਗ ਅਤੇ ਅਮਲ ਤੋਂ ਅਰਾਜਕਤਾਵਾਦੀ ਹੋਣ ਕਰਕੇ ਉਹਨਾਂ ਨੂੰ ਰਾਜਸੀ ਚਿੰਤਨ ਦੀ ਇਕ ਰੁਚੀ ਵਜੋਂ ਹੀ ਜਾਂ ਇਹਦੇ ਇਕ ਕੁਰਾਹ ਵਜੋਂ ਹੀ ਵੇਖਿਆ ਜਾਣਾ ਚਾਹੀਦਾ ਹੈ। ਕਈ ਸਾਲਾਂ ਲਈ ਬਾਲਸ਼ਵਿਜ਼ਮ ਤੋਂ ਛੁਟਕਾਰਾ-ਪ੍ਰਾਪਤੀ ਦਾ, ਇਹਨੂੰ ਦੂਰ ਕੱਢ ਦੇਣ ਦਾ ਵਧੀਆ ਰਾਹ ਇਹ ਹੋਵੇਗਾ ਕਿ ਦੇਸ਼ ਦੀ ਹੋਣੀ ਨੂੰ ਇਹਦੇ ਆਗੂਆਂ ਦੇ ਹੱਥਾਂ ਵਿਚ ਦੇ ਦਿਤਾ ਜਾਵੇ। ਅਤੇ ਜੇ ਇਹ ਸਚੇਤਨਤਾ ਨਾ ਹੁੰਦੀ ਕਿ ਇਸ ਕਿਸਮ ਦੇ ਤਜਰਬਿਆਂ ਦੀ ਆਗਿਆ ਨਹੀਂ ਦਿਤੀ ਜਾ ਸਕਦੀ ਅਤੇ ਇਹ ਮਾਰੂ ਹਨ, ਬੰਦਾ ਨਿਰਾਸਤਾ ਵਿਚ ਇਸ ਸੂਰਮੇ ਕਦਮ ਦਾ ਵੀ ਫ਼ੈਸਲਾ ਕਰ ਸਕਦਾ ਹੈ। ਅਸੀਂ ਖੁਸ਼ੀ ਖੁਸ਼ੀ ਦੁਹਰਾਉਂਦੇ ਹਾਂ ਕਿ ਅੱਜ ਦੇ ਇਹ ਬਦਕਿਸਮਤ ਸੂਰਮੇ ਕਿਸੇ ਤਰ੍ਹਾਂ ਵੀ ਅਸਲ ਵਿਚ ਪੂਰੀ ਸੱਤਾ ਉਤੇ ਕਬਜ਼ਾ ਨਹੀਂ ਕਰਨਗੇ। ਉਹ ਕਿਸੇ ਹਾਲਤ ਵਿਚ ਵੀ ਉਸਾਰੂ ਕੰਮ ਦੇ ਯੋਗ ਨਹੀਂ ਹਨ। ਸੋ ਉਹਨਾ ਦੇ ਸਾਰੇ ਨਿਸਚਿਤ ਤੇ ਬੇਲਾਗ ਵਿਚਾਰ ਰਾਜਸੀ ਮੰਚ ਤੱਕ ਸਾਰਣਦਾਨੀ ਵਾਲੀ ਪ੍ਰਭਾਵਸ਼ਾਲੀ ਵਾਕ-ਚਤੁਰਤਾ ਤੱਕ ਹੀ ਸੀਮਤ ਹਨ। ਅਮਲੀ ਮਨ-ਤਵਾਂ ਲਈ ਉਹਨਾਂ ਦੀ ਪੁਜੀਸ਼ਨ ਨੂੰ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਗੌਲਿਆ ਨਹੀਂ ਜਾ ਸਕਦਾ। ਪਰ ਇਕ ਪੱਖੋਂ ਇਹਦਾ ਕੋਈ ਅਮਲੀ ਨਤੀਜਾ ਹੈ। ਇਹ ਇਹਦੇ ਵਿਰੋਧੀ "ਸੋਸ਼ਲਿਸਟ ਚਿੰਤਨ" ਦੇ ਸਭਨਾਂ ਦੂਜੇ ਰੌਂਆਂ ਨੂੰ ਇਕਮਿਕ ਕਰਦੀ ਹੈ——"

ਕੇਡਿਟ ਇਸ ਤਰ੍ਹਾਂ ਦਲੀਲਾਂ ਦੇਂਦੇ ਹਨ। ਪਰ ਇਥੇ ਰੂਸ ਵਿਚ ਸਭ ਤੋਂ ਵੱਡੀ "ਹਾਕਮ ਤੇ ਸਾਸ਼ਨ ਚਲਾ ਰਹੀ" ਪਾਰਟੀ, ਸੋਸ਼ਲਿਸਟ-ਇਨਕਲਾਬੀਆਂ, ਦੇ ਵਿਚਾਰ ਵੀ ਪੁਸ਼ਟੀ-ਰਹਿਤ ਅਰਥਾਤ ਉਹਨਾ ਦੇ ਸਰਕਾਰੀ ਅਖਬਾਰ **ਦਾਈਲੋ ਨਾਰੋਦਾ** ਦੇ 21 ਸਤੰਬਰ ਵਾਲੇ ਅੰਕ ਦੇ ਮੁਖ ਲੇਖ ਵਿਚ ਪ੍ਰਗਟਾਏ ਗਏ ਹਨ :

"ਜੇ ਬੁਰਜੁਆਜੀ ਸੰਵਿਧਾਨਕ ਸਭਾ ਦੇ ਬੁਲਾਏ ਜਾਣ ਤੱਕ, ਉਸ ਪਲੇਟਫਾਰਮ ਦੇ ਆਧਾਰ ਉਤੇ, ਜਿਸ ਦੀ ਤਸਦੀਕ ਕਾਨਫਰੰਸ ਨੇ ਕੀਤੀ ਹੈ, ਜਮਹੂਰੀਅਤ ਨਾਲ ਕੰਮ ਕਰਨੋਂ ਇਨਕਾਰ ਕਰਦੀ ਹੈ, ਤਦ **ਕੁਲੀਸ਼ਨ ਨੂੰ ਖੁਦ ਕਾਨਫਰੰਸ ਦੇ ਅੰਦਰੋਂ ਪੈਦਾ ਹੋਣਾ ਚਾਹੀਦਾ ਹੈ।** ਇਹ ਕੁਲੀਸਨ ਦੇ ਹਮਾਇਤੀਆਂ ਵਲੋਂ ਇਕ ਗੰਭੀਰ ਕੁਰਬਾਨੀ ਹੋਵੇਗੀ, **ਪਰ ਸੱਤਾ ਦੀ 'ਖਾਲਸ ਲਾਈਨ' ਦੇ ਵਿਚਾਰ ਲਈ ਮੁਹਿੰਮ ਚਲਾਉਣ ਵਾਲਿਆਂ ਨੂੰ ਵੀ ਇਸ ਨਾਲ ਸਹਿਮਤ ਹੋਣਾ ਪਵੇਗਾ।** ਪਰ ਸਾਨੂੰ ਡਰ ਹੈ ਕਿ ਇਥੇ ਹੋ ਸਕਦਾ ਹੈ ਕਿ ਸਮਝੌਤਾ ਨਾ ਹੋਵੇ। ਇਸ ਸੂਰਤ ਵਿਚ ਤੀਜਾ ਤੇ ਅੰਤਮ ਜੁੱਟ ਰਹਿ ਜਾਂਦਾ ਹੈ, ਅਰਥਾਤ ਕਾਨਫਰੰਸ ਦੇ ਉਸ ਅੱਧ ਵਲੋਂ ਹਕੂਮਤ ਦਾ ਸੰਗਠਨ ਹੋਣਾ **ਜ਼ਰੂਰੀ** ਹੈ ਜਿਸ ਨੇ **ਅਸੂਲਨ** ਸਜਾਤੀ ਹਕੂਮਤ ਦੇ ਵਿਚਾਰ ਦੀ ਹਮਾਇਤ ਕੀਤੀ ਸੀ।

"ਆਓ, ਇਹ ਗੱਲ ਨਿਸਚਿਤ ਰੂਪ ਵਿਚ ਪੇਸ਼ ਕਰੀਏ; **ਬਾਲਸ਼ਵਿਕਾਂ ਨੂੰ ਕੈਬਨਿਟ ਬਨਾਉਣ ਉਤੇ ਮਜਬੂਰ ਹੋਣਾ ਪਵੇਗਾ।** ਵੱਧ ਤੋਂ ਵੱਧ ਸ਼ਕਤੀ ਨਾਲ ਉਹਨਾਂ ਨੇ ਇਨਕਲਾਬੀ ਜਮਹੂਰੀਅਤ-ਪਸੰਦਾ ਵਿਚ ਕੁਲੀਸ਼ਨ ਸਬੰਧਾਂ ਨਫਰਤ-ਭਰਿਆ ਸਮਝੌਤਾ ਫਿੱਕੇ ਟੰਗਿਆ ਜਾਣ ਸਾਰ ਉਹਨਾ ਨਾਲ ਸਭ ਕਿਸਮ ਦੇ ਲਾਭਾਂ ਦਾ ਇਕਰਾਰ ਕੀਤਾ ਅਤੇ ਦੇਸ਼ ਦੀਆਂ ਸਭ ਬਦਕਿਸਮਤੀਆਂ ਇਸੇ ਸਮਝੌਤੇ ਦੇ ਸਿਰ ਮੜ੍ਹੀਆਂ।

"ਜੇ ਉਹ ਜਾਣਦੇ ਹੁੰਦੇ ਕਿ ਆਪਣੀ **ਐਜੀਟੇਸ਼ਨ** ਨਾਲ ਉਹ ਕੀ ਕਰ ਰਹੇ ਹਨ, ਜੇ ਉਹ **ਲੋਕਾਂ ਨੂੰ ਧੋਖਾ ਨਾ ਦੇ ਰਹੇ ਹੁੰਦੇ** ਪ੍ਰਾਇਜ਼ਰੀ ਨੋਟਾ ਨੂੰ ਵਾਪਸ ਲੈਣਾ **ਉਹਨਾਂ ਦਾ ਫਰਜ਼ ਹੈ**

ਜੋ ਉਹ ਸੱਜੇ ਤੇ ਖੱਬੇ ਦਿੰਦੇ ਰਹੇ ਹਨ।

ਸਵਾਲ ਸਾਫ ਹੈ

"ਉਹਨਾਂ ਨੂੰ ਡੇਰੀ ਵਿਚ ਘੜੇ ਇਸ ਸਿਧਾਂਤ ਓਹਲੇ ਲੁਕਣ ਦੇ ਵਿਅਰਥ ਯਤਨ ਨਾ ਕਰਨ ਦਿਓ ਕਿ ਸੱਤਾ ਹੱਥ ਵਿਚ ਲੈਣਾ ਉਹਨਾਂ ਲਈ ਅਸੰਭਵ ਹੈ।

"ਜਮਹੂਰੀਅਤ ਇਹਨਾਂ ਸਿਧਾਂਤਾਂ ਨੂੰ ਪ੍ਰਵਾਨ ਨਹੀਂ ਕਰੇਗੀ।

"ਇਹਦੇ ਨਾਲ ਹੀ ਕੁਲੀਸ਼ਨ ਦੇ ਹਮਾਇਤੀਆਂ ਨੂੰ ਚਾਹੀਦਾ ਹੈ ਉਹਨਾਂ ਨੂੰ ਪੂਰੀ ਪੂਰੀ ਹਮਾਇਤ ਦੀ ਜ਼ਾਮਨੀ ਦੇਣ। ਇਹ ਤਿੰਨ ਜੋੜ ਹਨ, ਤਿੰਨ ਰਾਹ ਜੋ ਸਾਡੇ ਸਾਹਮਣੇ ਖੁਲ੍ਹੇ ਹਨ—ਹੋਰ ਕੋਈ ਰਾਹ ਨਹੀਂ ਹੈ।"

(ਮੋਟੇ ਅੱਖਰ **ਦਾਈਲੋ ਨਾਰੋਦਾ** ਵਲੋਂ ਹਨ)

ਸੋਸ਼ਲਿਸਟ-ਇਨਕਲਾਬੀਏ ਇਸ ਤਰ੍ਹਾਂ ਦਲੀਲਾਂ ਦੇਂਦੇ ਹਨ। ਅਤੇ ਅੰਤ ਇਹ ਹੈ ਕਿ **ਨੋਵਾਇਆ ਜ਼ੀਜ਼ਨ** "ਚੱਪਾ-ਬਾਲਸ਼ਵਿਕਾਂ" ਦੀ "ਪੁਜ਼ੀਸ਼ਨ" (ਜੇ ਦੋ ਸਟੂਲਾਂ ਵਿਚਾਲੇ ਬਹਿਣ ਦੇ ਜਤਨਾਂ ਨੂੰ ਪੁਜ਼ੀਸ਼ਨ ਆਖਿਆ ਜਾ ਸਕਦਾ ਹੈ) ਜੋ 23 ਸਤੰਬਰ ਦੇ **ਨੋਵਾਇਆ ਜ਼ੀਜ਼ਨ** ਵਿਚ ਪ੍ਰਕਾਸ਼ਤ ਸੰਪਾਦਕੀ ਤੋਂ ਲਈ ਗਈ ਹੈ।

"ਜੇ ਕੋਨੋਵਾਲੋਵ ਅਤੇ ਕਿਸ਼ਕਿਨ ਨਾਲ ਕੁਲੀਸ਼ਨ ਬਣਾਈ ਜਾਂਦੀ ਹੈ ਇਹਦੇ ਅਰਥ ਕੁਝ ਨਹੀਂ ਹੋਣਗੇ, ਸਗੋਂ ਜਮਹੂਰੀਅਤ ਵਲੋਂ ਈਨ ਮੰਨਣ ਦੇ ਅਤੇ 14 ਅਗਸਤ ਦੇ ਪਲੇਟਫਾਰਮ ਉਤੇ ਜ਼ਿੰਮੇਵਾਰ ਹਕੂਮਤ ਦੀ ਸਿਰਜਣਾ ਬਾਰੇ ਕਾਨਫਰੰਸ ਦੇ ਮਤੇ ਦੀ ਮਨਸੂਖੀ ਦੇ ਹੋਣਗੇ।

"ਮੈਨਸ਼ਵਿਕਾਂ ਅਤੇ ਸੋਸ਼ਲਿਸਟ-ਇਨਕਲਾਬੀਆਂ ਦੀ ਸਜਾਤੀ ਵਜ਼ਾਰਤ ਆਪਣੀ ਜ਼ਿੰਮੇਵਾਰੀ ਨੂੰ ਉਨਾ ਹੀ ਘੱਟ ਸਮਝ ਸਕੇਗੀ ਜਿੰਨਾ ਘੱਟ ਜ਼ਿੰਮੇਵਾਰ ਸੋਸ਼ਲਿਸਟ ਮੰਤਰੀਆਂ ਨੇ ਕੁਲੀਸ਼ਨ ਕੈਬਨਿਟ ਵਿਚ ਸਮਝਿਆ......ਜਿਥੇ ਇਹ ਹਕੂਮਤ ਇਨਕਲਾਬ ਦੀਆਂ ਸਜੀਵ ਸ਼ਕਤੀਆਂ ਨੂੰ ਆਪਣੇ ਦੁਆਲੇ ਜੋੜ ਨਹੀਂ ਸਕੇਗੀ ਉਥੇ ਇਹ ਆਪਣੇ ਹਰਾਵਲ—ਪ੍ਰੋਲਤਾਰੀਏ—ਦੀ ਕਿਸੇ ਸਰਗਰਮ ਮੱਦਦ ਨੂੰ ਲੇਖੇ ਵਿਚ ਨਹੀਂ ਰੱਖ ਸਕੇਗੀ।

"ਪਰ ਇਕ ਹੋਰ ਕਿਸਮ ਦੀ ਸਜਾਤੀ ਕੈਬਨਿਟ ਦੀ ਪ੍ਰੋਲੇਤਾਰੀਏ ਅਤੇ ਗਰੀਬ ਕਿਸਾਨਾਂ ਦੀ ਹਕੂਮਤ ਦੀ ਸਿਰਜਣਾ ਇਸ ਸਥਿਤੀ ਚੋਂ ਬਾਹਰ 'ਨਿਕਲਣ ਦਾ ਚੰਗੇਰਾ ਨਹੀਂ', ਸਗੋਂ ਹੋਰ ਵੀ ਭੈੜਾ ਰਾਹ ਹੋਵੇਗਾ। ਅਸਲ ਵਿਚ ਇਹ ਕੋਈ ਰਾਹ ਹੋਵੇਗਾ ਹੀ ਨਹੀਂ ਸਗੋਂ ਪ੍ਰਤੱਖ ਤੌਰ ਉਤੇ ਦੀਵਾਲੀਆਪਣ ਹੋਵੇਗਾ। ਠੀਕ ਕੋਈ ਵੀ ਅਜਿਹਾ ਨਾਹਰਾ ਨਹੀਂ ਦੇ ਰਿਹਾ ਸਿਵਾਏ ਇਤਫਾਕੀਆ, ਡਰੂ ਅਤੇ ਫੇਰ **ਰਾਬੋਚੀ ਪੁਤ** ਵਿਚ ਬਾਕਾਇਦਾ ਤੌਰ ਉਤੇ ਸਪੱਸ਼ਟ ਕੀਤੀਆਂ ਗਈਆਂ ਟਿੱਪਣੀਆਂ ਦੇ ਰੂਪ ਵਿਚ।"

(ਇਹ ਸਪੱਸ਼ਟ ਝੂਠ ਜਿੰਮੇਵਾਰ ਪੱਤਰਕਾਰਾਂ ਨੇ, ਜਿਹੜੇ 21 ਸਤੰਬਰ ਦੇ **ਦਾਈਲੋ ਨਾਰੋਦਾ** ਦੇ ਸੰਪਾਦਕੀ ਨੂੰ ਵੀ ਭੁਲ ਗਏ ਹਨ, "ਦਲੇਰੀ ਨਾਲ" ਲਿਖਿਆ ਹੈ।)

"ਰਸਮੀ ਤੌਰ ਉਤੇ ਬਾਲਸ਼ਵਿਕਾਂ ਨੇ ਹੁਣ 'ਸਾਰੀ ਸੱਤਾ ਸੋਵੀਅਤਾਂ ਦੇ ਹੱਥ' ਦਾ ਨਾਅਰਾ ਮੁੜ ਦਿਤਾ ਹੈ। ਜੁਲਾਈ ਦੇ ਦਿਨਾਂ ਪਿੱਛੋਂ ਇਹ ਵਾਪਸ ਲੈ ਲਿਆ ਗਿਆ ਸੀ, ਜਦੋਂ ਸੋਵੀਅਤਾਂ ਨੇ ਜਿਹਨਾਂ ਦੀ ਪ੍ਰਤੀਨਿਧਤਾ ਕੇਂਦਰੀ ਕਾਰਜ-ਸਾਧਕ ਕਮੇਟੀ ਨੇ ਕੀਤੀ, ਨਿਸਚਿਤ ਤੌਰ ਤੇ ਬਾਲਸ਼ਵਿਕ-ਵਿਰੋਧੀ ਸਰਗਰਮ ਨੀਤੀ ਅਖਤਿਆਰ ਕਰ ਲਈ ਸੀ। ਪਰ ਹੁਣ ਇਹੋ ਨਹੀਂ ਕਿ ਸੋਵੀਅਤ ਲਾਈਨ ਨੂੰ ਸਵਾਹਰੀ ਹੋਈ ਸਮਝਿਆ ਜਾ ਸਕਦਾ ਹੈ, ਸਗੋਂ ਇਹ ਵੀ ਕਿ ਇਹ ਮੰਨ ਲੈਣ ਦਾ ਹਰ ਕਾਰਨ ਹੈ ਕਿ ਸੋਵੀਅਤਾਂ ਦੀ ਪ੍ਰਸਤਾਵਤ ਕਾਂਗਰਸ ਵਿਚ ਬਾਲਸ਼ਵਿਕਾਂ ਨੂੰ ਬਹੁ-

ਗਿਣਤੀ ਹਾਸਲ ਹੋਵੇਗੀ। ਅਜਿਹੇ ਹਾਲਾਤ ਵਿਚ "ਕੁਲ ਤਾਕਤ ਸੋਵੀਅਤਾਂ ਦੇ ਹੱਥ ਵਿਚ" ਦਾ ਨਾਅਰਾ, ਜੋ ਬਾਲਸ਼ਵਿਕਾਂ ਨੇ ਸੁਰਜੀਤ ਕੀਤਾ ਹੈ, ਠੀਕ ਹੀ ਪ੍ਰੋਲਤਾਰੀਏ ਤੇ ਗਰੀਬ ਕਿਸਾਨਾਂ ਦੀ ਡਿਕਟੇਟਰਸ਼ਿਪ ਦੀ ਪ੍ਰਾਪਤੀ ਲਈ ਦਾਅ-ਪੇਚ ਸਬੰਧੀ ਲਾਈਨ ਹੈ। ਠੀਕ, ਸੋਵੀਅਤਾਂ ਦੇ ਅਰਥ ਕਿਸਾਨਾਂ ਦੇ ਡਿਪਟੀਆਂ ਦੀਆ ਸੋਵੀਅਤਾਂ ਦੇ ਵੀ ਹਨ, ਇਸ ਲਈ ਬਾਲਸ਼ਵਿਕ ਨਾਅਰੇ ਦੇ ਅਰਥ ਰੂਸ ਵਿਚ ਸਮੁੱਚੀ ਜਮਹੂਰੀਅਤ ਦੇ ਬਹੁਤ ਹੀ ਵੱਡੇ ਹਿੱਸੇ ਉਤੇ ਅਧਾਰਤ ਸੱਟਾਂ ਦੇ ਵੀ ਹਨ। ਪਰ ਇਸ ਸੂਰਤ ਵਿਚ 'ਕੁਲ ਸੱਤਾ ਸੋਵੀਅਤਾ ਦੇ ਹੱਥ' ਦਾ ਨਾਅਰਾ ਸਾਰੀ ਸਵੈ-ਧੀਨ ਮਹੱਤਤਾ ਗੁਆ ਬਹਿੰਦਾ ਹੈ ਕਿਉਂਕਿ ਇਹ ਰਚਨਾ ਦੇ ਲਿਹਾਜ਼ ਸੋਵੀਅਤਾਂ ਨੂੰ ਕਾਨਫਰੰਸ ਵਲੋਂ ਕਾਇਮ ਕੀਤੀ ਗਈ ਪੂਰਨ ਪਾਰਲੀਮੈਂਟ ਦੇ ਕਰੀਬ-ਕਰੀਬ ਸਮਰੂਪ ਬਣਾ ਦਿੰਦਾ ਹੈ........ (**ਨੋਵਾਇਆ ਜ਼ੀਜ਼ਨ** ਦਾ ਦਾਅਵਾ ਢੀਠਪੁਣੇ ਵਾਲਾ ਝੂਠ ਹੈ, ਇਹ ਐਲਾਨ ਕਰਨ ਦੇ ਬਰਾਬਰ ਹੈ ਕਿ ਝੂਠੀ ਅਤੇ ਧੋਖੇ-ਭਰੀ ਜਮਹੂਰੀਅਤ ਦੇ "ਕਰੀਬ-ਕਰੀਬ ਸਮਰੂਪ" ਹੈ: ਪੂਰਵ-ਪਾਰਲੀਮੈਂਟ ਇਕ ਛਲ-ਕਪਟ ਹੈ ਜਿਹੜੀ ਲੋਕਾਂ ਦੀ ਘੱਟ ਗਿਣਤੀ ਦੀ ਖਾਸ ਕਰਕੇ ਕੁਸਕੋਵਾ, ਬਿਰਕੇਨਹੇਮ, ਚਾਇਕੋਵਸਕੀ ਐਂਡ ਕੰਪਨੀ ਦੀ ਇੱਛਾ ਨੂੰ ਬਹੁ-ਗਿਣਤੀ ਦੀ ਇੱਛਾ ਵਜੋਂ ਪੇਸ਼ ਕਰਦਾ ਹੈ। ਇਹ ਪਹਿਲਾ ਨੁਕਤਾ ਹੈ। ਦੂਜਾ ਨੁਕਤਾ ਇਹ ਹੈ ਕਿ ਕਾਨਫਰੰਸ ਵਿਚ ਕਿਸਾਨਾਂ ਦੀਆਂ ਸੋਵੀਅਤਾ ਨੇ ਵੀ, ਜਿਹਨਾ ਵਿਚ ਅਵਕਸੇਨਤੀਯੇਵਾਂ ਅਤੇ ਚਾਇਕੋਵਸਕੀਆਂ ਨੇ ਭਰਤੀ ਕੀਤੀ ਹੋਈ ਸੀ, ਕੁਲੀਸ਼ਨ ਦੇ ਵਿਰੁਧ ਏਡੀ ਬਹੁਤੀ ਫੀਸਦੀ ਪੇਸ਼ ਕੀਤੀ ਕਿ ਮਜ਼ਦੂਰਾਂ ਤੇ ਸਿਪਾ-ਹੀਆਂ ਦੇ ਡਿਪਟੀਆ ਦੀਆਂ ਸੋਵੀਅਤਾਂ ਨਾਲ ਮਿਲਾ ਕੇ ਵੇਖੀਏ ਤਾਂ ਇਹਨਾਂ ਨੇ **ਕੁਲੀਸ਼ਨ ਦੀ ਪੂਰਨ ਗਿਰਾਵਟ** ਲੈ ਆਉਣੀ ਸੀ। ਅਤੇ ਤੀਜਾ ਨੁਕਤਾ ਇਹ ਹੈ ਕਿ "ਸੋਵੀਅਤਾ ਹੱਥ ਸੱਤਾ" ਦੇ ਅਰਥ ਇਹ ਹਨ ਕਿ ਕਿਸਾਨਾਂ ਦੇ ਡਿਪਟੀਆਂ ਦੀ ਸੱਤਾ ਦੀ ਬੁੱਕਲ ਵਿਚ ਮੁੱਖ ਤੌਰ ਉਤੇ ਪੇਂਡੂ ਜਿਲ੍ਹਿਆਂ ਵਿਚ ਗਰੀਬ ਕਿਸਾਨਾ ਦੀ ਪ੍ਰਬਲਤਾ ਯਕੀਨੀ ਬਣ ਗਈ ਹੈ।)

"ਜੇ ਗੱਲ ਇਕੋ ਹੈ ਤਾਂ ਬਾਲਸ਼ਵਿਕ ਨਾਅਰਾ ਤੁਰੰਤ ਹੀ ਵਾਪਸ ਲਿਆ ਜਾਣਾ ਚਾਹੀਦਾ ਹੈ। ਪਰ ਜੇ 'ਸੋਵੀਅਤਾ ਹੱਥ ਸੱਤਾ,' ਪ੍ਰੋਲਤਾਰੀਏ ਦੀ ਡਿਕਟੇਟਰੀ ਲਈ ਸਿਰਫ ਇਕ ਓਹਲਾ ਹੈ ਤਾ ਅਜਿਹੀ ਸੱਤਾ ਦੇ ਅਰਥ ਠੀਕ-ਠੀਕ ਇਨਕਲਾਬ ਦੀ ਅਸਫਲਤਾ ਤੇ ਗਿਰਾਵਟ ਦੇ ਹੋਣਗੇ।

"ਕੀ ਇਹਦੇ ਲਈ ਸਬੂਤ ਦੀ ਲੋੜ ਹੈ ਕਿ ਪ੍ਰੋਲਤਾਰੀਆ, ਜੋ ਦੇਸ਼ ਵਿਚ ਦੂਜੀਆਂ ਜਮਾਤਾਂ ਤੋਂ ਹੀ ਨਹੀਂ ਸਗੋਂ ਜਮਹੂਰੀਅਤ ਦੀਆਂ ਅਸਲੀ ਸਜੀਵ ਸ਼ਕਤੀਆ ਤੋਂ ਵੀ ਨਿਖੜਿਆ ਹੋਇਆ ਹੈ, ਨਾ ਤਾਂ ਟੈਕਨੀਕਲ ਤੋਰ ਉਤੇ ਰਾਜ ਮਸ਼ੀਨ ਆਪਣੇ ਹੱਥ ਲੈ ਸਕੇਗਾ ਅਤੇ ਇਹਨੂੰ ਖਾਸ ਤੌਰ ਉਤੇ ਪੇਚੀਦਾ ਸਥਿਤੀ ਵਿਚ ਗਤੀ ਬਖਸ਼ੇਗਾ, ਨਾ ਹੀ ਰਾਜਸੀ ਤੌਰ ਉਤੇ ਦੇਸ਼-ਵਿਰੋਧੀ ਤਾਕਤਾਂ ਵਲੋਂ ਪਾਏ ਜਾਦੇ ਸਾਰੇ ਦਬਾਅ ਦਾ ਮੁਕਾਬਲਾ ਕਰੇਗਾ ਜੋ ਸੌਦੇਬਾਜ਼ੀ ਵਿਚ ਪ੍ਰੋਲਤਾਰੀਏ ਡਿਕਟੇਟਰ-ਸ਼ਿਪ ਹੀ ਨੂੰ ਨਹੀਂ ਸਗੋਂ ਸਮੁੱਚੇ ਇਨਕਲਾਬ ਨੂੰ ਹੀ ਹੂੰਝ ਸੁੱਟਣਗੀਆਂ।

"ਇਕੋ-ਇਕ ਸ਼ਕਤੀ ਜਿਹੜੀ ਵਰਤਮਾਨ ਸਥਿਤੀ ਦੀਆਂ ਲੋੜਾਂ ਦਾ ਉਤਰ ਦੇਵੇਗੀ, ਜਮਹੂਰੀਅਤ ਦੇ ਅੰਦਰ ਅੰਦਰ ਅਸਲੋਂ ਹੀ ਇਮਾਨਦਾਰ ਕੁਲੀਸ਼ਨ ਹੈ।"

... ...

ਲੰਮੀਆਂ ਲੰਮੀਆਂ ਟੂਕਾਂ ਦੇ ਇਹ ਹਵਾਲੇ ਦੇਣ ਲਈ ਅਸੀਂ ਪਾਠਕ ਤੋਂ ਖਿਮਾਂ ਦੇ ਜਾਚਕ ਹਾਂ, ਪਰ ਇਹ ਬਿਲਕੁਲ ਹੀ ਜ਼ਰੂਰੀ ਹਨ। ਬਾਲਸ਼ਵਿਕਾਂ ਦੀਆਂ ਵੱਖ ਵੱਖ ਦੁਸ਼ਮਣ ਪਾਰਟੀਆਂ

ਵਲੋਂ ਲਈਆਂ ਗਈਆ ਪੁਜ਼ੀਸ਼ਨਾਂ ਦੀ ਸਹੀ ਸਹੀ ਤਸਵੀਰ ਪੇਸ਼ ਕਰਨਾ ਜ਼ਰੂਰੀ ਹੈ। ਇਸ ਅੰਤ ਅਹਿਮ ਤੱਥ ਨੂੰ ਨਿਸਚਿਤ ਤਰ੍ਹਾਂ ਸਿੱਧ ਕਰਨਾ ਜ਼ਰੂਰੀ ਹੈ ਕਿ ਇਹਨਾਂ **ਸਭਨਾਂ** ਪਾਰਟੀਆਂ ਨੇ ਮੰਨਿਆ ਹੈ ਕਿ ਬਾਲਸ਼ਵਿਕਾਂ ਲਈ ਪੂਰੀ ਰਾਜ-ਸੱਤਾ ਹੱਥ ਇਕੱਲਿਆਂ ਲੈਣ ਦਾ ਸਵਾਲ ਉਚਿਤ ਹੀ ਨਹੀਂ, ਸਗੋਂ ਜ਼ਰੂਰੀ ਵੀ ਹੈ।

ਆਓ, ਹੁਣ ਉਹਨਾਂ ਦਲੀਲਾਂ ਨੂੰ ਵਿਚਾਰੀਏ ਜੋ ਕੇਡਿਟਾਂ ਤੋਂ ਲੈ ਕੇ **ਨੋਵਾਇਆ ਜ਼ੀਜ਼ਨ ਦੇ** ਲੋਕਾਂ ਤੱਕ "ਹਾਰੀ-ਸਾਰੀ" ਨੂੰ ਯਕੀਨ ਦਿਵਾਂਦੀਆਂ ਹਨ ਕਿ ਬਾਲਸ਼ਵਿਕ ਸੱਤਾ ਨੂੰ ਕਾਇਮ ਰੱਖ ਨਹੀਂ ਸਕਣਗੇ।

ਸਤਿਕਾਰ ਯੋਗ **ਰੀਸ਼** ਬਿਲਕੁਲ ਹੀ ਕੋਈ ਦਲੀਲਾਂ ਨਹੀਂ ਦੇਂਦਾ। ਇਹ ਤਾਂ ਬਾਲਸ਼ਵਿਕਾਂ ਉਤੇ ਅਤਿ-ਚੋਣਵੀਆਂ ਅਤੇ ਅਤਿ-ਕਰੋਧ ਨਾਲ ਭਰੀਆਂ ਗਾਲ੍ਹਾਂ ਦਾ ਹੜ੍ਹ ਵਗਾਉਂਦਾ ਹੈ। ਅਸਾਂ ਜੋ ਟੂਕ ਦਿੱਤੀ ਹੈ ਉਹ ਹੋਰਨਾਂ ਗੱਲਾਂ ਤੋਂ ਇਲਾਵਾ ਇਹ ਵੀ ਵਿਖਾਉਂਦੀ ਹੈ ਕਿ ਇਹ ਕਹਿਣਾ ਕੇਡਾ ਪੂਰੀ ਤਰ੍ਹਾਂ ਗ਼ਲਤ ਹੋਵੇਗਾ ਕਿ "ਸਾਥੀਓ ਸਾਵਧਾਨ ਰਹੋ ਕਿਉਂਕਿ ਦੁਸ਼ਮਣ ਜੋ ਸਲਾਹ ਦੇਂਦਾ ਹੈ ਉਹ ਜ਼ਰੂਰ ਹੀ ਬੁਰੀ ਹੋਵੇਗੀ।" ਇਹ ਸੋਚਦਿਆਂ ਕਿ **ਰੀਸ਼** ਬਾਲਸ਼ਵਿਕਾਂ ਨੂੰ ਸੱਤਾ ਹੱਥ ਲੈਣ ਲਈ "ਭੜਕਾ" ਰਿਹਾ ਹੈ। ਜੇ ਆਮ ਤੇ ਠੋਸ ਸੋਚਾਂ ਵਿਚਾਰਾਂ ਨੂੰ ਅਮਲੀ ਢੰਗ ਨਾਲ ਹਾੜਨ ਜੋਖਣ ਦੀ ਥਾਂ ਅਸਾਂ ਆਪਣੇ ਆਪ ਨੂੰ ਇਸ ਦਲੀਲ ਤੋਂ ਪ੍ਰੇਰਨਾ ਲੈਣ ਦੀ ਆਗਿਆ ਦੇ ਦਿੱਤੀ ਕਿ ਬੁਰਜੂਆਜ਼ੀ ਸਾਨੂੰ ਸੱਤਾ ਉਤੇ ਕਬਜ਼ਾ ਕਰਨ ਲਈ "ਭੜਕਾ" ਰਹੀ ਹੈ ਤਾਂ ਸਾਨੂੰ ਬੁਰਜੂਆਜ਼ੀ ਮੂਰਖ ਬਣਾ ਲਵੇਗੀ ਕਿਉਂਕਿ ਬੁਰਜੂਆਜੀ ਨਿਰ-ਸੰਦੇਹ ਹੀ ਸਦਾ ਲਖੂਖਾ ਤਬਾਹੀਆਂ ਬਾਰੇ ਚੋਖੀ ਤਰ੍ਹਾਂ ਪੇਸ਼ਗੋਈ ਕਰੇਗੀ ਜੋ ਬਾਲਸ਼ਵਿਕਾਂ ਨੇ ਸੱਤਾ ਹੱਥ ਲੈਣ ਦਾ ਸਿੱਟਾ ਹੋਣਗੀਆਂ ਅਤੇ ਉਹ ਸਦਾ ਚੋਖੀ ਤਰ੍ਹਾਂ ਹੀਕਣਗੇ, "ਬਾਲਸ਼ਵਿਕਾਂ ਨੂੰ ਸੱਤਾ ਉਤੇ ਕਬਜ਼ਾ ਕਰਨ ਦੀ ਆਗਿਆ ਦੇ ਕੇ ਅਤੇ ਫਿਰ ਉਹਨਾਂ ਨੂੰ ਕੁਚਲ ਕੇ ਉਹਨਾਂ ਤੋਂ ਇਕੋ ਵਾਰ ਨਾਲ ਅਤੇ "ਕਈ ਸਾਲਾਂ ਲਈ ਛੁਟਕਾਰਾ ਹਾਸਲ ਕਰਨਾ ਚੰਗੇਰਾ ਹੋਵੇਗਾ" ਇਹ ਚੀਕ ਚਿਹਾੜਾ ਵੀ ਜੇ ਤੁਸੀਂ ਸਮਝੋ "ਭੜਕਾਹਟ" ਹੈ ਪਰ ਵੱਖਰੇ ਹੀ ਕੋਣ ਤੋਂ। ਕੇਡਿਟ ਤੇ ਬੁਰਜੂਆਜ਼ੀ ਸਾਨੂੰ ਕਿਸੇ ਤਰ੍ਹਾਂ ਵੀ ਸੱਤਾ ਹੱਥ ਲੈਣ ਦੀ "ਸਲਾਹ" ਨਹੀਂ ਦੇਂਦੇ।" ਉਹ ਤਾਂ ਹਕੂਮਤ ਦੇ ਅਖੌਤੀ ਤੌਰ ਉਤੇ ਪੇਚੀਦਾ ਮਸਲਿਆਂ ਨਾਲ ਸਾਨੂੰ "**ਡਰਾਉਣ**" ਦਾ ਯਤਨ ਕਰ ਰਹੇ ਹਨ।

ਨਹੀਂ। ਸਾਨੂੰ ਡਰੀ ਹੋਈ ਬੁਰਜੂਆਜੀ ਦੀਆਂ ਚੀਕਾਂ ਤੋਂ ਆਪਣੇ ਆਪ ਨੂੰ ਡਰਾਉਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਸਾਨੂੰ ਦਿਮਾਗ਼ ਵਿਚ ਪੱਕੀ ਤਰ੍ਹਾਂ ਬਿਠਾਉਣਾ ਚਾਹੀਦਾ ਹੈ ਕਿ ਅਸਾਂ ਆਪਣੇ ਸਾਹਮਣੇ ਕਦੇ ਵੀ ਪੇਚੀਦਾ, ਸਮਾਜਕ ਮਸਲੇ ਨਹੀਂ ਰੱਖੇ ਅਤੇ ਜਿਥੋਂ ਤੱਕ ਸੋਸ਼ਲਿਜ਼ਮ ਵੱਲ ਤੁਰੰਤ ਕਦਮ ਪੁੱਟਣ ਦੇ **ਪੂਰੀ ਤਰ੍ਹਾਂ** ਹੱਲ ਹੋਣ ਵਾਲੇ ਮਸਲੇ ਦਾ ਸਬੰਧ ਹੈ, ਜੋ ਅਤਿ ਮੁਸ਼ਕਲ ਸਥਿਤੀ ਵਿਚੋਂ ਬਾਹਰ ਨਿਕਲਣ ਦਾ ਇਕੋ ਇਕ ਰਾਹ ਹੈ, ਇਹ ਪਰੋਲਤਾਰੀਏ ਤੇ ਗ਼ਰੀਬ ਕਿਸਾਨਾਂ ਦੀ ਡਿਕਟੇਟਰਸ਼ਿਪ ਦੁਆਰਾ **ਹੀ ਹੱਲ ਕੀਤਾ ਜਾਵੇਗਾ**। ਰੂਸ ਵਿਚ ਪਰੋਲਤਾਰੀਏ ਲਈ ਜੇ ਇਹ ਸੱਤਾ ਉਤੇ ਕਬਜ਼ਾ ਕਰਦਾ ਹੈ, ਜਿੱਤ ਅਤੇ ਸਦੀਵੀ ਜਿੱਤ, ਹੁਣ ਸਦਾ ਨਾਲੋਂ ਵਧੇਰੇ ਹੋਰ ਕਿਤੇ ਨਾਲੋਂ ਵਧੇਰੇ ਯਕੀਨੀ ਹੈ।

ਅਸੀਂ ਨਿਰੋਲ ਅਮਲੀ ਢੰਗ ਨਾਲ **ਠੋਸ** ਹਾਲਾਤ ਨੂੰ ਵਿਚਾਰਾਂਗੇ ਜੋ ਕਿਸੇ ਨਿਸਚਿਤ ਘੜੀ ਨੂੰ ਅਣਸੁਖਾਵਾਂ ਬਣਾਉਂਦੇ ਹਨ, ਪਰ ਅਸੀਂ ਇਕ ਛਿਣ ਲਈ ਵੀ ਆਪਣੇ ਆਪ ਨੂੰ ਬੁਰਜੂਆਜ਼ੀ ਦੇ ਵਹਿਸ਼ੀ ਚੀਕ-ਚਿਹਾੜੇ ਤੋਂ ਡਰਨ ਦੀ ਆਗਿਆ ਨਹੀਂ ਦੇਵਾਂਗੇ ਅਤੇ ਅਸੀਂ ਇਹ ਨਹੀਂ ਭੁਲਾਂਗੇ ਕਿ ਬਾਲਸ਼ਵਿਕਾਂ ਵਲੋਂ ਪੂਰਨ ਸੱਤਾ ਹੱਥ ਲੈਣ ਦਾ ਸਵਾਲ ਅਸਲੋਂ ਹੀ **ਜ਼ਰੂਰੀ** ਬਣ ਰਿਹਾ ਹੈ।

ਹੁਣ ਸਾਡੀ ਪਾਰਟੀ ਨੂੰ ਓੜਕਾਂ ਦੀ ਹੱਦ ਤੱਕ ਵਡੇਰੇ ਖਤਰੇ ਦਾ ਸਾਹਮਣਾ ਕਰਨਾ ਪਵੇਗਾ ਜੇਕਰ ਅਸੀਂ ਇਹ ਭੁੱਲ ਗਏ, ਉਸ ਨਾਲੋਂ ਕਿ ਅਸੀਂ ਇਹ ਮੰਨੀਏ ਕਿ ਸੱਤਾ ਉਤੇ ਕਬਜ਼ਾ ਕਰਨਾ 'ਅਗੇਤਾ' ਹੈ। ਇਸ ਪੱਖੋਂ ਹੁਣ ਕੁਝ ਵੀ 'ਅਗੇਤਾ' ਨਹੀਂ ਹੋ ਸਕਦਾ : ਇਹਦੇ ਹੱਕ ਵਿਚ ਲੱਖਾਂ ਵਿਚੋਂ, ਛੁਟ ਸ਼ਾਇਦ ਇਕ ਜਾਂ ਦੋ ਦੇ, ਹਰ ਸੰਭਾਵਨਾ ਹੈ।

ਰੀਸ਼ ਵਲੋਂ ਕੱਢੀ ਗਈ ਹਰ ਕਰੋਧ-ਭਰੀ ਗਾਲ੍ਹ ਬਾਰੇ ਅਸੀਂ ਇਹ ਕਹਿ ਸਕਦੇ ਹਾਂ ਤੇ ਜ਼ਰੂਰ ਕਹਾਂਗੇ :

ਖਿੱਝ ਦੀਆਂ ਵਹਿਸ਼ੀ ਚੀਕਾਂ ਵਿਚੋਂ
ਸਾਨੂੰ ਸੁਣਾਈ ਦੇਂਦੀ ਹੈ ਸਮਰਥਨ ਦੀ ਆਵਾਜ਼
ਪ੍ਰਸੰਸਾ ਦੀਆਂ ਸੁਰੀਲੀਆਂ ਆਵਾਜ਼ਾਂ ਵਿਚ ਨਹੀਂ।

ਇਹ ਗੱਲ ਕਿ ਬੁਰਜੁਆਜੀ ਸਾਨੂੰ ਏਡੇ ਜੋਸ਼ ਨਾਲ ਨਫ਼ਰਤ ਕਰਦੀ ਹੈ ਇਹਦਾ ਇਕ ਅਤਿ ਧਿਆਨ-ਖਿੱਚਵਾਂ ਸਬੂਤ ਹੈ ਕਿ ਅਸੀਂ ਲੋਕਾਂ ਨੂੰ ਬੁਰਜੁਆਜੀ ਦੇ ਰਾਜ ਦਾ ਤਖ਼ਤਾ ਉਲਟਾਉਣ ਦੇ ਸਹੀ ਢੰਗ ਤੇ ਤਰੀਕੇ ਵਿਖਾ ਰਹੇ ਹਾਂ।

... ...

ਇਸ ਵਾਰ ਇਕ ਦੁਰਲੱਭ ਛੋਟ ਵਜੋਂ **ਦਾਈਲੋ ਨਾਰੋਦਾ** ਨੇ ਆਪਣੀ ਗਾਲ੍ਹ ਨਾਲ ਸਾਨੂੰ ਨਹੀਂ ਨਿਵਾਜਿਆ, ਨਾ ਹੀ ਕੋਈ ਦਲੀਲ ਪੇਸ਼ ਕੀਤੀ। ਇਹਨੇ ਬਸ ਅਸਿੱਧੇ ਇਸ਼ਾਰਿਆਂ ਨਾਲ ਇਸ ਸੰਭਾਵਨਾ ਨਾਲ ਸਾਨੂੰ **ਡਰਾਉਣ** ਦੀ ਕੋਸ਼ਿਸ਼ ਕੀਤੀ ਹੈ ਕਿ "ਬਾਲਸ਼ਵਿਕ ਕੇਬਨਿਟ ਬਨਾਉਣ ਲਈ ਮਜਬੂਰ ਹੋਣਗੇ।" ਮੈਂ ਪੂਰੀ ਤਰ੍ਹਾਂ ਯਕੀਨ ਕਰ ਸਕਦਾ ਹਾਂ ਕਿ ਸਾਨੂੰ ਡਰਾਉਣ ਦਾ ਯਤਨ ਕਰਦਿਆਂ ਸੋਸ਼ਲਿਸਟ-ਇਨਕਲਾਬੀਆਂ ਦਾ ਖ਼ੁਦ ਆਪ ਡਰੇ ਹੋਏ ਉਦਾਰਵਾਦੀ ਦੇ ਵੇਤਾਲ ਤੋਂ ਸੱਚੇ-ਦਿਲੋਂ ਤ੍ਰਾਹ ਨਿਕਲਿਆ ਹੋਇਆ ਹੈ। ਮੈਂ ਇੰਨਾ ਹੀ ਇਹ ਯਕੀਨ ਕਰ ਸਕਦਾ ਹਾਂ ਕਿ ਸੋਸ਼ਲਿਸਟ-ਇਨਕਲਾਬੀਏ ਕੁਝ ਖਾਸ ਤੌਰ ਤੇ ਉੱਚੀਆਂ ਅਤੇ ਖਾਸ ਤੌਰ ਉਤੇ ਗਲੀਆਂ-ਸੜੀਆਂ ਸੰਸਥਾਵਾਂ ਜਿਵੇਂ ਕਿ ਕੇਂਦਰੀ ਕਾਰਜਸਾਧਕ ਕਮੇਟੀ ਅਤੇ ਇਸੇ ਤਰ੍ਹਾਂ ਦੇ "ਸੰਪਰਕ" (ਅਰਥਾਤ ਕੇਡਿਟਾਂ ਨਾਲ ਸੰਪਰਕ ਸਰਲ ਭਾਸ਼ਾ ਵਿਚ ਕੇਡਿਟਾਂ ਨਾਲ ਹਮ-ਪਿਆਲਾ ਹਮ-ਨਿਵਾਲਾ ਹੋਣਾ) ਕਮਿਸ਼ਨਾਂ ਵਿਚ ਕੁਝ ਬਾਲਸ਼ਵਿਕਾਂ ਨੂੰ ਡਰਾਉਣ ਵਿਚ ਜ਼ਰੂਰ ਸਫਲ ਹੁੰਦੇ ਹਨ। ਪਹਿਲਾਂ ਤਾਂ ਇਹਨਾਂ ਸਭਨਾਂ ਕੇਂਦਰੀ ਕਾਰਜ-ਸਾਧਕਾਂ ਪੂਰਵ-ਪਾਰਲੀਮੈਂਟਾਂ ਆਦਿ ਵਿਚ ਵਾਤਾਵਰਣ ਘਿਰਨਾਜਨਕ ਹੈ, ਮਤਲੀ ਦੀ ਹੱਦ ਤੱਕ ਬਦਬੂਦਾਰ ਹੈ ਅਤੇ ਕਿਸੇ ਵੀ ਆਦਮੀ ਦਾ ਕੁਝ ਸਮੇਂ ਲਈ ਸਾਹ ਲੈਣਾ ਹਾਨੀਕਾਰਕ ਹੈ ਅਤੇ ਦੂਜੇ ਸੁਹਿਰਦਤਾ ਛੂਤ ਦਾ ਰੋਗ ਹੈ ਅਤੇ ਸੱਚੇ ਦਿਲੋਂ ਡਰਿਆ ਹੋਇਆ ਫ਼ਿਲਸਟੀਨ ਇਕ ਇਨਕਲਾਬੀ ਨੂੰ ਕੁਝ ਸਮੇਂ ਲਈ ਫਿਲਸਟੀਨ ਵਿਚ ਤਬਦੀਲ ਕਰ ਸਕਦਾ ਹੈ।

ਪਰ ਅਸੀਂ ਸੋਸ਼ਲਿਸਟ-ਇਨਕਲਾਬੀ ਦੇ ਸੁਹਿਰਦ ਤ੍ਰਾਹ ਨੂੰ "ਮਾਨਵੀ ਤੌਰ ਤੇ" ਬੋਲਦਿਆਂ ਕਿੰਨਾ ਹੀ ਕਿਉਂ ਨਾ ਸਮਝ ਲਈਏ, ਸੋਸ਼ਲਿਸਟ ਇਨਕਲਾਬੀ ਕੇਡਿਟਾਂ ਦੀ ਸੰਗਤ ਵਿਚ ਮੰਤਰੀ ਬਣਨਾ ਜੀਹਦੇ ਮੰਦੇ ਭਾਗ ਹਨ, ਜਾਂ ਜਿਹੜਾ ਕੇਡਿਟਾਂ ਦੀਆਂ ਨਜ਼ਰਾਂ ਵਿਚ ਮੰਤਰੀ ਬਣਨ ਦੇ ਯੋਗ ਹੈ। ਅਸੀਂ ਰਾਜਸੀ ਗਲਤੀ ਕਰ ਰਹੇ ਹੋਵਾਂਗੇ ਜਿਹੜੀ ਪਰੋਲਤਾਰੀਏ ਵੱਲ ਗ਼ੱਦਾਰੀ ਦੀ ਸੀਮਾ ਉਤੇ ਸੌਖਿਆਂ ਹੀ ਪੁੱਜ ਜਾਂਦੀ ਹੈ, । ਜੇ ਕਰ ਅਸਾਂ ਆਪਣੇ ਆਪ ਦਾ ਤਰਾਹ ਨਿਕਲ ਜਾਣ

ਵਿੱਤਾ। ਆਓ ਅਸੀਂ ਤੁਹਾਡੀਆਂ ਅਮਲੀ ਦਲੀਲਾਂ ਸੁਣ ਲਈਏ। ਭਦਰ ਪੁਰਸ਼ੋ ! ਇਹਦੀ ਕੋਈ ਆਸ ਨਾ ਰਖੋ ਕਿ ਅਸੀਂ ਤੁਹਾਡੇ ਡਰ ਤੋਂ ਆਪਣੇ ਆਪ ਨੂੰ ਡਰਾਉਣ ਦੀ ਆਗਿਆ ਦਿਆਂਗੇ।

... ...

ਇਸ ਵਾਰ ਸਾਨੂੰ ਸਿਰਫ **ਨੋਵਾਇਆ ਜ਼ੀਜ਼ਨ** ਵਿਚ ਹੀ ਅਮਲੀ ਦਲੀਲਾਂ ਮਿਲੀਆਂ ਹਨ। ਇਸ ਮੌਕੇ ਇਹ ਅਖਬਾਰ ਬੁਰਜੁਆਜ਼ੀ ਦੇ ਸਲਾਹਕਾਰ ਦੇ ਰੂਪ ਵਿਚ ਨਿਤਰਦਾ ਹੈ, ਰੋਲ ਜਿਹੜਾ ਇਹਨੂੰ ਬਾਲਸ਼ਵਿਕਾਂ ਦੀ ਰੱਖਿਆ ਲਈ ਸਲਾਹਕਾਰ ਨਾਲੋਂ ਕਿਤੇ ਚੰਗੇਰੀ ਤਰ੍ਹਾਂ ਢੁਕਦਾ ਹੈ, ਸਲਾਹਕਾਰ ਜੋ ਇਸ ਸੁਆਣੀ ਨੂੰ ਕਈ ਚੰਗੇ ਨੁਕਤਿਆਂ ਕਰਕੇ ਸਪੱਸ਼ਟ ਤੌਰ ਉੱਤੇ "ਸਦਮਾ ਪੁਚਾਂਦਾ" ਹੈ।

ਸਲਾਹਕਾਰ ਨੇ ਛੇ ਦਲੀਲਾਂ ਪੇਸ਼ ਕੀਤੀਆਂ ਹਨ :

1. ਪਰੋਲੇਤਾਰੀਆ "ਦੇਸ਼ ਵਿਚ ਦੂਜੀਆ ਜਮਾਤਾਂ ਨਾਲੋਂ ਨਿਖੜਿਆ ਹੋਇਆ ਹੈ।"

2. ਇਹ "ਜਮਹੂਰੀਅਤ ਦੀਆਂ ਅਸਲੀ ਸਜੀਵ ਸ਼ਕਤੀਆਂ ਤੋਂ ਨਿਖੜਿਆ ਹੋਇਆ ਹੈ।"

3. ਇਹ "ਟੈਕਨੀਕਲ ਤੌਰ ਉਤੇ ਰਾਜ-ਮਸ਼ੀਨ ਉਤੇ ਕਬਜ਼ਾ ਕਰਨ ਦੇ ਯੋਗ ਨਹੀਂ ਹੋਵੇਗਾ।"

4. ਇਹ "ਇਸ ਮਸ਼ੀਨ ਨੂੰ ਚਲਾ ਨਹੀਂ ਸਕੇਗਾ।"

5. "ਸਥਿਤੀ ਖਾਸ ਤੌਰ ਉਤੇ ਪੇਚੀਦਾ ਹੈ।"

6. ਇਹ "ਵਿਰੋਧੀ ਤਾਕਤਾਂ ਵਲੋਂ ਦਬਾਅ ਦਾ, ਜਿਹੜੀਆਂ ਪਰੋਲਤਾਰੀ ਡਿਕਟੇਟਰਸ਼ਿਪ ਨੂੰ ਹੀ ਨਹੀਂ ਸਗੋਂ ਸੌਦੇ-ਬਾਜ਼ੀ ਵਿਚ ਸਮੁੱਚੇ ਇਨਕਲਾਬ ਨੂੰ ਹੀ ਹੂੰਝ ਸੁੱਟਣਗੀਆਂ, ਮੁਕਾਬਲਾ ਨਹੀਂ ਕਰ ਸਕੇਗਾ।"

ਨੋਵਾਇਆ ਜ਼ੀਜ਼ਨ ਪਹਿਲੀ ਦਲੀਲ ਨੂੰ ਬੇਥੁਵੇ ਤਰ੍ਹਾਂ ਭੱਦੀ ਤਰ੍ਹਾਂ ਸੂਤਰਬੱਧ ਕਰਦਾ ਹੈ ਕਿਉਂਕਿ ਪੂੰਜੀਵਾਦੀ ਅਤੇ ਅਰਧ-ਪੂੰਜੀਵਾਦੀ ਸਮਾਜ ਵਿਚ ਸਾਨੂੰ ਸਿਰਫ ਤਿੰਨ ਜਮਾਤਾਂ ਦਾ ਹੀ ਇਲਮ ਹੈ : ਬੁਰਜੁਆਜ਼ੀ, ਨਿਕ-ਬੁਰਜੁਆਜ਼ੀ (ਜਿਸ ਵਿਚ ਮੁੱਖ ਤੌਰ ਉਤੇ ਕਿਸਾਨ ਸ਼ਾਮਲ ਹਨ) ਅਤੇ ਪਰੋਲਤਾਰੀਆ। ਪਰੋਲਤਾਰੀਏ ਦੇ ਦੂਜੀਆਂ ਜਮਾਤਾਂ ਨਾਲੋਂ ਨਿਖੇੜ ਦੀਆਂ ਗੱਲਾਂ ਦੇ ਭਲਾ ਕੀ ਅਰਥ ਹਨ ਜਦੋਂਕਿ ਸਵਾਲ ਬੁਰਜੁਆਜ਼ੀ ਵਿਰੁਧ ਪਰੋਲਤਾਰੀਏ ਦੇ ਘੋਲ ਦਾ, ਬੁਰਜੁਆਜ਼ੀ ਵਿਰੁਧ ਇਨਕਲਾਬ ਦਾ ਹੈ ?

ਸਪੱਸ਼ਟ ਤੌਰ ਉਤੇ **ਨੋਵਾਇਆ ਜ਼ੀਜ਼ਨ** ਇਹ ਕਹਿਣਾ ਚਾਹੁੰਦਾ ਸੀ ਕਿ ਪਰੋਲਤਾਰੀਆ ਕਿਸਾਨਾਂ ਨਾਲੋਂ ਨਿਖੜਿਆ ਹੋਇਆ ਹੈ ਕਿਉਂਕਿ ਉਹਦਾ ਮਤਲਬ ਭੋਂ-ਪਤੀਆਂ ਤੋਂ ਨਹੀਂ ਹੋ ਸਕਦਾ। ਪਰ ਉਹ ਸਾਫ ਤਰ੍ਹਾਂ ਤੇ ਨਿਸਚਿਤ ਤਰ੍ਹਾਂ ਨਹੀਂ ਸੀ ਕਹਿ ਸਕਦਾ ਕਿ ਪਰੋਲਤਾਰੀਆ ਹੁਣ ਕਿਸਾਨਾਂ ਨਾਲੋਂ ਨਿਖੜਿਆ ਹੋਇਆ ਹੈ ਕਿਉਂਕਿ ਇਸ ਦਾਹਵੇ ਦਾ ਕਤੱਈ ਗਲਤ ਹੋਣਾ ਬਹੁਤ ਹੀ ਪ੍ਰਤੱਖ ਸੀ।

ਇਹ ਕਲਪਨਾ ਵੀ ਮੁਸ਼ਕਲ ਹੈ ਕਿ ਇਕ ਪੂੰਜੀਵਾਦੀ ਦੇਸ ਵਿਚ ਪਰੋਲਤਾਰੀਆ ਨਿਕ-ਬੁਰਜੁਆਜ਼ੀ ਨਾਲੋਂ ਏਨਾ ਥੋੜ੍ਹਾ ਨਿਖੜਿਆ ਹੋਵੇ,—ਤੇ ਵੇਖੋ **ਬੁਰਜੁਆਜ਼ੀ ਵਿਰੁਧ** ਇਨਕਲਾਬ ਵਿਚ—ਜਿਵੇਂ ਕਿ ਪਰੋਲਤਾਰੀਆਂ ਹੁਣ ਰੂਸ ਵਿਚ ਹੈ। ਤਸੇਰੇਤੇਲੀ ਦੀ ਬੁਲੀਗਿਨ ਡੂਮਾ

ਵਿਚ ਅਰਥਾਤ ਬਦਨਾਮ "ਜਮਹੂਰੀ" ਕਾਨਫਰੰਸ ਵਿਚ ਬੁਰਜੁਆਜ਼ੀ ਨਾਲ ਕੁਲੀਸ਼ਨ ਦੇ ਹੱਕ ਵਿਚ ਤੇ ਵਿਰੁਧ "ਕਿਊਰੀਆ" ਰਾਹੀਂ ਵੋਟਿੰਗ ਦੇ ਤਾਜ਼ਾ ਨਤੀਜੇ ਇਸ ਦਾ ਇਕ ਵਸਤੂਮੁਖੀ ਤੇ ਨਿਰ-ਵਿਵਾਦ ਸਬੂਤ ਹਨ। ਸੋਵੀਅਤਾਂ ਦੇ ਕਿਊਰੀਆ ਤੋਂ ਸਾਨੂੰ ਮਲੂਮ ਹੁੰਦਾ ਹੈ :

	ਕੁਲੀਸ਼ਨ ਦੇ ਹੱਕ ਵਿਚ ਵਿਰੁਧ
ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ—	83——192
ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ—	102—— 70
ਕੁਲ ਸੋਵੀਅਤਾਂ	185——262

ਇਸ ਲਈ ਬਹੁ-ਗਿਣਤੀ ਸਮੁੱਚੇ ਤੌਰ ਤੇ ਪਰੋਲਤਾਰੀ ਨਾਹਰੇ ਦੇ ਪੱਖ ਵਿਚ ਹੈ! ਬੁਰਜੁ-ਆਜ਼ੀ ਨਾਲ ਕੁਲੀਸ਼ਨ ਵਿਰੁਧ। ਅਸਾਂ ਉਪਰ ਵੇਖਿਆ ਹੈ ਕਿ ਕੇਡਿਟ ਵੀ ਸੋਵੀਅਤਾਂ ਵਿਚ ਬਾਲਸ਼ਵਿਕ ਅਸਰ ਦੇ ਵਾਧੇ ਨੂੰ ਮੰਨਣ ਉਤੇ ਮਜਬੂਰ ਹਨ। ਅਤੇ ਇਥੇ ਸਾਡੇ ਸਾਹਮਣੇ ਕਾਨ-ਫਰੰਸ ਹੈ ਜੋ ਸੋਵੀਅਤਾਂ ਵਿਚ **ਕੱਲ** ਦੇ ਆਗੂਆਂ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਵਲੋਂ ਬੁਲਾਈ ਗਈ ਹੈ ਜਿਹਨਾਂ ਨੂੰ ਕੇਂਦਰੀ ਸੰਸਥਾਵਾਂ ਵਿਚ ਪੱਕੀ ਬਹੁ-ਗਿਣਤੀ ਹਾਸਲ ਹੈ। ਸਪੱਸ਼ਟ ਤੌਰ ਤੇ **ਅਸਲੀ** ਦਰਜਾ, ਜਿਸ ਤੱਕ ਬਾਲਸ਼ਵਿਕਾਂ ਨੂੰ ਸੋਵੀਅਤਾਂ ਵਿਚ ਪ੍ਰਬਲਤਾ ਹਾਸਲ ਹੈ, ਇਥੇ **ਘਟਾ ਕੇ ਦਸਿਆ ਗਿਆ ਹੈ**।

ਬੁਰਜੁਆਜ਼ੀ ਨਾਲ ਕੁਲੀਸਨ ਬਾਰੇ ਵੀ ਅਤੇ ਜ਼ਮੀਨੀ ਸੰਪਤੀਆਂ ਦਾ ਇੰਤਕਾਲ ਤੁਰੰਤ ਹੀ ਕਿਸਾਨ ਕਮੇਟੀਆਂ ਦੇ ਨਾਂਅ ਕਰਨ ਦੇ ਸਵਾਲ ਬਾਰੇ ਵੀ ਬਾਲਸ਼ਵਿਕਾਂ ਦੀ ਮਜ਼ਦੂਰਾਂ, ਕਿਸਾਨਾਂ, ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਵਿਚ ਪਹਿਲਾਂ ਹੀ ਬਹੁ-ਗਿਣਤੀ ਹੈ। **ਲੋਕਾਂ ਦੀ ਬਹੁ-ਗਿਣਤੀ** ਨਿਕ-ਬੁਰਜੁਆਜ਼ੀ ਦੀ ਬਹੁਗਿਣਤੀ। 24 ਸਤੰਬਰ ਦਾ **ਰਾਬੋਚੀ ਪੁਤ** ਨੰਬਰ 19 ਸੋਸ਼ਲਿਸਟ-ਇਨਕਲਾਬੀਆਂ ਦੇ ਅਖ਼ਬਾਰ **ਜ਼ਨਾਮਿਆ ਤਰੂਦਾ** ਦੇ ਅੰਕ 25 ਵਿਚੋਂ ਕਿਸਾਨਾਂ ਦੇ ਡਿਪਟੀਆਂ ਦੀਆਂ ਸਥਾਨਕ ਸੋਵੀਅਤਾਂ ਦੀ ਕਾਨਫਰੰਸ ਬਾਰੇ, ਜਿਸ ਦਾ ਸਮਾਗਮ 18 ਸਤੰਬਰ ਨੂੰ ਪੀਤਰੋਗਰਾਦ ਵਿਖੇ ਹੋਇਆ ਸੀ, ਇਕ ਰਿਪੋਰਟ ਦਾ ਹਵਾਲਾ ਦਿੰਦਾ ਹੈ। ਇਸ ਕਾਨਫਰੰਸ ਵਿਚ ਕਿਸਾਨਾਂ ਦੀਆਂ ਚਾਰ ਸੋਵੀਅਤਾਂ (ਕੋਸਤਰੋਮਾ, ਮਾਸਕੋ, ਸਮਾਰਾ ਅਤੇ ਤੌਰੀਦਾ ਗੁਬੇਰਨਿਆਂ) ਦੀਆਂ ਕਾਰਜ ਸਾਧਕ ਕਮੇਟੀਆਂ ਨੇ ਅਸੀਮਾਬੱਧ ਕੁਲੀਸ਼ਨ ਦੇ ਹੱਕ ਵਿਚ ਵੋਟਾਂ ਪਾਈਆਂ **ਅਤੇ ਤਿੰਨ** ਗੁਬੇਰਨੀਆਂ ਤੇ **ਦੋ** ਫੌਜਾਂ ਦੀਆਂ ਕਾਰਜਸਾਧਕ ਕਮੇਟੀਆਂ (ਵਲਾਦੀਮੀਰ, ਰਿਆਜ਼ਾਨ ਤੇ ਕਾਲਾ ਸਾਗਰ ਗੁਬੇਰਨਿਆਂ) ਨੇ ਕੇਡਿਟਾਂ ਤੋਂ ਬਗੈਰ ਕੁਲੀਸਨ ਦੇ ਹੱਕ ਵਿਚ ਵੋਟਾਂ ਪਾਈਆਂ। **ਤੇਈ** ਗੁਬੇਰਨਿਆਂ ਅਤੇ **ਚਾਰ** ਫੌਜਾਂ ਦੀਆਂ ਕਾਰਜਸਾਧਕ ਕਮੇਟੀਆਂ ਨੇ ਕੁਲੀਸ਼ਨ ਵਿਰੁਧ ਵੋਟਾਂ ਪਾਈਆਂ।

ਸੋ, ਕਿਸਾਨਾਂ ਦੀ ਬਹੁ ਗਿਣਤੀ ਕੁਲੀਸ਼ਨ ਦੇ ਵਿਰੁਧ ਹੈ।

ਇਹ ਹੈ "ਪਰੋਲੇਤਾਰੀਏ ਦਾ ਨਿਖੜਿਆ ਹੋਇਆ" ਹੋਣਾ।

ਸਾਨੂੰ ਇਹ ਗੱਲ ਮੁੱਖ ਰੱਖਣੀ ਚਾਹੀਦੀ ਹੈ ਕਿ ਕੁਲੀਸ਼ਨ ਦੇ ਹਮਾਇਤੀ ਬਾਹਰ ਵਾਲੇ ਤਿੰਨ ਗੁਬੇਰਨੀਏ ਸਮਾਰਾ, ਤੌਰੀਦਾ ਅਤੇ ਕਾਲਾ ਸਾਗਰ ਦੇ ਗੁਬੇਰਨੀਏ ਹਨ, ਜਿਥੇ ਮੁਕਾਬਲਤਨ ਧਨੀ ਕਿਸਾਨ ਅਤੇ ਵੱਡੇ ਭੋਂ-ਪਤੀ ਵੱਡੀ ਗਿਣਤੀ ਵਿਚ ਹਨ ਅਤੇ ਚਾਰ ਸਨਅਤੀ ਗੁਬੇਰਨੀਆਂ (ਵਲਾਦੀਮੀਰ, ਰਿਆਜ਼ਾਨ, ਕੋਸਤਰੋਮਾ ਤੇ ਮਾਸਕੋ) ਨੇ ਵੀ ਜਿਹਨਾਂ ਵਿਚ ਕਿਸਾਨ ਬੁਰਜੁਆਜ਼ੀ

ਰੂਸ ਵਿਖੇ ਗੁਬੇਰਨੀਆਂ ਦੀ ਬਹੁ-ਗਿਣਤੀ ਵਿਚ ਕਿਸਾਨ ਬੁਰਜੁਆਜ਼ੀ ਨਾਲੋਂ ਵੀ ਵਧੇਰੇ ਮਜ਼ਬੂਤ ਹੈ। ਇਸ ਸਵਾਲ ਬਾਰੇ ਵਧੇਰੇ ਵਿਸਥਾਰ-ਭਰੇ ਅੰਕੜੇ ਇੱਕਠੇ ਕਰਨਾ ਅਤੇ ਇਹ ਨਿਰਣਾ ਕਰਨਾ ਦਿਲਚਸਪ ਹੋਵੇਗਾ ਕਿ ਉਨ੍ਹਾਂ ਗੁਬੇਰਨੀਆਂ ਵਿਚ, ਜਿਥੇ "**ਧਨੀ**" ਕਿਸਾਨ ਵੱਡੀ ਗਿਣਤੀ ਵਿਚ ਹਨ, **ਗ਼ਰੀਬ** ਕਿਸਾਨਾਂ ਸਬੰਧੀ ਸੂਚਨਾ ਪ੍ਰਾਪਤ ਹੈ ਜਾਂ ਨਹੀਂ।

ਨਾਲੇ ਇਹ ਦਿਲਚਸਪ ਗੱਲ ਹੈ ਕਿ "ਗੈਰ-ਰੂਸੀ ਗਰੁੱਪਾਂ" ਨੇ ਕੁਲੀਸ਼ਨ ਦੇ ਵਿਰੋਧੀਆਂ ਪ੍ਰਤੀ ਤਕੜੀ ਪ੍ਰਬਲਤਾ ਦਰਸਾਈ ਅਰਥਾਤ 15 ਦੇ ਵਿਰੁਧ 40 ਵੋਟਾਂ। ਬੋਨਾਪਾਰਟਿਸਟ ਕੇਰੇਨਸਕੀ ਐਂਡ ਕੰਪਨੀ ਨੇ ਰੂਸ ਦੀਆਂ ਗੈਰ-ਖੁਦਮੁਖਤਾਰ ਕੌਮਾਂ ਵਲ ਇਲਹਾਕ ਅਤੇ ਖੁਲ੍ਹਮ-ਖੁਲ੍ਹਾ ਹਿੰਸਾ ਦੀ ਜੋ ਨੀਤੀ ਅਖਤਿਆਰ ਕੀਤੀ ਹੋਈ ਹੈ, ਉਹਦਾ ਸਿੱਟਾ ਨਿਕਲਿਆ ਹੈ। ਮਜ਼ਬੂਤ ਕੌਮਾਂ ਦੇ ਲੋਕਾਂ ਦੇ ਵਿਸ਼ਾਲ ਭਾਗਾ (ਅਰਥਾਤ ਜਿਨ੍ਹਾਂ ਵਿਚ ਨਿਕ-ਬੁਰਜੁਆਜ਼ੀ ਦਾ ਸਮੂਹ ਵੀ ਸ਼ਾਮਲ ਹੈ) ਨੂੰ ਬੁਰਜੁਆਜ਼ੀ ਉਤੇ ਉਨਾ ਭਰੋਸਾ ਨਹੀਂ ਜਿੰਨਾ ਰੂਸ ਦੇ ਪ੍ਰੋਲੇਤਾਰੀਆਂ ਉਤੇ ਹੈ ਕਿਉਂਕਿ ਇਥੇ ਇਤਿਹਾਸ ਨੇ ਜ਼ਾਲਮ ਕੌਮਾਂ ਵਿਰੁਧ ਮਜ਼ਲੂਮ ਕੌਮਾਂ ਦੀ ਬੰਦ-ਖਲਾਸੀ ਲਈ ਘੋਲ ਸਾਹਮਣੇ ਲਿਆ ਰੱਖਿਆ ਹੈ। ਬੁਰਜੁਆਜ਼ੀ ਨੇ ਮਜ਼ਲੂਮ ਕੌਮਾਂ ਦੀ ਆਜ਼ਾਦੀ ਦੇ ਕਾਜ਼ ਨਾਲ ਘ੍ਰਿਣਤ ਤਰ੍ਹਾਂ ਗ਼ੱਦਾਰੀ ਕੀਤੀ ਹੈ; ਪ੍ਰੋਲੇਤਾਰੀਆ ਆਜ਼ਾਦੀ ਦੇ ਕਾਜ ਪ੍ਰਤੀ ਵਫਾਦਾਰ ਹੈ।

ਵਰਤਮਾਨ ਸਮੇਂ ਕੌਮੀ ਤੇ ਜ਼ਰੱਈ ਸਵਾਲ ਰੂਸ ਦੀ ਵਸੋਂ ਦੇ ਨਿਕ-ਬੁਰਜੁਆ ਭਾਗਾਂ ਲਈ ਬੁਨਿਆਦੀ ਸਵਾਲ ਹਨ। ਇਹ ਨਿਰ-ਵਿਵਾਦ ਹੈ ਅਤੇ ਇਹਨਾਂ ਦੋਹਾ ਸਵਾਲਾਂ ਬਾਰੇ ਪ੍ਰੋਲੇਤਾਰੀਆ "ਨਿਖੜਿਆ ਹੋਇਆ **ਨਹੀਂ**", ਲੋਕਾ ਦੀ ਬਹੁ-ਗਿਣਤੀ ਇਹਦੇ ਪਿੱਛੇ ਹੈ। **ਇਕੱਲਾ** ਇਹ ਹੀ ਦੋਹਾਂ ਸਵਾਲਾਂ ਬਾਰੇ ਅਸਲੋਂ ਹੀ ਦ੍ਰਿੜ੍ਹ "ਇਨਕਲਾਬੀ-ਜਮਹੂਰੀ" ਨੀਤੀ ਅਖਤਿਆਰ ਕਰ ਸਕਦਾ ਹੈ, ਜੋ ਪ੍ਰੋਲੇਤਾਰੀ ਰਾਜ-ਸੱਤਾ ਨੂੰ ਵਸੋਂ ਦੀ ਬਹੁਗਿਣਤੀ ਦੀ ਹਮਾਇਤ ਨੂੰ ਹੀ ਨਹੀਂ ਸਗੋਂ ਲੋਕਾਂ ਵਿਚਕਾਰ ਇਨਕਲਾਬੀ ਉਤਸ਼ਾਹ ਦੇ ਅਸਲੀ ਹੜ੍ਹ ਨੂੰ ਤੁਰੰਤ ਹੀ ਯਕੀਨੀ ਬਣਾਏਗੀ। ਇਹ ਇਸ ਕਰ ਕੇ ਕਿਉਂਕਿ ਪਹਿਲੀ ਵਾਰ ਲੋਕਾਂ ਨੂੰ ਹਕੂਮਤ ਵਲੋਂ ਭੋਂ-ਪਤੀਆਂ ਦਾ ਕਿਸਾਨਾਂ ਉਤੇ ਅਤੇ ਵੱਡ-ਰੂਸੀਆਂ ਦਾ ਯੂਕਰੇਨੀਅਨਾ ਉਤੇ ਬੇ-ਰਹਿਮ ਜੁਲਮ ਨਜ਼ਰ ਨਹੀਂ ਆਏਗਾ, ਜ਼ੁਲਮ ਜੋ ਜ਼ਾਰਸ਼ਾਹੀ ਹੇਠ ਹੁੰਦਾ ਸੀ। ਨਾ ਹੀ ਗਣਰਾਜ ਹੇਠ ਅਡੰਬਰੀ ਸ਼ਬਦਾਂ ਵਿਚ ਲੁਕੋ ਕੇ ਪੇਸ਼ ਕੀਤੀ ਗਈ ਉਸੇ ਨੀਤੀ ਨੂੰ ਜਾਰੀ ਰੱਖਣ ਦੇ ਯਤਨ ਨਾ ਹੀ ਫਿੱਟ-ਲਾਹਨਤ, ਹੱਤਕ, ਕਾਨੂੰਨੀ ਚਾਲਾਕੀਆਂ, ਟਾਲ ਮਟੋਲ, ਗੁੱਝੇ ਸੌਦੇ ਅਤੇ ਛਲ-ਕਪਟ (ਉਹ ਸਭ ਕੁਝ ਜੋ ਕੇਰੇਨਸਕੀ ਕਿਸਾਨਾਂ ਨੂੰ ਅਤੇ ਮਜਲੂਮ ਕੌਮਾਂ ਨੂੰ ਬਖ਼ਸ਼ਦਾ ਹੈ) ਹੀ ਦਿਸਦੇ ਹਨ ਸਗੋਂ ਨਿੱਘੀ ਹਮਦਰਦੀ ਮਿਲੇਗੀ ਕਿ ਜੋ ਅਮਲਾਂ ਰਾਹੀਂ ਸਿੱਧ ਹੁੰਦੀ ਹੈ, ਭੋਂ-ਪਤੀਆਂ ਵਿਰੁਧ ਤੁਰੰਤ ਅਤੇ ਇਨਕਲਾਬੀ ਕਦਮ, ਫਿਨਲੈਂਡ, ਯੂਕਰੇਨ, ਬਾਇਲੋਰੂਸ ਲਈ ਮੁਸਲਮਾਨਾਂ ਆਦਿ ਲਈ, ਪੂਰੀ ਆਜ਼ਾਦੀ ਦੀ ਤੁਰੰਤ ਬਹਾਲੀ।

ਸੋਸ਼ਲਿਸਟ-ਇਨਕਲਾਬੀ ਅਤੇ ਮੇਨਸ਼ਵਿਕ ਭੱਦਰ ਪੁਰਸ਼ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ, ਅਤੇ ਇਸ ਲਈ ਕੋ-ਆਪ੍ਰੇਟਿਵ ਸੁਸਾਇਟੀਆਂ ਦੇ ਅੱਧ-ਕੈਡਿਟ ਮਾਲਕਾਂ ਨੂੰ ਅੰਦਰ ਖਿੱਚ ਰਹੇ ਹਨ, ਤਾਂ ਕਿ ਲੋਕਾਂ **ਵਿਰੁਧ** ਉਨ੍ਹਾ ਦੀ ਪਿੱਛੇ-ਖਿੱਚੂ ਜਮਹੂਰੀ ਨੀਤੀ ਨੂੰ ਚਲਾਉਣ ਵਿਚ ਉਨ੍ਹਾਂ ਦੀ ਮੱਦਦ ਕਰ ਸਕਣ। ਇਸੇ ਕਾਰਨ ਉਹ ਅਮਲੀ ਨੀਤੀ ਦੇ ਨਿਸਚਿਤ ਨੁਕਤਿਆਂ ਦੇ ਸਬੰਧ ਵਿਚ, ਮਿਸਾਲ ਵਜੋਂ, ਕਿ ਕੀ ਸਭ ਜ਼ਮੀਨੀ ਜਗੀਰਾਂ ਤੁਰੰਤ ਹੀ ਕਿਸਾਨ ਭਾਈਚਾਰਿਆਂ ਨੂੰ ਸੌਂਪ ਦਿਤੀਆਂ ਜਾਣ, ਕਿ ਕੀ ਫਿੱਨੀਆਂ ਤੇ ਯੂਕਰੇਨੀਆਂ ਦੀਆਂ ਨਿਸਚਿਤ ਮੰਗਾਂ ਦੀ ਪੂਰਤੀ ਕਰ ਦਿਤੀ ਜਾਵੇ, ਆਦਿ-ਕਦੇ ਵੀ ਆਮ ਲੋਕਾਂ ਦੀ ਰਾਏ ਨੂੰ ਆਪਣੇ ਪੱਖ ਵਿਚ ਕਰਨ ਲਈ ਯਤਨ ਕਰਨ ਦਾ, ਲੋਕ-

ਰਿਫਰੈਂਡਮ ਕਰਵਾਉਣ ਦਾ ਜਾਂ ਘੱਟੋ-ਘੱਟ ਸਭਨਾਂ ਸਥਾਨਕ ਸੋਵੀਅਤਾਂ, ਸਭਨਾਂ ਸਥਾਨਕ ਜਥੇਬੰਦੀਆਂ ਦੀ ਵੋਟ ਲੈਣ ਦਾ ਹੌਸਲਾ ਨਹੀਂ ਕਰਨਗੇ।

ਅਮਨ ਦਾ ਹੀ ਸਵਾਲ ਲਵੋ ਜੋ ਅੱਜ ਦਾ ਨਾਜ਼ੁਕ ਸਵਾਲ ਹੈ। ਪ੍ਰੋਲੇਤਾਰੀਆ "ਦੂਜੀਆਂ ਜਮਾਤਾਂ ਨਾਲੋਂ ਨਿਖੜਿਆ ਹੋਇਆ ਹੈ"......ਇਸ ਸਵਾਲ ਬਾਰੇ ਪ੍ਰੋਲੇਤਾਰੀਆ ਸੱਚ-ਮੁੱਚ ਹੀ **ਸਮੁੱਚੇ ਰਾਸ਼ਟਰ** ਦੀਆਂ ਸਭਨਾਂ ਜਮਾਤਾਂ **ਵਿਚ** ਸਭ ਸਜੀਵ ਤੇ ਈਮਾਨਦਾਰ ਲੋਕਾਂ ਦੀ ਨਿਕ-ਬੁਰਜੁਆਜ਼ੀ ਦੀ ਵਿਸ਼ਾਲ ਬਹੁ-ਗਿਣਤੀ ਦੀ ਪ੍ਰਤੀਨਿਧਤਾ ਕਰਦਾ ਹੈ, ਕਿਉਂਕਿ ਸਿਰਫ ਪ੍ਰੋਲੇਤਾਰੀਆ ਹੀ ਸੱਤਾ ਹੱਥ ਲੈ ਕੇ ਸਭਨਾਂ ਸ਼ਾਮਲ-ਜੰਗ ਕੌਮਾਂ ਨੂੰ ਨਿਆਈਂ ਅਮਨ ਦੀ ਪੇਸ਼ਕਸ਼ ਕਰੇਗਾ, ਕਿਉਂਕਿ ਸਿਰਫ ਪ੍ਰੋਲੇਤਾਰੀਆ ਹੀ ਅਤਿ ਜਲਦੀ ਅਤੇ ਅਤਿ ਨਿਆਈਂ ਸੰਭਵ ਅਮਨ ਦੀ ਪ੍ਰਾਪਤੀ ਲਈ ਅਸਲੋਂ ਹੀ **ਇਨਕਲਾਬੀ** ਕਦਮ (ਗੁਪਤ ਸੰਧੀਆ ਆਦਿ ਪ੍ਰਕਾਸ਼ਤ ਕਰਨਾ) ਪੁੱਟਣ ਦਾ ਹੌਸਲਾ ਕਰੇਗਾ।

ਪ੍ਰੋਲੇਤਾਰੀਆ ਨਿਖੜਿਆ ਹੋਇਆ ਨਹੀਂ। **ਨੋਵਾਇਆ ਜ਼ੀਜ਼ਨ** ਦੇ ਭੱਦਰ ਪੁਰਸ਼, ਜਿਹੜੇ ਪ੍ਰੋਲੇਤਾਰੀਏ ਦੇ ਨਿਖੜੇ ਹੋਏ ਹੋਣ ਬਾਰੇ ਚੀਕ-ਚਿਹਾੜਾ ਪਾ ਰਹੇ ਹਨ, ਬੁਰਜੁਆਜ਼ੀ ਦੇ ਅੰਤਰ-ਮੁੱਖੀ ਡਰ ਨੂੰ ਪ੍ਰਗਟਾਅ ਰਹੇ ਹਨ। ਰੂਸ ਵਿਚ ਵਸਤੂ-ਮੁੱਖੀ ਸੂਰਤ-ਹਾਲ ਨਿਰਸੰਦੇਹ ਹੀ ਅਜਿਹੀ ਹੈ ਕਿ ਪ੍ਰੋਲੇਤਾਰੀਆ **ਠੀਕ ਵਰਤਮਾਨ ਸਮੇਂ** ਨਿਕ-ਬੁਰਜੁਆਜੀ ਦੀ ਬਹੁ-ਗਿਣਤੀ ਨਾਲੋਂ "ਨਿੱਖੜਿਆ ਹੋਇਆ ਨਹੀਂ"। ਠੀਕ ਹੁਣ "ਕੁਲੀਸਨ" ਦੇ ਉਦਾਸ ਤਜਰਬੇ ਪਿੱਛੋਂ ਪ੍ਰੋਲੇਤਾਰੀਏ ਨੂੰ ਲੋਕਾ ਦੀ **ਬਹੁ-ਗਿਣਤੀ** ਦੀ ਹਮਦਰਦੀ ਹਾਸਲ ਹੈ। ਬਾਲਸਵਿਕਾਂ ਵਲੋਂ ਸੱਤਾ ਨੂੰ ਕਾਇਮ ਰੱਖਣ ਲਈ **ਇਹ** ਸਰਤ **ਮੌਜੂਦ ਹੈ।**

... ...

ਦੂਜੀ ਦਲੀਲ ਹੈ ਕਿ ਪਰੋਲੇਤਾਰੀਆ "ਜਮਹੂਰੀਅਤ ਦੀਆਂ ਅਸਲੀ ਸਜੀਵ ਸ਼ਕਤੀਆਂ ਨਾਲੋਂ ਨਿੱਖੜਿਆ ਹੋਇਆ ਹੈ।" ਇਹਦੇ ਕੀ ਅਰਥ ਹਨ, ਇਹਦੀ ਸਮਝ ਨਹੀਂ ਆਉਂਦੀ। ਇਹ ਤਾ ਜਿਵੇਂ ਕਿ ਅਜਿਹੇ ਮਾਮਲਿਆਂ ਵਿਚ ਫਰਾਸੀਸੀ ਆਖਿਆ ਕਰਦੇ ਹਨ "ਗਰੀਕ" ਹੈ।

ਨੋਵਾਇਆ ਜ਼ੀਜ਼ਨ ਦੇ ਲੇਖਕ ਚੰਗੇ ਮੰਤਰੀ ਬਣ ਸਕਦੇ ਹਨ। ਉਹ ਕੈਬਨਿਟ ਵਿਚ ਮੰਤਰੀਆ ਵਜੋਂ ਬਿਲਕੁਲ ਯੋਗ ਹੋਣਗੇ ਕਿਉਂਕਿ ਇਹਨਾ ਮੰਤਰੀਆ ਨੂੰ ਜੋ ਲੋੜ ਹੈ ਤਾਂ ਪੂਰੀ ਤਰ੍ਹਾ ਬੇਅਰਥ ਵਾਕੰਸ਼ਾ ਨੂੰ ਉਚਿਤ-ਜਾਪਦਾ ਦਰਸਾਉਣ ਅਤੇ ਲਿਸ਼ਕਾ-ਪੁਸ਼ਕਾ ਕੇ ਪੇਸ਼ ਕਰਨ ਦੀ ਯੋਗਤਾ ਦੀ। ਜਿਸ ਨਾਲ ਗੰਦੇ ਤੋਂ ਗੰਦੇ ਕੰਮ ਨੂੰ ਕੱਜ ਲਿਆ ਜਾਵ ਅਤੇ ਜਿਹਨਾਂ ਨੂੰ ਸਾਮਰਾਜੀਆਂ ਅਤੇ ਸਮਾਜਕ ਸਾਮਰਾਜੀਆਂ ਵਲੋਂ ਸ਼ਾਬਾਸ ਮਿਲਣੀ ਪੱਕੀ ਗੱਲ ਹੈ। **ਨੋਵਾਇਆ ਜ਼ੀਜ਼ਨ** ਦੇ ਲੇਖਕਾਂ ਨੂੰ ਇਹ ਦਾਅਵਾ ਕਰਨ ਲਈ ਕੈਡਿਟਾ ਬਰੇਸ਼ਕੋਵਸਕਾਇਆ, ਪਲੈਖਾਨੋਵ ਐਂਡ ਕੰਪਨੀ ਤੋਂ ਸ਼ਾਬਾਸ਼ ਜ਼ਰੂਰ ਮਿਲੇਗੀ ਕਿ ਪਰੋਲੇਤਾਰੀਆ ਜਮਹੂਰੀਅਤ ਦੀਆਂ ਅਸਲੀ ਸਜੀਵ ਸ਼ਕਤੀਆਂ ਨਾਲੋਂ ਨਿੱਖੜਿਆ ਹੋਇਆ ਹੈ, **ਕਿਉਂਕਿ ਅਸਿੱਧੇ ਤੌਰ ਉਤੇ** ਉਹਨਾਂ ਦਾ ਅਰਥ ਹੈ--ਜਾਂ ਅਰਥ ਸਮਝਿਆ ਜਾਵੇਗਾ—ਕਿ ਕੈਡਿਟ, ਬਰੇਸ਼ਕੋਵਸਕਾਇਆ, ਪਲੈਖਾਨੋਵ, ਕੇਰੇਂਸਕੀ ਐਂਡ ਕੰਪਨੀ "ਜਮਹੂਰੀਅਤ ਦੀਆਂ ਸਜੀਵ ਸ਼ਕਤੀਆਂ ਹਨ।"

ਇਹ ਗੱਲ ਸੱਚ ਨਹੀਂ। ਇਹ ਮੁਰਦਾ ਸ਼ਕਤੀਆਂ ਹਨ। ਕੁਲੀਸ਼ਨ ਦੇ ਇਤਿਹਾਸ ਨੇ ਇਹ ਸਿੱਧ ਕਰ ਦਿਤਾ ਹੈ।

ਬੁਰਜੁਆਜ਼ੀ ਤੋਂ ਅਤੇ ਬੁਰਜੂਆ-ਬੁੱਧੀਜੀਵੀ ਵਾਤਾਵਰਣ ਤੋਂ ਹੱਦੋਂ ਬਹੁਤਾ ਡਰ ਕੇ **ਨੋਵਾਇਆ ਯੀਜ਼ਨ** ਦੇ ਲੋਕ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ **ਦੇ ਸੱਜੇ** ਪੱਖ ਨੂੰ ਜਿਵੇਂ ਕਿ **ਵੋਲੀਆ ਨਾਰੋਦਾ**, **ਯੇਦੀਨਸਤਵੋ** ਅਤੇ ਹੋਰਨਾਂ ਨੂੰ ਜਿਹੜੇ ਮੂਲ ਖਾਸਿਆਂ ਦੇ ਲਿਹਾਜ਼ ਕੇਡਿਟਾਂ ਤੋਂ ਵੱਖਰੀ ਤਰ੍ਹਾਂ ਦੇ ਨਹੀਂ ਹਨ, "ਸਜੀਵ" ਸਮਝਦੇ ਹਨ, ਇਸ ਲਈ ਅਸੀਂ ਸਿਰਫ ਉਹਨਾਂ ਨੂੰ ਹੀ ਸਜੀਵ ਸਮਝਦੇ ਹਾਂ ਜਿਹੜੇ ਲੋਕਾਂ ਨਾਲ ਜੁੜੇ ਹੋਏ ਹਨ, ਕੁਲਕਾਂ ਨਾਲ ਨਹੀਂ ; ਸਿਰਫ ਉਹਨਾਂ ਨੂੰ ਹੀ ਸਜੀਵ ਸਮਝਦੇ ਹਾਂ ਜਿਹਨਾਂ ਨੂੰ ਕੁਲੀਸ਼ਨ ਦੇ ਸਿੱਟਿਆਂ ਨੇ ਪਿਛਾਂਹ ਧੱਕ ਦਿਤਾ ਹੈ। ਨਿੱਕ-ਬੁਰਜੂਆ ਜਮਹੂਰੀਅਤ ਦੀਆਂ "ਸਰਗਰਮ ਸਜੀਵ ਸ਼ਕਤੀਆਂ" ਦੀ ਪ੍ਰਤੀਨਿਧਤਾ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਦਾ ਖੱਬਾ ਪੱਖ ਕਰਦਾ ਹੈ। ਇਸ ਗੱਲ ਕਿ ਇਸ ਪੱਖ ਨੇ ਤਾਕਤ ਵਧਾਈ ਹੈ ਖਾਸ ਤੌਰ ਉਤੇ ਜੁਲਾਈ ਦੇ ਉਲਟ-ਇਨਕਲਾਬ ਪਿਛੋਂ, ਇਹਦਾ ਇਕ ਅਤਿ-ਯਕੀਨੀ ਵਸਤੂ-ਮੁਖੀ ਚਿੰਨ੍ਹ ਹੈ ਕਿ ਪ੍ਰੋਲਤਾਰੀਆ ਨਿਖੜਿਆ ਹੋਇਆ **ਨਹੀਂ**।

ਸੋਸ਼ਲਿਸਟ-ਇਨਕਲਾਬੀਆਂ ਕੇਂਦਰਵਾਦੀਆਂ ਦੇ ਖੱਬੇ ਪੱਖ ਵੱਲ ਪਿਛੇ ਜਿਹੇ ਦੇ ਝੁਲਾਰੇ ਨੇ ਇਹ ਗੱਲ ਹੋਰ ਵੀ ਧਿਆਨ ਖਿਚਵੀਂ ਤਰ੍ਹਾਂ ਪ੍ਰਤੱਖ ਕਰ ਦਿਤੀ ਹੈ, ਜਿਵੇਂ ਕਿ 24 ਸਤੰਬਰ ਨੂੰ **ਚੇਰਨੋਵ** ਦੇ ਬਿਆਨ ਨੇ ਸਿੱਧ ਕੀਤਾ ਹੈ ਕਿ ਉਹਦਾ ਗਰੁੱਪ ਕਿਸ਼ਕੀਨ ਐਂਡ ਕੰਪਨੀ ਨਾਲ ਨਵੀਂ ਕੁਲੀਸ਼ਨ ਦੀ ਹਮਾਇਤ ਨਹੀਂ ਕਰ ਸਕਦਾ। ਸੋਸ਼ਲਿਸਟ-ਇਨਕਲਾਬੀ ਕੇਂਦਰ ਦੇ ਖੱਬੇ ਵੱਲ ਇਹ ਝੁਲਾਰਾ, ਕੇਂਦਰ ਜਿਸ ਵਿਚ ਹੁਣ ਤਕ ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਮੈਂਬਰਾਂ ਦੀ ਬਹੁਤ ਵੱਡੀ ਬਹੁ-ਗਿਣਤੀ ਸ਼ਾਮਲ ਹੈ, ਜੋ ਸ਼ਹਿਰੀ ਤੇ ਖਾਸ ਤੌਰ ਉਤੇ ਪੇਂਡੂ ਜ਼ਿਲ੍ਹਿਆਂ ਵਿਚ ਹਾਸਲ ਕੀਤੀਆਂ ਵੋਟਾਂ ਦੀ ਗਿਣਤੀ ਨੂੰ ਮੁੱਖ ਰਖਦਿਆਂ ਮੁਖੀ ਤੇ ਪਰਧਾਨ ਪਾਰਟੀ ਹੈ, ਸਿੱਧ ਕਰਦਾ ਹੈ ਕਿ ਅਸਾਂ **ਦਾਈਲੋ ਨਾਰੋਦਾ** 'ਚੋਂ ਜਿਹਨਾ ਬਿਆਨਾ ਦਾ ਹਵਾਲਾ ਦਿਤਾ ਹੈ ਕਿ ਜਮਹੂਰੀਅਤ ਨੂੰ ਨਿਸਚਿਤ ਹਾਲਾਤ ਹੇਠ ਨਿਰੋਲ ਬਾਲਸ਼ਵਿਕ ਹਕੂਮਤ ਲਈ "ਪੂਰੀ ਹਮਾਇਤ ਦੀ ਜ਼ਾਮਨੀ" ਦਿਤੀ ਜਾਣੀ ਚਾਹੀਦੀ ਹੈ, ਕਿਸੇ ਤਰ੍ਹਾਂ ਨਾਲ ਵੀ ਸੱਖਣੇ ਸ਼ਬਦ ਨਹੀਂ ਹਨ।

ਕਿਸ਼ਕੀਨ ਨਾਲ ਨਵੀਂ ਕੁਲੀਸ਼ਨ ਦੀ ਹਮਾਇਤ ਤੋਂ ਇਨਕਾਰ ਜਾਂ ਪ੍ਰਾਂਤਾਂ (ਕਾਕੇਸ਼ੀਆ ਵਿਖੇ ਜੋਰਦਾਨੀਆ, ਆਦਿ) ਵਿਚ **ਮੈਨਸ਼ਵਿਕ ਰੱਖਿਆਵਾਦੀਆਂ** ਵਿਚਕਾਰ ਕੁਲੀਸ਼ਨ ਦੇ **ਵਿਰੋਧੀਆਂ** ਦੀ ਪ੍ਰਬਲਤਾ ਵਰਗੇ ਤੱਥ ਇਸ ਦਾ ਵਸਤੂ-ਮੁੱਖੀ ਸਬੂਤ ਹਨ ਕਿ **ਲੋਕਾਂ** ਦਾ ਇਕ ਨਿਸਚਿਤ ਭਾਗ, ਜਿਹੜਾ ਹੁਣ ਤਕ ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਦੇ ਪਿੱਛੇ ਚਲਦਾ ਰਿਹਾ ਹੈ, ਨਿਰੋਲ ਬਾਲਸ਼ਵਿਕ ਹਕੂਮਤ ਦੀ **ਹਮਾਇਤ ਕਰੇਗਾ**।

ਇਹ ਠੀਕ ਜਮਹੂਰੀਅਤ ਦੀਆਂ **ਸਜੀਵ** ਸ਼ਕਤੀਆਂ ਹੀ ਹਨ ਜਿਹਨਾਂ ਨਾਲੋਂ ਪ੍ਰੋਲਤਾਰੀਆ ਨਿੱਖੜਿਆ ਹੋਇਆ ਨਹੀਂ।

... ...

ਤੀਜੀ ਦਲੀਲ ਕਿ ਪ੍ਰੋਲਤਾਰੀਆ "ਟੈਕਨੀਕਲ ਤੌਰ ਉਤੇ ਰਾਜ ਮਸ਼ੀਨ ਉਤੇ ਕਬਜ਼ਾ ਨਹੀਂ ਕਰ ਸਕੇਗਾ" ਸ਼ਾਇਦ ਆਮ ਤੇ ਅਤਿ ਬਹੁਤ ਵਾਰ ਦਿਤੀ ਜਾਂਦੀ ਹੈ। ਇਸ ਕਾਰਨ ਇਸ ਵੱਲ ਬਹੁਤਾ ਧਿਆਨ ਦੇਣ ਦੀ ਲੋੜ ਹੈ, ਅਤੇ ਇਸ ਕਰਕੇ ਵੀ ਕਿਉਂਕਿ ਇਹ ਉਸ ਇਕ ਅਤਿ **ਗੰਭੀਰ ਤੇ ਮੁਸ਼ਕਲ** ਕਾਰਜ ਵਲ ਇਸ਼ਾਰਾ ਕਰਦੀ ਹੈ ਜਿਸ ਦਾ ਸਾਹਮਣਾ ਜੇਤੂ ਪ੍ਰੋਲਤਾਰੀਏ ਨੂੰ ਕਰਨਾ ਪਵੇਗਾ। ਇਸ ਬਾਰੇ ਕੋਈ ਸ਼ੱਕ ਨਹੀਂ ਕਿ ਇਹ ਕਾਰਜ ਬੜੇ ਮੁਸ਼ਕਲ ਹੋਣਗੇ, ਪਰ ਜੇ ਅਸੀਂ, ਜੋ ਆਪਣੇ ਆਪ ਨੂੰ ਸੋਸ਼ਲਿਸਟ ਆਖਦੇ ਹਾਂ, ਇਸ ਮੁਸ਼ਕਲ ਨੂੰ ਇਹਨਾਂ ਕਾਰਜਾਂ ਤੋਂ

ਸਿਰਫ਼ **ਖ਼ੁਸ਼ਾਈ** ਲਈ ਹੀ ਸੁਝਾਈਏ ਤਾਂ ਅਮਲ ਵਿਚ ਸਾਡੇ ਅਤੇ ਬੁਰਜੂਆਜ਼ੀ ਦੇ ਝਾਟੜਿਆਂ ਵਿਚਕਾਰ ਇਹ ਫ਼ਰਕ ਸਿਰਫ਼ ਰਹਿ ਜਾਵੇਗਾ। ਪ੍ਰੋਲਤਾਰੀ ਇਨਕਲਾਬ ਦੇ ਕਾਰਜਾਂ ਦੀ ਮੁਸ਼ਕਲ ਪ੍ਰੋਲਤਾਰੀਏ ਦੇ ਹਮਾਇਤੀਆਂ ਨੂੰ ਇਹ ਕਾਰਜ ਸਿਰੇ ਚਾੜ੍ਹਨ ਦੇ ਸਾਧਨਾਂ ਦੇ ਵਧੇਰੇ ਨੇੜਵੇਂ ਤੇ ਵਧੇਰੇ ਨਿਸਚਿਤ ਅਧਿਅਨ ਲਈ ਪ੍ਰੇਰੇ।

ਰਾਜ-ਮਸ਼ੀਨ ਮੁੱਖ ਤੌਰ ਉਤੇ ਸਥਾਈ ਫ਼ੌਜ, ਪੁਲਸ ਅਤੇ ਨੌਕਰਸ਼ਾਹੀ ਹੁੰਦੀ ਹੈ। ਇਹ ਕਹਿ ਕੇ ਕਿ ਪ੍ਰੋਲਤਾਰੀਆ ਟੈਕਨੀਕਲ ਤੌਰ ਉਤੇ ਇਸ ਮਸ਼ੀਨ ਨੂੰ ਹੱਥ ਨਹੀਂ ਲੈ ਸਕੇਗਾ, **ਨੋਵਾਇਆ ਜ਼ੀਜ਼ਨ** ਦੇ ਲੇਖਕ ਆਪਣੀ ਨਿਰੀ ਅਗਿਆਨਤਾ ਨੂੰ ਅਤੇ ਉਹਨਾਂ ਤੱਥਾਂ ਜਾਂ ਦਲੀਲਾਂ ਨੂੰ ਮੁੱਖ ਰੱਖਣ ਸਬੰਧੀ ਆਪਣੀ ਝਿਜਕ ਨੂੰ ਪ੍ਰਗਟਾਉਂਦੇ ਹਨ ਜਿਹਨਾਂ ਦਾ ਹਵਾਲਾ ਬਾਲਸ਼ਵਿਕ ਸਾਹਿਤ ਵਿਚ ਚਿਰੋਕਣਾ ਦਿਤਾ ਜਾ ਚੁਕਿਆ ਹੈ।

ਨੋਵਾਇਆ ਜ਼ੀਜ਼ਨ ਦੇ ਸਭ ਲੇਖਕ ਆਪਣੇ ਆਪ ਨੂੰ ਜੇ ਮਾਰਕਸਵਾਦੀ ਨਹੀਂ ਤਾਂ ਘਟੋ ਘੱਟ ਮਾਰਕਸਵਾਦ ਤੋਂ ਜਾਣੂ ਸੁਸਿੱਖਿਅਤ ਸੋਸ਼ਲਿਸਟ ਜ਼ਰੂਰ ਸਮਝਦੇ ਹਨ, ਪਰ ਮਾਰਕਸ ਨੇ ਆਪਣੇ ਆਪ ਨੂੰ ਪੈਰਿਸ ਕਮਿਊਨ ਦੇ ਤਜਰਬੇ ਉਤੇ ਆਧਾਰਤ ਕਰਦਿਆਂ ਸਿਖਾਇਆ ਕਿ ਪ੍ਰੋਲਤਾਰੀਆ ਖ਼ੁਦ ਤਿਆਰ-ਬਰ-ਤਿਆਰ ਰਾਜ-ਮਸ਼ੀਨ ਨੂੰ ਹੱਥ ਲੈ ਕੇ ਖ਼ੁਦ ਆਪਣੇ ਮੰਤਵਾਂ ਲਈ ਇਹਦੀ ਵਰਤੋਂ ਨਹੀਂ ਕਰ ਸਕਦਾ, ਕਿ ਪ੍ਰੋਲਤਾਰੀਏ ਲਈ ਇਸ ਮਸ਼ੀਨ ਨੂੰ **ਚੂਰ ਚੂਰ ਕਰਨਾ** ਅਤੇ ਇਹਦੀ ਥਾਂ ਨਵੀਂ ਮਸ਼ੀਨ ਸਥਾਪਤ ਕਰਨਾ ਜ਼ਰੂਰੀ ਹੈ (ਇਸ ਬਾਰੇ ਮੈਂ ਛੇਤੀ ਹੀ ਇਕ ਪੈਂਫਲਟ **ਰਾਜ ਤੇ ਇਨਕਲਾਬ** ਵਿਚ ਵਧੇਰੇ ਵਿਸਥਾਰ ਨਾਲ ਲਿਖਾਂਗਾ, ਜਿਸ ਦਾ ਪਹਿਲਾ ਭਾਗ ਲਿਖਿਆ ਜਾ ਚੁਕਿਆ ਹੈ ਅਤੇ ਇਹ **ਰਾਜ ਦਾ ਮਾਰਕਸਵਾਦੀ ਸਿਧਾਂਤ ਅਤੇ ਇਨਕਲਾਬ ਵਿਚ ਪ੍ਰੋਲਤਾਰੀਏ ਦੇ ਕਾਰਜ** ਦੇ ਨਾਂ ਹੇਠ ਪ੍ਰਕਾਸ਼ਤ ਹੋਵੇਗਾ।) ਰਾਜ-ਮਸ਼ੀਨ ਦੀ ਇਹ ਨਵੀਂ ਕਿਸਮ ਪੈਰਿਸ ਕਮਿਊਨ ਨੇ ਰਚੀ ਸੀ ਅਤੇ ਮਜ਼ਦੂਰਾਂ ਸਿਪਾਹੀਆਂ ਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਰੂਸੀ ਸੋਵੀਅਤਾਂ **ਉਸੇ ਕਿਸਮ** ਦੀ "ਰਾਜ-ਮਸ਼ੀਨ" ਹਨ। ਇਹਦਾ ਜ਼ਿਕਰ ਮੈਂ 4 ਅਪਰੈਲ 1917 ਤੋਂ ਲੈ ਕੇ ਕਈ ਵਾਰ ਕੀਤਾ ਹੈ। ਇਹਦਾ ਵਰਨਣ ਬਾਲਸ਼ਵਿਕ ਕਾਨਫ਼ਰੰਸ ਦੇ ਮਤਿਆਂ ਵਿਚ ਅਤੇ ਬਾਲਸ਼ਵਿਕ ਸਾਹਿਤ ਵਿਚ ਵੀ ਮਿਲਦਾ ਹੈ। ਠੀਕ **ਨੋਵਾਇਆ ਜ਼ੀਜ਼ਨ** ਨੇ ਮਾਰਕਸ ਨਾਲ ਅਤੇ ਬਾਲਸ਼ਵਿਕਾਂ ਨਾਲ ਆਪਣੀ ਪੂਰੀ ਅਸਹਿਮਤੀ ਪ੍ਰਗਟਾਈ ਹੈ ਪਰ ਉਸ ਅਖ਼ਬਾਰ ਲਈ ਜਿਹੜੇ ਇੰਨੀ ਬਹੁਤੀ ਵਾਰ ਅਤੇ ਏਨੇ ਅਭਿਮਾਨ ਨਾਲ ਮੁਸ਼ਕਲ ਮਸਲਿਆਂ ਵੱਲ ਆਪਣੇ ਅਖੌਤੀ ਤੌਰ ਉਤੇ ਹੋਛੇ ਤੇ ਤੁੱਛ ਵਤੀਰੇ ਲਈ ਬਾਲਸ਼ਵਿਕਾਂ ਨੂੰ ਫਿਟਕਾਰਿਆ ਹੈ, ਇਸ ਸਵਾਲ ਨੂੰ ਪੂਰੀ ਤਰ੍ਹਾਂ ਟਾਲਣਾ ਆਪਣੇ ਆਪ ਨੂੰ ਮਾਨਸਿਕ ਕੰਗਾਲੀ ਦਾ ਸਰਟੀਫ਼ਿਕੇਟ ਦੇਣ ਦੇ ਬਰਾਬਰ ਹੈ।

ਪ੍ਰੋਲਤਾਰੀਆ "ਰਾਜ-ਮਸ਼ੀਨ" ਉਤੇ "**ਕਬਜ਼ਾ ਨਹੀਂ ਕਰ ਸਕਦਾ**" ਅਤੇ "ਇਹਨੂੰ ਚਲਾ ਨਹੀਂ ਸਕਦਾ"। ਪਰ ਇਹ ਹਰ ਉਸ ਚੀਜ਼ ਨੂੰ **ਚੂਰ ਚੂਰ** ਕਰ ਸਕਦਾ ਹੈ ਜੋ ਪੁਰਾਣੀ ਰਾਜ-ਮਸ਼ੀਨ ਵਿਚ ਜਾਬਰ, ਬੰਨ੍ਹਣਾ (routine), ਅਸਾਧ ਤੌਰ ਉਤੇ ਬੁਰਜੂਆ ਹੈ ਅਤੇ ਇਹਦੀ ਥਾਂ ਖ਼ੁਦ **ਆਪਣੀ** ਨਵੀਂ ਮਸ਼ੀਨ ਦੀ ਸਥਾਪਨਾ ਕਰ ਸਕਦਾ ਹੈ। ਮਜ਼ਦੂਰਾਂ ਸਿਪਾਹੀਆਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਹੂ-ਬ-ਹੂ ਇਹ ਮਸ਼ੀਨ ਹਨ।

ਨੋਵਾਇਆ ਜ਼ੀਜ਼ਨ ਇਸ "ਰਾਜ-ਮਸ਼ੀਨ" ਨੂੰ ਪੂਰੀ ਤਰ੍ਹਾਂ ਭੁਲ ਗਿਆ ਹੈ ਅਤੇ ਇਹਨੂੰ ਬੱਸ ਘੋਰ ਭੁੱਲ ਹੀ ਆਖਿਆ ਜਾ ਸਕਦਾ ਹੈ। ਆਪਣੀ ਸਿਧਾਂਤਕ ਦਲੀਲ-ਬਾਜ਼ੀ ਵਿਚ ਇਸ ਤਰ੍ਹਾਂ ਵਰਤਦਿਆਂ **ਨੋਵਾਇਆ ਜ਼ੀਜ਼ਨ** ਦੇ ਲੋਕ ਸਾਰ ਰੂਪ ਵਿਚ ਰਾਜਸੀ ਸਿਧਾਂਤ ਦੇ ਖੇਤਰ ਵਿਚ ਉਹੋ ਕੁਝ ਕਰ ਰਹੇ ਹਨ ਜੋ ਕੇਡਿਟ ਰਾਜਸੀ ਅਮਲ ਵਿਚ ਕਰ ਰਹੇ ਹਨ ਕਿਉਂਕਿ ਜੇ

ਪ੍ਰੋਲਤਾਰੀਆਂ ਅਤੇ ਇਨਕਲਾਬੀ ਜਮਹੂਰੀਅਤ-ਪਸੰਦਾਂ ਨੂੰ **ਅਸਲ ਵਿਚ** ਨਵੀਂ **ਰਾਜ-ਮਸ਼ੀਨ ਦੀ ਲੋੜ ਨਹੀਂ** ਤਾਂ ਸੋਵੀਅਤਾਂ ਆਪਣੇ raison d' etre—ਗੁਆ ਬਹਿਣਗੀਆਂ, ਆਪਣੀ ਹੋਂਦ ਦਾ ਅਧਿਕਾਰ ਹੀ ਗੁਆ ਬਹਿਣਗੀਆਂ, ਅਤੇ ਕੋਰਨੀਲੋਵਵਾਦੀ ਕੇਡਿਟ ਸੋਵੀਅਤਾਂ ਨੂੰ ਸਿਫਰ ਤਕ ਘਟਾਉਣ ਦੇ ਯਤਨ ਵਿਚ ਠੀਕ ਹਨ।

ਨੋਵਾਇਆ ਜ਼ੀਜ਼ਨ ਵਲੋਂ ਇਹ ਘੋਰ ਸਿਧਾਂਤਕ ਭੁੱਲ ਅਤੇ ਰਾਜਸੀ ਅੰਧਰਾਤਾ ਇਸ ਕਰਕੇ ਹੋਰ ਵੀ ਵਧੇਰੇ ਘੋਰ ਹੈ ਕਿਉਂਕਿ ਕੋਮਾਂਤਰੀਵਾਦੀ ਮੈਨਸ਼ਵਿਕਾਂ ਨੇ ਵੀ (ਜਿਹਨਾਂ ਨਾਲ ਮਿਲ ਕੇ **ਨੋਵਾਇਆ ਜ਼ੀਜ਼ਨ** ਨੇ ਪੀਤਰੋਗਰਾਦ ਵਿਖੇ ਨਗਰ-ਕੌਂਸਲ ਦੀਆਂ ਪਿਛਲੀਆਂ ਚੋਣਾਂ ਵਿਚ ਬਲਾਕ ਬਣਾਇਆ ਸੀ) ਇਸ ਸਵਾਲ ਉਤੇ ਬਾਲਸ਼ਵਿਕਾਂ ਵੱਲ ਕੁਝ ਨੇੜਤਾ ਦਰਸਾਈ ਹੈ। ਸੋ ਜਮਹੂਰੀ ਕਾਨਫਰੰਸ ਵਿਚ ਕਾਮਰੇਡ ਮਾਰਤੋਵ ਵਲੋਂ ਕੀਤੇ ਗਏ ਸੋਵੀਅਤ ਬਹੁ-ਗਿਣਤੀ ਦੇ ਐਲਾਨ ਵਿਚ ਅਸੀਂ ਪੜ੍ਹਦੇ ਹਾਂ :

> "ਮਜ਼ਦੂਰਾਂ ਸਿਪਾਹੀਆਂ ਅਤੇ ਕਿਸਾਨਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਜੋ ਰਚਣੇਈ ਉਤਸ਼ਾਹ ਦੇ ਬਲਵਾਨ ਹੜ੍ਹ ਰਾਹੀਂ, ਜੋ ਖੁਦ ਲੋਕਾਂ ਵਿਚੋਂ ਪੈਦਾ ਹੁੰਦਾ ਹੈ, ਇਨਕਲਾਬ ਦੇ ਪਹਿਲੇ ਦਿਨੀਂ ਕਾਇਮ ਕੀਤੀਆਂ ਗਈਆਂ ਸਨ, ਇਨਕਲਾਬੀ ਰਾਜ ਦਾ ਨਵਾਂ ਢਾਂਚਾ ਹਨ, ਜੀਹਨੇ ਪੁਰਾਣੇ ਸ਼ਾਸਨ ਦੇ ਵੇਲਾ-ਵਿਹਾ ਚੁਕੇ ਰਾਜਸੀ ਢਾਂਚੇ ਦੀ ਥਾਂ ਲੈ ਲਈ ਹੈ...।"

ਇਹ ਕੁਝ ਵਧੇਰੇ ਹੀ ਲੱਛੇਦਾਰ ਹੈ, ਅਰਥਾਤ ਇਥੇ ਅਲੰਕ੍ਰਿਤ ਭਾਸ਼ਾ ਨਾਲ ਸਪੱਸ਼ਟ ਰਾਜਸੀ ਸੋਚ-ਵਿਚਾਰ ਨੂੰ ਕਜਿਆ ਗਿਆ ਹੈ। ਸੋਵੀਅਤਾਂ ਨੇ ਅਜੇ ਪੁਰਾਣੇ "ਢਾਂਚੇ" ਦੀ ਥਾਂ ਨਹੀਂ ਮੱਲੀ ਅਤੇ ਇਹ ਪੁਰਾਣਾ "ਢਾਂਚਾ" ਪੁਰਾਣੇ ਸ਼ਾਸਨ ਦਾ ਰਾਜਕੀ ਢਾਂਚਾ **ਨਹੀਂ**, ਸਗੋਂ ਜ਼ਾਰਸ਼ਾਹੀ ਅਤੇ ਬੁਰਜੂਆ ਗਣਰਾਜ **ਦੋਹਾਂ** ਦਾ ਰਾਜਕੀ ਢਾਂਚਾ ਹੈ। ਪਰ ਹਰ ਹਾਲਤ ਵਿਚ ਮਾਰਤੋਵ ਇਥੇ **ਨੋਵਾਇਆ ਜ਼ੀਜ਼ਨ** ਦੇ ਉਪਰ ਕਰਕੇ ਖੜਾ ਹੈ।

ਸੋਵੀਅਤਾਂ ਨਵੀਂ **ਰਾਜ-ਮਸ਼ੀਨ** ਹਨ ਜੋ ਸਭ ਤੋਂ ਪਹਿਲਾਂ ਮਜ਼ਦੂਰਾਂ ਤੇ ਕਿਸਾਨਾਂ ਦੀ ਹਥਿਆਰਬੰਦ ਫੌਜੀ ਤਾਕਤ ਮੁਹੱਈਆ ਕਰਦੀਆਂ ਹਨ ਅਤੇ ਇਹ ਫੌਜੀ ਤਾਕਤ ਲੋਕਾਂ ਨਾਲੋਂ ਟੁੱਟੀ ਹੋਈ ਨਹੀਂ, ਜਿਵੇਂ ਕਿ ਪੁਰਾਣੀ ਸਥਾਈ ਫੌਜ ਸੀ, ਸਗੋਂ ਇਹ ਲੋਕਾਂ ਨਾਲ ਬਹੁਤ ਹੀ ਨੇੜਿਉਂ ਜੁੜੀ ਹੋਈ ਹੈ। ਫੌਜੀ ਦ੍ਰਿਸ਼ਟੀਕੋਣ ਤੋਂ ਇਹ ਫੌਜੀ ਤਾਕਤ ਪਹਿਲੀਆਂ ਫੌਜੀ ਤਾਕਤਾਂ ਨਾਲੋਂ ਬੇ-ਜੋੜ ਤੌਰ ਉਤੇ ਵਧੇਰੇ ਤਾਕਤਵਰ ਹੈ, ਇਹਦੀ ਥਾਂ ਕੋਈ ਚੀਜ਼ ਨਹੀਂ ਲੈ ਸਕਦੀ। ਦੂਜੇ ਇਹ ਮਸ਼ੀਨ ਲੋਕਾਂ ਨਾਲ, ਲੋਕਾਂ ਦੀ ਬਹੁ-ਗਿਣਤੀ ਨਾਲ ਏਨਾ ਨੇੜਵਾਂ ਏਨਾ ਅਟੁੱਟ ਏਨਾ ਸੌਖੀ ਤਰ੍ਹਾਂ ਪੂਰਾ ਹੋਣ ਵਾਲਾ ਅਤੇ ਨਵਿਆਇਆ ਜਾਣ ਵਾਲਾ ਬੰਧਨ ਮੁਹੱਈਆ ਕਰਦੀ ਹੈ ਕਿ ਪਹਿਲੀਆਂ ਦੀ ਰਾਜ-ਮਸ਼ੀਨ ਵਿਚ ਇਸ ਨਾਲ ਦੂਰੋਂ ਮਿਲਦੀ-ਜੁਲਦੀ ਵੀ ਕੋਈ ਚੀਜ਼ ਮੌਜੂਦ ਨਹੀਂ ਸੀ। ਤੀਜੇ, ਇਹ ਮਸ਼ੀਨ ਇਸ ਤੱਥ ਸਦਕਾ ਕਿ ਇਹਦਾ ਅਮਲਾ ਚੁਣਿਆ ਜਾਂਦਾ ਹੈ ਅਤੇ ਬਿਨਾਂ ਕਿਸੇ ਨੌਕਰ-ਸ਼ਾਹੀ ਦਸਤੂਰ ਦੇ ਲੋਕਾਂ ਦੀ ਇੱਛਾ ਅਧੀਨ ਵਾਪਸ ਬੁਲਾਇਆ ਜਾ ਸਕਦਾ ਹੈ, ਪਹਿਲਾਂ ਵਾਲੀ ਮਸ਼ੀਨ ਨਾਲੋਂ ਕਿਤੇ ਵੱਧ ਜਮਹੂਰੀ ਹੈ। ਚੌਥੇ, ਇਹ ਅਤਿ ਵੰਨ-ਸੁਵੰਨੇ ਕਿੱਤਿਆਂ ਨਾਲ ਨੇੜਵਾਂ ਸਬੰਧ ਮੁਹੱਈਆ ਕਰਦੀ ਹੈ, ਇਸ ਤਰਾਂ ਲਾਲ ਫੀਤੀ ਤੋਂ ਬਿਨਾਂ ਅਤਿ ਵੰਨ-ਸੁਵੰਨੇ ਅਤੇ ਅਤਿ ਰੈਡੀਕਲ ਸੁਧਾਰਾਂ ਦੀ ਪਰਵਾਨਗੀ ਵਿਚ ਸਹਾਈ ਹੁੰਦੀ ਹੈ। ਪੰਜਵੇਂ, ਇਹ ਹਰਾਵਲ ਦਸਤੇ ਲਈ ਅਰਥਾਤ ਮਜ਼ਲੂਮ ਜਮਾਤਾਂ ਅਤਿ ਜਮਾਤੀ ਤੌਰ ਉਤੇ ਚੇਤੰਨ ਅਤੇ ਹਿੰਮਤੀ ਅਤੇ ਅੱਗੇ-ਵਧੂ ਭਾਗ, ਮਜ਼ਦੂਰਾਂ ਤੇ ਕਿਸਾਨਾਂ ਲਈ ਜਥੇਬੰਦਕ ਸ਼ਕਲ ਮੁਹੱਈਆ ਕਰਦੀ ਹੈ, ਅਤੇ ਇਸ ਤਰ੍ਹਾਂ ਇਕ

ਅਜਿਹੀ ਮਸ਼ੀਨ ਬਣਦੀ ਹੈ, ਜਿਸ ਸਦਕਾ ਮਜ਼ਲੂਮ ਜਮਾਤਾਂ ਦਾ ਹਰਾਵਲ ਦਸਤਾ ਇਹਨਾਂ ਜਮਾਤਾਂ ਦੇ ਸਮੁੱਚੇ ਵਿਸ਼ਾਲ ਸਮੂਹ ਨੂੰ ਉਚੇਰਾ ਲਿਜਾ ਸਕਦਾ ਹੈ, ਸਿਖਲਾਈ ਦੇ ਸਕਦਾ ਹੈ ਅਤੇ ਉਹਦੀ ਅਗਵਾਈ ਕਰ ਸਕਦਾ ਹੈ, ਸਮੂਹ ਜੋ ਹੁਣ ਤਕ ਰਾਜਸੀ ਜੀਵਨ ਅਤੇ ਇਤਿਹਾਸ ਤੋਂ ਪੂਰੀ ਤਰ੍ਹਾਂ ਬਾਹਰ ਖੜਾ ਰਿਹਾ ਹੈ। ਛੇਵੇਂ, ਇਹ ਪਾਰਲੀਮੈਂਟਰੀ ਪ੍ਰਣਾਲੀ ਦੇ ਲਾਭਾਂ ਨੂੰ ਤਤਕਾਲੀ ਤੇ ਸਿੱਧੀ ਜਮਹੂਰੀਅਤ ਦੇ ਲਾਭਾਂ ਨਾਲ ਜੋੜਨ, ਅਰਥਾਤ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਕਾਨੂੰਨਸਾਜ਼ੀ ਦੇ ਅਤੇ ਕਾਰਜਸਾਧਕ ਦੋਹਾਂ ਤਰ੍ਹਾਂ ਦੇ ਕੰਮ ਸੌਂਪਦਾ ਹੈ। ਬੁਰਜੂਆ ਪਾਰਲੀਮੈਂਟਰੀ ਪ੍ਰਣਾਲੀ ਦੇ ਮੁਕਾਬਲੇ ਉਤੇ ਇਹ ਜਮਹੂਰੀਅਤ ਦੇ ਵਿਕਾਸ ਵਿਚ ਅਗਾਂਹ ਵੱਲ ਕਦਮ ਹੈ, ਜਿਸ ਦੀ ਸੰਸਾਰ-ਵਿਆਪੀ ਇਤਿਹਾਸਕ ਮਹੱਤਤਾ ਹੈ !

1905 ਵਿਚ ਸਾਡੀਆਂ ਸੋਵੀਅਤਾਂ ਸਿਰਫ਼ ਅੰਕੁਰ ਰੂਪ ਵਿਚ ਹੀ ਕਾਇਮ ਰਹੀਆਂ ਕਿਉਂਕਿ ਉਹ ਮੂਲੋਂ ਕੁਝ ਇਕ ਹਫਤੇ ਹੀ ਮੌਜੂਦ ਰਹੀਆਂ। ਸਾਫ਼ ਤੌਰ ਤੇ ਉਸ ਸਮੇਂ ਦੀਆਂ ਹਾਲਤਾਂ ਵਿਚ ਇਹਨਾਂ ਦੇ ਸਰਬੰਗੀ ਵਿਕਾਸ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। 1917 ਦੇ ਇਨਕਲਾਬ ਵਿਚ ਇਹਦਾ ਅਜੇ ਵੀ ਸਵਾਲ ਪੈਦਾ ਨਹੀਂ ਹੁੰਦਾ ਕਿਉਂਕਿ ਕੁਝ ਮਹੀਨਿਆਂ ਦਾ ਦੌਰ ਬਹੁਤ ਛੋਟਾ ਜਿਹਾ ਦੌਰ ਹੈ ਅਤੇ—ਇਹ ਅਤਿ ਮਹੱਤਵਪੂਰਨ ਹੈ—ਸੋਸਲਿਸਟ-ਇਨਕਲਾਬੀ ਅਤੇ ਮੈਨਸ਼ਵਿਕ ਆਗੂਆਂ ਨੇ ਸੋਵੀਅਤਾਂ ਦੀ **ਅਯੋਗ ਵਰਤੋਂ** ਕੀਤੀ ਹੈ ਇਹਨਾ ਦੇ ਰੋਲ ਨੂੰ ਆਗੂਆਂ ਦੀ ਸਮਝੌਤਾ ਚਾਹੂ ਨੀਤੀ ਵਿਚ ਗੱਪਗ੍ਰਹਿ ਤੱਕ, ਇਕ ਚਾਟੜੇ ਤੱਕ ਘਟਾ ਦਿੱਤਾ ਹੈ। ਸੋਵੀਅਤਾਂ ਲੀਬੇਰਦਾਨਾਂ, ਤਸੇਰੇਤੇਲੀਆਂ ਅਤੇ ਚੇਰਨੋਵਾਂ ਦੀ ਅਗਵਾਈ ਵਿਚ ਗਲ ਸੜ ਰਹੀਆਂ ਤੇ ਜਰਜਰੀਆਂ ਹੋ ਰਹੀਆਂ ਹਨ। ਸੋਵੀਅਤਾ **ਪੂਰਨ** ਰਾਜ-ਸੱਤਾ ਹੱਥ ਲੈ ਕੇ ਹੀ ਠੀਕ ਤਰ੍ਹਾਂ ਵਿਕਸਤ ਹੋ ਸਕਣਗੀਆਂ, ਆਪਣੀਆ ਸਮਰਥਾਵਾਂ ਅਤੇ ਯੋਗਤਾਵਾ ਦਾ ਵਿਖਾਲਾ ਕਰ ਸਕਣਗੀਆਂ, ਕਿਉਂਕਿ ਨਹੀਂ ਤਾਂ ਇਹ ਜਾਂ ਤਾਂ ਅੰਕੁਰ-ਰੂਪ ਹਨ (ਅਤੇ ਬਹੁਤੀ ਦੇਰ ਅੰਕੁਰ ਰੂਪ ਵਿਚ ਰਹਿਣਾ ਮਾਰੂ ਹੁੰਦਾ ਹੈ) ਜਾਂ ਖਿਡੌਣੇ ਹਨ "ਦੋ ਅਮਲੀ" ਦੇ ਅਰਥ ਸੋਵੀਅਤਾਂ ਲਈ ਅਧਰੰਗ ਦੇ ਹਨ।

ਜੇ ਇਨਕਲਾਬੀ ਜਮਾਤਾਂ ਦੇ ਰਚਣੇਈ ਉਤਸ਼ਾਹ ਨੇ ਸੋਵੀਅਤਾਂ ਨੂੰ ਜਨਮ ਨਾ ਦਿੱਤਾ ਹੁੰਦਾ, ਰੂਸ ਵਿਚ ਪਰੋਲੇਤਾਰੀ ਇਨਕਲਾਬ ਇਕ ਨਿਰਾਸ਼ਾਜਨਕ ਕਾਰਜ ਹੋਣਾ ਸੀ ਕਿਉਂਕਿ ਪ੍ਰੋਲਤਾਰੀਆ ਪੁਰਾਣੀ ਰਾਜ-ਮਸ਼ੀਨ ਨਾਲ ਰਾਜ-ਸੱਤਾ ਕਾਇਮ ਨਹੀਂ ਸੀ ਰੱਖ ਸਕਣ ਲੱਗਾ ਅਤੇ ਨਵੀਂ ਮਸ਼ੀਨ ਤੁਰੰਤ ਹੀ ਸਾਜ ਸਕਣਾ ਅਸੰਭਵ ਹੈ। ਤਸੇਰੇਤੇਲੀਆਂ ਅਤੇ ਚੇਰਨੋਵਾ ਹੱਥੋਂ ਸੋਵੀਅਤਾਂ ਦੀ ਅਯੋਗ ਵਰਤੋਂ ਦਾ ਦੁੱਖ-ਭਰਿਆ ਇਤਿਹਾਸ, "ਕੁਲੀਸ਼ਨ" ਦਾ ਇਤਿਹਾਸ, ਨਿੱਕ-ਬੁਰਜੂਆ ਭੁਲਾਵਿਆ ਤੋਂ ਸੋਵੀਅਤਾਂ ਦੀ ਬੰਦ-ਖਲਾਸੀ ਦਾ ਇਤਿਹਾਸ **ਸਭਨਾਂ** ਤੇ ਅਨੇਕਾਂ ਬੁਰਜੂਆ ਕਲੀਸ਼ਨਾਂ ਨਿਰੇ-ਘਿਰਣਾ-ਯੋਗ ਕੰਮਾਂ ਅਤੇ ਗੰਦ ਦੇ ਅਮਲੀ ਤਜਰਬੇ ਦੇ 'ਸੋਧਕ' ਨਹੀਂ ਉਹਨਾਂ ਦੀ ਗੁਜ਼ਰਗਾਹ ਦਾ ਇਤਿਹਾਸ ਵੀ ਹੈ। ਆਓ, ਆਸ ਕਰੀਏ ਕਿ ਇਸ "ਸੋਧਕ" ਨੇ ਸੋਵੀਅਤਾਂ ਨੂੰ ਕਮਜ਼ੋਰ ਨਹੀਂ ਕੀਤਾ ਸਗੋਂ ਸਾਣ ਚਾੜ੍ਹਿਆ ਹੈ।

... ...

ਪਰੋਲਤਾਰੀ ਇਨਕਲਾਬ ਸਾਹਮਣੇ ਮੁੱਖ ਮੁਸ਼ਕਲ ਦੇਸ-ਵਿਆਪੀ ਪੈਮਾਨੇ ਉਤੇ ਅਤਿ ਸ਼ੁੱਧ ਤੇ ਅਤਿ ਇਮਾਨਦਾਰ ਲੇਖਾਕਾਰੀ ਤੇ ਕੰਟਰੋਲ ਦੀ ਮਾਲ ਦੀ ਪੈਦਾਵਾਰ ਤੇ ਵੰਡ ਉਤੇ ਮਜ਼ਦੂਰਾਂ ਦੇ ਕੰਟਰੋਲ ਦੀ ਸਥਾਪਤੀ ਹੈ।

ਜਦੋਂ **ਨੋਵਾਇਆ ਜ਼ੀਜ਼ਨ** ਦੇ ਲੇਖਕਾਂ ਨੇ ਇਹ ਦਲੀਲ ਦਿੱਤੀ ਕਿ "ਮਜ਼ਦੂਰਾਂ ਦੇ ਕੰਟਰੋਲ" ਦਾ ਨਾਹਰਾ ਦੇ ਕੇ ਅਸੀਂ ਸਿੰਡੀਕਲਿਜ਼ਮ ਵਿਚ ਤਿਲਕ ਰਹੇ ਸਾਂ, ਇਹ ਦਲੀਲ ਮਾਰਕਸਵਾਦ ਦਾ ਅਧਿਅਨ ਕੀਤੇ ਬਿਨਾਂ ਇਹਨੂੰ ਲਾਗੂ ਕਰਨ ਦੇ ਸਕੂਲੀ ਵਿਦਿਆਰਥੀਆਂ ਦੇ ਮੂੜ੍ਹ ਢੰਗ ਦੀ ਮਿਸਾਲ ਸੀ, ਬੱਸ ਸਤਰੂਵੇ ਢੰਗ ਨਾਲ **ਰੱਟ ਕੇ** ਇਹਨੂੰ **ਸਿੱਖਣ** ਦੀ ਮਿਸਾਲ। ਸਿੰਡੀਕਲਿਜ਼ਮ ਜਾਂ ਤਾਂ ਪਰੋਲਤਾਰੀਏ ਦੀ ਇਨਕਲਾਬੀ ਡਿਕਟੇਟਰਸ਼ਿਪ ਨੂੰ ਰੱਦ ਕਰਦਾ ਹੈ, ਜਾਂ ਇਹਨੂੰ ਜਿਵੇਂ ਕਿ ਇਹ ਆਮ ਰੂਪ ਵਿਚ ਰਾਜਸੀ ਸੱਤਾ ਦੇ ਸਬੰਧ ਵਿਚ ਕਰਦਾ ਹੈ, ਪਿਛਲੀ ਸੀਟ ਉਤੇ ਧੱਕ ਦਿੰਦਾ ਹੈ। ਪਰ ਅਸੀਂ ਇਹਨੂੰ ਮੂਹਰੇ ਰੱਖਦੇ ਹਾ ਜੇ ਅਸੀਂ **ਨੋਵਾਇਆ ਜ਼ੀਜ਼ਨ** ਦੇ ਲੇਖਕਾਂ ਨਾਲ ਇਕਸੁਰ ਹੁੰਦਿਆਂ ਬੱਸ ਇਹ ਕਹਿੰਦੇ ਹਾਂ : ਮਜ਼ਦੂਰਾਂ ਦਾ ਕੰਟਰੋਲ **ਨਹੀਂ ਸਗੋਂ** ਰਾਜ ਦਾ ਕੰਟਰੋਲ ਤਾ ਇਹ ਸਿਰਫ਼ ਬੁਰਜੂਆ-ਸੁਧਾਰਵਾਦੀ ਵਾਕੰਸ਼ ਹੈ, ਇਹ ਸਾਰ ਰੂਪ ਵਿਚ ਨਿਰੋਲ ਕੇਡਿਟ ਸੂਤਰ ਹੈ, ਕਿਉਂਕਿ "ਰਾਜ" ਕੰਟਰੋਲ ਵਿਚ ਮਜ਼ਦੂਰਾਂ ਦੀ **ਸ਼ਮੂਲੀ** ਉਤੇ ਕੇਡਿਟਾਂ ਨੂੰ ਕੋਈ ਇਤਰਾਜ਼ ਨਹੀਂ। ਕੋਰਨੀਲੋਵਵਾਦੀ ਕੇਡਿਟ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਜਿਹੀ ਸ਼ਮੂਲੀ ਬੁਰਜੂਆਜ਼ੀ ਸਾਹਮਣੇ ਮਜ਼ਦੂਰਾਂ ਨੂੰ ਮੂਰਖ ਬਨਾਉਣ ਦਾ ਅਤਿ ਵਧੀਆ ਢੰਗ ਸਭਨਾਂ ਗਵੋਜ਼ਦੀਓਵਾਂ, ਨਿਕੀਤਿਨਾਂ, ਪਰੋਕੋਪੋਵਿਚਾਂ, ਤਸੇਰੇਤੇਲੀਆਂ ਆਦਿ ਦੇ ਟੋਲੇ ਨੂੰ ਰਾਜਸੀ ਤੌਰ ਤੇ **ਰਿਸ਼ਵਤ ਦੇਣ** ਦਾ ਅਤਿ ਸੂਖਮ ਰਾਹ ਰੱਖਦੀ ਹੈ।

ਜਦੋਂ ਅਸੀਂ ਕਹਿੰਦੇ ਹਾਂ : "ਮਜ਼ਦੂਰਾਂ ਦਾ ਕੰਟਰੋਲ" ਤਾਂ ਇਸ ਨਾਹਰੇ ਨੂੰ ਸਦਾ ਪਰੋਲਤਾਰੀਆਂ ਦੀ ਡਿਕਟੇਟਰਸ਼ਿਪ ਦੇ ਨਾਲ ਨਾਲ ਰੱਖਦੇ ਹਾਂ, ਇਹਨੂੰ ਸਦਾ ਹੀ ਪ੍ਰੋਲਤਾਰੀਏ ਦੀ ਡਿਕਟੇਟਰਸ਼ਿਪ **ਤੋਂ ਐਨ ਤੁਰਤ ਪਿੱਛੇ ਰੱਖਦੇ ਹਾਂ**। ਇਸ ਤਰ੍ਹਾਂ ਅਸੀਂ ਸਪੱਸ਼ਟ ਕਰਦੇ ਹਾਂ ਕਿ ਸਾਡਾ ਮਤਲਬ ਕਿਸ ਤਰ੍ਹਾਂ ਦੇ ਰਾਜ ਤੋਂ ਹੈ। ਰਾਜ ਜਮਾਤੀ ਦਾਬੇ ਦੀ ਸੰਸਥਾ ਹੈ। ਕਿਹੜੀ ਜਮਾਤ ਦੀ ? ਜੇ ਬੁਰਜੂਆਜ਼ੀ ਦੀ, ਤਾਂ ਇਹ ਕੇਡਿਟ—ਕੋਰਨੀਲੋਵ "ਕੇਰੇਨਸਕੀ" ਰਾਜ ਹੈ ਜਿਹੜਾ ਛੇ ਮਹੀਨਿਆਂ ਤੋਂ ਬਹੁਤੇ ਸਮੇਂ ਤੋਂ ਰੂਸ ਦੇ ਕਿਰਤੀ ਲੋਕਾਂ ਦਾ "ਕੋਰਨੀਲੋਵੀਕਰਣ" ਅਤੇ "ਕੇਰੇਨਸਕੀਕਰਣ" ਕਰ ਰਿਹਾ ਹੈ। ਜੇ ਇਹ ਪ੍ਰੋਲਤਾਰੀਏ ਦਾ ਰਾਜ ਹੈ, ਜੇ ਅਸੀਂ ਪ੍ਰੋਲਤਾਰੀ ਰਾਜ ਦੀ, **ਅਰਥਾਤ** ਪ੍ਰੋਲਤਾਰੀ ਡਿਕਟੇਟਰਸ਼ਿਪ ਦੀ ਗੱਲ ਕਰ ਰਹੇ ਹਾਂ ਤਾਂ ਮਜ਼ਦੂਰਾਂ ਦਾ ਕੰਟਰੋਲ ਮਾਲ ਦੀ ਪੈਦਾਵਾਰ ਤੇ ਵੰਡ ਦੀ ਦੇਸ਼-ਵਿਆਪੀ ਸਰਬ-ਲਪੇਟਵੀਂ, ਸਰਬ ਸੱਤਾਧਾਰੀ, ਅਤਿ ਸ਼ੁੱਧ ਤੇ ਇਮਾਨਦਾਰ **ਲੇਖਾਕਾਰੀ** ਬਣ **ਸਕਦਾ ਹੈ**।

ਇਹ ਹੈ ਮੁੱਖ ਮੁਸ਼ਕਲ, ਮੁੱਖ ਕਾਰਜ ਜੋ ਪ੍ਰੋਲਤਾਰੀ ਅਰਥਾਤ ਸੋਸ਼ਲਿਸਟ ਇਨਕਲਾਬ ਦੇ ਸਾਹਮਣੇ ਹੈ। ਸੋਵੀਅਤਾਂ ਤੋਂ ਬਿਨਾਂ ਇਹ ਕਾਰਜ ਘਟੋ-ਘੱਟ ਰੂਸ ਵਿਚ ਅਵਿਵਹਾਰਕ ਹੋਵੇਗਾ। ਸੋਵੀਅਤਾਂ ਪ੍ਰੋਲਤਾਰੀਏ ਨੂੰ ਜਥੇਬੰਦਕ ਕੰਮ ਦਾ **ਸੁਝਾਅ ਦਿੰਦੀਆਂ** ਹਨ, ਜੋ ਇਸ ਇਤਿਹਾਸਕ ਤੌਰ ਉਤੇ ਅਹਿਮ ਮਸਲੇ ਨੂੰ ਨਜਿੱਠ **ਸਕਦਾ ਹੈ**।

ਇਹਦੇ ਨਾਲ ਰਾਜ-ਮਸ਼ੀਨ ਦੇ ਸਵਾਲ ਦਾ ਇਕ ਹੋਰ ਪੱਖ ਸਾਡੇ ਸਾਹਮਣੇ ਆਉਂਦਾ ਹੈ। ਮੁੱਖ ਤੌਰ ਤੇ "ਜਾਬਰ" ਮਸ਼ੀਨ—ਸਥਿਰ ਫ਼ੌਜ, ਪੁਲਸ ਅਤੇ ਨੌਕਰਸ਼ਾਹੀ—ਤੋਂ ਇਲਾਵਾ ਆਧੁਨਿਕ ਰਾਜ ਇਕ ਉਪਕਰਣ ਦਾ ਮਾਲਕ ਹੈ ਜਿਸ ਦੇ ਬੈਂਕਾਂ ਤੇ ਸਿੰਡੀਕੇਟਾਂ ਨਾਲ ਬਹੁਤ ਹੀ ਨੇੜੇ ਦੇ ਸਬੰਧ ਹਨ, ਇਕ ਉਪਕਰਣ ਜਿਹੜਾ ਲੇਖਾਕਾਰੀ ਤੇ ਰਜਿਸਟਰੇਸ਼ਨ ਸਬੰਧੀ ਓੜਕਾਂ ਦਾ ਕੰਮ ਕਰਦਾ ਹੈ, ਜੇ ਇਹਨੂੰ ਇਹਨਾਂ ਸ਼ਬਦਾਂ ਵਿਚ ਪ੍ਰਗਟਾਈਏ। ਇਸ ਉਪਕਰਣ ਨੂੰ ਚਕਨਾਚੂਰ ਨਹੀਂ ਕਰਨਾ ਚਾਹੀਦਾ। ਇਹਨੂੰ ਪੂੰਜੀਪਤੀਆਂ ਦੇ ਕੰਟਰੋਲ ਤੋਂ ਖੋਹ ਲੈਣਾ ਚਾਹੀਦਾ ਹੈ; ਪੂੰਜੀਪਤੀਆਂ ਨੂੰ ਅਤੇ ਤਾਰਾਂ ਨੂੰ ਜੋ ਉਹ ਖਿੱਚਦੇ ਹਨ **ਕੱਟ ਦੇਣਾ, ਛਾਂਗ ਦੇਣਾ** ਚਾਹੀਦਾ ਹੈ, ਇਸ ਉਪਕਰਣ **ਨਾਲੋਂ**

ਲਾਹ ਸੁੱਟਣਾ ਚਾਹੀਦਾ ਹੈ। ਇਹਨੂੰ ਪ੍ਰੋਲਤਾਰੀ ਸੋਵੀਅਤਾਂ ਦੇ ਅਧੀਨ ਕਰ ਦੇਣਾ ਚਾਹੀਦਾ ਹੈ, ਇਹਨੂੰ ਪਸਾਰਨਾ, ਵਧੇਰੇ ਸਰਬੰਗੀ ਅਤੇ ਰਾਸ਼ਟਰ-ਵਿਆਪੀ-ਬਣਾਉਣਾ ਚਾਹੀਦਾ ਹੈ। ਅਤੇ ਇਹ ਕੰਮ ਵੱਡੇ ਪੈਮਾਨੇ ਦੇ ਪੂੰਜੀਵਾਦ ਵਲੋਂ ਪਹਿਲਾਂ ਹੀ ਕੀਤੀਆਂ ਗਈਆਂ ਪ੍ਰਾਪਤੀਆਂ ਦੀ ਵਰਤੋਂ ਕਰ ਕੇ ਕੀਤਾ ਜਾ ਸਕਦਾ ਹੈ (ਉਵੇਂ ਹੀ ਜਿਵੇਂ ਪ੍ਰੋਲਤਾਰੀ ਇਨਕਲਾਬ ਆਮ ਰੂਪ ਵਿਚ ਇਹਨਾਂ ਪ੍ਰਾਪਤੀਆਂ ਦੀ ਵਰਤੋਂ ਕਰ ਕੇ ਹੀ ਆਪਣੇ ਨਿਸ਼ਾਨੇ ਉਤੇ ਪੁੱਜ ਸਕਦਾ ਹੈ)।

ਪੂੰਜੀਵਾਦ ਨੇ ਬੈਂਕਾਂ, ਸਿੰਡੀਕੇਟਾਂ, ਡਾਕ ਸੇਵਾ, ਉਪਭੋਗ-ਕਰਤਿਆਂ ਦੀਆਂ ਸੁਸਾਇਟੀਆਂ ਅਤੇ ਦਫਤਰੀ ਮੁਲਾਜ਼ਮਾਂ ਦੀਆਂ ਯੂਨੀਅਨਾਂ ਦੇ ਰੂਪ ਵਿਚ ਇਕ ਅਕਾਊਂਟਿੰਗ **ਉਪਕਰਣ** ਦੀ ਸਿਰਜਣਾ ਕੀਤੀ ਹੈ। **ਵੱਡੇ ਬੈਂਕਾਂ ਤੋਂ ਬਿਨਾਂ ਸੋਸ਼ਲਿਜ਼ਮ ਅਸੰਭਵ ਹੋਵੇਗਾ।**

ਵੱਡੇ ਬੈਂਕ "ਰਾਜਕੀ ਉਪਕਰਣ" ਹਨ ਜਿਸ ਦੀ **ਲੋੜ ਸਾਨੂੰ** ਸੋਸ਼ਲਿਜ਼ਮ ਲਿਆਉਣ ਲਈ ਹੈ ਅਤੇ ਜੋ ਅਸੀਂ ਪੂੰਜੀਵਾਦ ਤੋਂ **ਤਿਆਰ-ਬਰ-ਤਿਆਰ** ਰੂਪ ਵਿਚ ਲੈਂਦੇ ਹਾਂ, ਇਥੇ ਸਾਡਾ ਕਾਰਜ ਬੱਸ ਉਸ ਨੂੰ **ਛਾਂਗ ਸੁੱਟਣਾ ਹੈ** ਜੋ **ਪੂੰਜੀਵਾਦੀ ਤੌਰ ਦੇ** ਇਸ ਸ਼ਾਨਦਾਰ ਉਪਕਰਣ ਨੂੰ **ਲੂਲ੍ਹਾ ਲੰਗੜਾ ਕਰਨਾ ਹੈ।** ਇਹਨੂੰ ਹੋਰ ਵੀ ਵਡੇਰਾ ਬਨਾਉਣਾ ਹੈ, ਹੋਰ ਵੀ ਜਮਹੂਰੀ, ਹੋਰ ਵੀ ਸਰਬੰਗੀ। ਮਾਤਰਾ ਦੀ ਗੁਣ ਵਿਚ ਕਾਇਆ-ਪਲਟ ਕੀਤੀ ਜਾਵੇਗੀ। ਇਕੋ ਇਕ ਸਟੇਟ ਬੈਂਕ, ਵੱਡਿਆਂ ਤੋਂ ਵੀ ਵੱਡਾ, ਜਿਸ ਦੀਆਂ ਸ਼ਾਖਾਂ ਹਰ ਪੇਂਡੂ ਜ਼ਿਲ੍ਹੇ, ਹਰ ਫੈਕਟਰੀ ਵਿਚ ਹੋਣਗੀਆਂ, **ਸੋਸ਼ਲਿਸਟ** ਉਪਕਰਣ ਦਾ 90 ਫੀਸਦੀ ਭਾਗ ਹੋਵੇਗਾ। ਇਹ ਮਾਲ ਦੀ ਪੈਦਾਵਾਰ ਤੇ ਵੰਡ ਦੇ ਸਬੰਧ ਵਿਚ ਦੇਸ਼-ਵਿਆਪੀ **ਵਹੀ-ਖਾਤਾ** ਦੇਸ਼-ਵਿਆਪੀ ਲੇਖਾਕਾਰੀ ਹੋਵੇਗੀ, ਇਹ ਕਹਿਣ ਨੂੰ ਸੋਸ਼ਲਿਸਟ ਸਮਾਜ ਦੇ **ਪਿੰਜਰ** ਦੇ ਖਾਸੇ ਦੀ ਕੋਈ ਚੀਜ਼ ਹੋਵੇਗੀ।

ਅਸੀਂ ਇਕੋ ਵਾਰ ਨਾਲ, ਇਕੋ ਫ਼ਰਮਾਨ ਨਾਲ ਇਸ ਰਾਜਕੀ ਉਪਕਰਣ ਉਤੇ "ਕਬਜ਼ਾ" ਕਰ ਸਕਦੇ ਹਾਂ ਅਤੇ ਇਹਨੂੰ "ਚਲਾ" ਸਕਦੇ ਹਾਂ (ਜਿਹੜਾ ਪੂੰਜੀਵਾਦ ਹੇਠ ਪੂਰਾ ਪੂਰਾ ਰਾਜਕੀ ਉਪਕਰਣ ਨਹੀਂ, ਪਰ ਜੋ ਸੋਸ਼ਲਿਜ਼ਮ ਹੇਠ ਸਾਡਾ ਪੂਰਾ ਪੂਰਾ ਰਾਜਕੀ ਉਪਕਰਣ ਹੋਵੇਗਾ) ਕਿਉਂਕਿ ਵਹੀ-ਖਾਤੇ, ਕੰਟਰੋਲ, ਰਜਿਸਟਰੇਸ਼ਨ, ਅਕਾਊਂਟਿੰਗ ਅਤੇ ਲੇਖੇ ਦਾ ਅਸਲੀ ਕੰਮ **ਮੁਲਾਜ਼ਮ ਕਰਦੇ** ਹਨ ਜਿਹਨਾਂ ਦੀ ਬਹੁ-ਗਿਣਤੀ ਖ਼ੁਦ ਪ੍ਰੋਲਤਾਰੀ ਜਾਂ ਅੱਧ-ਪ੍ਰੋਲਤਾਰੀ ਜੀਵਨ ਬਸਰ ਕਰਦੀ ਹੈ।

ਪ੍ਰੋਲਤਾਰੀ ਹਕੂਮਤ ਦੇ ਇਕ ਫ਼ਰਮਾਨ ਨਾਲ ਇਹਨਾਂ ਮੁਲਾਜ਼ਮਾਂ ਨੂੰ ਰਾਜਕੀ ਮੁਲਾਜ਼ਮਾਂ ਦੇ ਦਰਜੇ ਵਿਚ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਚਾਹੀਦਾ ਹੈ, ਉਵੇਂ ਹੀ ਜਿਵੇਂ ਬਰਿਆਦ ਵਰਗੇ ਪੂੰਜੀਵਾਦ ਦੇ ਪਹਿਰੇਦਾਰ ਅਤੇ ਦੂਜੇ ਬੂਰਜੂਆ ਮੰਤਰੀ ਇਕੋ ਫ਼ਰਮਾਨ ਰਾਹੀਂ ਹੜਤਾਲੀ ਰੇਲ ਮੁਲਾਜ਼ਮਾਂ ਨੂੰ ਰਾਜ ਦੇ ਮੁਲਾਜ਼ਮਾਂ ਦੇ ਦਰਜੇ ਵਿਚ ਤਬਦੀਲ ਕਰ ਦੇਂਦੇ ਹਨ। ਸਾਨੂੰ ਇਸ ਕਿਸਮ ਦੇ ਹੋਰ ਅਨੇਕਾਂ ਮੁਲਾਜ਼ਮਾਂ ਦੀ ਲੋੜ ਪਵੇਗੀ ਅਤੇ ਹੋਰ ਮਿਲ **ਸਕਦੇ** ਹਨ ਕਿਉਂਕਿ ਪੂੰਜੀਵਾਦ ਨੇ ਲੇਖਾਕਾਰੀ ਤੇ ਕੰਟਰੋਲ ਦਾ ਕੰਮ ਸਰਲ ਬਣਾ ਦਿੱਤਾ ਹੈ। ਇਹਨੂੰ ਵਹੀ-ਖਾਤੇ ਦੀ ਮੁਕਾਬਲਤਨ ਸਰਲ ਪ੍ਰਣਾਲੀ ਤੱਕ ਘਟਾ ਦਿੱਤਾ ਹੈ, ਜਿਸ ਨੂੰ ਕੋਈ ਵੀ ਪੜ੍ਹਿਆ ਲਿਖਿਆ ਆਦਮੀ ਕਰ ਸਕਦਾ ਹੈ।

ਬੈਂਕ ਸਿੰਡੀਕੇਟ ਦੇ ਤਜਾਰਤੀ ਆਦਿ ਆਮ ਮੁਲਾਜ਼ਮਾਂ ਨੂੰ ਰਾਜ ਦੇ ਮੁਲਾਜ਼ਮਾਂ ਵਿਚ ਤਬਦੀਲ ਕਰਨਾ ਟੈਕਨੀਕਲ ਤੌਰ ਉਤੇ (ਉਸ ਮੁੱਢਲੇ ਕੰਮ ਸਦਕਾ ਜੋ ਪੂੰਜੀਵਾਦ, ਜਿਸ ਵਿਚ ਵਿੱਤੀ ਪੂੰਜੀਵਾਦ ਸ਼ਾਮਲ ਹੈ, ਨੇ ਕੀਤਾ ਹੈ) ਅਤੇ ਰਾਜਸੀ ਤੌਰ ਉਤੇ ਬਿਲਕੁਲ ਹੋਣ ਯੋਗ ਹੈ ਬਸ਼ਰਤੇ ਕਿ ਸੋਵੀਅਤਾਂ ਕੰਟਰੋਲ ਅਤੇ ਨਿਗਰਾਨੀ ਕਰਨ।

ਜਿਥੋਂ ਤਕ ਵਡੇਰੇ ਅਧਿਕਾਰੀਆਂ ਦਾ ਸਬੰਧ ਹੈ, ਜਿਹੜੇ ਬੜੇ ਹੀ ਥੋੜ੍ਹੇ ਹਨ ਪਰ ਜਿਹੜੇ

ਪੂੰਜੀਪਤੀਆਂ ਵੱਲ ਆਕਰਸ਼ਿਤ ਹਨ, ਉਹਨਾਂ ਨਾਲ ਉਵੇਂ ਹੀ ਵਰਤਣਾ ਹੋਵੇਗਾ ਜਿਵੇਂ ਪੂੰਜੀਪਤੀਆਂ ਨਾਲ, ਅਰਥਾਤ, "ਕਰੜੀ ਤਰ੍ਹਾਂ" । ਪੂੰਜੀਪਤੀਆਂ ਵਾਂਗ ਉਹ ਮੁਕਾਬਲਾ ਕਰਨਗੇ, ਇਸ ਮੁਕਾਬਲੇ ਨੂੰ ਤੋੜਨਾ ਹੋਵੇਗਾ ਅਤੇ ਜੇਕਰ ਆਮ ਤੌਰ ਉਤੇ ਸਿੱਧੜ ਪੇਸ਼ੇਖੋਨੋਵ ਜੂਨ 1917 ਵਿਚ ਹੀ ਨੰਨ੍ਹੇ ਬਾਲ ਵਾਂਗ ਜਿਵੇਂ ਕਿ ਉਹ ਰਾਜਕੀ ਮਾਮਲਿਆਂ ਵਿਚ ਸੀ, ਤੁਤਲਾਇਆ ਕਿ "ਪੂੰਜੀਪਤੀਆਂ ਦਾ ਮੁਕਾਬਲਾ ਤੋੜ ਦਿੱਤਾ ਗਿਆ ਹੈ ।" ਇਸ ਬਚਗਾਨਾ ਵਾਕੰਸ਼ ਨੂੰ, ਇਸ ਬਚਗਾਨਾ ਸ਼ੇਖੀ ਨੂੰ, ਇਸ ਬਚਗਾਨਾ ਫੜ੍ਹ ਨੂੰ **ਪ੍ਰੋਲਤਾਰੀਏ ਵਲੋਂ ਯਥਾਰਥ ਵਿਚ ਬਦਲ ਦਿੱਤਾ ਜਾਵੇਗਾ ।**

ਅਸੀਂ ਇਹ ਕਰ ਸਕਦੇ ਹਾਂ ਕਿਉਂਕਿ ਇਹ ਤਾਂ ਬੱਸ ਵਸੋਂ ਦੀ ਤੁੱਛ ਜਿਹੀ ਘੱਟ ਗਿਣਤੀ ਮੁੱਠੀ ਭਰ ਦਾ ਮੁਕਾਬਲਾ ਤੋੜਨ ਦਾ ਸਵਾਲ ਹੈ, ਜਿਹਨਾਂ ਵਿਚੋਂ ਹਰ ਇਕ ਉਤੇ ਮੁਲਾਜ਼ਮਾਂ ਦੀਆਂ ਯੂਨੀਅਨਾਂ, ਟਰੇਡ ਯੂਨੀਅਨਾਂ, ਉਪਭੋਗ-ਕਰਤਿਆਂ ਦੀਆਂ ਸੁਸਾਇਟੀਆਂ ਅਤੇ ਸੋਵੀਅਤਾਂ ਅਜਿਹੀ ਨਿਗਰਾਨੀ ਕਾਇਮ ਕਰਨਗੀਆਂ ਕਿ ਹਰ ਟਿਟ ਟਿਟੀਚ ਨੂੰ **ਘੇਰਾ ਘੱਤ ਲਿਆ ਜਾਵੇਗਾ** ਜਿਵੇਂ ਫਰਾਂਸੀਸੀਆਂ ਨੇ ਸੀਡਾਨ ਵਿਖੇ ਕੀਤਾ ਸੀ । ਅਸੀਂ ਇਹਨਾ ਟਿਟ ਟਿਟੀਚਾਂ ਨੂੰ ਨਾਵਾਂ ਤੋਂ ਜਾਣਦੇ ਹਾਂ : ਅਸੀਂ ਸਿਰਫ ਡਾਇਰੈਕਟਰਾਂ, ਬੋਰਡ ਮੈਂਬਰਾਂ, ਵੱਡੇ ਸ਼ੇਅਰ ਹੋਲਡਰਾਂ, ਆਦਿ ਦੀਆਂ ਸੂਚੀਆਂ ਹੀ ਵੇਖਣੀਆਂ ਹੋਣਗੀਆ । **ਪੂਰੇ** ਰੂਸ ਵਿਚ ਇਹ ਕੁਝ ਸੌ ਹਨ, ਵੱਧ ਤੋਂ ਵੱਧ ਕੁਲ ਹਜਾਰ ਹਨ ਅਤੇ ਪ੍ਰੋਲਤਾਰੀ ਰਾਜ ਸੋਵੀਅਤਾਂ ਦੇ ਉਪਕਰਣ, ਮੁਲਾਜ਼ਮਾਂ ਦੀਆਂ ਯੂਨੀਅਨਾਂ, ਆਦਿ ਮੱਦਦ ਨਾਲ ਇਹਨਾਂ ਵਿਚੋਂ ਹਰ ਇਕ ਲਈ ਦਸ ਜਾਂ ਸੌ ਸੁਪਰਵਾਈਜ਼ਰ ਵੀ ਥਾਪ ਸਕੇਗਾ, ਤਾ ਜੁ "ਮੁਕਾਬਲਾ ਤੋੜਨ" ਦੀ ਥਾਂ ਇਹ ਸੰਭਵ ਹੋ ਸਕੇ ਕਿ **ਮਜ਼ਦੂਰਾਂ ਦੇ ਕੰਟਰੋਲ** (ਪੂੰਜੀਪਤੀਆ ਉਤੇ) ਨਾਲ ਸਾਰੇ ਮੁਕਾਬਲੇ ਨੂੰ ਅਸੰਭਵ ਬਣਾ ਦਿੱਤਾ ਜਾਵੇ ।

ਅਹਿਮ ਗੱਲ ਪੂੰਜੀਪਤੀਆਂ ਦੀ ਸੰਪਤੀ ਦੀ ਜਬਤੀ ਵੀ ਨਹੀਂ, ਸਗੋਂ ਪੂੰਜੀਪਤੀਆਂ ਅਤੇ ਸੰਭਵ ਹਮਾਇਤੀਆਂ ਉਤੇ ਮਜ਼ਦੂਰਾਂ ਦਾ ਦੇਸ਼-ਵਿਆਪੀ ਸਰਬ-ਸਮੇਟਵਾਂ ਕੰਟਰੋਲ ਹੋਵੇਗਾ । ਇਕੱਲੀ ਜ਼ਬਤੀ ਕਿਤੇ ਨਹੀਂ ਪਹੁੰਚਾਉਂਦੀ ਕਿਉਂ ਜੁ ਇਸ ਵਿਚ ਸੰਗਠਨ ਦਾ, ਯੋਗ ਵੰਡ ਲਈ ਲੇਖਾਕਾਰੀ ਦਾ ਤੱਤ ਸ਼ਾਮਲ ਨਹੀਂ । ਜਬਤੀ ਦੀ ਥਾਂ ਅਸੀਂ ਸੌਖਿਆਂ ਹੀ **ਨਿਆਈਂ** ਟੈਕਸ ਲਾ ਸਕਦੇ ਹਾਂ (ਮਿਸਾਲ ਵਜੋਂ ਸਿੰਗਾਰੀਓਵ ਪੈਮਾਨੇ ਉਤੇ) । ਹਾਂ ਅਜੇਹਾ ਕਰਨ ਲਗਿਆਂ, ਨਿਰਸੰਦੇਹ, ਇਸ ਸੰਭਾਵਨਾ ਨੂੰ ਖਾਰਜ ਕਰ ਦਿਤਾ ਜਾਵੇਗਾ ਕਿ ਕੋਈ ਕਰ-ਨਿਰਧਾਰਣ ਤੋਂ ਬਚ ਸਕੇ, ਅਤੇ ਇਸ ਸੰਭਾਵਨਾ ਨੂੰ **ਮਜ਼ਦੂਰਾਂ ਦੇ ਰਾਜ** ਦੇ ਮਜਦੂਰ ਕੰਟਰੋਲ ਰਾਹੀਂ **ਹੀ ਖਤਮ ਕੀਤਾ ਜਾ ਸਕਦਾ ਹੈ ।**

ਰਾਜਕੀ ਕੰਟਰੋਲ ਹੇਠ ਐਸੋਸੀਏਸ਼ਨਾਂ ਵਿਚ **ਲਾਜ਼ਮੀ ਸਿੰਡੀਕੇਸ਼ਨ**, ਅਰਥਾਤ ਲਾਜ਼ਮੀ ਸੰਯੋਜਨ—ਇਹ ਹੈ ਜੀਹਦੇ ਲਈ ਪੂੰਜੀਵਾਦ ਨੇ ਰਾਹ ਤਿਆਰ ਕੀਤਾ ਹੈ, ਇਹ ਹੈ ਜੋ ਸੋਵੀਅਤਾਂ ਰਾਹੀਂ ਪ੍ਰੋਲਤਾਰੀ ਡਿਕਟੇਟਰਸ਼ਿਪ ਰਾਹੀ ਰੂਸ ਵਿਚ ਸੌਖਿਆਂ ਹੀ ਕੀਤਾ ਜਾ ਸਕਦਾ ਹੈ ਅਤੇ ਇਹ ਹੈ ਜੋ **ਸਾਨੂੰ ਰਾਜਕੀ ਉਪਕਰਣ ਮੁਹੱਈਆ ਕਰੇਗਾ** ਜਿਹੜਾ ਸਰਬ ਲੌਕਿਕ ਅਪ-ਟੂ-ਡੇਟ, ਅਤੇ ਨੌਕਰਸ਼ਾਹੀ ਤੋਂ ਮੁਕਤ ਹੋਵੇਗਾ ।

... ...

ਬੁਰਜੁਆਜ਼ੀ ਦੇ ਵਕੀਲਾਂ ਦੀ ਚੌਥੀ ਦਲੀਲ ਇਹ ਹੈ ਕਿ ਪਰੋਲਤਾਰੀਆ "ਰਾਜ ਉਪਕਰਣ ਨੂੰ ਚਲਾ ਨਹੀਂ ਸਕੇਗਾ ।" ਇਸ ਤੋਂ ਪਹਿਲੀ ਦੇ ਮੁਕਾਬਲੇ ਇਸ ਦਲੀਲ ਵਿਚ ਕੁਝ ਵੀ ਨਵਾਂ ਨਹੀਂ ਹੈ । ਠੀਕ, ਅਸੀਂ ਪੁਰਾਣੇ ਉਪਕਰਣ ਉੱਤੇ ਨਾ ਤਾਂ ਕਬਜ਼ਾ ਕਰਾਂਗੇ ਅਤੇ ਨਾ ਹੀ ਉਹਨੂੰ ਚਲਾਵਾਂਗੇ । ਨਵਾਂ ਉਪਕਰਣ, ਸੋਵੀਅਤਾਂ ਨੂੰ "ਰਚਏਣੀ ਉਤਸ਼ਾਹ ਦੇ ਬਲਵਾਨ ਹੜ੍ਹ ਨੇ

ਜਿਸ ਨੂੰ ਖੁਦ ਲੋਕਾਂ ਨੇ ਪੈਦਾ ਕੀਤਾ ਹੈ," ਨੂੰ ਪਹਿਲਾਂ ਹੀ ਚਲਾ ਦਿਤਾ ਹੋਇਆ ਹੈ। ਅਸਾਂ ਤਾਂ ਬੱਸ ਇਹਨੂੰ ਉਨ੍ਹਾਂ ਜ਼ੰਜੀਰਾਂ ਤੋਂ ਆਜ਼ਾਦ ਕਰਨਾ ਹੈ ਜੋ ਸੋਸ਼ਲਿਸਟ-ਇਨਕਲਾਬੀ ਅਤੇ ਮੇਨਸ਼ਵਿਕ ਆਗੂਆਂ ਨੇ ਇਹਨੂੰ ਪੁਆਈਆਂ ਹੋਈਆਂ ਹਨ। ਇਹ ਉਪਕਰਣ ਪਹਿਲਾਂ ਹੀ ਚਾਲੂ ਹੋ ਚੁਕਿਆ ਹੈ, ਅਸਾਂ ਤਾਂ ਬਸ ਬੜੀਆਂ ਵੱਡੀਆਂ, ਨਿਕ-ਬੁਰਜੂਆ ਰੋਕਾਂ ਤੋਂ ਇਹਦਾ ਛੁਟਕਾਰਾ ਕਰਵਾਉਣਾ ਹੈ ਜੋ ਇਹਨੂੰ ਪੂਰੀ ਰਫਤਾਰ ਨਾਲ ਅਗਾਂਹ ਦੌੜਨੋਂ ਰੋਕਦੀਆਂ ਹਨ।

ਜੋ ਕੁਝ ਪਹਿਲਾਂ ਕਿਹਾ ਜਾ ਚੁੱਕਿਆ ਹੈ ਉਸ ਵਿਚ ਵਾਧਾ ਕਰਨ ਲਈ ਇਥੇ ਦੋ ਸੂਰਤਾਂ ਵਿਚਾਰਨੀਆਂ ਜ਼ਰੂਰੀ ਹਨ। ਪਹਿਲੀ ਇਹ ਕਿ ਕੰਟਰੋਲ ਦੇ ਨਵੇਂ ਸਾਧਨਾਂ ਨੂੰ ਅਸਾਂ ਨਹੀਂ ਰੇਕਿਆ ਸਗੋਂ ਪੂੰਜੀਵਾਦ ਨੇ ਆਪਣੇ ਫੌਜੀ-ਸਾਮਰਾਜੀ ਪੜਾਅ ਉਤੇ ਰਚਿਆ ਹੈ, ਅਤੇ ਦੂਜੇ ਪਰੋਲਤਾਰੀ ਰਾਜ ਦੇ **ਸ਼ਾਸਨ** ਵਿਚ ਵਧੇਰੇ ਜਮਹੂਰੀਅਤ ਲਾਗੂ ਕਰਨਾ ਜ਼ਰੂਰੀ ਹੈ।

ਅਨਾਜ ਦੀ ਇਜਾਰਾਦਾਰੀ ਅਤੇ ਰੋਟੀ ਦੀ ਰਾਸ਼ਨਿੰਗ ਅਸਾਂ ਲਾਗੂ ਨਹੀਂ ਕੀਤੀ, ਸਗੋਂ ਜੰਗ ਦੇ ਸਮੇਂ ਪੂੰਜੀਵਾਦੀ ਰਾਜ ਨੇ ਲਾਗੂ ਕੀਤੀ ਸੀ, ਪੂੰਜੀਵਾਦ ਦੇ ਢਾਂਚੇ ਦੇ ਅੰਦਰ-ਅੰਦਰ ਇਹਨੇ ਕਿਰਤ ਦੀ ਸਰਬ-ਲੋਕਿਕ ਜਬਰੀ ਭਰਤੀ ਪਹਿਲਾਂ ਹੀ ਲਾਗੂ ਕੀਤੀ ਹੋਈ ਹੈ ਜੋ ਮਜ਼ਦੂਰਾਂ ਲਈ ਯੁੱਧ-ਕਾਲ ਵਿਚ ਦੰਡੀ ਅਧੀਨਗੀ ਹੈ। ਪਰ ਇਥੇ ਵੀ, ਜਿਵੇਂ ਕਿ ਇਹਦੀਆਂ ਸਭਨਾਂ ਇਤਿਹਾਸ-ਸਿਰਜਕ ਸਰਗਰਮੀਆਂ ਵਿਚ ਹੁੰਦਾ ਹੈ, ਪਰੋਲਤਾਰੀਆ ਆਪਣੇ ਹਥਿਆਰ ਪੂੰਜੀਵਾਦ ਤੋਂ ਲੈਂਦਾ ਹੈ ਅਤੇ "ਅਣਹੋਂਦ ਵਿਚੋਂ ਇਹਨਾਂ ਦੀ ਸਿਰਜਣਾ ਨਹੀਂ ਕਰਦਾ ਜਾਂ ਕਾਢ ਨਹੀਂ ਕਢਦਾ।"

ਅਨਾਜ ਦੀ ਇਜਾਰਾਦਾਰੀ, ਰੋਟੀ ਦੀ ਰਾਸ਼ਨਿੰਗ ਅਤੇ ਕਿਰਤ ਦੀ ਜਬਰੀ ਭਰਤੀ ਪਰੋਲਤਾਰੀ ਰਾਜ ਦੇ ਹੱਥਾਂ ਵਿਚ, ਖੁਦਮੁਖਤਾਰ ਸੋਵੀਅਤਾਂ ਦੇ ਹੱਥਾਂ ਵਿਚ, ਲੇਖਾਕਾਰੀ ਅਤੇ ਕੰਟਰੋਲ ਦਾ ਅਤਿ ਸ਼ਕਤੀਸਾਲੀ ਸਾਧਨ ਹੋਵੇਗਾ, ਸਾਧਨ ਜੋ ਪੂੰਜੀਪਤੀਆਂ ਉਤੇ, ਅਤੇ **ਆਮ ਰੂਪ ਵਿਚ ਧਨਾਢਾਂ** ਉਤੇ ਲਾਗੂ ਕੀਤਿਆਂ, ਉਹਨਾਂ ਉਤੇ **ਮਜ਼ਦੂਰਾਂ** ਵਲੋਂ ਲਾਗੂ ਕੀਤਿਆਂ "ਰਾਜਸੀ ਉਪਕਰਣ ਨੂੰ ਚਾਲੂ ਕਰਨ" ਲਈ ਪੂੰਜੀਪਤੀ ਵਲੋਂ ਮੁਕਾਬਲੇ ਉਤੇ ਕਾਬੂ ਪਾਉਣ ਲਈ, ਉਹਨਾਂ ਨੂੰ ਪਰੋਲਤਾਰੀ ਰਾਜ ਦੇ ਅਧੀਨ ਕਰਨ ਲਈ ਇਕ ਅਜਿਹੀ ਸ਼ਕਤੀ ਮੁਹੱਈਆ ਹੋਵੇਗੀ ਜਿਸ ਦੀ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ। ਕੰਟਰੋਲ ਦੇ ਅਤੇ **ਲੋਕਾਂ ਨੂੰ ਕੰਮ ਕਰਨ ਲਈ ਮਜਬੂਰ ਕਰਨ ਦੇ** ਇਹ ਸਾਧਨ ਕਨਵੈਨਸ਼ਨ ਦੇ ਕਾਨੂੰਨਾ ਅਤੇ ਇਹਦੀ ਗਿਲੋਟੀਨ ਨਾਲੋਂ ਵਧੇਰੇ ਸ਼ਕਤੀਵਾਨ ਹੋਣਗੇ। ਗਿਲੋਟੀਨ ਨੇ ਤਾਂ ਸਿਰਫ ਦਹਿਸ਼ਤ ਹੀ ਫੈਲਾਈ ਸੀ ਸਿਰਫ ਸਰਗਰਮ ਮੁਕਾਬਲੇ ਨੂੰ ਹੀ ਤੋੜਿਆ ਸੀ। **ਸਾਡੇ ਲਈ ਇਹ ਕਾਫੀ ਨਹੀਂ।**

ਸਾਡੇ ਲਈ ਇਹ ਕਾਫੀ ਨਹੀਂ। ਇਹੋ ਨਹੀਂ ਕਿ ਅਸੀਂ ਪੂੰਜੀਪਤੀਆਂ ਵਿਚ "ਦਹਿਸ਼ਤ" ਫੈਲਾਈਏ, ਅਰਥਾਤ ਉਹਨਾਂ ਨੂੰ ਪਰੋਲਤਾਰੀ ਰਾਜ ਦੀ ਸਰਬ-ਸ਼ਕਤੀਮਾਨਤਾ ਦਾ ਅਹਿਸਾਸ ਕਰਵਾਈਏ ਅਤੇ ਇਹਦਾ ਸਰਗਰਮ ਮੁਕਾਬਲਾ ਕਰਨ ਦਾ ਸਾਰਾ ਵਿਚਾਰ ਹੀ ਛਡਵਾਈਏ। ਸਾਨੂੰ **ਨਿਸ਼ਕ੍ਰਿਆ** ਮੁਕਾਬਲਾ ਵੀ ਤੋੜਨਾ ਚਾਹੀਦਾ ਹੈ ਜਿਹੜਾ ਨਿਰਸੰਦੇਹ ਹੀ ਵਧੇਰੇ ਖਤਰਨਾਕ ਤੇ ਹਾਨੀਕਾਰਕ ਹੈ। ਇਹੋ ਨਹੀਂ ਕਿ ਅਸੀਂ ਹਰ ਕਿਸੇ ਦੇ ਮੁਕਾਬਲੇ ਨੂੰ ਤੋੜੀਏ ਸਗੋਂ ਸਾਨੂੰ ਇਹ ਵੀ ਚਾਹੀਦਾ ਹੈ ਕਿ ਨਵੇਂ ਰਾਜਕੀ ਸੰਗਠਨ ਦੇ ਢਾਂਚੇ ਦੇ ਅੰਦਰ-ਅੰਦਰ ਪੂੰਜੀਪਤੀਆਂ ਨੂੰ ਕੰਮ ਕਰਨ ਉਤੇ ਮਜਬੂਰ ਕਰੀਏ। ਪੂੰਜੀਪਤੀਆਂ ਨੂੰ "ਹਟਾਉਣਾ" ਹੀ ਕਾਫੀ ਨਹੀਂ ਸਾਨੂੰ ਚਾਹੀਦਾ ਹੈ, (ਅਣ-ਇਛੱਤ ਅਤੇ ਅਸਾਧ "ਮੁਕਾਬਲਾ ਕਰਨ ਵਾਲਿਆਂ" ਨੂੰ ਹਟਾਉਣ ਪਿਛੋਂ) ਉਹਨਾਂ ਨੂੰ ਨਵੇਂ ਰਾਜ ਦੀ ਸੇਵਾ ਵਿਚ ਕੰਮ ਉਤੇ ਲਾਈਏ। ਇਹ ਗੱਲ ਪੂੰਜੀਪਤੀਆਂ ਉਤੇ ਅਤੇ ਬੁਰਜੂਆ

ਬੁੱਧੀਜੀਵੀਆਂ ਦੇ ਉਤਲੇ ਸੈਕਸ਼ਨ, ਦਫਤਰੀ ਮੁਲਾਜ਼ਮਾਂ, ਆਦਿ ਦੋਹਾਂ ਉੱਤੇ ਲਾਗੂ ਹੁੰਦੀ ਹੈ।

ਅਤੇ ਇਹ ਕੰਮ ਕਰਨ ਦੇ ਸਾਧਨ ਸਾਡੇ ਕੋਲ ਹਨ। ਇਹਦੇ ਲਈ ਸਾਧਨ ਤੇ ਸੰਦ ਜੰਗ ਵਿਚ ਪੂੰਜੀਵਾਦੀ ਰਾਜ ਨੇ ਸਾਡੇ ਹੱਥ ਦਿਤੇ ਹਨ। ਇਹ ਸਾਧਨ ਹਨ ਅਨਾਜ ਦੀ ਇਜਾਰਾਦਾਰੀ, ਰੋਟੀ ਦੀ ਰਾਸ਼ਨਿੰਗ ਅਤੇ ਕਿਰਤ ਦੀ ਜਬਰੀ ਭਰਤੀ। "ਜਿਹੜਾ ਕੰਮ ਨਹੀਂ ਕਰਦਾ ਉਹ ਖਾਵੇਗਾ ਵੀ ਨਹੀਂ"—ਇਹ ਮਜ਼ਦੂਰਾਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਜਦੋਂ ਹਾਕਮ ਸੱਤਾ ਬਣ ਜਾਣਗੀਆਂ ਤਾਂ ਇਸ ਸਭ ਤੋਂ ਮਹੱਤਵ-ਪੂਰਨ ਨੇਮ ਨੂੰ ਲਾਗੂ ਕਰਨਗੀਆਂ।

ਹਰ ਮਜ਼ਦੂਰ ਕੋਲ ਕਾਰਜ-ਪੁਸਤਕ (ਵਰਕ-ਬੁੱਕ) ਹੁੰਦੀ ਹੈ। ਇਹ ਪੁਸਤਕ ਉਹਦਾ ਅਪ-ਮਾਨ ਨਹੀਂ ਕਰਦੀ, ਭਾਵੇਂ **ਇਸ ਵੇਲੇ** ਇਹ ਨਿਰਸੰਦੇਹ ਪੂੰਜੀਵਾਦੀ ਉਜਰਤੀ ਗੁਲਾਮੀ ਦੀ ਦਸਤਾਵੇਜ਼ ਹੈ ਜੋ ਇਹਦੀ ਤਸਦੀਕ ਕਰਦੀ ਹੈ ਕਿ ਕਾਮਾ ਕਿਸੇ ਪਰਜੀਵੀ ਦੀ ਮਲਕੀਅਤ ਹੈ।

ਸੋਵੀਅਤਾਂ **ਅਮੀਰਾਂ ਲਈ** ਅਤੇ ਫੇਰ ਸਹਿਜੇ-ਸਹਿਜੇ ਪੂਰੀ ਵਸੋਂ ਲਈ ਕਾਰਜ-ਪੁਸਤਕਾਂ ਪ੍ਰਚੱਲਤ ਕਰਨਗੀਆਂ (ਕਿਸਾਨੀ ਦੇਸ ਵਿਚ ਕਿਸਾਨਾਂ ਦੀ ਭਾਰੀ ਬਹੁ-ਗਿਣਤੀ ਲਈ ਕਾਰਜ-ਪੁਸਤਕਾਂ ਦੀ ਲੰਮੇ ਚਿਰ ਲਈ ਸੌ ਵਿਸਵੇ ਲੋੜ ਨਹੀਂ ਪਵੇਗੀ)। ਕਾਰਜ-ਪੁਸਤਕ "ਆਮ ਇੱਜੜ" ਦਾ ਬਿੱਲਾ, "ਨੀਵੀਆਂ" ਸ਼ਰੇਣੀਆਂ ਦੀ ਦਸਤਾਵੇਜ਼, ਉਜਰਤੀ ਗੁਲਾਮੀ ਦਾ ਸਰਟੀਫਿਕੇਟ ਨਹੀਂ ਰਹੇਗੀ। ਇਹ ਇਕ ਅਜੇਹੀ ਦਸਤਾਵੇਜ ਬਣ ਜਾਵੇਗੀ, ਜਿਹੜੀ ਇਸ ਦੀ ਤਸਦੀਕ ਕਰੇਗੀ ਕਿ ਨਵੇਂ ਸਮਾਜ ਵਿਚ ਕੋਈ "ਕਾਮੇ" ਨਹੀਂ ਹਨ, ਨਾ ਹੀ ਦੂਜੇ ਪਾਸੇ ਕੋਈ ਅਜਿਹੇ ਆਦਮੀ ਹਨ **ਜਿਹੜੇ ਕੰਮ ਨਹੀਂ ਕਰਦੇ**।

ਅਮੀਰ ਆਦਮੀਆਂ ਨੂੰ ਮਜ਼ਦੂਰਾਂ ਜਾਂ ਦਫਤਰੀ ਮੁਲਾਜ਼ਮਾ ਦੀ ਯੂਨੀਅਨ ਤੋਂ ਜਿਸ ਨਾਲ ਉਹਨਾਂ ਦਾ ਕਿੱਤਾ ਬਹੁਤਾ ਨੇੜਿਉਂ ਸੰਬੰਧਤ ਹੋਵੇਗਾ, ਕਾਰਜ-ਪੁਸਤਕ ਲੈਣੀ ਹੋਵੇਗੀ, ਅਤੇ ਹਰ ਹਫਤੇ ਜਾਂ ਦੂਜੇ ਮਿੱਥੇ ਹੋਏ ਨਿਸਚਿਤ ਸਮੇਂ ਉਹਨਾਂ ਨੂੰ ਉਸ ਯੂਨੀਅਨ ਤੋਂ ਇਸ ਸੰਬੰਧੀ ਸਰਟੀ-ਫਿਕੇਟ ਲੈਣਾ ਹੋਵੇਗਾ ਕਿ ਉਹ ਆਪਣਾ ਕੰਮ ਈਮਾਨਦਾਰੀ ਨਾਲ ਕਰ ਰਹੇ ਹਨ, ਇਸ ਤੋਂ ਬਿਨਾਂ ਉਹਨਾਂ ਨੂੰ ਰੋਟੀ ਦੇ ਰਾਸ਼ਨ ਕਾਰਡ ਜਾਂ ਆਮ ਰੂਪ ਵਿਚ ਖਾਣ-ਪੀਣ ਦਾ ਸਾਮਾਨ ਨਹੀਂ ਮਿਲੇਗਾ। ਪਰੋਲਤਾਰੀ ਰਾਜ ਆਖੇਗਾ : ਸਾਨੂੰ ਬੈਂਕਿੰਗ ਅਤੇ ਇਦਾਰਿਆ ਦੇ ਸੰਯੋਜਨ ਦੇ ਚੰਗੇ ਆਰਗੇਨਾਈਜ਼ਰਾਂ ਦੀ ਲੋੜ ਹੈ (ਇਸ ਮਾਮਲੇ ਵਿਚ ਪੂੰਜੀਪਤੀਆਂ ਨੂੰ ਵਧੇਰੇ ਤਜਰਬਾ ਪ੍ਰਾਪਤ ਹੈ, ਅਤੇ ਤਜਰਬੇਕਾਰ ਲੋਕਾਂ ਨਾਲ ਕੰਮ ਕਰਨਾ ਸੌਖੇਰਾ ਹੁੰਦਾ ਹੈ) ਅਤੇ ਸਾਨੂੰ ਕਿਤੇ ਵਧੇਰੇ ਇੰਜੀਨੀਅਰਾਂ, ਖੇਤੀ ਮਾਹਿਰਾਂ, ਟੈਕਨੀਸ਼ਨ ਅਤੇ ਵਿਗਿਆਨਕ ਤੌਰ ਉਤੇ ਸੁਸਿੱਖਿਅਤ ਹਰ ਕਿਸਮ ਦੇ ਮਾਹਰਾਂ ਦੀ ਲੋੜ ਹੈ, ਜਿੰਨੀਆਂ ਦੀ ਪਹਿਲਾਂ ਲੋੜ ਨਹੀਂ ਸੀ। ਅਸੀਂ ਇਹਨਾਂ ਸਭਨਾਂ ਮਾਹਿਰਾਂ ਨੂੰ ਕੰਮ ਦਿਆਂਗੇ ਜਿਸ ਦੇ ਉਹ ਆਦੀ ਹਨ ਅਤੇ ਜੋ ਉਹ ਕਰ ਸਕਦੇ ਹਨ, ਅਸੀਂ ਸੌ-ਵਿੱਸਵੇ ਬੱਸ ਸਹਿਜੇ-ਸਹਿਜੇ ਹੀ ਪੂਰਨ ਉਜਰਤ-ਸਮਾਨਤਾ ਲਾਗੂ ਕਰਾਂਗੇ ਅਤੇ ਇਹਨਾਂ ਮਾਹਿਰਾਂ ਨੂੰ ਆਰਜ਼ੀ ਦੌਰ ਵਿਚ ਬਹੁਤੀਆਂ ਤਨਖਾਹਾਂ ਦੇਵਾਂਗੇ ਪਰ ਅਸੀਂ ਉਹਨਾਂ ਨੂੰ ਮਜ਼ਦੂਰਾਂ ਦੇ ਸਰਬੰਗੀ ਕੰਟਰੋਲ ਹੇਠ ਰਖਾਂਗੇ ਅਤੇ ਅਸੀਂ ਇਸ ਨੇਮ ਦੀ ਪੂਰੀ ਪੂਰੀ ਅਤੇ ਮੁਕੰਮਲ ਪ੍ਰਾਪਤੀ ਕਰਾਂਗੇ : "ਜਿਹੜਾ ਕੰਮ ਨਹੀਂ ਕਰਦਾ, ਉਹ ਖਾਵੇਗਾ ਵੀ ਨਹੀਂ।" ਅਸੀਂ ਕੰਮ ਦੀ ਜਥੇਬੰਦਕ ਸ਼ਕਲ ਨਹੀਂ ਵਿਉਂਤਾਂਗੇ, ਸਗੋਂ ਇਹਨਾਂ ਨੂੰ ਪੂੰਜੀਪਤੀਆਂ ਤੋਂ ਤਿਆਰ-ਬਰ-ਤਿਆਰ ਰੂਪ ਵਿਚ ਪ੍ਰਾਪਤ ਕਰਾਂਗੇ। ਅਸੀਂ ਬੈਂਕਾਂ, ਸਿੰਡੀਕੇਟਾਂ, ਵਧੀਆ ਫੈਕਟਰੀਆਂ, ਤਜਰਬਾਤੀ ਸਟੇਸ਼ਨਾਂ,

ਅਕਾਦਮੀਆਂ ਆਦਿ, ਆਦਿ, ਉਤੇ ਕਬਜ਼ਾ ਕਰ ਲਵਾਂਗੇ, ਅਸਾਂ ਤਾਂ ਬਸ ਇਹ ਕਰਨਾ ਹੋਵੇਗਾ ਕਿ ਉੱਨਤ ਦੇਸ਼ਾਂ ਵਲੋਂ ਤਿਆਰ ਕੀਤੇ ਗਏ ਵਧੀਆ ਮਾਡਲ ਮਾਂਗਵੇਂ ਲੈ ਲਈਏ।

ਠੀਕ ਅਸੀਂ ਯੂਟੋਪੀਆ ਤਕ ਬਿਲਕੁਲ ਨਹੀਂ ਉਤਰਾਂਗੇ, ਅਸੀਂ ਅਤਿ ਗੰਭੀਰ, ਅਸਲੀ ਵਿਵੇਕ ਦੀ ਧਰਤੀ ਨੂੰ ਨਹੀਂ ਛਡ ਰਹੇ ਜਦੋਂ ਅਸੀਂ ਕਹਿੰਦੇ ਹਾਂ ਕਿ ਪੂਰੀ ਪੂੰਜੀਵਾਦੀ ਜਮਾਤ ਅਤਿ ਹਠੀ ਮੁਕਾਬਲਾ ਕਰੇਗੀ, ਪਰ ਇਹ ਮੁਕਾਬਲਾ ਸੋਵੀਅਤ ਵਿਚ ਸਮੁੱਚੀ ਵਸੋਂ ਦੇ ਸੰਗਠਨ ਰਾਹੀਂ ਤੋੜ ਦਿਤਾ ਜਾਵੇਗਾ। ਜਿਹੜੇ ਪੂੰਜੀਪਤੀ ਖਾਸ ਤੌਰ ਤੇ ਹਠੀ ਤੇ ਹਠ-ਧਰਮੀ ਹਨ, ਉਹਨਾਂ ਨੂੰ ਨਿਰਸੰਦੇਹ ਹੀ, ਸਜ਼ਾ ਦੇਣ ਲਈ ਉਹਨਾਂ ਦੀ ਸਾਰੀ ਸੰਪਤੀ ਜ਼ਬਤ ਕੀਤੀ ਜਾਵੇਗੀ ਅਤੇ ਉਹਨਾਂ ਨੂੰ ਕੈਦ ਕੀਤਾ ਜਾਵੇਗਾ। ਪਰ ਦੂਜੇ ਪਾਸੇ ਪਰੋਲਤਾਰੀਏ ਦੀ ਫਤਿਹ ਉਸ ਕਿਸਮ ਦਿਆਂ ਦੀ ਗਿਣਤੀ **ਵਧਾਏਗੀ** ਜਿਸ ਦਾ ਹਾਲ ਮੈਂ, ਮਿਸਾਲ ਵਜੋਂ, ਅਜ ਦੇ **ਇਜ਼ਵੇਸਤੀਆ** ਵਿਚ ਪੜ੍ਹਿਆ।

> "26 ਸਤੰਬਰ ਨੂੰ ਦੋ ਇੰਜੀਨੀਅਰ ਫੈਕਟਰੀ ਦੀ ਕੇਂਦਰੀ ਕੌਂਸਲ ਵਿਚ ਇਹ ਰਿਪੋਰਟ ਕਰਨ ਆਏ ਕਿ ਇੰਜੀਨੀਅਰਾਂ ਦੇ ਇਕ ਗਰੁੱਪ ਨੇ ਸੋਸ਼ਲਿਸਟ ਇੰਜੀਨੀਅਰਾਂ ਦੀ ਯੂਨੀਅਨ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਯੂਨੀਅਨ ਦਾ ਯਕੀਨ ਹੈ ਕਿ ਵਰਤਮਾਨ ਸਮਾਂ ਅਸਲ ਵਿਚ ਸਮਾਜਕ ਇਨਕਲਾਬ ਦਾ ਅਰੰਭ ਹੈ ਅਤੇ ਉਹ ਆਪਣੇ ਆਪ ਨੂੰ, ਮਜ਼ਦੂਰਾਂ ਦੇ ਹਿਤਾਂ ਦੀ ਰੱਖਿਆ ਵਿਚ ਮਜ਼ਦੂਰਾਂ ਦੀਆਂ ਜਥੇਬੰਦੀਆਂ ਨਾਲ ਪੂਰਨ ਏਕਤਾ ਵਿਚ ਕੰਮ ਕਰਨਾ ਚਾਹੁੰਦਿਆਂ, ਕਿਰਤੀ ਲੋਕਾਂ ਦੇ ਸਪੁਰਦ ਕਰਦੀ ਹੈ। ਫੈਕਟਰੀ ਕਮੇਟੀਆਂ ਦੀ ਕੇਂਦਰੀ ਕੌਂਸਲ ਦੇ ਪ੍ਰਤੀਨਿਧਾਂ ਨੇ ਉਤਰ ਦਿਤਾ ਕਿ ਕੌਂਸਲ ਆਪਣੀ ਜਥੇਬੰਦੀ ਵਿਚ ਇੰਜੀਨੀਅਰਾਂ ਦੀ ਸੈਕਸ਼ਨ ਬੜੀ ਖੁਸ਼ੀ ਨਾਲ ਕਾਇਮ ਕਰੇਗੀ ਜੋ ਆਪਣੇ ਪਰੋਗਰਾਮ ਵਿਚ ਪੈਦਾਵਾਰ ਉਪਰ ਮਜ਼ਦੂਰਾਂ ਦੇ ਕੰਟਰੋਲ ਬਾਰੇ ਫੈਕਟਰੀ ਕਮੇਟੀਆਂ ਪਹਿਲੀ ਕਾਨਫਰੰਸ ਦੇ ਮੁੱਖ ਥੀਸਸ ਨੂੰ ਸ਼ਾਮਿਲ ਕਰੇਗੀ। ਫੈਕਟਰੀ ਕਮੇਟੀਆਂ ਦੀ ਕੇਂਦਰੀ ਕੌਂਸਲ ਦੇ ਅਤੇ ਸੋਸ਼ਲਿਸਟ ਇੰਜੀਨੀਅਰਾਂ ਦੇ ਆਰੰਭਕ ਗਰੁੱਪ ਦੇ ਡੈਲੀਗੇਟਾਂ ਦੀ ਸਾਂਝੀ ਮੀਟਿੰਗ ਅਗਲੇ ਕੁਝ ਦਿਨਾਂ ਦੇ ਵਿਚ ਵਿਚ ਹੋਵੇਗੀ।" **ਇਜ਼ਵੇਸਤੀਆ**, 27 ਸਤੰਬਰ 1917)

... ...

ਸਾਨੂੰ ਦਸਿਆ ਜਾਂਦਾ ਹੈ, ਪਰੋਲਤਾਰੀਆ ਰਾਜ-ਮਸ਼ੀਨ ਨੂੰ ਚਲਾ ਨਹੀਂ ਸਕੇਗਾ।

੧੯੦੫ ਦੇ ਇਨਕਲਾਬ ਤੋਂ ਲੈ ਕੇ, ਰੂਸ ਉਤੇ 1,30,000 ਭੋਂ-ਪਤੀਆਂ ਨੇ ਰਾਜ ਕੀਤਾ ਹੈ। ਇਹਨਾਂ ਨੇ 15,00,00,000 ਲੋਕਾਂ ਵਿਰੁਧ ਅਮੁਕ ਤਸ਼ੱਦਦ ਜਾਰੀ ਰਖਿਆ ਹੈ, ਉਹਨਾਂ ਨਾਲ ਅਰੁਕ ਦੁਰ-ਵਿਵਹਾਰ ਕੀਤਾ ਅਤੇ ਵਿਸ਼ਾਲ ਬਹੁ-ਗਿਣਤੀ ਨੂੰ ਅਣ-ਮਨੁੱਖੀ ਮਿਹਨਤ ਅਤੇ ਅਧ-ਭੁੱਖੜੇ ਦਾ ਸ਼ਿਕਾਰ ਬਣਾਈ ਰਖਿਆ ਹੈ।

ਫਿਰ ਵੀ ਸਾਨੂੰ ਦਸਿਆ ਜਾਂਦਾ ਹੈ ਕਿ ਬਾਲਸ਼ਵਿਕ ਪਾਰਟੀ ਦੇ 2,40,000 ਮੈਂਬਰ ਰੂਸ ਦਾ ਸ਼ਾਸਨ ਨਹੀਂ ਚਲਾ ਸਕਣਗੇ, ਗਰੀਬਾਂ ਦੇ ਹਿਤ ਵਿਚ ਅਤੇ ਧਨੀਆਂ ਵਿਰੁਧ ਰਾਜ ਨਹੀਂ ਕਰ ਸਕਣਗੇ। ਇਹਨਾਂ 2,40,000 ਨੂੰ ਬਾਲਗ ਵਸੋਂ ਦੀਆਂ ਘਟੋ-ਘਟ ਦਸ ਲੱਖ ਵੋਟਾਂ ਦਾ ਸਮਰਥਨ ਪ੍ਰਾਪਤ ਹੈ, ਕਿਉਂ ਜੁ ਪਾਰਟੀ ਮੈਂਬਰਾਂ ਦੀ ਗਿਣਤੀ ਅਤੇ ਪਾਰਟੀ ਲਈ ਪਈਆਂ ਵੋਟਾਂ ਦੀ ਗਿਣਤੀ ਵਿਚਕਾਰ ਠੀਕ ਇਹੋ ਨਿਸਬਤ ਹੈ, ਜੋ ਯੂਰਪ ਦੇ ਤਜਰਬੇ ਨੇ ਅਤੇ ਰੂਸ ਦੇ ਤਜਰਬੇ ਨੇ, ਮਿਸਾਲ

ਵਜੋਂ, ਪਿਛਲੇ ਅਗਸਤ ਪੀਤਰੋਗਰਾਦ ਨਗਰ ਕੌਂਸਲ ਦੀਆਂ ਚੋਣਾਂ ਨੇ ਦਰਸਾਇਆ ਹੈ। ਇਸ ਲਈ ਸਾਨੂੰ ਦਸ ਲੱਖ ਲੋਕਾਂ ਦੀ "ਰਾਜ-ਮਸ਼ੀਨ" ਪ੍ਰਾਪਤ ਹੈ ਜਿਨ੍ਹਾਂ ਨੇ ਆਪਣਾ ਆਪ ਹਰ ਮਹੀਨੇ ਦੀ 20 ਤਰੀਕ ਨੂੰ ਮਿਲਣ ਵਾਲੀ ਮੋਟੀ ਰਕਮ ਨੂੰ ਨਹੀਂ, ਸਗੋਂ ਉਚੇ ਆਦਰਸ਼ਾਂ ਲਈ ਸੋਸ਼ਲਿਸਟ ਰਾਜ ਨੂੰ ਅਰਪਿਆ ਹੋਇਆ ਹੈ।

ਇਸ ਤੋਂ ਇਲਾਵਾ ਸਾਡੇ ਕੋਲ ਰਾਜ-ਮਸ਼ੀਨ ਨੂੰ ਇਕ ਦਮ, ਇਕੋ ਵਾਰ ਨਾਲ, ਦਸ ਗੁਣਾਂ ਵੱਡਾ ਕਰਨ ਦਾ "ਜਾਦੂਈ-ਢੰਗ" ਵੀ ਹੈ। ਢੰਗ, ਜੋ ਕਿਸੇ ਵੀ ਪੂੰਜੀਵਾਦੀ ਰਾਜ ਕੋਲ ਕਦੇ ਵੀ ਨਹੀਂ ਸੀ ਅਤੇ ਨਾ ਹੀ ਹੋ ਸਕਦਾ ਸੀ। ਇਹ ਜਾਦੂਈ ਢੰਗ ਹੈ ਕਿਰਤੀ ਲੋਕਾਂ ਨੂੰ ਗਰੀਬਾਂ ਨੂੰ ਰਾਜ-ਪ੍ਰਬੰਧ ਦੇ ਰੋਜ਼ਾਨਾ ਕੰਮ ਵਿਚ ਖਿੱਚਣਾ।

ਇਹ ਸਪੱਸ਼ਟ ਕਰਨ ਲਈ ਕਿ ਇਸ ਜਾਦੂਈ ਢੰਗ ਨੂੰ ਵਰਤਣਾ ਕਿੰਨਾ ਸੌਖਾ ਹੈ ਅਤੇ ਇਹ ਬਿਨਾਂ ਕਿਸੇ ਨੁਕਸ ਦੇ ਕਿਵੇਂ ਚਲੇਗਾ, ਅਸੀਂ ਅਤਿ ਸਰਲ ਤੇ ਅਤਿ ਧਿਆਨ-ਖਿਚਵੀਂ ਮਿਸਾਲ ਦਿਆਂਗੇ।

ਰਾਜ ਕਿਸੇ ਪਰਵਾਰ ਨੂੰ ਫਲੈਟ ਵਿਚੋਂ ਕੱਢ ਦੇਵੇਗਾ ਅਤੇ ਉਹਦੀ ਥਾਂ ਦੂਜੇ ਨੂੰ ਇਹ ਫਲੈਟ ਦੇ ਦੇਵੇਗਾ। ਪੂੰਜੀਵਾਦੀ ਰਾਜ ਵਿਚ ਇਹ ਆਮ ਹੁੰਦਾ ਹੈ, ਅਤੇ ਸਾਡੇ ਪ੍ਰੋਲਤਾਰੀ ਜਾਂ ਸੋਸ਼ਲਿਸਟ ਰਾਜ ਵਿਚ ਵੀ ਅਜਿਹਾ ਹੋਵੇਗਾ।

ਪੂੰਜੀਵਾਦੀ ਰਾਜ ਮਜ਼ਦੂਰ-ਜਮਾਤ ਦੇ ਪਰਵਾਰ ਨੂੰ, ਜਿਸ ਦਾ ਰੋਟੀ ਕਮਾਉਣ ਵਾਲਾ ਮਰ ਜਾਂਦਾ ਹੈ ਤੇ ਪਰਵਾਰ ਕਿਰਾਇਆ ਨਹੀਂ ਦੇ ਸਕਦਾ, ਕੱਢ ਦਿੰਦਾ ਹੈ, ਬੇਲਿਫ ਪੁਲਿਸ, ਜਾਂ ਮਿਲਿਸ਼ੀਆ ਦੇ ਪੂਰੇ ਸਕੁਆਡ ਨਾਲ ਆਉਂਦਾ ਹੈ। ਮਜ਼ਦੂਰ-ਜਮਾਤ ਦੇ ਇਲਾਕੇ ਵਿਚ ਪਰਵਾਰ ਨੂੰ ਕੱਢਣ ਲਈ ਕਜ਼ਾਕਾਂ ਦੇ ਇਕ ਪੂਰੇ ਦਸਤੇ ਦੀ ਲੋੜ ਹੁੰਦੀ ਹੈ। ਕਿਉਂ? ਕਿਉਂ ਜੁ ਬੇਲਿਫ ਅਤੇ ਮਿਲਿਸ਼ੀਆ-ਮੈਨ ਬੜੀ ਤਕੜੀ ਫੌਜੀ ਗਾਰਦ ਤੋਂ ਬਿਨਾਂ ਜਾਣੋਂ ਇਨਕਾਰ ਕਰਦੇ ਹਨ। ਉਹ ਜਾਣਦੇ ਹਨ ਕਿ ਕੱਢਣ ਦਾ ਦ੍ਰਿਸ਼ ਗੁਆਂਢੀਆਂ ਵਿਚ, ਹਜ਼ਾਰਾਂ ਹੀ ਲੋਕਾਂ ਵਿਚ ਜਿਹੜੇ ਨਿਰਾਸਤਾ ਦੇ ਕੰਢੇ ਧੱਕੇ ਗਏ ਹੁੰਦੇ ਹਨ, ਪੂੰਜੀਪਤੀਆਂ ਅਤੇ ਪੂੰਜੀਵਾਦੀ ਰਾਜ ਵੱਲ ਅਜਿਹੀ ਨਫ਼ਰਤ ਭੜਕਾਉਂਦਾ ਹੈ ਕਿ ਬੇਲਿਫ ਅਤੇ ਮਿਲਿਸ਼ੀਆ-ਮੈਨਾਂ ਦ ਸਕੁਆਡ ਨੂੰ ਖਤਰਾ ਹੁੰਦਾ ਹੈ ਕਿ ਕਿਸੇ ਵੀ ਛਿਣ ਉਹਨਾਂ ਦੇ ਟੋਟੇ-ਟੋਟੇ ਕੀਤੇ ਜਾ ਸਕਦੇ ਹਨ। ਵੱਡੀ ਫੌਜੀ ਤਾਕਤ ਦੀ ਲੋੜ ਹੁੰਦੀ ਹੈ, ਕਈ ਰਜ਼ਮੰਟਾਂ ਸ਼ਹਿਰਾਂ ਵਿਚ ਲਿਆਉਣੀਆਂ ਜ਼ਰੂਰੀ ਹੁੰਦੀਆਂ ਹਨ, ਅਤੇ ਫੌਜੀ ਦਸਤੇ ਕਿਸੇ ਦੂਰ-ਦੁਰਾਡਿਓਂ ਆਉਣੇ ਚਾਹੀਦੇ ਹਨ ਤਾਂ ਜੁ ਸਿਪਾਹੀ ਸ਼ਹਿਰੀ ਲੋਕਾਂ ਦੇ ਜੀਵਨ ਤੋਂ ਜਾਣੂ ਨਾ ਹੋਣ, ਤਾਂ ਜੁ ਸਿਪਾਹੀਆਂ ਨੂੰ ਸੋਸ਼ਲਿਜ਼ਮ ਦੀ "ਛੂਤ" ਨਾ ਲੱਗੇ।

ਪ੍ਰੋਲਤਾਰੀ ਰਾਜ ਲਈ ਕਿਸੇ ਬੜੇ ਗਰੀਬ ਪਰਵਾਰ ਨੂੰ ਕਿਸੇ ਅਮੀਰ ਆਦਮੀ ਦੇ ਫਲੈਟ ਵਿਚ ਦਾਖਲ ਕਰਨ ਲਈ ਤਾਕਤ ਦੀ ਵਰਤੋਂ ਕਰਨੀ ਹੋਵੇਗੀ। ਆਓ, ਫਰਜ਼ ਕਰੀਏ ਕਿ ਮਜ਼ਦੂਰਾਂ ਦੇ ਮਿਲਿਸ਼ੀਆ ਦੇ ਸਾਡੇ ਸਕੁਆਡ ਵਿਚ ਪੰਦਰਾਂ ਜਣੇ ਹਨ; ਦੋ ਮਲਾਹ, ਦੋ ਸਿਪਾਹੀ, ਦੋ ਜਮਾਤੀ-ਚੇਤੰਨਤਾ ਵਾਲੇ ਮਜ਼ਦੂਰ (ਜਿਹਨਾਂ ਵਿਚੋਂ, ਆਓ ਫਰਜ਼ ਕਰੀਏ, ਇਕ ਸਾਡੀ ਪਾਰਟੀ ਦਾ ਮੈਂਬਰ ਜਾਂ ਹਮਦਰਦ ਹੈ) ਇਕ ਬੁੱਧੀਜੀਵੀ ਅਤੇ ਅੱਠ ਗਰੀਬ ਕਿਰਤੀ ਲੋਕ ਹਨ, ਜਿਹਨਾਂ ਵਿਚੋਂ ਘੱਟੋ-ਘੱਟ ਪੰਜ ਜ਼ਰੂਰੀ ਇਸਤਰੀਆਂ, ਘਰਾਂ ਵਿਚ ਕੰਮ ਕਰਨ ਵਾਲੇ ਨੌਕਰ, ਗੈਰ-ਹੁਨਰਮੰਦ ਮਜ਼ਦੂਰ ਆਦਿ ਹਨ। ਸਕੁਆਡ ਅਮੀਰ ਆਦਮੀ ਦੇ ਫਲੈਟ ਵਿਚ ਪਹੁੰਚਦਾ ਹੈ, ਇਹਦਾ ਮੁਆਇਨਾ ਕਰਦਾ ਹੈ ਤੇ ਜਾਣ ਲੈਂਦਾ ਹੈ ਕਿ ਇਹਦੇ ਪੰਜ ਕਮਰੇ ਹਨ ਜਿਹਨਾਂ ਵਿਚ ਦੋ ਆਦਮੀ ਤੇ ਦੋ ਇਸਤਰੀਆਂ ਰਹਿੰਦੇ ਹਨ—"ਤੁਸੀਂ, ਨਾਗਰਿਕੋ ਏਸ ਸਿਆਲ ਰਤਾ ਸੁੰਗੜ ਕੇ ਦੋ ਕਮਰਿਆਂ

ਵਿਚ ਰਹਿ ਲਵੋ, ਅਤੇ ਉਹ ਕਮਰੇ ਦੋ ਪਰਵਾਰਾਂ ਨੂੰ ਦੇ ਦਿਓ ਜਿਹੜੇ ਹੁਣ ਤਹਿਖਾਨਿਆਂ ਵਿਚ ਰਹਿ ਰਹੇ ਹਨ ! ਜਦੋਂ ਤੱਕ ਕਿ ਅਸੀਂ ਇੰਜੀਨੀਅਰਾਂ ਦੀ ਮੱਦਦ ਨਾਲ (ਤੁਸੀਂ ਇੰਜੀਨੀਅਰ ਹੋ, ਕੀ ਨਹੀਂ ?) ਸਭਨਾਂ ਲਈ ਚੰਗੇ ਰਿਹਾਇਸ਼ੀ ਮਕਾਨ ਨਹੀਂ ਉਸਾਰ ਲੈਂਦੇ, ਤੁਹਾਨੂੰ ਥੋੜ੍ਹਾ ਸਿਮਟਣਾ ਪਵੇਗਾ। ਤੁਹਾਡਾ ਟੈਲੀਫੋਨ ਦਸਾਂ ਪਰਵਾਰਾਂ ਲਈ ਕੰਮ ਕਰੇਗਾ। ਇਹਦਾ ਸਦਕਾ ਖਰੀਦਾਰੀ ਉਤੇ ਵਿਅਰਥ ਜਾਂਦੇ ਸੌ ਘੰਟੇ ਬਚ ਜਾਣਗੇ, ਆਦਿ, ਆਦਿ। ਹਾਂ, ਤੁਹਾਡੇ ਪਰਵਾਰ ਵਿਚ ਦੋ ਬੇਕਾਰ ਆਦਮੀ ਹਨ ਜਿਹੜੇ ਹਲਕਾ ਕੰਮ ਕਰ ਸਕਦੇ ਹਨ : ਇਕ ਹੈ ਪਚਵੰਜਾ ਵਰ੍ਹੇ ਦੀ ਨਾਗਰਿਕ ਅਤੇ ਦੂਜਾ ਹੈ ਚੌਦਾਂ ਵਰ੍ਹਿਆਂ ਦਾ ਮੁੰਡਾ। ਉਹ ਦਸਾਂ ਪਰਵਾਰਾਂ ਲਈ ਖਾਣ-ਪੀਣ ਦੇ ਸਾਮਾਨ ਦੀ ਯੋਗ ਵੰਡ ਦਾ ਕੰਮ ਹਰ ਰੋਜ਼ ਤਿੰਨ ਘੰਟੇ ਕੀਤਾ ਕਰਨਗੇ ਅਤੇ ਇਹਦਾ ਜ਼ਰੂਰੀ ਲੇਖਾ ਰਖਣਗੇ, ਸਾਡੇ ਸਕੁਆਡ ਵਿਚ ਵਿਦਿਆਰਥੀ ਨਾਗਰਿਕ ਹੁਣ ਇਸ ਰਾਜਸੀ ਆਗਿਆ ਦੀਆਂ ਦੋ ਨਕਲਾਂ ਲਿਖੇਗਾ ਅਤੇ ਤੁਸਾਂ ਕਿਰਪਾ ਕਰ ਕੇ ਸਾਨੂੰ ਦਸਖਤ-ਸੁਦਾ ਪ੍ਰਤਿਗਿਆ-ਪੱਤਰ ਦੇ ਦੇਣਾ ਜਿਸ ਨੂੰ ਤੁਸੀਂ ਵਫਾਦਾਰੀ ਨਾਲ ਪੂਰਾ ਕਰੋਗੇ।"

ਇਹ ਉਦਾਹਰਣ, ਮੇਰੀ ਰਾਏ ਵਿਚ, ਹੋ ਸਕਦਾ ਹੈ ਦੱਸੇ ਕਿ ਪੁਰਾਣੀ ਬੁਰਜੂਆ ਅਤੇ ਨਵੀਂ ਸੋਸਲਿਸ਼ਟ ਰਾਜ-ਮਸ਼ੀਨ ਅਤੇ ਰਾਜ-ਪ੍ਰਬੰਧ ਵਿਚਾਲੇ ਫਰਕ ਨੂੰ ਕਿਵੇਂ ਸਪੱਸ਼ਟ ਕੀਤਾ ਜਾ ਸਕਦਾ ਹੈ।

ਅਸੀਂ ਯੂਟੋਪੀਆ ਨਹੀਂ ਹਾਂ। ਅਸੀਂ ਜਾਣਦੇ ਹਾਂ ਕਿ ਗੈਰ-ਹੁਨਰਮੰਦ ਕਾਮਾ ਜਾਂ ਰਸੋਈਆ ਤੁਰਤ ਹੀ ਸਾਸ਼ਨ ਦਾ ਕੰਮ ਨਹੀਂ ਕਰ ਸਕਦਾ। ਇਸ ਗੱਲੇ ਅਸੀਂ ਕੇਡਿਟਾਂ ਨਾਲ, ਬਰੇਸ਼ਕੋਵ-ਸਕਾਇਆ ਨਾਲ ਅਤੇ ਤਸੇਰੇਤੇਲੀ ਨਾਲ ਸਹਿਮਤ ਹਾਂ। ਪਰ ਇਸ ਗੱਲੇ ਇਹਨਾਂ ਨਾਲ ਮੱਤਭੇਦ ਹੈ ਕਿ ਅਸੀਂ ਇਸ ਤੁਅੱਸਬੀ ਵਿਚਾਰ ਨਾਲੋਂ ਤੁਰਤ ਹੀ ਟੁੱਟਣ ਦੀ ਮੰਗ ਕਰਦੇ ਹਾਂ ਕਿ ਸਿਰਫ ਅਮੀਰ ਜਾਂ ਅਮੀਰ ਪਰਵਾਰਾਂ ਵਿਚੋਂ ਚੁਣੇ ਗਏ ਕਰਮਚਾਰੀ ਹੀ ਸਾਸ਼ਨ ਦੇ ਕੰਮ ਦੀ ਸਿਖਲਾਈ ਜਮਾਤੀ ਚੇਤੰਨਤਾ ਵਾਲੇ ਮਜ਼ਦੂਰਾਂ ਤੇ ਸਿਪਾਹੀਆਂ ਵਲੋਂ ਦਿਤੀ ਜਾਵੇ ਅਤੇ ਇਹ ਸਿਖਲਾਈ ਇਕਦਮ ਹੀ ਸੁਰੂ ਕਰ ਦਿਤੀ ਜਾਵੇ, ਅਰਥਾਤ ਕਿ ਸਭਨਾ ਕਿਰਤੀ ਲੋਕਾਂ, ਸਭਨਾਂ ਗਰੀਬਾਂ, ਨੂੰ ਇਸ ਕੰਮ ਦੀ ਸਿਖਲਾਈ ਦਾ **ਆਰੰਭ** ਤੁਰਤ ਹੀ ਕਰ ਦਿਤਾ ਜਾਵੇ।

ਅਸੀਂ ਜਾਣਦੇ ਹਾਂ ਕਿ ਕੇਡਿਟ ਵੀ ਲੋਕਾਂ ਨੂੰ ਜਮਹੂਰੀਅਤ ਸਿਖਾਉਣਾ ਚਾਹੁੰਦੇ ਹਨ। ਕੇਡਿਟ ਸੁਆਣੀਆਂ, ਘਰੇਗੀ ਨੌਕਰਾਂ ਨੂੰ ਵਧੀਆ ਅੰਗਰੇਜ਼ੀ ਤੇ ਫਰਾਂਸੀਸੀ ਸੋਮਿਆਂ ਅਨੁਸਾਰ ਇਸਤਰੀਆਂ ਦੇ ਸਮਾਨ ਅਧਿਕਾਰਾਂ ਬਾਰੇ ਲੈਕਚਰ ਦੇਣ ਲਈ ਰਜ਼ਾਮੰਦ ਹਨ। ਅਤੇ ਇਹ ਵੀ ਕਿ ਅਗਲੀ ਹੀ ਕਨਸਰਟ ਮੀਟਿੰਗ ਵਿਚ ਹਜ਼ਾਰ-ਹਾ ਦਰਸ਼ਕਾਂ ਸਾਹਮਣੇ ਪਲੇਟਫਾਰਮ ਉਤੇ ਚੁੰਮਣਾਂ ਦੇ ਵਟਾਂਦਰੇ ਦਾ ਪ੍ਰਬੰਧ ਕੀਤਾ ਜਾਵੇਗਾ : ਕੇਡਿਟ ਸੁਆਣੀ ਲੈਕਚਰਾਰ ਬਰੇਸ਼ਕੋਵਸਕਾਇਆ ਨੂੰ ਚੁੰਮੇਗੀ। ਬਰੇਸ਼ਕੋਵਸਕਾਇਆ ਸਾਬਕ ਮੰਤਰੀ ਤਸੇਰੇਤੇਲੀ ਨੂੰ ਚੁੰਮੇਗੀ ਅਤੇ ਇਸ ਲਈ ਸ਼ੁਕਰਗੁਜ਼ਾਰ ਲੋਕਾਂ ਨੂੰ ਗਣਰਾਜੀ ਬਰਾਬਰੀ, ਆਜ਼ਾਦੀ ਤੇ ਭਰਾਤਰੀਅਤਾ ਬਾਰੇ ਵਸਤੂ ਮੁਖੀ ਸਬਕ ਮਿਲੇਗਾ........

ਹਾਂ, ਅਸੀਂ ਮੰਨਦੇ ਹਾਂ ਕਿ ਕੇਡਿਟ ਬਰੇਸ਼ਕੋਵਸਕਾਇਆ ਤੇ ਤਸੇਰੇਤੇਲੀ ਖੁਦ ਆਪਣੇ ਢੰਗ ਨਾਲ ਜਮਹੂਰੀਅਤ ਦੇ ਸ਼ਰਧਾਵਾਨ ਹਨ ਅਤੇ ਲੋਕਾਂ ਵਿਚ ਇਹਦਾ ਪਰਚਾਰ ਕਰ ਰਹੇ ਹਨ। ਪਰ ਜੇ ਜਮਹੂਰੀਅਤ ਬਾਰੇ ਸਾਡਾ ਸੰਕਲਪ ਉਹਨਾਂ ਦੇ ਸੰਕਲਪ ਨਾਲੋਂ ਕਦਰੇ ਵਖਰਾ ਹੈ ਤਾਂ ਕੀ ਕੀਤਾ ਜਾ ਸਕਦਾ ਹੈ ?

ਸਾਡੀ ਰਾਇ ਵਿਚ ਜੰਗ ਦੇ ਨਾ-ਕਾਬਲੇ-ਇਤਬਾਰ ਬੋਝ ਅਤੇ ਦੁੱਖ ਕਲੇਸ਼ ਨੂੰ ਘਟਾਉਣ ਲਈ ਅਤੇ ਜੰਗ ਨੇ ਲੋਕਾਂ ਨੂੰ ਜਿਹੜੇ ਜਿਹੜੇ ਭਿਆਨਕ ਫੱਟ ਲਾਏ ਹਨ ਉਹਨਾਂ ਨੂੰ ਰਾਜ਼ੀ ਕਰਨ ਲਈ ਵੀ **ਇਨਕਲਾਬੀ** ਜਮਹੂਰੀਅਤ ਦੀ ਲੋੜ ਹੈ ਉਸ ਕਿਸਮ ਦੇ **ਇਨਕਲਾਬੀ** ਕਦਮਾਂ ਦੀ ਜਿਹਨਾਂ

ਦਾ ਜ਼ਿਕਰ ਗਰੀਬਾਂ ਦੇ ਹਿੱਤਾਂ ਵਿਚ ਰਿਹਾਇਸ਼ੀ ਘਰਾਂ ਦੀ ਵੰਡ ਬਾਰੇ ਮਿਸਾਲ ਵਿਚ ਕੀਤਾ ਗਿਆ ਹੈ। ਖਾਣ ਪੀਣ ਦੀਆਂ ਵਸਤਾਂ, ਕਪੜੇ, ਜੁੱਤੀਆਂ, ਆਦਿ ਦੀ ਵੰਡ ਲਈ ਵੀ ਸ਼ਹਿਰਾਂ ਤੇ ਪਿੰਡਾਂ ਵਿਚ **ਠੀਕ ਇਹੋ** ਤਰੀਕਾ ਵਰਤਿਆ ਜਾਣਾ ਚਾਹੀਦਾ ਹੈ। **ਇਸ** ਜਜ਼ਬੇ ਨਾਲ ਰਾਜ ਦੇ ਸ਼ਾਸਨ ਲਈ ਅਸੀਂ ਅਜੇਹੀ ਮਸੀਨ ਤੁਰਤ ਹੀ ਚਾਲੂ ਕਰ ਸਕਦੇ ਹਾਂ ਜਿਸ ਵਿਚ ਜੇ ਦੋ ਕਰੋੜ ਨਹੀਂ ਤਾਂ ਇਕ ਕਰੋੜ ਲੋਕ ਜ਼ਰੂਰ ਸ਼ਾਮਲ ਹੋਣਗੇ, ਮਸ਼ੀਨ ਜਿਸ ਵਰਗੀ ਦਾ ਕਿਸੇ ਪੂੰਜੀਵਾਦੀ ਰਾਜ ਨੂੰ ਕਦੇ ਵੀ ਇਲਮ ਨਹੀਂ ਸੀ। ਸਿਰਫ ਅਸੀਂ ਹੀ ਅਜੇਹੀ ਮਸ਼ੀਨ ਦੀ ਸਿਰਜਣਾ ਕਰ ਸਕਦੇ ਹਾਂ, ਕਿਉਂ ਜੁ ਸਾਨੂੰ ਵਸੋਂ ਦੀ ਵਿਸ਼ਾਲ ਬਹੁ-ਗਿਣਤੀ ਦੀ ਅਤਿ-ਪੂਰਨ ਤੇ ਸ਼ਰਧਾ-ਪੂਰਨ ਹਮਦਰਦੀ ਬਾਰੇ ਯਕੀਨ ਹੈ। ਸਿਰਫ਼ ਅਸੀਂ ਹੀ ਮਸ਼ੀਨ ਦੀ ਸਿਰਜਣਾ ਕਰ ਸਕਦੇ ਹਾਂ, ਕਿਉਂ ਜੁ ਸਾਡੇ ਕੋਲ ਜਮਾਤੀ ਚੇਤੰਨਤਾ ਵਾਲੇ ਮਜ਼ਦੂਰ ਹਨ ਜਿਹਨਾਂ ਨੂੰ ਲੰਮ-ਚਿਰੀ ਪੂੰਜੀਵਾਦੀ "ਸਿਖਲਾਈ" ਨੇ ਅਨੁਸ਼ਾਸਨ ਵਿਚ ਰਹਿਣਾ ਸਿਖਾਇਆ ਹੋਇਆ ਹੈ (ਅਸੀਂ ਪੂੰਜੀਵਾਦ ਦੇ ਸਕੂਲ ਵਿਚ ਪੜ੍ਹਨ ਲਈ ਐਵੇਂ ਹੀ ਤਾਂ ਨਹੀਂ ਸੀ ਚਲੇ ਗਏ)। ਮਜ਼ਦੂਰ ਜਿਹੜੇ ਮਜ਼ਦੂਰ ਮਿਲੀਸ਼ੀਆ ਕਾਇਮ ਕਰਨ ਅਤੇ ਇਹਨੂੰ **ਸਹਿਜੇ-ਸਹਿਜੇ** ਪਸਾਰ ਕੇ (ਇਹਨੂੰ ਪਸਾਰਨਾ ਤੁਰਤ ਹੀ ਸ਼ੁਰੂ ਕਰ ਕੇ) **ਸਮੁੱਚੀ ਜਨਤਾ ਨੂੰ ਸ਼ਾਮਲ ਕਰਨ ਵਾਲੀ** ਮਿਲੀਸ਼ੀਆ ਸਾਜ ਸਕਣ ਦੇ **ਯੋਗ** ਹਨ। ਜਮਾਤੀ-ਚੇਤੰਨਤਾ ਵਾਲੇ ਮਜ਼ਦੂਰਾਂ ਨੂੰ ਅਗਵਾਈ ਕਰਨੀ ਚਾਹੀਦੀ ਹੈ ਪਰ ਰਾਜ-ਪ੍ਰਬੰਧ ਦੇ ਕੰਮ ਲਈ ਉਹ ਕਿਰਤੀ ਤੇ ਮਜ਼ਲੂਮ ਲੋਕਾਂ ਦੇ ਵਿਸ਼ਾਲ ਸਮੂਹ ਨੂੰ ਭਰਤੀ ਕਰ ਸਕਦੇ ਹਨ।

ਇਹ ਕਹਿਣ ਦੀ ਲੋੜ ਹੀ ਨਹੀਂ ਕਿ ਇਸ ਨਵੀਂ ਮਸ਼ੀਨ ਤੋਂ ਆਪਣੇ ਪਹਿਲੇ ਕਦਮ ਪੁਟਦਿਆਂ ਜ਼ਰੂਰ ਗਲਤੀਆਂ ਹੋਣਗੀਆਂ। ਪਰ ਕੀ ਕਿਸਾਨਾਂ ਤੋਂ ਗਲਤੀਆਂ ਨਹੀਂ ਸਨ ਹੋਈਆਂ ਜਦੋਂ ਉਹ ਮੁਜ਼ਾਰਾ ਗੁਲਾਮੀ ਵਿਚੋਂ ਨਿਕਲੇ ਸਨ ਅਤੇ ਖੁਦ ਆਪਣੇ ਮਾਮਲਿਆਂ ਦਾ ਪ੍ਰਬੰਧ ਕਰਨ ਲੱਗੇ ਸਨ? ਕੀ ਅਸਲ ਤੋਂ ਬਿਨਾਂ ਹੋਰ ਕੋਈ ਮਾਰਗ ਹੈ ਜਿਸ ਰਾਹੀਂ ਲੋਕ ਆਪਣੇ ਆਪ ਉਤੇ ਰਾਜ ਕਰਨਾ ਅਤੇ ਗਲਤੀਆਂ ਤੋਂ ਬਚਣਾ ਸਿੱਖ ਸਕਦੇ ਹਨ? ਹੁਣ ਤਾਂ ਮੁੱਖ ਗੱਲ ਇਹ ਹੈ ਕਿ ਇਸ ਤੁਅੱਸਬੀ ਬੁਰਜੂਆ-ਬੁੱਧੀਜੀਵੀ ਦ੍ਰਿਸ਼ਟੀਕੋਣ ਨੂੰ ਤਿਆਗ ਦਿਤਾ ਜਾਵੇ ਕਿ ਸਿਰਫ਼ ਵਿਸ਼ੇਸ਼ ਕਰਮਚਾਰੀ ਹੀ, ਜਿਹੜੇ ਆਪਣੀ ਸਮਾਜਕ ਪੁਜ਼ੀਸ਼ਨ ਸਦਕਾ ਪੂਰੀ ਤਰ੍ਹਾਂ ਪੂੰਜੀ ਉਤੇ ਨਿਰਭਰ ਕਰਦੇ ਹਨ, ਰਾਜ ਦਾ ਪ੍ਰਬੰਧ ਕਰ ਸਕਦੇ ਹਨ। ਮੁੱਖ ਗੱਲ ਤਾਂ ਉਸ ਸੂਰਤ-ਹਾਲ ਨੂੰ ਹੀ ਖਤਮ ਕਰਨਾ ਹੈ ਜਿਸ ਵਿਚ ਬੁਰਜੂਆ ਕਰਮਚਾਰੀ ਅਤੇ "ਸੋਸ਼ਲਿਸਟ" ਮੰਤਰੀ ਪੁਰਾਣ ਢੰਗ ਨਾਲ ਰਾਜ ਕਰਨ ਦਾ ਜਤਨ ਕਰ ਰਹੇ ਹਨ, ਪਰ ਅਜੇਹਾ ਕਰਨ ਦੇ ਅਯੋਗ ਹਨ ਅਤੇ ਸੱਤਾ ਮਹੀਨਿਆਂ ਪਿੱਛੋਂ ਉਹਨਾਂ ਨੂੰ ਇਕ ਕਿਸਾਨੀ ਦੇਸ਼ ਵਿਚ ਕਿਸਾਨ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਗੱਲ ਤਾ ਮਜ਼ਲੂਮ ਤੇ ਕਿਰਤੀ ਲੋਕਾਂ ਵਿਚ ਖੁਦ ਆਪਣੀ ਸ਼ਕਤੀ ਵਿਚ ਵਿਸ਼ਵਾਸ਼ ਭਰਨਾ ਹੈ, ਉਹਨਾਂ ਨੂੰ ਅਸਲ ਵਿਚ ਸਾਬਤ ਕਰਨਾ ਹੈ ਕਿ ਉਹ ਰੋਟੀ, ਸਭ ਕਿਸਮ ਦੀ ਖੁਰਾਕ, ਦੁੱਧ, ਜੁੱਤੀਆਂ, ਰਿਹਾਇਸ਼ੀ ਘਰਾ ਆਦਿ ਦੀ ਵੰਡ ਨੂੰ **ਲੋਕਾਂ ਦੇ ਹਿੱਤਾਂ ਵਿਚ ਯੋਗ** ਅਤਿ ਕਰੜੀ ਤਰ੍ਹਾਂ, ਨੇਮਬੱਧ ਤੇ ਸੰਗਠਤ ਤਰ੍ਹਾਂ ਯਕੀਨੀ ਬਣਾ ਸਕਦੇ ਹਨ ਅਤੇ ਬਨਾਉਣੀ ਚਾਹੀਦੀ ਹੈ। ਜੇ ਇਹ ਨਹੀਂ ਕੀਤਾ ਜਾਂਦਾ, ਰੂਸ ਨੂੰ ਢਹਿ-ਢੇਰੀ ਹੋਣੋਂ ਅਤੇ ਤਬਾਹੀ ਤੋਂ ਨਹੀਂ ਬਚਾਇਆ ਜਾ ਸਕਦਾ। ਸ਼ਾਸਨ ਦਾ ਕੰਮ ਪ੍ਰੋਲਤਾਰੀਅਨਾਂ ਅਤੇ ਅੱਧ-ਪ੍ਰੋਲਤਾਰੀਅਨਾਂ ਨੂੰ ਸੌਂਪਣ ਦੀ ਈਮਾਨ-ਦਾਰ, ਦਲੇਰ, ਸਰਬ-ਲੋਕਿਕ ਕਾਰਵਾਈ ਲੋਕਾਂ ਵਿਚ ਅਜੇਹੇ ਬੇ-ਮਿਸਾਲ ਇਨਕਲਾਬੀ ਉਤਸ਼ਾਹ ਨੂੰ ਪੈਦਾ ਕਰੇਗੀ, ਦੁੱਖ ਕਲੇਸ਼ ਵਿਰੁਧ ਲੜਨ ਵਿਚ ਲੋਕ-ਸ਼ਕਤੀਆਂ ਨੂੰ ਏਨਾ ਵਧਾਏਗੀ, ਏਨਾ ਜੋ ਸਾਡੀਆਂ ਸੌੜੀਆਂ, ਪੁਰਾਣੀਆਂ ਨੌਕਰਸ਼ਾਹ ਤਾਕਤਾਂ ਨੂੰ ਅਸੰਭਵ ਦਿੱਸਦਾ ਹੈ, ਲਖੂ-ਖਾ ਲੋਕਾਂ ਲਈ

ਸੰਭਵ ਹੋ ਜਾਵੇਗਾ ਜਿਹੜੇ ਪੂੰਜੀਪਤੀਆਂ, ਭੱਦਰਪੁਰਸ਼ਾਂ, ਨੌਕਰਸ਼ਾਹਾਂ ਲਈ ਨਹੀਂ ਅਤੇ ਸਜ਼ਾ ਦੇ ਡਰ ਤੋਂ ਨਹੀਂ, ਸਗੋਂ ਖ਼ੁਦ ਆਪਣੇ ਲਈ ਕੰਮ ਕਰਨ ਲਗਣਗੇ।

ਕੇਂਦਰਵਾਦ ਦਾ ਸਵਾਲ ਵੀ ਰਾਜ-ਮਸ਼ੀਨ ਦੇ ਸਵਾਲ ਨਾਲ ਸਬੰਧਤ ਹੈ ਜੋ ਕਾਮਰੇਡ ਬਾਜ਼ਾਰੋਵ ਵਲੋਂ 27 ਸਤੰਬਰ ਦੇ ਨੋਵਾਇਆ ਜ਼ੀਜ਼ਨ ਨੰਬਰ 138 ਵਿਚ ਅਸਾਧਾਰਨ ਜੋਸ਼ ਅਤੇ ਬੇਤੁਕੇਪਣ ਨਾਲ ਇਕ ਲੇਖ ਵਿਚ ਉਠਾਇਆ ਗਿਆ ਹੈ ਜਿਸ ਦੀ ਸੁਰਖੀ ਹੈ : "ਬਾਲਸ਼ਵਿਕ ਅਤੇ ਸੱਤਾ ਦਾ ਸਵਾਲ।"

ਕਾਮਰੇਡ ਬਾਜ਼ਾਰੋਵ ਇਸ ਤਰ੍ਹਾਂ ਦਲੀਲ ਦਿੰਦਾ ਹੈ : "ਸੋਵੀਅਤਾਂ ਰਾਜਕੀ ਜੀਵਨ ਦੇ ਸਭਨਾਂ ਖੇਤਰਾਂ ਵਿਚ ਢੁਕਵੀਂ ਮਸ਼ੀਨ ਨਹੀਂ ਹਨ ਕਿਉਂ ਜੁ" ਉਹ ਕਹਿੰਦਾ ਹੈ, "ਸੱਤਾ ਮਹੀਨਿਆਂ ਦੇ ਤਜਰਬੇ ਨੇ ਵਿਖਾਇਆ ਹੈ ਅਤੇ ਸੇਂਟ ਪੀਟਰਸਬਰਗ ਦੀ ਕਾਰਜ-ਸਾਧਕ ਕਮੇਟੀ ਦੇ ਅਰਥ-ਸ਼ਾਸਤਰ ਵਿਭਾਗ ਦੇ ਕਬਜ਼ੇ ਵਿਚਲੀਆਂ ਦਰਜਨਾਂ ਤੇ ਸੈਆਂ ਦਸਤਾਵੇਜ਼ਾਂ ਨੇ ਇਹਦੀ ਤਸਦੀਕ ਕੀਤੀ ਹੈ ਕਿ ਸੋਵੀਅਤਾਂ ਜਿਹਨਾਂ ਨੂੰ ਅਸਲ ਵਿਚ ਕਈ ਥਾਈਂ ਭਾਵੇਂ 'ਪੂਰੀ ਸੱਤਾ' ਪ੍ਰਾਪਤ ਹੈ, ਆਰਥਕ ਤਬਾਹੀ ਵਿਰੁੱਧ ਜੂਝਣ ਵਿਚ ਤਸੱਲੀਬਖ਼ਸ਼ ਸਿੱਟਿਆਂ ਵਰਗੀ ਕੋਈ ਚੀਜ਼ ਹਾਸਲ ਨਹੀਂ ਕਰ ਸਕੀਆਂ।" ਲੋੜ ਹੈ ਤਾਂ ਅਜੇਹੀ ਮਸ਼ੀਨ ਦੀ ਜਿਸ ਨੂੰ ਪੈਦਾਵਾਰ ਦੀਆ ਸ਼ਾਖ਼ਾਂ ਅਨੁਸਾਰ ਵੰਡਿਆ ਹੋਇਆ ਹੋਵੇ, ਹਰ ਸ਼ਾਖ਼ ਅੰਦਰ ਕਰੜੀ ਤਰ੍ਹਾਂ ਕੇਂਦਰਤਾ ਹੋਵੇ ਅਤੇ ਇਕੋ ਦੇਸ਼-ਵਿਆਪੀ ਕੇਂਦਰ ਦੇ ਅਧੀਨ ਹੋਵੇ। 'ਇਹ ਮਾਮਲਾ" ਜੇ ਤੁਸੀਂ ਚਾਹੋ, "ਪੁਰਾਣੀ ਮਸੀਨ ਦੀ ਥਾਂ ਨਵੀਂ ਮਸ਼ੀਨ ਨੂੰ ਦੇਣ ਦਾ ਨਹੀਂ, ਸਗੋਂ ਇਹਨੂੰ ਸੁਧਾਰਨ ਦਾ ਹੈ...ਬਾਲਸਵਿਕ ਭਾਵੇਂ ਯੋਜਨਾ ਲੈ ਕੇ ਲੋਕਾਂ ਉਤੇ ਕਿੰਨਾ ਹੀ ਕਿਉਂ ਨਾ ਪਏ ਹੱਸਣ...।"

ਕਾਮਰੇਡ ਬਾਜ਼ਾਰੋਵ ਦੀਆਂ ਇਹ ਸਭ ਦਲੀਲਾਂ ਆਪਣੀ ਬੇਚਾਰਗੀ ਕਰਕੇ ਹਾਂਦਰੂ ਤੌਰ ਤੇ ਹੈਰਾਨ ਕਰਨ ਵਾਲੀਆਂ ਹਨ, ਇਹ ਬੁਰਜੂਆਜ਼ੀ ਦੀਆਂ ਦਲੀਲਾਂ ਨੂੰ ਹੀ ਗੂੰਜਾਉਂਦੀਆਂ ਹਨ ਅਤੇ ਉਹਨਾਂ ਦੇ ਜਮਾਤੀ ਦ੍ਰਿਸਟੀਕੋਣ ਦਾ ਪਰਤੌ ਹਨ।

ਅਸਲ ਵਿਚ ਇਹ ਕਹਿਣਾ ਕਿ ਸੋਵੀਅਤਾਂ ਨੂੰ ਰੂਸ ਵਿਚ ਕਿਤੇ ਵੀ ਕਦੇ "ਪੂਰੀ ਸੱਤਾ" ਹਾਸਲ ਸੀ, ਬੱਸ ਹਾਸੋਹੀਣੀ ਗੱਲ ਹੈ (ਜੇ ਇਹ ਪੂੰਜੀਪਤੀਆਂ ਦੇ ਸਵਾਰਥੀ ਜਮਾਤੀ ਝੂਠ ਦਾ ਦੁਹਰਾਓ ਨਹੀਂ)। ਪੂਰੀ ਸੱਤਾ ਦੇ ਅਰਥ ਹਨ ਸਾਰੀ ਜ਼ਮੀਨ ਉਤੇ, ਸਭਨਾਂ ਬੈਂਕਾਂ ਉਤੇ, ਸਭਨਾਂ ਫੈਕਟਰੀਆਂ ਉਤੇ ਸੱਤਾ, ਉਹ ਮਨੁੱਖ ਜੋ ਰਾਜਨੀਤੀ ਅਤੇ ਅਰਥ-ਸ਼ਾਸਤਰ ਵਿਚਲੇ ਸੰਬੰਧ ਬਾਰੇ ਇਤਿਹਾਸ ਤੇ ਵਿਗਿਆਨ ਦੇ ਤੱਥਾਂ ਤੋਂ ਖ਼ਿਲਕੁਲ ਜਾਣੂ ਹੈ ਉਹ ਇਸ "ਤੁੱਛ ਜੇਹੀ" ਸੂਰਤ ਨੂੰ "ਭੁੱਲ" ਨਹੀਂ ਸੀ ਸਕਦਾ।

ਸੋਵੀਅਤਾਂ ਤੋਂ ਸੱਤਾ ਰੋਕ ਰੱਖਣਾ, ਉਹ ਜਿਹੜਾ ਵੀ ਅਹਿਮ ਕਦਮ ਉਠਾਉਂਦੀਆਂ ਹਨ ਉਹਨੂੰ ਸਾਬੋਤਾਜ ਕਰਨਾ, ਜਦ ਕਿ ਇਹਦੇ ਨਾਲ ਹੀ ਹਕੂਮਤ ਨੂੰ ਖ਼ੁਦ ਆਪਣੇ ਹੱਥਾਂ ਵਿਚ ਕਾਇਮ ਰੱਖਣਾ ਆਦਿ ਅਤੇ ਫੇਰ ਤਬਾਹੀ ਲਈ ਸੋਵੀਅਤਾਂ ਉਤੇ ਦੋਸ਼ ਥੱਪਣਾ ਬੁਰਜੂਆਜ਼ੀ ਦੀ ਵਿਉਂਤ ਹੈ। ਕੂਲੀਸ਼ਨ ਦਾ ਸਾਰਾ ਦੁੱਖ-ਭਰਿਆ ਤਜਰਬਾ ਠੀਕ ਇਹੋ ਦੱਸਦਾ ਹੈ।

ਸੋਵੀਅਤਾਂ ਨੂੰ ਕਦੇ ਵੀ ਪੂਰੀ ਸੱਤਾ ਹਾਸਲ ਨਹੀਂ ਸੀ ਅਤੇ ਜੋ ਕਦਮ ਉਹਨਾਂ ਨੇ ਉਠਾਏ ਹਨ ਉਹਨਾਂ ਦਾ ਸਿੱਟਾ ਢਾਰਸਾਂ ਤੋਂ ਛੁੱਟ ਹੋਰ ਕਿਸੇ ਵਿਚ ਨਹੀਂ ਨਿਕਲ ਸਕਦਾ ਜਿਹਨਾਂ ਨੇ ਘਬਰਾਹਟ ਵਿਚ ਵਾਧਾ ਕੀਤਾ।

ਬਾਲਸ਼ਵਿਕਾਂ ਨੂੰ—ਜਿਹੜੇ ਆਪਣੇ ਨਿਸਚੇ, ਆਪਣੇ ਪ੍ਰੋਗਰਾਮ ਅਤੇ ਆਪਣੀ ਪਾਰਟੀ ਦੇ ਸਮੁੱਚੇ ਦਾਅ-ਪੇਚਾਂ ਤੋਂ ਕੇਂਦਰਵਾਦੀ ਹਨ—ਕੇਂਦਰਵਾਦ ਦੀ ਅਵੱਸ਼ਕਤਾ ਸਿੱਧ ਕਰਨਾ ਖੁਲ੍ਹੇ ਦਰਵਾਜ਼ੇ ਨੂੰ

ਧੱਕਣ ਵਾਂਗ ਹੈ। ਨੌਵਾਇਆ ਜ਼੍ਹੀਜ਼ਨ ਦੇ ਲੇਖਕ ਆਪਣਾ ਸਮਾਂ ਇਸ ਕਰਕੇ ਵਿਅਰਥ ਗੁਆ ਰਹੇ ਹਨ ਕਿਉਂ ਜੁ ਉਹ ਆਪਣੇ "ਦੇਸ਼-ਵਿਆਪੀ" ਦ੍ਰਿਸ਼ਟੀਕੋਣ ਉਤੇ ਸਾਡੇ ਠੱਠੇ ਦੇ ਅਰਥਾਂ ਤੇ ਮਹੱਤਤਾ ਨੂੰ ਸਮਝਣ ਵਿਚ ਅਸਫਲ ਰਹੇ ਹਨ ਅਤੇ ਨੌਵਾਇਆ ਜ਼੍ਹੀਜ਼ਨ ਦੇ ਲੋਕ ਇਹ ਗੱਲ ਇਸ ਕਰਕੇ ਨਹੀਂ ਸਮਝ ਸਕੇ ਕਿਉਂ ਜੁ ਉਹ ਜਮਾਤੀ ਘੋਲ ਦੇ ਸਿਧਾਂਤ ਨੂੰ **ਜ਼ਬਾਨੀ-ਜ਼ਬਾਨੀ** ਹੀ ਮੰਨਦੇ ਹਨ, ਪਰ ਇਹਨੂੰ ਗੰਭੀਰਤਾ ਨਾਲ ਪਰਵਾਨ ਨਹੀਂ ਕਰਦੇ। ਜਮਾਤੀ ਘੋਲ ਬਾਰੇ ਸ਼ਬਦਾਂ ਨੂੰ ਦੁਹਰਾਉਂਦਿਆਂ, ਜੋ ਉਹਨਾਂ ਨੇ ਰੱਟ ਰੱਖੇ ਹਨ, ਉਹ ਨਿਰੰਤਰ ਤੌਰ ਤੇ "ਜਮਾਤੋਂ ਉਪਰ ਦ੍ਰਿਸ਼ਟੀਕੋਣ" ਵਲ ਤਿਲਕ ਰਹੇ ਹਨ, ਸਿਧਾਂਤ ਨਾਲ ਮਨ ਪਰਚਾਉਂਦੇ ਹਨ ਅਤੇ ਅਸਲ ਵਿਚ ਪਿੱਛੇ-ਖਿੱਚੂ ਹਨ ਅਤੇ ਬੁਰਜੁਆਜ਼ੀ ਦੀ ਇਸ ਚਾਪਲੂਸੀ ਨੂੰ "ਦੇਸ਼-ਵਿਆਪੀ" ਪਲਾਨ ਦੱਸ ਰਹੇ ਹਨ।

ਰਾਜ ਤਾਂ ਪਿਆਰੇ ਲੋਕੋ, ਇਕ ਜਮਾਤੀ ਸੰਕਲਪ ਹੈ। ਰਾਜ ਇਕ ਜਮਾਤ ਵਲੋਂ ਦੂਜੀ ਵਿਰੁੱਧ ਵਰਤੀ ਜਾਂਦੀ ਹਿੰਸਾ ਦੀ ਸੰਸਥਾ ਜਾਂ ਹਥਿਆਰ ਹੈ। ਜਿੰਨਾ ਚਿਰ ਇਹ ਪ੍ਰੋਲਤਾਰੀਆ ਵਿਰੁੱਧ ਬੁਰਜੁਆਜ਼ੀ ਵਲੋਂ ਵਰਤੀ ਜਾਂਦੀ ਹਿੰਸਾ ਦਾ ਹਥਿਆਰ ਹੈ ਉਚਿਰ ਪ੍ਰੋਲਤਾਰੀਆ ਦਾ ਸਿਰਫ਼ ਇਕੋ ਨਾਹਰਾ ਹੋ ਸਕਦਾ ਹੈ : ਇਸ ਰਾਜ ਨੂੰ **ਤਬਾਹ ਕਰਨਾ**। ਪਰ ਜਦੋਂ ਇਹ ਰਾਜ ਪ੍ਰੋਲਤਾਰੀ ਰਾਜ ਬਣ ਜਾਵੇਗਾ, ਜਦੋਂ ਇਹ ਬੁਰਜੁਆਜ਼ੀ ਵਿਰੁੱਧ ਪ੍ਰੋਲਤਾਰੀਏ ਵਲੋਂ ਵਰਤੀ ਜਾਂਦੀ ਹਿੰਸਾ ਦਾ ਹਥਿਆਰ ਹੋਵੇਗਾ, ਅਸੀਂ ਤਾਕਤਵਰ ਰਾਜ-ਸੱਤਾ ਦੇ ਅਤੇ ਕੇਂਦਰਵਾਦ ਦੇ ਹੱਕ ਵਿਚ ਪੂਰੀ ਤਰ੍ਹਾਂ ਅਤੇ ਬਿਨਾਂ ਕਿਸੇ ਸੰਕੋਚ ਦੇ ਹੋਵਾਂਗੇ।

ਇਹਨੂੰ ਵਧੇਰੇ ਆਮ ਬੋਲੀ ਵਿਚ ਪੇਸ਼ ਕਰਦਿਆਂ ਅਸੀਂ "ਪਲਾਨਾਂ" ਉਤੇ ਨਹੀਂ ਸਗੋਂ ਇਹ ਸਮਝਣ ਵਿਚ ਬਾਜ਼ਾਰੋਵ ਐਂਡ ਕੰਪਨੀ ਦੀ ਅਸਫਲਤਾ ਉਤੇ ਹੱਸਦੇ ਹਾਂ ਕਿ "ਮਜ਼ਦੂਰਾਂ ਦੇ ਕੰਟਰੋਲ" ਨੂੰ ਰੱਦ ਕਰ ਕੇ "ਪ੍ਰੋਲਤਾਰੀਏ ਦੀ ਡਿਕਟੇਟਰਸ਼ਿਪ" ਨੂੰ ਰੱਦ ਕਰ ਕੇ ਉਹ ਬੁਰਜੁਆਜ਼ੀ ਦੀ ਡਿਕਟੇਟਰਸ਼ਿਪ **ਦੀ ਹਮਾਇਤ** ਕਰਦੇ ਹਨ। ਦਰਮਿਆਨਾ ਰਾਹ ਕੋਈ ਨਹੀਂ, ਦਰਮਿਆਨਾ ਰਾਹ ਤਾਂ ਨਿੱਕ-ਬੁਰਜੂਆ ਜਮਹੂਰੀਅਤ-ਪਸੰਦ ਦਾ ਨਿਰ-ਅਰਥ ਸੁਪਨਾ ਹੈ। ਕਿਸੇ ਇਕ ਵੀ ਕੇਂਦਰੀ ਸੰਸਥਾ ਨੇ, ਕਿਸੇ ਇਕ ਵੀ ਬਾਲਸ਼ਵਿਕ ਨੇ ਕਦੇ ਸੋਵੀਅਤਾਂ ਦੇ **ਕੇਂਦਰਵਾਦ** ਵਿਰੁੱਧ, ਇਹਨਾਂ ਦੇ ਸੰਜੋਜਨ ਵਿਰੁੱਧ ਦਲੀਲ ਨਹੀਂ ਦਿੱਤੀ। ਸਾਡੇ ਵਿਚੋਂ ਕਿਸੇ ਨੂੰ ਵੀ ਪੈਦਾਵਾਰ ਦੀ ਹਰ ਸ਼ਾਖ਼ ਵਿਚ ਫੈਕਟਰੀ-ਕਮੇਟੀਆਂ ਦੀ ਸਥਾਪਤੀ ਉਤੇ ਜਾਂ ਉਹਨਾਂ ਦੇ ਕੇਂਦਰੀਕਰਣ ਉਤੇ ਇਤਰਾਜ਼ ਨਹੀਂ। ਬਾਜ਼ਾਰੋਵ **ਨਿਸ਼ਾਨੇ ਤੋਂ ਖੁੰਝ ਗਿਆ ਹੈ**।

ਅਸੀਂ "ਕੇਂਦਰਵਾਦ" ਉਤੇ ਨਹੀਂ "ਪਲਾਨਾਂ" ਉਤੇ ਨਹੀਂ ਸਗੋਂ **ਸੁਧਾਰਵਾਦ** ਉਤੇ ਹਸਦੇ ਹਾਂ, ਹੱਸੇ ਹਾਂ ਅਤੇ ਹਸਾਂਗੇ ਕਿਉਂ ਜੋ ਕੁਲੀਸ਼ਨ ਦੇ ਤਜਰਬੇ ਪਿੱਛੋਂ ਤੁਹਾਡਾ ਸੁਧਾਰਵਾਦ ਬਿਲਕੁਲ ਹੀ ਹਾਸੋਹੀਣਾ ਹੈ। ਅਤੇ ਇਹ ਕਹਿਣ ਦੇ ਕਿ "ਮਸ਼ੀਨ ਦੀ ਥਾਂ ਨਵੀਂ ਮਸ਼ੀਨ ਨੂੰ ਨਾ ਦਿਓ ਸਗੋਂ ਇਹਨੂੰ ਸੁਧਾਰੋ" ਅਰਥ ਹਨ ਇਨਕਲਾਬੀ ਨਹੀਂ ਸਗੋਂ ਸੁਧਾਰਵਾਦੀ ਜਮਹੂਰੀਅਤ-ਪਸੰਦ ਬਣਨਾ। ਸੁਧਾਰਵਾਦ ਦੇ ਅਰਥ ਹਾਕਮ ਜਮਾਤ ਦਾ ਤਖ਼ਤਾ ਉਲਟਾਉਣਾ **ਨਹੀਂ**, ਸਗੋਂ ਹਾਕਮ ਜਮਾਤ ਵਲੋਂ ਰਿਆਇਤਾਂ ਤੋਂ ਵਧ ਹੋਰ ਕੁਝ ਨਹੀਂ; ਇਹ ਰਿਆਇਤਾਂ ਦਿੰਦੀ ਹੈ ਪਰ ਸੱਤਾ **ਇਹਦੇ ਹੱਥਾਂ ਵਿਚ** ਰਹਿੰਦੀ ਹੈ।

ਠੀਕ ਇਹੋ ਹੈ ਜਿਸ ਦੀ ਅਜ਼ਮਾਇਸ਼ ਕੁਲੀਸ਼ਨ ਦੇ ਛੇ ਮਹੀਨਿਆਂ ਦੌਰਾਨ ਹੋਈ ਹੈ।

ਇਹ ਹੈ ਜਿਸ ਉਤੇ ਅਸੀਂ ਹੱਸਦੇ ਹਾਂ। ਜਮਾਤੀ ਘੋਲ ਦੇ ਸਿਧਾਂਤ ਨੂੰ ਮੁਕੰਮਲ ਤਰ੍ਹਾਂ ਸਮਝਣ ਵਿਚ ਅਸਫਲ ਹੋ ਕੇ ਬਾਜ਼ਾਰੋਵ ਆਪਣੇ ਆਪ ਨੂੰ ਬੁਰਜੁਆਜ਼ੀ ਵਲੋਂ ਫੜੇ ਜਾਣ ਦੀ

ਆਗਿਆ ਦਿੰਦਾ ਹੈ। ਜਿਹੜੇ ਮਿਲ ਕੇ ਗਾਉਂਦੇ ਹਨ : "ਬਿਲਕੁਲ, ਬਿਲਕੁਲ ਅਸੀਂ ਕਿਸੇ ਤਰ੍ਹਾਂ ਵੀ ਸੁਧਾਰ ਦੇ ਵਿਰੁਧ ਨਹੀਂ ਹਾਂ, ਅਸੀਂ ਤਾਂ ਦੇਸ਼-ਵਿਆਪੀ ਕੰਟਰੋਲ ਵਿਚ ਮਜ਼ਦੂਰਾਂ ਦੀ ਸ਼ਮੂਲੀਅਤ ਦੇ ਹੱਕ ਵਿਚ ਹਾਂ, ਅਸੀਂ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ" ਅਤੇ ਚੰਗਾ ਬਾਜ਼ਾਰੋਂ **ਵਸਤੂਮੁਖੀ ਤੌਰ ਉਤੇ** ਪੂੰਜੀਪਤੀਆਂ ਲਈ ਉੱਚੇ ਸੁਰ ਵਿਚ ਰਾਗ ਅਲਾਪਦਾ ਹੈ।

ਉਹਨਾਂ ਲੋਕਾਂ ਨਾਲ ਸਦਾ ਇੰਜ ਹੀ ਹੋਇਆ ਹੈ ਤੇ ਸਦਾ ਇਵੇਂ ਹੀ ਹੋਵੇਗਾ ਜਿਹੜੇ ਸਖ਼ਤ ਜਮਾਤੀ ਘੋਲ ਦੇ ਦੌਰਾਨ "ਦਰਮਿਆਨੀ" ਪੁਜ਼ੀਸ਼ਨ ਅਖ਼ਤਿਆਰ ਕਰਨਾ ਚਾਹੁੰਦੇ ਹਨ। ਅਤੇ ਕਿਉਂ ਜੋ **ਨੋਵਾਇਆ ਜ਼ੀਜ਼ਨ** ਦੇ ਲੇਖਕ ਜਮਾਤੀ ਘੋਲ ਨੂੰ ਸਮਝਣੋਂ ਅਸਮਰੱਥ ਹਨ, ਇਸ ਲਈ ਉਹਨਾਂ ਦੀ ਨੀਤੀ ਏਨੀ ਹਾਸੋਹੀਣੀ ਹੈ ਅਤੇ ਬੁਰਜੁਆਜ਼ੀ ਤੇ ਪਰੋਲੇਤਾਰੀਏ ਵਿਚਕਾਰ ਸਦੀਵੀ ਲੋਰ ਤੇ ਡਾਵਾਂਡੋਲ ਰਹਿੰਦੀ ਹੈ।

"ਪਲਾਨਾਂ" ਨਾਲ ਰੁਝ ਜਾਵੋ, ਪਿਆਰੇ ਨਾਗਰਿਕੋ, ਇਹ ਰਾਜਨੀਤੀ ਨਹੀਂ, ਇਹ ਜਮਾਤੀ ਘੋਲ ਨਹੀਂ। ਇਥੇ ਤੁਸਾਂ ਲੋਕਾਂ ਲਈ ਲਾਭਦਾਇਕ ਹੋ ਸਕਦੇ ਹੋ। ਤੁਹਾਡੇ ਅਖ਼ਬਾਰ ਦੇ ਅਮਲੇ ਵਿਚ ਕਈ ਅਰਥ-ਸ਼ਾਸਤਰੀ ਹਨ। ਉਹਨਾਂ ਇੰਜੀਨੀਅਰਾਂ ਤੇ ਦੂਜਿਆਂ ਨਾਲ ਮਿਲ ਜਾਵੋ ਜਿਹੜੇ ਪੈਦਾਵਾਰ ਅਤੇ ਵੰਡ ਦੇ ਨਿਯੰਤਰਨ ਦੇ ਮਸਲੇ ਨਜਿੱਠਣ ਨੂੰ ਤਿਆਰ ਹਨ; ਆਪਣੇ ਵੱਡੇ "ਉਪਕਰਣ" (ਆਪਣੇ ਅਖ਼ਬਾਰ) ਦਾ ਵਿਚਕਾਰਲਾ ਪੰਨਾ ਰੂਸ ਵਿਚ ਸਾਲ ਦੀ ਪੈਦਾਵਾਰ ਅਤੇ ਵੰਡ ਬਾਰੇ ਬੈਂਕਾਂ ਸਿੰਡੀਕੇਟਾਂ ਆਦਿ, ਆਦਿ ਬਾਰੇ ਸਹੀ ਤੱਥਾਂ ਦੇ ਅਮਲੀ ਅਧਿਅਨ ਨੂੰ ਅਰਪ ਦੇਵੋ—ਤੁਸੀਂ ਇਸ ਤਰ੍ਹਾਂ ਲੋਕਾਂ ਲਈ ਲਾਭਦਾਇਕ ਹੋ ਸਕਦੇ ਹੋ; ਇਸ ਤਰ੍ਹਾਂ ਤੁਹਾਡਾ ਦੋ ਸਟੂਲਾਂ ਵਿਚਾਲੇ ਬਹਿਣਾ ਖ਼ਾਸ ਤੌਰ ਉਤੇ ਹਾਨੀਕਾਰਕ ਨਹੀਂ ਹੋਣ ਲਗਾ; "ਪਲਾਨਾਂ" ਬਾਰੇ ਅਜਿਹਾ ਕੰਮ ਮਜ਼ਦੂਰਾਂ ਦੀ ਹਾਨੀ ਦਾ ਕਾਰਨ ਨਹੀਂ ਬਣੇਗਾ, ਸਗੋਂ ਉਹ ਇਹਦੇ ਲਈ ਸ਼ੁਕਰਗੁਜ਼ਾਰ ਹੋਣਗੇ।

ਜਦੋਂ ਪਰੋਲੇਤਾਰੀਆ ਜੇਤੂ ਹੋਵੇਗਾ, ਉਹ ਇਹੋ ਕੁਝ ਕਰੇਗਾ। ਇਹ ਅਰਥ-ਸ਼ਾਸਤਰੀਆਂ, ਇੰਜੀਨੀਅਰਾਂ, ਖੇਤੀ-ਮਾਹਿਰਾਂ ਆਦਿ ਨੂੰ "ਪਲਾਨ" ਤਿਆਰ ਕਰਨ ਬਾਰੇ, ਇਹਦਾ ਨਿਤਾਰਾ ਕਰਨ ਬਾਰੇ, ਕੇਂਦਰੀਕਰਣ ਦੇ ਕਿਰਤ-ਬਚਾਊ ਢੰਗ ਲੱਭਣ ਬਾਰੇ ਕੰਟਰੋਲ ਦੇ ਅਤਿ ਸਰਲ, ਅਤਿ ਸਸਤੇ, ਅਤਿ ਸੁਖਾਲੇ ਅਤੇ ਸਰਬਲੋਕਿਕ ਕਦਮ ਦੇ ਢੰਗ ਲਭਣ ਬਾਰੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਦੇ **ਕੰਟਰੋਲ ਹੇਠ** ਕੰਮ ਤੇ ਲਾਏਗਾ। ਇਹਦੇ ਲਈ ਅਸੀਂ ਅਰਥ-ਸ਼ਾਸਤਰੀਆਂ, ਅੰਕੜਾ ਮਾਹਰਾਂ ਅਤੇ ਟੈਕਨੀਸ਼ਨਾਂ ਨੂੰ ਚੰਗੇ ਪੈਸੇ ਦਿਆਂਗੇ...ਪਰ ਜੇ ਉਹ ਇਹ ਕੰਮ ਈਮਾਨਦਾਰੀ ਨਾਲ ਅਤੇ ਪੂਰੀ ਤਰ੍ਹਾਂ **ਕਿਰਤੀ ਲੋਕਾਂ ਦੇ ਹਿੱਤਾਂ ਵਿਚ** ਨਹੀਂ ਕਰਦੇ ਤਾਂ ਅਸੀਂ ਉਹਨਾਂ ਨੂੰ ਖਾਣ ਲਈ ਕੁਝ ਨਹੀਂ ਦਿਆਂਗੇ।

ਅਸੀਂ ਕੇਂਦਰਵਾਦ ਦੇ ਅਤੇ "ਪਲਾਨ" ਦੇ ਹੱਕ ਵਿਚ ਹਾਂ ਪਰ **ਪਰੋਲਤਾਰੀ ਰਾਜ ਦੇ** ਕੇਂਦਰਵਾਦ ਅਤੇ ਪਲਾਨ ਦੇ ਗ਼ਰੀਬਾਂ, ਕਿਰਤੀ ਲੋਕਾਂ, ਲੁਟੇ ਪੁਟੇ ਜਾਂਦਿਆਂ ਦੇ ਹਿੱਤਾਂ ਵਿਚ ਲੁਟੇਰਿਆਂ **ਵਿਰੁਧ** ਪੈਦਾਵਾਰ ਤੇ ਵੰਡ ਦੇ ਪਰੋਲੇਤਾਰੀ ਨਿਯੰਤਰਨ ਦੇ ਹੱਕ ਵਿਚ ਹਾਂ। ਅਸੀਂ "ਦੇਸ਼-ਵਿਆਪੀ" ਸੰਕਟ ਦੇ ਸਿਰਫ ਇਕੋ ਅਰਥ ਨਾਲ ਸਹਿਮਤ ਹਾਂ, ਅਰਥਾਤ ਉਸ ਨਾਲ ਜੋ ਪੂੰਜੀਪਤੀਆਂ ਦੇ ਮੁਕਾਬਲੇ ਨੂੰ ਤੋੜਦਾ ਹੈ, ਜੋ ਸਾਰੀ ਸੱਤਾ ਲੋਕਾਂ ਦੀ ਬਹੁ-ਗਿਣਤੀ ਨੂੰ, ਅਰਥਾਤ, ਪਰੋਲੇਤਾਰੀਅਨਾਂ ਅਤੇ ਅਧ-ਪਰੋਲੇਤਾਰੀਅਨਾਂ, ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਨੂੰ ਦਿੰਦਾ ਹੈ।

... ...

ਪੰਜਵੀਂ ਦਲੀਲ ਹੈ ਕਿ ਬਾਲਸ਼ਵਿਕ ਸੱਤਾ ਕਾਇਮ ਨਹੀਂ ਰੱਖ ਸਕਣਗੇ ਕਿਉਂ ਜੋ ਸਥਿਤੀ ਖ਼ਾਸ ਤੌਰ ਉਤੇ ਪੇਚੀਦਾ ਹੈ......

ਓ ਸਿਆਣਿਓ ! ਉਹ ਸ਼ਾਇਦ, ਆਪਣੇ ਆਪ ਨੂੰ ਇਨਕਲਾਬ ਦੇ ਅਨੁਕੂਲ ਬਣਾ ਲੈਂਦੇ ਜੇ ਕਰ "ਸਥਿਤੀ" "ਖ਼ਾਸ ਤੌਰ ਉਤੇ ਪੇਚੀਦਾ" ਨਾ ਹੁੰਦੀ।

ਅਜਿਹ ਇਨਕਲਾਬ ਕਦੇ ਨਹੀਂ ਹੁੰਦੇ ਅਤੇ ਅਜਿਹੇ ਇਨਕਲਾਬ ਲਈ ਚਿੰਨ੍ਹ ਬੁਰਜੂਆ ਬੁੱਧੀਜੀਵੀ ਦੇ ਪਿੱਛੇ-ਖਿੱਚੂ ਵਰਲਾਪ ਨਾਲੋਂ ਵਧ ਹੋਰ ਕੁਝ ਵੀ ਨਹੀਂ ਹੁੰਦੇ। ਜੇ ਕਰ ਇਨਕਲਾਬ ਅਜਿਹੀ ਸਥਿਤੀ ਵਿਚ ਸ਼ੁਰੂ ਹੁੰਦਾ ਜਿਹੜੀ ਬਹੁਤਾ ਪੇਚੀਦਾ ਨਹੀਂ ਜਾਪਦੀ ਤਾਂ **ਖ਼ੁਦ** ਇਨਕਲਾਬ ਦਾ ਵਿਕਾਸ **ਸਦਾ ਖ਼ਾਸ ਤੌਰ ਉਤੇ** ਪੇਚੀਦਾ ਸਥਿਤੀ ਪੈਦਾ ਕਰ ਲੈਂਦਾ ਹੈ। ਇਨਕਲਾਬ ਇਕ ਅਸਲੀ ਡੂੰਘਾ "ਲੋਕ" ਇਨਕਲਾਬ, ਮਾਰਕਸ ਦੇ ਸ਼ਬਦ ਵਰਤਦਿਆਂ, ਪੁਰਾਣੇ ਦੀ ਮੌਤ ਅਤੇ ਨਵੇਂ ਸਮਾਜਕ ਨਿਜ਼ਾਮ ਦੇ ਜਨਮ ਦਾ, ਕਰੋੜਾਂ ਲੋਕਾਂ ਦੇ ਜੀਵਨ ਢੰਗ ਦਾ ਅਣਮੰਨਵੇਂ ਤੌਰ ਉਤੇ ਪੇਚੀਦਾ ਤੇ ਪੀੜ-ਭਰਿਆ ਅਮਲ ਹੁੰਦਾ ਹੈ। ਇਨਕਲਾਬ ਅਤਿ ਤੀਬਰ, ਭਿਅੰਕਰ, ਨਿਧੜਕ ਜਮਾਤੀ ਘੋਲ ਹੁੰਦਾ ਹੈ ਅਤੇ ਘਰੋਗੀ ਜੰਗ ਹੁੰਦਾ ਹੈ। ਇਤਿਹਾਸ ਵਿਚ ਇਕ ਵੀ ਸ਼ਾਨਦਾਰ ਇਨਕਲਾਬ ਘਰੋਗੀ ਜੰਗ ਤੋਂ ਬਿਨਾਂ ਨਹੀਂ ਹੋਇਆ। ਅਤੇ ਸਿਰਫ "ਮਫਲਰ ਵਾਲਾ ਆਦਮੀ" ਹੀ ਸੋਚ ਸਕਦਾ ਹੈ ਕਿ ਘਰੋਗੀ ਜੰਗ "ਖ਼ਾਸ" ਤੌਰ ਉਤੇ ਪੇਚੀਦਾ ਸਥਿਤੀ ਤੋਂ ਬਿਨਾਂ ਹੀ ਸੋਚੀ ਜਾ ਸਕਦੀ ਹੈ।

ਜੇ ਸਥਿਤੀ ਖ਼ਾਸ ਤੌਰ ਉਤੇ ਪੇਚੀਦਾ ਨਾ ਹੁੰਦੀ ਤਾਂ ਇਨਕਲਾਬ ਨਹੀਂ ਸੀ ਹੋਣਾ। ਜੇ ਤੁਸੀਂ ਬਘਿਆੜਾਂ ਤੋਂ ਡਰਦੇ ਹੋ ਤਾਂ ਤੁਹਾਨੂੰ ਜੰਗਲ ਵਿਚ ਨਹੀਂ ਜਾਣਾ ਚਾਹੀਦਾ।

ਪੰਜਵੀਂ ਦਲੀਲ ਵਿਚ ਬਹਿਸ ਕਰਨ ਲਈ ਕੁਝ ਵੀ ਨਹੀਂ, ਕਿਉਂ ਜੋ ਇਸ ਵਿਚ ਕੋਈ ਆਰਥਕ, ਰਾਜਸੀ ਜਾਂ ਹੋਰ ਕੋਈ ਹੋਰ ਅਰਥ ਨਹੀਂ ਹੈ। ਇਸ ਵਿਚ ਤਾਂ ਸਿਰਫ ਉਹਨਾ ਲੋਕਾਂ ਦੀ ਉਮੰਗ ਹੀ ਸ਼ਾਮਲ ਹੈ ਜਿਹੜੇ ਇਨਕਲਾਬ ਤੋਂ ਨਿਰਾਸ਼ ਤੇ ਡਰੇ ਹੋਏ ਹਨ। ਏਸ ਉਮੰਗ ਦੀ ਵਿਸ਼ੇਸ਼ਤਾ ਦਰਸਾਉਣ ਲਈ ਮੈਂ ਆਪਣੇ ਨਿੱਜੀ ਤਜਰਬੇ 'ਚੋਂ ਦੋ ਛੋਟੀਆ ਛੋਟੀਆਂ ਗੱਲਾ ਕਰਨ ਦੀ ਖੁਲ੍ਹ ਲਵਾਂਗਾ।

ਜੁਲਾਈ ਦੇ ਦਿਨਾਂ ਤੋਂ ਥੋੜਾ ਹੀ ਪਹਿਲਾਂ ਇਕ ਧਨਾਢ ਇੰਜੀਨੀਅਰ ਨਾਲ ਮੇਰੀ ਗੱਲਬਾਤ ਹੋਈ। ਇਹ ਇੰਜੀਨੀਅਰ ਕਦੇ ਇਨਕਲਾਬੀ ਰਿਹਾ ਸੀ, ਸੋਸ਼ਲ-ਡੈਮੋਕਰੇਟਿਕ ਲਹਿਰ ਵਿਚ, ਇਥੋਂ ਤਕ ਕਿ ਬਾਲਸ਼ਵਿਕ ਪਾਰਟੀ ਦਾ ਮੈਂਬਰ ਵੀ ਰਹਿ ਚੁਕਿਆ ਸੀ। ਹੁਣ ਉਹ ਖਰੂਦੀ ਅਤੇ ਅਮੋੜ ਮਜ਼ਦੂਰਾਂ ਤੋਂ ਡਰਿਆ ਹੋਇਆ ਅਤੇ ਗੁੱਸੇ ਨਾਲ ਭਰਿਆ ਹੋਇਆ ਸੀ। "ਜੇ ਇਹ ਕਿਤੇ ਘਟੋ-ਘਟ ਜਰਮਨ ਮਜ਼ਦੂਰਾਂ ਵਰਗੇ ਹੁੰਦੇ !", ਉਹਨੇ ਕਿਹਾ (ਉਹ ਸੁਸਿੱਖਿਅਤ ਆਦਮੀ ਹੈ ਅਤੇ ਵਿਦੇਸ਼ ਹੋ ਆਇਆ ਹੈ) "ਠੀਕ ਮੈਂ ਸਮਝਦਾ ਹਾ ਕਿ ਸਮਾਜਕ ਇਨਕਾਲਬ ਆਮ ਰੂਪ ਵਿਚ ਅਟੱਲ ਹੈ ਪਰ ਇਥੇ ਜਦੋਂ ਜੰਗ ਨੇ ਮਜ਼ਦੂਰਾਂ ਦੀ ਪੱਧਰ ਏਨਾ ਨੀਵੀਂ ਕਰ ਦਿਤੀ ਹੋਈ ਹੈ...... ਇਹ ਇਨਕਲਾਬ ਨਹੀਂ, ਇਕ ਅਥਾਹ ਖਾਈ ਹੈ।"

ਉਹ ਸਮਾਜਕ ਇਨਕਲਾਬ ਨੂੰ ਪਰਵਾਨ ਕਰਨ ਨੂੰ ਤਿਆਰ ਸੀ, ਪਰ ਜੇਕਰ ਇਤਿਹਾਸ ਸਟੇਸ਼ਨ ਵਿਚ ਦਾਖ਼ਲ ਹੋ ਰਹੀ ਜਰਮਨ ਐਕਸਪ੍ਰੈਸ ਗੱਡੀ ਦੇ ਅਮਨ-ਭਰੇ ਸ਼ਾਂਤ, ਸਵਾਹਰੇ ਅਤੇ ਠੀਕ ਢੰਗ ਨਾਲ ਇਹਦੀ ਅਗਵਾਈ ਕਰਦਾ। ਇਕ ਗੰਭੀਰ ਕੰਡਕਟਰ ਦਰਵਾਜ਼ਾ ਖੋਹਲਦਾ ਅਤੇ ਐਲਾਨ ਕਰਦਾ; "ਸਮਾਜਕ ਇਨਕਲਾਬ ਸਟੇਸ਼ਨ। **Alle aussteigen** (ਸਭ ਬਦਲ ਲਵੋ।") ਇਸ ਸੂਰਤ ਵਿਚ ਉਹਨੂੰ ਟਿਟ ਟਿਟੀਚਾਂ ਦੇ ਅਧੀਨ ਇੰਜੀਨੀਅਰ ਦੀ ਪੁਜ਼ੀਸ਼ਨ ਤੋਂ ਮਜ਼ਦੂਰਾਂ

ਦੀਆਂ ਜਥੇਬੰਦੀਆਂ ਦੇ ਅਧੀਨ ਇੰਜੀਨੀਅਰ ਦੀ ਪੁਜ਼ੀਸ਼ਨ ਤਬਦੀਲ ਕਰਨ ਉਤੇ ਕੋਈ ਇਤਰਾਜ਼ ਨਹੀਂ ਸੀ ਹੋਣਾ।

ਇਸ ਆਦਮੀ ਨੇ ਹੜਤਾਲਾਂ ਵੇਖੀਆਂ ਹਨ। ਉਹ ਜਾਣਦਾ ਹੈ ਕਿ ਅਤਿ ਅਮਨ-ਭਰੇ ਸਮੇਂ ਵੀ ਅਤਿ ਸਾਧਾਰਨ ਹੜਤਾਲ ਦਾ ਆਵੇਸ਼ ਵੀ ਤੂਫਾਨ ਨੂੰ ਪੈਦਾ ਕਰਦਾ ਹੈ। ਉਹ ਨਿਰਸੰਦੇਹ ਸਮਝਦਾ ਹੈ ਕਿ ਜਦੋਂ ਜਮਾਤੀ ਘੋਲ ਇਕ ਵਿਸ਼ਾਲ ਦੇਸ਼ ਦੇ ਸਭਨਾਂ ਕਿਰਤੀ ਲੋਕਾਂ ਨੂੰ ਉਭਾਰਦਾ ਹੈ ਤਾਂ ਇਹ ਤੂਫਾਨ ਕਿੰਨੇ ਲਖੂ-ਖਾ ਗੁਣਾਂ ਵਧੇਰੇ ਭਿਆਨਕ ਹੁੰਦਾ ਹੈ। ਜਦੋਂ ਜੰਗ ਤੇ ਲੁੱਟ-ਖਸੁੱਟ ਲਖੂ-ਖਾ ਲੋਕਾਂ ਨੂੰ ਨਿਧੜਕ ਬਣਾ ਦਿੰਦੀ ਹੈ ਜਿਹਨਾ ਉਤੇ ਭੋਂ-ਪਤੀਆਂ ਨੇ ਜ਼ੁਲਮ ਢਾਹੇ ਹੁੰਦੇ ਹਨ, ਜਿਹਨਾਂ ਨੂੰ ਪੂੰਜੀਪਤੀਆਂ ਨੇ ਅਤੇ ਜ਼ਾਰ ਦੇ ਕਰਮਚਾਰੀਆਂ ਨੇ ਦਹਾਕਿਆਂ ਤੋਂ ਲੁੱਟਿਆ ਅਤੇ ਲਤਾੜਿਆ ਹੁੰਦਾ ਹੈ। ਉਹ ਇਸ ਸਭ ਕਾਸੇ ਨੂੰ "ਸਿਧਾਂਤਕ ਤੌਰ ਉਤੇ" ਸਮਝਦਾ ਹੈ। ਉਹ ਇਹਨੂੰ ਸਿਰਫ **ਜ਼ਬਾਨੀ-ਜ਼ਬਾਨੀ** ਮੰਨਦਾ ਹੈ, ਉਹ "ਖਾਸ ਤੌਰ ਉਤੇ ਪੇਚੀਦਾ ਸਥਿਤੀ" ਤੋਂ ਬਸ ਡਰ ਗਿਆ ਹੋਇਆ ਹੈ।

ਜੁਲਾਈ ਦਿਹਾੜਿਆਂ ਤੋਂ ਪਿਛੋਂ ਉਸ ਅਤਿ ਫਿਕਰਮੰਦੀ ਵਾਲੇ ਧਿਆਨ ਸਦਕਾ, ਜਿਸ ਨਾਲ ਕੇਰੇਨਸਕੀ ਹਕੂਮਤ ਨੇ ਮੈਨੂੰ ਸਨਮਾਨਿਆ, ਮੈਂ ਅੰਡਰਗਰਾਊਂਡ ਹੋਣ ਉਤੇ ਮਜਬੂਰ ਹੋ ਗਿਆ। ਠੀਕ ਇਹ ਮਜਦੂਰ ਹੀ ਸਨ ਜਿਨ੍ਹਾਂ ਨੇ ਸਾਡੇ ਵਰਗੇ ਲੋਕਾਂ ਨੂੰ ਪਨਾਹ ਦਿਤੀ। ਪੀਤਰੋਗਰਾਦ ਦੀ ਦੂਰ-ਦੁਰਾਡੇ ਦੀ ਇਕ ਬਾਹਰਲੀ ਬਸਤੀ ਵਿਚ ਮਜ਼ਦੂਰ ਜਮਾਤ ਦੇ ਇਕ ਛੋਟੇ ਜਿਹੇ ਘਰ ਵਿਚ ਰਾਤ ਦਾ ਖਾਣਾ ਲਾਇਆ ਜਾ ਰਿਹਾ ਹੈ। ਮੇਜ਼ਬਾਨ ਸੁਆਣੀ ਮੇਜ਼ ਉਤੇ ਡਬਲ-ਰੋਟੀ ਰਖਦੀ ਹੈ। ਮੇਜ਼ਬਾਨ ਆਖਦਾ ਹੈ: "ਵੇਖੋ, ਕੇਹੀ ਵਧੀਆ ਰੋਟੀ ਹੈ। ਹੁਣ 'ਉਹ' ਸਾਨੂੰ ਮਾੜੀ ਰੋਟੀ ਦੇਣ ਦਾ ਹੌਸਲਾ ਨਹੀਂ ਕਰਦੇ। ਅਤੇ ਅਸੀਂ ਤਾਂ ਇਸ ਬਾਰੇ ਸੋਚਣਾ ਹੀ ਛਡ ਦਿਤਾ ਹੈ ਕਿ ਸਾਨੂੰ ਪੀਤਰੋਗਰਾਦ ਵਿਖੇ ਕਦੇ ਮੁੜ ਚੰਗੀ ਰੋਟੀ ਮਿਲੇਗੀ।"

ਜੁਲਾਈ ਦੇ ਦਿਨਾਂ ਦੇ ਇਸ ਜਮਾਤੀ ਮੁਲੰਕਣ ਨੇ ਮੈਨੂੰ ਹੈਰਾਨ ਕੀਤਾ। ਮੇਰੀਆਂ ਸੋਚਾਂ ਉਹਨਾ ਘਟਨਾਵਾਂ ਦੀ ਰਾਜਸੀ ਮਹੱਤਤਾ ਦੁਆਲੇ ਭਉਂ ਰਹੀਆਂ ਸਨ, ਮੈਂ ਘਟਨਾਵਾਂ ਦੇ ਆਮ ਗੇੜ ਵਿਚ ਇਹਨਾਂ ਵਲੋਂ ਅਦਾ ਕੀਤੇ ਜਾਏ ਰੋਲ ਨੂੰ ਹਾੜ ਜੋਖ ਰਿਹਾ ਸਾਂ। ਉਸ ਸਥਿਤੀ ਦਾ ਵਿਸਲੇਸਣ ਕਰ ਰਿਹਾ ਸਾਂ, ਜੋ ਇਤਿਹਾਸ ਵਿਚ ਇਸ ਵਲਾਵੇਂਦਾਰ ਰਾਹ ਦਾ ਕਾਰਨ ਬਣੀ ਅਤੇ ਸਥਿਤੀ ਜਿਸ ਨੂੰ ਇਹ ਸਿਰਜੇਗਾ ਅਤੇ ਕਿ ਸਾਨੂੰ ਬਦਲੀ ਹੋਈ ਸਥਿਤੀ ਨਾਲ ਇਕਸਾਰਨ ਲਈ ਆਪਣੇ ਨਾਹਰੇ ਅਤੇ ਪਾਰਟੀ ਪ੍ਰੋਗਰਾਮ ਨੂੰ ਕਿਵੇਂ ਬਦਲਣਾ ਚਾਹੀਦਾ ਹੈ। ਜਿਥੋਂ ਤਕ ਰੋਟੀ ਦਾ ਸਬੰਧ ਹੈ, ਮੈਂ ਜੀਹਨੇ ਥੁੜ ਨਹੀਂ ਸੀ ਵੇਖੀ, ਇਸ ਬਾਰੇ ਨਹੀਂ ਸੀ ਸੋਚਿਆ। ਰੋਟੀ ਤਾਂ ਮੇਰੇ ਖਿਆਲ ਵਿਚ ਇਕ ਲੇਖਕ ਦੇ ਕੰਮ ਦੀ ਉਪ-ਉਪਜ ਵਜੋਂ ਮੈਨੂੰ ਮਿਲਣੀ ਹੀ ਸੀ। ਦਿਮਾਗ਼ ਰਾਜਸੀ ਵਿਸ਼ਲੇਸ਼ਣ ਰਾਹੀਂ ਹਰ ਗੱਲ ਦੀ, ਰੋਟੀ ਲਈ ਜਮਾਤੀ ਘੋਲ ਦੀ ਨੀਂਹ ਤਕ ਪਹੁੰਚਦਾ ਹੈ ਜਿਹੜਾ ਅਤਿ ਪੇਚੀਦਾ ਅਤੇ ਗੁੰਝਲਦਾਰ ਰਾਹ ਅਖਤਿਆਰ ਕਰਦਾ ਹੈ।

ਪਰ ਮਜ਼ਲੂਮ ਜਮਾਤ ਦਾ ਇਹ ਮੈਂਬਰ ਭਾਵੇਂ ਉਹ ਚੰਗੀ ਉਜਰਤ ਪਾਉਂਦੇ ਤੇ ਕਾਫੀ ਸਿਆਣੇ ਮਜ਼ਦੂਰਾਂ ਵਿਚੋਂ ਇਕ ਹੈ, ਉਸ ਹੈਰਾਨ ਕਰਨ ਵਾਲੀ ਸਰਲਤਾ ਨਾਲ ਅਤੇ ਬੇਲਾਗ ਤਰ੍ਹਾਂ ਉਸ ਦ੍ਰਿੜ੍ਹ ਇਰਾਦੇ ਅਤੇ ਦ੍ਰਿਸ਼ਟੀਕੋਣ ਦੀ ਉਸ ਹੈਰਾਨ ਕਰਨ ਵਾਲੀ ਸਪਸ਼ਟਤਾ ਨਾਲ ਸਾਨੂੰ ਸਿੰਗਾਂ ਤੋਂ ਜਾ ਫੜਦਾ ਹੈ ਜਿਸ ਤੋਂ ਅਸੀਂ ਬੁੱਧੀਜੀਵੀ ਏਨੇ ਦੂਰ ਹਾਂ ਜਿੰਨਾ ਆਕਾਸ਼ ਵਿਚ ਤਾਰੇ। ਪੂਰੀ ਦੁਨੀਆਂ ਦੋ ਕੈਂਪਾਂ ਵਿਚ ਵੰਡੀ ਹੋਈ ਹੈ, "ਅਸੀਂ" ਕਿਰਤੀ ਲੋਕ ਅਤੇ "ਉਹ" ਲੁਟੇਰੇ। ਜੋ ਕੁਝ ਹੋਇਆ ਹੈ ਉਸ ਬਾਰੇ ਰਤਾ ਜਿੰਨੀ ਵੀ ਘਬਰਾਹਟ ਨਹੀਂ, ਇਹ ਤਾਂ ਕਿਰਤ ਤੇ

ਪੂੰਜੀ ਵਿਰਕਾਰ ਲੰਮੇ ਘੋਲ ਦੇ ਦੌਰਾਨ ਲੜੀਆਂ ਗਈਆਂ ਲੜਾਈਆਂ ਵਿਚੋਂ ਬਸ ਇਕ ਸੀ। ਜਦੋਂ ਤੁਸੀਂ ਦਰਖਤ ਵਢਦੇ ਹੋ, ਛਿਲਤਰਾਂ ਜ਼ਰੂਰ ਉਡਦੀਆਂ ਹਨ। "ਇਨਕਲਾਬ ਵਲੋਂ ਪੈਦਾ ਕੀਤੀ ਗਈ ਇਹ 'ਖਾਸ ਤੌਰ ਤੇ ਪੇਚੀਦਾ ਸਥਿਤੀ' ਕੇਡੀ ਪੀੜ-ਭਰੀ ਹੈ," ਬੁਰਜੂਆ ਬੁਧੀਜੀਵੀ ਕਿਸ ਤਰ੍ਹਾਂ ਸੋਚਦਾ ਤੇ ਮਹਿਸੂਸਦਾ ਹੈ। "ਅਸਾਂ ਉਹਨਾਂ ਨੂੰ ਥੋੜਾ ਦਬਾਇਆ ਹੈ, 'ਉਹ' ਸਾਡੇ ਉਤੇ ਹੁਕਮ ਨਹੀਂ ਚਲਾ ਸਕਣਗੇ ਜਿਵੇਂ ਪਹਿਲਾਂ ਚਲਾਉਂਦੇ ਸਨ। ਅਸੀਂ ਮੁੜ ਦਬਾਵਾਂਗੇ—ਅਤੇ ਉਹਨਾਂ ਨੂੰ ਬਿਲਕੁਲ ਹੀ ਬਾਹਰ ਕਢ ਸੁਟਾਂਗੇ," ਮਜ਼ਦੂਰ ਇਸ ਤਰ੍ਹਾਂ ਸੋਚਦਾ ਤੇ ਮਹਿਸੂਸਦਾ ਹੈ।

... ...

ਛੇਵੀਂ ਤੇ ਆਖਰੀ ਦਲੀਲ ਪ੍ਰੋਲਤਾਰੀਆ "ਵਿਰੋਧੀ ਤਾਕਤਾਂ ਦੇ ਸਾਰੇ ਦਬਾਉ ਦਾ ਮੁਕਾਬਲਾ ਨਹੀਂ ਕਰ ਸਕੇਗਾ ਜਿਹੜੀਆਂ ਸਿਰਫ ਪ੍ਰੋਲਤਾਰੀ ਡਿਕਟੇਟਰਸ਼ਿਪ ਨੂੰ ਹੀ ਨਹੀਂ ਸਗੋਂ ਮਾਮਲਾ ਨਜਿੱਠਦਿਆਂ ਸਮੁੱਚੇ ਇਨਕਲਾਬ ਨੂੰ ਹੀ ਹੂੰਝ ਸੁਟਣਗੀਆਂ।"

ਸਾਨੂੰ ਡਰਾਉਣ ਦੀ ਕੋਸ਼ਿਸ਼ ਨਾ ਕਰੋ, ਭੱਦਰ ਪੁਰਸ਼, ਤੁਸੀਂ ਸਫਲ ਨਹੀਂ ਹੋਵੋਗੇ। ਅਸਾਂ ਕੋਰਨੀਲੋਵਵਾਦ (ਕੇਰੇਨਸਕੀ ਸ਼ਾਸਨ ਜਿਸ ਨਾਲੋਂ ਕਿਸੇ ਤਰ੍ਹਾਂ ਵੀ ਵੱਖਰੀ ਤਰ੍ਹਾਂ ਦਾ ਨਹੀਂ) ਵਿਚ ਇਹਨਾ ਵਿਰੋਧੀ ਤਾਕਤਾਂ ਤੇ ਇਹਨਾਂ ਦੇ ਦਬਾਉ ਨੇ ਵੇਖਿਆ ਹੈ। ਹਰ ਇਕ ਨੇ ਵੇਖਿਆ ਹੈ ਅਤੇ ਲੋਕਾਂ ਨੂੰ ਯਾਦ ਹੈ ਕਿ ਪ੍ਰੋਲਤਾਰੀਏ ਅਤੇ ਗਰੀਬ ਕਿਸਾਨਾਂ ਨੇ ਕੋਰਨੀਲੋਵ ਟੋਲੇ ਨੂੰ ਕਿਵੇਂ ਹੂੰਝ ਕੇ ਵਗਾਹ ਮਾਰਿਆ ਸੀ ਅਤੇ ਬੁਰਜੁਆਜ਼ੀ ਦੇ ਹਮਾਇਤੀਆਂ ਦੀ ਅਤੇ ਮੁੱਠੀ ਭਰ ਖਾਸ ਤੌਰ ਉਤੇ ਸਰਦੇ-ਪੁਜਦੇ ਛੋਟੇ ਭੋਂ-ਮਾਲਕਾਂ ਦੀ ਪੁਜ਼ੀਸ਼ਨ ਕੇਡੀ ਤਰਸਯੋਗ ਅਤੇ ਵਿਚਾਰੀ ਸਿੱਧ ਹੋਈ ਸੀ ਜਿਹੜੇ ਇਨਕਲਾਬ ਦੇ ਖਾਸ ਤੌਰ ਤੇ "ਵਿਰੋਧੀ" ਸਨ। 30 ਸਤੰਬਰ ਦਾ **ਦਾਈਲੋ ਨਾਰੋਦਾ** ਮਜ਼ਦੂਰਾਂ ਨੂੰ ਸਾਬਰ ਰਹਿਣ ਲਈ ਅਤੇ ਕੇਰੇਨਸਕੀ (ਅਰਥਾਤ ਕੋਰਨੀਲੋਵ) ਨਾਲ ਅਤੇ ਵਿਖਾਵੇ-ਯੋਗ ਤਸੇਰੇਤੇਲੀ ਬਲਿਊਗਿਨ ਡੂਮਾ ਨਾਲ ਉਦੋਂ ਤਕ "ਨਿਬਾਹ ਕਰਨ" ਲਈ ਕਹਿੰਦਾ ਹੈ ਜਦੋਂ ਤਕ ਸੰਵਿਧਾਨ ਸਭਾ ਦਾ ਸਮਾਗਮ ਨਹੀਂ ਬੁਲਾਇਆ ਜਾਂਦਾ (ਬਾਗੀ ਕਿਸਾਨਾਂ ਵਿਰੁਧ "ਫੌਜੀ ਕਾਰਵਾਈ" ਦੀ ਰੱਖਿਆ ਹੇਠ ਸਮਾਗਮ) ਅਤੇ ਜੋਸ਼ ਨਾਲ ਇਹ ਠੀਕ **ਨੋਵਾਇਆ ਯ਼ੀਜ਼ਨ** ਦੀ ਛੇਵੀਂ ਦਲੀਲ ਨੂੰ ਦੁਹਰਾਉਂਦਾ ਹੈ ਅਤੇ ਏਡਾ ਚੀਕ ਕੇ ਆਖਦਾ ਹੈ ਕਿ ਗਲਾ ਬਹਿ ਜਾਂਦਾ ਹੈ: "ਕੇਰੇਨਸਕੀ ਹਕੂਮਤ ਕਿਸੇ ਸੂਰਤ ਵਿਚ ਵੀ ਅਧੀਨਤਾ ਸਵੀਕਾਰ ਨਹੀਂ ਕਰੇਗੀ," (ਸੋਵੀਅਤਾਂ ਦੇ ਰਾਜ, ਮਜ਼ਦੂਰਾਂ ਤੇ ਕਿਸਾਨਾਂ ਦੇ ਰਾਜ ਦੀ ਅਧੀਨਤਾ, ਰਾਜ ਜਿਸ ਨੂੰ **ਦਾਈਲੋ ਨਾਰੋਦਾ**, ਕਤਲੇ-ਆਮ ਕਰਨ ਵਾਲਿਆਂ ਅਤੇ ਸੈਮੇਟਿਕ-ਵਿਰੋਧੀਆਂ, ਸ਼ਹਿਨਸ਼ਾਹ-ਪ੍ਰਸਤਾਂ ਅਤੇ ਕੇਡਿਟਾਂ ਤੋਂ ਪਿਛੇਂ ਰਹਿਣਾ ਨਾ ਚਾਹੁੰਦਿਆਂ, "ਟਰਾਟਸਕੀ ਤੇ ਲੈਨਿਨ" ਦਾ ਰਾਜ ਕਹਿੰਦਾ ਹੈ: ਇਹ ਹੈ ਹੱਦ ਜਿਸ ਤਕ ਸੋਸ਼ਲਿਸਟ-ਇਨਕਲਾਬੀਏ ਚਲੇ ਜਾਂਦੇ ਹਨ।)

ਪਰ ਨਾ **ਨੋਵਾਇਆ ਯ਼ੀਜ਼ਨ** ਨਾ ਹੀ **ਦਾਈਲੋ ਨਾਰੋਦਾ** ਜਮਾਤੀ-ਚੇਤੰਨਤਾ ਵਾਲੇ ਮਜ਼ਦੂਰਾਂ ਨੂੰ ਡਰਾ ਸਕਦੇ ਹਨ, "ਕੇਰੇਨਸਕੀ ਹਕੂਮਤ" ਤੁਸੀਂ ਕਹਿੰਦੇ ਹੋ, "ਕਿਸੇ ਸੂਰਤ ਵਿਚ ਵੀ ਅਧੀਨਤਾ ਸਵੀਕਾਰ ਨਹੀਂ ਕਰੇਗੀ," ਅਰਥਾਤ, ਇਹਨੂੰ ਵਧੇਰੇ ਸਰਲ ਤਰ੍ਹਾਂ ਦੋ-ਟੁੱਕ ਅਤੇ ਸਪੱਸ਼ਟ ਤਰ੍ਹਾਂ ਬਿਆਨ ਕਰਦਿਆਂ ਕਹਿ ਸਕਦੇ ਹਾਂ ਕਿ ਇਹ ਕੋਰਨੀਲੋਵ ਬਗ਼ਾਵਤ ਨੂੰ ਦੁਹਰਾਏਗੀ। ਅਤੇ **ਦਾਈਲੋ ਨਾਰੋਦਾ** ਦੇ ਭੱਦਰਪੁਰਸ਼ ਇਹ ਕਹਿਣ ਦਾ ਹੌਸਲਾ ਕਰਦੇ ਹਨ ਕਿ ਇਹ "ਘਰੋਗੀ ਜੰਗ" ਹੋਵੇਗੀ, ਕਿ ਇਹ "ਭਿਆਨਕ ਸੰਭਾਵਨਾ" ਹੈ।

ਨਹੀਂ ਭੱਦਰਪੁਰਸ਼ੋ, ਤੁਸੀਂ ਮਜ਼ਦੂਰਾਂ ਨੂੰ ਮੂਰਖ ਨਹੀਂ ਬਣਾ ਸਕੋਗੇ। ਇਹ ਘਰੋਗੀ ਜੰਗ ਨਹੀਂ ਹੋਵੇਗੀ, ਸਗੋਂ ਮੁੱਠੀ ਭਰ ਕੋਰਨੀਲੋਵਵਾਦੀਆਂ ਦੀ ਬਗ਼ਾਵਤ ਹੋਵੇਗੀ। ਜੇ ਉਹ ਲੋਕਾਂ ਦੀ "ਅਧੀਨਤਾ ਸਵੀਕਾਰ ਕਰਨੋਂ ਇਨਕਾਰ ਕਰਨਾ ਚਾਹੁੰਦੇ ਹਨ ਅਤੇ ਜੋ ਕੁਝ ਵੀਬੋਰਗ ਵਿਖੇ ਕੋਰਨੀਲੋਵ ਦੇ ਆਦਮੀਆਂ ਨਾਲ ਵਾਪਰਿਆ ਉਹਦਾ ਹਰ ਕੀਮਤ ਉਤੇ ਵੱਡੇ ਪੈਮਾਨੇ ਉਤੇ ਦੁਹਰਾਉ ਭੜਕਾਉਂਦੇ ਹਨ—ਜੇ ਇਹ ਗੱਲ ਹੈ ਜੋ ਸੋਸ਼ਲਿਸਟ-ਇਨਕਲਾਬੀ ਪਾਰਟੀ ਦਾ ਮੈਂਬਰ ਕੇਰੇਨਸਕੀ ਚਾਹੁੰਦਾ ਹੈ ਤਾਂ ਹੋ ਸਕਦਾ ਹੈ ਉਹ ਲੋਕਾਂ ਨੂੰ ਨਿਰਾਸਤਾ ਕਾਰਨ ਨਿਧੜਕ ਬਣਾ ਦੇਵੇ। ਪਰ ਭੱਦਰ ਪੁਰਸ਼ੋ ਤੁਸੀਂ ਮਜ਼ਦੂਰਾਂ ਤੇ ਸਿਪਾਹੀਆਂ ਨੂੰ ਡਰਾ ਨਹੀਂ ਸਕਦੇ।

ਕੇਡੀ ਅਥਾਹ ਢੀਠਤਾ। ਉਹਨਾਂ ਨੇ ਇਕ ਨਵਾਂ ਬਲਿਊਗਿਨ ਡੂਮਾ ਲਿਸ਼ਕਾ-ਪੁਸ਼ਕਾ ਕੇ ਵਿਖਾਵੇ-ਯੋਗ ਬਣਾ ਲਿਆ, ਧੋਖੇ ਨਾਲ ਉਹਨਾਂ ਨੇ ਪਿੱਛੇ-ਖਿਚੂ ਕੋ-ਆਪਰੇਟਰਾਂ ਅਤੇ ਪੇਂਡੂ ਕੁਲਕਾਂ ਦੀ ਭੀੜ ਆਪਣੀ ਮੱਦਦ ਲਈ ਭਰਤੀ ਕਰ ਲਈ, ਇਹਨਾਂ ਵਿਚ ਪੂੰਜੀਪਤੀਆਂ ਅਤੇ ਭੌਂ-ਪਤੀਆਂ (ਅਖੌਤੀ ਸਾਹਿਬੇ-ਜਾਇਦਾਦ ਜਮਾਤਾਂ) ਨੂੰ ਜੋੜ ਲਿਆ ਅਤੇ ਕੋਰਨੀਲੋਵਵਾਦੀਆਂ ਦੇ ਇਸ ਧਾੜਵੀ ਟੋਲੇ ਦੀ ਮੱਦਦ ਨਾਲ ਉਹ **ਲੋਕਾਂ ਦੀ ਇੱਛਾ ਦਾ** ਮਜ਼ਦੂਰਾਂ ਤੇ ਕਿਸਾਨਾਂ ਦੀ ਇੱਛਾ ਦਾ **ਵਿਰੋਧ ਕਰਨਾ** ਚਾਹੁੰਦੇ ਹਨ।

ਉਹ ਇਕ ਕਿਸਾਨੀ ਦੇਸ਼ ਵਿਚ ਮਾਮਲਿਆਂ ਨੂੰ ਅਜੇਹੀ ਨਾਜ਼ਕ ਹਾਲਤ ਤਕ ਲੈ ਆਏ ਹਨ ਕਿ ਕਿਸਾਨ ਬਗ਼ਾਵਤ ਹੜ੍ਹ ਵਾਲੇ ਦਰਿਆ ਵਾਂਗ ਥਾਂ ਥਾਂ ਫੈਲ ਰਹੀ ਹੈ। ਇਹਦੇ ਬਾਰੇ ਸੋਚੋ। ਜਮਹੂਰੀ ਗਣਰਾਜ ਵਿਚ ਜਿਸ ਦੀ 80 ਫੀਸਦੀ ਵਸੋਂ ਕਿਸਾਨ ਹਨ, ਕਿਸਾਨ ਬਗ਼ਾਵਤ ਕਰਨ ਲਈ ਮਜਬੂਰ ਕਰ ਦਿਤੇ ਗਏ ਹਨ...ਇਹੋ **ਦਾਈਲੋ ਨਾਰੋਦਾ**, ਚੇਰਨੋਵ ਦਾ ਅਖਬਾਰ, "ਸੋਸ਼ਲਿਸਟ-ਇਨਕਲਾਬੀ" ਪਾਰਟੀ ਦਾ ਅਖਬਾਰ, ਜਿਹੜਾ 30 ਸਤੰਬਰ ਨੂੰ ਮਜ਼ਦੂਰਾਂ ਤੇ ਕਿਸਾਨਾਂ ਨੂੰ "ਸਾਬਰ ਰਹਿਣ" ਦੀ ਸਲਾਹ ਦੇਣ ਦੀ ਗੁਸਤਾਖ਼ੀ ਕਰਦਾ ਹੈ, 29 ਸਤੰਬਰ ਨੂੰ ਮੁੱਖ ਲੇਖ ਵਿਚ ਇਹ ਮੰਨਣ ਉਤੇ ਮਜਬੂਰ ਹੋਇਆ ਸੀ :

"**ਅਜੇ ਤਕ ਪਰਾਧੀਨਤਾ** ਦੇ ਉਹਨਾਂ ਸਬੰਧਾਂ ਨੂੰ ਖ਼ਤਮ ਕਰਨ ਲਈ **ਅਮਲੀ ਤੌਰ ਉਤੇ ਕੁਝ ਨਹੀਂ** ਕੀਤਾ ਗਿਆ ਜਿਹੜੇ ਕੇਂਦਰੀ ਰੂਸ ਦੇ ਪਿੰਡਾਂ ਵਿਚ ਅਜੇ ਵੀ **ਪ੍ਰਚੱਲਤ** ਹਨ।"

ਇਹੋ **ਦਾਈਲੋ ਨਾਰੋਦਾ**, 29 ਸਤੰਬਰ ਦੇ ਏਸੇ ਮੁੱਖ ਲੇਖ ਵਿਚ ਕਹਿੰਦਾ ਹੈ ਕਿ "ਸਤੋਲੀਪਿਨ ਦਾ ਮੁਰਦਾ ਹੱਥ ਆਪਣੇ ਆਪ ਦਾ ਅਹਿਸਾਸ "ਇਨਕਲਾਬੀ ਮੰਤਰੀਆਂ" ਵਲੋਂ ਵਰਤੇ ਜਾਂਦੇ ਢੰਗਾਂ ਵਿਚ ਅਜੇ ਵੀ ਤਕੜੀ ਤਰ੍ਹਾਂ ਕਰਵਾ ਰਿਹਾ ਹੈ" ਦੂਜੇ ਸ਼ਬਦਾਂ ਵਿਚ ਵਧੇਰੇ ਸਪੱਸ਼ਟ ਤੇ ਸਰਲ ਤਰ੍ਹਾਂ ਬਿਆਨ ਕਰਦਿਆਂ ਇਹ ਕੇਰੇਨਸਕੀ, ਨਿਕੀਤਿਨ, ਕਿਸ਼ਕੀਨ ਐਂਡ ਕੰਪਨੀ ਨੂੰ ਸਤੋਲੀਪਿਨ ਕਹਿ ਕੇ ਕਲੰਕਤ ਕਰਦਾ ਹੈ।

"ਸਤੋਲੀਪਿਨਾਂ" ਕੇਰੇਨਸਕੀ ਐਂਡ ਕੰਪਨੀ ਨੇ ਕਿਸਾਨਾਂ ਨੂੰ ਬਗ਼ਾਵਤ ਉਤੇ ਮਜਬੂਰ ਕਰ ਦਿਤਾ ਹੈ, ਉਹ ਹੁਣ ਕਿਸਾਨਾਂ ਵਿਰੁਧ "ਫੌਜੀ ਕਾਰਵਾਈਆਂ" ਕਰ ਰਹੇ ਹਨ, ਸੰਵਿਧਾਨ ਸਭਾ ਦਾ ਸਮਾਗਮ ਬੁਲਾ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ (ਭਾਵੇਂ ਕੇਰੇਨਸਕੀ ਅਤੇ ਤਸੇਰੇਤੇਲੀ 8 ਜੁਲਾਈ ਨੂੰ ਸੰਜੀਦਗੀ ਨਾਲ ਇਹ ਐਲਾਨ ਕਰ ਕੇ ਲੋਕਾਂ ਨੂੰ ਪਹਿਲਾਂ ਹੀ ਧੋਖਾ ਦੇ ਚੁਕੇ ਹਨ ਕਿ ਸੰਵਿਧਾਨ ਸਭਾ ਦਾ ਸਮਾਗਮ ਮਿਥੀ ਤਰੀਕ, 17 ਸਤੰਬਰ, ਨੂੰ ਬੁਲਾਇਆ ਜਾਵੇਗਾ ; ਉਦੋਂ ਉਹਨਾਂ ਨੇ **ਆਪਣਾ ਇਕਰਾਰ ਤੋੜਿਆ** ਅਤੇ **ਮੈਨਸ਼ਵਿਕ ਦਾਨ** ਦੀ ਸਲਾਹ ਵਿਰੁਧ ਸੰਵਿਧਾਨ ਸਭਾ ਨੂੰ ਮੁਲਤਵੀ ਕਰ ਦਿਤਾ, ਸੰਵਿਧਾਨ ਸਭਾ ਨੂੰ ਅਕਤੂਬਰ ਦੇ ਅਖੀਰ ਉਤੇ ਨਹੀਂ, ਜਿਵੇਂ ਕਿ ਮੈਨਸ਼ਵਿਕ ਕੇਂਦਰੀ ਕਾਰਜਸਾਧਕ ਕਮੇਟੀ ਨੇ ਉਸ ਸਮੇਂ

ਚਾਹਿਆ ਸੀ, ਸਗੋਂ ਨਵੰਬਰ ਦੇ ਅੰਤ ਤਕ ਮੁਲਤਵੀ ਕਰ ਦਿਤਾ। "ਸਤੋਲੀਪਿਨ" ਕੈਰੇਨਸਕੀ ਐਂਡ ਕੰਪਨੀ ਸੰਵਿਧਾਨ ਸਭਾ ਦੇ ਤੁਰਤ ਸਮਾਗਮ ਨਾਲ ਲੋਕਾਂ ਨੂੰ ਸ਼ਾਂਤ ਕਰਨ ਦਾ ਯਤਨ ਕਰ ਰਹੇ ਹਨ, ਜਿਵੇਂ ਕਿ ਲੋਕ ਉਹਨਾਂ ਉਤੇ ਵਿਸ਼ਵਾਸ ਕਰ ਸਕਦੇ ਹਨ ਜੋ ਇਸ ਮਾਮਲੇ ਵਿਚ ਪਹਿਲਾਂ ਹੀ ਝੂਠ ਬੋਲ ਚੁਕੇ ਹਨ, ਜਿਵੇਂ ਕਿ ਲੋਕਾਂ ਨੂੰ ਵਿਸ਼ਵਾਸ ਹੋ ਸਕਦਾ ਹੈ ਕਿ ਸੰਵਿਧਾਨ ਸਭਾ ਨੂੰ ਉਹ ਹਕੂਮਤ **ਯੋਗ ਤਰ੍ਹਾਂ** ਬੁਲਾਏਗੀ ਜੀਹਨੇ ਦੂਰ-ਦੁਰਾਡੇ ਪਿੰਡਾਂ ਵਿਚ **ਫੌਜੀ ਕਾਰਵਾਈਆਂ** ਕੀਤੀਆਂ ਹਨ, ਅਰਥਾਤ ਜਿਹੜੀ ਜਮਾਤੀ ਚੇਤੰਨਤਾ ਵਾਲੇ ਕਿਸਾਨਾਂ ਦੀਆਂ ਧੱਕੇਸ਼ਾਹੀ ਵਾਲੀਆਂ ਗਰਿਫਤਾਰੀਆਂ ਨੂੰ ਖੁਲ੍ਹਮ-ਖੁਲ੍ਹਾ ਅਣਡਿੱਠ ਕਰ ਰਹੀ ਹੈ ਅਤੇ ਚੋਣਾਂ ਵਿਚ **ਬੇਈਮਾਨੀ** ਕਰ ਰਹੀ ਹੈ।

ਹਕੂਮਤ ਨੇ ਕਿਸਾਨਾਂ ਨੂੰ ਬਗ਼ਾਵਤ ਕਰਨ ਤੇ ਮਜਬੂਰ ਕੀਤਾ ਹੈ ਅਤੇ ਹੁਣ ਉਹਨਾਂ ਨੂੰ ਇਹ ਕਹਿਣ ਦੀ ਗੁਸਤਾਖੀ ਕਰਦੀ ਹੈ: "ਤੁਹਾਨੂੰ 'ਸਾਬਰ' ਹੋਣਾ ਚਾਹੀਦਾ ਹੈ, ਤੁਹਾਨੂੰ ਉਡੀਕਣਾ ਚਾਹੀਦਾ ਹੈ, ਹਕੂਮਤ ਵਿਚ ਵਿਸ਼ਵਾਸ ਰਖਣਾ ਚਾਹੀਦਾ ਹੈ, ਜਿਹੜੀ 'ਫੌਜੀ ਕਾਰਵਾਈਆਂ' ਨਾਲ ਬਾਗ਼ੀ ਕਿਸਾਨਾਂ ਨੂੰ ਸ਼ਾਂਤ ਕਰ ਰਹੀ ਹੈ।"

ਮਾਮਲਿਆਂ ਨੂੰ ਅਜੇਹੀ ਹੱਦ ਉਤੇ ਪੁਚਾ ਦੇਣਾ ਕਿ ਹਜ਼ਾਰ-ਹਾ ਸਿਪਾਹੀ 19 ਜੂਨ ਪਿਛੋਂ ਕੀਤੇ ਹਮਲੇ ਵਿਚ ਮਰ ਗਏ ਹਨ, ਜੰਗ ਨੂੰ ਲਮਕਾਇਆ ਜਾ ਰਿਹਾ ਹੈ, ਜਰਮਨ ਜਹਾਜ਼ੀਆਂ ਨੇ ਬਗ਼ਾਵਤ ਕਰ ਦਿਤੀ ਹੈ ਅਤੇ ਆਪਣੇ ਅਫਸਰਾਂ ਨੂੰ ਚੁਕ ਕੇ ਜਹਾਜ਼ਾਂ ਤੋਂ ਬਾਹਰ ਸੁਟ ਰਹੇ ਹਨ, ਮਾਮਲਿਆਂ ਨੂੰ ਇਸ ਹੱਦ ਤਕ ਪੁਚਾ ਦੇਣਾ, ਸਾਰਾ ਸਮਾਂ ਅਮਨ ਦੀਆਂ ਗੱਲਾਂ ਕਰਨਾ ਪਰ ਸ਼ਾਮਿਲ-ਜੰਗ **ਸਭਨਾਂ** ਨੂੰ ਨਿਆਈਂ ਅਮਨ ਦੀ **ਪੇਸ਼ਕਸ਼ ਨਾ ਕਰਨਾ**, ਅਤੇ ਫੇਰ ਵੀ ਮਜ਼ਦੂਰਾਂ ਨੂੰ ਗੁਸਤਾਖ਼ੀ ਨਾਲ ਰਹਿਣਾ, "ਤੁਹਾਨੂੰ ਸਾਬਰ ਹੋਣਾ ਚਾਹੀਦਾ ਹੈ" "ਸਤੋਲੀਪਿਨ ਦੇ ਆਦਮੀ" ਕੇਰੇਨਸਕੀ ਦੀ ਹਕੂਮਤ ਉਤੇ ਵਿਸ਼ਵਾਸ਼ ਕਰੋ, ਹੋਰ ਮਹੀਨਾ ਭਰ ਕੋਰਨੀਲੋਵ ਦੇ ਜਰਨੈਲਾਂ ਉਤੇ ਭਰੋਸਾ ਕਰੋ, ਸ਼ਾਇਦ ਇਸ ਮਹੀਨੇ ਉਹ ਹੋਰ ਕਈ ਹਜ਼ਾਰ ਸਿਪਾਹੀਆਂ ਨੂੰ ਕਤਲ ਕੀਤੇ ਜਾਣ ਲਈ ਭੇਜ ਦੇਣ..."ਤੁਹਾਨੂੰ ਸਬਰ ਕਰਨਾ ਚਾਹੀਦਾ ਹੈ..."

ਕੀ ਇਹ ਸ਼ਰਮ ਦੀ ਗੱਲ ਨਹੀਂ ?

ਪਰ ਤੁਸੀਂ ਸੋਸ਼ਲਿਸਟ-ਇਨਕਲਾਬੀਆਂ ਦੇ ਭੱਦਰ ਪੁਰਸ਼ੋ, ਕੇਰੇਨਸਕੀ ਦੇ ਸਾਥੀ ਪਾਰਟੀ ਮੈਂਬਰੋ, ਤੁਸੀਂ ਸਿਪਾਹੀਆਂ ਨੂੰ ਮੂਰਖ ਨਹੀਂ ਬਣਾ ਸਕਦੇ।

ਮਜ਼ਦੂਰ ਤੇ ਸਿਪਾਹੀ ਕੇਰੇਨਸਕੀ ਦੀ ਹਕੂਮਤ ਨੂੰ ਇਕ ਦਿਨ ਲਈ ਵੀ, ਇਕ **ਹੋਰ** ਘੰਟੇ ਲਈ ਵੀ ਬਰਦਾਸ਼ਤ ਨਹੀਂ ਕਰਨਗੇ ਕਿਉਂ ਜੋ ਉਹ ਜਾਣਦੇ ਹਨ ਕਿ **ਸੋਵੀਅਤ** ਹਕੂਮਤ **ਤੁਰਤ ਹੀ** ਸ਼ਾਮਿਲ-ਜੰਗ ਸਭਨਾਂ ਨੂੰ ਅਮਨ ਦੀ ਪੇਸ਼ਕਸ਼ ਕਰੇਗੀ ਅਤੇ ਕਿਸ ਲਈ **ਸੌ-ਵਿਸਵੇ** ਫੌਰੀ ਆਰਜ਼ੀ ਯੁੱਧਬੰਦੀ ਦੀ ਅਤੇ ਤੇਜ਼ੀ ਨਾਲ ਅਮਨ ਦੀ ਪ੍ਰਾਪਤੀ ਕਰੇਗੀ।

ਸਾਡੀ ਕਿਸਾਨ-ਫੌਜ ਦੇ ਸਿਪਾਹੀ ਇਕ ਦਿਨ ਲਈ ਵੀ, ਇਕ **ਹੋਰ** ਘੰਟੇ ਲਈ ਵੀ ਕੇਰੇਨਸਕੀ ਹਕੂਮਤ ਨੂੰ—ਹਕੂਮਤ ਜਿਹੜੀ ਕਿਸਾਨ ਬਗ਼ਾਵਤ ਨੂੰ ਕੁਚਲਣ ਲਈ **ਫੌਜੀ ਕਾਰਵਾਈਆਂ** ਤੋਂ ਕੰਮ ਲੈ ਰਹੀ ਹੈ—ਸੋਵੀਅਤਾਂ ਦੀ ਮਰਜ਼ੀ ਵਿਰੁਧ ਸੱਤਾ ਵਿਚ ਰਹਿਣ ਦੀ ਆਗਿਆ ਨਹੀਂ ਦੇਣਗੇ।

ਨਹੀਂ, ਸੋਸ਼ਲਿਸਟ-ਇਨਕਲਾਬੀਆਂ ਦੇ ਭੱਦਰ ਪੁਰਸ਼ੋ, ਕੇਰੇਨਸਕੀ ਦੇ ਸਾਥੀ ਪਾਰਟੀ ਮੈਂਬਰੋ, ਤੁਸੀਂ ਹੁਣ ਮਜ਼ਦੂਰਾਂ ਤੇ ਕਿਸਾਨਾਂ ਨੂੰ ਮੂਰਖ ਨਹੀਂ ਬਣਾ ਸਕਦੇ।

... ...

ਵਿਰੋਧੀ ਤਾਕਤਾਂ ਵਲੋਂ ਦਬਾਓ ਦੇ ਸਵਾਲ ਬਾਰੇ, ਤਾਕਤਾਂ ਜੋ ਮਰਨਹਾਰ ਹੱਦ ਤਕ ਡਰਿਆ ਹੋਇਆ **ਨੋਵਾਇਆ ਯ਼ੀਜ਼ਨ** ਸਾਨੂੰ ਯਕੀਨ ਦਵਾਉਂਦਾ ਹੈ, ਪ੍ਰੋਲਤਾਰੀਅਨ ਡਿਕਟੇਟਰ-ਸ਼ਿਪ ਨੂੰ ਹੂੰਝ ਲਿਜਾਣਗੀਆਂ, ਇਕ ਹੋਰ ਘੋਰ ਮਨਤਕੀ ਤੇ ਰਾਜਸੀ ਗਲਤੀ ਕੀਤੀ ਜਾਂਦੀ ਹੈ, ਜਿਸ ਨੂੰ ਸਿਰਫ ਉਹ ਲੋਕ ਵੇਖਣੋਂ ਅਸਮਰੱਥ ਹਨ ਜਿਹਨਾਂ ਨੇ ਆਪਣੇ ਆਪ ਨੂੰ ਡਰਾ ਕੇ ਆਪਣੀ ਮੱਤ ਹੀ ਮਾਰ ਸੁਟਣ ਦੀ ਆਗਿਆ ਦਿਤੀ ਹੋਈ ਹੈ।

"ਵਿਰੋਧੀ ਤਾਕਤਾਂ ਦਾ ਦਬਾਉ ਪਰੋਲਤਾਰੀ ਡਿਕਟੇਟਰਸ਼ਿਪ ਨੂੰ ਹੂੰਝ ਲਿਜਾਏਗਾ," ਤੁਸੀਂ ਕਹਿੰਦੇ ਹੋ। ਠੀਕ। ਪਰ ਪਿਆਰੇ ਸਾਥੀ ਨਾਗਰਿਕੋ, ਤੁਸੀਂ ਸਭੇ ਅਰਥ-ਸ਼ਾਸਤ੍ਰੀ ਸੁਸਿੱਖਿਅਤ ਲੋਕ ਹੋ। ਤੁਸੀਂ ਸਭੇ ਜਾਣਦੇ ਹੋ ਕਿ ਜਮਹੂਰੀਅਤ ਨੂੰ ਬੁਰਜੁਆਜ਼ੀ ਦੇ ਟਾਕਰੇ ਉਤੇ ਰਖਣਾ ਬੇਥੁਵੀ ਗੱਲ ਅਤੇ ਅਗਿਆਨਤਾ ਦੀ ਨਿਸ਼ਾਨੀ ਹੈ; ਇਹ ਤਾਂ ਉਵੇਂ ਹੈ ਜਿਵੇਂ ਪੌਂਡਾਂ ਨੂੰ ਗਜ਼ਾਂ ਦੇ ਮੁਕਾਬਲੇ ਰਖਣਾ ਕਿਉਂ ਜੋ ਜਮਹੂਰੀ ਬੁਰਜੁਆਜ਼ੀ ਹੈ ਅਤੇ ਨਿੱਕ-ਬੁਰਜੁਆਜ਼ੀ ਦੇ ਗੈਰ-ਜਮਹੂਰੀ ਗਰੁੱਪ ਹਨ। "ਵਿਰੋਧੀ ਤਾਕਤਾਂ" ਬਸ ਇਕ ਸੱਖਣਾ ਵਾਕੰਸ਼ ਹੈ। ਜਮਾਤੀ ਸੰਕੇਤ ਹੈ **ਬੁਰਜੁਆਜ਼ੀ** (ਜਿਸ ਨੂੰ ਭੋਂ-ਪਤੀਆਂ ਦੀ ਹਮਾਇਤ ਹਾਸਲ ਹੈ।)

ਬੁਰਜੁਆਜ਼ੀ ਅਤੇ ਭੋਂ-ਪਤੀ, ਪ੍ਰੋਲਤਾਰੀਆ, ਅਤੇ ਨਿੱਕ-ਬੁਰਜੁਆਜ਼ੀ, ਛੋਟੇ ਮਾਲਕ ਮੁਖ ਤੌਰ ਉਤੇ ਕਿਸਾਨ—ਇਹ ਹਨ ਤਿੰਨ ਮੁਖ "ਤਾਕਤਾਂ" ਜਿਹਨਾਂ ਵਿਚ **ਹਰ** ਪੂੰਜੀਵਾਦੀ ਦੇਸ਼ ਵਾਂਗ, ਰੂਸ ਵੰਡਿਆ ਹੋਇਆ ਹੈ। ਇਹ ਹਨ ਤਿੰਨ ਮੁਖ "ਤਾਕਤਾਂ" ਜਿਹਨਾਂ ਨੂੰ ਸਿਰਫ ਵਿਗਿਆਨਕ, ਆਰਥਕ ਵਿਸ਼ਲੇਸ਼ਣ ਨੇ ਹੀ ਨਹੀਂ ਸਗੋਂ **ਸਭਨਾਂ** ਦੇਸ਼ਾ ਦੇ ਆਧੁਨਿਕ ਇਤਿਹਾਸ ਦੇ **ਰਾਜਸੀ ਤਜਰਬੇ** ਨੇ, ਅਠਾਰਵੀਂ ਸਦੀ ਤੋਂ ਲੈ ਕੇ **ਸਭਨਾਂ** ਯੂਰਪੀ ਇਨਕਲਾਬਾਂ ਦੇ ਤਜਰਬੇ ਨੇ, 1905 ਅਤੇ 1917 ਦੇ ਦੋ ਰੂਸੀ ਇਨਕਲਾਬਾਂ ਦੇ ਤਜਰਬੇ ਨੇ ਵੀ ਹਰ ਪੂੰਜੀਵਾਦੀ ਦੇਸ਼ (ਸਮੇਤ ਰੂਸ ਦੇ) ਵਿਚ ਪ੍ਰਗਟਾਇਆ ਹੈ।

ਸੋ, ਤੁਸੀਂ ਪ੍ਰੋਲਤਾਰੀਏ ਨੂੰ ਇਸ ਸੰਭਾਵਨਾ ਨਾਲ ਧਮਕਾਉਂਦੇ ਹੋ ਕਿ ਬੁਰਜੁਆਜ਼ੀ ਦਾ ਦਬਾਉ ਇਹਦੇ ਰਾਜ ਨੂੰ ਹੂੰਝ ਕੇ ਸੁਟ ਦੇਵੇਗਾ? ਤੁਹਾਡੀ ਧਮਕੀ ਬਸ ਇਹੋ ਹੈ, ਇਹਦੇ ਹੋਰ ਕੋਈ ਅਰਥ ਨਹੀਂ।

ਠੀਕ। ਜੇ, ਮਿਸਾਲ ਲਈ, ਬੁਰਜੁਆਜ਼ੀ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਦੇ ਰਾਜ ਨੂੰ ਹੂੰਝ ਕੇ ਸੁਟ ਸਕਦੀ ਹੈ ਤਾਂ ਇਕੋ-ਇਕ ਬਦਲ "ਕੁਲੀਸ਼ਨ" ਅਰਥਾਤ ਨਿੱਕ-ਬੁਰਜੁਆਜ਼ੀ ਅਤੇ ਬੁਰਜੁਆਜ਼ੀ ਵਿਚਕਾਰ ਗੱਠਜੋੜ ਜਾਂ ਸਮਝੌਤਾ ਹੈ। ਹੋਰ ਕੁਝ ਵੀ ਸੋਚਿਆ ਨਹੀਂ ਜਾ ਸਕਦਾ।

ਪਰ ਕੁਲੀਸ਼ਨ ਨੂੰ ਲਗ-ਪਗ ਛੇ ਮਹੀਨੇ ਅਜ਼ਮਾਇਆ ਜਾ ਚੁਕਿਆ ਹੈ ਅਤੇ ਇਹਦਾ ਨਤੀਜਾ ਦੀਵਾਲੀਏਪਣ ਵਿਚ ਨਿਕਲਿਆ ਹੈ ਅਤੇ ਖੁਦ ਤੁਸਾਂ, ਮੇਰੇ ਪਿਆਰੇ ਪਰ **ਨੋਵਾਇਆ ਯ਼ੀਜ਼ਨ** ਦੇ ਬੁੱਧੂ ਨਾਗਰਿਕੋ, ਕੁਲੀਸ਼ਨ ਨੂੰ **ਤਿਆਗਿਆ** ਹੈ।

ਤਾਂ ਸਾਨੂੰ ਕੀ ਮਿਲਦਾ ਹੈ?

ਤੁਸੀਂ **ਨੋਵਾਇਆ ਯ਼ੀਜ਼ਨ** ਦੇ ਨਾਗਰਿਕੋ, ਏਨੇ ਹੜਬੜਾ ਗਏ ਹੋ, ਤੁਸੀਂ ਆਪਣੇ ਆਪ ਨੂੰ ਏਡਾ ਡਰਾ ਦਿਤਾ ਹੈ ਕਿ ਤੁਸੀਂ ਗਿਣਤੀ, ਇਥੋਂ ਤਕ ਕਿ ਤਿੰਨ ਤਕ ਗਿਣਨ ਦੇ ਅਤਿ ਸਰਲ ਮਾਮਲੇ ਵਿਚ ਸਿੱਧੇ ਨਹੀਂ ਸੋਚ ਸਕਦੇ, **ਪੰਜਾਂ ਤਕ ਦੀ ਤਾਂ ਗੱਲ ਹੀ ਛਡੋ।**

ਜਾਂ ਤਾਂ ਸਾਰੀ ਸੱਤਾ ਬੁਰਜੁਆਜ਼ੀ ਨੂੰ—ਨਾਹਰਾ ਜਿਸ ਦੀ ਹਮਾਇਤ ਤੁਸਾਂ ਚਿਰੋਕਣੀ ਬੰਦ ਕਰ ਦਿਤੀ ਹੋਈ ਹੈ ਖੁਦ ਬੁਰਜੁਆਜ਼ੀ ਜਿਸ ਦਾ ਇਸ਼ਾਰਾ ਤਕ ਕਰਨ ਦਾ ਹੌਂਸਲਾ ਨਹੀਂ ਕਰ ਸਕਦੀ ਕਿਉਂ ਜੋ ਉਹ ਜਾਣਦੀ ਹੈ ਕਿ ਲੋਕਾਂ ਨੇ 20-21 ਅਪਰੈਲ ਦੀਆਂ ਘਟਨਾਵਾਂ ਸਮੇਂ

ਮੋਢੇ ਦੇ ਇਕੋ ਧੱਕੇ ਨਾਲ ਇਸ ਸੱਤਾ ਦਾ ਤਖ਼ਤਾ ਉਲਟਾ ਦਿਤਾ ਸੀ ਅਤੇ ਹੁਣ ਉਸ ਤੋਂ ਤੀਣੀ ਦ੍ਰਿੜ੍ਹਤਾ ਅਤੇ ਬੇਫ਼ਿਕਰੀ ਨਾਲ ਇਹਦਾ **ਤਖਤਾ ਉਲਟਾ ਦੇਣਗੇ**. ਜਾਂ ਨਿੱਕ-ਬੁਰਜੁਆਜ਼ੀ ਹੱਥ ਸੱਤਾ ਅਰਥਾਤ ਇਹਦੇ ਤੇ ਬੁਰਜੁਆਜ਼ੀ ਵਿਚਕਾਰ ਕੁਲੀਸ਼ਨ (ਗੱਠਜੋੜ-ਸਮਝੌਤਾ) ਕਿਉਂ ਜੋ ਨਿੱਕ-ਬੁਰਜੁਆਜ਼ੀ ਇਕੱਲਿਆਂ ਅਤੇ ਸੁਆਧੀਨ ਤੌਰ ਉਤੇ ਸੱਤਾ ਨਹੀਂ ਸੰਭਾਲ ਸਕਦੀ ਜਿਵੇਂ ਕਿ ਸਭ ਇਨਕਲਾਬਾਂ ਦੇ ਤਜਰਬੇ ਨੇ ਸਿੱਧ ਕੀਤਾ ਹੈ, ਅਤੇ ਜਿਵੇਂ ਕਿ ਅਰਥ-ਸ਼ਾਸਤਰ ਨੇ ਸਿੱਧ ਕੀਤਾ ਹੈ ਜਿਹੜਾ ਸਪੱਸ਼ਟ ਕਰ ਕੇ ਸਮਝਾਉਂਦਾ ਹੈ ਕਿ ਪੂੰਜੀਵਾਦੀ ਦੇਸ਼ਾਂ ਵਿਚ ਪੂੰਜੀ ਲਈ ਡਟਣਾ ਸੰਭਵ ਹੈ ਅਤੇ ਕਿਰਤ ਲਈ ਡਟਣਾ ਸੰਭਵ ਹੈ ਪਰ ਇਹਨਾਂ ਵਿਚਾਲੇ ਬਹੁਤਾ ਚਿਰ ਖੜੇ ਰਹਿਣਾ ਅਸੰਭਵ ਹੈ। ਰੂਸ ਵਿਚ ਇਸ ਕੁਲੀਸ਼ਨ ਨੇ ਛੇ ਮਹੀਨਿਆਂ ਲਈ ਦਰਜਨਾਂ ਹੀ ਰਾਹ ਅਜ਼ਮਾਏ ਹਨ ਅਤੇ ਅਸਫਲ ਰਹੀ ਹੈ।

ਜਾਂ ਅੰਤ ਵਿਚ ਬੁਰਜੁਆਜ਼ੀ ਦੇ ਮੁਕਾਬਲੇ ਨੂੰ ਤੋੜਨ ਲਈ ਇਹਦੇ ਵਿਰੁਧ ਪ੍ਰੋਲਤਾਰੀਆ ਤੇ ਗਰੀਬ ਕਿਸਾਨਾਂ ਨੂੰ ਸਾਰੀ ਸੱਤਾ ਸੌਂਪਣਾ। ਇਹਨੂੰ ਅਜ਼ਮਾਇਆ ਨਹੀਂ ਗਿਆ, ਅਤੇ ਤੁਸੀਂ **ਨੋਵਾਇਆ ਜ਼ੀਜ਼ਨ** ਦੇ ਭੱਦਰ ਪੁਰਸ਼ੋ, ਲੋਕਾਂ ਨੂੰ ਇਸ ਤੋਂ **ਹੋੜ ਰਹੇ** ਹੋ, ਤੁਸੀਂ ਬੁਰਜੁਆਜ਼ੀ ਤੋਂ ਖ਼ੁਦ ਆਪਣੇ ਡਰ ਨਾਲ ਉਹਨਾਂ ਨੂੰ ਡਰਾਉਣ ਦਾ ਯਤਨ ਕਰ ਰਹੇ ਹੋ।

ਕੋਈ ਚੌਥਾ ਰਾਹ ਲਭਿਆ ਨਹੀਂ ਜਾ ਸਕਦਾ।

ਇਸ ਲਈ ਜੇ **ਨੋਵਾਇਆ ਜ਼ੀਜ਼ਨ** ਪ੍ਰੋਲਤਾਰੀ ਡਿਕਟੇਟਰਸ਼ਿਪ ਤੋਂ ਡਰਦਾ ਹੈ ਅਤੇ ਇਹਨੂੰ ਰੱਦ ਕਰਦਾ ਹੈ ਕਿਉਂ ਜੋ, ਜਿਵੇਂ ਕਿ ਉਹ ਦਾਹਵਾ ਕਰਦਾ ਹੈ, ਪ੍ਰੋਲਤਾਰੀ ਸੱਤਾ ਨੂੰ ਬੁਰਜੁਆਜ਼ੀ ਹਾਰ ਦੇ ਸਕਦੀ ਹੈ, ਇਹ ਪੂੰਜੀਵਾਦੀਆਂ ਨਾਲ **ਸਮਝੌਤੇ** ਦੀ ਪੁਜ਼ੀਸ਼ਨ ਵਲ **ਗੁਪਤ ਤੌਰ ਉਤੇ ਮੁੜਨ** ਦੇ ਬਰਾਬਰ ਹੈ। ਇਹ ਦਿਨ ਦੇ ਚਾਨਣ ਵਾਂਗ ਸਪੱਸ਼ਟ ਹੈ ਕਿ ਜਿਹੜਾ ਕੋਈ ਵੀ ਮੁਕਾਬਲੇ ਤੋਂ ਡਰਦਾ ਹੈ, ਜਿਸ ਕਿਸੇ ਨੂੰ ਇਹ ਯਕੀਨ ਨਹੀਂ ਹੈ ਕਿ ਇਸ ਮੁਕਾਬਲੇ ਨੂੰ ਤੋੜਨਾ ਸੰਭਵ ਹੈ, ਜਿਹੜਾ ਕੋਈ ਲੋਕਾਂ ਨੂੰ ਖਬਰਦਾਰ ਕਰਦਾ ਹੈ। "ਪੂੰਜੀਪਤੀਆਂ ਦੇ ਮੁਕਾਬਲੇ ਤੋਂ ਖਬਰਦਾਰ, ਤੁਸੀਂ ਇਹਦਾ ਮੁਕਾਬਲਾ ਨਹੀਂ ਕਰ ਸਕੋਗੇ," ਉਹ **ਇਸ ਤਰ੍ਹਾਂ** ਮੁੜ ਪੂੰਜੀਪਤੀਆਂ ਨਾਲ ਸਮਝੌਤੇ ਲਈ ਕਹਿੰਦਾ ਹੈ।

ਨੋਵਾਇਆ ਜ਼ੀਜ਼ਨ ਬੇਚਾਰੀ ਤਰ੍ਹਾਂ ਅਤੇ ਤਰਸਯੋਗ ਤਰ੍ਹਾਂ ਹੜਬੜਾਇਆ ਹੋਇਆ, ਜਿਵੇਂ ਕਿ ਸਭ ਨਿੱਕ-ਬੁਰਜੂਆ ਜਮਹੂਰੀਅਤ-ਪਸੰਦ ਹਨ ਜਿਹਨਾਂ ਹੁਣ ਸਮਝ ਲਿਆ ਹੈ ਕਿ ਕੁਲੀਸ਼ਨ ਦਾ ਦੀਵਾਲਾ ਨਿਕਲ ਚੁੱਕਾ ਹੈ, ਉਹ ਖੁਲ੍ਹਮ-ਖੁਲ੍ਹਾ ਇਹਦਾ ਬਚਾਉ ਕਰਨ ਦਾ ਹੌਸਲਾ ਨਹੀਂ ਕਰਦੇ ਅਤੇ, ਇਹਦੇ ਨਾਲ ਹੀ ਬੁਰਜੁਆਜ਼ੀ ਜਿਹਨਾ ਦੀ ਰੱਖਿਆ ਕਰਦੀ ਹੈ, ਜਿਹੜੇ ਪ੍ਰੋਲਤਾਰੀਅਨਾਂ ਅਤੇ ਗਰੀਬ ਕਿਸਾਨਾਂ ਦੇ ਹੱਥ ਸਾਰੀ ਸੱਤਾ ਦੇਣੋਂ ਡਰਦੇ ਹਨ।

... ...

ਪੂੰਜੀਪਤੀਆਂ ਦੇ ਮੁਕਾਬਲੇ ਤੋਂ ਡਰਨਾ ਅਤੇ ਫੇਰ ਵੀ ਆਪਣੇ ਆਪ ਨੂੰ ਇਨਕਲਾਬੀ ਸਦਵਾਣਾ, ਇਹ ਚਾਹੁਣਾ ਕਿ ਤੁਹਾਨੂੰ ਸੋਸ਼ਲਿਸਟ ਸਮਝਿਆ ਜਾਵੇ—ਕੀ ਇਹ ਨਮੋਸ਼ੀ ਵਾਲੀ ਗੱਲ ਨਹੀਂ ? ਜੇ ਅਜੇਹੀਆਂ ਅਵਾਜ਼ਾਂ ਕਢੀਆਂ ਜਾ **ਸਕਦੀਆਂ** ਹਨ ਤਾ ਮੌਕਾਪ੍ਰਸਤੀ ਨਾਲੋਂ ਕੁਰੱਪਟ ਕੀਤਾ ਕੌਮਾਂਤਰੀ ਸੋਸ਼ਲਿਜ਼ਮ ਸਿਧਾਂਤਕ ਤੌਰ ਤੇ ਕਿੰਨਾ ਨੀਵਾਂ ਡਿਗ ਸਕਦਾ ਹੈ ?

ਅਸੀਂ ਪੂੰਜੀਪਤੀਆਂ ਦੀ ਮੁਕਾਬਲੇ ਦੀ ਤਾਕਤ ਨੂੰ ਪਹਿਲਾਂ ਹੀ ਵੇਖ ਚੁੱਕੇ ਹਾਂ, ਸਮੁੱਚੀ ਜਨਤਾ ਨੇ ਇਹਨੂੰ ਵੇਖਿਆ ਹੈ, ਕਿਉਂ ਜੁ ਪੂੰਜੀਪਤੀ ਦੂਜੀਆਂ ਜਮਾਤਾਂ ਨਾਲੋਂ ਵਧੇਰੇ ਜਮਾਤੀ

ਚੇਤੰਨਤਾ ਵਾਲੇ ਹਨ, ਉਹਨਾਂ ਨੇ ਸੋਵੀਅਤਾਂ ਦੀ ਮਹੱਤਤਾ ਨੂੰ ਤੁਰੰਤ ਹੀ ਸਮਝ ਲਿਆ : ਸੋਵੀਅਤਾਂ ਨੂੰ ਨਿਸਫਲ ਬਨਾਉਣ ਲਈ ਉਹਨਾਂ ਨੂੰ ਸਿਫ਼ਰ ਤੱਕ ਘਟਾਉਣ ਲਈ, ਉਹਨਾਂ ਨੂੰ (ਮੈਨਸ਼ਵਿਕਾਂ ਅਤੇ ਸੋਸ਼ਲਿਸਟ ਇਨਕਲਾਬੀਆਂ ਦੀ ਮੱਦਦ ਨਾਲ) ਅਯੋਗ ਤਰ੍ਹਾਂ ਵਰਤਣ ਲਈ ਇਹਨਾਂ ਨੂੰ ਗੱਪ-ਗੁਹਿਆਂ ਵਿਚ ਤਬਦੀਲ ਕਰਨ ਲਈ ਮਹੀਨਿਆਂ-ਬੱਧੀ ਦੀਆਂ ਸੱਖਣੀਆਂ ਗੱਲਾਂ ਕਰ ਕੇ ਅਤੇ ਇਨਕਲਾਬ ਨਾਲ ਖੇਖਣ ਕਰ ਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਥਕਾ ਦੇਣ ਲਈ ਤੁਰੰਤ ਹੀ ਆਪਣੇ ਸਾਰੇ ਜਤਨ ਵੱਧ ਤੋਂ ਵੱਧ ਲਾਏ, ਹਰ ਹੀਲਾ ਵਰਤਿਆ, ਅਤਿ ਨਾ-ਕਾਬਿਲੇ-ਇਤਬਾਰ ਝੂਠਾਂ ਅਤੇ ਊਜਾਂ ਦਾ ਆਸਰਾ ਲਿਆ।

ਪਰ ਅਸਾਂ ਅਜੇ ਤੱਕ ਪ੍ਰੋਲਤਾਰੀਅਨਾਂ ਅਤੇ ਗ਼ਰੀਬ ਕਿਸਾਨਾਂ ਦੀ ਤਾਕਤ ਨਹੀਂ ਵੇਖੀ, ਕਿਉਂ ਜੁ ਇਹ ਤਾਕਤ ਸਿਰਫ਼ ਉਦੋਂ ਹੀ ਪੂਰੀ ਤਰ੍ਹਾਂ ਪ੍ਰਤੱਖ ਹੋਵੇਗੀ ਜਦੋਂ ਸੱਤਾ ਪ੍ਰੋਲਤਾਰੀਏ ਦੇ ਹੱਥ ਆ ਜਾਵੇਗੀ, ਜਦੋਂ ਲਖੂ-ਖਾ, ਕਰੋੜ-ਹਾ ਲੋਕ ਜਿਹਨਾਂ ਨੂੰ ਥੁੜ ਨੇ ਪੂੰਜੀਵਾਦੀ ਗੁਲਾਮੀ ਨੇ ਕੁਚਲ ਰਖਿਆ ਹੋਇਆ ਹੈ, ਤਜਰਬੇ ਤੋਂ ਵੇਖਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਰਾਜ-ਸੱਤਾ ਮਜ਼ਲੂਮ ਜਮਾਤਾਂ ਦੇ ਹੱਥਾਂ ਵਿਚ ਚਲੀ ਗਈ ਹੈ ਕਿ ਰਾਜ ਭੋਂ-ਪਤੀਆਂ ਅਤੇ ਪੂੰਜੀਪਤੀਆਂ ਦੇ ਮੁਕਾਬਲੇ ਨੂੰ ਤੋੜ ਰਿਹਾ ਹੈ, ਸਿਰਫ਼ ਉਦੋਂ ਹੀ ਅਸੀਂ ਵੇਖਾਂਗੇ ਕਿ ਪੂੰਜੀਪਤੀਆਂ ਦਾ ਮੁਕਾਬਲਾ ਕਰਨ ਲਈ ਲੋਕਾਂ ਵਿਚ ਕਿਹੜੀਆਂ ਤਾਕਤਾਂ ਅਣ-ਵਰਤੀਆਂ ਛੁਪੀਆਂ ਹੋਈਆਂ ਪਈਆਂ ਹਨ, ਸਿਰਫ਼ ਉਦੋਂ ਹੀ ਉਹ ਆਪਣੇ ਆਪ ਨੂੰ ਪ੍ਰਗਟਾਏਗਾ, ਜੀਹਨੂੰ ਏਂਗਲਜ਼ ਨੇ "ਗੁਪਤ ਸੋਸ਼ਲਿਜ਼ਮ" ਆਖਿਆ ਸੀ। ਸਿਰਫ਼ ਉਦੋਂ ਹੀ, ਮਜ਼ਦੂਰ ਜਮਾਤ ਦੇ ਰਾਜ ਦੇ ਹਰ ਦਸ ਹਜ਼ਾਰ ਖੁਲ੍ਹੇ ਤੇ ਛੁਪੇ ਹੋਏ ਦੁਸ਼ਮਣਾਂ ਪਿੱਛੇ ਜਿਹੜੇ ਆਪਣੇ ਆਪ ਦਾ ਪ੍ਰਗਟਾਅ ਸਰਗਰਮ ਜਾਂ ਨਿਸਕ੍ਰਿਆ ਮੁਕਾਬਲੇ ਨਾਲ ਕਰਦੇ ਹਨ, ਦਸ ਲੱਖ ਨਵੇਂ ਯੋਧੇ ਪੈਦਾ ਹੋਣਗੇ ਜਿਹੜੇ ਰਾਜਸੀ ਤੌਰ ਤੇ ਸੁੱਤੇ ਰਹੇ ਹਨ, ਗ਼ਰੀਬੀ ਤੇ ਨਿਰਾਸਤਾ ਦੇ ਤਸੀਹੇ ਭੁਗਦੇ ਰਹੇ ਹਨ, ਉਹਨਾਂ ਨੂੰ ਯਕੀਨ ਹੀ ਨਹੀਂ ਰਿਹਾ ਕਿ ਉਹ ਮਨੁੱਖ ਹਨ ਕਿ ਉਹਨਾਂ ਨੂੰ ਜਿਉਣ ਦਾ ਅਧਿਕਾਰ ਹੈ ਕਿ ਆਧੁਨਿਕ ਕੇਂਦਰਤ ਰਾਜ ਦੀ ਸਮੁੱਚੀ ਤਾਕਤ ਉਹਨਾਂ ਦੇ ਕੰਮ ਆ ਸਕਦੀ ਹੈ, ਕਿ ਪ੍ਰੋਲਤਾਰੀ ਮਿਲੀਸ਼ੀਆ ਦੇ ਦਸਤੇ ਅਤਿ ਪੂਰਨ ਭਰੋਸੇ ਨਾਲ ਰਾਜ ਦੇ ਸ਼ਾਸਨ ਵਿਚ ਸਿੱਧਾ ਤਤਕਾਲੀ, ਰੋਜ਼ਾਨਾ ਹਿੱਸਾ ਲੈਣ ਲਈ ਉਹਨਾਂ ਨੂੰ ਸੱਦਾ ਦੇ ਸਕਦੇ ਹਨ।

ਪੂੰਜੀਪਤੀਆਂ ਤੇ ਭੋਂ-ਪਤੀਆਂ ਨੇ ਪਲੈਖਾਨੋਵ, ਬਰੇਸ਼ਕੋਵਸਕਾਇਆ, ਤਸੇਰੇਤੇਲੀ, ਚੇਰਨੋਵ ਐਂਡ ਕੰਪਨੀ ਦੀ ਦਿਆਲੂ ਮੱਦਦ ਨਾਲ ਜਮਹੂਰੀ ਗਣਰਾਜ ਨੂੰ ਭ੍ਰਿਸ਼ਟ ਕਰਨ ਲਈ, ਇਹਨੂੰ ਧਨ ਦੀ ਗ਼ੁਲਾਮੀ ਨਾਲ ਇਸ ਹੱਦ ਤੱਕ ਭ੍ਰਿਸ਼ਟ ਕਰਨ ਲਈ ਕਿ ਲੋਕਾਂ ਉਤੇ ਬੇਦਿਲੀ ਅਤੇ ਬੇਪਰਵਾਹੀ ਭਾਰੂ ਹੋ ਜਾਵੇ, ਆਪਣੀ ਸਮਰਥਾ ਅਨੁਸਾਰ ਸਭ ਕੁਝ ਕੀਤਾ ਹੈ, ਇਹ ਉਹਨਾਂ ਲਈ ਇਕੋ ਹੀ ਗੱਲ ਹੈ, ਕਿਉਂ ਜੁ ਭੁੱਖਾ ਆਦਮੀ ਗਣਰਾਜ ਤੇ ਬਾਦਸ਼ਾਹਤ ਵਿਚਕਾਰ ਫ਼ਰਕ ਨਹੀਂ ਵੇਖ ਸਕਦਾ, ਓਪਰੇ ਹਿੱਤਾਂ ਲਈ ਆਪਣਾ ਜੀਵਨ ਕੁਰਬਾਨ ਕਰ ਰਿਹਾ, ਯੱਖ ਹੋ ਰਿਹਾ, ਪੈਰੋਂ ਵਾਹਣਾ, ਥੱਕਿਆ ਟੁੱਟਿਆ ਸਿਪਾਹੀ ਗਣਰਾਜ ਨੂੰ ਪਿਆਰਨ ਦੀ ਰੁਚੀ ਨਹੀਂ ਰੱਖਦਾ।

ਪਰ ਜਦੋਂ ਹਰ ਕਾਮਾ, ਹਰ ਬੇਕਾਰ ਮਜ਼ਦੂਰ, ਹਰ ਰਸੋਈਆ, ਹਰ ਤਬਾਹ-ਹਾਲ ਕਿਸਾਨ ਅਖ਼ਬਾਰਾਂ ਤੋਂ ਨਹੀਂ ਜਾਣਦਾ, ਸਗੋਂ ਖ਼ੁਦ ਆਪਣੀਆਂ ਅੱਖਾਂ ਨਾਲ ਵੇਖਦਾ ਹੈ ਕਿ ਪ੍ਰੋਲਤਾਰੀ ਰਾਜ ਧਨ ਨਾਲ ਚੰਬੜਿਆ ਹੋਇਆ ਨਹੀਂ, ਸਗੋਂ ਗ਼ਰੀਬਾਂ ਦੀ ਮੱਦਦ ਕਰ ਰਿਹਾ ਹੈ ਕਿ ਇਹ ਰਾਜ ਇਨਕਲਾਬੀ ਕਦਮ ਪੁੱਟਣੋਂ ਝਕਦਾ ਨਹੀਂ ਕਿ ਇਹ ਪਰਜੀਵੀਆਂ ਤੋਂ ਖਾਧ-ਖੁਰਾਕ ਦੇ ਸਮਾਨ ਦੇ ਫਾਲਤੂ ਸਟਾਕ ਜ਼ਬਤ ਕਰਦਾ ਹੈ ਅਤੇ ਭੁੱਖਿਆਂ ਨੂੰ ਵੰਡਦਾ ਹੈ ਕਿ ਇਹ ਬੇਘਰਾਂ ਨੂੰ

ਤਾਕਤ ਦੇ ਜ਼ੋਰ ਅਮੀਰਾਂ ਦੇ ਘਰਾਂ ਵਿਚ ਟਿਕਾਣਾ ਦਿੰਦਾ ਹੈ ਕਿ ਇਹ ਅਮੀਰਾਂ ਨੂੰ ਦੁੱਧ ਲਈ ਮੁੱਲ ਤਾਰਨ ਉਤੇ ਮਜਬੂਰ ਕਰਦਾ ਹੈ ਪਰ ਉਹਨਾਂ ਨੂੰ ਉਦੋਂ ਤੱਕ ਇਕ ਟੇਪਾ ਵੀ ਨਹੀਂ ਦੇਂਦਾ ਜਦੋਂ ਤੱਕ ਕਿ ਸਭ ਗ਼ਰੀਬ ਪਰਵਾਰਾਂ ਦੇ ਬੱਚਿਆਂ ਨੂੰ ਕਾਫ਼ੀ ਮਾਤਰਾ ਵਿਚ ਦੁੱਧ ਸਪਲਾਈ ਨਹੀਂ ਕਰ ਦਿੱਤਾ ਜਾਂਦਾ ਕਿ ਜ਼ਮੀਨ ਕਿਰਤੀ ਲੋਕਾਂ ਨੂੰ ਮੁੰਤਕਿਲ ਕੀਤੀ ਜਾ ਰਹੀ ਹੈ ਅਤੇ ਫੈਕਟਰੀਆਂ ਤੇ ਬੈਂਕ ਮਜ਼ਦੂਰਾਂ ਦੇ ਕੰਟਰੋਲ ਹੇਠ ਰੱਖੇ ਜਾ ਰਹੇ ਹਨ ਅਤੇ ਕਿ ਉਹਨਾਂ ਕਰੋੜਪਤੀਆਂ ਨੂੰ ਤੁਰੰਤ ਹੀ ਅਤੇ ਕਰੜੀ ਸਜ਼ਾ ਦਿੱਤੀ ਜਾ ਰਹੀ ਹੈ ਜਿਹੜੇ ਆਪਣਾ ਧਨ ਛੁਪਾਉਂਦੇ ਹਨ—ਜਦੋਂ ਗ਼ਰੀਬ ਇਹ ਵੇਖਦੇ ਤੇ ਮਹਿਸੂਸਦੇ ਹਨ, ਕੋਈ ਵੀ ਪੂੰਜੀਵਾਦੀ ਜਾਂ ਕੁਲਕ ਤਾਕਤਾਂ ਸੰਸਾਰ ਵਿੱਤੀ ਪੂੰਜੀ ਦੀਆਂ ਕੋਈ ਵੀ ਤਾਕਤਾਂ ਜਿਹੜੀਆਂ ਲਖ-ਖਾ ਤੇ ਕਰੋੜ-ਹਾ ਸਮੇਟਦੀਆਂ ਹਨ, ਲੋਕ-ਇਨਕਲਾਬ ਨੂੰ ਹਰਾ ਨਹੀਂ ਸਕਦੀਆਂ। ਇਹਦੇ ਉਲਟ **ਸੋਸ਼ਲਿਸਟ-ਇਨਕਲਾਬ** ਨੂੰ ਦੁਨੀਆ ਭਰ ਵਿਚ ਦਿਗ-ਵਿਜੈ ਪ੍ਰਾਪਤ ਹੋਵੇਗੀ ਕਿਉਂ ਜੁ ਇਹ ਸਭਨਾਂ ਦੇਸ਼ਾਂ ਵਿਚ ਪ੍ਰੌੜ੍ਹ ਹੋ ਰਿਹਾ ਹੈ।

ਸਾਡਾ ਇਨਕਲਾਬ ਅਜਿੱਤ ਹੋਵੇਗਾ ਜੇ ਇਹ ਆਪਣੇ ਆਪ ਤੋਂ ਨਹੀਂ ਡਰਦਾ, ਜੇ ਇਹ ਸਾਰੀ ਸੱਤਾ ਪ੍ਰੋਲਤਾਰੀਏ ਦੇ ਹੱਥ ਵਿਚ ਦੇ ਦਿੰਦਾ ਹੈ ਕਿਉਂ ਜੁ ਸਾਡੇ ਪਿੱਛੇ ਪ੍ਰੋਲਤਾਰੀਏ ਦੀਆਂ ਓੜਕਾਂ ਦੀ ਹੱਦ ਤੱਕ ਵੱਡੀਆਂ ਵਧੇਰੇ ਵਿਕਸਤ, ਵਧੇਰੇ ਸੰਗਠਤ ਸੰਸਾਰ-ਤਾਕਤਾਂ ਖਲੋਤੀਆਂ ਹਨ, ਜਿਹਨਾਂ ਨੂੰ ਜੰਗ ਨੇ ਆਰਜ਼ੀ ਤੌਰ ਉਤੇ ਰੋਕ ਰੱਖਿਆ ਹੋਇਆ ਹੈ। ਪਰ ਜਿਹੜੀਆਂ ਤਬਾਹ ਨਹੀਂ ਹੋਈਆਂ, ਇਹਦੇ ਉਲਟ ਜੰਗ ਨੇ ਇਹਨਾਂ ਨੂੰ ਕਈ ਗੁਣਾਂ ਕਰ ਦਿੱਤਾ ਹੋਇਆ ਹੈ।

... ...

ਇਹ ਡਰ ਭਲਾ ਕਿਵੇਂ ਲੱਗ ਸਕਦਾ ਹੈ ਕਿ ਬਾਲਸ਼ਵਿਕ ਹਕੂਮਤ, ਅਰਥਾਤ, ਪ੍ਰੋਲੇਤਾਰੀ ਹਕੂਮਤ ਜੀਹਨੂੰ ਗਰੀਬ ਕਿਸਾਨਾਂ ਦੀ ਸ਼ਰਧਾਲੂ ਹਮਾਇਤ ਹਾਸਲ ਹੈ, ਪੂੰਜੀਪਤੀ ਭੱਦਰ ਪੁਰਸ਼ਾਂ ਵਲੋਂ "ਹੂੰਝ ਕੇ ਪਰ੍ਹਾਂ ਸੁੱਟੀ ਜਾ ਸਕਦੀ ਹੈ।" ਕੇਡੀ ਨੇੜ-ਦ੍ਰਿਸ਼ਟੀ ! ਲੋਕਾਂ ਦਾ ਕੇਡਾ ਅਪਮਾਨਜਨਕ ਡਰ ! ਕੇਡਾ ਦੰਭ ! ਜਿਹੜੇ ਇਹ ਡਰ ਦਰਸਾਂਦੇ ਹਨ ਉਹ ਉਸ ਉੱਚੇ (ਪੂੰਜੀਵਾਦੀ ਮਿਆਰਾਂ ਤੋਂ ਪਰ ਉਂਝ ਅਸਲ ਵਿਚ ਗਲਿਆ-ਸੜਿਆ) "ਸਮਾਜ" ਨਾਲ ਸੰਬੰਧਤ ਹਨ ਜਿਹੜਾ "ਨਿਆਂ" ਸ਼ਬਦ ਉਚਾਰਦਾ ਹੈ। ਪਰ ਇਸ ਵਿਚ ਵਿਸਵਾਸ ਬਿਨਾਂ ਇਹਨੂੰ ਕੋਈ ਅਰਥ ਨਾ ਦਿੰਦਿਆਂ, ਆਦਤ ਤੋਂ ਇਕ ਤੂੰਛ ਜੇਹੇ ਵਾਕੰਸ਼ ਵਜੋਂ ਉਚਾਰਦਾ ਹੈ।

ਇਥੇ ਇਕ ਮਿਸਾਲ ਦਿੰਦੇ ਹਾਂ।

ਮਿਸਟਰ ਪੇਸੇਖੋਨੋਵ ਇਕ ਉੱਘਾ ਅਧ-ਕੇਡਿਟ ਹੈ। ਉਸ ਤੋਂ ਵਧੇਰੇ ਮਾਡਰੇਟ ਤਰੂਦੋਵਿਕਾਂ, ਬਰੇਸ਼ਕੋਵਸਕਾਇਆਂ ਅਤੇ ਪਲੇਖਾਨੋਵਾਂ ਵਰਗਾ ਹੀ ਇਕ ਦਿਮਾਗ਼ ਲਭਿਆ ਨਹੀਂ ਲਭ ਸਕਦਾ। ਬੁਰਜੂਆਜ਼ੀ ਦਾ ਉਸ ਤੋਂ ਵਧੇਰੇ ਖੁਸਾਮਦੀ ਮੰਤਰੀ ਕੋਈ ਨਹੀਂ ਹੋਇਆ। ਦੁਨੀਆਂ ਨੇ "ਕੁਲੀਸ਼ਨ" ਦਾ, ਪੂੰਜੀਪਤੀਆਂ ਨਾਲ ਸਮਝੌਤੇ ਦਾ ਉਸ ਤੋਂ ਵਧੇਰੇ ਜੁਸ਼ੀਲਾ ਹਮਾਇਤੀ ਕਦੇ ਨਹੀਂ ਤੱਕਿਆ।

ਇਹ ਹੈ ਉਹ ਇਕਬਾਲ ਜੋ ਇਹ ਭੱਦਰ ਪੁਰਸ਼ "ਜਮਹੂਰੀ" (ਪੜ੍ਹੋ ਬੁਲੀਗਿਨ) ਕਾਨਫਰੰਸ ਵਿਚ ਆਪਣੀ ਤਕਰੀਰ ਵਿਚ ਕਰਨ ਉਤੇ **ਮਜਬੂਰ ਹੋਇਆ** ਸੀ, ਜਿਸ ਦੀ ਰਿਪੋਰਟ ਰੱਖਿਆਵਾਂ ਦੀ **ਇਜ਼ਵੇਸਤੀਆ** ਵਿਚ ਛਪੀ ਹੈ :

"ਦੋ ਪਰੋਗਰਾਮ ਹਨ। ਇਕ ਗਰੁੱਪ-ਦਾਹਵਿਆਂ ਦਾ, ਜਮਾਤੀ ਤੇ ਕੌਮੀ ਦਾਹਵਿਆਂ ਦਾ ਪਰੋਗ-ਰਾਮ ਹੈ। ਇਸ ਪਰੋਗਰਾਮ ਦੀ ਹਮਾਇਤ ਬਾਲਸ਼ਵਿਕ ਅਤਿ ਸਪੱਸ਼ਟਤਾ ਨਾਲ ਕਰ ਰਹੇ ਹਨ, ਪਰ

ਜਮਹੂਰੀਅਤ ਦੇ ਦੂਜੇ ਭਾਗਾਂ ਲਈ ਪਰੋਗਰਾਮ ਨੂੰ ਰੱਦ ਕਰਨਾ ਸੌਖਾ ਨਹੀਂ। ਇਹ ਕਿਰਤੀ ਲੋਕਾਂ ਦੇ ਦਾਅਵੇ ਹਨ, ਜਿਹਨਾਂ ਨਾਲ ਧੋਖਾ ਕੀਤਾ ਗਿਆ ਤੇ ਜਿਹਨਾਂ ਉਤੇ ਜ਼ੁਲਮ ਕੀਤੇ ਗਏ ਉਹਨਾਂ ਕੌਮੀਅਤਾਂ ਦੇ ਦਾਹਵੇ ਹਨ। ਇਸ ਲਈ ਜਮਹੂਰੀਅਤ ਲਈ ਬਾਲਸ਼ਵਿਕਾਂ ਨਾਲੋਂ ਟੁੱਟਣਾ ਸੌਖਾ ਨਹੀਂ, ਇਹਨਾਂ ਜਮਾਤੀ ਮੰਗਾਂ ਨੂੰ ਰੱਦ ਕਰਨਾ ਸੌਖਾ ਨਹੀਂ, ਮੁੱਖ ਤੌਰ ਉਤੇ ਇਸ ਕਾਰਨ ਕਿਉਂ ਜੁ ਆਪਣੇ ਸਾਰ ਵਿਚ ਇਹ ਮੰਗਾ ਨਿਆਈਂ ਹਨ। ਪਰ ਇਹ ਪਰੋਗਰਾਮ ਜੀਹਦੇ ਲਈ ਅਸੀਂ ਇਨਕਲਾਬ ਤੋਂ ਪਹਿਲਾਂ ਲੜੇ, ਜੀਹਦੇ ਲਈ ਅਸਾਂ ਇਨਕਲਾਬ ਕੀਤਾ, ਅਤੇ ਜਿਸ ਦੀ ਹਮਾਇਤ ਅਸੀਂ ਸਭਨਾ ਨੇ ਹਰ ਹਲਾਤ ਵਿਚ ਸਰਬ-ਸੰਮਤੀ ਨਾਲ ਕਰਨੀ ਸੀ, ਵਰਤਮਾਨ ਹਾਲਤਾਂ ਵਿਚ ਬੜਾ ਗੰਭੀਰ ਖਤਰਾ ਹੈ। ਹੁਣ ਖਤਰਾ ਹੋਰ ਵੀ ਵਡੇਰਾ ਹੈ, ਕਿਉਂ ਜੁ ਇਹ ਮੰਗਾਂ ਉਸ ਸਮੇਂ ਪੇਸ਼ ਕੀਤੀਆਂ ਜਾ ਰਹੀਆਂ ਹਨ ਜਦੋਂ ਰਾਜ ਲਈ ਇਹਨਾਂ ਨੂੰ ਪੂਰਾ ਕਰਨਾ ਅਸੰਭਵ ਹੈ। ਸਭ ਤੋਂ ਪਹਿਲਾ ਸਾਨੂੰ ਸਮੁੱਚੇ ਰਾਜ ਦੀ ਰਖਿਆ ਕਰਨੀ ਚਾਹੀਦੀ ਹੈ, ਇਹਨੂੰ ਨਾਸ ਹੋਣੋਂ ਬਚਾ-ਉਣਾ ਚਾਹੀਦਾ ਹੈ, ਅਤੇ ਅਜਿਹਾ ਕਰਨ ਦਾ ਸਿਰਫ ਇਕੋ ਰਾਹ ਹੈ; ਮੰਗਾਂ ਦੀ ਪੂਰਤੀ ਨਹੀਂ, ਉਹ ਭਾਵੇਂ ਕੇਡੀਆਂ ਹੀ ਨਿਆਈਂ ਅਤੇ ਢੁਕਵੀਆਂ ਕਿਉਂ ਨਾ ਹੋਣ, ਸਗੋਂ ਇਹਦੇ ਉਲਟ ਰੋਕ ਅਤੇ ਕੁਰਬਾਨੀ, ਜਿਸ ਵਿਚ ਸਭ ਹਲਕੇ ਹਿੱਸਾ ਪਾਉਣ।" (**ਇਜ਼ਵੇਸਤੀਆ**, 17 ਸਤੰਬਰ)

ਮਿਸਟਰ ਪਲੈਖ਼ਾਨੋਵ ਇਹ ਸਮਝਣੋਂ ਅਸਮਰੱਥ ਹੈ ਕਿ ਜਿੰਨਾ ਚਿਰ ਸੱਤਾ ਪੂੰਜੀਪਤੀਆਂ ਦੇ ਹੱਥ ਹੈ, ਉਹ ਸਮੁੱਚ ਦੀ **ਨਹੀਂ** ਸਗੋਂ ਰੂਸੀ ਅਤੇ "ਇਤਿਹਾਦੀ" ਸਾਮਰਾਜੀ ਪੂੰਜੀ ਦੇ ਸਵਾਰਥੀ ਹਿਤਾ ਦੀ ਰੱਖਿਆ ਕਰ ਰਿਹਾ ਹੈ। ਮਿਸਟਰ ਪੇਸ਼ੇਖੋਨੋਵ ਇਹ ਸਮਝਣੋਂ ਅਸਮਰੱਥ ਹੈ ਕਿ ਪੂੰਜੀ-ਪਤੀਆਂ ਨਾਲ ਵਿਗਾੜ ਪਿਛੋਂ ਹੀ **ਉਹਨਾਂ ਦੀਆਂ** ਗੁਪਤ ਸੰਧੀਆਂ ਨਾਲੋਂ, **ਉਹਨਾਂ ਦੇ** ਇਲ-ਹਾਕਾ (ਦੂਜੇ ਦੇਸ਼ਾ ਦੇ ਇਲਾਕਿਆ ਉਤੇ ਕਬਜ਼ਾ) ਨਾਲੋਂ **ਉਹਨਾਂ** ਦੇ ਬੈਂਕਿੰਗ ਤੇ ਵਿੱਤੀ ਧੋਖੇ ਠੱਗੀਆ ਨਾਲੋਂ ਟੁਟਣ ਪਿਛੋਂ ਹੀ ਜੰਗ ਸਾਮਰਾਜੀ, ਇਲਹਾਕ ਦੀ ਧਾੜਵੀ ਜੰਗ ਨਹੀਂ ਰਹੇਗੀ। ਮਿਸਟਰ ਪੇਸ਼ੇਖੋਨੋਵ ਇਹ ਸਮਝਣੋਂ ਅਸਮਰੱਥ ਹੈ ਕਿ ਸਿਰਫ ਇਹਦੇ **ਪਿਛੋਂ** ਹੀ ਇਹ ਜੰਗ—ਜੇ ਦੁਸ਼ਮਣ ਨੇ ਨਿਆਈ ਅਮਨ ਦੀ ਰਸਮੀ ਪੇਸ਼ਕਸ਼ ਕਰ ਦਿਤੀ—ਰੱਖਿਆ ਦੀ ਜੰਗ ਬਣੇਗੀ, ਨਿਆਈ ਜੰਗ। ਮਿਸਟਰ ਪੇਸ਼ੇਖੋਨੋਵ ਇਹ ਸਮਝਣੋਂ ਅਸਮਰੱਥ ਹੈ ਕਿ ਉਸ ਦੇਸ ਦੀ ਰੱਖਿਆ-ਸਮਰਥਾ, ਜਿਸ ਨੇ ਪੂੰਜੀ ਦਾ ਜੂਲਾ ਧੌਣੋਂ ਲਾਹ ਕੇ ਵਗਾਹ ਮਾਰਿਆ ਹੋਵੇ, ਜੀਹਨੇ ਕਿਸਾਨਾਂ ਨੂੰ ਜ਼ਮੀਨ ਦਿਤੀ ਹੋਵੇ ਅਤੇ ਬੈਂਕ ਤੇ ਫੈਕਟਰੀਆਂ ਮਜ਼ਦੂਰਾਂ ਦੇ ਕੰਟਰੋਲ ਹੇਠ ਰਖ ਦਿਤੀਆਂ ਹੋਣ, ਪੂੰਜੀਵਾਦੀ ਦੇਸ਼ ਦੀ ਰੱਖਿਆ-ਸਮਰਥਾ ਨਾਲੋਂ **ਕਈ ਗੁਣਾਂ** ਹੋਵੇਗੀ।

ਮੁਖ ਚੀਜ਼, ਜਿਸ ਨੂੰ ਮਿਸਟਰ ਪੇਸ਼ੇਖੋਨੋਵ ਸਮਝਣੋਂ **ਅਸਮਰੱਥ** ਹੈ, ਇਹ ਹੈ ਕਿ ਉਹ ਆਪਣੀ ਸਮੁੱਚੀ ਪੁਜ਼ੀਸ਼ਨ ਸਮੁੱਚੀ ਨਿਕ-ਬੁਰਜੂਆ ਜਮਹੂਰੀਅਤ ਦੀ ਸਮੁੱਚੀ ਪੁਜ਼ੀਸ਼ਨ ਨੂੰ ਤਿਆਗ ਦਿੰਦਾ ਹੈ ਜਦੋਂ ਉਹ ਬਾਲਸ਼ਵਿਜ਼ਮ ਦੇ ਨਿਆਂ ਨੂੰ ਮੰਨਣ ਉਤੇ, ਇਹ ਮੰਨਣ ਉਤੇ ਮਜਬੂਰ ਹੁੰਦਾ ਹੈ ਕਿ ਇਹ-ਦੀਆਂ ਮੰਗਾਂ "**ਕਿਰਤੀ ਲੋਕਾਂ**" ਦੀਆਂ ਅਰਥਾਤ, ਲੋਕਾਂ ਦੀ ਬਹੁ-ਗਿਣਤੀ ਦੀਆਂ ਮੰਗਾਂ ਹਨ।

ਅਤੇ ਇਸੇ ਵਿਚ ਸਾਡੀ ਸ਼ਕਤੀ ਹੈ, ਇਸੇ ਲਈ ਸਾਡੀ ਹਕੂਮਤ ਅਜਿੱਤ ਹੋਵੇਗੀ, ਕਿਉਂ ਜੁ ਸਾਡੇ ਵਿਰੋਧੀ ਵੀ ਇਹ ਮੰਨਣ ਉਤੇ ਮਜਬੂਰ ਹਨ ਕਿ ਬਾਲਸ਼ਵਿਕ ਪਰੋਗਰਾਮ "ਕਿਰਤੀ ਲੋਕਾਂ" ਦਾ ਅਤੇ "ਮਜ਼ਲੂਮ ਕੌਮੀਅਤਾਂ" ਦਾ ਪਰੋਗਰਾਮ ਹੈ।

ਅੰਤ, ਮਿਸਟਰ ਪੇਸ਼ੇਖੋਨੋਵ, ਕੈਡਿਟਾਂ ਦਾ, **ਏਦੀਨਸਤਵੋ** ਤੇ **ਦਾਈਲੋ ਨਾਰੋਦਾ** ਦੇ ਲੋਕਾਂ ਦਾ ਬਰੇਸ਼ਕੋਵਸਕਾਇਆਂ ਦੇ ਪਲੈਖਾਨੋਵਾਂ ਦਾ ਰਾਜਸੀ ਮਿੱਤਰ ਹੈ ਉਹ ਕੁਲਕਾਂ ਦਾ ਅਤੇ ਉਹਨਾਂ

ਭੱਦਰ ਪੁਰਸ਼ਾਂ ਦਾ ਪ੍ਰਤੀਨਿਧ ਹੈ ਜਿਹਨਾਂ ਦੀਆਂ ਪਤਨੀਆਂ ਤੇ ਭੈਣਾਂ ਭਲਕੇ ਫੱਟੜ ਹੋਏ ਬਾਲਸ਼ਵਿਕਾਂ ਦੀਆਂ, ਜੇਕਰ ਉਹਨਾਂ ਨੂੰ ਕੋਰਨੀਲੋਵ ਦੀਆਂ ਜਾਂ (ਇਹ ਉਹੋ ਗੱਲ ਹੈ) ਕੇਰੇਨਸਕੀ ਦੀਆਂ ਫੌਜਾਂ ਨੇ ਹਾਰ ਦੇ ਦਿਤੀ, ਅੱਖਾਂ ਕੱਢਣ ਲਈ ਆਪਣੀਆਂ ਛਤਰੀਆਂ ਲੈ ਕੇ ਆਉਣਗੀਆਂ।

ਇਸ ਵਰਗਾ ਭੱਦਰ ਪੁਰਸ਼, ਬਾਲਸ਼ਵਿਕ ਮੰਗਾਂ ਦੇ "ਨਿਆਈ" ਹੋਣ ਨੂੰ ਮੰਨਣ ਉਤੇ ਮਜਬੂਰ ਹੈ।

ਉਹਦੇ ਲਈ "ਨਿਆਂ" ਬਸ ਇਕ ਸੱਖਣਾ ਸਬਦ ਹੈ। ਪਰ ਅਧ-ਪ੍ਰੋਲਤਾਰੀਅਨਾਂ ਦੇ ਸਮੂਹ ਲਈ ਅਤੇ ਸ਼ਹਿਰੀ ਤੇ ਪੇਂਡੂ ਨਿਕ-ਬੁਰਜੁਆ ਬਹੁ-ਗਿਣਤੀ ਲਈ, ਜਿਸ ਨੂੰ ਜੰਗ ਨੇ ਤਬਾਹ ਕਰ ਦਿਤਾ ਹੈ, ਤਸੀਹੇ ਦਿਤੇ ਹਨ ਅਤੇ ਥਕਾ-ਹੰਭਾ ਮਾਰਿਆ ਹੈ, ਇਹ ਸੱਖਣਾ ਸ਼ਬਦ ਨਹੀਂ, ਸਗੋਂ ਭੁੱਖੜੇ ਕਾਰਨ ਮੌਤ ਦਾ, ਰੋਟੀ ਦੇ ਇਕ ਟੁਕੜੇ ਦਾ ਅਤਿ ਤਿੱਖਾ, ਅਤਿ ਭਖਵਾਂ ਅਤੇ ਬੜਾ ਵੱਡਾ ਸਵਾਲ ਹੈ। ਇਹੋ ਕਾਰਨ ਹੈ ਕਿ **ਕੋਈ ਵੀ** ਨੀਤੀ "ਕੁਲੀਸ਼ਨ" ਉਤੇ, ਭੁਖੇ ਮਰ ਰਹੇ ਤੇ ਤਬਾਹ-ਹਾਲ ਲੋਕਾਂ ਦੇ ਹਿਤਾਂ ਅਤੇ ਲੁਟੇਰਿਆਂ ਦੇ ਹਿਤਾਂ ਵਿਚਕਾਰ "ਸਮਝੌਤੇ" ਉਤੇ ਅਧਾਰਤ ਨਹੀਂ ਹੋ ਸਕਦੀ। ਇਹੋ ਕਾਰਨ ਹੈ ਕਿ ਬਾਲਸ਼ਵਿਕ ਹਕੂਮਤ ਨੂੰ **ਇਹਨਾਂ** ਲੋਕਾਂ ਦੀ ਭਾਰੀ ਬਹੁ-ਗਿਣਤੀ ਦੀ ਹਮਾਇਤ ਦਾ **ਯਕੀਨ ਦਿਵਾਇਆ** ਗਿਆ ਹੈ।

'ਨਿਆਂ ਇਕ ਸੱਖਣਾ ਸ਼ਬਦ ਹੈ', ਉਹ ਬੁਧੀਜੀਵੀ ਅਤੇ ਉਹ ਬਦਮਾਸ਼ ਆਖਦੇ ਹਨ, ਜਿਹੜੇ ਇਹਨਾਂ ਉਚੇ ਕਾਰਨਾਂ ਸਦਕਾ ਆਪਣੇ ਆਪ ਨੂੰ ਮਾਰਕਸਵਾਦੀ ਐਲਾਨਣ ਦੀ ਰੁਚੀ ਰਖਦੇ ਹਨ ਕਿ ਉਹਨਾ ਨੇ ਆਰਥਕ ਪਦਾਰਥਵਾਦ ਦੇ "**ਪਿਛਲੇ ਪਾਸੇ ਦੇ ਭਾਗਾਂ**" ਨੂੰ ਸੋਚਿਆ ਵਿਚਾ-ਰਿਆ ਹੈ।

ਵਿਚਾਰ ਜਦੋਂ ਲੋਕਾਂ ਦੇ ਮਨਾਂ ਵਿੱਚ ਘਰ ਕਰ ਲੈਂਦੇ ਹਨ, ਇਕ ਸ਼ਕਤੀ ਬਣ ਜਾਂਦੇ ਹਨ ਅਤੇ ਠੀਕ ਵਰਤਮਾਨ ਸਮੇਂ ਬਾਲਸ਼ਵਿਕਾਂ ਅਰਥਾਤ ਇਨਕਲਾਬੀ ਪ੍ਰੋਲਤਾਰੀ ਕੋਮਾਤਰੀਵਾਦ ਦੇ ਪ੍ਰਤੀਨਿਧੀਆਂ ਨੇ ਆਪਣੀ ਨੀਤੀ ਵਿਚ ਉਸ ਵਿਚਾਰ ਨੂੰ ਸ਼ਾਮਲ ਕੀਤਾ ਹੈ ਜਿਹੜਾ ਦੁਨੀਆਂ ਭਰ ਦੇ ਬੇਅੰਤ ਕਿਰਤੀ ਲੋਕਾਂ ਨੂੰ ਪ੍ਰੇਰ ਰਿਹਾ ਹੈ।

ਇੱਕਲਾ ਨਿਆਂ, ਲੁੱਟ-ਖਸੁਟ ਵਿਰੁਧ ਲੋਕਾਂ ਦਾ ਸਿਰਫ ਗੁੱਸਾ ਉਹਨਾ ਨੂੰ ਕਦੇ ਵੀ ਸੋਸ਼-ਲਿਜ਼ਮ ਦੇ ਸੱਚੇ ਮਾਰਗ ਉਤੇ ਨਹੀਂ ਪਾ ਸਕਦਾ। ਪਰ ਹੁਣ ਜਦੋਂ ਪੂੰਜੀਵਾਦ ਸਦਕਾ ਵੱਡੇ ਬੈਂਕਾਂ, ਸਿੰਡੀਕੇਟਾਂ, ਰੇਲਵੇ, ਆਦਿ ਦਾ ਪਦਾਰਥਕ ਉਪਕਰਣ ਵਧ ਫੁਲ ਗਿਆ ਹੈ, ਹੁਣ ਜਦੋਂ ਉੱਨਤ ਦੇਸ਼ਾਂ ਦੇ ਓੜਕਾਂ ਦੇ ਤਜਰਬੇ ਨੇ ਇੰਜੀਨੀਅਰਿੰਗ ਦੇ ਚਮਤਕਾਰਾਂ ਦਾ ਸਟਾਕ ਇੱਕਠਾ ਕਰ ਲਿਆ ਹੋਇਆ ਹੈ, ਜਿਹਨਾਂ ਦੀ ਵਰਤੋਂ ਨੂੰ ਪੂੰਜੀਵਾਦ **ਰੋਕ ਰਿਹਾ ਹੈ**, ਹੁਣ ਜਮਾਤੀ ਚੇਤੰਨਤਾ ਵਾਲੇ ਮਜ਼ਦੂਰਾਂ ਨੇ ਸਭਨਾ ਕਿਰਤੀ ਅਤੇ ਲੁੱਟੇ-ਪੁਟੇ ਜਾਂਦੇ ਲੋਕਾਂ ਦੀ ਹਮਾਇਤ ਨਾਲ ਇਸ ਉਪਕਰਣ ਉਤੇ ਕਬਜ਼ੇ ਲਈ ਅਤੇ ਇਹਨੂੰ ਚਾਲੂ ਕਰਨ ਲਈ ਢਾਈ ਲੱਖ ਮੈਂਬਰਾ ਦੀ ਪਾਰਟੀ ਉਸਾਰ ਲਈ ਹੋਈ ਹੈ—ਹੁਣ ਜਦੋਂ ਇਹ ਸ਼ਰਤਾਂ **ਮੌਜੂਦ** ਹਨ, ਦੁਨੀਆਂ ਦੀ ਕੋਈ ਵੀ ਤਾਕਤ **ਜੇ ਉਹ ਆਪਣੇ ਆਪ ਨੂੰ ਡਰਨ ਦੀ ਆਗਿਆ ਨਹੀਂ ਦਿੰਦੇ** ਅਤੇ ਜੇ ਉਹ ਸੱਤਾ ਉਤੇ ਕਬਜ਼ਾ ਕਰਨ ਵਿਚ ਸਫਲ ਹੋ ਜਾਂਦੇ ਹਨ, ਬਾਲਸ਼ਵਿਕਾਂ ਨੂੰ ਸੰਸਾਰ ਸੋਸ਼ਲਿਸਟ ਇਨਕਲਾਬ ਦੀ ਦਿਗ-ਵਿਜੈ ਤਕ ਇਸ ਸੱਤਾ ਨੂੰ ਕਾਇਮ ਰਖਣੋਂ ਰੋਕ ਨਹੀਂ ਸਕਦੀ।

ਅੰਤਿਕਾ

ਇਹ ਸਤਰਾਂ ਉਦੋਂ ਲਿਖੀਆਂ ਜਾ ਚੁਕੀਆਂ ਸਨ ਜਦੋਂ 1 ਅਕਤੂਬਰ ਦੇ **ਨੋਵਾਇਆ ਜ਼ੀਜ਼ਨ** ਦੇ ਮੁੱਖ ਲੇਖ ਨੇ ਮੂਰਖਤਾ ਦਾ ਇਕ ਹੋਰ ਹੀਰਾ ਉਪਜਾਇਆ ਜਿਹੜਾ ਹੋਰ ਵੀ ਵਧੇਰੇ ਖਤਰਨਾਕ ਹੈ, ਕਿਉਂ ਜੋ ਇਹ ਬਾਲਸ਼ਵਿਕਾਂ ਨਾਲ ਹਮਦਰਦੀ ਜਤਲਾਂਦਾ ਹੈ ਅਤੇ "ਆਪਣੇ ਆਪ ਨੂੰ ਭੜਕਾਏ ਜਾਣ ਦੀ ਆਗਿਆ ਨਾ ਦਿਓ" (ਆਪਣੇ ਆਪ ਨੂੰ ਭੜਕਾਹਟ ਬਾਰੇ ਚੀਕ-ਚਿਹਾੜੇ ਦੇ ਜਾਲ ਵਿਚ ਫਸਣ ਦੀ ਆਗਿਆ ਨਾ ਦੇਈਏ, ਜਿਸ ਦਾ ਮੰਤਵ ਬਾਲਸ਼ਵਿਕਾਂ ਨੂੰ ਡਰਾਉਣਾ ਅਤੇ ਉਹਨਾ ਨੂੰ ਸੱਤਾ ਉਤੇ ਕਬਜ਼ਾ ਕਰਨੋਂ ਰੋਕਣਾ ਹੈ) ਦੀ ਅਤਿ ਸੂਝਵਾਨ ਫਿਲਸਤੀਨੀ ਚੇਤਾਵਨੀ ਦੇਂਦਾ ਹੈ।

ਇਹ ਹੈ ਉਹ ਹੀਰਾ!

"ਇਕ ਪਾਸੇ 3-5 ਜੁਲਾਈ ਵਾਲੀ ਲਹਿਰ ਵਰਗੀਆਂ ਲਹਿਰਾਂ ਦੇ ਸਬਕਾਂ ਅਤੇ ਦੂਜੇ ਪਾਸੇ ਕੋਰਨੀਲੋਵ ਦਿਨਾਂ ਦੇ ਸਬਕਾਂ ਨੇ ਬਿਲਕੁਲ ਸਾਫ ਸਾਫ ਸਿਖਾ ਦਿਤਾ ਹੈ ਕਿ ਜਮਹੂਰੀਅਤ ਜਿਸ ਦੀ ਕਮਾਨ ਹੇਠ ਅਜਿਹੀਆਂ ਸੰਸਥਾਵਾਂ ਹਨ ਜਿਹਨਾਂ ਨੂੰ ਵਸੋਂ ਉਤੇ ਓੜਕਾਂ ਦਾ ਪ੍ਰਭਾਵ ਪ੍ਰਾਪਤ ਹੈ, ਉਦੋਂ ਅਜਿੱਤ ਹੁੰਦੀ ਹੈ, ਜਦੋਂ ਇਹ ਘਰੋਗੀ ਜੰਗ ਵਿਚ ਫੈਸਲਾਕਰੂ ਪੁਜ਼ੀਸ਼ਨ ਅਖ਼ਤਿਆਰ ਕਰਦੀ ਹੈ ਅਤੇ ਇਹਨੂੰ ਉਦੋਂ ਹਾਰ ਹੁੰਦੀ ਹੈ, ਅਤੇ ਇਹ ਸਭਨਾ ਵਿਚਲੇ ਡਾਵਾਂਡੋਲ ਗਰੁੱਪਾਂ ਨੂੰ ਗੁਆ ਬਹਿੰਦੀ ਹੈ ਜਦੋਂ ਇਹ ਪਹਿਲਕਦਮੀ ਲੈਂਦੀ ਹੈ ਅਤੇ ਹਮਲਾ ਕਰਦੀ ਹੈ।"

ਜੇ ਬਾਲਸ਼ਵਿਕ ਇਸ ਦਲੀਲ ਦੀ ਫਿਲਸਤੀਨੀ ਮੂਰਖਤਾ ਸਾਹਮਣੇ ਥੋੜੀ ਜਿਹੀ ਹੱਦ ਤਕ ਵੀ ਤੇ ਕਿਸੇ ਵੀ ਸ਼ਕਲ ਵਿਚ ਝੁਕੇ ਤਾਂ ਉਹ ਆਪਣੀ ਪਾਰਟੀ ਨੂੰ ਤੇ ਇਨਕਲਾਬ ਨੂੰ ਤਬਾਹ ਕਰ ਦੇਣਗੇ।

ਕਿਉਂ ਜੋ ਇਸ ਦਲੀਲ ਦੇ ਕਰਤੇ ਨੇ, ਘਰੋਗੀ ਜੰਗ ਬਾਰੇ ਗੱਲਾਂ ਕਰਨ ਦੀ ਜ਼ੁੰਮੇਵਾਰੀ ਚੁਕ ਕੇ (ਕਈ ਚੰਗੇ ਗੁਣਾਂ ਵਾਲੀ ਸੁਆਣੀ ਲਈ ਵਿਸ਼ਾ) ਇਸ ਸਵਾਲ ਬਾਰੇ **ਇਤਿਹਾਸ ਦੇ ਸਬਕਾਂ** ਨੂੰ ਅਣ-ਮੰਨਵੇਂ ਤੌਰ ਉਤੇ ਹਾਸੋਹੀਣੇ ਢੰਗ ਨਾਲ ਵਿਗਾੜਿਆ ਹੈ।

ਇਹਨਾਂ ਸਬਕਾਂ, ਇਸ ਸਵਾਲ ਬਾਰੇ ਇਤਿਹਾਸ ਦੇ ਸਬਕਾਂ ਨੂੰ ਪ੍ਰੋਲੇਤਾਰੀ ਇਨਕਲਾਬੀ ਦਾਅ-ਪੇਚਾਂ ਦੇ ਪ੍ਰਤੀਨਿਧ ਤੇ ਮੋਢੀ ਕਾਰਲ ਮਾਰਕਸ ਦੇ ਇਸ ਤਰ੍ਹਾਂ ਵਿਚਾਰਿਆ ਹੈ:

"ਤਾਂ ਫਿਰ ਬਗ਼ਾਵਤ ਉਵੇਂ ਹੀ ਇਕ ਕਲਾ ਹੈ ਜਿਵੇਂ ਜੰਗ ਦੀ ਕਲਾ ਜਾਂ ਹੋਰ ਕੋਈ ਕਲਾ

ਹੁੰਦੀ ਹੈ, ਅਤੇ ਇਹ ਕਾਰਜ-ਪ੍ਰਣਾਲੀ ਸਬੰਧੀ ਨਿਸਚਿਤ ਨੇਮਾਂ ਦੇ ਅਧੀਨ ਹੁੰਦੀ ਹੈ, ਜਿਹੜੇ ਜਦੋਂ ਨਜ਼ਰ-ਅੰਦਾਜ਼ ਕੀਤੇ ਜਾਂਦੇ ਹਨ, ਇਹਨਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀ ਪਾਰਟੀ ਦੀ ਅਧੋਗਤੀ ਹੋ ਜਾਵੇਗੀ। ਇਹ ਨੇਮ ਪਾਰਟੀਆਂ ਅਤੇ ਹਾਲਾਤ ਦੇ, ਜਿਹਨਾਂ ਨਾਲ ਅਜਿਹੀ ਸੂਰਤ ਵਿਚ ਤੁਹਾਡਾ ਵਾਹ ਪੈਂਦਾ ਹੈ ਅਤੇ ਖਾਸੇ ਦੇ ਮਨਤਕੀ ਸਿੱਟੇ ਹਨ, ਏਨੇ ਸਰਲ ਤੇ ਸਾਦਾ ਹਨ ਕਿ 1848 ਦੇ ਸੰਖੇਪ ਜਿਹੇ ਤਜਰਬੇ ਨੇ ਜਰਮਨਾਂ ਨੂੰ ਇਹਨਾਂ ਬਾਰੇ ਚੰਗੀ ਜਾਣਕਾਰੀ ਦੇ ਦਿਤੀ ਸੀ। ਪਹਿਲਾਂ ਬਗ਼ਾਵਤ ਨਾਲ ਕਦੇ ਵੀ ਨਾ ਖੇਡੋ ਜਿੰਨਾ ਚਿਰ ਤੁਸੀਂ ਅਖੀਰ ਤਕ ਪਹੁੰਚਣ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੋ। '[ਸ਼ਾਬਦਿਕ ਤੌਰ ਉਤੇ ਆਪਣੀ ਖੇਡ ਦੇ ਨਤੀਜਿਆਂ ਦਾ ਸਾਹਮਣਾ ਕਰੋ][1] ਬਗ਼ਾਵਤ ਤਾਂ ਬੜੇ ਹੀ ਨਿਸਚਿਤ ਅਕਾਰਾਂ ਵਾਲਾ ਸਮੀਕਰਨ ਹੁੰਦਾ ਹੈ, ਤੁਹਾਡੀ ਵਿਰੋਧੀ ਤਾਕਤਾਂ ਨੂੰ ਸੰਗਠਨ, ਜ਼ਬਤ ਅਤੇ ਆਦੀ ਸੱਤਾ ਦੇ ਲਾਭ ਪ੍ਰਾਪਤ ਹਨ [ਮਾਰਕਸ ਦੇ ਦਿਮਾਗ਼ ਵਿਚ ਬਗ਼ਾਵਤ ਦੀ ਅਤਿ "ਮੁਸ਼ਕਲ" ਸੂਰਤ ਹੈ : "ਪੱਕੀ ਤਰ੍ਹਾਂ ਸਥਾਪਤ" ਪੁਰਾਣੀ ਸੱਤਾ ਵਿਰੁਧ, ਫੌਜ ਵਿਰੁਧ ਜਿਸ ਨੂੰ ਇਨਕਲਾਬ ਦੇ ਅਸਰ ਅਤੇ ਹਕੂਮਤ ਦੀ ਡਾਵਾਂਡੋਲਤਾ ਨੇ ਅਜੇ ਖੇਰੂੰ-ਖੇਰੂੰ ਨਹੀਂ ਕੀਤਾ] ਜੇ ਤੁਸੀਂ ਇਹਨਾਂ ਵਿਰੁਧ ਵਧੇਰੇ ਮਜ਼ਬੂਤ ਹੋ ਕੇ ਨਹੀਂ ਨਿੱਤਰਦੇ ਤਾਂ ਤੁਸੀਂ ਹਾਰ ਜਾਉਗੇ। ਜੇ ਦੂਜੇ ਬਗ਼ਾਵਤ ਦੇ ਪੱਖ ਉਤੇ ਕਦਮ ਰੱਖਦਿਆਂ ਹੀ ਅਤਿ ਵੱਡੇ ਇਰਾਦੇ ਨਾਲ ਅਮਲ ਕਰੋ ਅਤੇ ਹਮਲਾ ਜਾਰੀ ਰੱਖੋ। ਬਚਾਓ ਵਾਲਾ ਅਮਲ ਹਰ ਹਥਿਆਰਬੰਦ ਬਗ਼ਾਵਤ ਦੀ ਮੌਤ ਹੁੰਦਾ ਹੈ; ਦੁਸ਼ਮਣਾਂ ਨਾਲ ਲੋਹਾ ਲੈਣ ਤੋਂ ਪਹਿਲਾਂ ਹੀ ਇਹਨੂੰ ਹਾਰ ਹੋ ਜ਼ਾਂਦੀ ਹੈ। ਆਪਣੇ ਵਿਰੋਧੀਆਂ ਨੂੰ ਜਦੋਂ ਉਹਨਾਂ ਦੀਆਂ ਫੌਜੀ ਸ਼ਕਤੀਆਂ ਖਿੰਡੀਆਂ ਹੋਈਆਂ ਹੋਣ, ਹੈਰਾਨ ਕਰ ਦਿਓ, ਨਵੀਆਂ ਸਫਲਤਾਵਾਂ ਲਈ ਮੈਦਾਨ ਤਿਆਰ ਕਰੋ, ਇਹ ਭਾਵੇਂ ਕਿੰਨੀਆਂ ਹੀ ਛੋਟੀਆਂ ਕਿਉਂ ਨਾ ਹੋਣ, ਪਰ ਰੋਜ਼ਾਨਾ ਕਰੋ, ਇਖਲਾਕੀ ਉਤਮਤਾ ਨੂੰ ਕਾਇਮ ਨਾ ਰੱਖੋ ਜੋ ਪਹਿਲੀ ਸਫਲ ਬਗ਼ਾਵਤ ਨੇ ਤੁਹਾਨੂੰ ਦਿਤੀ ਹੁੰਦੀ ਹੈ; ਇਸ ਤਰ੍ਹਾਂ ਉਹਨਾਂ ਨਾਲ ਡਾਵਾਂਡੋਲ ਅਨਸਰਾਂ ਨੂੰ ਆਪਣੇ ਪਾਸੇ ਜੋੜ ਲਵੋ ਜਿਹੜੇ ਸਦਾ ਸਭ ਤੋਂ ਤਕੜੀ ਸ਼ਕਤੀ ਦੇ ਪਿਛੇ ਚਲਦੇ ਹਨ, ਆਪਣੇ ਦੁਸ਼ਮਣਾਂ ਨੂੰ ਪਿਛਾਂਹ ਹਟਣ ਤੇ ਮਜ਼ਬੂਰ ਕਰੋ ਇਸ ਤੋਂ ਪਹਿਲਾਂ ਕਿ ਉਹ ਤੁਹਾਡੇ ਵਿਰੁਧ ਆਪਣੀ ਤਾਕਤ ਇਕੱਠੀ ਕਰ ਲੈਣ; ਇਨਕਲਾਬੀ ਦਾਅ-ਪੇਚਾਂ ਦੇ ਅਜੇ ਤਕ ਜਾਣੇ ਜਾਂਦੇ ਸਭ ਤੋਂ ਵੱਡੇ ਉਸਤਾਦ ਦਾਂਤੋਨ ਦੇ ਸ਼ਬਦਾਂ ਵਿਚ : "de l' audace de l' adudce, encore de l' audace !" (ਜਰਮਨੀ ਵਿਚ ਇਨਕਲਾਬ ਤੇ ਉਲਟ-ਇਨਕਲਾਬ, ਜਰਮਨ ਐਡੀਸ਼ਨ 1907, ਪੰਨਾ 118)

ਅਸਾਂ ਇਹ ਸਭ ਕੁਝ ਬਦਲ ਦਿਤਾ ਹੈ, **ਨੋਵਾਇਆ ਜ਼ੀਜ਼ਨ** ਦੇ "ਅਗਾਮੀ ਮਾਰਕਸਵਾਦੀਏ" ਆਪਣੇ ਬਾਰੇ ਇਹ ਆਖ ਸਕਦੇ ਹਨ ; ਤੀਹਰੀ ਬੇਬਾਕੀ ਦੀ ਥਾਂ ਉਹਨਾਂ ਵਿਚ ਦੋ ਗੁਣ ਹਨ। "ਸਾਡੇ ਵਿਚ ਦੋ ਹਨ, ਜਨਾਬ : ਉਦਾਰਤਾ (ਮਾਡਰੇਸ਼ਨ) ਅਤੇ ਸੁਧਤਾ।" "ਸਾਡੇ" ਲਈ ਸੰਸਾਰ ਇਤਿਹਾਸ ਦਾ ਤਜਰਬਾ, ਮਹਾਨ ਫਰਾਂਸੀਸੀ ਇਨਕਲਾਬ ਦਾ ਤਜਰਬਾ ਕੁਝ ਵੀ ਨਹੀਂ। "ਸਾਡੇ" ਲਈ ਅਹਿਮ ਗੱਲ ਤਾਂ 1917 ਦੀਆਂ ਦੋ ਲਹਿਰਾਂ ਦਾ ਤਜਰਬਾ ਹੈ, ਜੀਹਨੂੰ ਮੋਲਚਾਲਿਨ ਐਨਕਾਂ ਨੇ ਵਿਗਾੜ ਦਿਤਾ ਹੈ। ਆਓ, ਅਸੀਂ ਇਨ੍ਹਾਂ ਦਿਲਕਸ਼ ਐਨਕਾਂ ਤੋਂ ਬਗ਼ੈਰ ਇਸ ਤਜਰਬੇ ਨੂੰ ਘੋਖੀਏ।

---

[1]ਵਰਗਾਕਾਰ ਬਰੈਕਟਾਂ ਵਿਚ ਰਲਾਵਟਾਂ (ਲੈਨਿਨ ਵਲੋਂ ਹਵਾਲਾ ਦਿਤੇ ਗਏ ਪੈਰਿਆਂ ਦੇ ਅੰਦਰ) ਲੈਨਿਨ ਵਲੋਂ ਦਰਜ ਕੀਤੀਆਂ ਗਈਆਂ ਹਨ, ਜਿਥੇ ਉਸ ਵਲੋਂ ਨਹੀਂ ਕੀਤੀਆਂ ਗਈਆਂ, ਉਥੇ ਦਸ ਦਿਤਾ ਗਿਆ ਹੈ। —ਸੰਪਾਦਕ

ਤੁਸੀਂ 3-5 ਜੁਲਾਈ ਦਾ ਮੁਕਾਬਲਾ "ਘਰੋਗੀ ਜੰਗ" ਨਾਲ ਕਰਦੇ ਹੋ ਕਿਉਂ ਜੋ ਤੁਹਾਨੂੰ ਅਲੇਕਸਿੰਸਕੀ, ਪਿਰੇਵੇਰਜ਼ੇਵ ਐਂਡ ਕੰਪਨੀ ਵਿਚ ਭਰੋਸਾ ਸੀ, ਇਹ **ਨੋਵਾਇਆ ਜ਼ੀਜ਼ਨ** ਦੇ ਭੱਦਰਪੁਰਸ਼ਾਂ ਦਾ ਵਿਸ਼ੇਸ਼ ਲੱਛਣ ਹੈ ਕਿ ਉਹ **ਅਜਿਹੇ** ਲੋਕਾਂ ਉਤੇ ਵਿਸ਼ਵਾਸ ਕਰਦੇ ਹਨ (ਅਤੇ 3-5 ਜੁਲਾਈ ਬਾਰੇ **ਸੂਚਨਾ ਇਕਠੀ ਕਰਨ** ਲਈ ਆਪ ਬਿਲਕੁਲ ਹੀ ਕੁਝ ਨਹੀਂ ਕਰਦੇ ਭਾਵੇਂ ਉਹਨਾਂ ਕੋਲ ਰੋਜ਼ਾਨਾ ਅਖਬਾਰ ਦਾ ਬੜਾ ਹੀ ਵੱਡਾ ਉਪਕਰਣ ਹੈ)।

ਪਰ ਆਓ, ਛਿਣ ਭੰਗਰ ਲਈ ਫਰਜ਼ ਕਰ ਲਈਏ ਕਿ 3-5 ਜੁਲਾਈ ਘਰੋਗੀ ਜੰਗ ਦਾ ਅਰੰਭਕ ਰੂਪ ਨਹੀਂ ਸੀ, ਜੰਗ ਜਿਸ ਨੂੰ ਬਾਲਸ਼ਵਿਕਾਂ ਨੇ ਅਰੰਭਕ ਪੜਾਅ ਦੇ ਅੰਦਰ ਰਖਿਆ ਸੀ, ਸਗੋਂ ਅਸਲੀ ਘਰੋਗੀ ਜੰਗ ਸੀ। ਆਓ, ਇਹ ਫਰਜ਼ ਕਰ ਲਈਏ।

ਤਾਂ ਇਸ ਸੂਰਤ ਵਿਚ ਇਹ ਸਬਕ ਕੀ ਸਿੱਧ ਕਰਦਾ ਹੈ ?

ਪਹਿਲਾਂ ਬਾਲਸਵਿਕਾਂ ਨੇ ਹਮਲਾ **ਨਹੀਂ** ਕੀਤਾ, ਕਿਉਂ ਜੋ ਇਹ ਨਿਰ-ਵਿਵਾਦ ਸੀ ਕਿ 3-4 ਜੁਲਾਈ ਦੀ ਰਾਤ ਨੂੰ ਅਤੇ 4 ਜੁਲਾਈ ਨੂੰ ਵੀ ਜੇ ਉਹਨਾਂ ਹਮਲਾ ਕਰ ਦਿਤਾ ਹੁੰਦਾ, ਉਹਨਾਂ ਨੂੰ ਕਾਫੀ ਲਾਭ ਹੋਣਾ ਸੀ। ਉਹਨਾਂ ਦੀ ਰੱਖਿਅਕ ਪੁਜੀਸ਼ਨ ਉਹਨਾਂ ਦੀ ਕਮਜ਼ੋਰੀ ਸੀ, ਜੇ ਅਸਾ ਘਰੋਗੀ ਜੰਗ ਦੀ ਗੱਲ ਕਰਦੀ ਹੈ (ਜਿਵੇਂ ਕਿ **ਨੋਵਾਇਆ ਜ਼ੀਜ਼ਨ** ਕਰਦਾ ਹੈ ਅਤੇ ਖ਼ੁਦ-ਰੋ ਹੜ੍ਹ ਨੂੰ 20-21 ਅਪਰੈਲ ਦੀ ਕਿਸਮ ਦੇ ਮੁਜ਼ਾਹਰੇ ਵਿਚ ਤਬਦੀਲ ਕਰਨ ਦੀ ਨਹੀਂ ਜਿਵੇਂ ਕਿ **ਤੱਥ** ਵਿਖਾਉਂਦੇ ਹਨ।) ?

ਇਸ ਲਈ "ਸਬਕ ਸਿੱਧ ਕਰਦਾ ਹੈ ਕਿ **ਨੋਵਾਇਆ ਜ਼ੀਜ਼ਨ** ਦੇ ਸਿਆਣੇ ਆਦਮੀ **ਗਲਤ ਹਨ।**

ਦੂਜੇ, ਜੇ ਬਾਲਸਵਿਕ 3 ਜਾਂ 4 ਜੁਲਾਈ ਨੂੰ ਬਗ਼ਾਵਤ ਸੁਰੂ ਕਰਨ ਲਈ ਨਹੀਂ ਨਿੱਤਰੇ, ਜੇ ਕਿਸੇ **ਇਕ ਵੀ** ਬਾਲਸ਼ਵਿਕ **ਸੰਸਥਾ** ਨੇ ਅਜੇਹਾ ਸਵਾਲ ਨਹੀਂ ਉਠਾਇਆ ਤਾਂ ਇਹਦਾ ਕਾਰਨ **ਨੋਵਾਇਆ ਜ਼ੀਜ਼ਨ** ਨਾਲ ਸਾਡੇ ਵਿਵਾਦ ਦੇ ਆਕਾਰ ਤੋਂ **ਬਾਹਰ** ਮੌਜੂਦ ਹੈ, ਕਿਉਂ ਜੋ ਅਸੀਂ ਤਾਂ "ਘਰੋਗੀ ਜੰਗ" ਅਰਥਾਤ ਬਗ਼ਾਵਤ ਦੇ **ਸਬਕਾਂ** ਬਾਰੇ ਬਹਿਸ ਕਰ ਰਹੇ ਹਾਂ ਅਤੇ ਇਸ ਨੁਕਤੇ ਬਾਰੇ ਨਹੀਂ ਕਿ ਇਹਦੀ ਹਮਾਇਤ ਵਿਚ ਬਹੁ-ਗਿਣਤੀ ਦੀ ਪ੍ਰਤੱਖ ਘਾਟ ਇਨਕਲਾਬੀ ਪਾਰਟੀ ਨੂੰ ਬਗ਼ਾਵਤ ਬਾਰੇ ਸੋਚਣੋਂ ਰੋਕਦੀ ਹੈ।

ਕਿਉਂ ਜੋ ਹਰ ਕੋਈ ਜਾਣਦਾ ਹੈ ਕਿ ਬਾਲਸ਼ਵਿਕਾਂ ਨੂੰ ਮੇਟਰੋਪੋਲਿਟਨ ਸੋਵੀਅਤਾਂ ਵਿਚ ਅਤੇ ਦੇਸ਼ ਵਿਚ ਜੁਲਾਈ 1917 ਤੋਂ **ਕਿਤੇ ਪਿਛੋਂ** ਜਾ ਕੇ ਬਹੁ-ਗਿਣਤੀ (ਮਾਸਕੋ ਦੀਆਂ ਵੋਟਾਂ ਦਾ 49 ਫੀਸਦੀ ਤੋਂ ਉਪਰ) ਮਿਲੀ, ਇਹ ਮੁੜ ਨਤੀਜਾ ਨਿਕਲਦਾ ਹੈ ਕਿ "ਸਬਕ" ਉਹ ਬਿਲਕੁਲ ਹੀ ਨਹੀਂ ਜਿਹੜੇ **ਨੋਵਾਇਆ ਜ਼ੀਜ਼ਨ** ਕਈ ਚੰਗੀਆਂ ਗੱਲਾ ਵਾਲੀ ਉਹ ਸੁਆਣੀ ਕਢਣਾ ਚਾਹੇਗੀ।

ਨਹੀਂ, ਨਹੀਂ, ਚੰਗਾ ਹੋਵੇ, ਤੁਸੀਂ ਰਾਜਨੀਤੀ ਵਿਚ ਟੰਗ ਨਾ ਅੜਾਓ, **ਨੋਵਾਇਆ ਜ਼ੀਜ਼ਨ** ਦੇ ਨਾਗਰਿਕੋ !

ਜੇ ਇਨਕਲਾਬੀ ਪਾਰਟੀ ਨੂੰ ਇਨਕਲਾਬੀ ਜਮਾਤਾਂ ਦੇ ਉੱਨਤ ਦਸਤਿਆਂ ਵਿਚ ਅਤੇ ਦੇਸ਼ ਵਿਚ ਬਹੁ-ਗਿਣਤੀ ਹਾਸਲ ਨਹੀਂ, ਬਗ਼ਾਵਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਨਾਲੇ ਬਗ਼ਾਵਤ ਲਈ ਲੋੜ ਹੈ : (1) ਦੇਸ਼-ਵਿਆਪੀ ਪੈਮਾਨੇ ਉਤੇ ਇਨਕਲਾਬ ਦੀ ਉੱਨਤੀ ਦੀ; (2) ਪੁਰਾਣੀ ਹਕੂਮਤ, ਮਿਸਾਲ ਵਜੋਂ, "ਕੁਲੀਸ਼ਨ" ਹਕੂਮਤ, ਦੇ ਪੂਰਨ ਇਖ਼ਲਾਕੀ ਅਤੇ ਰਾਜਸੀ ਦੀਵਾਲੀਏ ਦੀ ; (3) ਸਭਨਾਂ ਦਰਮਿਆਨੇ ਗਰੁੱਪਾਂ ਦੇ ਕੈਂਪ ਵਿਚ ਹਦੋਂ-ਵਧ ਡਾਵਾਂਡੋਲਤਾ

ਦੀ, ਅਰਥਾਤ ਉਹਨਾਂ ਵਿਚ ਜਿਹੜੇ ਪੂਰੀ ਤਰ੍ਹਾਂ ਹਕੂਮਤ ਦੀ ਹਮਾਇਤ ਨਹੀਂ ਕਰਦੇ, ਉਂਜ ਭਾਵੇਂ ਇਹਨਾਂ ਨੇ ਕਲ੍ਹ ਇਹਦੀ ਪੂਰੀ ਪੂਰੀ ਹਮਾਇਤ ਕੀਤੀ ਸੀ।

ਭਲਾ **ਨੋਵਾਇਆ ਜ਼ੀਜ਼ਨ**, 3-5 ਜੁਲਾਈ ਦੇ ਸਬਕਾਂ ਦੀ ਗੱਲ ਕਰਦਿਆਂ ਇਸ ਬੜੇ ਅਹਿਮ ਸਬਕ ਨੂੰ ਵੇਖਣੋਂ ਕਿਉਂ ਅਸਮਰੱਥ ਹੈ ? ਕਿਉਂ ਜੋ ਰਾਜਸੀ ਸਵਾਲ ਨੂੰ ਰਾਜ ਨੇਤਾਵਾਂ ਨੇ ਨਹੀਂ ਸਗੋਂ ਬੁੱਧੀਜੀਵੀਆਂ ਦੇ ਇਕ ਹਲਕੇ ਨੇ ਵਿਚਾਰਿਆ ਸੀ ਜਿਹਨਾਂ ਦਾ ਤ੍ਰਾਹ ਬੁਰਜੁਆਜ਼ੀ ਨੇ ਕੱਢ ਦਿਤਾ ਹੈ।

ਅਗਾਂਹ ਤੁਰੀਏ। ਤੀਜੇ, ਤੱਥ ਵਿਖਾਉਂਦੇ ਹਨ ਕਿ 3-4 ਜੁਲਾਈ **ਪਿਛੋਂ** ਹੀ ਸੋਸ਼ਲਿਸਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਵਿਚ **ਖੈ** ਪੈਦਾ ਹੋਈ, ਠੀਕ ਹੀ ਇਸ ਕਰਕੇ ਕਿਉਂ ਜੋ ਤਸੇਰੇਤੇਲੀਆਂ ਨੇ ਆਪਣੀ **ਜੁਲਾਈ** ਨੀਤੀ ਰਾਹੀਂ ਆਪਣਾ **ਪਾਜ ਉਘੇੜ** ਦਿਤਾ ਸੀ, ਠੀਕ ਇਸ ਕਰਕੇ ਕਿਉਂ ਜੋ **ਲੋਕਾਂ ਦੇ** ਸਮੂਹ ਨੇ ਸਮਝ ਲਿਆ ਸੀ ਕਿ ਬਾਲਸ਼ਵਿਕ ਉਹਨਾਂ ਦੇ **ਖੁਦ ਆਪਣੇ** ਪਹਿਲੀਆਂ ਸਫਾਂ ਦੇ ਯੋਧੇ ਸਨ ਅਤੇ "ਸੋਸ਼ਲ ਬਲਾਕ" ਹਮਾਇਤੀ ਗ਼ੱਦਾਰ ਸਨ। ਕੋਰਨੀਲੋਵ ਦੀ ਬਗ਼ਾਵਤ ਤੋਂ ਪਹਿਲਾਂ ਵੀ, 20 ਅਗਸਤ ਨੂੰ, ਪੀਤਰੋਗਰਾਦ ਦੀਆਂ ਚੋਣਾਂ ਨੇ ਇਸ ਖੈ ਨੂੰ ਪੂਰੀ ਤਰ੍ਹਾਂ ਪ੍ਰਗਟਾ ਦਿਤਾ ਸੀ, ਚੋਣਾਂ ਜਿਸ ਦਾ ਸਿੱਟਾ ਬਾਲਸ਼ਵਿਕਾਂ ਦੀ ਫਤਹਿ ਵਿਚ ਅਤੇ "ਸੋਸ਼ਲ-ਬਲਾਕ" ਦੇ ਹਮਾਇਤੀਆਂ ਦੀ ਹਾਰ ਵਿਚ ਨਿਕਲਿਆ। (**ਦਾਈਲੋ ਨਾਰੋਦਾ** ਨੇ ਪਿਛੇ ਜਿਹੇ **ਸਭਨਾਂ** ਪਾਰਟੀਆਂ ਨੂੰ ਪਈਆਂ ਵੋਟਾਂ ਦੀ ਗਿਣਤੀ **ਛੁਪਾ ਕੇ** ਇਹਨੂੰ ਰੱਦ ਕਰਨ ਦਾ ਯਤਨ ਕੀਤਾ ਹੈ, ਪਰ ਇਹ ਸਵੈ-ਧੋਖਾ ਵੀ ਸੀ ਅਤੇ ਇਹਦੇ ਆਗੂਆਂ ਦਾ ਧੋਖਾ ਵੀ, 24 ਅਗਸਤ ਦੇ **ਦਾਈਨ** ਵਿਚ ਛਪੇ ਅੰਕੜਿਆਂ ਅਨੁਸਾਰ ਜੋ ਸਿਰਫ ਸ਼ਹਿਰ ਬਾਰੇ ਸਨ, ਕੁਝ ਵੋਟਾਂ ਵਿਚ ਕੇਡਿਟਾਂ ਦਾ ਹਿੱਸਾ 22 ਤੋਂ ਵਧ ਕੇ 23 ਹੋ ਗਿਆ, ਪਰ ਕੇਡਿਟਾਂ ਨੂੰ ਪਈਆਂ ਨਿਰਪੱਖ ਵੋਟਾ 40 ਫੀਸਦੀ ਘਟ ਗਈਆਂ, ਕੁਲ ਵੋਟਾ ਵਿਚ ਬਾਲਸ਼ਵਿਕਾਂ ਦਾ ਹਿੱਸਾ ਸਿਰਫ 10 ਫੀਸਦੀ ਘਟਿਆ, "ਵਿਚਲੇ ਗਰੁੱਪਾਂ" ਦਾ ਹਿੱਸਾ 58 ਤੋਂ ਘਟ ਕੇ 44 ਫੀਸਦੀ ਰਹਿ ਗਿਆ ਪਰ ਇਹਨਾਂ ਨੂੰ ਪਈਆਂ ਵੋਟਾਂ ਦੀ ਨਿਰਪੱਖ ਗਿਣਤੀ 60 ਫੀਸਦੀ ਘਟ ਗਈ।)

ਇਹ ਗੱਲ, ਕਿ ਸੋਸ਼ਲਿਸ਼ਟ-ਇਨਕਲਾਬੀਆਂ ਅਤੇ ਮੈਨਸ਼ਵਿਕਾਂ ਵਿਚੋਂ ਜੁਲਾਈ ਦੇ ਦਿਨਾਂ ਤੋਂ ਪਿੱਛੋਂ ਅਤੇ ਕੋਰਨੀਲੋਵ ਦਿਨਾਂ ਤੋਂ ਪਹਿਲਾਂ ਖੈ ਸ਼ੁਰੂ ਹੋ ਗਈ ਸੀ, ਦੋਹਾਂ ਪਾਰਟੀਆਂ ਵਿਚ ਖੱਬੇ-ਧੜਿਆਂ ਦੀ ਉੱਨਤੀ ਤੋਂ ਸਿੱਧ ਹੁੰਦੀ ਹੈ ਜੋ ਕਰੀਬ-ਕਰੀਬ 40 ਫੀਸਦੀ ਤੱਕ ਪਹੁੰਚ ਗਈ ਸੀ : ਇਹ ਕੇਰੇਨਸਕੀਆਂ ਵਲੋਂ ਬਾਲਸ਼ਵਿਕਾਂ ਉਤੇ ਜਬਰ ਲਈ "ਬਦਲਾ" ਹੈ।

ਕੁਝ ਸੌ ਮੈਂਬਰਾਂ ਦੀ "ਹਾਨੀ" ਦੇ ਬਾਵਜੂਦ ਪ੍ਰੋਲਤਾਰੀ ਪਾਰਟੀ ਨੂੰ 3-4 ਜੁਲਾਈ ਤੋਂ ਬਹੁਤ ਜ਼ਿਆਦਾ ਲਾਭ ਹੋਇਆ ਕਿਉਂ ਜੁ ਠੀਕ ਇਨ੍ਹੀਂ ਕਠੋਰ ਦਿਨੀਂ ਹੀ **ਲੋਕਾਂ** ਨੇ ਇਸ ਦੇ ਸਿਦਕ ਨੂੰ ਅਤੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕਾਂ ਦੇ ਵਿਸਾਹ-ਘਾਤ ਨੂੰ ਸਮਝ ਲਿਆ ਤੇ ਵੇਖ ਲਿਆ ਸੀ। ਸੋ "ਸਬਕ" **ਨੋਵਾਇਆ ਜ਼ੀਜ਼ਨ** ਦੀ ਕਿਸਮ ਦੇ ਸਬਕ ਤੋਂ ਦੂਰ, ਬਹੁਤ ਦੂਰ ਹੈ, ਇਹ ਤਾਂ ਬਿਲਕੁਲ ਹੀ ਵੱਖਰੀ ਤਰ੍ਹਾਂ ਦਾ ਹੈ, ਅਰਥਾਤ "ਜਮਹੂਰੀਅਤ ਦੇ ਮੋਲਚਾਲਿਨਾਂ" ਲਈ ਖੋਲ ਰਹੇ ਆਮ ਲੋਕਾਂ ਨੂੰ ਪਿੱਠ ਨਾ ਦਿਓ; ਅਤੇ ਜੇ ਤੁਸੀਂ ਬਗ਼ਾਵਤ ਸ਼ੁਰੂ ਕਰਦੇ ਹੋ, ਉਦੋਂ ਹਮਲਾ ਕਰ ਦਿਓ ਜਦੋਂ ਦੁਸ਼ਮਣ ਦੀਆਂ ਤਾਕਤਾਂ ਖਿੰਡੀਆਂ ਹੋਈਆਂ ਹੋਣ, ਦੁਸ਼ਮਣ ਉਤੇ ਅਚਿੰਤੇ ਜਾ ਪਓ।

ਨੋਵਾਇਆ ਜ਼ੀਜ਼ਨ ਦੇ "ਆਗਾਮੀ ਮਾਰਕਸਵਾਦੀ" ਭੱਦਰ ਪੁਰਸ਼ ਕੀ ਅਜਿਹਾ ਨਹੀਂ ਹੈ ?

ਜਾਂ ਕਿ "ਮਾਰਕਸਵਾਦ" ਦੇ ਅਰਥ ਦਾਅ-ਪੇਚਾਂ ਨੂੰ **ਵਸਤੂਮੁੱਖੀ** ਸਥਿਤੀ ਦੇ ਠੀਕ-ਠੀਕ ਮੁਲੰਕਣ ਉਤੇ ਅਧਾਰਤ ਕਰਨ ਦੇ ਨਹੀਂ, ਸਗੋਂ ਬੇਥਵ੍ਹੇ ਤੌਰ ਉਤੇ ਅਤੇ ਅਣ-ਆਲੋਚਨਾਤਮਕ ਤੌਰ ਉਤੇ ਅਤੇ "ਘਰੋਗੀ ਜੰਗ" ਅਤੇ "ਸੋਵੀਅਤਾਂ ਦੀ ਕਾਂਗਰਸ ਅਤੇ ਸੰਵਿਧਾਨ ਸਭਾ ਦਾ ਸਮਾਗਮ ਬੁਲਾਉਣ" ਨੂੰ ਇਕੱਠਾ ਕਰ ਦੇਣਾ ਹੈ ?

ਪਰ ਇਹ ਤਾਂ ਬਿਲਕੁਲ ਬੇਥਵ੍ਹੀ ਗੱਲ ਹੈ, ਭੱਦਰ-ਪੁਰਸ਼ੋ, ਇਹ ਤਾਂ ਮਾਰਕਸਵਾਦੀ ਅਤੇ ਆਮ ਰੂਪ ਵਿਚ ਤਰਕ ਦੀ ਸਰਾਸਰ ਖਿੱਲੀ ਉਡਾਉਣਾ ਹੈ।

ਜੇ **ਵਸਤੂਮੁਖੀ** ਸਥਿਤੀ ਵਿਚ ਅਜੇਹਾ **ਕੁਝ ਨਹੀਂ** ਜੋ ਜਮਾਤੀ ਘੋਲ ਨੂੰ "ਘਰੋਗੀ ਜੰਗ" ਦੀ ਹੱਦ ਤੱਕ ਤੇਜ਼ ਕਰਨ ਦੀ ਆਗਿਆ ਦਿੰਦਾ ਹੈ, ਤਾਂ ਤੁਸੀਂ "ਸੋਵੀਅਤਾਂ ਦੀ ਕਾਂਗਰਸ ਅਤੇ ਸੰਵਿਧਾਨ ਸਭਾ" **ਦੇ ਸੰਬੰਧ ਵਿਚ** "ਘਰੋਗੀ ਜੰਗ" ਦੀ ਗੱਲ ਕਿਉਂ ਕਰਦੇ ਹੋ ? (ਕਿਉਂ ਜੁ ਇਹ ਇਥੇ ਬਹਿਸ ਹੇਠਲੇ **ਨੋਵਾਇਆ ਜ਼ੀਜ਼ਨ** ਦੇ ਮੁੱਖ ਲੇਖ ਦੀ ਸੁਰਖੀ ਹੈ।) ਇਸ ਸੂਰਤ ਵਿਚ ਤੁਸਾਂ ਪਾਠਕ ਨੂੰ ਸਾਫ਼ ਤਰ੍ਹਾਂ ਦੱਸ ਦੇਣਾ ਸੀ ਅਤੇ ਉਹਨੂੰ ਸਿੱਧ ਕਰ ਦੇਣਾ ਸੀ ਕਿ ਵਸਤੂ ਮੁਖੀ ਸਥਿਤੀ ਵਿਚ ਘਰੋਗੀ ਜੰਗ ਲਈ **ਕੋਈ** ਕਾਰਨ **ਨਹੀਂ** ਅਤੇ ਕਿ ਇਸ ਲਈ ਸੋਵੀਅਤਾਂ ਦੀ ਕਾਂਗਰਸ ਅਤੇ ਸੰਵਿਧਾਨ ਸਭਾ ਵਰਗੀਆਂ ਅਮਨ-ਸਨੇਹੀ, ਸੰਵਿਧਾਨਕ ਤੌਰ ਉਤੇ ਕਾਨੂੰਨੀ ਅਦਾਲਤੀ ਤੌਰ ਉਤੇ ਅਤੇ ਪਾਰਲੀਮੈਂਟਰੀ ਤੌਰ ਉਤੇ "ਸਰਲ" ਚੀਜ਼ਾਂ ਦਾਅ-ਪੇਚਾਂ ਦਾ ਕੋਣਵੀ ਪੱਥਰ ਹੋਣੀਆਂ ਚਾਹੀਦੀਆਂ ਹਨ। ਇਸ ਸੂਰਤ ਵਿਚ ਇਹ ਰਾਏ ਰੱਖਣਾ **ਸੰਭਵ** ਹੈ ਕਿ ਅਜੇਹੀ ਕਾਂਗਰਸ ਤੇ ਅਜੇਹੀ ਸਭਾ **ਫੈਸਲੇ ਕਰਨ ਦੇ** ਸੱਚ-ਮੁੱਚ ਹੀ ਯੋਗ ਹਨ।

ਪਰ ਜੇ ਵਰਤਮਾਨ ਬਾਹਰਮੁਖੀ ਹਾਲਤਾਂ ਘਰੋਗੀ ਜੰਗ ਦੀ ਅਟੱਲਤਾ ਜਾਂ ਸੰਭਾਵਨਾ ਦੀਆਂ ਸੂਚਕ ਹਨ, ਜੇ ਤੁਸੀਂ ਇਹਦੇ ਬਾਰੇ "ਵਿਹਲੀ ਤਰ੍ਹਾਂ" ਗੱਲ ਨਹੀਂ ਕਰਦੇ, ਪਰ ਘਰੋਗੀ ਜੰਗ ਦੀ ਸਥਿਤੀ ਦੇ ਮੌਜੂਦ ਹੋਣ ਨੂੰ ਸਾਫ਼ ਤਰ੍ਹਾਂ ਵੇਖ ਕੇ, ਮਹਿਸੂਸ ਕੇ, ਅਨੁਭਵ ਕਰ ਕੇ ਅਜੇਹਾ ਕੀਤਾ ਹੈ ਤਾਂ ਤੁਸੀਂ ਸੋਵੀਅਤਾਂ ਦੀ ਕਾਗਰਸ ਜਾਂ ਸੰਵਿਧਾਨ ਸਭਾ ਨੂੰ ਕੋਣਵੀ ਪੱਥਰ ਕਿਵੇਂ ਬਣਾ ਸਕਦੇ ਹੋ ? ਇਹ ਤਾਂ ਭੁੱਖੇ ਮਰਦੇ ਅਤੇ ਤਸੀਹੇ ਸਹਿੰਦੇ ਲੋਕਾਂ ਦੀ ਸਰਾਸਰ ਖਿੱਲੀ ਉਡਾਉਣਾ ਹੈ। ਕੀ ਤੁਸੀਂ ਸੋਚਦੇ ਹੋ ਕਿ ਭੁੱਖੇ ਮਰ ਰਹੇ ਲੋਕ ਦੋ ਮਹੀਨੇ "ਇੰਤਜ਼ਾਰ" ਕਰਨਾ ਮੰਨ ਲੈਣਗੇ ? ਜਾਂ ਉਹ ਤਬਾਹੀ, ਜਿਸ ਦੇ ਵਧਣ ਬਾਰੇ ਤੁਸੀਂ ਖ਼ੁਦ ਹਰ ਰੋਜ਼ ਲਿਖਦੇ ਹੋ, ਸੋਵੀਅਤਾਂ ਦੀ ਕਾਂਗਰਸ ਲਈ ਜਾਂ ਸੰਵਿਧਾਨ ਸਭਾ ਲਈ "ਉਡੀਕਣਾ" ਮੰਨ ਲਵੇਗੀ ? ਜਾਂ ਕਿ ਜਰਮਨ ਹਮਲਾ, ਸਾਡੇ ਵਲੋਂ ਅਮਨ ਵੱਲ ਗੰਭੀਰ ਕਦਮਾਂ ਦੀ ਅਣਹੋਂਦ ਵਿਚ (ਅਰਥਾਤ ਜੰਗ ਵਿਚ ਸ਼ਾਮਲ ਸਭਨਾਂ ਨੂੰ ਨਿਆਈਂ ਅਮਨ ਦੀ ਰਸਮੀ ਪੇਸ਼ਕਸ਼ ਦੀ ਅਣਹੋਂਦ ਵਿਚ) ਸੋਵੀਅਤਾਂ ਦੀ ਕਾਂਗਰਸ ਜਾਂ ਸੰਵਿਧਾਨ ਸਭਾ ਨੂੰ "ਉਡੀਕਣਾ" ਮੰਨ ਲਵੇਗਾ ? ਜਾਂ ਕਿ ਤੁਹਾਡੇ ਕੋਲ ਅਜੇਹੇ ਤੱਥ ਹਨ ਜਿਹੜੇ ਤੁਹਾਨੂੰ ਇਸ ਨਤੀਜੇ ਉਤੇ ਪੁੱਜਣ ਦੀ ਆਗਿਆ ਦਿੰਦੇ ਹਨ ਕਿ ਰੂਸੀ ਇਨਕਲਾਬ ਦਾ ਇਤਿਹਾਸ ਜੋ 28 ਫਰਵਰੀ ਤੋਂ 30 ਸਤੰਬਰ ਤੱਕ ਅਸਾਧਾਰਨ ਅਸਾਂਤੀ ਅਤੇ ਬੇਮਿਸਾਲ ਤੇਜ਼ ਰਫ਼ਤਾਰੀ ਨਾਲ ਅੱਗੇ ਵਧਿਆ, 1 ਅਕਤੂਬਰ ਤੋਂ 29 ਨਵੰਬਰ ਤੱਕ ਪਰਾ-ਸ਼ਾਂਤੀ ਅਮਨ ਭਰੀ, ਕਾਨੂੰਨੀ ਤੌਰ ਤੇ ਸੰਤੁਲਤ ਰਫ਼ਤਾਰ ਨਾਲ ਵਧੇਗਾ ਜੋ ਚਕਥੱਲਾਂ, ਉਬਾਲਾਂ, ਫ਼ੌਜੀ ਹਾਰਾਂ ਅਤੇ ਆਰਥਕ ਸੰਕਟਾਂ ਨੂੰ ਦੂਰ ਰੱਖੇਗੀ ? ਜਾਂ ਕਿ ਮੋਰਚੇ ਉਤੇ ਫ਼ੌਜ, ਜਿਸ ਬਾਰੇ ਗ਼ੈਰ-ਬਾਲਸ਼ਵਿਕ ਅਫ਼ਸਰ ਦੂਬਾਸੋਵ ਨੇ, ਮੋਰਚੇ ਵਲੋਂ, ਸਰਕਾਰੀ ਤੌਰ ਤੇ ਕਿਹਾ ਹੈ, "ਇਹ ਨਹੀਂ ਲੜੇਗੀ" "ਮਿਥੀ ਹੋਈ" ਤਰੀਕ ਤੱਕ ਚੁੱਪ-ਚਾਪ ਭੁੱਖੀ ਮਰਦੀ ਅਤੇ ਠੰਢ ਨਾਲ ਜੰਮਦੀ ਰਹੇਗੀ ? ਜਾਂ ਕਿ ਕਿਸਾਨ-ਬਗ਼ਾਵਤ ਘਰੋਗੀ ਜੰਗ ਦਾ ਕਾਰਨ ਨਹੀਂ ਰਹੇਗਾ, ਕਿਉਂ ਜੁ ਤੁਸੀਂ ਇਹਨੂੰ "ਅਰਾਜਕਤਾ" ਅਤੇ "ਕਤਲੇਆਮ" ਆਖਦੇ

ਹੈ ਜਾਂ ਕਿਉਂ' ਜੁ ਕੇਰੇਨਸਕੀ **ਕਿਸਾਨਾਂ ਦੇ ਵਿਰੁੱਧ** "ਫ਼ੌਜੀ ਤਾਕਤ ਭੇਜੇਗਾ ? ਜਾਂ ਕੀ ਇਹ ਸੰਭਵ ਹੈ, **ਸੋਚਿਆ ਜਾ ਸਕਦਾ ਹੈ** ਕਿ ਹਕੂਮਤ ਇਕ ਕਿਸਾਨੀ ਦੇਸ਼ ਵਿਚ ਸ਼ਾਂਤੀ ਨਾਲ, ਇਮਾਨਦਾਰੀ ਨਾਲ ਅਤੇ ਸੰਵਿਧਾਨ ਸਭਾ ਦਾ ਸਮਾਗਮ ਬੁਲਾਉਣ ਦੇ ਧੋਖੇ ਤੋਂ **ਬਿਨਾਂ** ਕੰਮ ਕਰ ਸਕਦੀ ਹੈ, ਜਦੋਂ ਉਹੋ ਹਕੂਮਤ ਕਿਸਾਨ ਬਗ਼ਾਵਤ ਨੂੰ **ਦਬਾ ਰਹੀ ਹੈ** ?

"ਸਮੋਲਨੀ ਇੰਸਟੀਚਿਊਟ ਵਿਚ ਘਬਰਾਹਟ" ਉਤੇ ਨਾ ਹੱਸੋ ਭੱਦਰ-ਪੁਰਸ਼ੋ ! ਖ਼ੁਦ ਤੁਹਾਡੀਆਂ ਸਫ਼ਾਂ ਵਿਚ ਕੋਈ ਘੱਟ ਘਬਰਾਹਟ ਨਹੀਂ ਹੈ। ਤੁਸੀਂ ਘਰੋਗੀ ਜੰਗ ਦੇ ਡਾਢੇ ਸਵਾਲਾਂ ਦਾ ਜਵਾਬ ਘਬਰਾਹਟ-ਭਰੇ ਸ਼ਬਦਾਂ ਅਤੇ ਤਰਸਵਾਨ ਸੰਵਿਧਾਨਕ ਭੁਲਾਵਿਆਂ ਨਾਲ ਦਿੰਦੇ ਹੋ। ਇਸੇ ਕਾਰਨ ਹੀ ਮੈਂ ਕਹਿੰਦਾ ਹਾਂ ਕਿ ਜੇ ਬਾਲਸਵਿਕਾਂ ਨੇ ਇਹਨਾ ਰੌਂਆਂ ਅੱਗੇ ਹਥਿਆਰ ਸੁੱਟ ਦਿਤੇ ਤਾਂ ਉਹ ਆਪਣੀ ਪਾਰਟੀ ਅਤੇ ਆਪਣੇ ਇਨਕਲਾਬ, ਦੋਹਾਂ, ਨੂੰ ਹੀ ਤਬਾਹ ਕਰ ਦੇਣਗੇ।

ਐਨ. ਲੈਨਿਨ

ਸਤੰਬਰ ਦੇ ਅੰਤ ਅਕਤੂਬਰ 1 (14)
1917 ਨੂੰ ਲਿਖਿਆ।
ਅਕਤੂਬਰ 1917 ਵਿਚ ਰਸਾਲਾ
ਪਰੋਸਵੇਸ਼ਚੇਨੀਏ ਨੰਬਰ 1-2 ਵਿਚ
ਪ੍ਰਕਾਸ਼ਤ ਹੋਇਆ।

ਸੰਗ੍ਰਹਿਤ ਕਿਰਤਾਂ,
ਜਿਲਦ 26

ਕੇਂਦਰੀ ਕਮੇਟੀ ਦੇ ਨਾਂਅ, ਮਾਸਕੋ ਤੇ ਪੀਤਰੋਗਰਾਦ ਕਮੇਟੀਆਂ ਅਤੇ ਪੀਤਰੋਗਰਾਦ ਤੇ ਮਾਸਕੋ ਸੋਵੀਅਤਾਂ ਦੇ ਬਾਲਸ਼ਵਿਕ ਮੈਂਬਰਾਂ ਦੇ ਨਾਂਅ ਚਿੱਠੀ

ਪਿਆਰੇ ਸਾਥੀਓ,

ਘਟਨਾਵਾਂ ਸਾਡੇ ਕਾਰਜ ਨੂੰ ਇਤਨੀ ਸਪੱਸ਼ਟਤਾ ਨਾਲ ਨਿਸਚਤ ਕਰ ਰਹੀਆਂ ਹਨ ਕਿ ਢਿਲ-ਮੱਠ ਸਪੱਸ਼ਟ ਰੂਪ ਵਿਚ ਇਕ **ਜੁਰਮ** ਬਣਦੀ ਜਾ ਰਹੀ ਹੈ ।

ਵਰਤਮਾਨ ਲਹਿਰ ਵਿਕਸਤ ਹੋ ਰਹੀ ਹੈ । ਸਰਕਾਰ ਆਪਣੇ ਕਰੜੇ ਜਾਬਰ ਕਦਮਾਂ ਨੂੰ ਤੇਜ਼ ਕਰ ਰਹੀ ਹੈ । ਫ਼ੌਜ ਵਿਚ ਸਾਡੇ ਲਈ ਹਮਦਰਦੀ ਵਧ ਰਹੀ ਹੈ (ਮਾਸਕੋ ਵਿਚ 99 ਫ਼ੀਸਦੀ ਸਿਪਾਹੀਆਂ ਦੇ ਵੋਟ ਸਾਡੇ ਹੱਕ ਵਿਚ ਪਏ ਸਨ, ਫਿਨਲੈਂਡ ਵਿਚ ਫ਼ੌਜ ਤੇ ਸਮੁੰਦਰੀ ਬੇੜਾ ਸਰਕਾਰ ਦੇ ਵਿਰੁੱਧ ਹਨ ਅਤੇ ਆਮ ਤੌਰ ਤੇ ਮੋਰਚੇ ਬਾਰੇ ਦੂਬਾਸੋਵ ਦੀ ਗਵਾਹੀ ਸਾਡੇ ਸਾਹਮਣੇ ਹੈ) ।

ਜਰਮਨੀ ਵਿਚ ਇਕ ਇਨਕਲਾਬ ਦਾ ਅਰੰਭ ਪਰਤੱਖ ਹੈ, ਵਿਸ਼ੇਸ਼ ਤੌਰ ਤੇ ਉਦੋਂ ਤੋਂ ਜਦੋਂ ਜਹਾਜ਼ੀਆਂ ਨੂੰ ਗੋਲੀਆਂ ਨਾਲ ਉਡਾਇਆ ਗਿਆ । ਮਾਸਕੋ ਵਿਚ ਚੋਣਾਂ—47 ਫ਼ੀਸਦੀ ਬਾਲਸਵਿਕ—ਅਥਾਹ ਭਾਰੀ ਜਿੱਤ ਹਨ । ਖੱਬੇ ਸੋਸ਼ਲਿਸਟ-ਇਨਕਲਾਬੀਆਂ ਨਾਲ ਰਲ ਕੇ **ਦੇਸ਼ ਵਿਚ** ਸਾਡੀ **ਪਰਤੱਖ** ਬਹੁ-ਗਿਣਤੀ ਹੈ ।

ਰੇਲਵੇ ਤੇ ਡਾਕ ਤਾਰ ਦੇ ਮੁਲਾਜ਼ਮਾਂ ਦੀ ਸਰਕਾਰ ਨਾਲ ਟੱਕਰ ਹੈ । 20 ਅਕਤੂਬਰ ਨੂੰ ਕਾਂਗਰਸ ਬੁਲਾਉਣ ਦੀ ਥਾਂ ਲੀਬੇਰਦਾਨ ਇਸ ਨੂੰ ਅਕਤੂਬਰ ਦੇ ਅੰਤ ਤੱਕ ਬੁਲਾਉਣ ਦੀਆਂ ਪਹਿਲਾਂ ਹੀ ਗੱਲਾਂ ਕਰ ਰਹੇ ਹਨ ।

ਅਜਿਹੇ ਹਾਲਾਤ ਵਿਚ "ਉਡੀਕ" ਕਰਨਾ ਇਕ ਜੁਰਮ ਹੋਵੇਗਾ ।

ਬਾਲਸ਼ਵਿਕਾਂ ਨੂੰ ਸੋਵੀਅਤਾਂ ਦੀ ਕਾਂਗਰਸ ਦੀ ਉਡੀਕ ਕਰਨ ਦਾ ਕੋਈ ਅਧਿਕਾਰ ਨਹੀਂ ਹੈ । ਉਹਨਾਂ ਨੂੰ **ਸੱਤਾ ਝਟ ਪਟ ਹੱਥਾਂ ਵਿਚ** ਲੈਣੀ ਚਾਹੀਦੀ ਹੈ । ਇੰਜ ਕਰ ਕੇ ਉਹ ਸੰਸਾਰ ਇਨਕਲਾਬ ਨੂੰ (ਨਹੀਂ ਤਾਂ ਸਾਰੇ ਦੇਸ਼ਾਂ ਦੇ ਸਾਮਰਾਜੀਆਂ ਵਿਚਾਲੇ ਸੌਦੇਬਾਜ਼ੀ ਦਾ ਖ਼ਤਰਾ ਹੈ, ਜਿਹੜੇ ਜਰਮਨੀ ਵਿਚ ਗੋਲੀ ਦੇ ਮਗਰੋਂ ਇਕ ਦੂਜੇ ਨਾਲ ਵਧੇਰੇ ਮਿਲਵਰਤਣ ਕਰਨਗੇ ਤੇ ਸਾਡੇ

ਵਿਰੁੱਧ ਇਕ ਮੁੱਠ ਹੋਣਗੇ), *ਰੂਸੀ ਇਨਕਲਾਬ ਨੂੰ ਬਚਾ ਲੈਣਗੇ (ਨਹੀਂ ਤਾਂ ਅਸਲੀ ਅਰਾਜਕਤਾ* **ਦੀ ਲਹਿਰ ਸਾਡੇ ਨਾਲੋਂ ਵਧੇਰੇ ਮਜ਼ਬੂਤ ਹੋ ਸਕਦੀ ਹੈ) ਅਤੇ ਮੋਰਚੇ ਉਤੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਬਚਾ ਲੈਣਗੇ ।**

ਢਿੱਲ ਇਕ ਜੁਰਮ ਹੈ । ਸੋਵੀਅਤਾਂ ਦੀ ਕਾਂਗਰਸ ਦੀ ਉਡੀਕ ਰਸਮਾਂ ਦੀ ਇਕ ਬਚਗਾਨਾ ਖੇਡ, ਰਹੁ-ਰੀਤਾਂ ਦੀ ਇਕ ਸ਼ਰਮਨਾਕ ਖੇਡ ਅਤੇ ਇਨਕਲਾਬ ਨਾਲ ਗ਼ੱਦਾਰੀ ਹੋਵੇਗੀ ।

ਜੇ ਬਗ਼ਾਵਤ ਬਿਨਾਂ ਸੱਤਾ ਪਰਾਪਤ ਨਹੀਂ ਕੀਤੀ ਜਾ ਸਕਦੀ, ਤਾਂ **ਸਾਨੂੰ ਝਟਪਟ ਬਗ਼ਾਵਤ ਕਰ ਦੇਣੀ ਚਾਹੀਦੀ ਹੈ** । ਇਹ ਬਹੁਤ ਹੀ ਚੰਗੀ ਗੱਲ ਹੋਵੇਗੀ ਕਿ ਸੱਤਾ ਹੁਣੇ ਹੀ ਬਿਨਾਂ ਬਗ਼ਾਵਤ ਦੇ ਪਰਾਪਤ ਕੀਤੀ ਜਾ ਸਕਦੀ ਹੈ, ਸਗੋਂ ਉਦਾਹਰਣ ਵਜੋਂ, ਜੇ ਮਾਸਕੋ ਸੋਵੀਅਤ ਝਟਪਟ ਸੱਤਾ ਆਪਣੇ ਹੱਥਾਂ ਵਿਚ ਲੈ ਲਵੇ ਅਤੇ ਆਪਣੇ ਆਪ ਨੂੰ (ਪੀਤਰੋਗਰਾਦ ਸੋਵੀਅਤ ਨਾਲ ਮਿਲ ਕੇ) ਸਰਕਾਰ ਹੋਣ ਦਾ ਐਲਾਨ ਕਰ ਦੇਣ । ਮਾਸਕੋ ਵਿਚ ਜਿੱਤ ਗਰੰਟੀ-ਸ਼ੁਦਾ ਹੈ; ਤੇ ਉਥੇ ਲੜਨ ਦੀ ਕੋਈ ਜ਼ਰੂਰਤ ਨਹੀਂ ਹੈ । ਪ੍ਰੀਤਰੋਗਰਾਦ ਉਡੀਕ ਸਕਦਾ ਹੈ । ਸਰਕਾਰ ਆਪਣੇ ਆਪ ਨੂੰ ਬਚਾਉਣ ਲਈ ਕੁਝ ਨਹੀਂ ਕਰ ਸਕਦੀ; ਉਹ ਹਥਿਆਰ ਸੁਟ ਦੇਵੇਗੀ ।

ਕਿਉਂ ਜੋ, ਸੱਤਾ ਹੱਥਾਂ ਵਿਚ ਲੈਣ ਨਾਲ ਤੇ ਬੈਂਕ, ਫੈਕਟਰੀਆਂ ਤੇ **ਰੂਸਕੋਏ ਸਲੋਵੋ** ਆਪਣੇ ਹੱਥਾਂ ਵਿਚ ਲੈਣ ਨਾਲ ਮਾਸਕੋ ਸੋਵੀਅਤ ਇਕ ਅਥਾਹ ਭਾਰੀ ਅਧਾਰ ਪਰਾਪਤ ਕਰ ਲਵੇਗੀ ਅਤੇ ਇਹ ਸਾਰੇ ਰੂਸ ਵਿਚ ਮੁਹਿੰਮ ਚਲਾਉਣ ਦੇ ਤੇ ਇਸ ਤਰ੍ਹਾਂ ਇਹ ਸੁਆਲ ਉਠਾਉਣ ਦੇ ਯੋਗ ਹੋ ਜਾਵੇਗੀ : ਜੇ ਬੋਨਾਪਾਰਟਵਾਦੀ ਕੇਰੇਨਸਕੀ ਹਥਿਆਰ ਸੁਟ ਦੇਵੇ **ਅਸੀਂ ਕਲ੍ਹ ਹੀ ਅਮਨ** ਤਜਵੀਜ਼ ਕਰਾਂਗੇ (ਅਤੇ ਜੇ ਉਹ ਹਥਿਆਰ ਨਹੀਂ ਸੁੱਟਦਾ ਤਾਂ ਅਸੀਂ ਉਸ ਨੂੰ ਉਲਟਾ ਦੇਵਾਂਗੇ) । ਅਸੀਂ **ਜ਼ਮੀਨ** ਕਿਸਾਨਾਂ ਨੂੰ **ਝਟਪਟ** ਦੇ ਦੇਵਾਂਗੇ, ਅਸੀਂ ਰੇਲਵੇ ਤੇ ਡਾਕ-ਤਾਰ ਦੇ ਮੁਲਾਜ਼ਮਾਂ ਨੂੰ **ਫ਼ੁਰੰਤ** ਰਿਆਇਤਾਂ ਦੇਵਾਂਗੇ, ਆਦਿ ।

ਪੀਤਰੋਗਰਾਦ ਤੋਂ "ਅਰੰਭ" ਕਰਨਾ ਜ਼ਰੂਰੀ ਨਹੀਂ ਹੈ । ਜੇ ਮਾਸਕੋ ਬਿਨਾਂ ਲਹੂ ਵਹਾਏ ਦੇ "ਅਰੰਭ" ਕਰਦਾ ਹੈ ਤਾ ਨਿਰਸੰਦੇਹ ਇਸ ਦੀ ਹਮਾਇਤ (1) ਇਸ ਦੀ ਹਮਾਇਤ ਰਾਹੀਂ ਮੋਰਚੇ ਉਤੇ ਫੌਜ, (2) ਹਰ ਥਾਂ ਤੋਂ ਕਿਸਾਨ ਅਤੇ (3) ਫਿਨਲੈਂਡ ਵਿਚ ਬੇੜਾ ਤੇ ਫੌਜਾਂ ਕਰਨਗੀਆਂ ਜੋ **ਪੀਤਰੋਗਰਾਦ ਵਲ ਵਧਣਗੀਆਂ** ।

ਜੇ ਕੇਰੇਨਸਕੀ ਕੋਲ ਤੋਪਖਾਨਾ ਤੇ ਜੋ ਘੋੜ-ਸੁਆਰ ਪਲਟਣਾਂ ਵੀ ਹੋਣ ਤਾਂ ਵੀ ਉਸ ਨੂੰ ਹਥਿਆਰ ਸੁੱਟਣ ਤੇ ਮਜਬੂਰ ਕੀਤਾ ਜਾਵੇਗਾ । ਪੀਤਰੋਗਰਾਦ ਸੋਵੀਅਤ ਉਡੀਕ ਕਰ ਸਕਦੀ ਹੈ ਅਤੇ ਮਾਸਕੋ ਸੋਵੀਅਤ ਸਰਕਾਰ ਦੇ ਹੱਕ ਵਿਚ ਮੁਹਿੰਮ ਚਲਾ ਸਕਦੀ ਹੈ । ਨਾਅਰਾ ਇਹ ਹੈ : ਸੱਤਾ ਸੋਵੀਅਤਾਂ ਨੂੰ, ਜ਼ਮੀਨ ਕਿਸਾਨਾਂ ਨੂੰ, ਅਮਨ ਕੌਮਾਂ ਨੂੰ, ਰੋਟੀ ਭੁੱਖਿਆਂ ਨੂੰ ।

ਜਿੱਤ ਯਕੀਨੀ ਹੈ, ਅਤੇ ਇਕ ਪਿੱਛੇ ਦਸ ਮੌਕੇ ਹਨ ਕਿ ਇਹ ਇਕ ਲਹੂ-ਰਹਿਤ ਜਿੱਤ ਹੋਵੇਗੀ ।

ਉਡੀਕ ਕਰਨੀ ਇਨਕਲਾਬ ਲਈ ਜੁਰਮ ਹੋਵੇਗਾ ।

ਵਧਾਈਆਂ, **ਐਨ. ਲੈਨਿਨ**

ਅਕਤੂਬਰ 1 (14) ਨੂੰ ਲਿਖਿਆ ਗਿਆ
ਪਹਿਲਾਂ ਐਸ. ਲੈਨਿਨ (ਵੀ. ਉਲੀਆਨੋਵ), ਕਿਰਤਾਂ
ਜਿਲਦ 14 ਭਾਗ, 2 ਵਿਚ 1921 ਵਿਚ ਪਰਕਾਸ਼ਤ ਹੋਇਆ ।

ਪੀਤਰੋਗਰਾਦ ਸ਼ਹਿਰੀ ਕਾਨਫਰੰਸ ਦੇ ਨਾਂਅ ਚਿੱਠੀ

ਬੰਦ ਸਮਾਗਮ ਵਿਚ ਪੜ੍ਹਨ ਲਈ

ਸਾਥੀਓ,

ਮੈਨੂੰ ਰਾਜਸੀ ਸਥਿਤੀ ਦੀ ਅਤਿ ਗੰਭੀਰਤਾ ਵਲ ਕਾਨਫਰੰਸ ਦਾ ਧਿਆਨ ਦਿਵਾਉਣ ਦੀ ਆਗਿਆ ਦਿਓ। ਮੈਂ ਆਪਣੀ ਰਾਏ ਕੇਵਲ ਸਨਿੱਚਰਵਾਰ ਨੂੰ ਸਵੇਰ ਦੀਆਂ ਅਖਬਾਰਾਂ ਵਿਚ ਛਪੀ ਖਬਰ ਉਤੇ ਅਧਾਰਤ ਕਰਦਾ ਹਾਂ। ਉਹ ਖਬਰ ਮੈਨੂੰ ਸੁਆਲ ਨੂੰ ਇਸ ਢੰਗ ਨਾਲ ਉਠਾਉਣ ਲਈ ਮਜਬੂਰ ਕਰਦੀ ਹੈ।

ਆਮ ਤੌਰ ਤੇ ਬਰਤਾਨਵੀ ਬੇੜੇ ਦੀ ਅਤੇ ਜਰਮਨਾਂ ਵਲੋਂ ਏਸ ਉਤੇ ਕਬਜ਼ਾ ਕਰਨ ਦੌਰਾਨ ਬਰਤਾਨਵੀ ਪਣ-ਡੁਬਕਣੀਆਂ ਦੀ ਵੀ ਕਤੱਈ ਬੇ-ਹਰਕਤੀ, ਇਸ ਦੇ ਨਾਲ ਸਰਕਾਰ ਦੀ ਪੀਤਰੋਗਰਾਦ ਤੋਂ ਮਾਸਕੋ ਚਲੇ ਜਾਣ ਦੀ ਯੋਜਨਾ—ਕੀ ਇਹ ਸਭ ਕੁਝ ਇਹ ਸਿੱਧ ਨਹੀਂ ਕਰਦਾ ਕਿ ਰੂਸੀ ਤੇ ਅੰਗਰੇਜ਼ ਸਾਮਰਾਜੀਆਂ, ਕੇਰੇਨਸਕੀ ਤੇ ਐਂਗ-ਫਰਾਂਸੀਸੀ ਸਰਮਾਏਦਾਰਾਂ ਨੇ ਪੀਤਰੋਗਰਾਦ ਜਰਮਨਾਂ ਦੇ ਹਵਾਲੇ ਕਰਨ ਦੀ ਤੇ ਇਸ ਤਰ੍ਹਾਂ ਰੂਸੀ ਇਨਕਲਾਬ ਦੀ ਸੰਘੀ ਘੁੱਟਣ ਦੀ **ਸਾਜ਼ਸ਼ ਤਿਆਰ** ਕੀਤੀ ਹੈ?

ਮੇਰੇ ਵਿਚਾਰ ਵਿਚ ਇਹ ਸਿੱਧ ਹੁੰਦਾ ਹੈ।

ਸ਼ਾਇਦ ਸਿੱਧੀ ਸਾਜ਼ਸ਼ ਨਾ ਹੋਵੇ, ਪਰ ਕੁਝ ਕੋਰਨੀਲੋਵਵਾਦੀਆਂ (ਮਾਕਲਾਕੋਵ ਜਾਂ 50 ਕੈਡਿਟਾਂ, "ਗੈਰ-ਪਾਰਟੀ" ਰੂਸੀ ਕਰੋੜਪਤੀਆਂ ਆਦਿ) ਰਾਹੀਂ ਇਕ ਸਮਝੌਤਾ ਹੋਇਆ ਹੋਵੇ, ਪਰ ਇਹ ਕਿਸੇ ਵੀ ਤਰ੍ਹਾਂ ਇਸ ਦੇ ਖਾਸੇ ਨੂੰ ਤਬਦੀਲ ਨਹੀਂ ਕਰਦਾ।

ਸਿੱਟਾ ਸਪਸ਼ਟ ਹੈ।

ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਜਦੋਂ ਤਕ ਨੇੜਵੇਂ ਭਵਿੱਖ ਵਿਚ ਪਰੋਲੇਤਾਰੀਏ ਤੇ ਸਿਪਾਹੀਆਂ ਰਾਹੀਂ ਕੇਰੇਨਸਕੀ ਦੀ ਸਰਕਾਰ ਨੂੰ ਨਹੀਂ ਉਲਟਾਇਆ ਜਾਂਦਾ, ਇਨਕਲਾਬ ਤਬਾਹ ਹੋ ਜਾਵੇਗਾ। ਇਕ ਬਗਾਵਤ ਦਾ ਸੁਆਲ ਤੁਰੰਤ ਤੇ ਹੁਣੇ ਦਾ ਸੁਆਲ ਹੈ।

ਸਾਨੂੰ ਮਜ਼ਦੂਰਾਂ ਤੇ ਸਿਪਾਹੀਆਂ ਨੂੰ ਇਹ ਕਾਇਲ ਕਰਾਉਣ ਲਈ ਸਾਰੀਆਂ ਸ਼ਕਤੀਆਂ ਲਾਮਬੰਦ ਕਰਨੀਆਂ ਚਾਹੀਦੀਆਂ ਹਨ ਕਿ ਕੇਰੇਨਸਕੀ ਸਰਕਾਰ ਨੂੰ ਉਲਟਾਉਣ ਲਈ ਇਕ ਅੰਤਿਮ, ਸਿਰਲੱਥ ਤੇ ਨਿਰਣਾਇਕ ਲੜਾਈ ਛੇੜਨੀ ਕਤੱਈ ਤੌਰ ਤੇ ਬਹੁਤ ਜ਼ਰੂਰੀ ਹੈ।

ਸਾਨੂੰ ਮਾਸਕੋ ਦੇ ਕਾਮਰੇਡਾਂ ਨੂੰ ਅਪੀਲ ਕਰਨੀ ਚਾਹੀਦੀ ਹੈ, ਉਹਨਾਂ ਨੂੰ ਮਾਸਕੋ ਵਿਚ ਸੱਤਾ ਉਤੇ ਕਬਜ਼ਾ ਕਰਨ ਲਈ ਪਰੇਰਨਾ ਚਾਹੀਦਾ ਹੈ, ਕੇਰੇਨਸਕੀ ਸਰਕਾਰ ਦੇ ਖਾਤਮੇ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਮਾਸਕੋ ਵਿਚ ਮਜ਼ਦੂਰਾਂ ਦੇ ਡਿਪਟੀਆਂ ਦੀ ਸੋਵੀਅਤ ਨੂੰ ਰੂਸ ਵਿਚ ਆਰਜ਼ੀ ਸਰਕਾਰ ਐਲਾਨ ਵੀ ਚਾਹੀਦਾ ਹੈ, ਤਾਂ ਜੋ ਤੁਰੰਤ ਅਮਨ ਦੀ ਪੇਸ਼ਕਸ਼ ਕੀਤੀ ਜਾਵੇ ਅਤੇ ਰੂਸ ਨੂੰ ਸਾਜ਼ਸ਼ ਤੋਂ ਬਚਾਇਆ ਜਾਵੇ। ਮਾਸਕੋ ਦੇ ਸਾਥੀਆਂ ਨੂੰ ਮਾਸਕੋ ਵਿਚ ਤੁਰੰਤ ਬਗਾਵਤ ਕਰਨ ਦਾ ਸੁਆਲ ਉਠਾਣਾ ਚਾਹੀਦਾ ਹੈ।

ਸਾਨੂੰ ਉਤਰੀ ਰੀਜਨ ਦੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਦੀ ਕਾਂਗਰਸ ਵਲੋਂ ਪੇਸ਼ ਕੀਤੇ ਗਏ ਅਵਸਰ ਨੂੰ ਵਰਤਣਾ ਚਾਹੀਦਾ ਹੈ ਜੋ ਹੈਲਸਿੰਗਫੋਰਾਂ ਵਿਚ 8 ਅਕਤੂਬਰ ਨੂੰ ਬੁਲਾਈ ਗਈ ਹੈ ਅਤੇ ਡੈਲੀਗੇਟਾਂ ਨੂੰ ਬਗਾਵਤ ਦੇ ਹੱਕ ਵਿਚ ਕਰਨ ਲਈ (ਜਿਵੇਂ ਉਹ ਪੀਤਰੋਗਰਾਦ ਰਾਹੀਂ ਵਾਪਸ ਜਾਂਦੇ ਹਨ) ਆਪਣੀਆਂ ਸਾਰੀਆਂ ਸ਼ਕਤੀਆਂ ਲਾਮਬੰਦ ਕਰਨੀਆਂ ਚਾਹੀਦੀਆਂ ਹਨ।

ਸਾਨੂੰ ਆਪਣੀ ਪਾਰਟੀ ਦੀ ਕੇਂਦਰੀ ਕਮੇਟੀ ਨੂੰ ਬੇਨਤੀ ਕਰਨੀ ਤੇ ਤਜਵੀਜ਼ ਪੇਸ਼ ਕਰਨੀ ਚਾਹੀਦੀ ਹੈ ਕਿ ਉਹ ਪੂਰਵ-ਪਾਰਲੀਮੈਂਟ ਤੋਂ ਬਾਲਸ਼ਵਿਕਾ ਦੀ ਵਾਪਸੀ ਤੇਜ਼ ਕਰੇ ਅਤੇ ਕੇਰੇਨਸਕੀ ਦੀ ਦੂਜੇ ਦੇਸ਼ਾਂ ਦੇ ਸਾਮਰਾਜੀਆਂ ਨਾਲ ਸਾਜਸ਼ ਨੂੰ ਜਨਸਮੂਹਾਂ ਵਿਚ ਨੰਗ ਕਰਨ ਦੇ ਤੇ ਬਗਾਵਤ ਦੀ ਤਿਆਰੀ ਕਰਨ ਦੇ ਸਾਰੇ ਯਤਨ ਕਰੇ ਤਾਂ ਜੋ ਇਸ ਲਈ ਸਹੀ ਘੜੀ ਚੁਣੀ ਜਾਵੇ।

ਪਿਛੋਂ ਨੋਟ : ਪੀਤਰੋਗਰਾਦ ਸੋਵੀਅਤ ਦੇ ਸਿਪਾਹੀਆ ਦੇ ਭਾਗ ਦਾ ਪੀਤਰੋਗਰਾਦ ਤੋਂ ਸਰਕਾਰ ਦੇ ਬਾਹਰ ਜਾਣ ਦੇ ਵਿਰੁਧ ਮਤਾ ਦਰਸਾਉਂਦਾ ਹੈ ਕਿ ਸਿਪਾਹੀ ਵੀ ਕੇਰੇਨਸਕੀ ਦੀ ਸਾਜ਼ਸ਼ ਬਾਰੇ **ਵਧੇਰੇ** ਕਾਇਲ ਹੋ ਰਹੇ ਹਨ। ਸਾਨੂੰ ਇਸ ਸਹੀ **ਨਿਸ਼ਚੇ** ਦੀ ਹਮਾਇਤ ਕਰਨ ਲਈ ਅਤੇ ਸਿਪਾਹੀਆਂ ਵਿਚਾਲੇ ਪਰਾਪੇਗੰਡਾ ਕਰਦੇ ਰਹਿਣ ਲਈ ਸਾਰੀਆਂ ਸ਼ਕਤੀਆਂ ਨੂੰ ਇਕੱਤਰ ਕਰਨਾ ਚਾਹੀਦਾ ਹੈ।

... ...

ਮੈਂ ਤਜਵੀਜ਼ ਕਰਦਾ ਹਾਂ ਕਿ ਹੇਠਲਾ ਮਤਾ ਪਾਸ ਕੀਤਾ ਜਾਣਾ ਚਾਹੀਦਾ ਹੈ!

"ਕਾਨਫ੍ਰੰਸ ਵਰਤਮਾਨ ਸਥਿਤੀ ਉਤੇ, ਜਿਸ ਨੂੰ ਆਮ ਤੌਰ ਤੇ ਬਹੁਤ ਹੀ ਗੰਭੀਰ ਮੰਨਿਆ ਗਿਆ ਹੈ ਬਹਿਸ ਕਰਨ ਮਗਰੋਂ ਹੇਠਲੇ ਤੱਥ ਸਿੱਧ ਕਰਦੀ ਹੈ :

"**(1)** ਜਰਮਨ ਬੇੜੇ ਦੀਆਂ ਹਮਲਾਵਾਰ ਕਾਰਵਾਈਆਂ, ਇਸ ਦੇ ਨਾਲ ਅੰਗਰੇਜ਼ ਬੇੜੇ ਦੀ ਅਜੀਬ ਬੇ-ਹਰਕਤੀ ਤੇ ਆਰਜ਼ੀ ਸਰਕਾਰ ਦੀ ਪੀਤਰੋਗਰਾਦ ਤੋਂ ਮਾਸਕੋ ਚਲੇ ਜਾਣ ਦੀ ਯੋਜਨਾ ਬਹੁਤ ਭਾਰੀ ਸ਼ੰਕਾ ਪੈਦਾ ਕਰਦੇ ਹਨ ਕਿ ਕੇਰੇਨਸਕੀ ਦੀ ਸਰਕਾਰ ਨੇ (ਜਾਂ, ਇਕੋ ਹੀ ਗੱਲ ਹੈ ਉਸ ਦੇ ਪਿਛੇ ਰੂਸੀ ਸਾਮਰਾਜੀ) ਅੰਗ-ਫਰਾਸੀਸੀ ਸਾਮਰਾਜੀਆਂ ਨਾਲ ਪੀਤਰੋਗਰਾਦ ਨੂੰ ਜਰਮਨ ਦੇ ਹਵਾਲੇ ਕਰਨ ਤੇ ਇਸ ਤਰ੍ਹਾਂ ਦੀ ਅਤੇ ਇਸ ਤਰ੍ਹਾਂ ਇਨਕਲਾਬ ਨੂੰ ਦਬਾਉਣ ਦੀ ਸਾਜ਼ਸ਼ ਕਰ ਲਈ ਹੈ।

"**(2)** ਇਹ ਸ਼ੰਕੇ ਹੇਠਲੀਆਂ ਗੱਲਾਂ ਤੋਂ, ਜਿਥੋਂ ਤਕ ਅਜਿਹੇ ਦੇਸ਼ਾਂ ਵਿਚ ਸੰਭਵ ਹੁੰਦਾ ਹੈ, ਬਹੁਤ ਮਜ਼ਬੂਤ ਹੋਏ ਹਨ, ਅਤੇ ਜਿਨ੍ਹਾਂ ਦੀ ਤਸਦੀਕ ਹੋ ਰਹੀ ਹੈ :

"ਪਹਿਲੀ ਫੌਜ ਵਿਚ ਇਹ ਨਿਸਚਾ ਵਧ ਰਿਹਾ ਹੈ ਤੇ ਪੱਕਾ ਹੋ ਰਿਹਾ ਹੈ ਕਿ ਉਸ ਨਾਲ ਜ਼ਾਰਸ਼ਾਹੀ ਜਰਨੈਲਾਂ ਨੇ ਗ਼ੱਦਾਰੀ ਕੀਤੀ ਸੀ, ਅਤੇ ਕੋਰਨੀਲੋਵ ਤੇ ਕੇਰੇਨਸਕੀ ਦੇ ਜਰਨੈਲਾਂ ਵਲੋਂ ਗ਼ੱਦਾਰੀ ਕੀਤੀ ਜਾ ਰਹੀ ਹੈ (ਵਿਸ਼ੇਸ਼ ਤੌਰ ਤੇ ਰੀਗਾ ਨੂੰ ਹਵਾਲੇ ਕਰਨ ਵਿਚ)।

ਦੂਸੀ, ਅੰਗ-ਫਰਾਂਸੀਸੀ ਬੁਰਜੂਆ ਪ੍ਰੈਸ ਸੋਵੀਅਤਾਂ ਕਈ ਆਪਣੀ ਘੋਰ ਤੇ ਪਾਗਲਾਨਾ ਘਿਰਣਾ ਤੇ ਉਹਨਾਂ ਨੂੰ ਕਿਸੇ ਵਲ ਮਾਤਰਾ ਦੇ ਲਹੂ ਵਿਚ ਡੁਬਾਉਣ ਦੀ ਤਤਪਰਤਾ ਨੂੰ ਨਹੀਂ ਲੁਕਾਉਂਦਾ ਹੈ :

"ਤੀਜੀ, ਕੇਰੇਨਸਕੀ, ਕੇਡਟ, ਬਰੇਸ਼ਕੋਵਸਕਾਇਆ, ਪਲੇਖਾਨੋਵ ਤੇ ਇਹਨਾਂ ਵਰਗੇ ਸ਼ਿਆ-ਸਤਦਾਨ ਸੁਚੇਤ ਜਾਂ ਅਚੇਤ ਤੌਰ ਤੇ ਅੰਗ-ਫਰਾਂਸੀਸੀ ਸਾਮਰਾਜੀਆਂ ਦੇ ਹੱਥਾਂ ਵਿਚ ਹਥਿਆਰ ਹਨ, ਜਿਵੇਂ ਕਿ ਰੂਸੀ ਇਨਕਲਾਬ ਦੇ ਛੇ ਮਹੀਨਿਆਂ ਦੇ ਇਤਿਹਾਸ ਨੇ ਪੂਰੀ ਤਰ੍ਹਾਂ ਸਿੱਧ ਕਰ ਦਿਤਾ ਹੈ ?

"ਚੌਥੀ, ਬਰਤਾਨੀਆ ਤੇ ਜਰਮਨੀ ਵਿਚਾਲੇ ਰੂਸ ਦੀ ਕੀਮਤ ਉਤੇ ਇਕ ਵਖਰੇ ਅਮਨ ਬਾਰੇ ਧੁੰਦਲੀ ਪਰ ਨਿਰੰਤਰ ਅਫਵਾਹ ਬਿਨਾਂ ਕਾਰਨ ਦੇ ਨਹੀਂ ਸੀ ਉਠ ਸਕਦੀ ।

"ਪੰਜਵੀਂ, ਕੋਰਨੀਲੋਵ ਸਾਜ਼ਸ਼ ਦੇ ਸਾਰੇ ਹਾਲਾਤ, ਜਿਹੜੇ **ਦਾਈਲੋ ਨਾਰੋਦਾ** ਅਤੇ **ਇਜ਼ਵੇਸਤੀਆ** ਅਖਬਾਰਾ ਨੇ, ਜਿਹਨਾਂ ਦੀ ਕੇਰੇਨਸਕੀ ਨਾਲ ਸਾਰੀ ਹਮਦਰਦੀ ਹੈ, ਪ੍ਰਵਾਨ ਕੀਤਾ ਹੈ, ਨੇ ਸਿੱਧ ਕੀਤਾ ਹੈ ਕਿ ਕੇਰੇਨਸਕੀ ਵੱਡੀ ਹੱਦ ਤਕ ਕੋਰਨੀਲੋਵ ਦੇ ਮਾਮਲੇ ਵਿਚ ਰਲਿਆ ਹੋਇਆ ਸੀ, ਕਿ ਕੇਰੇਨਸਕੀ ਬਹੁਤ ਹੀ ਖ਼ਤਰਨਾਕ ਕੋਰਨੀਲੋਵਵਾਦੀ ਸੀ ਤੇ ਹੈ; ਅਸਲ ਵਿਚ ਕੇਰੇਨਸਕੀ ਨੇ ਕੋਰਨੀਲੋਵ ਬਗ਼ਾਵਤ ਦੇ ਅਜਿਹੇ ਆਗੂਆਂ ਨੂੰ ਜਿਵੇਂ ਰੌਦਜ਼ੀਆਨਕੋ, ਜ਼ਲੈਂਬੋਵਸਕੀ, ਮਾਕਲਾਕੋਵ ਆਦਿ ਨੂੰ ਬਚਾਇਆ ਤੇ ਲੁਕਾਇਆ ਹੈ ।

"ਇਸ ਲਈ, ਕਾਨਫਰੰਸ ਇਹ ਪ੍ਰਵਾਨ ਕਰਦੀ ਹੈ ਕਿ ਕੇਰੇਨਸਕੀ ਤੇ ਉਹਨਾਂ ਅਖ਼ਬਾਰਾਂ ਦਾ ਸਾਰਾ ਚੀਕ-ਚਿਹਾੜਾ, ਜਿਹੜੇ ਪੀਤਰੋਗਰਾਦ ਦੀ ਰਾਖੀ ਬਾਰੇ ਉਸ ਦੀ ਹਮਾਇਤ ਕਰਦੇ ਹਨ, ਨਿਰਾ ਧੋਖਾ ਤੇ ਛਲ ਹੈ, ਅਤੇ ਪੀਤਰੋਗਰਾਦ ਸੋਵੀਅਤਾਂ ਦਾ ਸਿਪਾਹੀ ਭਾਗ ਬਿਲਕੁਲ ਠੀਕ ਸੀ ਜਦੋਂ ਇਸ ਨੇ ਪੀਤਰੋਗਰਾਦ ਤੋਂ ਚਲੇ ਜਾਣ ਦੀ ਯੋਜਨਾ ਦੀ ਕਰੜਾਈ ਨਾਲ ਨਿਖੇਧੀ ਕੀਤੀ ਸੀ, ਇਸ ਤੋਂ ਉਪ੍ਰੰਤ, ਕਿ ਪੀਤਰੋਗਰਾਦ ਦੀ ਰਾਖੀ ਨਹੀਂ ਕੀਤੀ ਜਾ ਸਕਦੀ ਅਤੇ ਇਨਕਲਾਬ ਨੂੰ ਨਹੀਂ ਬਚਾਇਆ ਜਾ ਸਕਦਾ ਜਦੋਂ ਤਕ ਥੱਕੀ ਟੁੱਟੀ ਫੌਜ ਸਰਕਾਰ ਦੀ ਸੁਹਿਰਦਤਾ ਬਾਰੇ ਕਤੱਈ ਤੇ ਤੁਰੰਤ ਕਾਇਲ ਨਹੀਂ ਹੋ ਜਾਂਦੀ ਅਤੇ ਉਸ ਨੂੰ ਸਰਮਾਏਦਾਰਾਂ ਦੇ ਵਿਰੁਧ ਇਨਕਲਾਬੀ ਕਦਮਾਂ ਦੀ ਕੀਮਤ ਉਤੇ ਰੋਟੀ, ਕੱਪੜਾ ਤੇ ਜੁੱਤੀਆਂ ਨਹੀਂ ਦਿਤੀਆਂ ਜਾਂਦੀਆਂ, ਜਿਹੜੇ ਸਰਮਾਏਦਾਰਾਂ ਨੇ ਹੁਣ ਤਕ ਆਰਥਕ ਤਬਾਹੀ ਦੇ ਵਿਰੁਧ ਜਦੋਜਹਿਦ ਨੂੰ ਢਾਹ ਲਾਈ ਹੈ (ਜਿਥੇ ਕਿ ਮੈਨਸ਼ਵਿਕ-ਸੋਸ਼ਲਿਸਟ-ਇਨਕਲਾਬੀ ਕੇਂਦਰੀ ਕਾਰਜ-ਕਾਰਨੀ ਕਮੇਟੀ ਦੇ ਆਰਥਕ ਵਿਭਾਗ ਵਲੋਂ ਪ੍ਰਵਾਨ ਕੀਤਾ ਗਿਆ ਹੈ) ।

"ਇਸ ਲਈ ਕਾਨਫਰੰਸ ਐਲਾਨ ਕਰਦੀ ਹੈ ਕਿ ਕੇਰੇਨਸਕੀ ਸਰਕਾਰ ਦਾ ਰੀਪਬਲਿਕ ਦੀ ਉਸ ਦੀ ਪੇਕਡ ਕੌਂਸਲ ਸਮੇਤ ਉਲਟਾਇਆ ਜਾਣਾ ਅਤੇ ਉਸ ਦੀ ਥਾਂ ਤੇ ਮਜ਼ਦੂਰਾਂ ਤੇ ਕਿਸਾਨਾਂ ਦੀ ਇਨਕਲਾਬੀ ਸਰਕਾਰ ਦੀ ਸਥਾਪਨਾ ਯਕੀਨੀ ਬਣਾ ਸਕਦੀ ਹੈ ।

"(ੳ) ਕਿਸਾਨ ਬਗਾਵਤ ਨੂੰ ਦਬਾਉਣ ਦੀ ਥਾਂ ਜ਼ਮੀਨ ਕਿਸਾਨਾਂ ਦੇ ਹਵਾਲੇ;

"(ਅ) ਇਕ ਤੁਰੰਤ ਤੇ ਨਿਆਈਂ ਅਮਨ ਦੀ ਪੇਸ਼ਕਸ਼ ਤਾਂ ਜੋ ਸਾਡੀ ਸਮੁੱਚੀ ਫੌਜ ਇਹ ਵਿਸ਼ਵਾਸ ਕਰੇ ਕਿ ਸਚਾਈ ਅਜੇ ਮੌਜੂਦ ਹੈ;

"ਸਰਮਾਏਦਾਰਾਂ ਵਿਰੁਧ ਬਹੁਤ ਹੀ ਨਿਰਣਾਇਕ ਇਨਕਲਾਬੀ ਕਦਮ ਲੈਣਾ ਤਾਂ ਜੋ ਫੌਜ ਨੂੰ ਰੋਟੀ, ਕੱਪੜਾ ਤੇ ਜੁੱਤੀਆਂ ਮੁਹੱਈਆ ਕੀਤੀਆਂ ਜਾਣ ਅਤੇ ਤਾਂ ਜੋ ਆਰਥਕ ਤਬਾਹੀ ਦੇ ਵਿਰੁਧ ਲੜਿਆ ਜਾਵੇ ।

"ਕਾਨਫਰੰਸ ਕੇਂਦਰੀ ਕਮੇਟੀ ਨੂੰ ਤੀਬਰ ਬੇਨਤੀ ਕਰਦੀ ਹੈ ਕਿ ਉਹ ਅਜਿਹੇ ਸਾਰੇ ਕਦਮ ਪੁੱਟੇ ਜੋ ਬਦਨਾਮ, ਸਾਮੰਤਸ਼ਾਹੀ ਕੇਰੇਨਸਕੀ ਸਰਕਾਰ ਨੂੰ ਉਲਟਾਉਣ ਲਈ ਮਜ਼ਦੂਰਾਂ, ਸਿਪਾਹੀਆਂ ਤੇ ਕਿਸਾਨਾਂ ਦੀ ਅਟੱਲ ਬਗ਼ਾਵਤ ਵਲ ਲੈ ਜਾਣ।

ਕਾਨਫਰੰਸ ਹੇਲਸਿੰਗਫੋਰਸ, ਵਾਈਬੋਰਗ, ਕਰੋਨਸਤਾਦਤ ਤੇ ਰਾਵੇਲ ਨੂੰ, ਪੀਤਰੋਗਰਾਦ ਦੇ ਦੱਖਣ ਵਿਚ ਫੌਜੀ ਦਸਤਿਆਂ ਨੂੰ, ਅਤੇ ਮਾਸਕੋ ਨੂੰ ਪ੍ਰਤੀਨਿਧ ਮੰਡਲ ਤੁਰੰਤ ਭੇਜਣ ਬਾਰੇ ਫੈਸਲਾ ਕਰਦੀ ਹੈ ਤਾਂ ਜੋ ਇਸ ਮਤੇ ਦੇ ਪਾਸ ਕਰਨ ਦੇ ਹੱਕ ਵਿਚ ਅਤੇ ਇਕ ਤੇਜ਼, ਆਮ ਬਗ਼ਾਵਤ ਤੇ ਕੇਰੇਨਸਕੀ ਨੂੰ ਉਲਟਾਉਣ ਦੇ ਹੱਕ ਵਿਚ ਪ੍ਰਾਪੇਗੰਡਾ ਕੀਤਾ ਜਾਵੇ, ਇਹ ਕਦਮ ਅਮਨ ਵਲ ਜਾਂਦਾ ਰਾਹ ਖੋਲ੍ਹਣ ਲਈ, ਪੀਤਰੋਗਰਾਦ ਤੇ ਇਨਕਲਾਬ ਨੂੰ ਬਚਾਉਣ ਲਈ ਅਤੇ ਕਿਸਾਨਾਂ ਨੂੰ ਜ਼ਮੀਨ ਤੇ ਸੋਵੀਅਤਾਂ ਨੂੰ ਸੱਤਾ ਦੇਣ ਲਈ ਜਾਰੀ ਹਨ।"

7 (20) ਅਕਤੂਬਰ 1917 ਨੂੰ ਲਿਖਿਆ
ਪਹਿਲਾ 1924 ਵਿਚ ਪ੍ਰਕਾਸ਼ਤ ਹੋਇਆ।

ਇਕ ਦਰਸ਼ਕ ਦੀ ਸਲਾਹ

ਮੈਂ ਇਹ ਸਤਰਾਂ 8 ਅਕਤੂਬਰ ਨੂੰ ਲਿਖ ਰਿਹਾ ਹਾਂ ਅਤੇ ਬਹੁਤ ਹੀ ਆਸ ਹੈ ਕਿ ਇਹ ਪੀਤਰੋਗਰਾਦ ਦੇ ਵਾਸੀਆਂ ਨੂੰ 9 ਅਕਤੂਬਰ ਤਕ ਪੁੱਜ ਜਾਣਗੀਆਂ। ਇਹ ਸੰਭਵ ਹੈ ਕਿ ਬਹੁਤ ਦੇਰ ਮਗਰੋਂ ਪੁੱਜਣਗੀਆਂ ਕਿਉਂ ਜੋ ਉਥੇ ਹੀ ਸੋਵੀਅਤਾਂ ਦੀ ਕਾਂਗਰਸ 10 ਅਕਤੂਬਰ ਨੂੰ ਨਿਸਚਿਤ ਕੀਤੀ ਗਈ ਹੈ। ਫਿਰ ਵੀ, ਮੈਂ ਆਪਣੀ "ਇਕ ਦਰਸਕ ਦੀ ਸਲਾਹ" ਇਸ ਹਾਲਤ ਵਿਚ ਦੇਣ ਦਾ ਯਤਨ ਕਰਾਂਗਾ ਕਿ ਪੀਤਰੋਗਰਾਦ ਦੇ ਤੇ ਸਮੁੱਚੇ ਰੀਜਨ ਦੇ ਮਜ਼ਦੂਰਾਂ ਅਤੇ ਸਿਪਾਹੀਆਂ ਦੀ ਸੰਭਵ ਕਾਰਵਾਈ ਛੇਤੀ ਹੋਵੇਗੀ, ਪਰ ਅਜੇ ਨਹੀਂ ਕੀਤੀ ਗਈ।

ਇਹ ਸਪਸ਼ਟ ਹੈ ਕਿ ਸਾਰੀ ਸੱਤਾ ਸੋਵੀਅਤਾਂ ਦੇ ਹਵਾਲੇ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਹਰ ਬਾਲਸਵਿਕ ਲਈ ਇਹ ਗੱਲ ਵਿਵਾਦ-ਰਹਿਤ ਹੈ ਕਿ ਪ੍ਰੋਲਤਾਰੀ ਇਨਕਲਾਬੀ ਸੱਤਾ (ਜਾਂ ਬਾਲਸ਼ਵਿਕ ਸੱਤਾ—ਜਿਹੜੀ ਹੁਣ ਇਕੋ ਜਿਹੀ ਚੀਜ ਹੈ) ਯਕੀਨੀ ਤੌਰ ਤੇ ਆਮ ਤੌਰ ਤੇ ਸਾਰੇ ਸੰਸਾਰ ਤੇ, ਵਿਸੇਸ ਤੌਰ ਤੇ ਲੜ ਰਹੇ ਦੇਸਾਂ ਵਿਚ, ਅਤੇ ਵਿਸੇਸ ਤੌਰ ਤੇ ਰੂਸੀ ਕਿਸਾਨਾਂ ਵਿਚਾਲੇ ਯਕੀਨੀ ਤੌਰ ਤੇ ਵਧ ਤੋਂ ਵਧ ਹਮਦਰਦੀ ਤੇ ਨਿਰੰਤਰ ਹਮਾਇਤ ਦੀ ਪਾਤਰ ਹੈ। ਇਹਨਾਂ ਆਮ ਜਾਣੀਆਂ ਜਾਂਦੀਆਂ ਤੇ ਸਿੱਧ ਹੋ ਚੁਕੀਆਂ ਸਚਾਈਆਂ ਨਾਲ ਇਥੇ ਨਿਪਟਣ ਦੀ ਕੋਈ ਜ਼ਰੂਰਤ ਨਹੀਂ ਹੈ।

ਉਸ ਗੱਲ ਨਾਲ ਜਰੂਰ ਨਿਪਟਣਾ ਚਾਹੀਦਾ ਹੈ ਜਿਹੜੀ ਸਾਰੇ ਸਾਥੀਆਂ ਨੂੰ ਸ਼ਾਇਦ ਪੂਰੀ ਸਪੱਸ਼ਟ ਨਹੀਂ ਹੈ, ਭਾਵ ਕਿ ਅਸਲ ਵਿਚ ਸੋਵੀਅਤਾਂ ਨੂੰ ਸੱਤਾ ਦੀ ਤਬਦੀਲੀ ਦਾ ਅਰਥ ਹੁਣ ਹਥਿਆਰਬੰਦ ਬਗ਼ਾਵਤ ਹੈ। ਇਹ ਪ੍ਰਤੱਖ ਜਾਪੇਗੀ, ਪਰ ਹਰ ਕਿਸੇ ਨੇ ਇਸ ਨੁਕਤੇ ਵਲ ਧਿਆਨ ਨਹੀਂ ਦਿਤਾ ਜਾਂ ਨਹੀਂ ਦੇ ਰਿਹਾ। ਹੁਣ ਹਥਿਆਰਬੰਦ ਬਗ਼ਾਵਤ ਨੂੰ ਰੱਦ ਕਰਨ ਦਾ ਅਰਥ ਬਾਲਸ਼ਵਿਜ਼ਮ ਦੇ ਮੁੱਖ ਨਾਅਰੇ (ਸਾਰੀ ਸੱਤਾ ਸੋਵੀਅਤਾਂ ਨੂੰ) ਅਤੇ ਆਮ ਤੌਰ ਤੇ ਪਰੋਲੇਤਾਰੀ ਇਨਕਲਾਬੀ ਕੌਮਾਂਤਰੀਵਾਦ ਨੂੰ ਰੱਦ ਕਰਨਾ ਹੈ।

ਪਰ ਹਥਿਆਰਬੰਦ ਬਗ਼ਾਵਤ ਰਾਜਨੀਤਕ ਜਦੋਜਹਿਦ ਦਾ ਇਕ **ਵਿਸ਼ੇਸ਼** ਰੂਪ ਹੈ, **ਵਿਸ਼ੇਸ਼ ਕਾਨੂੰਨਾਂ ਦਾ ਇਕ ਮਜ਼ਮੂਨ ਜਿਹਨਾ ਵਲ ਡੂੰਘਾ ਧਿਆਨ ਦੇਣ ਦੀ ਲੋੜ ਹੈ। ਕਾਰਲ ਮਾਰਕਸ ਨੇ ਇਸ ਸਚਾਈ ਨੂੰ ਸ਼ਾਨਦਾਰ ਸਪੱਸ਼ਟਤਾ ਨਾਲ ਬਿਆਨ ਕੀਤਾ ਸੀ ਜਦੋਂ ਉਸ ਨੇ ਲਿਖਿਆ ਕਿ "ਬਗ਼ਾਵਤ ਇਕ ਅਜਿਹੀ ਕਲਾ ਹੈ ਜਿਹੋ ਜਿਹੀ ਜੰਗ"**।

ਇਸ ਕਲਾ ਦੇ ਮੁੱਖ ਕੰਮਾਂ ਵਿਚੋਂ ਮਾਰਕਸ ਨੇ ਹੇਠਲੇ ਕੰਮ ਨੋਟ ਕੀਤੇ :

(1) **ਬਗ਼ਾਵਤ ਨਾਲ ਮਤ ਖੇਡੋ, ਪਰ ਜਦੋਂ ਇਸ ਨੂੰ ਅਰੰਭ ਕਰੋ ਤਾਂ ਮਜ਼ਬੂਤੀ ਨਾਲ ਸਮਝੋ ਕਿ ਤੁਹਾਨੂੰ ਇਸ ਨੂੰ ਨੇਪਰੇ ਚਾੜ੍ਹਨਾ ਹੈ।**

(2) ਨਿਰਣਾਇਕ ਨੁਕਤੇ ਅਤੇ ਨਿਰਣਾਇਕ ਘੜੀ ਤੇ ਇਕ **ਸ਼ਕਤੀਆਂ ਦੀ ਇਕ ਮਹਾਨ ਉੱਚਤਮਤਾ** ਕੇਂਦਰਤ ਕਰੋ ਨਹੀਂ ਤਾਂ ਦੁਸ਼ਮਣ, ਜਿਸ ਨੂੰ ਵਧੀਆ ਤਿਆਰੀ ਅਤੇ ਜਥੇਬੰਦੀ ਦਾ ਲਾਭ ਪ੍ਰਾਪਤ ਹੈ, ਬਾਗ਼ੀਆਂ ਨੂੰ ਤਬਾਹ ਕਰ ਦੇਵੇਗਾ।

(3) ਇਕ ਵਾਰ ਜਦੋਂ ਬਗ਼ਾਵਤ ਅਰੰਭ ਹੁੰਦੀ ਹੈ, ਤੁਹਾਨੂੰ ਬਹੁਤ ਭਾਰੀ ਦ੍ਰਿੜ੍ਹਤਾ ਨਾਲ ਕਾਰਵਾਈ ਕਰਨੀ ਚਾਹੀਦੀ ਹੈ, ਅਤੇ ਹਰ ਹਾਲਤ ਵਿਚ, ਬਿਨਾਂ ਢਿੱਲ ਦੇ **ਹਮਲਾ** ਕਰੋ, "ਰੱਖਿਆ ਕਰਨੀ ਹਰ ਹਥਿਆਰਬੰਦ ਬਗ਼ਾਵਤ ਦੀ ਮੌਤ ਹੁੰਦੀ ਹੈ।"

(4) ਤੁਹਾਨੂੰ ਦੁਸ਼ਮਣ ਉਤੇ ਅਚਾਨਕ ਹਮਲਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਉਸ ਮੌਕੇ ਦੀ ਤਾੜ ਰੱਖਣੀ ਚਾਹੀਦੀ ਹੈ ਜਦੋਂ ਉਸ ਦੀਆਂ ਤਾਕਤਾਂ ਖਿੰਡੀਆਂ ਪੁੰਡੀਆਂ ਹੋਣ।

(5) ਤੁਹਾਨੂੰ **ਹਰ ਰੋਜ਼** ਦੀਆਂ ਸਫਲਤਾਵਾਂ ਲਈ ਯਤਨ ਕਰਨਾ ਚਾਹੀਦਾ ਹੈ, ਚਾਹੇ ਉਹ ਛੋਟੀਆਂ ਹੋਣ (ਘੰਟੇ ਘੰਟੇ ਮਗਰੋਂ ਦੀਆਂ ਵੀ, ਜੇ ਉਹ ਇਕ ਕਸਬੇ ਦਾ ਮਾਮਲਾ ਹੋਵੇ) ਅਤੇ ਹਰ ਕੀਮਤ ਤੇ "**ਸਦਾਚਾਰਕ ਉੱਚਤਮਤਾ**" ਬਹਾਲ ਰੱਖਣੀ ਚਾਹੀਦੀ ਹੈ।

ਮਾਰਕਸ ਹਥਿਆਰਬੰਦ ਬਗ਼ਾਵਤ ਦੇ ਪਰਸੰਗ ਵਿਚ ਸਾਰੇ ਇਨਕਲਾਬਾਂ ਦੇ ਸਬਕਾਂ ਦਾ ਨਿਚੋੜ ਦਾਂਤੋਨ, ਜੋ ਹੁਣ ਤੱਕ ਇਨਕਲਾਬੀ ਨੀਤੀ ਦੇ ਜਾਣੇ ਜਾਂਦੇ ਉਸਤਾਦਾਂ ਵਿਚੋਂ ਸਭ ਤੋਂ ਵੱਡਾ ਹੈ, ਇਹਨਾਂ ਸ਼ਬਦਾਂ ਵਿਚ ਪੇਸ਼ ਕਰਦਾ ਹੈ : "**ਨਿਡਰਤਾ, ਨਿਡਰਤਾ, ਹੋਰ ਨਿਡਰਤਾ।**"

ਰੂਸ ਉਤੇ ਤੇ ਅਕਤੂਬਰ 1917 ਉਤੇ ਇਹਨਾਂ ਸ਼ਬਦਾਂ ਨੂੰ ਲਾਗੂ ਕਰਨ ਦਾ ਅਰਥ ਹੈ : ਪੀਤਰੋਗਰਾਦ ਉਤੇ ਨਾਲੋ ਨਾਲ ਹਮਲਾ, ਜਿਤਨਾ ਸੰਭਵ ਹੋਵੇ ਅਚਾਨਕ ਤੇ ਤੇਜ਼, ਜੋ ਹਰ ਹਾਲਤ ਵਿਚ ਅੰਦਰੋਂ ਤੇ ਬਾਹਰੋਂ, ਮਜ਼ਦੂਰ ਜਮਾਤ ਦੇ ਕੁਆਰਟਰਾਂ ਤੋਂ ਅਤੇ ਫਿਨਲੈਂਡ ਤੋਂ, ਰਾਵੇਲ ਤੋਂ ਤੇ ਕਰੋਨਸਤਾਦਤ ਤੋਂ ਨੇਪਰੇ ਚਾੜ੍ਹਿਆ ਜਾਣਾ ਚਾਹੀਦਾ ਹੈ, **ਸਮੁੱਚੀ** ਜਲ ਸੈਨਾ ਦਾ ਹਮਲਾ, 15,000 ਜਾਂ 20,000 (ਸ਼ਾਇਦ ਇਸ ਤੋਂ ਵਧ) ਸਾਡੇ "ਬੁਰਜੂਆ ਗਾਰਡਾਂ" (ਅਫਸਰ ਸਕੂਲਾਂ), ਸਾਡੀਆਂ "ਵੇਂਡੀ ਫੌਜਾਂ" (ਕਜ਼ਾਕਾਂ ਦਾ ਇਕ ਭਾਗ) ਤੋਂ ਵੱਧ ਫੌਜਾਂ ਦੀ **ਅਥਾਹ ਭਾਰੀ ਉੱਚਤਮਤਾ** ਦੀ ਕੇਂਦਰਤਾ।

ਸਾਡੀਆਂ **ਤਿੰਨ ਮੁੱਖ** ਸ਼ਕਤੀਆਂ—ਸਮੁੰਦਰੀ ਬੇੜਾ, ਮਜ਼ਦੂਰ ਤੇ ਫੌਜੀ ਦਸਤੇ—ਇਸ ਤਰ੍ਹਾਂ ਜੁੜੀਆਂ ਹੋਈਆਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਹਰ ਹਾਲਤ ਵਿਚ ਬਿਨਾਂ ਢਿੱਲ ਦੇ : (1) ਟੈਲੀਫੋਨ ਐਕਸਚੇਂਜ ਉਤੇ, (2) ਡਾਕ ਘਰ ਉਤੇ, ਅਤੇ (3) ਰੇਲਵੇ ਸਟੇਸ਼ਨਾਂ ਉਤੇ ਕਬਜ਼ਾ ਕਰ ਲੈਣ।

ਅਤਿਅੰਤ ਦ੍ਰਿੜ੍ਹ ਅੰਸ਼ਾਂ (ਸਾਡੇ "ਤੂਫਾਨੀ ਫੌਜੀ ਦਸਤੇ" ਅਤੇ **ਨੌਜਵਾਨ ਮਜ਼ਦੂਰ** ਤੇ ਸਭ ਤੋਂ ਵਧੀਆ ਜਹਾਜ਼ੀ) ਦੇ ਛੋਟੇ ਦਸਤੇ ਬਣਨੇ ਚਾਹੀਦੇ ਹਨ ਤਾਂ ਜੋ ਸਾਰੀਆਂ ਜ਼ਰੂਰੀ ਥਾਵਾਂ ਤੇ ਕਬਜ਼ਾ ਕੀਤਾ ਜਾਵੇ ਅਤੇ ਸਾਰੀਆਂ ਜ਼ਰੂਰੀ ਕਾਰਵਾਈਆਂ ਵਿਚ ਹਰ ਥਾਂ ਤੇ ਭਾਗ ਲਿਆ ਜਾਵੇ। ਉਦਾਹਰਣ ਵਜੋਂ :

ਪੀਤਰੋਗਰਾਦ ਦੀ ਘੇਰਾਬੰਦੀ ਤੇ ਉਸ ਨੂੰ ਚੌਹਾਂ ਪਾਸਿਆਂ ਤੋਂ ਕੱਟ ਦੇਣਾ; ਜਹਾਜ਼ੀਆਂ, ਮਜ਼ਦੂਰਾਂ ਤੇ ਫੌਜੀ ਦਸਤਿਆਂ ਦੇ ਮਿਲਵੇਂ ਹਮਲੇ ਨਾਲ ਉਸ ਉਤੇ ਕਬਜ਼ਾ—ਇਕ ਅਜਿਹਾ ਕਾਰਜ ਜਿਸ ਲਈ **ਕਲਾ ਤੇ ਤੀਹਰੀ ਨਿਡਰਤਾ ਲੋੜੀਂਦੀ ਹੈ।**

ਵਧੀਆ ਮਜ਼ਦੂਰਾਂ ਦੇ ਦਸਤੇ ਬਨਾਉਣੇ, ਜੋ ਰਾਈਫਲਾਂ, ਬੰਬਾਂ ਨਾਲ ਲੈਸ ਹੋਣ ਤਾਂ ਜੋ ਦੁਸ਼ਮਣ ਦੇ "ਕੇਂਦਰਾਂ" (ਅਫਸਰਾਂ ਦੇ ਸਕੂਲਾਂ, ਤਾਰ ਘਰ, ਟੈਲੀਫੋਨ ਐਕਸਚੇਂਜ ਆਦਿ) ਉਤੇ ਹਮਲਾ ਕੀਤਾ ਜਾਵੇ। ਉਹਨਾਂ ਦਾ ਮੁੱਖ ਨਾਅਰਾ ਇਹ ਹੋਣਾ ਚਾਹੀਦਾ ਹੈ : **"ਦੁਸ਼ਮਣ ਨੂੰ ਸੁੱਕਾ ਜਾਣ ਦੇਣ ਨਾਲੋਂ ਆਖ਼ਰੀ ਜੁਆਬ ਤੱਕ ਮਰਨਾ ਚੰਗਾ ਹੈ।"**

ਸਾਨੂੰ ਆਸ ਕਰਨੀ ਚਾਹੀਦੀ ਹੈ ਕਿ ਜੇ ਕਾਰਵਾਈ ਕਰਨ ਦਾ ਫੈਸਲਾ ਕਰ ਲਿਆ ਗਿਆ ਤਾਂ ਆਗੂ ਦਾਂਤੋਨ ਤੇ ਮਾਰਕਸ ਦੇ ਮਹਾਨ ਵਚਨਾਂ ਨੂੰ ਸਫਲਤਾ-ਸਹਿਤ ਅਮਲ ਵਿਚ ਲਿਆਉਣਗੇ।

ਰੂਸੀ ਤੇ ਸੰਸਾਰ ਇਨਕਲਾਬ ਦੋਹਾਂ ਦੀ ਸਫਲਤਾ ਦੋ ਜਾਂ ਤਿੰਨ ਦਿਨਾਂ ਦੀ ਲੜਾਈ ਉਤੇ ਨਿਰਭਰ ਕਰਦੀ ਹੈ।

8 (21) ਅਕਤੂਬਰ 1917 ਨੂੰ ਲਿਖਿਆ
ਪਹਿਲਾ ਪਰਾਵਦਾ ਦੇ 250 ਨੰਬਰ ਵਿਚ 17 ਨਵੰਬਰ ਨੂੰ ਪਰਕਾਸ਼ਤ ਹੋਇਆ।
ਦਸਖਤ : **ਇਕ ਦਰਸ਼ਕ**

ਉੱਤਰੀ ਖੰਡ ਦੀਆਂ ਸੋਵੀਅਤਾਂ ਦੀ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ ਬਾਲਸ਼ਵਿਕ ਸਾਥੀਆਂ ਨੂੰ ਪੱਤਰ

ਸਾਥੀਓ,

ਸਾਡਾ ਇਨਕਲਾਬ ਅਤਿ ਨਾਜ਼ਕ ਦੌਰ ਵਿਚੋਂ ਲੰਘ ਰਿਹਾ ਹੈ। ਇਹ ਸੰਕਟ ਵੱਡੇ ਸੰਕਟ ਨਾਲ ਮੇਲ ਖਾਂਦਾ ਹੈ—ਸੰਸਾਰ ਸੋਸ਼ਲਿਸਟ ਇਨਕਲਾਬ ਦੀ ਉੱਨਤੀ ਅਤੇ ਇਸ ਵਿਰੁੱਧ ਸੰਸਾਰ ਸਾਮਰਾਜ ਵਲੋਂ ਲੜੇ ਜਾਂਦੇ ਘੋਲ ਨਾਲ। ਸਾਡੀ ਪਾਰਟੀ ਦੇ ਜ਼ੁੰਮੇਵਾਰ ਆਗੂਆਂ ਸਾਹਮਣੇ ਇਕ ਬੜਾ ਵੱਡਾ ਕਾਰਜ ਰੱਖਿਆ ਜਾ ਰਿਹਾ ਹੈ ਅਤੇ ਇਹਨੂੰ ਪੂਰਾ ਕਰਨ ਵਿਚ ਅਸਫਲਤਾ ਕੌਮਾਂਤਰੀਵਾਦੀ ਪ੍ਰੋਲਤਾਰੀ ਲਹਿਰ ਦੀ ਪੂਰਨ ਤਬਾਹੀ ਲਈ ਖਤਰਾ ਬਣੇਗੀ। ਸਥਿਤੀ ਅਜਿਹੀ ਹੈ ਕਿ ਦੇਰੀ ਸੱਚ-ਮੁੱਚ ਹੀ ਮਾਰੂ ਸਾਬਤ ਹੋਵੇਗੀ।

ਕੌਮਾਂਤਰੀ ਸਥਿਤੀ ਉਤੇ ਝਾਤ ਪਾਓ। ਸੰਸਾਰ ਇਨਕਲਾਬ ਦੀ ਉੱਨਤੀ ਨਿਰ-ਵਿਵਾਦ ਹੈ। ਚੈਕ ਮਜ਼ਦੂਰਾਂ ਵਲੋਂ ਰੋਹ ਦੇ ਹੜ੍ਹ ਨੂੰ ਅਣ-ਮੰਨਵੇਂ ਵਹਿਸ਼ੀਪਣ ਨਾਲ ਦਬਾਇਆ ਗਿਆ ਹੈ ਜੋ ਹਕੂਮਤ ਦੇ ਅਤਿ ਭੈਭੀਤ ਹੋਣ ਦਾ ਸਬੂਤ ਹੈ। ਇਟਲੀ ਨੇ ਵੀ ਤਿਊਰਿਨ ਵਿਖੇ ਆਮ ਹੜ੍ਹ ਨੂੰ ਵੇਖਿਆ ਪਰ ਜਰਮਨ ਜਲ-ਸੈਨਾ ਦੀ ਬਗ਼ਾਵਤ ਸੱਭ ਤੋਂ ਮਹੱਤਤਾ ਵਾਲੀ ਘਟਨਾ ਹੈ। ਜਰਮਨੀ ਵਰਗੇ ਦੇਸ਼ ਵਿਚ ਖ਼ਾਸ ਤੌਰ ਉਤੇ ਵਰਤਮਾਨ ਹਾਲਤਾਂ ਵਿਚ ਇਨਕਲਾਬ ਦੀਆਂ ਬੜੀਆਂ ਵੱਡੀਆਂ ਮੁਸ਼ਕਲਾਂ ਬਾਰੇ ਸੋਚਿਆ ਜਾ ਸਕਦਾ ਹੈ। ਇਸ ਬਾਰੇ ਕੋਈ ਸੰਦੇਹ ਨਹੀਂ ਕਿ ਜਰਮਨ ਜਲ-ਸੈਨਾ ਵਿਚ ਬਗ਼ਾਵਤ ਵੱਡੇ ਸੰਕਟ—ਸੰਸਾਰ-ਇਨਕਲਾਬ ਦੀ ਉਨਤੀ—ਦੀ ਸੂਚਕ ਹੈ। ਜਦ ਕਿ ਸਾਡੇ ਸ਼ਾਵਨਵਾਦੀਏ, ਜਿਹੜੇ ਜਰਮਨੀ ਦੀ ਹਾਰ ਦੀ ਹਮਾਇਤ ਕਰ ਰਹੇ ਹਨ ਜਰਮਨ ਮਜ਼ਦੂਰਾਂ ਦੀ ਤਤਕਾਲੀ ਬਗ਼ਾਵਤ ਦੀ ਮੰਗ ਕਰ ਰਹੇ ਹਨ। ਅਸੀਂ ਰੂਸੀ ਇਨਕਲਾਬੀ ਕੌਮਾਂਤਰੀਵਾਦੀਏ ਆਪਣੇ 190 -1917 ਦੇ ਤਜਰਬੇ ਤੋਂ ਜਾਣਦੇ ਹਾਂ ਕਿ ਫ਼ੌਜਾਂ ਵਿਚ ਬਗ਼ਾਵਤ ਨਾਲੋਂ ਇਨਕਲਾਬ ਦੀ ਉੱਨਤੀ ਦੇ ਵਧੇਰੇ ਪ੍ਰਭਾਵਸ਼ਾਲੀ ਚਿੰਨ੍ਹ ਬਾਰੇ ਸੋਚਿਆ ਨਹੀਂ ਜਾ ਸਕਦਾ।

ਜ਼ਰਾ ਸੋਚੋ, ਜਰਮਨ ਇਨਕਲਾਬੀਆਂ ਦੀਆਂ ਨਜ਼ਰਾਂ ਵਿਚ ਹੁਣ ਸਾਡੀ ਪੁਜ਼ੀਸ਼ਨ ਕੀ ਹੈ? ਉਹ ਸਾਨੂੰ ਕਹਿ ਸਕਦੇ ਹਨ: ਸਾਡੇ ਕੋਲ ਸਿਰਫ ਲਿਬਕਨੇਖਤ ਹੈ ਜਿਹਨੇ ਖੁੱਲ੍ਹਮ-ਖੁੱਲ੍ਹਾ ਇਨਕਲਾਬ ਦਾ ਸੱਦਾ ਦਿੱਤਾ ਹੈ। ਉਹਦੀ ਆਵਾਜ਼ ਜੇਹਲਖ਼ਾਨੇ ਵਿਚ ਦਬਾ ਦਿੱਤੀ ਗਈ ਹੈ। ਸਾਡੇ ਇਕ ਵੀ ਅਜਿਹੀ ਅਖ਼ਬਾਰ ਨਹੀਂ ਜਿਹੜਾ ਇਨਕਲਾਬ ਲਈ ਅਵੱਸ਼ਕਤਾ ਨੂੰ ਖੁੱਲ੍ਹਮ-ਖੁੱਲ੍ਹਾ ਸਪੱਸ਼ਟ ਕਰਦਾ

ਹੋਵੇ, ਸਾਡੇ ਤਾਂ ਇਕੱਤਰ ਹੋਣ ਦੀ ਵੀ ਆਜ਼ਾਦੀ ਨਹੀਂ। ਸਾਡੇ ਮਜ਼ਦੂਰਾਂ ਜਾਂ ਸਿਪਾਹੀਆਂ ਦੇ ਡਿਪਟੀਆਂ ਦੀ ਇਕ ਵੀ ਸੋਵੀਅਤ ਨਹੀਂ। ਸਾਡੀ ਆਵਾਜ਼ ਮਸਾਂ ਹੀ ਲੋਕਾਂ ਦੇ ਅਸਲੀ ਵਿਸ਼ਾਲ ਸਮੂਹ ਤੱਕ ਪੁੱਜਦੀ ਹੈ। ਫਿਰ ਵੀ ਅਸਾਂ ਬਗ਼ਾਵਤ ਦਾ ਯਤਨ ਕੀਤਾ ਭਾਵੇਂ ਸਾਡੀ ਸੰਭਾਵਨਾ ਸੌ ਵਿਚੋਂ ਸਿਰਫ਼ ਇਕ ਸੀ। ਪਰ ਤੁਹਾਡੇ ਰੂਸੀ ਇਨਕਲਾਬੀਆਂ ਦੇ ਪਿੱਛੇ ਅੱਧੇ ਸਾਲ ਦੀ ਖੁਲ੍ਹੀ ਐਜੀਟੇਸ਼ਨ ਹੈ, ਤੁਹਾਡੇ ਵੀਹ ਕੁ ਅਖ਼ਬਾਰ ਹਨ, ਤੁਹਾਡੇ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆ ਅਨੇਕਾਂ ਸੋਵੀਅਤਾਂ ਹਨ। ਪੀਤਰੋਗਰਾਦ ਤੇ ਮਾਸਕੋ ਦੀਆਂ ਸੋਵੀਅਤਾਂ ਵਿਚ ਤੁਹਾਡਾ ਹੱਥ ਉਤੇ ਹੈ, ਬਾਲਟਿਕ ਦਾ ਸਮੁੱਚਾ ਬੇੜਾ ਅਤੇ ਫਿਨਲੈਂਡ ਵਿਚ ਸਾਰੀਆਂ ਰੂਸੀ ਫ਼ੌਜਾਂ ਤੁਹਾਡੇ ਵੱਲ ਹਨ ਤੇ ਫਿਰ ਵੀ ਤੁਸੀਂ ਬਗ਼ਾਵਤ ਲਈ ਸਾਡੇ ਸੱਦੇ ਨੂੰ ਹੁੰਗਾਰਾ ਨਹੀਂ ਭਰਦੇ, ਤੁਸੀਂ ਆਪਣੇ ਸਾਮਰਾਜੀ ਕੇਰੇਨਸਕੀ ਦਾ ਤਖ਼ਤਾ ਨਹੀਂ ਉਲਟਾਉਂਦੇ, ਭਾਵੇਂ ਇਹਦੀਆਂ ਇਕ ਦੇ ਟਾਕਰੇ ਉਤੇ ਸੌ ਸੰਭਾਵਨਾਵਾਂ ਹਨ ਕਿ ਤੁਹਾਡੀ ਬਗ਼ਾਵਤ ਸਫਲ ਹੋਵੇਗੀ।

ਹਾਂ, ਜੇ ਅਜਿਹੇ ਛਿਣ ਅਤੇ ਅਜਿਹੀਆਂ ਸੁਖਾਵੀਆਂ ਹਾਲਤਾਂ ਵਿਚ ਅਸੀਂ ਜਰਮਨ ਇਨਕਲਾਬੀਆਂ ਦੇ ਸੱਦੇ ਦਾ ਹੁੰਗਾਰਾ **ਸਿਰਫ਼** ਮਤਿਆਂ ਨਾਲ ਹੀ ਭਰਦੇ ਹਾਂ ਤਾਂ ਅਸੀਂ ਇੰਟਰ-ਨੈਸ਼ਨਲ ਦੇ ਅਸਲੀ ਗ਼ਦਾਰ ਹੋਵਾਂਗੇ।

ਇਸ ਵਿਚ ਇਹ ਵੀ ਜੋੜ ਲਵੋ ਜਿਵੇਂ ਕਿ ਅਸੀਂ ਪੂਰੀ ਤਰ੍ਹਾਂ ਜਾਣਦੇ ਹਾਂ ਕਿ ਰੂਸੀ ਇਨਕਲਾਬ ਵਿਰੁਧ ਕੌਮਾਂਤਰੀ ਸਾਮਰਾਜੀਆਂ ਦੀਆਂ ਗੋਂਦਾਂ ਤੇ ਸਾਜ਼ਸ਼ਾਂ ਤੇਜ਼ੀ ਨਾਲ ਵਧ ਰਹੀਆਂ ਹਨ। ਕੌਮਾਂਤਰੀ ਸਾਮਰਾਜ ਇਨਕਲਾਬ ਦੀ ਹਰ ਕੀਮਤ ਉਤੇ ਸੰਘੀ ਨੱਪਣ ਦੇ ਇਹਨੂੰ ਫ਼ੌਜੀ ਕਾਰਵਾਈਆਂ ਨਾਲ ਵੀ ਅਤੇ ਰੂਸ ਦੀ ਕੀਮਤ ਉਤੇ ਕੀਤੀ ਗਈ ਯੁੱਧਬੰਦੀ ਰਾਹੀਂ ਵੀ ਸੰਘੀ ਨੱਪਣ ਦੇ ਵਿਚਾਰ ਦੇ ਵਧੇਰੇ ਲਾਗੇ ਪਹੁੰਚ ਰਿਹਾ ਹੈ। ਇਹ ਗੱਲ ਜੋ ਸੰਸਾਰ ਸੋਸ਼ਲਿਸਟ ਇਨਕਲਾਬ ਵਿਚ ਸੰਕਟ ਨੂੰ ਏਨਾ ਤਿੱਖਾ ਬਣਾ ਰਹੀ ਹੈ ਅਤੇ ਬਗ਼ਾਵਤ ਬਾਰੇ ਸਾਡੀ ਦੇਰੀ ਨੂੰ ਖ਼ਾਸ ਤੌਰ ਉਤੇ ਖ਼ਤਰਨਾਕ—ਮੈਂ ਤਾਂ ਕਰੀਬ ਕਰੀਬ ਕਹਾਂਗਾ ਜੁਰਮੀ—ਬਣ ਰਹੀ ਹੈ।

ਹੋਰ, ਰੂਸ ਦੀ ਅੰਦਰਲੀ ਸਥਿਤੀ ਨੂੰ ਹੀ ਲਵੋ। ਨਿਕ-ਬੁਰਜੂਆ ਸਮਝੌਤਾ-ਪਸੰਦ ਪਾਰਟੀਆਂ, ਜਿਹਨਾਂ ਨੇ ਕੇਰੇਨਸਕੀ ਵਿਚ ਅਤੇ ਆਮ ਤੌਰ ਤੇ ਸਾਮਰਾਜੀਆਂ ਵਿਚ ਆਮ ਲੋਕਾਂ ਦੇ ਸਿੱਧੜ ਵਿਸਵਾਸ ਨੂੰ ਪ੍ਰਗਟਾਇਆ ਸੀ, ਬਿਲਕੁਲ ਹੀ ਦੀਵਾਲੀਆ ਹਨ। ਇਹਨਾਂ ਦੀ ਗਿਰਾਵਟ ਪੂਰਨ ਹੈ। ਜਮਹੂਰੀ ਕਾਨਫਰੰਸ ਵਿਚ ਸੋਵੀਅਤ ਕਿਊਰੀਆ ਵਲੋਂ ਕੁਲੀਸ਼ਨ ਵਿਰੁਧ ਪਈ ਵੋਟ, ਕਿਸਾਨਾਂ ਦੇ ਡਿਪਟੀਆਂ ਦੀਆਂ ਸਥਾਨਕ ਸੋਵੀਅਤਾਂ ਦੀ **ਬਹੁਗਿਣਤੀ** ਵਲੋਂ ਕੁਲੀਸ਼ਨ ਵਿਰੁਧ ਪਈ ਵੋਟ (ਉਹਨਾਂ ਦੀ ਕੇਂਦਰੀ ਸੋਵੀਅਤ ਦੇ ਬਾਵਜੂਦ ਜਿਥੇ ਅਵਕਸੇਨਤੀਯੇਵ ਅਤੇ ਕੇਰੇਨਸਕੀ ਦੇ ਦੂਜੇ ਮਿੱਤਰ ਟਿਕੇ ਹੋਏ ਹਨ) ਮਾਸਕੋ ਵਿਖੇ ਚੋਣਾਂ, ਜਿਥੇ ਮਜ਼ਦੂਰ ਜਮਾਤ ਵਸੋਂ ਦੇ ਕਿਸਾਨਾਂ ਨਾਲ ਅਤਿ ਨੇੜੇ ਦੇ ਸਬੰਧ ਹਨ ਅਤੇ **49 ਫ਼ੀਸਦੀ ਤੋਂ ਉਪਰ** ਨੇ ਬਾਲਸ਼ਵਿਕਾਂ ਨੂੰ ਵੋਟਾਂ ਪਾਈਆਂ (ਅਤੇ ਸਿਪਾਹੀਆਂ ਵਿਚ ਸਤਾਰਾਂ ਹਜ਼ਾਰ ਵਿਚੋਂ ਚੌਦਾਂ ਹਜ਼ਾਰ ਨੇ)—ਕੀ ਇਹ ਇਹਨੂੰ ਨਹੀਂ ਪ੍ਰਗਟਾਉਂਦੀ ਕਿ ਕੇਰੇਨਸਕੀ ਵਿਚ ਅਤੇ ਉਹਨਾਂ ਵਿਚ ਜਿਹੜੇ ਕੇਰੇਨਸਕੀ ਐਂਡ ਕੰਪਨੀ ਨਾਲ ਸਮਝੌਤਾ ਕਰ ਰਹੇ ਹਨ, ਲੋਕਾਂ ਦਾ ਭਰੋਸਾ ਪੂਰੀ ਤਰ੍ਹਾਂ ਖ਼ਤਮ ਹੋ ਚੁਕਿਆ ਹੈ। ਕੀ ਇਸ ਵੋਟ ਰਾਹੀਂ ਆਖੇ ਜਾਣ ਨਾਲੋਂ ਕੋਈ ਰਾਹ ਸੋਚਿਆ ਜਾ ਸਕਦਾ ਹੈ ਜਿਸ ਵਿਚ ਲੋਕ ਬਾਲਸ਼ਵਿਕਾਂ ਨੂੰ ਵਧੇਰੇ ਸਪੱਸ਼ਟਤਾ ਨਾਲ ਆਖਣ "ਸਾਡੀ ਅਗਵਾਈ ਕਰੋ, ਅਸੀਂ ਤੁਹਾਡੇ ਪਿੱਛੇ ਚਲਾਂਗੇ ?"

ਅਤੇ ਅਸਾਂ ਜਿਹਨਾਂ ਨੇ ਇਸ ਤਰ੍ਹਾਂ ਲੋਕਾਂ ਦੀ ਬਹੁਗਿਣਤੀ ਨੂੰ ਆਪਣੇ ਪਾਸੇ ਕਰ ਲਿਆ ਹੋਇਆ ਹੈ ਅਤੇ ਜਿਹਨਾਂ ਨੇ ਦੋਹਾਂ ਹੀ ਰਾਜਧਾਨੀਆਂ ਵਿਚ ਸੋਵੀਅਤਾਂ ਨੂੰ ਜਿੱਤ ਲਿਆ ਹੈ—ਕੀ

ਅਸਾਂ ਉਡੀਕਣਾ ਹੈ ? ਕਾਹਦੇ ਲਈ ? ਏਸ ਲਈ ਕਿ ਕੇਰੇਨਸਕੀ ਅਤੇ ਉਹਦੇ ਕੋਰਨੀਲੋਵਵਾਦੀ ਜਰਨੈਲ ਪੀਤਰੋਗਰਾਦ ਨੂੰ ਜਰਮਨਾਂ ਦੇ ਹਵਾਲੇ ਕਰ ਦੇਣ ਅਤੇ ਇਸ ਤਰ੍ਹਾਂ ਸਿੱਧੀ ਜਾਂ ਅਸਿੱਧੀ ਤਰ੍ਹਾਂ ਖੁਲ੍ਹਮਖੁਲ੍ਹਾ ਜਾਂ ਗੁਪਤ ਤਰ੍ਹਾਂ ਰੂਸੀ ਇਨਕਲਾਬ ਦੀ ਪੂਰੀ ਤਰ੍ਹਾਂ ਸੰਘੀ ਨੱਪ ਸੁੱਟਣ ਦੇ ਮੰਤਵ ਨਾਲ ਬੁਖਾਨਨ **ਅਤੇ** ਵਿਲਹੇਲਮ ਦੋਹਾਂ ਨਾਲ ਗੋਂਦ ਗੁੰਦ ਲੈਣ ।

ਮਾਸਕੋ ਵੋਟ ਰਾਹੀਂ ਅਤੇ ਸੋਵੀਅਤਾਂ ਦੀਆਂ ਮੁੜ ਚੋਣਾਂ ਰਾਹੀਂ ਲੋਕਾਂ ਨੇ ਸਾਡੇ ਵਿਚ ਆਪਣਾ ਭਰੋਸਾ ਪ੍ਰਗਟਾਇਆ ਹੈ । ਪਰ ਇਹ ਕਾਫ਼ੀ ਨਹੀਂ । ਵਧ ਰਹੀ ਉਦਾਸੀਨਤਾ ਅਤੇ ਬੇ-ਪ੍ਰਵਾਹੀ ਦੇ ਚਿੰਨ੍ਹ ਵੀ ਮਿਲਦੇ ਹਨ । ਇਹ ਗੱਲ ਸਮਝ ਆਉਣ ਵਾਲੀ ਹੈ । ਇਹਦੇ ਅਰਥ ਇਨਕਲਾਬ ਦਾ ਲਗਾਉ ਨਹੀਂ ਜਿਵੇਂ ਕਿ ਕੈਡਿਟ ਅਤੇ ਉਹਨਾਂ ਦੇ ਚਾਟੜੇ ਚਿਰਲਾਉਂਦੇ ਹਨ ਸਗੋਂ ਮਤਿਆਂ ਅਤੇ ਚੋਣਾਂ ਵਿਚ ਵਿਸ਼ਵਾਸ ਦੇ ਲਹਾਉ ਦੇ ਹਨ । ਇਨਕਲਾਬ ਵਿਚ ਆਮ ਲੋਕ ਮੁੱਖੀ ਪਾਰਟੀਆਂ ਤੋਂ ਸ਼ਬਦਾਂ ਦੀ ਨਹੀਂ ਅਮਲ ਦੀ ਮੰਗ ਕਰਦੇ ਹਨ । ਉਹ ਘੋਲ ਵਿਚ ਗੱਲਾਂ ਦੀ ਨਹੀਂ ਜਿੱਤਾਂ ਦੀ ਮੰਗ ਕਰਦੇ ਹਨ । ਉਹ ਘੜੀ ਨੇੜੇ ਪੱਜ ਰਹੀ ਹੈ ਜਦੋਂ ਲੋਕ ਇਹ ਖਿਆਲ ਕਰਨ ਲਗ ਪੈਣਗੇ ਕਿ ਬਾਲਸ਼ਵਿਕ ਵੀ ਦੂਜਿਆ ਨਾਲੋਂ ਕੋਈ ਚੰਗੇਰੇ ਨਹੀਂ ਕਿਉਂਕਿ ਉਹ ਉਦੋਂ **ਅਮਲ** ਨਾ ਕਰ ਸਕੇ ਜਦੋਂ ਲੋਕਾਂ ਨੇ ਉਹਨਾਂ ਵਿਚ ਭਰੋਸਾ ਪ੍ਰਗਟਾਇਆ ਸੀ......

ਕਿਸਾਨ ਬਗ਼ਾਵਤ ਪੂਰੇ ਦੇਸ਼ ਵਿਚ ਫੈਲ ਰਹੀ ਹੈ । ਇਹ ਪੂਰੀ ਤਰ੍ਹਾਂ ਸਾਫ ਹੈ ਕਿ ਕੇਡਿਟ ਤੇ ਉਹਨਾਂ ਦੇ ਲੜਗੁੱਛ ਇਹਨੂੰ ਹਰ ਤਰ੍ਹਾ ਨਾਲ ਘਟਾ ਕੇ ਵਿਖਾ ਰਹੇ ਹਨ ਕਿ ਇਹ "ਫਸਾਦ" ਅਤੇ "ਅਰਾਜਕਤਾ" ਹੈ, ਹੋਰ ਕੁਝ ਨਹੀਂ । ਇਸ ਝੂਠ ਨੂੰ ਗ਼ਲਤ ਸਿੱਧ ਕੀਤਾ ਜਾ ਰਿਹਾ ਹੈ ਕਿਉਂਕਿ ਬਗ਼ਾਵਤ ਦੇ ਕੇਂਦਰਾ ਵਿਚ ਜਮੀਨ ਕਿਸਾਨਾਂ ਦੇ ਹਵਾਲੇ ਕੀਤੀ ਜਾ ਰਹੀ ਹੈ । "ਫਸਾਦ" ਅਤੇ "ਅਰਾਜਕਤਾ" ਦੇ ਕਦੇ ਵੀ ਅਜਿਹੇ ਸ਼ਾਨਦਾਰ ਸਿੱਟੇ ਨਹੀਂ ਸੀ ਨਿਕਲੇ । ਇਹ ਤਥ ਕਿਸਾਨੀ ਬਗ਼ਾਵਤ ਦੀ ਓੜਕਾਂ ਦੀ ਸ਼ਕਤੀ ਨੂੰ ਵਿਖਾਉਂਦਾ ਹੈ ਕਿ **ਦਾਈਲੋ ਨਾਰੋਦਾ** ਦੇ ਸਮਝੌਤਾ-ਪਸੰਦ ਸੋਸ਼ਲਿਸਟ-ਇਕਕਲਾਬੀਆਂ ਨੇ ਇਥੋਂ ਤਕ ਕਿ ਬਰੇਸ਼ਕੋਵਸਕਾਇਆ ਨੇ ਵੀ ਜ਼ਮੀਨ ਕਿਸਾਨਾਂ ਨੂੰ ਦੇਣ ਦੀ ਗੱਲ ਸ਼ੁਰੂ ਕਰ ਦਿਤੀ ਹੈ ਤਾ ਕਿ ਇਸ ਲਹਿਰ ਨੂੰ ਇਸ ਤੋਂ ਪਹਿਲਾਂ ਹੀ ਰੋਕ ਲਿਆ ਜਾਵੇ ਜਦੋਂ ਇਹ ਅੰਤ ਉਹਨਾਂ ਨੂੰ ਹੀ ਭੰਵਰ ਵਿਚ ਨਾ ਫਸਾ ਲਵੇ ।

ਕੀ ਅਸਾਂ ਉਸ ਸਮੇਂ ਤਕ ਉਡੀਕਣਾ ਹੈ ਜਦੋਂ ਕੋਰਨੀਲੋਵਵਾਦੀ ਕੇਰੇਨਸਕੀ (ਜਿਸ ਨੂੰ ਖੁਦ ਸੋਸ਼ਲਿਸਟ-ਇਨਕਲਾਬੀਆਂ ਨੇ ਪਿੱਛੇ ਜਿਹੇ ਕੋਰਨੀਲੋਵਵਾਦੀ ਵਜੋਂ ਨੰਗਾ ਕੀਤਾ ਸੀ) ਦੇ ਕਜ਼ਾਕ ਫੌਜੀ ਦਸਤੇ ਇਸ ਕਿਸਾਨ ਬਗ਼ਾਵਤ ਨੂੰ **ਟੋਟਾ ਟੋਟਾ ਕਰ ਕੇ** ਕੁਚਲ ਸੁੱਟਣ ਵਿਚ ਸਫਲ ਹੋ ਜਾਣਗੇ ?

ਪ੍ਰਗਟ ਰੂਪ ਵਿਚ ਸਾਡੀ ਪਾਰਟੀ ਦੇ ਕਈ ਆਗੂ ਉਸ ਨਾਅਰੇ ਦੇ, ਜੋ ਅਸਾਂ ਸਭਨਾਂ ਪ੍ਰਵਾਨ ਕੀਤਾ ਹੈ ਅਤੇ ਜੋ ਅਸਾਂ ਅਮੁੱਕ ਤੌਰ ਉਤੇ ਦੁਹਰਾਇਆ ਹੈ, **ਵਿਸ਼ੇਸ਼** ਅਰਥਾਂ ਵਲ ਗਹੁ ਕਰਨ ਵਿਚ ਅਸਫਲ ਰਹੇ ਹਨ । ਨਾਹਰਾ ਹੈ "ਸਾਰੀ ਸੱਤਾ ਸੋਵੀਅਤਾਂ ਦੇ ਹੱਥ" । ਇਨਕਲਾਬ ਦੇ ਛੇ ਮਹੀਨਿਆਂ ਦੇ ਦੌਰਾਨ ਅਜਿਹੇ ਦੌਰ, ਅਜਿਹੇ ਪਲ ਆਏ ਜਦੋਂ ਇਸ ਨਾਹਰੇ ਦੇ ਅਰਥ ਬਗ਼ਾਵਤ ਦੇ ਨਹੀਂ ਸਨ । ਸ਼ਾਇਦ ਉਹਨਾਂ ਦੌਰਾਂ ਤੇ ਉਹਨਾਂ ਪਲਾਂ ਨੇ ਸਾਡੇ ਕੁਝ ਸਾਥੀਆਂ ਨੂੰ ਭੁਲਾ ਦਿਤਾ ਕਿ ਹੁਣ ਘੱਟੋ ਘੱਟ ਅੱਧ ਸਤੰਬਰ ਤੋਂ ਲੈ ਕੇ ਇਹ ਨਾਹਰਾ ਸਾਡੇ ਲਈ ਵੀ **ਬਗ਼ਾਵਤ ਲਈ ਸੱਦੇ ਦੇ ਬਰਾਬਰ** ਬਣ ਗਿਆ ਹੈ ।

ਇਸ ਬਾਰੇ ਰਤਾ ਜਿੰਨਾ ਵੀ ਸ਼ੱਕ ਨਹੀਂ ਹੋ ਸਕਦਾ । **ਦਾਈਲੋ ਨਾਰੋਦਾ** ਨੇ ਪਿੱਛੇ ਜਿਹੇ ਇਹ ਗੱਲ "ਲੋਕ-ਪ੍ਰਿਯ" ਢੰਗ ਨਾਲ ਸਪੱਸ਼ਟ ਕੀਤੀ ਸੀ ਜਦੋਂ ਇਹਨੇ ਕਿਹਾ ਸੀ ਕਿ "ਕੇਰੇਨਸਕੀ

ਕਿਸੇ ਵੀ ਹਾਲਤ ਵਿਚ ਹਥਿਆਰ ਨਹੀਂ ਸੁੱਟੇਗਾ।" ਜਿਵੇਂ ਕਿ ਉਹ ਅਜਿਹਾ ਕਰ ਸਕਦਾ ਸੀ!

"ਸਾਰੀ ਸੱਤਾ ਸੋਵੀਅਤਾਂ ਦੇ ਹੱਥ" ਦਾ ਨਾਹਰਾ ਸਿਵਾਏ ਬਗ਼ਾਵਤ ਲਈ ਸੱਦੇ ਦੇ ਹੋਰ ਕੁਝ ਨਹੀਂ। ਅਤੇ ਦੋਸ਼ ਪੂਰੀ ਤਰ੍ਹਾਂ ਅਤੇ ਨਿਰਸੰਦੇਹ ਉਤੇ ਸਾਡਾ ਹੋਵੇਗਾ, ਜੇ ਕਰ ਅਸੀਂ, ਜਿਹੜੇ ਮਹੀਨਿਆਂ ਤੋਂ ਲੋਕਾਂ ਨੂੰ ਬਗ਼ਾਵਤ ਕਰਨ ਲਈ ਅਤੇ ਸਮਝੌਤੇ ਨੂੰ ਤਿਆਗ ਦੇਣ ਲਈ ਕਹਿ ਰਹੇ ਹਾਂ, ਇਨਕਲਾਬ ਦੇ ਢਹਿ-ਢੇਰੀ ਹੋਣ ਤੋਂ ਐਨ ਪਹਿਲਾਂ ਲੋਕਾਂ ਵਲੋਂ ਸਾਡੇ ਵਿਚ ਵਿਸ਼ਵਾਸ ਪ੍ਰਗਟਾਉਣ ਤੋਂ ਪਿਛੋਂ ਬਗ਼ਾਵਤ ਕਰਨ ਵਿਚ ਉਨ੍ਹਾਂ ਦੀ ਅਗਵਾਈ ਕਰਨੋਂ ਅਸਫਲ ਰਹਿੰਦੇ ਹਾਂ।

ਕੇਡਿਟ ਅਤੇ ਸਮਝੌਤਾ-ਪਸੰਦ 3-5 ਜੁਲਾਈ ਦੀ ਮਿਸਾਲ ਦੇ ਕੇ ਕਾਲੇ ਸੈਂਕੜਿਆਂ ਦੀ ਤ੍ਰਿੱਖੀ ਕੀਤੀ ਐਜੀਟੇਸ਼ਨ ਆਦਿ ਦੀ ਮਿਸਾਲ ਤੋਂ ਸਾਨੂੰ ਭੈ-ਭੀਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਜੇ 3-5 ਜੁਲਾਈ ਨੂੰ ਕੋਈ ਗ਼ਲਤੀ ਹੋਈ ਸੀ ਤਾਂ ਉਹ ਇਹ ਸੀ ਕਿ ਅਸਾਂ ਸੱਤਾ ਉਤੇ ਕਬਜਾ ਨਹੀਂ ਕੀਤਾ। ਮੈਂ ਨਹੀਂ ਸਮਝਦਾ ਕਿ ਅਸਾਂ ਉਦੋਂ ਗ਼ਲਤੀ ਕੀਤੀ ਸੀ, ਕਿਉਂਕਿ ਉਸ ਸਮੇਂ ਸਾਨੂੰ ਅਜੇ ਬਹੁ-ਗਿਣਤੀ ਪ੍ਰਾਪਤ ਨਹੀਂ ਸੀ। ਪਰ ਹੁਣ ਇਹ ਇਕ ਮਾਰੂ ਗ਼ਲਤੀ ਹੋਵੇਗੀ, ਗ਼ਲਤੀ ਤੋਂ ਵੀ ਮਾੜੀ ਕੋਈ ਚੀਜ। ਕਾਲੇ-ਸੈਂਕੜਿਆ ਦੀ ਐਜੀਟੇਸਨ ਦਾ ਅਧਾਰ ਸਮਝ ਆ ਸਕਦਾ ਹੈ। ਵਿਕਾਸ ਕਰ ਰਹੀ ਪ੍ਰੋਲੇਤਾਰੀ ਤੇ ਕਿਸਾਨੀ ਬਗ਼ਾਵਤ ਦੇ ਵਾਤਾਵਰਣ ਵਿਚ ਅੰਤਾਂ ਦਾ ਉਤੇਜਤ ਹੋਣਾ ਹੈ। ਪਰ ਇਹਨੂੰ ਬਗਾਵਤ **ਵਿਰੁਧ** ਦਲੀਲ ਵਜੋਂ ਵਰਤਣਾ ਬੇਥ੍ਹਵੀ ਗੱਲ ਹੈ ਕਿਉਂਕਿ ਕਾਲੇ-ਸੈਂਕੜਿਆ, ਪੂੰਜੀਪਤੀਆ ਦੇ ਚਾਟੜਿਆ ਦੀ ਨਿਪੁੰਸਕਤਾ, **ਘੋਲ ਵਿਚ ਕਾਲੇ-ਸੈਂਕੜਿਆਂ ਦੀ ਨਿਪੁੰਸਕਤਾ** ਲਈ ਸਬੂਤ ਦੀ ਵੀ ਲੋੜ ਨਹੀਂ। ਘੋਲ ਵਿਚ ਉਹ ਤਾਂ ਗਉਲੇ ਜਾਣ ਦੇ ਵੀ ਯੋਗ ਨਹੀਂ। ਘੋਲ ਵਿਚ ਕੋਰਨੀਲੋਵ ਤੇ ਕੇਰੇਨਸਕੀ ਸਿਰਫ ਵਹਿਸ਼ੀ ਡਵੀਯਨਾ ਅਤੇ ਕਜ਼ਾਕਾਂ ਉਤੇ ਹੀ ਭਰੋਸਾ ਕਰ ਸਕਦੇ ਹਨ। ਅਤੇ ਹੁਣ ਤਾਂ ਕਜ਼ਾਕਾਂ ਵਿਚ ਵੀ ਢਹਿੰਦੀ ਕਲਾ ਦਾ ਅਰੰਭ ਹੋ ਗਿਆ ਹੈ। ਨਾਲੇ ਕਿਸਾਨ ਉਹਨਾਂ ਨੂੰ ਕਜ਼ਾਕ ਇਲਾਕਿਆਂ ਦੇ ਅੰਦਰ ਘਰੋਗੀ ਜੰਗ ਨਾਲ ਡਰਾ ਧਮਕਾ ਰਹੇ ਹਨ।

ਮੈਂ ਇਹ ਸਤਰਾਂ ਐਤਵਾਰ 8 ਅਕਤੂਬਰ ਨੂੰ ਲਿੱਖ ਰਿਹਾ ਹਾਂ। ਤੁਸੀਂ ਇਹਨਾਂ ਨੂੰ 10 ਅਕਤੂਬਰ ਤੋਂ ਪਹਿਲਾਂ ਨਹੀਂ ਪੜ੍ਹ ਸਕੋਗੇ। ਮੈਂ ਇਥੋਂ ਲੰਘਣ ਵਾਲੇ ਇਕ ਸਾਥੀ ਤੋਂ ਸੁਣਿਆ ਹੈ ਕਿ ਵਾਰਸਾ ਰੇਲਵੇ ਉਤੇ ਸਫ਼ਰ ਕਰ ਰਹੇ ਲੋਕ ਕਹਿੰਦੇ ਹਨ ਕਿ "ਕੇਰੇਨਸਕੀ ਕਜ਼ਾਕਾਂ ਨੂੰ ਪੀਤਰੋਗਰਾਦ ਲਿਆ ਰਿਹਾ ਹੈ।" ਇਹਦੀ ਬਿੱਲਕੁਲ ਸੰਭਾਵਨਾ ਹੈ। ਅਤੇ ਇਹ ਪੂਰੀ ਤਰ੍ਹਾਂ ਸਾਡਾ ਕਸੂਰ ਹੋਵੇਗਾ ਜੇ ਕਰ ਅਸੀਂ **ਅਤਿ ਸਾਵਧਾਨੀ ਨਾਲ** ਇਹਦੀ ਤਸਦੀਕ ਨਹੀਂ ਕਰਦੇ **ਅਤੇ ਦੂਜੀ ਜਬਰੀ ਭਰਤੀ ਦੀਆਂ ਕੋਰਨੀਲੋਵਵਾਦੀ ਫ਼ੌਜਾਂ** ਦੀ ਤਾਕਤ ਤੇ ਵੰਡ ਦਾ **ਅਧਿਅਨ** ਨਹੀਂ ਕਰਦੇ।

ਕੇਰੈਨਸਕੀ ਕੋਰਨੀਲੋਵਵਾਦੀ ਫੌਜਾਂ ਨੂੰ ਮੁੜ ਪੀਤਰੋਗਰਾਦ ਦੇ ਲਾਗੇ ਲੈ ਆਇਆ ਹੈ ਤਾਂ ਕਿ ਰਾਜ-ਸੱਤਾ ਨੂੰ ਸੋਵੀਅਤਾਂ ਦੇ ਹੱਥਾਂ ਵਿਚ ਜਾਣੋਂ ਰੋਕੇ, ਤਾਂ ਕਿ ਇਸ ਸੱਤਾ ਨੂੰ ਤਤਕਾਲੀ ਅਮਨ ਤਜਵੀਜ਼ ਕਰਨੋਂ ਰੋਕੇ, ਤਾਂ ਕਿ ਸਾਰੀ ਜ਼ਮੀਨ ਦਾ ਫ਼ੁਰੰਤ ਹੀ ਕਿਸਾਨਾਂ ਦੇ ਹਵਾਲੇ ਕੀਤਾ ਜਾਣਾ ਰੋਕੇ, ਤਾਂ ਕਿ ਪੀਤਰੋਗਰਾਦ ਜਰਮਨਾਂ ਦੇ ਹਵਾਲੇ ਕੀਤਾ ਜਾਵੇ ਅਤੇ ਉਹ ਆਪ ਸਾਫ਼ ਬਚ ਕੇ ਮਾਸਕੋ ਪਹੁੰਚ ਜਾਵੇ। ਇਹ ਬਗ਼ਾਵਤ ਦਾ ਨਾਹਰਾ ਹੈ ਜੋ ਸਾਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰ-ਚਾਣਾ ਚਾਹੀਦਾ ਹੈ ਅਤੇ ਜਿਸ ਨੂੰ ਬਹੁਤ ਵੱਡੀ ਸਫਲਤਾ ਪ੍ਰਾਪਤ ਹੋਵੇਗੀ।

ਸਾਨੂੰ ਸੋਵੀਅਤਾਂ ਦੀ ਕੁਲ-ਰੂਸ ਕਾਂਗਰਸ ਦੀ ਉਡੀਕ ਨਹੀਂ ਕਰਨੀ ਚਾਹੀਦੀ, ਜਿਸ ਨੂੰ ਕੇਂਦਰੀ ਕਾਰਜਸਾਧਕ ਕਮੇਟੀ ਨਵੰਬਰ ਤੱਕ ਪਿਛੇ ਪਾ ਸਕਦੀ ਹੈ। ਸਾਨੂੰ ਦੇਰੀ ਨਹੀਂ ਕਰਨੀ ਚਾਹੀਦੀ ਅਤੇ ਕੇਰੇਨਸਕੀ ਨੂੰ ਇਹ ਆਗਿਆ ਨਹੀਂ ਦੇਣੀ ਚਾਹੀਦੀ ਕਿ ਉਹ ਵਧੇਰੇ ਕੋਰਨੀਲੋਵਵਾਦੀ ਫੌਜਾਂ ਲਿਆ ਸਕੇ। ਫਿਨਲੈਂਡ, ਬਹਿਰੀ ਬੇੜੇ ਅਤੇ ਰੇਲਵੇ ਨੂੰ ਸੋਵੀਅਤਾਂ ਦੀ ਕਾਂਗਰਸ ਵਿਚ ਪ੍ਰਤੀਨਿਧਤਾ ਹਾਸਲ ਹੈ। ਇਹ ਮਿਲ ਕੇ ਕੋਰਨੀਲੋਵਵਾਦੀ ਰਜਮੰਟਾਂ ਵਿਰੁਧ ਪੀਤਰੋਗਰਾਦ ਉਤੇ ਹੀ ਚੜ੍ਹਾਈ ਸ਼ੁਰੂ ਕਰ ਸਕਦੇ ਹਨ, ਬਹਿਰੀ-ਬੇੜੇ, ਤੋਪਖਾਨੇ, ਮਸ਼ੀਨਗਨਾਂ ਦੀ ਅਤੇ ਦੋ ਜਾਂ ਤਿੰਨ ਆਰਮੀ ਕੋਰਾਂ ਦੀ ਚੜ੍ਹਾਈ ਜਿਵੇਂ ਕਿ ਮਿਸਾਲ ਵਜੋਂ ਵਿਬੋਰਗ ਵਿਖੇ ਕੋਰਨੀਲੋਵਵਾਦੀ ਜਰਨੈਲਾਂ ਲਈ ਉਹਨਾਂ ਦੀ ਨਫ਼ਰਤ ਦੀ ਸ਼ਿੱਦਤ ਨੇ ਦਰਸਾਇਆ ਹੈ, ਜਰਨੈਲ ਜਿਹਨਾਂ ਨਾਲ ਕੇਰੇਨਸਕੀ ਮੁੜ ਗੁਪਤ ਗੱਠਜੋੜ ਕਰ ਰਿਹਾ ਹੈ।

ਦੂਜੀ ਭਰਤੀ ਵਾਲੀਆਂ ਕੋਰਨੀਲੋਵਵਾਦੀ ਰਜਮੰਟਾਂ ਨੂੰ ਤੁਰੰਤ ਹੀ ਚੂਰ-ਚੂਰ ਕਰਨ ਦੇ ਮੌਕੇ ਨੂੰ ਕਾਬੂ ਕਰਨੋਂ ਇਨਕਾਰ ਇਸ ਕਰਕੇ ਵੱਡੀ ਭੁੱਲ ਹੋਵੇਗੀ ਕਿ ਬਾਲਟਿਕ ਦਾ ਬਹਿਰੀ ਬੇੜਾ, ਪੀਤਰੋਗਰਾਦ ਵਿਚ ਦਾਖਲ ਹੋ ਕੇ, ਅਖੌਤੀ ਤੌਰ ਉਤੇ ਮੋਰਚੇ ਨੂੰ ਜਰਮਨਾ ਸਾਹਮਣੇ ਨੰਗਾ ਕਰ ਦੇਵੇਗਾ। ਕੋਰਨੀਲੋਵਵਾਦੀ ਤੁਹਮਤੀਏ ਇਹ ਆਖਣਗੇ ਜਿਵੇਂ ਕਿ ਉਹ ਹਰ ਝੂਠ ਬੋਲਣਗੇ, ਹਰ ਝੂਠ ਅਤੇ ਊਜ ਤੋਂ ਆਪਣੇ ਆਪ ਨੂੰ ਡਰਨ ਦੇਣਾ ਇਨਕਲਾਬੀਆਂ ਦੀ ਸ਼ਾਨ ਤੇ ਸ਼ਾਯਾਂ ਨਹੀਂ। ਕੇਰੈਨਸਕੀ ਪੀਤਰੋਗਰਾਦ ਜਰਮਨਾਂ ਦੇ ਹਵਾਲੇ ਕਰ ਦੇਵੇਗਾ, ਇਹ ਗੱਲ ਹੁਣ ਦਿਨ ਦੇ ਚਿੱਟੇ ਚਾਨਣ ਵਾਂਗ ਸਪੱਸ਼ਟ ਹੈ। ਇਸ ਦੇ ਉਲਟ ਕੋਈ ਦਾਹਵੇ ਸਾਡੇ ਇਸ ਯਕੀਨ ਨੂੰ ਤਬਾਹ ਨਹੀਂ ਕਰ ਸਕਦੇ ਕਿ ਗੱਲ ਇਵੇਂ ਹੀ ਹੈ ਕਿਉਂਕਿ ਘਟਨਾਵਾਂ ਦੇ ਸਾਰੇ ਗੇੜ ਦਾ ਅਤੇ ਕੇਰੇਨਸਕੀ ਦੀ ਸਮੁੱਚੀ ਨੀਤੀ ਦਾ ਇਹੋ ਸਿੱਟਾ ਹੈ।

ਕੇਰੇਨਸਕੀ ਤੇ ਕੋਰਨੀਲੋਵਵਾਦੀ ਪੀਤਰੋਗਰਾਦ ਜਰਮਨਾਂ ਦੇ ਹਵਾਲੇ ਕਰ ਦੇਣਗੇ ਅਤੇ ਪੀਤਰੋ-ਗਰਾਦ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਕੇਰੇਨਸਕੀ ਦਾ ਤਖਤਾ ਉਲਟਾ ਦਿਤਾ ਜਾਵੇ ਅਤੇ ਸੱਤਾ ਉਤੇ **ਦੋਹਾਂ ਰਾਜਧਾਨੀਆਂ ਦੀਆਂ ਸੋਵੀਅਤਾਂ** ਕਬਜ਼ਾ ਕਰ ਲੈਣ। ਇਹ ਸੋਵੀਅਤਾਂ ਤੁਰੰਤ ਹੀ ਸਭਨਾਂ ਕੌਮਾਂ ਨੂੰ ਅਮਨ ਦੀ ਤਜਵੀਜ਼ ਪੇਸ਼ ਕਰਨਗੀਆਂ ਅਤੇ ਇਸ ਤਰ੍ਹਾਂ ਜਰਮਨ ਇਨਕਲਾਬੀਆਂ ਵੱਲ ਆਪਣੇ ਫ਼ਰਜ਼ ਦੀ ਪੂਰਤੀ ਕਰਨਗੀਆਂ। ਉਹ ਇਸ ਤਰ੍ਹਾਂ ਰੂਸੀ ਇਨਕਲਾਬ ਵਿਰੁਧ ਜੁਰਮੀ ਸਾਜ਼ਸ਼ਾਂ, ਕੌਮਾਤ੍ਰੀ ਸਾਮਰਾਜ ਦੀਆਂ ਸਾਜ਼ਸ਼ਾਂ ਨੂੰ ਅਸਫਲ ਬਨਾਉਣ ਵੱਲ ਫੈਸਲਾ-ਕਰੂ ਕਦਮ ਪੁੱਟ ਰਹੀਆਂ ਹੋਣਗੀਆਂ।

ਪੀਤਰੋਗਰਾਦ ਲਾਗੇ ਟਿਕੀਆਂ ਕੋਰਨੀਲੋਵਵਾਦੀ ਫੌਜਾਂ ਵਿਰੁਧ ਫਿਨਲੈਂਡ ਤੋਂ ਫੌਜਾਂ ਤੇ ਬਾਲ-ਟਿਕ ਦੇ ਬਹਿਰੀ ਬੇੜੇ ਰੇਲਵੇ ਤੇ ਕਰੋਨਸਤਾਦਤ ਦੀਆਂ ਫੌਜਾਂ ਦੀ ਤਤਕਾਲੀ ਕਾਰਵਾਈ ਹੀ ਰੂਸੀ ਤੇ ਸੰਸਾਰ ਇਨਕਲਾਬ ਨੂੰ ਬਚਾ ਸਕਦੀਆਂ ਹਨ। ਅਜਿਹੀ ਕਾਰਵਾਈ ਸਾਹਮਣੇ ਇਸ ਦੀਆਂ ਇਕ ਦੇ ਟਾਕਰੇ ਸੌ ਸੰਭਾਵਨਾਵਾਂ ਹਨ ਕਿ **ਕੁਝ ਇਕ ਦਿਨਾਂ ਦੇ ਅੰਦਰ-ਅੰਦਰ ਹੀ ਕਜ਼ਾਕ ਫੌਜਾਂ** ਦਾ ਇਕ ਹਿੱਸਾ ਹਥਿਆਰ ਸੁੱਟ ਦੇਵੇਗਾ ਅਤੇ ਦੂਜਾ ਹਿੱਸਾ ਪੂਰੀ ਤਰ੍ਹਾਂ ਹਾਰ ਜਾਵੇਗਾ ਅਤੇ ਕੇਰੇਨਸਕੀ ਦਾ ਤਖਤਾ ਉਲਟਾ ਦਿਤਾ ਜਾਵੇਗਾ ਕਿਉਂਕਿ ਦੋਹਾਂ ਰਾਜਧਾਨੀਆ ਦੇ ਮਜ਼ਦੂਰ ਤੇ ਸਿਪਾਹੀ ਅਜਿਹੀ ਕਾਰਵਾਈ ਦੀ ਹਮਾਇਤ ਕਰਨਗੇ।

ਸੱਚ ਤਾਂ ਇਹ ਹੈ ਕਿ ਢਿਲ-ਮੱਠ ਮਾਰੂ ਸਿੱਧ ਹੋਵੇਗੀ।

"ਸਾਰੀ ਸੱਤਾ ਸੋਵੀਅਤਾਂ ਦੇ ਹੱਥ" ਦਾ ਨਾਹਰਾ ਬਗ਼ਾਵਤ ਦਾ ਨਾਹਰਾ ਹੈ। ਜਿਹੜਾ ਕੋਈ ਵੀ ਇਸ ਨਾਹਰੇ ਨੂੰ ਪੂਰੀ ਤਰ੍ਹਾਂ ਸਮਝੇ, ਪੂਰੀ ਤਰ੍ਹਾਂ ਵਿਚਾਰੇ ਬਿਨਾਂ ਇਹਦੀ ਵਰਤੋਂ ਕਰੇਗਾ,

ਉਹਨੂੰ ਬੱਸ ਆਪਣੇ ਆਪ ਨੂੰ ਦੋਸ਼ੀ ਠਹਿਰਾਉਣਾ ਹੋਵੇਗਾ, ਅਤੇ ਬਗ਼ਾਵਤ ਨੂੰ ਇਕ ਕਲਾ ਸਮਝਣਾ ਚਾਹੀਦਾ ਹੈ। ਮੈਂ ਜਮਹੂਰੀ ਕਾਨਫਰੰਸ ਦੌਰਾਨ ਇਸ ਉਤੇ ਜ਼ੋਰ ਦਿਤਾ ਸੀ ਅਤੇ ਹੁਣ ਵੀ ਜ਼ੋਰ ਦਿੰਦਾ ਹਾਂ ਕਿਉਂਕਿ ਮਾਰਕਸਵਾਦ ਸਾਨੂੰ ਇਹੋ ਸਿਖਾਉਂਦਾ ਹੈ, ਅਤੇ ਰੂਸ ਦੀ ਵਰਤਮਾਨ-ਸਥਿਤੀ ਅਤੇ ਆਮ ਰੂਪ ਵਿਚ ਸੰਸਾਰ ਦੀ ਸਥਿਤੀ ਸਾਨੂੰ ਇਹੋ ਸਿਖਾ ਰਹੀ ਹੈ।

ਸਵਾਲ ਵੋਟਾਂ ਪਾਉਣ ਦਾ, ਖੱਬੇ-ਪੱਖੀ ਸੋਸ਼ਲਿਸਟ-ਇਨਕਲਾਬੀਆਂ ਨੂੰ, ਹੋਰ ਸੂਬਾਈ ਸੋਵੀਅਤਾਂ ਨੂੰ ਆਪਣੇ ਵੱਲ ਖਿੱਚਣ ਦਾ ਜਾਂ ਇਹਨਾਂ ਸੋਵੀਅਤਾਂ ਦੀ ਕਾਂਗਰਸ ਦਾ ਨਹੀਂ। ਸਵਾਲ ਤਾਂ ਬਗ਼ਾਵਤ ਦਾ ਹੈ ਜਿਸ ਦਾ ਫੈਸਲਾ ਪੀਤਰੋਗਰਾਦ, ਮਾਸਕੋ, ਹੇਲਸਿੰਗਫੋਰਸ, ਕਰੋਨਸਤਾਦਤ, ਵਿਬੋਰਗ ਅਤੇ ਰੇਲਵੇ ਵਲੋਂ ਹੋਣਾ ਜ਼ਰੂਰੀ ਹੈ। **ਪੀਤਰੋਗਰਾਦ ਦੇ ਲਾਗੇ** ਅਤੇ ਖੁਦ ਪੀਤਰੋਗਰਾਦ ਵਿਚ ਹੀ ਬਗ਼ਾਵਤ ਦਾ ਫੈਸਲਾ ਹੋਣਾ ਚਾਹੀਦਾ ਹੈ ਅਤੇ ਬਗ਼ਾਵਤ ਹੋਣੀ ਚਾਹੀਦੀ ਹੈ, ਵੱਧ ਤੋਂ ਵੱਧ ਸੰਭਵ ਗੰਭੀਰਤਾ ਨਾਲ, ਵੱਧ ਤੋਂ ਵੱਧ ਸੰਭਵ ਤਿਆਰੀ ਨਾਲ ਜਲਦੀ ਤੋਂ ਜਲਦੀ ਜਿੰਨਾ ਸੰਭਵ ਹੋਵੇ ਅਤੇ ਵੱਧ ਤੋਂ ਵੱਧ ਸੰਭਵ ਤਾਕਤ ਨਾਲ।

ਬਹਿਰੀ ਬੇੜਾ, ਕਰੋਨਸਤਾਦਤ, ਵਿਬੋਰਗ, ਅਤੇ ਰੇਲਵੇ ਪੀਤਰੋਗਰਾਦ ਉਤੇ ਚੜ੍ਹਾਈ ਕਰ ਸਕਦੇ ਹਨ ਅਤੇ ਕਰਨੀ ਚਾਹੀਦੀ ਹੈ, ਉਹ ਕੋਰਨੀਲੋਵਵਾਦੀ ਰਜਮੰਟਾਂ ਨੂੰ ਚਕਨਾਚੂਰ ਕਰ ਸਕਦੇ ਹਨ, ਦੋਵਾਂ ਰਾਜਧਾਨੀਆਂ ਨੂੰ ਉਭਾਰ ਸਕਦੇ ਹਨ, ਉਸ ਹਕੂਮਤ ਲਈ ਆਮ ਐਜੀਟੇਸ਼ਨ ਸ਼ੁਰੂ ਕਰ ਸਕਦੇ ਹਨ ਜਿਹੜੀ ਤੁਰੰਤ ਹੀ ਜ਼ਮੀਨ ਕਿਸਾਨਾਂ ਨੂੰ ਦੇਵੇਗੀ ਅਤੇ ਤੁਰੰਤ ਹੀ ਅਮਨ ਲਈ ਤਜਵੀਜ਼ਾਂ ਪੇਸ਼ ਕਰੇਗੀ, ਕੇਰੇਨਸਕੀ ਦੀ ਹਕੂਮਤ ਦਾ ਤਖਤਾ ਉਲਟਾ ਸਕਦੇ ਹਨ ਅਤੇ ਅਜਿਹੀ ਹਕੂਮਤ ਕਾਇਮ ਕਰ ਸਕਦੇ ਹਨ।

ਢਿੱਲ-ਮੱਠ ਮਾਰੂ ਹੋਵੇਗੀ।

ਐਨ. ਲੈਨਿਨ

8 ਅਕਤੂਬਰ 1917
7 ਨਵੰਬਰ 1925 ਨੂੰ
ਪ੍ਰਾਵਦਾ ਦੇ ਅੰਕ 255 ਵਿਚ
ਪਹਿਲੀ ਵਾਰ ਪ੍ਰਕਾਸ਼ਤ

ਸੰਗ੍ਰਹਿਤ ਕਿਰਤਾਂ
ਜਿਲਦ 26

ਸਾਥੀਆਂ ਨੂੰ ਚਿੱਠੀ

ਸਾਥੀਓ,

ਅਸੀਂ ਉਸ ਸਮੇਂ ਵਿਚ ਰਹਿ ਰਹੇ ਹਾਂ, ਜਿਹੜਾ ਬਹੁਤ ਹੀ ਗੰਭੀਰ ਹੈ, ਘਟਨਾਵਾਂ ਇਤਨੀ ਵੱਡੀ ਰਫਤਾਰ ਨਾਲ ਹਰਕਤ ਕਰ ਰਹੀਆਂ ਹਨ ਕਿ ਇਕ ਪੱਤਰਕਾਰ, ਜਿਹੜਾ ਹੋਣੀ ਦੀ ਮਰਜ਼ੀ ਵਲੋਂ ਇਤਿਹਾਸ ਦੀ ਮੁੱਖ ਧਾਰਾ ਤੋਂ ਲਾਂਭੇ ਸਥਿਤ ਹੈ, ਨਿਰੰਤਰ ਪਿੱਛੇ ਰਹਿਣ ਦੇ ਜਾਂ ਅਨਜਾਣਤਾ ਦੇ ਖਤਰੇ ਦਾ ਸ਼ਿਕਾਰ ਰਹਿੰਦਾ ਹੈ, ਵਿਸ਼ੇਸ਼ ਤੌਰ ਤੇ ਉਦੋਂ ਜਦੋਂ ਉਸ ਦੀਆਂ ਲਿਖਤਾਂ ਛਪਣ ਤੋਂ ਪਹਿਲਾਂ ਕੁਝ ਸਮਾਂ ਲੰਘ ਜਾਂਦਾ ਹੈ। ਭਾਵੇਂ ਮੈਂ ਗੱਲ ਪੂਰੀ ਤਰ੍ਹਾਂ ਮਹਿਸੂਸ ਕਰਦਾ ਹਾਂ, ਫਿਰ ਵੀ ਮੈਂ ਇਹ ਚਿੱਠੀ, ਇਹ ਖਤਰਾ ਵੀ ਮੁੱਲ ਲੈ ਕੇ ਕਿ ਇਹ ਬਿਲਕੁਲ ਪ੍ਰਕਾਸ਼ਤ ਨਹੀਂ ਹੋਵੇਗੀ, ਬਾਲਸ਼ਵਿਕਾਂ ਨੂੰ ਉਹਨਾਂ ਜਕੋ-ਤੱਕੀਆਂ ਦੇ ਵਿਰੁਧ ਜ਼ਰੂਰ ਸੰਬੋਧਨ ਕਰਾਂਗਾ, ਜਿਹਨਾਂ ਬਾਰੇ ਇਕ ਨਿਰਣਾਇਕ ਢੰਗ ਨਾਲ ਚਿਤੌਣੀ ਦੇਣਾ ਮੈਂ ਆਪਣਾ ਫਰਜ਼ ਸਮਝਦਾ ਹਾਂ, ਜਿਹਨਾਂ ਦਾ ਪਾਰਟੀ ਉਤੇ, ਕੌਮਾਂਤਰੀ ਪਰੋਲੇਤਾਰੀਆ ਦੀ ਲਹਿਰ ਉਤੇ ਅਤੇ ਇਨਕਲਾਬ ਉਤੇ ਇਕ ਤਬਾਹਕੁਨ ਅਸਰ ਪੈ ਸਕਦਾ ਹੈ। ਜਿਥੋਂ ਤੱਕ ਬਹੁਤ ਲੇਟ ਹੋਣ ਦਾ ਖਤਰਾ ਹੈ, ਮੈਂ ਉਸ ਜਾਣਕਾਰੀ ਦੇ ਖਾਸੇ ਤੇ ਤਰੀਕ ਬਾਰੇ, ਜੋ ਸਾਡੇ ਕੋਲ ਹੈ, ਦੱਸਣ ਤੋਂ ਗੁਰੇਜ਼ ਕਰਾਂਗਾ।

16 ਅਕਤੂਬਰ, ਸੋਮਵਾਰ ਦੀ ਸਵੇਰ ਨੂੰ ਮੈਨੂੰ ਇਕ ਸਾਥੀ ਮਿਲਿਆ ਜਿਸ ਨੇ ਪੀਤਰੋਗਰਾਦ ਵਿਚ ਬਾਲਸ਼ਵਿਕਾਂ ਦੇ ਇਕ ਬਹੁਤ ਜ਼ਰੂਰੀ ਇਕੱਠ ਵਿਚ ਭਾਗ ਲਿਆ ਸੀ ਤੇ ਜਿਸ ਨੇ ਮੈਨੂੰ ਵਿਸਥਾਰ ਵਿਚ ਹੋਈ ਬਹਿਸ ਬਾਰੇ ਜਾਣਕਾਰੀ ਦਿਤੀ। ਬਹਿਸ ਦਾ ਵਿਸ਼ਾ ਬਗਾਵਤ ਦਾ ਉਹੋ ਸਵਾਲ ਸੀ ਜਿਸ ਬਾਰੇ ਸਾਰੇ ਰਾਜਸੀ ਰੁਝਾਣਾਂ ਦੇ ਅਖਬਾਰਾਂ ਨੇ ਐਤਵਾਰ ਨੂੰ ਚਰਚਾ ਕੀਤੀ ਸੀ। ਇਕੱਠ ਵਿਚ ਉਹਨਾਂ ਸਾਰਿਆਂ ਦੀ ਪ੍ਰਤੀਨਿਧਤਾ ਸੀ ਜਿਹੜੇ ਰਾਜਧਾਨੀ ਵਿਚ ਬਾਲਸ਼ਵਿਕ ਕੰਮ ਦੀਆਂ ਸਾਰੀਆਂ ਸ਼ਾਖਾਂ ਵਿਚ ਬਹੁਤ ਹੀ ਅਸਰ ਰਸੂਖ ਵਾਲੇ ਸਨ। ਕੇਵਲ ਬਹੁਤ ਹੀ ਨਿਗੂਣੀ ਘੱਟ ਗਿਣਤੀ ਨੇ, ਕੇਵਲ ਦੋ ਸਾਥੀਆਂ ਨੇ, ਨਾਂਹ-ਪੱਖੀ ਸਟੈਂਡ ਲਿਆ। ਦਲੀਲਾਂ, ਜਿਹੜੀਆਂ ਉਹਨਾਂ ਸਾਥੀਆਂ ਨੇ ਪੇਸ਼ ਕੀਤੀਆਂ, ਇਤਨੀਆਂ ਕਮਜ਼ੋਰ ਸਨ, ਉਹ ਅਜਿਹੇ ਦੰਗ ਕਰ ਦੇਣ ਵਾਲੇ ਉਲਝਾਅ, ਬੁਜ਼ਦਿਲੀ, ਬਾਲਸ਼ਵਿਜ਼ਮ ਤੇ ਪਰੋਲੇਤਾਰੀ ਇਨਕਲਾਬੀ ਕੌਮਾਂਤਰੀਵਾਦ ਦੇ ਸਾਰੇ ਬੁਨਿਆਦੀ ਵਿਚਾਰਾਂ ਤੋਂ ਦਹਿ-ਢੇਰੀ ਹੋਣ ਦਾ ਪ੍ਰਗਟਾਅ ਸੀ ਕਿ ਅਜਿਹੀਆਂ ਸ਼ਰਮਨਾਕ ਜਕੋ-ਤੱਕੀਆਂ ਲਈ ਇਕ ਵਿਆਖਿਆ ਲੱਭਣੀ ਕੋਈ ਸੌਖੀ ਗੱਲ ਨਹੀਂ ਹੈ। ਪਰ ਤੱਥ ਕਾਇਮ

ਰਹਿੰਦਾ ਹੈ ਅਤੇ ਕਿਉਂਕਿ ਜੋ ਇਨਕਲਾਬੀ ਪਾਰਟੀ ਨੂੰ ਇਕ ਅਜਿਹੇ ਗੰਭੀਰ ਸੁਆਲ ਉਤੇ ਜ਼ਕੋ-ਤਕੀਆਂ ਸਹਾਰਨ ਦਾ, ਕੋਈ ਅਧਿਕਾਰ ਨਹੀਂ ਹੈ, ਅਤੇ ਕਿਹਾ ਜੋ ਸਾਥੀਆਂ ਦਾ ਇਹ ਜੋੜਾ, ਜਿਨ੍ਹਾਂ ਨੇ ਆਪਣੇ ਅਸੂਲਾਂ ਦੀਆਂ ਧੱਜੀਆਂ ਉਡਾਈਆਂ ਹਨ, ਹੋ ਸਕਦਾ ਹੈ ਕੁਝ ਉਲਝਾਓ ਪੈਦਾ ਕਰੇ, ਇਸ ਲਈ ਉਹਨਾਂ ਦੀਆਂ ਦਲੀਲਾਂ ਦਾ ਨਿਰੀਖਣ ਕਰਨਾ, ਉਹਨਾਂ ਦੀਆਂ ਜ਼ਕੋ-ਤੱਕੀਆਂ ਨੂੰ ਨੰਗਾ ਕਰਨਾ ਤੇ ਇਹ ਕਰਵਾਉਣਾ ਜ਼ਰੂਰੀ ਹੈ ਕਿ ਉਹ ਕਿਤਨੇ ਬੇ-ਸ਼ਰਮ ਹਨ। ਹੇਠਲੀਆਂ ਸਤਰਾਂ, ਇਹ ਕੁਝ ਕਰਨ ਲਈ ਇਕ ਯਤਨ ਹਨ।

"ਲੋਕਾਂ ਵਿਚਾਲੇ ਸਾਡੀ ਕੋਈ ਬਹੁ-ਗਿਣਤੀ ਨਹੀਂ ਹੈ, ਅਤੇ ਇਸ ਸ਼ਰਤ ਤੋਂ ਬਿਨਾਂ ਬਗਾਵਤ ਨਿਰਾਸ਼ਾਜਨਕ ਹੈ........

ਲੋਕ ਜਿਹੜੇ ਇਹ ਕਹਿ ਸਕਦੇ ਹਨ ਜਾਂ ਤਾਂ ਸਚਾਈ ਨੂੰ ਵਿਗਾੜਨ ਵਾਲੇ ਹਨ ਜਾਂ ਅਤਿ ਸਿਧਾਂਤਵਾਦੀ ਹਨ ਜਿਹੜੀ ਪੇਸ਼ਗੀ ਜ਼ਮਾਨਤ ਚਾਹੁੰਦੇ ਹਨ ਕਿ ਸਾਰੇ ਦੇਸ਼ ਵਿਚ ਬਾਲਸ਼ਵਿਕ ਪਾਰਟੀ ਨੇ ਬਿਲਕੁਲ ਸਹੀ ਇਕ ਜਮ੍ਹਾਂ ਅੱਧੀਆਂ ਵੋਟਾ ਪ੍ਰਾਪਤ ਕੀਤੀਆਂ ਹਨ। ਇਹ ਉਹ ਹਰ ਹਾਲਤ ਵਿਚ, ਇਨਕਲਾਬਾਂ ਦੇ ਅਸਲੀ ਹਾਲਾਤ ਨੂੰ, ਘੱਟ ਤੋਂ ਘੱਟ ਧਿਆਨ ਵਿਚ ਰੱਖੇ ਬਿਨਾਂ ਚਾਹੁੰਦੇ ਹਨ। ਇਤਿਹਾਸ ਨੇ ਕਦੇ ਵੀ ਅਜਿਹੀ ਜਾਮਨੀ ਨਹੀਂ ਦਿਤੀ , ਅਤੇ ਕਿਸੇ ਵੀ ਇਨਕ-ਲਾਬ ਵਿਚ ਅਜਿਹੀ ਜ਼ਾਮਨੀ ਦੇਣ ਦੇ ਬਿਲਕੁਲ ਅਯੋਗ ਹੈ। ਅਜਿਹੀ ਮੰਗ ਕਰਨ ਦਾ ਭਾਵ ਸਰੋਤਿਆ ਦੀ ਖਿੱਲੀ ਉਡਾਉਣਾ ਹੈ, ਅਤੇ ਹਕੀਕਤ ਤੋਂ ਆਪਣੀ ਦੂਰੀ ਨੂੰ ਲੁਕਾਉਣ ਲਈ ਇਕ ਭੱਜਣ ਤੋਂ ਬਿਨਾਂ ਹੋਰ ਕੁਝ ਨਹੀਂ ਹੈ।

ਕਿਉਂ ਜੋ ਹਕੀਕਤ ਸਾਨੂੰ ਸਪੱਸ਼ਟ ਤੌਰ ਤੇ ਦਰਸਾਉਂਦੀ ਹੈ ਕਿ ਇਹ ਜੁਲਾਈ ਦੇ ਦਿਨਾਂ ਦੇ ਮਗਰੋਂ ਸੀ ਕਿ ਲੋਕਾਂ ਦੀ ਬਹੁ-ਗਿਣਤੀ ਤੇਜੀ ਨਾਲ ਬਾਲਸ਼ਵਿਕਾਂ ਦੇ ਪਾਸੇ ਜਾਣ ਲੱਗ ਪਈ। ਇਸ ਦਾ ਪ੍ਰਗਟਾਅ ਪਹਿਲਾਂ ਪੀਤਰੋਗਰਾਦ ਵਿਚ 20 ਅਗਸਤ ਦੀਆਂ ਚੋਣਾਂ ਨੇ ਕੋਰਨੀਲੋਵ ਦੀ ਬਗਾਵਤ ਤੋਂ ਵੀ ਪਹਿਲਾਂ ਕੀਤਾ ਸੀ, ਜਦੋਂ ਬਾਲਸ਼ਵਿਕਾਂ ਦੀਆਂ ਵੋਟਾਂ ਸ਼ਹਿਰ ਵਿਚ ਵੱਧ ਕੇ 20 ਤੋਂ 33 ਫੀਸਦੀ ਹੋ ਗਈਆਂ, ਇਹਨਾਂ ਵਿਚ ਬਾਹਰਲੀਆਂ ਬਸਤੀਆਂ ਸਾਮਲ ਨਹੀਂ, ਅਤੇ ਫਿਰ ਸਤੰਬਰ ਵਿਚ ਮਾਮਲੇ ਵਿਚ ਜ਼ਿਲ੍ਹਾ ਕੌਂਸਲਾਂ ਦੀਆਂ ਚੋਣਾਂ ਵਿਚ ਪ੍ਰਗਟਾਅ ਹੋਇਆ ਜਦੋਂ ਬਾਲਸ਼ਵਿਕਾਂ ਦੀਆਂ ਵੋਟਾਂ 11 ਤੋਂ 49.3 ਫੀਸਦੀ (ਇਕ ਮਾਸਕੋ ਦੇ ਸਾਥੀ ਨੇ ਜਿਸ ਨੂੰ ਮੈਂ ਹੁਣੇ ਜਿਹੇ ਮਿਲਿਆ ਹਾਂ, ਮੈਨੂੰ ਦਸਿਆ ਸੀ ਅਸਲ ਅੰਕੜਾ 51 ਫੀਸਦੀ ਹੈ) ਹੋ ਗਈਆਂ। ਇਹ ਗੱਲ ਸੋਵੀਅਤਾਂ ਦੀਆ ਨਵੀਆਂ ਚੋਣਾਂ ਵਿਚ ਸਿੱਧ ਹੋ ਗਈ ਸੀ, ਉਹਨਾਂ ਦੀ "ਅਵਕਸੇਤੀਯੇਵ" ਕੇਂਦਰੀ ਸੋਵੀਅਤ ਨੇ ਭਾਵੇਂ ਆਪਣੇ ਆਪ ਨੂੰ ਕੁਲੀਸ਼ਨ ਦੇ ਵਿਰੁਧ ਰਾਏ ਪ੍ਰਗਟ ਕੀਤਾ ਹੈ। ਕੁਲੀਸਨ ਦੇ ਵਿਰੁਧ ਹੋਣ ਦਾ ਅਸਲ ਵਿਚ ਅਰਥ ਬਾਲਸ਼ਵਿਕਾਂ ਦੀ ਪੈਰਵੀ ਕਰਨਾ ਹੈ। ਇਸ ਤੋਂ ਉਪਰੰਤ, ਮੋਰਚੇ ਤੋਂ ਰਿਪੋਰਟਾਂ ਅਕਸਰ ਤੇ ਵਧੇਰੇ ਨਿਸਚਿਤ ਰੂਪ ਵਿਚ ਇਹ ਸਿੱਧ ਕਰਦੀਆਂ ਹਨ ਕਿ ਸਿਪਾਹੀ ਕਿਤੇ ਵਧੇਰੇ ਦ੍ਰਿੜ੍ਹਤਾ ਨਾਲ, ਸੋਸ਼ਲਿਸਟ-ਇਨਕ-ਲਾਬੀ ਤੇ ਮੈਨਸ਼ਵਿਕ ਆਗੂਆਂ, ਅਫਸਰਾਂ, ਡਿਪਟੀਆਂ ਆਦਿ ਦੀ ਮੰਦੀ ਦੂਸ਼ਣਬਾਜ਼ੀ ਦੇ ਬਾਵਜੂਦ ਸਮੂਹਕ ਤੌਰ ਤੇ ਬਾਲਸ਼ਵਿਕਾਂ ਵੱਲ ਆ ਰਹੇ ਹਨ।

ਆਖਰੀ, ਪਰ ਘੱਟ ਜ਼ਰੂਰੀ ਨਹੀਂ, ਵਰਤਮਾਨ ਰੂਸੀ ਜੀਵਨ ਦਾ ਬਹੁਤ ਹੀ ਉੱਘਾ ਤੱਥ **ਕਿਰਸਾਨੀ ਦੀ ਬਗਾਵਤ ਹੈ।** ਇਹ ਤੱਥ ਬਾਹਰਮੁੱਖੀ ਤੌਰ ਤੇ, ਕਥਨੀ ਵਿਚ ਨਹੀਂ ਕਰਨੀ ਵਿਚ ਦਰਸਾਉਂਦਾ ਹੈ ਕਿ ਲੋਕ ਬਾਲਸ਼ਵਿਕਾਂ ਵੱਲ ਜਾ ਰਹੇ ਹਨ। ਬੁਰਜੂਆ ਪ੍ਰੈਸ ਦੇ ਝੂਠਾਂ ਅਤੇ

ਇਸ ਦੇ "ਡਾਵਾਂ ਡੋਲ" ਨੌਵਾਇਆ ਜ਼ੀਜ਼ਨ ਭੀੜ ਦੇ ਨਿਰਾਸ਼ਾਜਨਕ ਜੀ-ਹਜ਼ੂਰੀਆਂ ਦੇ ਬਾਵਜੂਦ, ਜੋ ਘਟਨਾਵਾਂ ਤੇ ਅਰਾਜਕਤਾ ਬਾਰੇ ਚੀਕ ਚਿਹਾੜਾ ਪਾਉਂਦੇ ਹਨ, ਇਹ ਤੱਥ ਮੌਜੂਦ ਰਹਿੰਦਾ ਹੈ। ਤਾਂਬੋਵ ਗੁਬੇਰਨੀਆਂ ਦੀ ਕਿਸਾਨ ਲਹਿਰ, ਸਥੂਲ ਰੂਪ ਵਿਚ ਤੇ ਰਾਜਨੀਤਕ ਅਰਥਾਂ ਵਿਚ ਇਕ ਬਗਾਵਤ ਸੀ, ਇਕ ਅਜਿਹੀ ਬਗਾਵਤ ਜਿਸ ਨੇ ਇਤਨੇ ਸ਼ਾਨਦਾਰ ਸਿੱਟੇ ਪ੍ਰਾਪਤ ਕੀਤੇ ਹਨ, ਜਿਵੇਂ ਪਹਿਲੀ ਥਾਂ ਤੇ, ਜ਼ਮੀਨ ਕਿਸਾਨਾਂ ਦੇ ਹਵਾਲੇ ਕਰਨ ਦਾ ਸਮਝੌਤਾ। ਇਹ ਬਿਲਕੁਲ ਬੇਹੂਦਾ ਗੱਲ ਹੈ ਕਿ ਸੋਸ਼ਲਿਸਟ-ਇਨਕਲਾਬੀਏ, ਦਾਈਲੋ ਨਾਰੋਦਾ ਸਮੇਤ, ਜਿਹੜੇ ਬਗਾਵਤ ਤੋਂ ਡਰ ਗਏ ਸਨ, ਹੁਣ ਕਿਸਾਨਾਂ ਦੇ ਹਵਾਲੇ ਜ਼ਮੀਨ ਕਰਨ ਦੀ ਲੋੜ ਬਾਰੇ ਚੀਕਦੇ ਹਨ। ਇਹ ਗੱਲ ਬਾਲਸ਼ਵਿਜ਼ਮ ਦੇ ਸਹੀ ਹੋਣ ਬਾਰੇ ਤੇ ਇਸ ਦੀ ਸਫਲਤਾ ਬਾਰੇ ਇਕ ਅਮਲੀ ਪ੍ਰਗਟਾਅ ਹੈ। ਇਹ ਸਿੱਧ ਹੋ ਗਿਆ ਹੈ ਕਿ ਬੋਨਾਪਾਰਟਵਾਦੀਆਂ ਤੋਂ ਪੂਰਵ-ਪਾਰਲੀਮੈਂਟ ਵਿਚ ਉਹਨਾਂ ਦੇ ਪਿਛਲੱਗਾਂ ਨੂੰ ਇਕ ਬਗਾਵਤ ਤੋਂ ਬਿਨਾਂ "ਸਿਖਾਉਣਾ" ਅਸੰਭਵ ਹੈ।

ਇਹ ਇਕ ਤੱਥ ਹੈ ਤੇ ਤੱਥ ਬਹੁਤ ਹੀ ਕਠੋਰ ਹੁੰਦੇ ਹਨ। ਬਗਾਵਤ ਦੇ ਹੱਕ ਵਿਚ ਇਕ ਅਜਿਹੇ ਤੱਥਾਂ ਤੇ ਅਧਾਰਤ "ਦਲੀਲ" ਉਲਝੇ ਹੋਏ ਤੇ ਸਹਿਮੇ ਹੋਏ ਸਿਆਸਤਦਾਨਾਂ ਦੇ "ਨਿਰਾਸ਼ਾਵਾਦੀ" ਬਹਾਨਿਆਂ ਨਾਲੋਂ ਮਜ਼ਬੂਤ ਹੈ।

ਜੇ ਕਿਸਾਨ ਬਗਾਵਤ ਇਕ ਕੌਮ-ਵਿਆਪੀ ਮਹੱਤਤਾ ਵਾਲੀ ਘਟਨਾ ਚਾਹੁੰਦੀ ਤਾਂ ਪੂਰਵ-ਪਾਰਲੀਮੈਂਟ ਦੇ ਸੋਸ਼ਲਿਸ਼ਟ-ਇਨਕਲਾਬੀ ਪਿਛਲੱਗ ਜ਼ਮੀਨ ਕਿਸਾਨਾਂ ਦੇ ਹਵਾਲੇ ਕਰਨ ਦੀ ਲੋੜ ਬਾਰੇ ਚੀਕ ਚਿਹਾੜਾ ਨਾ ਪਾ ਰਹੇ ਹੁੰਦੇ।

ਕਿਸਾਨ ਬਗਾਵਤ ਦਾ ਇਕ ਹੋਰ ਸ਼ਾਨਦਾਰ ਰਾਜਸੀ ਤੇ ਇਨਕਲਾਬੀ ਸਿੱਟਾ ਜਿਵੇਂ ਕਿ ਰਾਬੋਚੀ ਪੂਤ ਵਿਚ ਪਰਕਾਸ਼ਤ ਹੋ ਚੁਕਿਆ ਹੈ, ਤਾਂਬੋਵ ਗੁਬੇਰਨੀਆਂ ਵਿਚ ਰੇਲਵੇ ਸਟੇਸ਼ਨਾਂ ਉਤੇ ਅਨਾਜ ਦਾ ਭੁਗਤਾਣ ਹੈ। ਤੁਹਾਡੇ ਲਈ, ਤੇ ਉਲਝੇ ਹੋਏ ਭੱਦਰਪੁਰਸ਼ੋ, ਇਹ ਇਕ ਹੋਰ "ਦਲੀਲ" ਹੈ, ਇਹ ਦਲੀਲ ਸਾਡੇ ਬੂਹੇ ਨੂੰ ਖੜਕਾ ਰਹੇ ਕਾਲ ਤੋਂ ਅਤੇ ਅਥਾਹ ਭਾਰੀ ਸੰਕਟ ਤੋਂ ਦੇਸ਼ ਨੂੰ ਬਚਾਉਣ ਲਈ ਬਗਾਵਤ ਦਾ ਇਕੋ ਇਕ ਸਾਧਨ ਹੋਣ ਦੇ ਹੱਕ ਵਿਚ ਹੈ ਜਦ ਕਿ ਲੋਕਾਂ ਨਾਲ ਗੱਦਾਰੀ ਕਰਨ ਵਾਲੇ ਸੋਸ਼ਲਿਸਟ-ਇਨਕਲਾਬੀ ਤੇ ਮੈਨਸ਼ਵਿਕ ਬੁੜਬੁੜਾ ਰਹੇ ਹਨ, ਧਮਕਾ ਰਹੇ ਹਨ, ਅਤੇ ਲਿਖ ਰਹੇ ਹਨ, ਸੰਵਿਧਾਨ ਅਸੰਬਲੀ ਬੁਲਾਉਣ ਦੇ ਇਕਰਾਰਾ ਰਾਹੀਂ ਭੁੱਖੇ ਲੋਕਾਂ ਨੂੰ ਖੁਰਾਕ ਦੇਣ ਦੇ ਇਕਰਾਰ ਕਰ ਰਹੇ ਹਨ, ਲੋਕਾਂ ਨੇ ਬਾਲਸ਼ਵਿਕ ਢੰਗ ਰਾਹੀਂ ਜਗੀਰਦਾਰਾਂ, ਸਰ-ਮਾਏਦਾਰਾਂ ਤੇ ਸੱਟੇਬਾਜ਼ਾਂ ਦੇ ਵਿਰੁਧ ਬਗਾਵਤ ਕਰਨ ਰਾਹੀਂ ਖੁਰਾਕ ਦੀ ਸਮੱਸਿਆ ਹੱਲ ਕਰਨ ਕਰਨੀ ਅਰੰਭ ਕਰ ਰਹੇ ਹਨ।

ਇਥੋਂ ਤਕ ਕਿ ਬੁਰਜੂਆ ਪ੍ਰੈਸ ਨੇ ਇਥੋਂ ਤਕ ਕਿ ਰੂਸਕਾਇਆ ਵੋਲੀਆ ਨੇ ਵੀ ਰੋਟੀ ਦੀ ਸਮੱਸਿਆ ਦੇ ਅਜਿਹੇ ਹੱਲ ਦੇ ਸ਼ਾਨਦਾਰ ਸਿਟਿਆਂ ਨੂੰ ਇਹ ਜਾਣਕਾਰੀ ਪਰਕਾਸ਼ਤ ਕਰ ਕੇ ਪਰਵਾਨ ਕੀਤੀ ਹੈ ਕਿ ਤਾਂਬੋਵ ਗੁਬੇਰਨੀਆ ਦੇ ਰੇਲਵੇ ਸਟੇਸ਼ਨਾਂ ਉਤੇ ਅਨਾਜ ਦੇ ਢੇਰ ਲੱਗੇ ਹਏ ਹਨ ... । **ਅਤੇ ਇਹ ਇਸ ਲਈ ਕਿ ਕਿਸਾਨਾਂ ਨੇ ਬਗਾਵਤ ਕਰ ਦਿੱਤੀ ਸੀ!**

ਹੁਣ ਇਹ ਸ਼ੱਕ ਕਰਨਾ ਕਿ ਲੋਕਾਂ ਦੀ ਬਹੁਗਿਣਤੀ ਬਾਲਸ਼ਵਿਕਾਂ ਦੇ ਪਿੱਛੇ ਹੈ ਜਾਂ ਪਿੱਛੇ ਹੋਵੇਗੀ ਇਕ ਸ਼ਰਮਨਾਕ ਜਕੋ-ਤੱਕੀ ਹੈ ਅਤੇ ਅਸਲ ਵਿਚ ਪਰੋਲੇਤਾਰੀ ਇਨਕਲਾਬਵਾਦ ਦੇ ਸਾਰੇ ਅਸੂਲਾਂ ਦਾ ਤਿਆਗ ਹੈ, ਬਾਲਸ਼ਵਿਜ਼ਮ ਨੂੰ ਪੂਰੀ ਤਰ੍ਹਾਂ ਤੱਜਣਾ ਹੈ।

"ਸੱਤਾ ਉਤੇ ਕਾਬਜ਼ ਹੋਣ ਲਈ ਅਸੀਂ ਕਾਫੀ ਮਜ਼ਬੂਤ ਨਹੀਂ ਹਾਂ, ਅਤੇ ਬੁਰਜੂਆਜ਼ੀ ਸੰਵਿਧਾਨ ਅਸੰਬਲੀ ਬਨਾਉਣ ਵਿਚ ਰੋਕ ਖੜੀ ਕਰਨ ਲਈ ਕਾਫੀ ਮਜ਼ਬੂਤ ਨਹੀਂ ਹੈ।"

ਇਸ ਦਲੀਲ ਦਾ ਪਹਿਲਾ ਭਾਗ ਪਿਛਲੀ ਦਲੀਲ ਦਾ ਸਾਦਾ ਜਿਹਾ ਭਾਵ-ਅਨੁਮਾਦ ਹੈ। ਇਸ ਵਿਚ ਨਿਸਚੇ ਦੀ ਮਜ਼ਬੂਤੀ ਜਾਂ ਸੱਤਾ ਨਹੀਂ ਹੈ, ਜਦੋਂ ਇਸ ਦੇ ਲੇਖਕਾਂ ਦਾ ਉਲਝਾਉ ਅਤੇ ਬੁਰਜੂਆਜ਼ੀ ਦਾ ਡਰ ਮਜ਼ਦੂਰਾਂ ਦੇ ਪਰਸੰਗ ਵਿਚ ਨਿਰਾਸ਼ਵਾਦੀ ਅਤੇ ਬੁਰਜੂਆਜ਼ੀ ਦੇ ਪਰਸੰਗ ਵਿਚ ਆਸ਼ਾਵਾਦ ਦੇ ਅਰਥਾਂ ਵਿਚ ਪਰਗਟ ਕੀਤੇ ਗਏ ਹਨ। ਜੇ ਅਧਿਕਾਰੀ ਕੇਡਿਟ ਤੇ ਕਜ਼ਾਕ ਕਹਿੰਦੇ ਹਨ ਕਿ ਉਹ ਆਪਣੇ ਖੂਨ ਦੇ ਆਖਰੀ ਕਤਰੇ ਤਕ ਬਾਲਸ਼ਵਿਕਾਂ ਦੇ ਵਿਰੁਧ ਲੜਨਗੇ, ਇਹ ਪੂਰਨ ਤੌਰ ਤੇ ਇਤਬਾਰ ਕਰਨ ਯੋਗ ਹੈ ; ਪਰ, ਜੇ ਮਜ਼ਦੂਰ ਤੇ ਸਿਪਾਹੀ ਸੈਂਕੜੇ ਜਲਸਿਆਂ ਵਿਚ ਬਾਲਸ਼ਵਿਕਾਂ ਵਿਚ ਪੂਰਨ ਵਿਸ਼ਵਾਸ ਪਰਗਟ ਕਰਦੇ ਹਨ ਅਤੇ ਸੱਤਾ ਸੋਵੀਅਤਾਂ ਦੇ ਹਵਾਲੇ ਕਰਨ ਦੀ ਹਮਾਇਤ ਲਈ ਆਪਣੀ ਤਤਪਰਤਾ ਦੀ ਤਸਦੀਕ ਕਰਦੇ ਹਨ ਤਾਂ ਇਹ ਚੇਤੇ ਕਰਨਾ "ਸਮੇਂ ਸਿਰ" ਹੈ ਕਿ ਵੋਟਾਂ ਇਕ ਗੱਲ ਹੈ ਅਤੇ ਲੜਨਾ ਦੂਜੀ !

ਜੇ ਤੁਸੀਂ ਇਸ ਤਰ੍ਹਾਂ ਦਲੀਲਬਾਜ਼ੀ ਕਰਦੇ ਹੋ, ਨਿਰਸੰਦੇਹ ਤੁਸੀਂ ਇਕ ਬਗ਼ਾਵਤ ਦੀ ਸੰਭਾਵਨਾ ਨੂੰ "ਰੱਦ" ਕਰਦੇ ਹੋ। ਪਰ, ਅਸੀਂ ਪੁੱਛ ਸਕਦੇ ਹਾਂ ਕਿ ਕਿਸ ਤਰੀਕੇ ਨਾਲ, ਕਿ ਇਹ ਅਨੋਖੀ ਸੇਧ ਵਾਲਾ "ਨਿਰਾਸ਼ਾਵਾਦ", ਆਪਣੀ ਵਿਸ਼ੇਸ਼ ਪਰੇਰਨਾ ਨਾਲ, ਬੁਰਜੂਆਜ਼ੀ ਦੇ ਪੱਖ ਵਿਚ ਇਕ ਰਾਜਨੀਤਕ ਮੋੜ ਤੋਂ ਕਿਵੇਂ ਵਖਰਾ ਹੈ ?

ਰਤਾ ਤੱਥਾਂ ਵਲ ਧਿਆਨ ਮਾਰੋ ! ਬਾਲਸ਼ਵਿਕਾਂ ਦੇ ਉਹਨਾਂ ਐਲਾਨਾਂ ਨੂੰ ਚੇਤੇ ਕਰੋ ਜਿਹੜੇ ਹਜ਼ਾਰਾਂ ਵਾਰ ਦੁਹਰਾਏ ਗਏ ਹਨ ਅਤੇ ਹੁਣ ਸਾਡੇ "ਨਿਰਾਸ਼ਾਵਾਦੀਆਂ" ਵਲੋਂ ਭੁਲਾ ਦਿਤੇ ਗਏ ਹਨ। ਅਸਾਂ ਹਜ਼ਾਰਾਂ ਵਾਰ ਆਖਿਆ ਹੈ ਕਿ ਮਜ਼ਦੂਰਾ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਇਕ ਸ਼ਕਤੀ ਹਨ, ਕਿ ਉਹ ਇਨਕਲਾਬ ਦਾ ਹਰਾਵਲ ਹਨ, ਕਿ ਉਹ ਸੱਤਾ ਨੂੰ ਹੱਥਾ ਵਿਚ ਲੈ **ਸਕਦੀਆਂ** ਹਨ। ਹਜ਼ਾਰਾਂ ਵਾਰ ਅਸਾਂ ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਨੂੰ "ਜਮਹੂਰੀਅਤ ਦੇ ਸਰਬ-ਅਧਿਕਾਰੀ ਇਦਾਰਿਆਂ" ਬਾਰੇ ਸੱਤਾ ਸੋਵੀਅਤਾਂ ਦੇ ਹਵਾਲੇ ਕਰਨ ਦੇ ਡਰ ਸਮੇਤ, ਲਫ਼ਜ਼ੀ ਹੇਰਾਫੇਰੀ ਲਈ ਝਾੜਿਆ ਝੰਬਿਆ ਹੈ।

ਅਤੇ ਕੋਰਨੀਲੋਵ ਬਗ਼ਾਵਤ ਨੇ ਕੀ ਸਿੱਧ ਕੀਤਾ ਹੈ ? ਇਸ ਨੇ ਸਿੱਧ ਕੀਤਾ ਹੈ ਕਿ ਸੋਵੀਅਤਾਂ ਅਸਲ ਸ਼ਕਤੀ ਹਨ।

ਅਤੇ ਹੁਣ, ਤਜਰਬੇ ਰਾਹੀਂ ਤੱਥਾਂ ਰਾਹੀਂ ਸਿੱਧ ਹੋ ਜਾਣ ਮਗਰੋਂ, ਸਾਡੇ ਤੋਂ ਆਸ ਕੀਤੀ ਜਾਂਦੀ ਹੈ ਕਿ ਅਸੀਂ ਬਾਲਸ਼ਵਿਜ਼ਮ ਨੂੰ ਰੱਦ ਕਰੀਏ, ਆਪਣੇ ਆਪ ਤੋਂ ਇਨਕਾਰ ਕਰੀਏ, ਅਤੇ ਆਖੀਏ ਕਿ ਅਸੀਂ ਕਾਫੀ ਮਜ਼ਬੂਤ ਨਹੀਂ ਹਾਂ (ਹਾਲਾਂ ਕਿ ਪੀਤਰੋਗਰਾਦ ਤੇ ਮਾਸਕੋ ਦੀਆਂ ਸੋਵੀਅਤਾਂ ਅਤੇ ਪਰਾਂਤਕ ਸੋਵੀਅਤਾਂ ਦੀ ਬਹੁ-ਗਿਣਤੀ ਸੋਵੀਅਤਾਂ ਬਾਲਸ਼ਵਿਕਾਂ ਦੇ ਪੱਖ ਵਿਚ ਹਨ) ! ਕੀ ਇਹ ਸ਼ਰਮਨਾਕ ਜਕੋ-ਤੱਕੀਆਂ ਨਹੀਂ ਹਨ ? ਅਸਲ ਵਿਚ, ਸਾਡੇ "ਨਿਰਾਸ਼ਾਵਾਦੀ" "ਸਾਰੀ ਸੱਤਾ ਸੋਵੀਅਤਾਂ ਨੂੰ" ਦਾ ਨਾਅਰਾ ਤਿਆਗ ਰਹੇ ਹਨ, ਭਾਵੇਂ ਉਹ ਇਹ ਮੰਨਣ ਤੋਂ **ਡਰਦੇ** ਹਨ।

ਇਹ ਕਿਵੇਂ ਸਿੱਧ ਕੀਤਾ ਜਾ ਸਕਦਾ ਹੈ ਕਿ ਬੁਰਜੂਆਜ਼ੀ ਸੰਵਿਧਾਨ ਅਸੰਬਲੀ ਬੁਲਾਉਣ ਵਿਚ ਰੋਕ ਖੜੀ ਕਰਨ ਲਈ ਚੋਖੀ ਮਜ਼ਬੂਤ ਨਹੀਂ ਹੈ ?

ਜੇ ਸੋਵੀਅਤਾਂ ਕੋਲ ਬੁਰਜੂਆਜ਼ੀ ਨੂੰ ਪਟਕਾਉਣ ਲਈ ਕਾਫੀ ਤਾਕਤ ਨਹੀਂ ਹੈ ਤਾਂ ਇਸ

ਦਾ ਅਰਥ ਇਹ ਹੈ ਕਿ ਬੁਰਜੂਆਜ਼ੀ ਸੰਵਿਧਾਨ ਅਸੰਬਲੀ ਬੁਲਾਏ ਜਾਣ ਵਿਚ ਰੋਕ ਖੜੀ ਕਰਨ ਲਈ ਕਾਫੀ ਮਜ਼ਬੂਤ ਹੈ, ਕਿਉਂ ਜੋ ਇਸ ਨੂੰ ਰੋਕਣ ਲਈ ਹੋਰ ਕੋਈ ਨਹੀਂ ਹੈ। ਕੇਰੇਨਸਕੀ ਅਤੇ ਕੰਪਨੀ ਦੇ ਇਕਰਾਰ ਤੇ ਵਿਸ਼ਵਾਸ ਕਰਨਾ, ਨੀਚ ਪੂਰਵ-ਪਾਰਲੀਮੈਂਟ ਦੇ ਮਤਿਆਂ ਉਤੇ ਵਿਸ਼ਵਾਸ ਕਰਨਾ—ਕੀ ਇੰਜ ਕਰਨਾ ਪਰੋਲੇਤਾਰੀ ਪਾਰਟੀ ਦੇ ਇਕ ਮੈਂਬਰ ਤੇ ਇਕ ਇਨਕਲਾਬੀ ਲਈ ਯੋਗ ਹੈ ?

ਜੇ ਵਰਤਮਾਨ ਸਰਕਾਰ ਨੂੰ ਉਲਟਾਇਆ ਨਾ ਗਿਆ ਤਾਂ ਨਾ ਕੇਵਲ ਬੁਰਜੂਆਜ਼ੀ ਕੋਲ ਸੰਵਿਧਾਨ ਅਸੰਬਲੀ ਨੂੰ ਬੁਲਾਏ ਜਾਣ ਦੇ ਰਾਹ ਵਿਚ ਰੋਕ ਖੜੀ ਕਰਨ ਲਈ ਕਾਫੀ ਤਾਕਤ ਹੈ ਸਗੋਂ ਉਹ ਇਹ ਸਿੱਟਾ, ਪੀਤਰੋਗਰਾਦ ਜਰਮਨਾਂ ਦੇ ਹਵਾਲੇ ਕਰਨ, ਮੋਰਚਾ ਖੁਲ੍ਹਾ ਛਡਣ, ਨਾਕਾਬੰਦੀਆਂ ਵਧਾਉਣ ਅਤੇ ਖੁਰਾਕ ਦੇ ਭੁਗਤਾਣਾਂ ਨੂੰ ਸਾਬੋਤਾਜ ਕਰਨ ਲਈ **ਅਸਿੱਧੇ ਤੌਰ** ਤੇ ਪਰਾਪਤ ਕਰ ਸਕਦੀ ਹੈ। ਇਹ ਗੱਲ ਤੱਥਾਂ ਰਾਹੀਂ ਸਿੱਧ ਹੋ ਗਈ ਹੈ ਕਿ ਬੁਰਜੂਆਜ਼ੀ ਇਹ ਕੰਮ ਅੰਸ਼ਕ ਤੌਰ ਤੇ ਕਰਦੀ ਆ ਰਹੀ ਹੈ, ਜਿਸ ਦਾ ਅਰਥ ਹੈ ਉਹ ਇਸ ਕੁਝ ਪੂਰੀ ਹੱਦ ਤਕ ਕਰਨ ਦੇ ਯੋਗ ਹੈ, ਜੇ ਮਜ਼ਦੂਰ ਤੇ ਸਿਪਾਹੀ ਉਸ ਨੂੰ ਉਲਟਾਉਂਦੇ ਨਹੀਂ ਹਨ।

... ...

"ਸੋਵੀਅਤਾਂ ਨੂੰ ਸਰਕਾਰ ਦੇ ਸਿਰ ਵਲ਼ ਸੇਧਤ ਇਕ ਰੀਵਾਲਵਰ ਹੋਣਾ ਚਾਹੀਦਾ ਹੈ। ਉਹਨਾਂ ਦੀ ਮੰਗ ਹੋਣੀ ਚਾਹੀਦੀ ਹੈ ਕਿ ਸੰਵਿਧਾਨ ਅਸੰਬਲੀ ਬੁਲਾਈ ਜਾਵੇ ਅਤੇ ਸਾਰੀਆਂ ਕ੍ਰੋਤਨੀਲੋਵਵਾਦੀ ਸਾਜ਼ਸ਼ਾਂ ਨੂੰ ਬੰਦ ਕੀਤਾ ਜਾਵੇ।"

ਇਸ ਤਰ੍ਹਾਂ ਦੇ ਉਦਾਸ ਨਿਰਾਸ਼ਾਵਾਦੀਆਂ ਵਿਚੋਂ ਇਕ ਇਸ ਹੱਦ ਤਕ ਚਲਿਆ ਗਿਆ ਹੈ।

ਉਸ ਨੂੰ ਇਸ ਹੱਦ ਤਕ ਜਾਣਾ ਪੈਣਾ ਸੀ, ਕਿਉਂ ਜੋ ਬਗ਼ਾਵਤ ਨੂੰ ਰੱਦ ਕਰਨਾ "ਸਾਰੀ ਸੱਤਾ ਸੋਵੀਅਤਾਂ ਨੂੰ" ਦੇ ਨਾਅਰੇ ਨੂੰ ਰੱਦ ਕਰਨ ਦੇ ਤੁਲ ਹੈ।

ਨਿਰਸੰਦੇਹ, ਇਕ ਨਾਅਰਾ "ਪਵਿੱਤਰ ਨਹੀਂ" ਹੈ; ਅਸੀਂ ਸਾਰੇ ਇਸ ਨਾਲ ਸਹਿਮਤ ਹਾਂ। ਪਰ ਫਿਰ ਕਿਸੇ ਨੇ ਇਸ ਨਾਅਰੇ ਨੂੰ ਬਦਲਣ ਦਾ ਸੁਆਲ ਕਿਉਂ ਨਹੀਂ ਉਠਾਇਆ (ਉਸੇ ਤਰ੍ਹਾਂ ਜਿਵੇਂ ਮੈਂ ਜੁਲਾਈ ਦੇ ਦਿਨਾਂ ਮਗਰੋਂ ਉਠਾਇਆ ਸੀ) ? ਇਹ ਗੱਲ ਖੁਲ੍ਹ ਕੇ ਕਹਿਣ ਤੋਂ **ਡਰਨ** ਦੀ ਕੀ ਲੋੜ ਹੈ ਜਦੋਂ ਪਾਰਟੀ, ਸਤੰਬਰ ਤੋਂ ਬਗ਼ਾਵਤ ਦੇ ਸੁਆਲ ਬਾਰੇ ਵਿਚਾਰ ਕਰ ਰ ।ੀ ਹੈ, ਕਿਉਂ ਜੋ ਹੁਣ "ਸਾਰੀ ਸੱਤਾ ਸੋਵੀਅਤਾਂ ਨੂੰ" ਨਾਅਰੇ ਨੂੰ ਪੂਰਾ ਕਰਨ ਦਾ **ਇਕੋ ਇਕ** ਰਾਹ ਹੈ।

ਸਾਡੇ ਗ਼ਮਗੀਨ ਨਿਰਾਸ਼ਾਵਾਦੀਆਂ ਲਈ ਪਿਛਾਂਹ ਮੁੜਨ ਦਾ ਕੋਈ ਰਾਹ ਨਹੀਂ ਹੈ। ਬਗ਼ਾਵਤ ਦਾ ਤਿਆਗ ਸੱਤਾ ਸੋਵੀਅਤਾਂ ਦੇ ਹਵਾਲੇ ਕਰਨ ਦਾ ਤਿਆਗ ਹੈ ਅਤੇ ਇਸ ਦਾ ਅਰਥ ਸੁਹਿਰਦ ਬੁਰਜੂਆਜ਼ੀ ਨੂੰ, ਜਿਸ ਨੇ ਸੰਵਿਧਾਨ ਅਸੰਬਲੀ ਬੁਲਾਉਣ ਦਾ ਇਕਰਾਰ ਕੀਤਾ ਹੈ, ਸਾਰੀਆਂ ਆਸਾ ਤੇ ਸੰਭਾਵਨਾਵਾਂ ਤਬਦੀਲ ਕਰਨ ਦਾ ਹੈ।

ਕੀ ਇਹ ਗੱਲ ਸਮਝਣੀ ਇਤਨੀ ਔਖੀ ਹੈ ਕਿ ਇਕ ਵਾਰ ਜਦੋਂ ਸੱਤਾ ਸੋਵੀਅਤਾਂ ਦੇ ਹੱਥਾਂ ਵਿਚ ਹੈ, ਸੰਵਿਧਾਨ ਅਸੰਬਲੀ ਅਤੇ ਇਸ ਦੀਆ ਸਫਲਤਾਵਾਂ **ਜ਼ਾਮਨੀ ਸ਼ੁਦਾ** ਹਨ ? ਬਾਲਸ਼ਵਿਕਾਂ ਨੇ ਇਹ ਗੱਲ ਹਜ਼ਾਰਾਂ ਵਾਰ ਆਖੀ ਹੈ ਅਤੇ ਕਿਸੇ ਨੇ ਵੀ ਇਸ ਨੂੰ ਰੱਦ ਕਰਨ ਦਾ ਯਤਨ ਨਹੀਂ ਕੀਤਾ। ਹਰ ਇਕ ਨੇ ਇਸ "ਸਮਿਲਤ ਨਮੂਨੇ" ਨੂੰ ਪ੍ਰਵਾਨ ਕੀਤਾ ਹੈ, ਪਰ ਸੱਤਾ ਸੋਵੀਅਤਾਂ ਦੇ ਹਵਾਲੇ ਕਰਨ ਦੇ ਤਿਆਗ ਨੂੰ "ਸਮਿਲਤ ਨਮੂਨੇ" ਦੇ ਸ਼ਬਦਾਂ ਦੇ ਪਰਦੇ ਵਿਚ ਲੁਕਾ ਦੇਣਾ, ਇਸ ਨੂੰ **ਰਾਜ਼ਦਾਰੀ ਨਾਲ** ਲੁਕਾਉਣਾ ਪਰ ਸਾਡੇ ਨਾਅਰੇ ਨੂੰ ਖੁਲ੍ਹੇ ਤੌਰ ਤੇ ਤਿਆਗਣ ਤੋਂ **ਡਰਨਾ** ਹੈਰਾਨੀ ਵਾਲਾ ਮਾਮਲਾ ਹੈ। ਇਸ ਗੱਲ ਨੂੰ ਬਿਆਨ ਕਰਨ ਲਈ ਕੀ ਕੋਈ

ਪਾਰਲੀਮੈਂਟਰੀ ਬੌਲਾ ਹੈ ?

ਸਾਡੇ ਨਿਰਾਸ਼ਾਵਾਦੀ ਨੂੰ ਕਿਸੇ ਨੇ ਬਹੁਤ ਹੀ ਢੁਕਵਾਂ ਉੱਤਰ ਦਿਤਾ ਹੈ : "ਕੀ ਇਹ ਅਜਿਹਾ ਰੀਵਾਲਵਰ ਹੈ ਜਿਸ ਵਿਚ ਕੋਈ ਕਾਰਤੂਸ ਨਹੀਂ ਹੈ ?" ਜੇ ਇੰਜ ਹੈ ਤਾਂ ਇਸ ਦਾ ਅਰਥ ਸਿੱਧਾ ਲੀਬੇਰਦਾਨਾਂ ਦੇ ਪੱਖ ਵਿਚ ਢਲਿਆ ਜਾਣਾ ਹੈ, ਜਿਹਨਾਂ ਨੇ ਸੋਵੀਅਤਾਂ ਨੂੰ ਹਜ਼ਾਰਾਂ ਵਾਰ ਰੀਵਾਲਵਰ ਐਲਾਨਿਆ ਹੈ ਅਤੇ ਲੋਕਾਂ ਨੂੰ ਹਜ਼ਾਰਾਂ ਵਾਰ ਧੋਖਾ ਦਿਤਾ ਹੈ, ਥੋੜੇ ਸਮੇਂ ਲਈ ਜੇ ਕੰਟਰੋਲ ਉਹਨਾਂ ਦੇ ਹੱਥ ਵਿਚ ਹੁੰਦਾ ਤਾਂ ਸੋਵੀਅਤਾਂ ਬੇਅਰਥ ਸਿੱਧ ਹੋ ਜਾਂਦੀਆਂ ।

ਪਰ, ਜੇ ਇਹ "ਕਾਰਤੂਸਾਂ ਵਾਲਾ" ਰੀਵਾਲਵਰ ਹੁੰਦਾ ਇਸ ਦਾ ਅਰਥ ਬਗ਼ਾਵਤ ਲਈ ਤਕਨੀਕੀ ਤਿਆਰੀ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ; ਕਾਰਤੂਸ ਪ੍ਰਾਪਤ ਕਰਨੇ ਪੈਣੇ ਹਨ, ਰੀਵਾਲਵਰ ਨੂੰ ਭਰਨਾ ਪੈਣਾ ਹੈ—ਅਤੇ ਇਕੱਲੇ ਕਾਰਤੂਸ ਕਾਫ਼ੀ ਨਹੀਂ ਹੋਣਗੇ ।

ਜਾਂ ਤਾਂ ਲੀਬੇਰਦਾਨਾਂ ਦੇ ਪਾਸੇ ਵਲ ਜਾਓ ਤੇ ਖੁਲ੍ਹੇ ਤੌਰ ਤੇ "ਸਾਰੀ ਸੱਤਾ ਨੂੰ ਸੋਵੀਅਤਾਂ ਨੂੰ" ਨਾਅਰੇ ਨੂੰ ਤਿਆਗੋ, ਜਾਂ ਫਿਰ ਬਗ਼ਾਵਤ ਅਰੰਭ ਕਰੋ । ਵਿਚਕਾਰਲਾ ਰਾਹ ਕੋਈ ਨਹੀਂ ਹੈ ।

... ...

"ਬੁਰਜੂਆਜ਼ੀ ਪੀਤਰੋਗਰਾਦ ਨੂੰ ਜਰਮਨਾਂ ਦੇ ਹਵਾਲੇ ਨਹੀਂ ਕਰ ਸਕਦੀ, ਭਾਵੇਂ ਰੋਦਜ਼ੀਆਨਕੋ ਇਹੋ ਚਾਹੁੰਦਾ ਹੈ, ਕਿਉਂ ਜੋ ਲੜਾਈ ਬੁਰਜੂਆਜ਼ੀ ਵਲੋਂ ਨਹੀਂ ਲੜੀ ਜਾ ਰਹੀ, ਸਗੋਂ ਸਾਡੇ ਬਹਾਦਰ ਜਹਾਜ਼ੀਆਂ ਰਾਹੀਂ ਲੜੀ ਜਾ ਰਹੀ ਹੈ ।"

ਇਹ ਦਲੀਲ ਆਪਣੇ ਆਪ ਨੂੰ ਬੁਰਜੂਆਜ਼ੀ ਦੇ **ਪ੍ਰਸੰਗ ਵਿਚ** ਉਸੇ "ਆਸ਼ਾਵਾਦ" ਤਕ ਨੀਵਾਂ ਲੈ ਜਾਂਦੀ ਹੈ ਜੋ ਉਹਨਾਂ ਵਲੋਂ ਹਰ ਕਦਮ ਉਤੇ ਘਾਤਕ ਤੌਰ ਤੇ ਹਰ ਕਦਮ ਤੇ ਪ੍ਰਗਟ ਹੋਇਆ ਹੈ, ਜਿਹੜੇ ਪਰੋਲੇਤਾਰੀਏ ਦੀਆਂ ਇਨਕਲਾਬੀ ਸ਼ਕਤੀਆਂ ਸਮਰੱਥਾਵਾਂ ਬਾਰੇ ਆਸਾਵਾਦੀ ਹਨ ।

ਲੜਾਈ ਬਹਾਦਰ ਜਹਾਜ਼ੀਆਂ ਵਲੋਂ ਲੜੀ ਜਾ ਰਹੀ ਹੈ, ਪਰ ਇਹ ਗੱਲ ਈਸਲ ਉਤੇ ਕਬਜ਼ਾ ਕਰਨ ਤੋਂ ਪਹਿਲਾਂ ਦੋ ਐਡਮਿਰਲਾਂ ਨੂੰ **ਅਲੋਪ ਹੋਣ** ਤੋਂ ਨਹੀਂ ਸੀ ਰੋਕ ਸਕਦੀ ।

ਇਹ ਹਕੀਕਤ ਹੈ ਅਤੇ ਹਕੀਕਤਾਂ ਕਠੋਰ ਹੁੰਦੀਆਂ ਹਨ । ਤੱਥ ਸਿੱਧ ਕਰਦੇ ਹਨ ਕਿ ਐਡਮਿਰਲ ਕੋਰਨੀਲੋਵ ਤੋਂ ਘੱਟ ਗ਼ੱਦਾਰੀ ਦੇ ਯੋਗ ਨਹੀਂ ਹਨ । ਇਹ ਇਕ ਵਿਵਾਦ-ਰਹਿਤ ਤੱਥ ਹੈ ਕਿ ਫੀਲਡ ਹੈਡਕੁਆਟਰਜ਼ ਸੁਧਾਰਿਆ ਨਹੀਂ ਗਿਆ ਅਤੇ ਕਮਾਂਡਿੰਗ ਅਮਲਾ ਬਣਤਰ ਵਿਚ ਕੋਰਨੀਲੋਵਵਾਦੀ ਹੈ ।

ਜੇ ਕੋਰਨੀਲੋਵਵਾਦੀਏ ਕੇਰੇਨਸਕੀ ਦੀ ਅਗਵਾਈ ਵਿਚ ਕਿਉਂ ਜੋ ਉਹ ਵੀ ਇਕ ਕੋਰਨੀਲੋਵਵਾਦੀ ਹੈ) ਪੀਤਰੋਗਰਾਦ ਨੂੰ ਹਵਾਲੇ ਕਰਨਾ ਚਾਹੁੰਦੇ ਹਨ, ਉਹ ਦੋ ਜਾਂ ਤਿੰਨ ਢੰਗਾਂ ਨਾਲ ਕਰ ਸਕਦੇ ਹਨ ।

ਪਹਿਲਾ, ਉਹ, ਕੋਰਨੀਲੋਵਵਾਦੀ ਅਫਸਰਾਂ ਵਲੋਂ ਗ਼ੱਦਾਰੀ ਦੀ ਕਾਰਵਾਈ ਰਾਹੀਂ, ਉੱਤਰੀ ਧਰਤੀ ਦਾ ਮੋਰਚਾ ਖੋਲ੍ਹ ਸਕਦੇ ਹਨ । ਦੂਜਾ, ਉਹ ਸਮੁੱਚੀ ਜਰਮਨ ਜਲ ਸੈਨਾ ਲਈ ਕਾਰਵਾਈ ਦੀ ਆਜ਼ਾਦੀ ਉਤੇ "ਸਹਿਮਤ" ਹੋ ਸਕਦੇ ਹਨ, ਜਿਹੜੀ ਜਲ ਸੈਨਾ ਸਾਡੀ ਸੈਨਾ ਨਾਲੋਂ ਤਾਕਤਵਰ ਹੈ; ਉਹ ਜਰਮਨ ਤੇ ਅੰਗਰੇਜ਼ ਦੋਹਾਂ ਸਾਮਰਾਜੀਆਂ ਨਾਲ ਸਹਿਮਤ ਹੋ ਸਕਦੇ ਹਨ । ਇਸ ਤੋਂ ਉਪਰੰਤ, ਐਡਮਿਰਲ ਜਿਹੜੇ ਅਲੋਪ ਹੋ ਗਏ ਹਨ, ਹੋ ਸਕਦਾ ਹੈ ਉਹਨਾਂ ਨੇ ਆਪਣੀਆਂ ਯੋਜਨਾਵਾਂ ਜਰਮਨਾਂ ਦੇ ਵੀ ਹਵਾਲੇ ਕਰ ਦਿਤੀਆਂ ਹੋਣ ।

ਤੀਜਾ, ਉਹ ਤਾਲਾਬੰਦੀਆਂ ਰਾਹੀਂ, ਅਤੇ ਖੁਰਾਕ ਦੇ ਭੁਗਤਾਣ ਨੂੰ ਸਾਬੋਤਾਜ ਕਰਨ ਰਾਹੀਂ

ਸਾਡੀਆਂ ਫੌਜਾਂ ਨੂੰ ਪੂਰਨ ਨਿਰਾਸ਼ਾ ਤੇ ਨਿਪੁੰਸਕਤਾ ਤਕ ਲਿਆ ਸਕਦੇ ਹਨ।

ਇਹਨਾਂ ਤਿੰਨਾਂ ਵਿਚੋਂ ਕਿਸੇ ਇਕ ਬਾਰੇ ਇਨਕਾਰ ਨਹੀਂ ਕੀਤਾ ਜਾ ਸਕਦਾ। ਤੱਥਾਂ ਨੇ ਸਿੱਧ ਕੀਤਾ ਹੈ ਕਿ ਰੂਸ ਦੀ ਬੁਰਜੂਆ-ਕਜ਼ਾਕ ਪਾਰਟੀ ਪਹਿਲਾਂ ਹੀ ਤਿੰਨਾਂ ਬੂਹਿਆਂ ਨੂੰ ਖੜਕਾ ਚੁਕੀ ਹੈ ਅਤੇ ਇਹਨਾਂ ਵਿਚੋਂ ਹਰ ਇਕ ਨੂੰ ਖੋਲ੍ਹਣ ਦਾ ਯਤਨ ਕਰ ਚੁਕੀ ਹੈ।

ਇਸ ਦਾ ਸਿੱਟਾ ਕੀ ਨਿਕਲਦਾ ਹੈ ? ਸਿੱਟਾ ਇਹ ਨਿਕਲਦਾ ਹੈ ਕਿ ਸਾਨੂੰ ਉਡੀਕ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਕਿ ਬੁਰਜੁਆਜ਼ੀ ਇਨਕਲਾਬ ਦੀ ਸੰਘੀ ਘੁੱਟ ਦੇਵੇ।

ਤਜਰਬੇ ਨੇ ਸਿੱਧ ਕੀਤਾ ਹੈ ਕਿ ਰੋਦਜਿਆਨਕੋ ਦੀਆਂ ਇਛਾਵਾਂ ਕੋਈ ਮਾਮੂਲੀ ਚੀਜ ਨਹੀਂ ਹਨ। ਰੋਦਜ਼ਿਆਨਕੋ ਕਾਫ਼ੀ ਰਸੂਖ ਵਾਲਾ ਬੰਦਾ ਹੈ। **ਸਰਮਾਇਆ** ਉਸ ਦੀ ਪਿੱਠ ਉਤੇ ਹੈ। ਇਸ ਬਾਰੇ ਵਿਵਾਦ ਨਹੀਂ ਹੈ। ਸਰਮਾਇਆ ਉਨਾ ਚਿਰ ਇਕ ਅਥਾਹ ਭਾਰੀ ਤਾਕਤ ਹੈ ਜਿੰਨਾ ਚਿਰ ਪਰੋਲੇਤਾਰੀਏ ਦੇ ਹੱਥਾਂ ਵਿਚ ਸੱਤਾ ਨਹੀਂ ਹੈ। **ਦਹਾਕਿਆਂ ਤਕ** ਰੋਦਜਿਆਨਕੋ ਨੇ ਈਮਾਨਦਾਰੀ ਤੇ ਸਚਾਈ ਨਾਲ ਸਰਮਾਏ ਦੀਆਂ ਨੀਤੀਆਂ ਨੂੰ ਨੇਪਰੇ ਚਾੜ੍ਹਿਆ ਹੈ।

ਇਸ ਤੋਂ ਕੀ ਸਿੱਟਾ ਨਿਕਲਦਾ ਹੈ ? ਸਿੱਟਾ ਇਹ ਨਿਕਲਦਾ ਹੈ ਕਿ ਇਨਕਲਾਬ ਨੂੰ ਬਚਾਉਣ ਦੇ ਇਕੋ ਇਕ ਸਾਧਨ ਬਗਾਵਤ ਦੇ ਸੁਆਲ ਉਤੇ ਡਾਵਾਂਡੋਲ ਹੋਣ ਦਾ ਅਰਥ ਬੁਰਜੁਆਜ਼ੀ ਵਿਚ ਜੋ ਅੱਧੀ-ਲਿਬਰਲਦਾਨ, ਸੋਸ਼ਲਿਸਟ-ਇਨਕਲਾਬੀ-ਮੈਨਸ਼ਵਿਕ ਅਤੇ ਅੱਧੀ "ਵਰਤਮਾਨ ਵਰਗੀ" ਹੈ, ਉਸ ਬੁਜ਼ਦਿਲਾਨਾ ਅਤੇ ਵਿਵਾਦ-ਰਹਿਤ ਵਿਸ਼ਵਾਸ ਵਿਚ ਡੁਬ ਜਾਣਾ ਹੈ, ਜਿਸ ਵਿਰੁਧ ਬਾਲਸ਼ਵਿਕ ਲੜਾਈ ਕਰਦੇ ਆ ਰਹੇ ਹਨ।

ਜਾਂ ਤਾਂ ਤੁਸੀਂ ਆਪਣੀ ਖਾਲੀ ਛਾਤੀ ਉਤੇ ਆਪਣੀਆਂ ਬੇਕਾਰ ਬਾਹਾਂ ਫੈਲਾਅ ਦਿਓ, ਉਦੋਂ ਤਕ ਸੰਵਿਧਾਨ ਅਸੰਬਲੀ ਦੀ ਉਡੀਕ ਕਰੋ ਅਤੇ ਉਸ ਵਿਚ "ਵਿਸਵਾਸ" ਰੱਖੋ ਜਦ ਤਕ ਰੋਦਜਿਆਨਕੋ ਤੇ ਕੰਪਨੀ ਪੀਤਰੋਗਰਾਦ ਨੂੰ ਹਵਾਲੇ ਨਹੀਂ ਕਰ ਦੇਂਦੇ ਅਤੇ ਇਨਕਲਾਬ ਦੀ ਸੰਘੀ ਨਹੀਂ ਘੁੱਟ ਦੇਂਦੇ, ਜਾਂ ਫਿਰ ਬਗਾਵਤ ਅਰੰਭ ਕਰੋ। ਕੋਈ ਵਿਚਕਾਰਲਾ ਰਾਹ ਨਹੀਂ ਹੈ।

ਇਥੋਂ ਤੱਕ ਕਿ ਸੰਵਿਧਾਨ ਅਸੰਬਲੀ ਦਾ ਬੁਲਾਉਣਾ ਆਪਣੇ ਆਪ ਵਿਚ ਕੋਈ ਤਬਦੀਲੀ ਨਹੀਂ ਕਰੇਗਾ ਕਿਉਂ ਜੋ ਕਿਸੇ ਵੀ ਅਤਿ ਖੁਦਮੁਖਤਿਆਰ ਅਸੰਬਲੀ ਵਲੋਂ ਵੀ "ਸੰਵਿਧਾਨ" ਦਾ, ਕਿਸੇ ਵੀ ਵੋਟਾਂ ਦਾ ਕਾਲ ਉਤੇ, ਜਾ ਵਿਲਹੇਲਮ ਉਤੇ ਅਸਰ ਨਹੀਂ ਪਵੇਗਾ। ਸੰਵਿਧਾਨ ਅਸੰਬਲੀ ਦਾ ਬੁਲਾਉਣਾ ਤੇ ਉਸ ਦੀ ਸਫਲਤਾ ਸੱਤਾ ਸੋਵੀਅਤਾ ਦੇ ਹਵਾਲੇ ਕਰਨ ਉਤੇ ਨਿਰਭਰ ਕਰਦੇ ਹਨ। ਇਹ ਪੁਰਾਣੀ ਬਾਲਸ਼ਵਿਕ ਸਚਾਈ ਹਕੀਕਤ ਰਾਹੀਂ ਕਿਤੇ ਵੱਧ ਉਘੜਵੇਂ ਰੂਪ ਵਿਚ ਤੇ ਕਿਤੇ ਵਧੇਰੇ ਨਿਰਣਈ ਰੂਪ ਵਿਚ ਸਿੱਧ ਹੋ ਰਹੀ ਹੈ।

———

"ਅਸੀਂ ਨਿਤ ਦਿਹਾੜੀ ਮਜ਼ਬੂਤ ਹੁੰਦੇ ਜਾ ਰਹੇ ਹਾਂ। ਅਸੀਂ ਸੰਵਿਧਾਨ ਅਸੰਬਲੀ ਵਿਚ ਇਕ ਮਜ਼ਬੂਤ ਅਪੋਜ਼ੀਸ਼ਨ ਵਜੋਂ ਸ਼ਾਮਲ ਹੋ ਸਕਦੇ ਹਾਂ ਤੇ ਅਸੀਂ ਹਰ ਸ਼ੈ ਦਾਅ ਉਤੇ ਕਿਉਂ ਲਾਈਏ ?........."

ਇਹ ਇਕ ਫਿਲਸਤੀਨ ਦੀ ਦਲੀਲ ਹੈ ਜਿਸ ਨੇ ਇਹ "ਪੜ੍ਹ" ਲਿਆ ਹੈ ਕਿ ਸੰਵਿਧਾਨ ਅਸੰਬਲੀ ਬੁਲਾਈ ਜਾ ਰਹੀ ਹੈ, ਅਤੇ ਜੋ ਇਕ ਬਹੁਤ ਕਾਨੂੰਨੀ, ਬਹੁਤ ਹੀ ਵਫ਼ਾਦਾਰ ਤੇ ਬਹੁਤ ਹੀ ਸੰਵਿਧਾਨਕ ਅਮਲ ਵਿਚ ਬੜੀ ਈਮਾਨਦਾਰੀ ਨਾਲ ਵਿਸ਼ਵਾਸ ਰੱਖਦਾ ਹੈ।

ਪਰ, ਇਹ ਅਫਸੋਸਨਾਕ ਗੱਲ ਹੈ ਕਿ ਸੰਵਿਧਾਨ ਅਸੰਬਲੀ ਲਈ **ਉਡੀਕਣਾ** ਨਾ ਤਾਂ

ਕਾਲ ਦਾ ਸੁਆਲ ਹੈ ਨਾ ਹੀ ਪੀਤਰੋਗਰਾਦ ਨੂੰ ਹਵਾਲੇ ਕਰਨ ਦਾ ਸੁਆਲ ਹੱਲ ਕਰਦਾ ਹੈ। ਇਹ "ਤੁੱਛ" ਗੱਲ ਸਿੱਧੜ ਜਾਂ ਉਲਝੇ ਹੋਏ ਜਾਂ ਉਹਨਾਂ ਵਲੋਂ ਭੁਲਾ ਦਿਤੀ ਗਈ ਜਿਹੜੇ ਡਰਾਏ ਜਾਣ ਦਾ ਸ਼ਿਕਾਰ ਹੋ ਗਏ ਹਨ।

ਕਾਲ ਉਡੀਕ ਨਹੀਂ ਕਰੇਗਾ। ਕਿਸਾਨਾਂ ਦੀ ਬਗਾਵਤ ਨੇ ਉਡੀਕ ਨਹੀਂ ਕੀਤੀ। ਜੰਗ ਉਡੀਕ ਨਹੀਂ ਕਰੇਗੀ। ਐਡਮਿਰਲਾਂ ਨੇ, ਜੋ ਅਲੋਪ ਹੋ ਗਏ ਹਨ, ਉਡੀਕ ਨਹੀਂ ਕੀਤੀ।

ਕੀ ਕਾਲ ਉਡੀਕਣ ਲਈ ਸਹਿਮਤ ਹੋ ਜਾਵੇਗਾ, ਕਿਉਂ ਜੋ ਅਸੀਂ ਬਾਲਸ਼ਵਿਕ ਸੰਵਿਧਾਨ ਅਸੰਬਲੀ ਦੇ ਬੁਲਾਏ ਜਾਣ ਵਿਚ ਵਿਸ਼ਵਾਸ਼ ਦਾ ਦਾਅਵਾ ਕਰਦੇ ਹਾਂ? ਕੀ ਮਾਕਲਾਕੋਵ ਤੇ ਰੋਦਜ਼ਿਆਨਕੋ ਤਾਲਾਬੰਦੀਆਂ ਤੇ ਅਨਾਜ ਦੇ ਭੁਗਤਾਣ ਨੂੰ ਸਾਬੋਤਾਜ਼ ਕਰਨਾ ਬੰਦ ਕਰਨ ਲਈ ਜਾਂ ਅੰਗਰੇਜ਼ਾ ਤੇ ਜਰਮਨ ਸਾਮਰਾਜੀਆਂ ਨਾਲ ਲੁਕਵੀਆਂ ਸੰਧੀਆਂ ਰੱਦ ਕਰਨ ਲਈ ਸਹਿਮਤ ਹੋ ਜਾਣਗੇ?

"ਸੰਵਿਧਾਨਕ ਭੁਲੇਖਿਆਂ" ਦੇ ਹੀਰੋਆਂ ਦੀਆਂ ਦਲੀਲਾਂ ਅਤੇ ਪਾਰਲੀਮੈਂਟਰੀ ਅਲੋਚਨਾ ਇਸ ਦੇ ਤੁਲ ਹਨ।

ਜਿਉਂਦੀ ਹਕੀਕਤ ਅਲੋਪ ਹੋ ਜਾਂਦੀ ਹੈ ਅਤੇ ਜੋ ਬਾਕੀ ਰਹਿ ਜਾਂਦੀ ਹੈ ਉਹ ਸੰਵਿਧਾਨਕ ਅਸੰਬਲੀ ਬੁਲਾਉਣ ਨਾਲ ਇਕ ਕਾਗਜ਼ੀ ਸੌਦੇਬਾਜ਼ੀ ਰਹਿ ਜਾਂਦੀ ਹੈ, ਚੋਣਾ ਕਰਾਉਣ ਤੋਂ ਬਿਨਾਂ ਹੋਰ ਕੁਝ ਵੀ ਬਾਕੀ ਨਹੀਂ ਰਹਿ ਜਾਂਦਾ।

ਅਤੇ ਅੰਨ੍ਹੇ ਲੋਕ ਅਜੇ ਵੀ ਹੈਰਾਨ ਹੋ ਰਹੇ ਹਨ ਕਿ ਕਿਉਂ ਭੁੱਖੇ ਲੋਕ ਤੇ ਸਿਪਾਹੀ, ਜਿਹਨਾਂ ਨੂੰ ਜਰਨੈਲਾ ਤੇ ਐਡਮਿਰਲਾ ਨੇ ਧੋਖਾ ਦਿਤਾ ਹੈ, ਚੋਣਾਂ ਦੇ ਹੱਕ ਵਿਚ ਨਹੀਂ ਹਨ। ਬੱਲੇ ਓਏ ਲਾਲ ਬੁਝੱਕੜੋ!

"ਜੇ ਕੋਰਨੀਲੋਵਵਾਦੀਏ ਮੁੜ ਅਰੰਭ ਕਰਨਗੇ, ਅਸੀਂ ਉਹਨਾਂ ਨੂੰ ਦਿਖਾਵਾਂਗੇ! ਪਰ ਅਸੀਂ ਖਤਰੇ ਕਿਉਂ ਮੁਲ ਲਈਏ ਤੇ ਅਰੰਭ ਕਰੀਏ?"

ਇਹ ਦਲੀਲ ਵਿਸ਼ੇਸ਼ ਤੋਰ ਤੇ ਕਾਇਲ ਕਰਨ ਵਾਲੀ ਤੇ ਇਨਕਲਾਬੀ ਹੈ। ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ ਹੈ, ਪਰ ਜੇ ਅਸੀਂ ਉਸ ਵਲੋਂ ਪਿੱਠਾਂ ਮੋੜ ਲਈਏ, ਕੋਰਨੀਲੋਵ ਬਗਾਵਤ ਨੂੰ ਤੇ ਇਸ ਦੇ ਦੁਹਰਾ ਨੂੰ ਧਿਆਈਏ: "ਜੇ ਕੇਵਲ ਕੋਰਨੀਲੋਵਵਾਦੀਏ ਹੀ ਅਰੰਭ ਕਰਨ—ਜੇ ਅਸੀਂ ਇੰਜ ਕਰਦੇ ਹਾਂ ਤਾ ਇਹ ਕਿਤਨੀ ਸ਼ਾਨਦਾਰ ਇਨਕਲਾਬੀ ਰਾਜਨੀਤੀ ਹੋਵੇਗੀ।

ਇਹ ਉਡੀਕ ਕਰਨ ਨਾਲ ਕਿਤਨੀ ਮਿਲਦੀ ਜੁਲਦੀ ਹੈ! ਹੋ ਸਕਦਾ ਹੈ ਕੋਰਨੀਲੋਵਵਾਦੀਏ ਇਕ ਯੋਗ ਸਮੇਂ ਤੇ ਇਸ ਨੂੰ ਮੁੜ ਕੇ ਅਰੰਭ ਕਰਨਗੇ। ਕੀ ਇਕ "ਵਜਨੀ" ਦਲੀਲ ਨਹੀਂ ਹੈ? ਇਸ ਮਾਮਲੇ ਵਿਚ ਇਕ ਪਰੋਲੇਤਾਰੀ ਨੀਤੀ ਲਈ ਇਹ ਕਿਹੋ ਜਿਹੀ ਸੁਹਿਰਦ ਬੁਨਿਆਦ ਹੈ?

ਅਤੇ ਕੀ ਹੋਇਆ ਜੇ ਦੂਜੇ ਖਰੜੇ ਦੇ ਕੋਰਨੀਲੋਵਵਾਦੀਏ ਇਕ ਜਾਂ ਦੋ ਚੀਜ਼ਾਂ ਜਾਣ ਗਏ ਹੋਣਗੇ? ਕੀ ਹੋਇਆ ਜੇ ਉਹ **ਅਰੰਭ ਕਰਨ ਤੋਂ** ਪਹਿਲਾਂ ਭੁੱਖ-ਮਰੀ ਦੇ ਫਸਾਦਾਂ ਦੀ, ਮੋਰਚੇ ਦੇ ਟੁੱਟਣ ਦੀ, ਪੀਤਰੋਗਰਾਦ ਨੂੰ ਹਵਾਲੇ ਕਰਨ ਦੀ ਉਡੀਕ ਕਰਦੇ ਹਨ? ਫਿਰ ਕੀ ਹੋਵੇਗਾ?

ਇਹ ਸੁਝਾਅ ਦਿਤਾ ਗਿਆ ਹੈ ਕਿ ਅਸੀਂ ਕੋਰਨੀਲੋਵਵਾਦੀਆਂ ਵਲੋਂ ਆਪਣੀਆਂ ਗਲਤੀਆਂ ਵਿਚੋਂ ਇਕ ਨੂੰ ਦੁਹਰਾਉਣ ਦੀ ਸੰਭਾਵਨਾ ਉਤੇ ਪ੍ਰੋਲੇਤਾਰੀ ਪਾਰਟੀ ਦੇ ਦਾਅਪੇਚ ਉਸਾਰੀਏ!

ਆਓ, ਅਸੀਂ ਉਹ ਕੁਝ ਭੁਲ ਜਾਈਏ ਜੋ ਬਾਲਸ਼ਵਿਕਾਂ ਵਲੋਂ ਹਜ਼ਾਰਾਂ ਵਾਰ ਪਰਗਟ ਕੀਤਾ ਗਿਆ ਸੀ ਤੇ ਕੀਤਾ ਜਾ ਰਿਹਾ ਹੈ, ਉਹ ਸਭ ਭੁਲ ਜਾਈਏ ਜੋ ਸਾਡੇ ਇਨਕਲਾਬ ਦੇ ਛੇਆਂ ਮਹੀਨਿਆਂ ਦੇ ਇਤਿਹਾਸ ਨੇ ਸਿੱਧ ਕਰ ਦਿਤਾ ਹੈ ਕਿ ਬਚਣ ਦਾ ਹੋਰ ਰਾਹ ਨਹੀਂ ਹੈ, ਕਿ ਬਚਣ ਦਾ ਕੋਈ ਬਾਹਰਮੁਖੀ ਰਾਹ ਨਹੀਂ ਹੈ ਅਤੇ ਕੋਰਨੀਲੋਵਵਾਦੀਆਂ ਦੀ ਡਿਕਟੇਟਰਸ਼ਿਪ ਤੋਂ ਬਿਨਾਂ ਜਾਂ ਪਰੋਲੇਤਾਰੀਆਂ ਦੀ ਡਿਕਟੇਟਰਸ਼ਿਪ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੋ ਸਕਦਾ। ਆਓ, ਅਸੀਂ ਇਸ ਨੂੰ ਭੁਲ ਜਾਈਏ, ਆਓ ਸਾਨੂੰ ਇਹ ਸਭ ਕੁਝ ਤਿਆਗ ਦੇਣਾ ਚਾਹੀਦਾ ਹੈ ਤੇ ਉਡੀਕ ਕਰਨੀ ਚਾਹੀਦੀ ਹੈ। ਉਡੀਕ ਕਿਸ ਲਈ ? ਕਿਸੇ ਚਮਤਕਾਰ ਲਈ ਉਡੀਕ, ਅਪਰੈਲ 20 ਤੋਂ 29 ਅਗਸਤ ਤਕ ਦੀਆਂ ਉਪੱਦਰਵੀ ਤੇ ਤਬਾਹਕੁਨ ਘਟਨਾਵਾਂ ਦੇ ਅਮਲ ਦੀ (ਜੰਗ ਦੀ ਲਮਕਾਈ ਤੇ ਕਾਲ ਦੇ ਫੈਲਣ ਕਾਰਨ) ਸੰਵਿਧਾਨ ਅਸੈਂਬਲੀ ਦੇ ਸ਼ਾਂਤਮਈ, ਸਰਲ ਤੇ ਕਾਨੂੰਨੀ ਬੁਲਾਏ ਜਾਣ ਨੂੰ ਅਤੇ ਅਤਿ ਕਾਨੂੰਨੀ ਫੈਸਲਿਆਂ ਦੀ ਪੂਰਤੀ ਨੂੰ ਦੇ ਦੇਣ ਦੀ ਉਡੀਕ। ਇਹ ਹਨ ਤੁਹਾਡੇ ਲਈ "ਮਾਰਕਸਵਾਦੀ" ਦਾਅ ਪੇਚ ! ਤੁਸੀਂ ਭੁੱਖਿਓ, ਉਡੀਕ ਕਰੋ। ਕੇਰੇਂ-ਨਸਕੀ ਨੇ ਸੰਵਿਧਾਨ ਅਸੈਂਬਲੀ ਬੁਲਾਉਣ ਦਾ ਇਕਰਾਰ ਕੀਤਾ ਹੈ।

"ਕੌਮਾਂਤਰੀ ਸਥਿਤੀ ਵਿਚ ਕੋਈ ਵੀ ਅਜਿਹੀ ਗੱਲ ਨਹੀਂ ਜੋ ਇਹ ਲਾਜ਼ਮੀ ਬਣਾਉਂਦੀ ਹੈ ਕਿ ਅਸੀਂ ਤੁਰੰਤ ਕਾਰਵਾਈ ਕਰੀਏ, ਅਸੀਂ ਪੱਛਮ ਵਿਚ ਇਕ ਸੋਸ਼ਲਿਸਟ ਇਨਕਲਾਬ ਦੇ ਕਾਜ਼ ਨੂੰ ਨੁਕਸਾਨ ਪਹੁੰਚਾ ਰਹੇ ਹੋਵਾਂਗੇ ਜੇ ਅਸੀਂ ਆਪਣੇ ਆਪ ਨੂੰ ਗੋਲੀਆਂ ਨਾਲ ਉਡਾਏ ਜਾਣ ਦੀ ਆਗਿਆ ਦਿਤੀ...।"

ਇਹ ਦਲੀਲ ਸਹੀ ਤੌਰ ਤੇ ਸ਼ਾਨਦਾਰ ਹੈ : "ਆਪਣੇ ਆਪ" ਸ਼ੀਦੇਮਾਨ, "ਆਪਣੇ ਆਪ" ਰੀਨਾਡੇਲ ਕੌਮਾਂਤਰੀ ਸੋਸ਼ਲਿਸਟ-ਇਨਕਲਾਬ ਲਈ ਮਜ਼ਦੂਰਾਂ ਦੀਆ ਹਮਦਰਦੀਆਂ ਨੂੰ ਇਤਨੀ ਵਧੇਰੇ ਹੁਸ਼ਿਆਰੀ ਨਾਲ ਆਪਣੇ ਹਿਤਾ ਵਿਚ ਵਰਤਣ ਦੇ ਯੋਗ ਨਹੀਂ ਸਨ ਹੋ ਸਕਦੇ।

ਰਤਾ ਇਸ ਬਾਰੇ ਸੋਚੋ : ਬਹੁਤ ਹੀ ਔਖੀਆਂ ਹਾਲਤਾ ਵਿਚ, ਕੇਵਲ **ਇਕ** ਲਿਬਕਨੇਖ਼ਤ (ਅਤੇ ਉਹ ਕੈਦ ਵਿਚ ਹੈ) ਨੇ, ਜਿਸ **ਕੋਲ** ਕੋਈ ਅਖ਼ਬਾਰ ਨਹੀਂ ਸੀ, ਇਕੱਠੇ ਹੋਣ ਦੀ ਆਜ਼ਾਦੀ ਨਹੀਂ ਸੀ, ਕੋਈ ਸੋਵੀਅਤਾਂ ਨਹੀਂ ਸਨ, ਵਸੋਂ ਦੀਆਂ ਸਾਰੀਆਂ ਜਮਾਤਾਂ ਸਨ, ਜਿਨ੍ਹਾਂ ਵਿਚ ਬਹੁਤ ਹੀ ਰੱਜੇ ਪੁੱਜੇ ਕਿਸਾਨ, ਜੋ ਕੌਮਾਂਤਰੀਵਾਦ ਦੇ ਵਿਚਾਰ ਦੇ ਵੱਡੇ ਦੁਸ਼ਮਣ ਸਨ, ਸਾਮਰਾਜੀ, ਵੱਡੀ, ਦਰਮਿਆਨੀ ਤੇ ਨਿੱਕ-ਬੁਰਜੁਆਜ਼ੀ ਸ਼ਾਮਲ ਸੀ, ਜਰਮਨਾਂ ਨੂੰ, ਭਾਵ ਜਰਮਨ ਇਨਕਲਾਬੀ ਕੌਮਾਂਤਰੀਵਾਦੀਆਂ ਨੂੰ, ਜਹਾਜ਼ੀਆਂ ਦੀਆਂ ਜੈਕਟਾ ਪਾਈਂ ਜਰਮਨ ਮਜ਼ਦੂਰਾਂ ਨੂੰ ਸ਼ਾਨਦਾਰ ਢੰਗ ਨਾਲ ਜਥੇਬੰਦ ਕੀਤਾ, ਜਲ-ਸੈਨਾ ਵਿਚ ਉਦੋਂ ਬਗ਼ਾਵਤ ਅਰੰਭ ਕੀਤੀ ਜਦੋਂ ਜਿਤਣ ਦਾ ਸੌ ਵਿਚੋਂ ਇਕ ਮੌਕਾ ਸੀ।

ਪਰ ਸਾਨੂੰ ਜਦੋਂ ਸਾਡੇ ਕੋਲ ਸੈਂਕੜੇ ਅਖ਼ਬਾਰ ਹਨ, ਇਕੱਠੇ ਹੋਣ ਦੀ ਆਜ਼ਾਦੀ ਹੈ, ਸੋਵੀਅਤਾਂ ਵਿਚ **ਬਹੁ-ਗਿਣਤੀ** ਹੈ, ਸਾਨੂੰ ਜੋ ਸੰਸਾਰ ਵਿਚ ਵਧੀਆ ਪਰੋਲੇਤਾਰੀ ਕੌਮਾਂਤਰੀਵਾਦੀ ਹਾਂ, ਆਪਣੀ ਬਗ਼ਾਵਤ ਰਾਹੀਂ ਜਰਮਨ ਇਨਕਲਾਬੀਆਂ ਦੀ ਹਮਾਇਤ ਕਰਨ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ। ਸਾਨੂੰ ਸ਼ੀਦੇਮਾਨਾਂ ਤੇ ਰੀਨਾਡੇਲਾਂ ਵਾਂਗ ਇਹ ਦਲੀਲ ਦੇਣੀ ਚਾਹੀਦੀ ਹੈ, ਕਿ ਬਗ਼ਾਵਤ ਨਾ ਕਰਨਾ ਅਤਿ ਦੀ ਸਿਆਣਪ ਹੈ, ਕਿਉਂ ਜੋ ਜੇ ਸਾਨੂੰ ਗੋਲੀ ਮਾਰ ਦਿਤੀ ਗਈ

ਤਾਂ ਸੰਸਾਰ ਇਤਨੇ ਸ਼ਾਨਦਾਰ, ਸੂਝਵਾਨ ਆਦਰਸ਼ਕ ਕੌਮਾਂਤਰੀਵਾਦੀ ਗਵਾ ਬੈਠੇਗਾ !

ਆਓ, ਅਸੀਂ ਸਿੱਧ ਕਰੀਏ ਅਸੀਂ ਕਿਤਨੇ ਸੂਝਵਾਨ ਹਾਂ । ਸਾਨੂੰ ਜਰਮਨ ਬਗ਼ਾਵਤ-ਵਾਦੀਆਂ ਨਾਲ ਹਮਦਰਦੀ ਦਾ ਮਤਾ ਪਾਸ ਕਰਨਾ ਚਾਹੀਦਾ ਹੈ, **ਅਤੇ ਸਾਨੂੰ ਰੂਸ ਵਿਚ ਬਗ਼ਾਵਤ** ਦੀ ਨਿਖੇਧੀ ਕਰਨੀ ਚਾਹੀਦੀ ਹੈ। ਇਹ ਅਸਲੀ, ਸੂਝਵਾਨ ਕੌਮਾਂਤਰੀਵਾਦ ਹੋਵੇਗਾ। ਧਿਆਨ ਕਰੋ ਸ਼ਬਦ ਕੌਮਾਂਤਰੀਵਾਦ ਕਿਤਨੀ ਤੇਜ਼ੀ ਨਾਲ ਟਹਿਕੇਗਾ ਜੇ ਇਥੇ ਸਿਆਣੀ ਨੀਤੀ ਦੀ **ਹਰ ਥਾਂ ਤੇ** ਜਿੱਤ ਹੋਣੀ ਹੈ !

ਜੰਗ ਨੇ ਸਾਰੇ ਦੇਸ਼ਾਂ ਦੇ ਮਜ਼ਦੂਰਾਂ ਨੂੰ ਅੰਤਾਂ ਦਾ ਥਕਾ ਦਿਤਾ ਹੈ ਤੇ ਦੁਖੀ ਬਣਾ ਦਿਤਾ ਹੈ। ਇਟਲੀ, ਜਰਮਨੀ ਤੇ ਆਸਟਰੀਆ ਵਿਚ ਭੜਕਾਹਟਾਂ ਆਮ ਹੁੰਦੀਆਂ ਜਾ ਰਹੀਆਂ ਹਨ। **ਕੇਵਲ** ਸਾਡੇ ਕੋਲ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆਂ ਸੋਵੀਅਤਾਂ ਹਨ। ਫਿਰ ਸਾਨੂੰ **ਉਡੀਕ ਕਰਨੀ ਜਾਰੀ ਰਖਣੀ ਚਾਹੀਦੀ ਹੈ।** ਸਾਨੂੰ ਜਰਮਨ ਕੌਮਾਂਤਰੀਵਾਦੀਆਂ ਨਾਲ ਗ਼ੱਦਾਰੀ ਕਰਨੀ ਚਾਹੀਦੀ ਹੈ ਜਿਵੇਂ ਅਸੀਂ ਰੂਸੀ ਕਿਸਾਨਾ ਨਾਲ ਗ਼ੱਦਾਰੀ ਕਰ ਰਹੇ ਹਾਂ, ਜਿਹੜੇ ਕਹਿਣੀ ਰਾਹੀਂ ਨਹੀਂ ਕਥਨੀ ਰਾਹੀਂ, ਜਗੀਰਦਾਰਾਂ ਵਿਰੁਧ ਆਪਣੀ ਬਗ਼ਾਵਤ ਰਾਹੀਂ ਸਾਨੂੰ ਕੇਰੇਨਸਕੀ ਸਰਕਾਰ ਦੇ ਵਿਰੁਧ ਉਠਣ ਦੀ ਅਪੀਲ ਕਰਦੇ ਹਨ...।

ਸਾਰੇ ਦੇਸਾਂ ਦੇ ਸਰਮਾਏਦਾਰਾ ਦੀ, ਜੋ ਰੂਸੀ ਇਨਕਲਾਬ ਦੀ ਸੰਘੀ ਘੁੱਟਣ ਲਈ ਤਿਆਰ ਹਨ, ਸਾਮਰਾਜੀ ਸਾਜ਼ਸ਼ ਦੇ ਬੱਦਲ ਇਕੱਠੇ ਹੋਣ ਦਿਓ—ਅਸੀਂ ਸਬਰ ਨਾਲ ਉਦੋਂ ਤਕ ਉਡੀਕ ਕਰਾਂਗੇ ਜਦੋਂ ਤਕ **ਰੂਬਲ ਰਾਹੀਂ** ਸਾਡੀ ਸੰਘੀ ਨਹੀਂ ਘੁੱਟੀ ਜਾਂਦੀ ! ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀਆ ਸੋਵੀਅਤਾਂ ਦੀ ਇਕ ਫਤਹਿ ਰਾਹੀਂ ਸਾਜ਼ਸ਼ੀਆ ਉੱਤੇ ਹਮਲਾ ਕਰਨ ਤੇ ਉਹਨਾਂ ਦੀਆਂ ਸਫਾਂ ਨੂੰ ਤੋੜਨ ਦੀ ਬਜਾਏ ਸਾਨੂੰ ਸੰਵਿਧਾਨ ਅਸੰਬਲੀ ਦੀ ਉਡੀਕ ਕਰਨੀ ਚਾਹੀਦੀ ਹੈ, ਜਿਥੇ ਸਾਰੀਆਂ ਕੌਮਾਂਤਰੀ ਸਾਜ਼ਸ਼ਾਂ ਵੋਟਾਂ ਰਾਹੀਂ ਹਾਰ ਜਾਣਗੀਆਂ, ਪਰ ਤਾਂ ਜੇ ਕੇਰੇਨਸਕੀ ਤੇ ਰੋਦਜ਼ਿਆਨਕੋ ਈਮਾਨਦਾਰੀ ਨਾਲ ਬੁਲਾਉਣ। ਕੀ ਸਾਨੂੰ ਕੇਰੇਨਸਕੀ ਤੇ ਰੋਦਜ਼ਿਆਨਕੋ ਦੀ ਈਮਾਨਦਾਰੀ ਉਤੇ ਸ਼ੱਕ ਕਰਨ ਦਾ ਅਧਿਕਾਰ ਹੈ ?

"ਪਰ ਹਰ ਕੋਈ ਸਾਡੇ ਵਿਰੁਧ ਹੈ ! ਅਸੀਂ ਨਿੱਖੜ ਗਏ ਹਾਂ ; ਕੇਂਦਰੀ ਕਾਰਜ-ਕਰਨੀ ਕਮੇਟੀ, ਮੇਨਸ਼ਵਿਕ ਕੌਮਾਂਤਰੀਵਾਦੀਏ, ਨੋਵਾਇਆ ਜ਼ੀਜ਼ਨ ਵਾਲੇ ਲੋਕ, ਅਤੇ ਖੱਬੇ-ਸੋਸ਼ਲਿਸ਼ਟ ਇਨਕਲਾਬੀਏ ਸਾਡੇ ਵਿਰੁਧ ਅਪੀਲਾਂ ਕਰ ਰਹੇ ਹਨ ਤੇ ਕਰਨਾ ਜਾਰੀ ਰਖਣਗੇ ।"

ਬੜੀ ਜ਼ੋਰਦਾਰ ਦਲੀਲ। ਹੁਣ ਤਕ ਅਸੀਂ ਡਗਮਗਾਉਣ ਵਾਲਿਆਂ ਦੀਆਂ ਜਕੋ-ਤੱਕੀਆਂ ਦੀ ਕਰੜੀ ਝਾੜਝੰਬ ਕਰਦੇ ਰਹੇ ਹਾਂ। ਪਰ ਇੰਜ ਕਰ ਕੇ ਅਸੀਂ ਲੋਕਾਂ ਦੀਆਂ ਹਮਦਰਦੀਆਂ ਜਿੱਤ ਲਈਆਂ ਹਨ। ਇੰਜ ਕਰ ਕੇ ਅਸਾਂ ਸੋਵੀਅਤਾਂ ਨੂੰ ਆਪਣੇ ਪੱਖ ਵਿਚ ਕਰ ਲਿਆ ਹੈ, ਜਿਨ੍ਹਾਂ ਤੋਂ ਬਿਨਾਂ ਬਗ਼ਾਵਤ ਸੁਰੱਖਿਅਤ, ਤੇਜ਼ ਤੇ ਯਕੀਨੀ ਨਹੀਂ ਸੀ ਹੋ ਸਕਦੀ। ਹੁਣ ਸਾਨੂੰ ਉਹਨਾਂ ਸੋਵੀਅਤਾਂ ਨੂੰ, ਜਿਨ੍ਹਾਂ ਨੂੰ ਅਸਾਂ ਆਪਣੇ ਪੱਖ ਵਿਚ ਕਰ ਲਿਆ ਹੈ, **ਡਗਮਗਾਉਣ ਵਾਲਿਆਂ ਦੇ ਕੈਂਪ ਵਿਚ ਜਾਣ ਲਈ** ਵਰਤਣਾ ਚਾਹੀਦਾ ਹੈ। ਬਾਲਸ਼ਵਿਜ਼ਮ ਲਈ ਕਿਤਨਾ ਸ਼ਾਨਦਾਰ ਕੈਰੀਅਰ ਹੈ ! ਲੀਬੇਰਦਾਨਾਂ ਤੇ ਚੇਰਨੋਵਾਂ ਦੀ ਅਤੇ ਖੱਬੇ ਸੋਸ਼ਲਿਸਟ-ਇਨਕਲਾਬੀਆਂ ਤੇ ਮੇਨਸ਼ਵਿਕਾਂ ਦੀ ਨੀਤੀ ਦਾ ਸਮੁੱਚਾ ਤੱਤ **ਜਕੋ-ਤੱਕੀਆਂ** ਵਿਚ ਸਥਿਤ ਹੈ। ਖੱਬੇ ਸੋਸ਼ਲਿਸਟ-ਇਨਕਲਾਬੀਆਂ ਤੇ ਮੇਨਸ਼ਵਿਕ ਕੌਮਾਂਤਰੀਵਾਦੀਆਂ ਦੀ ਇਕ ਤੱਥ ਦੇ ਸੂਚਕ ਵਜੋਂ ਅਥਾਹ

ਭਾਰੀ ਰਾਜਨੀਤਕ ਮਹੱਤਤਾ ਹੈ ਕਿ **ਜਨਸਮੂਹ ਖੱਬੇ ਪਾਸੇ ਵਲ ਸਰਕ ਰਹੇ ਹਨ।** ਦੋ ਅਜਿਹੇ ਤੱਥ, ਜਿਵੇਂ ਇਕ 40 ਫੀਸਦੀ ਮੈਨਸ਼ਵਿਕਾਂ ਤੇ ਸੋਸ਼ਲਿਸਟ-ਇਨਕਲਾਬੀਆਂ ਦਾ ਖੱਬੇ ਧੜੇ ਦੇ ਕੈਂਪ ਵਿਚ ਚਲਿਆ ਜਾਣਾ, ਅਤੇ ਦੂਜੇ ਪਾਸੇ, ਕਿਸਾਨਾਂ ਦੀ ਬਗ਼ਾਵਤ ਸਪਸ਼ਟ ਤੇ ਪਰਤੱਖ ਤੌਰ ਤੇ ਅੰਤਰ-ਸਬੰਧਤ ਹਨ।

ਪਰ ਇਸ ਸਬੰਧ ਦਾ ਲੱਛਣ, ਜੋ ਉਹਨਾਂ ਦੀ ਅਥਾਹ ਨਿਰਬਲਤਾ ਨੂੰ ਨੰਗਾ ਕਰਦਾ ਹੈ ਜਿਨ੍ਹਾਂ ਨੇ ਇਸ ਤੱਥ ਉਤੇ ਗੀਂ ਗੀਂ ਕਰਨਾ ਅਰੰਭ ਕੀਤਾ ਹੋਇਆ ਹੈ ਕਿ ਕੇਂਦਰੀ ਕਾਰਜ-ਕਰਨੀ ਕਮੇਟੀ, ਜੋ ਗਲ ਸੜ ਗਈ ਹੈ, ਜਾਂ ਡਾਂਵਾਡੋਲ ਖੱਬੇ ਸੋਸ਼ਲਿਸਟ-ਇਨਕਲਾਬੀ ਤੇ ਕੰਪਨੀ, ਸਾਡੇ ਵਿਰੁਧ ਆਕੜੇ ਹੋਏ ਹਨ। ਨਿੱਕ-ਬੁਰਜੂਆ ਆਗੂਆਂ—ਮਾਰਤੋਵਾਂ, ਕਾਮਕੋਵਾਂ, ਸੁਖਾਨੋਵਾਂ ਤੇ ਕੰਪਨੀ—ਦੀਆਂ ਇਹਨਾਂ ਜਕੋ-ਤੱਕੀਆਂ ਦਾ ਕਿਸਾਨਾਂ ਦੀ ਬਗ਼ਾਵਤ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਇਹ ਹੈ **ਯਥਾਰਥਕ** ਰਾਜਨੀਤਕ ਮੁਕਾਬਲਾ। ਸਾਨੂੰ ਕਿਸ ਪਾਸੇ ਜਾਣਾ ਚਾਹੀਦਾ ਹੈ? ਕੀ ਸਾਨੂੰ ਪੀਤਰੋਗਰਾਦ ਦੇ ਮੁੱਠੀ ਭਰ ਡਾਵਾਂਡੋਲ ਆਗੂਆਂ ਵਲ, ਪਰ ਜਿਨ੍ਹਾਂ ਨੇ ਹਰ ਰਾਜਨੀਤਕ ਮੋੜ ਤੇ ਬੇਸ਼ਰਮੀ ਨਾਲ ਹੀਂ ਹੀਂ ਕੀਤੀ ਹੈ, ਜਕੋ-ਤੱਕੀ ਵਿਖਾਈ ਹੈ, ਲੀਬੇਰਦਾਨਾਂ, ਅਵਕਸੇਤੀਯੇਵਾ ਤੇ ਕੰਪਨੀ ਨੂੰ ਮੁਆਫ ਕਰਨ ਲਈ ਆਖਿਆ ਜਾਣਾ ਚਾਹੀਦਾ ਹੈ, ਜਾਂ **ਉਹਨਾਂ ਜਨਸਮੂਹਾਂ ਵਲ ਜਾਣਾ ਚਾਹੀਦਾ ਹੈ ਜੋ ਖੱਬੇ ਪਾਸੇ ਵਲ ਚਲੇ ਗਏ ਹਨ**?

ਇਸ ਤਰ੍ਹਾਂ, ਕੇਵਲ ਇਸੇ ਤਰ੍ਹਾਂ, ਸੁਆਲ ਪੇਸ਼ ਕੀਤਾ ਜਾ ਸਕਦਾ ਹੈ।

ਕਿਉਂ ਜੋ ਕਿਸਾਨਾਂ ਦੀ ਬਗ਼ਾਵਤ ਨਾਲ ਮਾਰਤੋਵਾ, ਕਾਮਕੋਵਾਂ ਤੇ ਸੁਖਾਨੋਵਾਂ ਤੇ ਕੰਪਨੀ ਨੇ ਗ਼ੱਦਾਰੀ ਕੀਤੀ ਹੈ, ਸਾਨੂੰ ਇਨਕਲਾਬੀ ਕੌਮਾਂਤਰੀਵਾਦੀਆਂ ਦੀ ਮਜ਼ਦੂਰ ਪਾਰਟੀ ਨੂੰ ਵੀ ਗ਼ੱਦਾਰੀ ਕਰਨ ਲਈ ਆਖਿਆ ਜਾਂਦਾ ਹੈ। ਖੱਬੇ ਸੋਸ਼ਲਿਸਟ-ਇਨਕਲਾਬੀਆਂ ਤੇ ਮੈਨਸ਼ਵਿਕ ਕੌਮਾਂਤਰੀਵਾਦੀਆਂ ਨੂੰ ਦੂਸ਼ਣ ਲਾਉਣ ਦੀ ਨੀਤੀ ਆਪਣੇ ਆਪ ਨੂੰ ਇਥੋਂ ਤਕ ਨੀਵਾਂ ਲੈ ਜਾਂਦੀ ਹੈ।

ਪਰ ਅਸਾਂ ਆਖਿਆ ਹੈ ਕਿ ਡਗਮਗਾਉਂਦਿਆਂ ਦੀ ਮੱਦਦ ਕਰਨ ਲਈ, ਸਾਨੂੰ ਆਪ ਡਗਮਗਾਉਣਾ ਬੰਦ ਕਰਨਾ ਚਾਹੀਦਾ ਹੈ। ਕੀ ਉਹ "ਸੁੰਦਰ" ਖੱਬੇ ਨਿੱਕ-ਬੁਰਜੂਆ ਡੈਮੋਕਰੇਟ ਕੁਲੀਸ਼ਨ ਦੇ ਪੱਖ ਵਿਚ ਨਹੀਂ ਸਨ ਡੋਲੇ? ਪਰ ਲੰਮੇ ਸਮੇਂ ਮਗਰੋਂ ਅਸੀਂ ਉਹਨਾਂ ਨੂੰ ਆਪਣੇ ਮਗਰ ਲਾਉਣ ਵਿਚ ਸਫਲ ਹੋ ਗਏ ਕਿਉਂ ਜੋ ਅਸੀਂ ਆਪ ਨਹੀਂ ਸਾਂ ਡੋਲੇ। ਘਟਨਾਵਾਂ ਨੇ ਦਰਸਾਇਆ ਹੈ ਕਿ ਅਸੀਂ ਸਹੀ ਹਾਂ।

ਇਹਨਾ ਭੱਦਰ-ਪੁਰਸ਼ਾਂ ਨੇ ਆਪਣੀਆਂ ਜਕੋ-ਤੱਕੀਆਂ ਰਾਹੀਂ ਇਨਕਲਾਬ ਨੂੰ ਹਮੇਸ਼ਾ ਪਿਛਾਂਹ ਰਖਿਆ ਹੈ। ਕੇਵਲ ਅਸਾਂ ਹੀ ਇਸ ਨੂੰ ਬਚਾਇਆ ਹੈ। ਕੀ ਅਸੀਂ ਹੁਣ ਇਸ ਨੂੰ ਬਚਾਉਣਾ ਛੱਡ ਦੇਈਏ, ਜਦੋਂ ਕਾਲ ਪੀਤਰੋਗਰਾਦ ਦੇ ਬੂਹਿਆਂ ਨੂੰ ਠਕੋਰ ਰਿਹਾ ਹੈ ਅਤੇ ਰੋਦਜ਼ਿਆਨਕੋ ਤੇ ਕੰਪਨੀ ਸ਼ਹਿਰ ਨੂੰ ਹਵਾਲੇ ਕਰਨ ਦੀ ਤਿਆਰੀ ਕਰ ਰਹੀ ਹੈ?

"ਪਰ, ਰੇਲਵਾਈਆਂ ਤੇ ਡਾਕ ਦੇ ਮੁਲਾਜ਼ਮਾਂ ਨਾਲ ਵੀ ਸਾਡੇ ਮਜ਼ਬੂਤ ਸਬੰਧ ਨਹੀਂ ਹਨ। ਉਹਨਾਂ ਦੇ ਸਰਕਾਰੀ ਪ੍ਰਤੀਨਿਧ ਪਲੈਨਸਨਜ਼ ਹਨ। ਅਤੇ ਅਸੀਂ ਕੀ ਡਾਕ ਘਰ ਤੇ ਰੇਲਵੇ ਤੋਂ ਬਿਨਾਂ ਜਿੱਤ ਸਕਦੇ ਹਾਂ?"

ਹਾਂ, ਹਾਂ ਪਲੈਨਸਨਜ਼ ਇਥੇ ਹਨ, ਲੀਬੇਰਦਾਨ ਉਥੇ ਹਨ। **ਜਨਸਮੂਹਾਂ** ਨੇ ਉਹਨਾਂ ਵਿਚ

ਕਿਹੋ ਜਿਹਾ ਵਿਸ਼ਵਾਸ ਦਿਖਾਇਆ ਹੈ ? ਕੀ ਅਸਾਂ ਹਮੇਸ਼ਾ ਇਹ ਨਹੀਂ ਦਰਸਾਇਆ ਕਿ ਉਹਨਾਂ ਆਗੂਆਂ ਨੇ **ਜਨਸਮੂਹ** ਨਾਲ ਗ਼ੱਦਾਰੀ ਕੀਤੀ ਹੈ ? ਕੀ ਜਨਸਮੂਹ ਉਹਨਾਂ ਆਗੂਆਂ ਤੋਂ ਮੂੰਹ ਫੇਰ ਕੇ ਸਾਡੇ ਨਾਲ ਨਹੀਂ ਆਏ, ਮਾਸਕੋ ਵਿਚ ਚੋਣਾਂ ਤੇ ਸੋਵੀਅਤਾਂ ਦੀਆਂ ਚੋਣਾਂ ਦੋਹਾਂ ਸਮਿਆਂ ਤੇ ? ਜਾਂ ਸ਼ਾਇਦ ਰੇਲਵੇ ਤੇ ਡਾਕ ਦੇ ਮੁਲਾਜ਼ਮਾਂ ਦਾ ਸਮੂਹ ਭੁੱਖਾ ਨਹੀਂ ਮਰ ਰਿਹਾ ! ਜਾਂ ਉਹ ਕੇਰੇਨਸਕੀ ਤੇ ਕੰਪਨੀ ਵਿਰੁੱਧ ਹੜਤਾਲ ਨਹੀਂ ਕਰਦੇ ?

"ਕੀ ਸਾਡਾ 28 ਫਰਵਰੀ ਤੋਂ ਪਹਿਲਾਂ ਇਹਨਾਂ ਬੁੱਧੀਮਾਨਾਂ ਨਾਲ ਸਬੰਧ ਸੀ ?" ਇਕ ਕਾਮਰੇਡ ਨੇ ਇਕ ਨਿਰਾਸ਼ਵਾਦੀ ਤੋਂ ਪੁਛਿਆ। ਮਗਰਲੇ ਨੇ ਇਹ ਜੁਆਬ ਦਿੱਤਾ ਕਿ ਦੋਹਾਂ ਇਨਕਲਾਬਾਂ ਦਾ ਟਾਕਰਾ ਨਹੀਂ ਕੀਤਾ ਜਾ ਸਕਦਾ। ਪਰ ਇਹ ਜੁਆਬ ਉਸ ਦੀ ਪੁਜ਼ੀਸ਼ਨ ਨੂੰ ਮਜ਼ਬੂਤ ਬਣਾਉਂਦਾ ਹੈ ਜਿਸ ਨੇ ਇਹ ਸੁਆਲ ਪੁਛਿਆ ਸੀ ਕਿਉਂ ਜੋ ਇਹ ਬਾਲਸ਼ਵਿਕ ਹੀ ਹਨ ਜਿਨ੍ਹਾਂ ਨੇ ਹਜ਼ਾਰਾਂ ਵਾਰ **ਬੁਰਜ਼ੁਆਜ਼ੀ ਦੇ ਵਿਰੁੱਧ** ਪਰੋਲੇਤਾਰੀ ਇਨਕਲਾਬ ਲਈ ਲੰਮੀ ਤਿਆਰੀ ਬਾਰੇ ਗੱਲ ਕੀਤੀ ਹੈ, (ਅਤੇ ਉਹਨਾਂ ਨੇ ਇਸ ਬਾਰੇ ਨਹੀਂ ਸੀ ਬੋਲਿਆ ਕਿ ਇਹਨਾਂ ਸ਼ਬਦਾਂ ਨੂੰ ਭੁਲਾ ਦਿੱਤਾ ਜਾਵੇ ਜਦੋਂ ਨਿਰਣਾਇਕ ਘੜੀ ਬਿਲਕੁਲ ਸਾਹਮਣੇ ਹੈ)। ਡਾਕ ਤੇ ਤਾਰ ਮੁਲਾਜ਼ਮਾਂ ਤੇ ਰੇਲਵਾਈਆਂ ਦੀਆਂ ਯੂਨੀਅਨਾਂ ਦਾ ਰਾਜਸੀ ਤੇ ਆਰਥਕ ਜੀਵਨ ਲੱਛਣ ਨਿੱਕ-ਬੁਰਜੁਆਜ਼ੀ ਤੇ ਬੁਰਜੂਆ ਉਪਰਲੀ ਪਰਤ ਤੋਂ ਜਨਸਮੂਹਾਂ ਦੇ ਪਰੋਲਤਾਰੀ ਅੰਸ਼ਾਂ ਦੇ ਵੱਖ ਹੋਣ ਤੋਂ ਹੀ ਲੱਛਣਾਇਆ ਗਿਆ ਹੈ। ਇਹ ਜ਼ਰੂਰੀ ਨਹੀਂ ਹੈ ਕਿ ਇਕ ਜਾਂ ਦੂਜੀ ਯੂਨੀਅਨ ਨਾਲ ਪਹਿਲਾਂ ਹੀ ਸਬੰਧ ਜੋੜੇ ਜਾਣ। ਮਹੱਤਵਪੂਰਨ ਗੱਲ ਇਹ ਹੈ ਕਿ ਪ੍ਰੋਲਤਾਰੀ ਤੇ ਕਿਸਾਨ ਬਗ਼ਾਵਤ ਦੀ ਕੇਵਲ ਜਿੱਤ ਹੀ ਰੇਲਵਾਈਆਂ ਦੀ ਤੇ ਡਾਕ ਤੇ ਤਾਰ ਮੁਲਾਜ਼ਮਾਂ ਦੀ ਸੈਨਾ ਦੇ ਜਨਸਮੂਹਾਂ ਨੂੰ ਸੰਤੁਸ਼ਟ ਕਰ ਸਕਦੀ ਹੈ।

"ਪੀਤਰੋਗਰਾਦ ਵਿਚ ਕੇਵਲ ਦੋ ਜਾਂ ਤਿੰਨਾਂ ਦਿਨਾਂ ਲਈ ਹੀ ਰੋਟੀ ਹੈ। ਕੀ ਅਸੀਂ ਬਾਗ਼ੀਆਂ ਨੂੰ ਰੋਟੀ ਦੇ ਸਕਦੇ ਹਾਂ ?"

ਇਹ ਹਜ਼ਾਰ ਸ਼ੱਕੀ ਟਿੱਪਣੀਆਂ ਵਿਚੋਂ ਇਕ ਹੈ (ਸ਼ੱਕੀ ਸਦਾ "ਸ਼ੱਕ" ਕਰ ਸਕਦੇ ਹਨ ਅਤੇ ਤਜਰਬੇ ਤੋਂ ਬਿਨਾਂ ਇਹਨਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ), ਉਹਨਾਂ ਟਿੱਪਣੀਆਂ ਵਿਚੋਂ ਜੋ ਇਲਜ਼ਾਮ ਗਲਤ ਮੋਢਿਆਂ ਉਤੇ ਸੁੱਟਦੇ ਹਨ, ਇਕ ਹੈ।

ਇਹ ਰੋਦਜ਼ਿਆਨਕੋ ਤੇ ਕੰਪਨੀ ਹੈ, ਇਹ ਬੁਰਜੁਆਜ਼ੀ ਹੈ ਜੋ ਕਾਲ ਤਿਆਰ ਕਰ ਰਹੀ ਹੈ ਅਤੇ ਕਾਲ ਰਾਹੀਂ ਇਨਕਲਾਬ ਦੀ ਸੰਘੀ ਘੁਟਣ ਉਤੇ ਆਸਾਂ ਲਾਈ ਬੈਠੀ ਹੈ। **ਕਾਲ ਤੋਂ ਕੋਈ ਬਚਾਅ ਨਹੀਂ ਹੈ** ਅਤੇ ਪਿੰਡਾਂ ਵਿਚ ਜਗੀਰਦਾਰਾਂ ਵਿਰੁੱਧ ਕਿਸਾਨਾਂ ਦੀ ਇਕ **ਬਗ਼ਾਵਤ** ਰਾਹੀਂ **ਅਤੇ ਸ਼ਹਿਰਾਂ ਵਿਚ** ਤੇ ਪੀਤਰੋਗਰਾਦ ਤੇ ਮਾਸਕੋ ਵਿਚ ਸਰਮਾਏਦਾਰਾਂ **ਉਤੇ ਮਜ਼ਦੂਰਾਂ ਦੀ ਜਿੱਤ** ਰਾਹੀਂ ਬਚਣ ਤੋਂ ਬਿਨਾ ਹੋਰ **ਕੋਈ ਵੀ ਰਾਹ ਨਹੀਂ ਹੋ ਸਕਦਾ**। ਅਮਰੀਕਾ ਤੋਂ ਅਨਾਜ ਲੈਣ ਦਾ, ਜਾਂ ਉਹਨਾ ਦੀ ਭੰਨ ਤੋੜ ਦੇ ਬਾਵਜੂਦ ਉਸ ਨੂੰ ਲਿਜਾਣ ਦਾ, ਜਾਂ ਭਰਿਸ਼ਟਾਚਾਰੀ ਮੁਲਾਜ਼ਮਾਂ ਤੇ ਸਰਮਾਏਦਾਰ ਮੁਨਾਫ਼ੇਖੋਰਾਂ ਦੀ ਮੁਜ਼ਾਹਮਤ ਨੂੰ ਤੋੜਨ ਦਾ, ਜਾਂ ਕਰੜਾ ਹਿਸਾਬ ਕਿਤਾਬ ਰੱਖਣ ਦਾ **ਹੋਰ ਕੋਈ ਰਾਹ ਨਹੀਂ** ਹੈ। ਸਪਲਾਈ ਜਥੇਬੰਦੀਆਂ ਦਾ ਅਤੇ "ਜਮਹੂਰੀਅਤ" ਦੀਆਂ ਖੁਰਾਕ-ਅੰਕੜਾਂ ਦਾ ਇਤਿਹਾਸ ਜੋ ਸਰਮਾਏਦਾਰਾਂ ਦੀ ਭੰਨ ਤੋੜ ਦੇ ਵਿਰੁੱਧ ਲੱਖਾਂ ਸ਼ਿਕਾਇਤਾਂ ਨਾਲ, ਇਸ ਦੀ ਰੀਂ ਰੀਂ ਤੇ ਤਰਲਿਆਂ ਨਾਲ ਭਰਿਆ ਹੋਇਆ ਹੈ," ਇਸ ਗੱਲ ਦਾ ਸਬੂਤ ਹੈ।

ਇਕ ਜੇਤੂ ਪ੍ਰੋਲਤਾਰੀ ਇਨਕਲਾਬ ਦੀ ਤਾਕਤ ਤੋਂ ਬਿਨਾਂ ਧਰਤੀ ਉਤੇ ਹੋਰ ਕੋਈ ਤਾਕਤ

ਨਹੀਂ ਜੋ ਸ਼ਿਕਾਇਤਾਂ ਤੇ ਮਿੰਨਤਾਂ ਤੇ ਹੰਝੂਆਂ ਤੋਂ ਅਗਾਂਹ ਲੰਘ ਕੇ **ਇਨਕਲਾਬੀ ਕਾਰਵਾਈ** ਤੱਕ ਪੁਜੇਗੀ। ਜਿਤਨੀ ਦੇਰ ਤੱਕ ਇਨਕਲਾਬ ਵਿਚ ਢਿੱਲ ਕੀਤੀ ਜਾਵੇਗੀ, ਜਿੰਨੀ ਦੇਰ ਇਸ ਨੂੰ ਘਟਨਾਵਾਂ ਰਾਹੀਂ ਜਾਂ ਡਾਵਾਂਡੋਲ ਤੇ ਉਲਝਾਉਣ ਵਾਲਿਆਂ ਦੀਆਂ ਜਕੋ-ਤੱਕੀਆਂ ਰਾਹੀਂ ਅਗਾਂਹ ਪਾਇਆ ਜਾਵੇਗਾ, ਬਹੁਤੇ ਇਸ ਦੇ ਸ਼ਿਕਾਰ ਹੋਣਗੇ ਅਤੇ ਅਨਾਜ ਦੀ ਆਵਾਜਾਈ ਤੇ ਵੰਡ ਨੂੰ ਜਥੇਬੰਦ ਕਰਨਾ ਵਧੇਰੇ ਔਖਾ ਹੋ ਜਾਵੇਗਾ।

"ਬਗ਼ਾਵਤ ਵਿਚ ਢਿੱਲ ਘਾਤਕ ਹੈ" ਇਹ ਸਾਡਾ ਉਹਨਾਂ ਲੋਕਾਂ ਨੂੰ ਉੱਤਰ ਹੈ, ਜੋ ਵਧ ਰਹੀ ਆਰਥਕ ਤਬਾਹੀ ਉਤੇ, ਨੇੜੇ ਆ ਰਹੇ ਕਾਲ ਉਤੇ ਨਜ਼ਰ ਮਾਰਨ ਦੀ ਗ਼ਮਗੀਨ "ਦਲੇਰੀ" ਰੱਖਦੇ ਹਨ ਅਤੇ ਅਜੇ ਵੀ ਮਜ਼ਦੂਰਾਂ ਨੂੰ ਬਗ਼ਾਵਤ ਤੋਂ ਕਰਾਹੇ ਪਾਂਦੇ ਹਨ (**ਭਾਵ ਉਹਨਾਂ ਨੂੰ ਉਡੀਕ ਕਰਨ ਲਈ ਅਤੇ ਬੁਰਜੂਆਜ਼ੀ ਵਿਚ ਹੋਰ ਸਮਾਂ ਵਿਸ਼ਵਾਸ ਰੱਖੀ ਰੱਖਣ ਲਈ ਪਰੇਰਦੇ ਹਨ**)।

"ਮੋਰਚੇ ਉਤੇ ਵੀ ਅਜੇ ਕਈ ਖਤਰਾ ਨਹੀਂ ਹੈ। ਇਥੋਂ ਤੱਕ ਕਿ ਜੇ ਸਿਪਾਹੀ ਆਪਣੇ ਆਪ ਇਕ ਜੰਗਬੰਦੀ ਦਾ ਫੈਸਲਾ ਕਰ ਲੈਣ, ਇਹ ਫਿਰ ਵੀ ਬਿਪਤਾ ਨਹੀਂ ਹੈ।"

ਪਰ ਸਿਪਾਹੀ ਇੰਜ ਜੰਗਬੰਦੀ ਨਹੀਂ ਕਰਨਗੇ। ਇਸ ਲਈ ਰਾਜਸੀ ਸੱਤਾ ਜ਼ਰੂਰੀ ਹੈ ਅਤੇ ਇਹ ਇਕ ਬਗ਼ਾਵਤ ਤੋਂ ਬਿਨਾਂ ਪਰਾਪਤ ਨਹੀਂ ਕੀਤੀ ਜਾ ਸਕਦੀ। ਸਿਪਾਹੀ ਕੇਵਲ **ਭਗੌੜੇ** ਹੋ ਜਾਣਗੇ। ਮੋਰਚੇ ਤੋਂ ਰੀਪੋਰਟਾਂ ਇਹ ਦੱਸਦੀਆਂ ਹਨ ਕਿ ਰੋਦਜ਼ਿਆਨਕੋ ਤੇ ਵਿਲਹੇਲਮ ਵਿਚਾਲੇ ਗੁਪਤ ਮੱਦਦ ਕਰਨ ਦੇ ਖਤਰੇ ਅਤੇ ਕਾਨੂੰਨ ਆਰਥਕ ਤਬਾਹੀ ਦੇ ਖਤਰੇ ਕਾਰਨ ਜਦੋਂ ਸਿਪਾਹੀ ਭਾਰੀ ਗਿਣਤੀ ਵਿਚ ਮੋਰਚਿਆਂ ਤੋਂ ਭੱਜ ਰਹੇ ਹਨ, ਇਕ ਵਾਰ ਜੇ ਉਹ ਨਿਰਾਸ਼ਾ ਵਿਚ ਡੁੱਬ ਜਾਂਦੇ ਹਨ ਤੇ ਹਰ ਸ਼ੈ ਹੋਣੀ ਉਤੇ ਛੱਡ ਦੇਂਦੇ ਹਨ, ਸਾਨੂੰ ਅਜਿਹੀ ਹਾਲਤ ਵਿਚ ਉਡੀਕ ਨਹੀਂ ਕਰਨੀ ਚਾਹੀਦੀ।

"ਪਰ ਜੇ ਅਸੀਂ ਸੱਤਾ ਹੱਥਾਂ ਵਿਚ ਲੈਂਦੇ ਹਾਂ, ਅਤੇ ਨਾ ਜੰਗਬੰਦੀ ਤੇ ਨਾ ਹੀ ਇਕ ਜਨਵਾਦੀ ਅਮਨ ਪਰਾਪਤ ਕਰਦੇ ਹਾਂ, ਹੋ ਸਕਦਾ ਹੈ ਸਿਪਾਹੀ ਇਕ ਇਨਕਲਾਬੀ ਜੰਗ ਲੜਨ ਲਈ ਰਾਜ਼ੀ ਨਾ ਹੋਣ। ਫਿਰ ਕੀ ਕੀਤਾ ਜਾਵੇ ?

ਇਹ ਇਕ ਅਜਿਹੀ ਦਲੀਲ ਹੈ ਜੋ ਇਹ ਕਥਨ ਚੇਤੇ ਕਰਾਉਂਦੀ ਹੈ : ਇਕ ਮੂਰਖ ਉਸ ਨਾਲੋਂ ਦਸ ਗੁਣਾਂ ਵਧ ਸੁਆਲ ਬੁਝ ਸਕਦਾ ਹੈ ਜਿੰਨੇ ਦਸ ਸਿਆਣੇ ਬੰਦੇ ਜੁਆਬ ਦੇ ਸਕਦੇ ਹਨ।

ਅਸਾਂ ਇਸ ਸਾਮਰਾਜੀ ਜੰਗ ਦੇ ਦੌਰਾਨ ਸੱਤਾ ਉਤੇ ਬਿਰਾਜਮਾਨ **ਲੋਕਾਂ** ਦੀਆਂ ਔਕੜਾਂ ਤੋਂ ਕਦੇ ਇਨਕਾਰ ਨਹੀਂ ਕੀਤਾ। ਫਿਰ ਕਲ੍ਹ ਅਸਾਂ ਹਮੇਸ਼ਾ ਪਰੋਲੇਤਾਰੀਏ ਤੇ ਗ਼ਰੀਬ ਕਿਰਸਾਨੀ ਦੀ ਡਿਕਟੇਟਰਸ਼ਿਪ ਦਾ **ਪਰਚਾਰ** ਕੀਤਾ ਹੈ। ਕੀ ਅਸੀਂ ਇਸ ਨੂੰ ਤੱਜ ਦੇਈਏ, ਜਦੋਂ ਅਮਲ ਕਰਨ ਦੀ ਘੜੀ ਆ ਪੁੱਜੀ ਹੈ ?

ਅਸਾਂ ਹਮੇਸ਼ਾ ਆਖਿਆ ਹੈ ਕਿ ਇਸ ਦੇਸ਼ ਵਿਚ ਪਰੋਲੇਤਾਰੀਏ ਦੀ ਡਿਕਟੇਟਰਸ਼ਿਪ ਕੌਮਾਂਤਰੀ ਸਥਿਤੀ ਵਿਚ, ਦੇਸ਼ ਦੇ ਆਰਥਕ ਜੀਵਨ ਵਿਚ, ਫੌਜ ਦੀ ਹਾਲਤ ਵਿਚ ਉਸ ਦੇ ਰੌਂਅ ਵਿਚ

ਅਥਾਹ ਭਾਰੀ ਤਬਦੀਲੀਆਂ ਪੈਦਾ ਕਰਦੀ ਹੈ, ਕੀ ਅਸੀਂ ਇਹ ਸਭ ਕੁਝ "ਭੁੱਲ" ਜਾਈਏ, ਅਤੇ ਇਨਕਲਾਬ ਦੀਆਂ "ਔਕੜਾਂ" ਤੋਂ ਡਰ ਜਾਈਏ ?

"ਜਿਵੇਂ ਕਿ ਹਰ ਕੋਈ ਰੀਪੋਰਟ ਕਰਦਾ ਹੈ, ਜਨ-ਸਮੂਹ ਇਕ ਅਜਿਹੇ ਰੌਂਅ ਵਿਚ ਨਹੀਂ ਹਨ ਜੋ ਉਹਨਾਂ ਨੂੰ ਗਲੀਆਂ ਵਿਚ ਖਿੱਚ ਕੇ ਲੈ ਜਾਵੇ। ਨਿਰਾਸ਼ਾਵਾਦ ਨੂੰ ਸਹੀ ਸਿੱਧ ਕਰਨ ਵਾਲੇ ਸੰਕੇਤਾਂ ਵਿਚ ਉਪੱਦਰ ਵੀ ਤੇ ਬਲੈਕ-ਹੰਡਰਡ ਪ੍ਰੈਸ ਦੀ ਬਹੁਤ ਹੀ ਵਧ ਰਹੀ ਪਰਕਾਸ਼ਨਾ ਦਾ ਵਰਨਣ ਕੀਤਾ ਜਾ ਸਕਦਾ ਹੈ।

ਜਦੋਂ ਲੋਕ ਬੁਰਜੂਆਜ਼ੀ ਤੋਂ ਡਰਨ ਲਗ ਜਾਂਦੇ ਹਨ, ਤਾਂ ਸਾਰੀਆਂ ਚੀਜ਼ਾਂ ਤੇ ਵਰਤਾਰੇ ਕੁਦਰਤੀ ਤੌਰ ਤੇ ਉਹਨਾਂ ਨੂੰ ਪੀਲੇ ਵਿਖਾਈ ਦੇਣ ਲਗ ਪੈਂਦੇ ਹਨ। ਪਹਿਲਾਂ, ਉਹ ਲਹਿਰ ਦੇ ਮਾਰਕਸੀ ਲੱਛਣ ਦੀ ਥਾਂ ਇਕ ਪਰਭਾਵਵਾਦੀ ਬੁੱਧੀਜੀਵੀ ਲੱਛਣ ਨੂੰ ਦੇਂਦੇ ਹਨ; ਜਮਾਤੀ ਜਦੋ-ਜਹਿਦ ਦੇ ਅਤੇ ਸਮੁੱਚੇ ਕੌਮਾਂਤਰੀ ਪਿਛੋਕੜ ਵਿਚ ਸਮੁੱਚੇ ਦੇਸ਼ ਵਿਚ ਘਟਨਾਵਾਂ ਦੇ ਅਮਲ ਦੇ ਵਿਕਾਸ ਦੇ ਇਕ ਰਾਜਨੀਤਕ ਨਿਰੀਖਣ ਦੀ ਥਾਂ ਰੌਂਆਂ ਦੇ ਅੰਤਰਮੁਖੀ ਪਰਭਾਵਾਂ ਨੂੰ **ਸਥਾਪਤ** ਕਰਦੇ ਹਨ। ਨਿਰ-ਸੰਦੇਹ, ਉਹ "ਸੌਖਿਆਂ" ਹੀ **ਭੁਲ** ਜਾਂਦੇ ਹਨ ਕਿ ਇਕ ਸਥਿਰ ਪਾਰਟੀ ਲਾਈਨ ਇਸ ਦਾ ਦ੍ਰਿੜ੍ਹ ਇਰਾਦਾ ਰੌਂਅ ਪੈਦਾ ਕਰਨ ਵਾਲਾ **ਅੰਗ** ਵੀ ਹੈ, ਵਿਸ਼ੇਸ਼ ਤੌਰ ਤੇ ਬਹੁਤ ਹੀ ਤੀਖਣ ਇਨਕਲਾਬੀ ਘੜੀਆਂ ਵਿਚ। ਕਈ ਵਾਰ ਲੋਕਾਂ ਲਈ ਇਹ ਗੱਲ ਭੁਲਣੀ ਬਹੁਤ ਸੁਖਾਲੀ ਹੁੰਦੀ ਹੈ ਕਿ ਜ਼ਿੰਮੇਵਾਰ ਆਗੂ, ਆਪਣੀਆਂ ਜਕੋ-ਤੱਕੀਆਂ ਤੇ ਆਪਣੇ ਕਲ੍ਹ ਦੇ ਬੁੱਤਾਂ ਨੂੰ ਸਾੜਨ ਦੀ ਤਤਪਰਤਾ ਰਾਹੀਂ ਜਨ-ਸਮੂਹਾਂ ਦੀ ਕਿਸੇ ਸਰਤ ਦੀ ਰੌਂਅ ਵਿਚ ਬਹੁਤ ਹੀ ਘਟੀਆ ਜਕੋ-ਤੱਕੀਆ ਪੈਦਾ ਕਰਦੇ ਹਨ।

ਦੂਜਾ,—ਅਤੇ ਵਰਤਮਾਨ ਵਿਚ ਮੁੱਖ ਗੱਲ ਹੈ ਜਨ-ਸਮੂਹ ਦੇ ਰੌਂਅ ਬਾਰੇ ਗੱਲ ਕਰਦਿਆਂ, ਬੁਜ਼ਦਿਲ ਲੋਕ ਇਹ ਕਹਿਣਾ ਭੁੱਲ ਜਾਂਦੇ ਹਨ :

ਕਿ "ਹਰ ਕੋਈ" ਇਸ ਦੀ ਰੀਪੋਰਟ ਇਕ ਤੀਖਣ ਤੇ ਆਸਵੰਦ ਰੌਂਅ ਵਜੋਂ ਕਰਦਾ ਹੈ।

ਕਿ "ਹਰ ਕੋਈ" ਮੰਨਦਾ ਹੈ ਕਿ ਸੋਵੀਅਤਾਂ ਦੀ ਰਾਖੀ ਲਈ ਸੋਵੀਅਤਾਂ ਵਲੋਂ ਸੱਦਾ ਦੇਣ ਉਤੇ ਇਕੱਲਾ ਇਕੱਲਾ ਮਜ਼ਦੂਰ ਉਠ ਖਲੋਵੇਗਾ।;

ਕਿ "ਹਰ ਕੋਈ" ਮੰਨਦਾ ਹੈ ਕਿ ਮਜ਼ਦੂਰ "ਅੰਤਮ ਨਿਰਣਾਇਕ ਜਦੋ-ਜਹਿਦ", ਜਿਸ ਦੀ ਅਟਲਤਾ ਨੂੰ ਉਹ ਸਪਸ਼ਟ ਤੌਰ ਤੇ ਪਰਵਾਨ ਕਰਦੇ ਹਨ, ਸਬੰਧੀ ਕੇਂਦਰਾਂ ਦੀ ਜਦੋ-ਜਹਿਦ ਨਾਲ ਬਹੁਤ ਹੀ ਅਸੰਤੁਸ਼ਟ ਹਨ।

ਕਿ "ਹਰ ਕੋਈ" ਇਕ-ਮਤ ਹੈ ਕਿ ਵਿਸ਼ਾਲਤਰ ਜਨ-ਸਮੂਹ ਹੋਣ ਦੇ ਰੌਂਅ ਨੂੰ ਨਿਰਾਸ਼ਾ ਦੇ ਨੇੜੇ ਹੋਣ ਵਜੋਂ ਲਛਣਾਉਂਦਾ ਹੈ ਤੇ ਉਸ ਵਿਚੋਂ ਪੈਦਾ ਹੋ ਰਹੀ ਅਰਾਜਕਤਾ ਵਲ ਸੰਕੇਤ ਕਰਦਾ ਹੈ।'

ਕਿ "ਹਰ ਕੋਈ" ਇਹ ਵੀ ਮੰਨਦਾ ਹੈ ਕਿ ਜਮਾਤੀ ਤੌਰ ਤੇ ਸੁਚੇਤ ਮਜ਼ਦੂਰਾਂ ਵਿਚਾਲੇ **ਕੇਵਲ** ਮੁਜ਼ਾਹਰਿਆਂ ਲਈ, **ਕੇਵਲ** ਅੰਸ਼ਕ ਜਦੋਜਹਿਦਾਂ ਲਈ ਗਲੀਆਂ ਵਿਚ ਨਿਕਲ ਆਉਣ ਦੀ ਇਕ ਨਿਸਚਿਤ ਗੈਰ-ਰਜ਼ਾਮੰਦੀ ਹੈ, ਕਿਉਂ ਜੋ ਇਸ ਅੰਸ਼ਕ ਜਦੋ-ਜਹਿਦ ਨਹੀਂ, ਇਕ ਆਮ ਜਦੋ-ਜਹਿਦ ਦੀ ਚਰਚਾ ਹੈ, ਕਿਉਂਕਿ ਅਧਿਕਾਰੀਆਂ ਨੂੰ ਪਰਕਾਸ਼ਤ ਕਰਨ ਲਈ ਵਿਅਕਤੀਗਤ ਹੜਤਾਲਾਂ, ਮੁਜ਼ਾਹਰਿਆਂ ਤੇ ਕਾਰਵਾਈਆਂ ਦੀ ਨਿਰਾਸ਼ਾ-ਜਨਕ ਹਾਲਤ ਵੇਖੀ ਗਈ ਹੈ

ਅਤੇ ਪੂਰੀ ਤਰ੍ਹਾਂ ਮਹਿਸੂਸ ਕੀਤੀ ਗਈ ਹੈ।

ਅਤੇ ਇਸੇ ਤਰ੍ਹਾਂ ਹੋਰ ਬਹੁਤ ਕੁਝ।

ਜੇ ਅਸੀਂ ਜਮਾਤੀ ਤੇ ਰਾਜਨੀਤਕ ਜਦੋ-ਜਹਿਦ ਦੇ ਸਮੁੱਚੇ ਵਿਕਾਸ ਦੇ ਆਪਣੇ ਇਨਕਲਾਬ ਦੇ ਛੇਆਂ ਮਹੀਨਿਆਂ ਦੌਰਾਨ ਘਟਨਾਵਾਂ ਦੇ ਸਮੁੱਚੇ ਅਮਲ ਤੋਂ ਸਮੂਹ ਰੌਂਅ ਦੇ ਇਸ ਲੱਛਣੀ-ਕਰਣ ਨੂੰ ਵਾਚੀਏ, ਸਾਨੂੰ ਇਹ ਗੱਲ ਸਪੱਸ਼ਟ ਹੋ ਜਾਵੇਗੀ ਕਿ ਕਿਵੇਂ ਬੁਰਜੂਆਜ਼ੀ ਤੋਂ ਡਰੇ ਤੇ ਸਹਿਮੇ ਹੋਏ ਲੋਕ ਸੁਆਲ ਨੂੰ ਵਿਗਾੜ ਰਹੇ ਹਨ। ਹਾਲਾਤ ਉਹੋ ਜਿਹੇ ਨਹੀਂ ਜਿਹੋ-ਜਿਹੇ 20-21 ਅਪਰੈਲ, 9 ਜੁਲਾਈ, 3 ਜੁਲਾਈ ਤੋਂ ਪਹਿਲਾਂ ਸਨ, ਕਿਉਂ ਜੋ ਉਦੋਂ ਆਪ-ਮੁਹਾਰੀ ਬੇਚੈਨੀ ਦਾ ਮਾਮਲਾ ਸੀ ਜਿਸ ਨੂੰ ਅਸੀਂ ਇਕ ਪਾਰਟੀ ਵਜੋਂ ਜਾਂ ਸਮਝ ਲਵੋ ਅਸਮਰੱਥ ਰਹੇ (20 ਅਪਰੈਲ) ਜਾਂ ਪਿਛਾਂਹ ਰਖੇ ਗਏ ਤੇ ਇਕ ਸ਼ਾਂਤਮਈ ਮੁਜ਼ਾਹਰੇ (9 ਜੁਲਾਈ ਤੇ 3 ਜੁਲਾਈ) ਵਿਚ ਢਾਲੇ ਗਏ, ਕਿਉਂ ਜੋ ਅਸੀਂ ਉਸ ਸਮੇਂ ਚੰਗੀ ਤਰ੍ਹਾਂ ਜਾਣਦੇ ਸਾਂ ਕਿ **ਸੋਵੀਅਤਾਂ ਅਜੇ ਸਾਡੀਆਂ ਨਹੀਂ ਸਨ** ਕਿ ਕਿਸਾਨ ਅਜੇ ਵੀ ਲਿਬੇਰਦਾਨ, ਚੇਰਨੋਵ ਉਤੇ ਵਿਸ਼ਵਾਸ਼ ਕਰਦੇ ਹਨ, ਬਾਲਸ਼ਵਿਕਾਂ ਦੇ ਅਮਲ (ਬਗਾਵਤ) ਉੱਤੇ ਨਹੀਂ ਕਰਦੇ, ਕਿ ਸਿੱਟੇ ਵਜੋਂ ਅਸੀਂ ਲੋਕਾਂ ਦੀ ਬਹੁ-ਗਿਣਤੀ ਆਪਣੇ ਪਿੱਛੇ ਪਰਾਪਤ ਨਹੀਂ ਕਰ ਸਕਦੇ ਅਤੇ ਇਸ ਕਰਕੇ ਬਗਾਵਤ ਕੱਚੀ ਹੋਵੇਗੀ।

ਉਸ ਸਮੇਂ ਜਮਾਤੀ ਤੌਰ ਤੇ ਸੁਚੇਤ ਮਜ਼ਦੂਰਾਂ ਦੀ ਬਹੁਗਿਣਤੀ ਨੇ ਅੰਤਮ ਨਿਰਣਾਇਕ ਜਦੋ-ਜਹਿਦ ਦਾ ਸੁਆਲ ਉੱਕਾ ਨਹੀਂ ਸੀ ਉਠਾਇਆ; ਸਾਡੇ ਸਾਰੇ ਪਾਰਟੀ ਯੂਨਿਟਾਂ ਵਿਚੋਂ ਉਸ ਨੇ ਵੀ ਉਸ ਸਮੇਂ ਇਸ ਨੂੰ ਨਹੀਂ ਸੀ ਉਠਾਉਣਾ। ਜਿਥੋਂ ਤਕ ਅਣਜਾਣ ਤੇ ਬਹੁਤ ਹੀ ਵਿਸ਼ਾਲ ਸਮੂਹਾਂ ਦਾ ਸਬੰਧ ਹੈ ਉਸ ਸਮੇਂ ਨਾ ਤਾਂ ਸੰਗਠਤ ਯਤਨ ਸੀ ਨਾ ਹੀ ਨਿਰਾਸਾ ਵਿਚੋਂ ਜਨਮੀ ਦ੍ਰਿੜ੍ਹਤਾ ਸੀ; ਕੇਵਲ ਇਕ ਆਪ-ਮੁਹਾਰੀ **ਬੇਚੈਨੀ** ਸੀ ਜਿਸ ਨਾਲ ਇਹ ਆਸ ਜੁੜੀ ਹੋਈ ਸੀ ਕਿ "ਕਾਰਵਾਈ" ਰਾਹੀਂ, ਇਸ ਸਮਝ ਤੇ ਸਾਦੇ ਮੁਜ਼ਾਹਰੇ ਰਾਹੀਂ ਕੇਰੇਨਸਕੀ ਤੇ ਬੁਰਜੂਆਜ਼ੀ ਨੂੰ ਪਰਭਾਵਤ ਕੀਤਾ ਜਾ ਸਕਦਾ ਹੈ।

ਇਸ ਬਗਾਵਤ ਲਈ ਜੋ ਕੁਝ ਲੋੜੀਂਦਾ ਹੈ ਉਹ ਇਹ ਨਹੀਂ, ਸਗੋਂ ਇਸ ਪਾਸੇ ਜਮਾਤੀ ਤੌਰ ਤੇ ਸੁਚੇਤ ਅੰਸ਼ਾਂ ਵਲੋਂ ਅੰਤ ਤਕ ਲੜਨ ਲਈ ਇਕ ਸੁਚੇਤ, ਮਜ਼ਬੂਤ ਤੇ ਅਡੋਲ ਇਰਾਦਾ ਚਾਹੀਦਾ ਹੈ; ਅਤੇ ਦੂਜੇ ਪਾਸੇ; ਵਿਸ਼ਾਲ ਸਮੂਹਾਂ ਵਿਚ ਨਿਰਾਸਾ ਦਾ ਇਕ ਰੌਂਅ ਜੋ ਇਹ **ਮਹਿਸੂਸ** ਕਰਦੇ ਹਨ ਕਿ ਅੱਧ-ਪਚੱਧੇ ਕਦਮਾਂ ਰਾਹੀਂ ਹੁਣ ਕੁਝ ਵੀ ਨਹੀਂ ਬਚਾਇਆ ਜਾ ਸਕਦਾ; ਕਿ ਤੁਸੀਂ ਕਿਸੇ ਨੂੰ ਵੀ "ਪਰਭਾਵਤ' ਨਹੀਂ ਕਰ ਸਕਦੇ; ਕਿ ਭੁੱਖੇ ਲੋਕ "ਹਰ ਚੀਜ਼ ਨਸ਼ਟ ਕਰ ਦੇਣਗੇ, ਭੰਨ ਤੋੜ ਦੇਣਗੇ, ਇਥੋਂ ਤਕ ਕਿ ਆਰਾਜਕਤਾ ਰਾਹੀਂ," **ਜੇ** ਬਾਲਸ਼ਵਿਕ ਇਕ ਨਿਰਣਾਇਕ ਲੜਾਈ ਵਿਚ ਉਹਨਾਂ ਦੀ ਅਗਵਾਈ ਕਰਨ ਦੇ ਯੋਗ ਨਹੀਂ ਹਨ।

ਇਨਕਲਾਬ ਦੇ ਵਿਕਾਸ ਨੇ ਅਮਲ ਵਿਚ ਮਜ਼ਦੂਰਾਂ ਤੇ ਕਿਸਾਨਾਂ **ਦੇ ਹੱਕ** ਨੂੰ ਜਮਾਤੀ ਤੌਰ ਸੁਚੇਤ ਲੋਕਾਂ ਵਿਚਾਲੇ ਤਜਰਬੇ ਦੇ ਫਲ ਸਰੂਪ ਇਕ ਤਿੱਖੇ ਰੌਂਅ ਅਤੇ ਉਹਨਾਂ ਵਲ ਜਿਹੜੇ ਤਾਲਾਬੰਦੀ ਦਾ ਹਥਿਆਰ ਵਰਤਦੇ ਹਨ ਅਤੇ ਸਰਮਾਏਦਾਰਾਂ ਵਲ ਘਿਰਣਾ ਦੇ ਰੌਂਅ ਦੇ ਮੁੱਖ ਤੌਰ ਤੇ ਇਸ ਜੋੜ ਤਕ ਲੈ ਆਂਦਾ ਹੈ ਜੋ ਵਿਸ਼ਾਲ ਤਕ ਸਮੂਹਾਂ ਵਿਚਾਲੇ ਨਿਰਾਸ਼ਾ ਦੇ ਨੇੜੇ ਹੈ।

ਅਸੀਂ ਪਿਛਾਂਹ-ਖਿਚੂ ਪਰੈਸ ਦੇ ਬਦਮਾਸ਼ਾਂ ਦੀ ਇਸ ਧਰਤੀ ਉਤੇ "ਸਫਲਤਾ" ਨੂੰ ਸਮਝ ਸਕਦੇ ਹਾਂ ਜਿਹੜਾ ਪਰੈਸ ਬਾਲਸ਼ਵਿਜ਼ਮ ਦੀ ਨਕਲ ਕਰਦਾ ਹੈ। ਬੁਰਜੂਆਜ਼ੀ ਤੇ ਪਰੋਲੇਤਾਰੀਏ ਵਿਚਾਲੇ ਨਿਰਣਾਇਕ ਲੜਾਈ ਪੁਜਣ ਉਤੇ ਪਿਛਾਂਹ ਖਿਚੂਆਂ ਦੀ ਦੇਖੀ ਖੁਸ਼ੀ ਬਿਨਾਂ ਕਿਸੇ ਛੋਟ

ਸਾਰੇ ਇਨਕਲਾਬੀਆਂ ਵਿਚ ਵੇਖੀ ਗਈ ਹੈ; ਹਮੇਸ਼ਾ ਇੰਜ ਹੀ ਹੁੰਦਾ ਰਿਹਾ ਹੈ, ਅਤੇ ਇਹ ਕਤੱਈ ਤੌਰ ਤੇ ਅਟੱਲ ਹੈ। ਅਤੇ ਜੇ ਤੁਸੀਂ ਆਪਣੇ ਆਪ ਨੂੰ ਇਸ ਵਾਤਾਵਰਨ ਤੋਂ ਡਰਨ ਦੀ ਆਗਿਆ ਦੇਂਦੇ ਹੋ ਤਾਂ ਫਿਰ ਤੁਹਾਨੂੰ ਨਾ ਕੇਵਲ ਬਗਾਵਤ [illegible] ਹੀ ਸਕੋਂ ਆਮ ਤੌਰ ਤੇ ਪਰੋਲੇਤਾਰੀ ਇਨਕ-ਲਾਬ ਨੂੰ ਵੀ ਤਿਆਗਣਾ ਪਵੇਗਾ। ਕਿਉਂ ਜੋ [illegible] ਸਰਮਾਏਦਾਰ ਸਮਾਜ ਵਿਚ ਇਹ ਇਨਕਲਾਬ ਉਹਨਾਂ ਚਿਰ ਪਰੋੜ੍ਹ ਨਹੀਂ ਹੋ ਸਕਦਾ ਜਿੰਨਾ ਚਿਰ ਇਸ ਨਾਲ ਪਿਛਾਂਹ-ਖਿੱਚੂਆਂ ਵਲੋਂ ਦੇਖੀ ਖੁਸ਼ੀ ਅਤੇ ਇਹ ਆਸਾਂ ਨਹੀਂ ਜੁੜੀਆਂ ਹੁੰਦੀਆਂ ਕਿ ਉਹ ਇਸ ਢੰਗ ਨਾਲ ਲਾਭ ਪਰਾਪਤ ਕਰ ਸਕਣਗੇ।

ਜਮਾਤੀ ਤੌਰ ਤੇ ਸੁਚੇਤ ਮਜ਼ਦੂਰ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਾਲੇ ਸੈਂਕੜੇ ਬੁਰਜੂਆਜ਼ੀ ਨਾਲ ਡੂੰਘੀ ਤਰ੍ਹਾਂ ਮਿਲ ਕੇ ਕੰਮ ਕਰਦੇ ਹਨ ਅਤੇ ਕਿ ਮਜ਼ਦੂਰਾਂ ਦੀ ਨਿਰਣਾਇਕ ਜਿੱਤ, ਜਿਸ ਵਿਚ ਨਿਕ-ਬੁਰਜੂਆਜ਼ੀ ਵਿਸ਼ਵਾਸ ਨਹੀਂ ਰਖਦੀ (ਜਿਸ ਤੋਂ ਸਰਮਾਏਦਾਰ ਡਰਦੇ ਹਨ, ਜਿਸ ਨੂੰ ਕਾਲੇ ਸੈਂਕੜੇ ਕਈ ਵਾਰ ਨਿਰੋਲ ਈਰਖਾ ਕਰਨਾ ਚਾਹੁੰਦੇ ਹਨ ਅਤੇ ਜੋ ਇਸ ਬਾਰੇ ਕਾਇਲ ਹਨ ਕਿ ਬਾਲਸ਼ਵਿਕ ਕਦੇ ਵੀ ਸੱਤਾ ਪਰਾਪਤ ਨਹੀਂ ਕਰ ਸਕਦੇ)—ਕਿ ਇਹ ਜਿੱਤ ਕਾਲੇ ਸੈਂਕੜਿਆਂ ਨੂੰ ਪੂਰੀ ਤਰ੍ਹਾਂ ਕੁਚਲ ਦੇਵੇਗੀ, ਕਿ ਬਾਲਸ਼ਵਿਕ ਮਜ਼ਬੂਤੀ ਨਾਲ ਸੱਤਾ ਬਹਾਲ ਰਖਣ ਦੇ ਯੋਗ ਹੋਣਗੇ ਅਤੇ ਜੰਗ ਰਾਹੀਂ ਦੁੱਖਾਂ ਤੇ ਤਸੀਹਿਆਂ-ਭੰਨੀ ਮਨੁੱਖਤਾ ਲਈ ਬਹੁਤ ਵੱਡਾ ਲਾਭ ਸਿੱਧ ਹੋਣਗੇ।

ਨਿਰਸੰਦੇਹ, ਹੈ ਕੋਈ ਹੋਸ਼-ਹਵਾਸ ਵਾਲਾ ਬੰਦਾ ਜੋ ਇਕ ਸ਼ੱਕ ਕਰ ਸਕਦਾ ਹੋਵੇ ਕਿ ਰੋਦਜ਼ਿਆਨਕੋ ਤੇ ਸੁਵੋਰਿਨ ਇਕੱਠੇ ਮਿੱਲ ਕੇ ਕੰਮ ਕਰ ਰਹੇ ਹਨ ਕਿ ਰੋਲ ਉਹਨਾਂ ਵਿਚਾਲੇ ਵੰਡੇ ਗਏ ਹਨ।

ਕੀ ਇਹ ਗੱਲ ਤੱਥਾਂ ਰਾਹੀਂ ਸਿੱਧ ਨਹੀਂ ਹੋ ਗਈ ਕਿ ਕੇਰੇਨਸਕੀ ਰੋਦਜ਼ਿਆਨਕੋ ਦੇ ਹੁਕਮਾਂ ਉਤੇ ਕੰਮ ਕਰਦਾ ਸੀ ਜਦ ਕਿ ਰੂਸੀ ਰੀਪਬਲਿਕ ਦਾ ਛਾਪਾ ਖਾਨਾ (ਹਸੋ ਮਤ !) ਰਾਜ ਦੀ ਕੀਮਤ ਤੇ "ਡੂਮਾ" ਵਿਚ ਪਿਛਾਂਹ ਖਿੱਚੂਆਂ ਦੇ **ਕਾਲੇ ਸੈਂਕੜੇ** ਭਾਸ਼ਣ ਛਾਪਦਾ ਹੈ ? ਕੀ ਇਹ ਤੱਥ **ਦਾਇਲੋ ਨਾਰੋਦਾ** ਦੇ ਪਿਛਲੱਗਾਂ ਵਲੋਂ **ਵੀ** ਨੰਗਾ ਨਹੀਂ ਕੀਤਾ ਗਿਆ, ਜਿਹੜਾ ਅਖਬਾਰ ਆਪਣੇ ਮਾਲਕਾਂ ਦੀ ਹੀ ਸੇਵਾ ਕਰਦਾ ਹੈ ? ਕੀ ਸਾਰੀਆਂ ਚੋਣਾ ਦੇ ਤਜਰਬੇ ਨੇ ਇਹ ਸਿੱਧ ਨਹੀਂ ਕੀਤਾ ਕਿ ਕੇਡਿਟਾਂ ਦੀਆਂ ਸੂਚੀਆਂ ਦੀ **ਨੋਵੋਏ ਵਰੇਮੀਆ** ਨੇ ਹਮਾਇਤ ਨਹੀਂ ਸੀ ਕੀਤੀ ਜੋ ਜ਼ਾਰਸ਼ਾਹੀ ਜਗੀਰਦਾਰਾਂ ਦੇ "ਹਿੱਤਾਂ" ਵਲੋਂ ਕੰਟਰੋਲ ਕੀਤਾ ਜਾਂਦਾ ਅਖ਼ਬਾਰ ਹੈ ?

ਕੀ ਅਸਾਂ ਕਲ੍ਹ ਨਹੀਂ ਸੀ ਪੜ੍ਹਿਆ ਕਿ ਵਣਜੀ ਤੇ ਸਨਅਤੀ ਸਰਮਾਏਦਾਰ ਨੇ ਕੇਡਿਟਾਂ ਨੂੰ 3,00,000 ਰੂਬਲਾਂ ਦੀ ਇਕ ਚੰਗੀ ਚੋਖੀ ਰਕਮ ਚੰਦੇ ਵਜੋਂ ਦਿਤੀ ਹੈ ?

ਸਮੁੱਚਾ ਬਲੈਕ-ਹੰਡਰਡ ਪ੍ਰੈਸ, ਜੇ ਅਸੀਂ ਵਸਤਾ ਨੂੰ ਇਸ ਭਾਵਕ ਦ੍ਰਿਸ਼ਟੀਕੋਣ ਤੋਂ ਨਹੀਂ ਜਮਾਤੀ ਦ੍ਰਿਸ਼ਟੀਕੋਣ ਤੋਂ ਵੇਖੀਏ, ਪਰਮ "ਰਿਆਬੂਸ਼ਿੰਸਕੀ, ਮਿਲਿਯੂਕੋਵ ਤੇ ਕੰਪਨੀ" ਦੀ ਇਕ ਸ਼ਾਖ ਹੈ। ਸਰਮਾਏਦਾਰ ਇਸ ਪਾਸੇ ਮਿਲਿਯੂਕੋਵਾਂ, ਜ਼ਾਸਲਾਵਸਕੀਆਂ, ਪੋਤਰੇਸੋਵਾਂ ਤੇ ਕਈ ਹੋਰਾਂ ਨੂੰ ਖਰੀਦੇ ਹਨ; ਦੂਜੇ ਪਾਸੇ ਕਾਲੇ ਸੈਂਕੜਿਆਂ ਨੂੰ।

ਪਰੋਲੇਤਾਰੀਏ ਦੀ ਜਿੱਤ ਹੀ ਇਕੋ ਇਕ ਸਾਧਨ ਹੈ ਜਿਸ ਰਾਹੀਂ ਇਸ ਘਟੀਆ ਕਾਲੇ ਸੈਂਕੜਿਆਂ ਜ਼ਹਿਰ ਵਲੋਂ ਲੋਕਾਂ ਨੂੰ ਦਿਤੀ ਜਾ ਰਹੀ ਇਸ ਅਤਿ ਮਾਰੂ ਵਿਸ਼ ਨੂੰ ਖਤਮ ਕੀਤਾ ਜਾ ਸਕਦਾ ਹੈ।

"ਕੀ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਹੈ ਕਿ ਭੁੱਖ ਅਤੇ ਜੰਗ ਦੇ ਲਮਕਾਉਣ ਰਾਹੀਂ "ਥੱਕੀ ਟੁੱਟੀ ਤੇ ਮੰਦ-ਭਾਗੀ ਭੀੜ ਕਾਲੇ-ਸੌਂ'ਕੜਿਆਂ ਜ਼ਹਿਰ ਨੂੰ ਚੰਬੜੀ ਹੋਈ ਹੈ ? ਕੀ ਕੋਈ ਵਹਿ-ਢੇਰੀ ਹੋਣ ਦੀ ਦੇਂਦੀ ਤੇ ਪੂੰਜੀ ਵਹਿ-ਢੇਰੀ ਸਰਮਾਏਦਾਰ ਸਮਾਜ ਦਾ ਕਿਆਸ ਕਰ ਸਕਦਾ ਹੈ ਜਿਸ ਵਿਚ ਦੱਬੇ ਕੁਚਲੇ ਜਨਸਮੂਹ ਅਤਿ ਨਿਰਾਸ਼ ਨਹੀਂ ਹਨ ? ਕੀ ਇਸ ਵਿਚ ਕੋਈ ਸ਼ੰਕ ਹੈ ਕਿ ਜਨਸਮੂਹ ਦੀ, ਜਿਸ ਵਿਚੋਂ ਇਕ ਵੱਡਾ ਹਿਸਾ ਅਜੇ ਵੀ ਅਨਜਾਣ ਹੈ, ਮਾਯੂਸੀ ਆਪਣੇ ਆਪ ਨੂੰ ਹਰ ਪ੍ਰਕਾਰ ਦਾ ਜ਼ਹਿਰ ਫੱਕਣ ਵਿਚ ਪ੍ਰਗਟ ਕਰੇਗੀ ?

ਉਹ ਜਿਹੜੇ, ਜਨਸਮੂਹ ਦੀ ਰੌਂਅ ਬਾਰੇ ਦਲੀਲ ਦੇਂਦਿਆਂ, ਆਪਣੀ ਨਿੱਜੀ ਕਾਇਰਤਾ ਤੇ ਬੁਜ਼ਦਿਲੀ ਲਈ ਜਨਸਮੂਹ ਉਤੇ ਇਲਜ਼ਾਮ ਲਾਉਂਦੇ ਹਨ, ਬਹੁਤ ਹੀ ਨਿਰਾਸ਼ਾਜਨਕ ਹਾਲਤ ਵਿਚ ਹਨ। ਜਨਸਮੂਹ ਦੋ ਹਿੱਸਿਆਂ ਵਿਚ ਵੰਡੇ ਗਏ ਹਨ, ਉਹ ਜਿਹੜੇ ਸੁਚੇਤ ਰੂਸ ਵਿਚ ਮੌਕੇ ਦੀ ਤਾੜ ਵਿਚ ਹਨ ਅਤੇ ਉਹ ਜੋ ਅਚੇਤ ਤੌਰ ਤੇ ਨਿਰਾਸ਼ਾ ਵਿਚ ਡੁੱਬਣ ਲਈ ਤਿਆਰ ਹਨ; ਪਰ ਦੱਬੇ ਕੁਚਲੇ ਤੇ ਭੁੱਖੇ ਜਨਸਮੂਹ ਬੁਜ਼ਦਿਲ ਨਹੀਂ ਹਨ।

"ਦੂਜੇ ਪਾਸੇ, ਮਾਰਕਸਵਾਦੀ ਪਾਰਟੀ ਇਕ ਬਗ਼ਾਵਤ ਦੇ ਸੁਆਲ ਨੂੰ ਇਕ ਫੌਜੀ ਸਾਜ਼ਸ਼ ਤਕ ਨੀਵਾਂ ਨਹੀਂ ਲਿਜਾ ਸਕਦੀ...।"

ਮਾਰਕਸਵਾਦ ਇਕ ਬਹੁਤ ਹੀ ਡੂੰਘਾ ਤੇ ਬਹੁ-ਪੱਖੀ ਸਿਧਾਂਤ ਹੈ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਮਾਰਕਸ ਤੋਂ ਟੂਕਾਂ ਦੀਆਂ ਕਾਤਰਾਂ—ਵਿਸ਼ੇਸ਼ ਤੌਰ ਤੇ ਉਦੋਂ ਜਦੋਂ ਟੂਕਾਂ ਅਲਗ ਢੰਗ ਨਾਲ ਬਣਾਈਆਂ ਜਾਂਦੀਆਂ ਹਨ—ਉਹਨਾ ਦੀਆਂ ਦਲੀਲਾਂ ਵਿਚ ਹਮੇਸ਼ਾ ਵੇਖੀਆਂ ਜਾਂਦੀਆਂ ਹਨ ਜੋ ਮਾਰਕਸਵਾਦ ਨਾਲੋਂ ਟੁਟ ਜਾਦੇ ਹਨ। ਫੌਜੀ ਸਾਜ਼ਸ਼ ਬਲਾਂਕਵਾਦ ਹੈ, ਜੇ ਇਹ ਇਕ ਨਿਸਚਿਤ ਜਮਾਤ ਦੀ ਪਾਰਟੀ ਵਲੋਂ ਜਥੇਬੰਦ ਨਾ ਕੀਤੀ ਗਈ ਹੋਵੇ, ਜੇ ਇਸ ਦੇ ਜਥੇਬੰਦਕਾਂ ਨੇ ਆਮ ਤੌਰ ਤੇ ਰਾਜਨੀਤਕ ਘੜੀ ਦਾ ਅਤੇ ਵਿਸ਼ੇਸ਼ ਤੌਰ ਤੇ ਕੌਮਾਤਰੀ ਸਥਿਤੀ ਦਾ ਨਿਰੀਖਣ ਨਹੀਂ ਕੀਤਾ ਹੈ, ਜੇ ਪਾਰਟੀ ਦੇ ਪੱਖ ਵਿਚ ਜਿਵੇਂ ਬਾਹਰਪੱਖੀ ਤੱਥਾਂ ਨੇ ਸਿੱਧ ਕੀਤਾ ਲੋਕਾਂ ਦੀ ਬਹੁ-ਗਿਣਤੀ ਦੀ ਹਮਦਰਦੀ ਨਹੀਂ ਸੀ, ਜੇ ਇਨਕਲਾਬੀ ਘਟਨਾਵਾਂ ਦੇ ਵਿਕਾਸ ਨੇ ਨਿਕ-ਬੁਰਜੂਆ ਦੇ ਮਨ ਮਨੌਤ ਕਰਨ ਦੇ ਭੁਲੇਖਿਆਂ ਦੀ ਅਮਲੀ ਰੱਦਤਾ ਨਹੀਂ ਲਿਆਂਦੀ ਹੈ, ਜੇ ਇਨਕਲਾਬੀ ਜਦੋਜਹਿਦ ਦੇ ਸੋਵੀਅਤ-ਨਮੂਨੇ ਦੇ ਅਦਾਰਿਆਂ ਦੀ ਬਹੁ-ਗਿਣਤੀ ਆਪਣੇ ਪੱਖ ਵਿਚ ਪ੍ਰਾਪਤ ਨਹੀਂ ਕੀਤੀ ਗਈ ਹੈ, ਜੇ ਫੌਜ ਵਿਚ (ਜੇ ਜੰਗ ਦੇ ਸਮੇਂ ਵਿਚ) ਉਸ ਸਰਕਾਰ ਦੇ ਵਿਰੁਧ ਇਕ ਭਾਵਨਾ ਪਰੋੜ੍ਹ ਨਹੀਂ ਹੁੰਦੀ ਹੈ ਜਿਹੜੀ ਸਮੁੱਚੇ ਲੋਕਾਂ ਦੀ ਮਰਜ਼ੀ ਵਿਰੁਧ ਇਕ ਅਨਿਆਈਂ ਜੰਗ ਨੂੰ ਲਮਕਾਉਂਦੀ ਹੈ, ਜੇ ਬਗ਼ਾਵਤ ਦੇ ਨਾਅਰੇ (ਜਿਵੇਂ "ਸਾਰੀ ਸੱਤਾ ਸੋਵੀਅਤਾਂ ਨੂੰ", "ਜਮੀਨ ਕਿਸਾਨਾਂ ਨੂੰ", ਜਾਂ "ਸਾਰੀਆ ਗੁਪਤ ਸੰਧੀਆਂ ਤੇ ਲੁਕਵੀਂ ਜਮਹੂਰੀਅਤ ਦੀ ਤੁਰੰਤ ਖਾਤਮੇ ਨਾਲ ਸਾਰੀਆਂ ਲੜ ਰਹੀਆਂ ਕੌਮਾਂ ਨੂੰ ਇਕ ਜਮਹੂਰੀ ਅਮਨ ਦੀ ਤੁਰੰਤ ਪੇਸ਼ਕਸ਼", ਆਦਿ) ਵਿਸਾਲ ਰੂਪ ਵਿਚ ਜਾਣੇ ਨਹੀਂ ਗਏ ਤੇ ਪ੍ਰਸਿੱਧ ਵੀ ਹੋਏ ਹਨ, ਜੇ ਅਗਾਹ-ਵਧੂ ਮਜ਼ਦੂਰਾਂ ਨੂੰ ਜਨਸਮੂਹ ਦੀ ਅਤਿ ਭੈੜੀ ਹਾਲਤ ਬਾਰੇ ਅਤੇ ਪਿਛਾਂਹ ਦੀ ਹਮਾਇਤ ਬਾਰੇ, ਗੰਭੀਰ ਕਿਸਾਨ ਲਹਿਰ ਰਾਹੀਂ ਜਾਂ ਸਰਮਾਏਦਾਰਾਂ ਤੇ ਉਸ ਸਰਕਾਰ ਵਿਰੁਧ ਜੋ ਜਗੀਰਦਾਰਾਂ ਦੀ ਰਾਖੀ ਕਰਦੀ ਹੈ ਇਕ ਬਗ਼ਾਵਤ ਰਾਹੀਂ ਸਿੱਧ ਹੋਈ ਹਮਾਇਤ ਬਾਰੇ ਯਕੀਨ ਨਹੀਂ ਹੈ, ਜੇ ਦੇਸ਼ ਦੀ ਆਰਥਕ ਹਾਲਤ ਸਾਂਤਮਈ ਤੇ ਪਾਰਲੀਮੈਂਟਰੀ ਸਾਧਨਾਂ ਰਾਹੀਂ ਸੰਕਟ ਦੇ ਇਕ ਸੁਯੋਗ ਹੱਲ ਲਈ ਸੁਹਿਰਦ ਆਸਾਂ ਉਤੇਜਿਤ ਕਰਦੀ ਹੈ।

ਇਹ ਸੰਭਵ ਹੱਦ ਤਕ ਕਾਫ਼ੀ ਹੈ।

ਆਪਣੇ ਪੈਂਫਲਟ ਵਿਚ, ਜਿਸ ਦਾ ਸਿਰਲੇਖ ਹੈ : "**ਕੀ ਬਾਲਸ਼ਵਿਕ ਰਾਜ ਸੱਤਾ ਬਹਾਲ ਰੱਖ ਸਕਦੇ ਹਨ ?**" (ਮੈਂ ਆਸ ਕਰਦਾ ਹਾਂ ਕਿ ਇਹ ਇਕ ਜਾਂ ਦੋ ਦਿਨਾਂ ਵਿਚ ਪ੍ਰਕਾਸ਼ਤ ਹੋ ਜਾਵੇਗਾ), ਮਾਰਕਸ ਦੀ ਇਕ ਟੂਕ ਹੈ ਜੋ ਬਗ਼ਾਵਤ ਦੇ ਸੁਆਲ ਉਤੇ ਐਨ ਢੁਕਦੀ ਹੈ ਅਤੇ ਜੋ ਇਕ "ਕਲਾ" ਵਜੋਂ ਬਗ਼ਾਵਤ ਦੇ ਲੱਛਣਾਂ ਨੂੰ ਮਿਲਾਉਂਦੀ ਹੈ।

ਮੈਂ ਸ਼ਰਤ ਲਾਉਣ ਨੂੰ ਤਿਆਰ ਹਾਂ ਕਿ ਜੇ ਅਸੀਂ ਰੂਸ ਦੇ ਉਹਨਾਂ ਸਾਰੇ ਗਾਲੜੀਆਂ ਨੂੰ, ਜੋ ਹੁਣ ਫੌਜੀ ਸਾਜ਼ਸ਼ਾਂ ਬਾਰੇ ਚੀਕ-ਚਿਹਾੜਾ ਪਾ ਰਹੇ ਹਨ, ਇਹ ਸੁਝਾਅ ਦੇਈਏ ਕਿ ਉਹ ਇਕ ਬਗ਼ਾਵਤ ਦੀ "ਕਲਾ" ਅਤੇ ਇਕ ਫੌਜੀ ਸਾਜ਼ਸ਼ ਜੋ ਨਿਖੇਧੀ ਯੋਗ ਹੈ ਵਿਚਾਲੇ ਫਰਕ ਬਾਰੇ ਆਪਣੇ ਮੂੰਹ ਖੋਲ੍ਹਣ ਤੇ ਵਿਆਖਿਆ ਕਰਨ, ਉਹ ਜਾਂ ਤਾਂ ਉਪਰ-ਵਰਣਤ ਨੂੰ ਦੁਹਰਾਉਣਗੇ ਜਾਂ ਸ਼ਰਮ ਨਾਲ ਆਪਣਾ ਮੂੰਹ ਕੱਜ ਲੈਣਗੇ ਅਤੇ ਮਜ਼ਦੂਰਾਂ ਦੇ ਆਮ ਠੱਠੇ ਮਖੌਲ ਦਾ ਸ਼ਿਕਾਰ ਬਨਣਗੇ।

ਅਖੌਤੀ ਮਾਰਕਸਵਾਦੀਓ, ਆਓ, ਲਾ ਲਓ ਸ਼ਰਤ ! "ਫੌਜੀ ਸਾਜ਼ਸ਼" **ਵਿਰੁਧ** ਸਾਨੂੰ ਇਕ ਗੀਤ ਸੁਣਾਓ !

ਉਪਰੰਤ-ਲਿਖਤ

ਉਪਰਲੀਆਂ ਸਤਰਾਂ ਉਦੋਂ ਲਿਖੀਆਂ ਗਈਆਂ ਸਨ ਜਦੋਂ ਮੈਂ ਮੰਗਲਵਾਰ ਸ਼ਾਮ ਨੂੰ 8 ਵਜੇ ਸਵੇਰ ਦੇ ਪੀਤਰੋਗਰਾਦ ਅਖ਼ਬਾਰ ਪ੍ਰਾਪਤ ਕੀਤੇ; *ਨੋਵਾਇਆ ਜ਼ੀਜ਼ਨ* ਵਿਚ ਮਿਸਟਰ ਵੀ. ਬਾਜ਼ਾਰੋਵ ਵਲੋਂ ਇਕ ਲੇਖ ਸੀ। ਮਿਸਟਰ ਵੀ. ਬਾਜ਼ਾਰੋਵ ਇਸ ਗੱਲ ਉਤੇ ਜ਼ੋਰ ਦੇਂਦਾ ਹੈ ਕਿ "ਇਕ ਹੱਥ-ਲਿਖਤ ਮੈਨੀਫੈਸਟੋ ਸ਼ਹਿਰ ਵਿਚ ਵੰਡਿਆ ਗਿਆ ਹੈ, ਜਿਸ ਵਿਚ ਦੋ ਉੱਘੇ ਬਾਲਸ਼ਵਿਕਾਂ ਦੇ ਨਾਂਅ ਉਤੇ ਤੁਰੰਤ ਕਾਰਵਾਈ ਵਿਰੁਧ ਦਲੀਲ ਪੇਸ਼ ਕੀਤੀਆਂ ਗਈਆਂ ਹਨ।"

ਜੇ ਇਹ ਸੱਚ ਹੈ ਤਾਂ ਮੈਂ ਉਹਨਾਂ ਕਾਮਰੇਡਾਂ ਨੂੰ ਬੇਨਤੀ ਕਰਦਾ ਹਾਂ, ਜਿਹਨਾਂ ਨੂੰ ਇਹ ਚਿੱਠੀ ਬੁੱਧਵਾਰ ਤੋਂ ਪਹਿਲਾਂ ਨਹੀਂ ਪਹੁੰਚ ਸਕਦੀ, ਕਿ ਉਹ ਇਹ ਚਿੱਠੀ ਜਿਤਨੀ ਜਲਦੀ ਸੰਭਵ ਹੋਵੇ, ਛਾਪ ਦੇਣ।

ਮੈਂ ਇਹ ਪ੍ਰੈਸ ਲਈ ਨਹੀਂ ਸੀ ਲਿਖੀ; ਮੈਂ ਆਪਣੀ ਪਾਰਟੀ ਦੇ ਮੈਂਬਰਾਂ ਨਾਲ ਇਸ ਚਿੱਠੀ ਰਾਹੀਂ ਗੱਲ ਕਰਨਾ ਚਾਹੁੰਦਾ ਸਾਂ। ਪਰ ਅਸੀਂ ਚੁੱਪ ਨਹੀਂ ਰਹਿ ਸਕਦੇ ਜਦੋਂ *ਨੋਵਾਇਆ ਜ਼ੀਜ਼ਨ* ਦੇ ਹੀਰੋ, ਜਿਹੜੇ ਪਾਰਟੀ ਦੇ ਮੈਂਬਰ ਨਹੀਂ ਹਨ ਅਤੇ ਜਿਹਨਾ ਦਾ ਪਾਰਟੀ ਨੇ ਉਹਨਾਂ ਦੀ ਬੁਜ਼ਦਿਲੀ ਕਾਰਨ ਹਜ਼ਾਰਾਂ ਵਾਰ ਮੌਜੂ ਉਡਾਇਆ ਹੈ (ਜਿਹਨਾਂ ਨੇ ਪਰਸੋਂ ਬਾਲਸ਼ਵਿਕਾਂ ਦੇ ਹੱਕ ਵਿਚ ਵੋਟ ਪਾਈ, ਮੈਨਸ਼ਵਿਕਾਂ ਦੇ ਹੱਕ ਵਿਚ ਕਲ੍ਹ ਪਾਈ, ਅਤੇ ਜਿਹਨਾਂ ਨੇ ਸੰਸਾਰ-ਪ੍ਰਸਿਧ ਏਕਤਾ ਕਾਂਗਰਸ ਵਿਚ ਉਹਨਾਂ ਨੂੰ ਲਗਪਗ ਸੰਗਠਤ ਕਰ ਦਿਤਾ)—ਜਦੋਂ ਅਜਿਹੇ ਵਿਅਕਤੀ ਸਾਡੀ ਪਾਰਟੀ ਦੇ ਮੈਂਬਰਾਂ ਕੋਲੋਂ ਮੈਨੀਫੈਸਟੋ ਪ੍ਰਾਪਤ ਕਰਦੇ ਹਨ ਜਿਸ ਵਿਚ ਇਕ ਬਗ਼ਾਵਤ ਦੇ ਵਿਰੁਧ ਉਹ ਪ੍ਰਾਪੇਗੰਡਾ ਜਾਰੀ ਰੱਖਦੇ ਹਨ। ਗੁਮਨਾਮ ਵਿਅਕਤੀਆਂ ਨੂੰ ਇਸ ਦੇ ਛਪਣ ਵਿਚ ਖੁਲ੍ਹ ਕੇ ਸਾਹਮਣੇ ਆਉਣਾ ਚਾਹੀਦਾ ਹੈ, ਅਤੇ ਉਹਨਾਂ ਨੂੰ ਉਹਨਾਂ ਦੀਆਂ ਸ਼ਰਮਨਾਕ ਜਕੋ-ਤੱਕੀਆਂ ਦੀ ਸਜ਼ਾ ਭੁਗਤਣੀ ਚਾਹੀਦੀ ਹੈ, ਚਾਹੇ ਉਹ ਸਾਰੇ ਮਜ਼ਦੂਰਾਂ ਵਲੋਂ ਠੱਠੇ-ਮਖੌਲ ਦੀ ਸਜ਼ਾ ਭੁਗਤਣ। ਪੀਤਰੋਗਰਾਦ ਨੂੰ ਇਹ ਚਿੱਠੀ ਭੇਜਣ ਨੂੰ ਮੇਰੇ ਕੋਲ ਕੇਵਲ ਇਕ ਘੰਟਾ ਬਾਕੀ ਹੈ। ਇਸ ਲਈ ਮੈਂ ਮੂਰਖ *ਨੋਵਾਇਆ ਜ਼ੀਜ਼ਨ* ਰੁਝਾਣ ਗ਼ਮਗੀਨ ਹੀਰੋਆਂ ਦੇ "ਢੰਗਾਂ" ਵਿਚੋਂ ਇਕ ਬਾਰੇ ਕੇਵਲ ਇਕ ਜਾਂ ਦੋ ਸ਼ਬਦ ਹੀ ਆਖ ਸਕਦਾ ਹਾਂ। ਮਿਸਟਰ ਵੀ. ਬਾਜ਼ਾਰੋਵ ਕਾਮਰੇਡ ਰੀਆਜ਼ਾਨੋਵ ਦੇ ਵਿਰੁਧ ਵਿਵਾਦ ਛੇੜਨ ਦਾ ਯਤਨ ਕਰਦਾ ਹੈ, ਜਿਸ ਨੇ ਆਖਿਆ ਹੈ, ਅਤੇ ਜੋ ਇਹ ਕਹਿਣ ਵਿਚ ਹਜ਼ਾਰ ਵਾਰ ਸਹੀ ਹੈ, ਕਿ :"ਉਹ ਸਾਰੇ, ਜਿਹੜੇ ਜਨਸਮੂਹਾਂ ਵਿਚ ਨਿਰਾਸ਼ਾ ਅਤੇ ਲਾਪ੍ਰਵਾਹੀ ਦਾ

ਰੌਂਅ ਪੈਦਾ ਕਰਦੇ ਹਨ ਇਕ ਬਗ਼ਾਵਤ ਨੂੰ ਤਿਆਰ ਕਰ ਰਹੇ ਹਨ।" ਇਕ ਉਦਾਸ "ਉਦੇਸ਼" ਦੇ ਉਦਾਸ ਹੀਰੋ ਇਸ ਦਾ ਉੱਤਰ ਇਂਜ ਦੇਂਦੇ ਹਨ :

'.ਨਿਰਾਸ਼ਾ ਤੇ ਲਾਪਰਵਾਹੀ ਕਦੇ ਜਿੱਤੇ ਹਨ ?"

ਨੋਵਾਇਆ ਜ਼ੀਜ਼ਨ ਦੇ ਵਿਚਾਰੇ ਨਿਖੇਧੀਯੋਗ ਮੂਰਖ ! ਕੀ ਉਹ ਇਤਿਹਾਸ ਵਿਚ ਬਗ਼ਾਵਤ ਦੀਆਂ **ਅਜਿਹੀਆਂ** ਉਦਾਹਰਣਾਂ ਜਾਣਦੇ ਹਨ ਜਿਨ੍ਹਾਂ ਵਿਚ ਦੱਬੀਆਂ ਕੁਚਲੀਆਂ ਜਮਾਤਾਂ ਦੇ ਜਨਸਮੂਹ ਲੰਮੀਆਂ ਮੁਸੀਬਤਾਂ ਰਾਹੀਂ ਅਤੇ ਜਨਸਮੂਹ ਹਰ ਸਰਕਾਰ ਦੇ ਸੰਕਟਾਂ ਵਿਚ·ਅਤਿ ਦੀ ਤੀਖਣਤਾ ਰਾਹੀਂ ਨਿਰਾਸ਼ ਹੋਣ ਤੋਂ ਬਿਨਾਂ ਇਕ ਨਿਧੜਕ ਲੜਾਈ ਵਿਚ ਜਿੱਤੇ ਹੋਣ, ਜਿਸ ਵਿਚ ਉਹ ਜਨਸਮੂਹ ਪੂਰਵ-ਪਾਰਲੀਮੈਂਟਾਂ ਵਰਗੇ ਵਖ ਵਖ ਪਿਛਲੱਗਾਂ ਪ੍ਰਤੀ ਇਨਕਲਾਬ ਨਾਲ ਚੋਹਲ ਮੋਹਲ ਕਰਨ ਪ੍ਰਤੀ ਲੀਬੇਰਦਾਨਾਂ ਨਾਲੋਂ ਸੋਵੀਅਤਾਂ ਨੂੰ ਸੱਤਾ ਤੇ ਬਗ਼ਾਵਤ ਦੇ ਅਦਾਰਿਆਂ ਤੋਂ ਘਟਾ ਕੇ ਖੋਖਲੀਆਂ ਗੱਲਾਂਬਾਤਾਂ ਤਕ ਤਕ ਲਿਜਾਣ ਪ੍ਰਤੀ ਲਾਪਰਵਾਹੀ ਦਾ ਸ਼ਿਕਾਰ ਨਾ ਰਹੇ ਹੋਣ ?

ਜਾਂ ਕੀ **ਨੋਵਾਇਆ ਜ਼ੀਜ਼ਨ** ਨੂੰ ਨਿਖੇਧੀ-ਯੋਗ ਛੋਟੇ ਮੂਰਖਾਂ ਨੇ ਜਨਸਮੂਹਾਂ ਵਿਚਾਲੇ, ਰੋਟੀ ਦਾ ਸੁਆਲ ਪ੍ਰਤੀ ਜੰਗ ਦੇ ਲਮਕਾਉਣ ਪ੍ਰਤੀ, ਕਿਸਾਨਾ ਨੂੰ ਜਮੀਨ ਪ੍ਰਤੀ ਲਾਪਰਵਾਹੀ ਸ਼ਾਇਦ ਲਭ ਲਈ ਹੈ ?

17 (30) ਅਕਤੂਬਰ 1917 ਨੂੰ ਲਿਖਿਆ।
ਰਾਬੋਚੀ ਪੁਤ ਦੇ ਨੰਬਰ 40, 41 ਤੇ 42
ਵਿਚ 1, 2, ਤੇ 3 ਨਵੰਬਰ (19, 20 ਤੇ 21 ਅਕਤੂਬਰ) 1917
ਨੂੰ ਪਰਕਾਸਤ ਹੋਇਆ।

ਦਸਖਤ : **ਐਨ. ਲੈਨਿਨ**

ਕੇਂਦਰੀ ਕਮੇਟੀ ਦੇ ਮੈਂਬਰਾਂ ਨੂੰ ਪੱਤਰ

ਸਾਥੀਓ,

ਇਹ ਸਤਰਾਂ ਮੈਂ 24 ਦੀ ਸ਼ਾਮ ਨੂੰ ਲਿਖ ਰਿਹਾ ਹਾਂ। ਸਥਿਤੀ ਹਦੋਂ ਵਧ ਨਾਜ਼ਕ ਹੈ ਅਸਲ ਵਿਚ ਹੁਣ ਇਹ ਗੱਲ ਬਿਲਕੁਲ ਸਾਫ਼ ਹੋ ਗਈ ਹੈ ਕਿ ਬਗ਼ਾਵਤ ਨੂੰ ਪਿੱਛੇ ਪਾਉਣਾ ਮਾਰੂ ਸਿੱਧ ਹੋਵੇਗਾ।

ਮੈਂ ਆਪਣੇ ਪੂਰੇ ਬਲ ਨਾਲ ਸਾਥੀਆਂ ਨੂੰ ਇਹ ਸਮਝ ਲੈਣ ਲਈ ਪ੍ਰੇਰਦਾ ਹਾਂ ਕਿ ਹੁਣ ਸਭ ਕੁਝ ਇਕ ਸਾਡੇ ਉਪਰ ਲਟਕ ਰਿਹਾ ਹੈ; ਕਿ ਸਾਨੂੰ ਮਸਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜੋ ਕਾਨਫਰੰਸਾਂ ਜਾਂ ਕਾਂਗਰਸਾਂ ਰਾਹੀਂ ਹੱਲ ਨਹੀਂ ਹੋ ਸਕਦੇ (ਇਥੋਂ ਤਕ ਕਿ ਸੋਵੀ-ਅਤਾਂ ਦੀ ਕਾਂਗਰਸ ਰਾਹੀਂ ਵੀ ਨਹੀਂ) ਸਗੋਂ ਕਾਨੂੰਨ ਤੌਰ ਤੇ ਆਮ ਲੋਕਾਂ ਰਾਹੀਂ, ਹਥਿਆਰ-ਬੰਦ ਲੋਕਾਂ ਦੇ ਘੋਲ ਰਾਹੀਂ ਹੀ ਹੱਲ ਕੀਤੇ ਜਾ ਸਕਦੇ ਹਨ।

ਕੋਰਨੀਲੋਵਵਾਦੀਆਂ ਦੀ ਬੁਰਜੂਆ ਚੜ੍ਹਾਈ ਅਤੇ ਵੇਰਖੋਵਸਕੀ ਦਾ ਹਟਾਇਆ ਜਾਣਾ ਸੰਕੇਤ ਕਰਦਾ ਹੈ ਕਿ ਸਾਨੂੰ ਉਡੀਕਣਾ ਨਹੀਂ ਚਾਹੀਦਾ। ਸਾਨੂੰ ਹਰ ਕੀਮਤ ਉਤੇ ਇਸੇ ਸ਼ਾਮ, ਇਸੇ ਰਾਤ ਹਕੂਮਤ ਨੂੰ ਗ੍ਰਿਫਤਾਰ ਕਰ ਲੈਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਅਫਸਰ ਕੇਡਿਟਾਂ ਨੂੰ ਬੇ-ਹਥਿਆਰ ਕੀਤਾ ਜਾਵੇ (ਜੇ ਉਹ ਮੁਕਾਬਲਾ ਕਰਨ ਤਾਂ ਉਹਨਾਂ ਨੂੰ ਹਰਾਇਆ ਜਾਵੇ) ਆਦਿ, ਆਦਿ।

ਸਾਨੂੰ ਉਡੀਕਣਾ ਨਹੀਂ ਚਾਹੀਦਾ ! ਹੋ ਸਕਦਾ ਹੈ ਅਸੀਂ ਸਭ ਕੁਝ ਗੁਆ ਬੈਠੀਏ ! ਸੱਤਾ ਉਤੇ ਤਤਕਾਲੀ ਕਬਜ਼ੇ ਦਾ ਮਹੱਤਵ ਕੋਰਨੀਲੋਵਾਦੀ ਹਕੂਮਤ ਤੋਂ, ਜਿਹਨੇ ਵੇਰਖੋਵਸਕੀ ਨੂੰ ਬਾਹਰ ਕੱਢ ਦਿੱਤਾ ਹੈ ਅਤੇ ਦੂਜੀ ਕੋਰਨੀਲੋਵ ਗੋਂਦ ਗੁੰਦੀ ਹੈ ਲੋਕਾਂ ਦੀ (ਕਾਂਗਰਸ ਦੀ ਨਹੀਂ ਸਗੋਂ ਲੋਕਾਂ ਦੀ, ਸਭ ਤੋਂ ਪਹਿਲਾਂ ਫੌਜ ਅਤੇ ਕਿਸਾਨਾਂ ਦੀ) ਰੱਖਿਆ ਹੋਵੇਗਾ।

ਸੱਤਾ ਕੀਹਨੂੰ ਸੰਭਾਲਣੀ ਚਾਹੀਦੀ ਹੈ ?

ਇਸ ਵੇਲੇ ਇਹ ਅਹਿਮ ਨਹੀਂ। ਇਨਕਲਾਬੀ ਫੌਜੀ ਕਮੇਟੀ ਨੂੰ ਇਹ ਕਰਨ ਦਿਓ, ਜਾਂ ਕਿਸੇ ਹੋਰ ਸੰਸਥਾ ਜਿਹੜੀ ਇਹ ਐਲਾਨ ਕਰੇ ਕਿ ਉਹ ਲੋਕਾ ਦੇ ਹਿੱਤਾਂ, ਫੌਜ ਦੇ ਹਿੱਤਾਂ (ਅਮਨ) ਦੀ ਤਤਕਾਲੀ ਤਜਵੀਜ਼ ਕਿਸਾਨਾਂ ਦੇ ਹਿੱਤਾਂ (ਜ਼ਮੀਨ ਤੁਰੰਤ ਹੀ ਖੋਹ ਲਈ ਜਾਵੇ, ਨਿੱਜੀ ਸੰਪਤੀ ਦਾ ਖਾਤਮਾ ਕੀਤਾ ਜਾਵੇ) ਭੁਖੇ ਮਰ ਰਿਹਾਂ ਦੇ ਹਿੱਤਾਂ ਦੇ ਸੱਚੇ ਪ੍ਰਤੀਨਿਧਾਂ ਨੂੰ

ਹੀ ਸੱਤਾ ਸੌਂਪੇਗੀ।

ਸਭ ਜ਼ਿਲ੍ਹੇ, ਸਭ ਰਜਮੈਂਟਾਂ, ਸਭ ਸ਼ਕਤੀਆਂ ਤੁਰੰਤ ਹੀ ਲਾਮਬੰਦ ਕੀਤੀਆਂ ਜਾਣ ਅਤੇ ਉਹ ਤੁਰੰਤ ਹੀ ਆਪਣੇ ਵਫਦ ਇਨਕਲਾਬੀ ਫੌਜੀ ਕਮੇਟੀ ਨੂੰ ਅਤੇ ਬਾਲਸ਼ਵਿਕਾਂ ਦੀ ਕੇਂਦਰੀ ਕਮੇਟੀ ਨੂੰ ਇਸ ਜ਼ੋਰਦਾਰ ਮੰਗ ਨਾਲ ਭੇਜਣ ਕਿ ਕਿਸੇ ਵੀ ਹਾਲਤ ਵਿਚ ਸੱਤਾ ਕੇਰੇਨਸਕੀ ਐਂਡ ਕੰਪਨੀ ਦੇ ਹੱਥਾਂ ਵਿਚ ਨਾ ਰਹਿਣ ਦਿੱਤੀ ਜਾਵੇ; 25 ਤਰੀਕ ਤੱਕ ਕਿਸੇ ਵੀ ਹਾਲਤ ਵਿਚ ਨਹੀਂ; ਇਸ ਮਾਮਲੇ ਦਾ ਫੈਸਲਾ ਇਸੇ ਸ਼ਾਮ ਇਸੇ ਰਾਤ ਨਿਸਚਿਤ ਕਰ ਦਿਤਾ ਜਾਵੇ।

ਇਤਿਹਾਸ ਢਿੱਲ-ਮੱਠ ਲਈ ਇਨਕਲਾਬੀਆਂ ਨੂੰ ਮਾਫ਼ ਨਹੀਂ ਕਰੇਗਾ ਜਦ ਕਿ ਉਹ ਅਜ ਜੇਤੂ ਹੋ ਸਕਦੇ ਹਨ (ਤੇ ਉਹ ਅੱਜ ਜ਼ਰੂਰ ਹੀ ਜੇਤੂ ਹੋਣਗੇ) ਜਦਕਿ ਭਲਕੇ ਕਾਫੀ ਕੁਝ ਗੁਆਉਣ ਦਾ ਖਤਰਾ ਸਹੇੜਨਗੇ, ਅਸਲ ਵਿਚ ਸਭ ਕੁਝ ਹੀ ਗੁਆਉਣ ਦਾ ਖਤਰਾ ਸਹੇੜਨਗੇ।

ਜੇ ਅਸੀਂ ਸੱਤਾ ਉਤੇ ਕਬਜ਼ਾ ਕਰਦੇ ਹਾਂ, ਅਸੀਂ ਸੋਵੀਅਤਾਂ ਦੇ ਵਿਰੋਧ ਵਿਚ ਨਹੀਂ ਸਗੋਂ ਇਹਨਾਂ ਵਲੋਂ ਕਬਜ਼ਾ ਕਰਦੇ ਹਾਂ।

ਸੱਤਾ ਉਤੇ ਕਬਜ਼ਾ ਬਗ਼ਾਵਤ ਦਾ ਕੰਮ ਹੈ, ਇਹਦਾ ਰਾਜਸੀ ਮਨੋਰਥ ਕਬਜ਼ੇ ਪਿਛੋਂ ਸਪੱਸ਼ਟ ਹੋ ਜਾਵੇਗਾ।

25 ਅਕਤੂਬਰ ਦੀ ਡਾਵਾਂਡੋਲ ਵੋਟ ਨੂੰ ਉਡੀਕਣਾ ਤਬਾਹੀ ਹੋਵੇਗੀ ਜਾਂ ਸਰਾਸਰ ਰਸਮ। ਲੋਕਾਂ ਨੂੰ ਹੱਕ ਹੈ ਅਤੇ ਉਹਨਾਂ ਦਾ ਇਹ ਫਰਜ਼ ਹੈ ਕਿ ਅਜਿਹੇ ਸਵਾਲਾਂ ਦਾ ਫੈਸਲਾ ਵੋਟ ਨਾਲ ਨਹੀਂ ਸਗੋਂ ਤਾਕਤ ਨਾਲ ਕਰਨ, ਇਨਕਲਾਬ ਦੇ ਨਾਜ਼ਕ ਪਲੀਂ ਲੋਕਾਂ ਨੂੰ ਹੱਕ ਹੁੰਦਾ ਹੈ ਅਤੇ ਉਹਨਾਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਆਪਣੇ ਪ੍ਰਤੀਨਿਧਾਂ ਨੂੰ ਇਥੋਂ ਤੱਕ ਕਿ ਆਪਣੇ ਵਧੀਆ ਪ੍ਰਤੀਨਿਧਾ ਨੂੰ ਵੀ ਹਦਾਇਤਾਂ ਦੇਣ ਅਤੇ ਉਹਨਾਂ ਨੂੰ ਉਡੀਕਣ ਨਾ।

ਸਭਨਾਂ ਇਨਕਲਾਬਾਂ ਦੇ ਇਤਿਹਾਸ ਨੇ ਇਹ ਗੱਲ ਸਿੱਧ ਕੀਤੀ ਹੈ ਅਤੇ ਜੇ ਇਨਕਲਾਬੀਆਂ ਨੇ ਸੰਭਾਵਨਾ ਨੂੰ ਹੱਥੋਂ ਨਿਕਲ ਜਾਣ ਦਿੱਤਾ ਤਾਂ ਇਹ ਜਾਣਦਿਆਂ ਕਿ **ਇਨਕਲਾਬ ਦੀ ਮੁਕਤੀ** ਅਮਨ ਦੀ ਪੇਸ਼ਕਸ਼, ਪੀਤਰੋਗਰਾਦ ਦੀ ਮੁਕਤੀ, ਕਾਲ ਤੋਂ ਮੁਕਤੀ, ਜ਼ਮੀਨ ਦਾ ਕਿਸਾਨਾਂ ਨੂੰ ਇੰਤਕਾਲ ਉਹਨਾਂ ਉਤੇ ਨਿਰਭਰ ਕਰਦੇ ਹਨ ਤਾਂ ਉਹ ਇਕ ਹੋਰ ਜੁਰਮ ਕਰਨਗੇ।

ਹਕੂਮਤ ਡਿਗ-ਢਹਿ ਰਹੀ ਹੈ। ਇਹਨੂੰ ਹਰ ਕੀਮਤ ਉਤੇ **ਮਾਰੂ ਸੱਟ ਮਾਰਨੀ ਚਾਹੀਦੀ ਹੈ।**

ਦੇਰੀ ਨਾਲ ਕਾਰਵਾਈ **ਮਾਰੂ** ਹੋਵੇਗੀ।

24 ਅਕਤੂਬਰ (6 ਨਵੰਬਰ) 1917 ਨੂੰ ਲਿਖਿਆ
ਪਹਿਲੀ ਵਾਰ 1924 ਵਿਚ ਛਪਿਆ

ਸੰਗ੍ਰਹਿਤ ਕਿਰਤਾਂ,
ਜਿਲਦ—26

ਰੂਸ ਦੇ ਨਾਗਰਿਕਾਂ ਨੂੰ

ਆਰਜ਼ੀ ਹਕੂਮਤ ਨੂੰ ਰਾਜ-ਗੱਦੀ ਤੋਂ ਲਾਹ ਦਿੱਤਾ ਗਿਆ ਹੈ। ਰਾਜ-ਸੱਤਾ ਮਜ਼ਦੂਰਾਂ ਤੇ ਸਿਪਾਹੀਆਂ ਦੇ ਡਿਪਟੀਆਂ ਦੀ ਪੀਤਰੋਗਰਾਦ ਸੋਵੀਅਤ—ਇਨਕਲਾਬੀ ਫ਼ੌਜੀ ਕਮੇਟੀ—ਦੇ ਹੱਥਾਂ ਵਿਚ ਚਲੀ ਗਈ ਹੈ, ਕਮੇਟੀ ਜਿਹੜੀ ਪੀਤਰੋਗਰਾਦ ਦੇ ਪ੍ਰੋਲਤਾਰੀਏ ਅਤੇ ਰੱਖਿਅਕ ਫ਼ੌਜ ਦੀ ਅਗਵਾਈ ਕਰਦੀ ਹੈ।

ਕਾਜ਼ ਜਿਹਦੇ ਲਈ ਲੋਕ ਲੜੇ ਹਨ ਅਰਥਾਤ ਜਮਹੂਰੀ ਅਮਨ ਦੀ ਤਤਕਾਲੀ ਪੇਸ਼ਕਸ਼, ਜ਼ਮੀਨੀ ਮਾਲਕੀ ਦਾ ਖ਼ਾਤਮਾ, ਪੈਦਾਵਾਰ ਉਤੇ ਮਜ਼ਦੂਰਾਂ ਦਾ ਕੰਟਰੋਲ ਅਤੇ ਸੋਵੀਅਤ ਸੱਤਾ ਦੀ ਸਥਾਪਤੀ—ਇਹ ਕਾਜ਼ ਸੁਰੱਖਿਅਤ ਬਣਾ ਦਿੱਤਾ ਗਿਆ ਹੈ।

ਮਜ਼ਦੂਰਾਂ, ਸਿਪਾਹੀਆਂ ਅਤੇ ਕਿਸਾਨਾਂ ਦਾ ਇਨਕਲਾਬ ਜ਼ਿੰਦਾਬਾਦ!

ਮਜ਼ਦੂਰਾਂ ਤੇ ਸਿਪਾਹੀਆਂ
ਦੇ ਡਿਪਟੀਆਂ ਦੀ
ਪੀਤਰੋਗਰਾਦ ਸੋਵੀਅਤਾਂ ਦੀ
ਇਨਕਲਾਬੀ ਫ਼ੌਜੀ ਕਮੇਟੀ

10 ਵਜੇ ਸਵੇਰੇ, 25 ਅਕਤੂਬਰ 1917
ਰੋਬੋਚੀ ਦੀ ਸੋਲਦਾਤ ਨੰਬਰ 8
25 ਅਕਤੂਬਰ (7 ਨਵੰਬਰ), 1917

ਸੰਗ੍ਰਹਿਤ ਕਿਰਤਾਂ
ਜਿਲਦ—26